# SIKH GURU'S PERSPECTIVE ON BUSINESS ETHICS

# ਸਿੱਖ ਗੁਰੂ ਸਾਹਿਬਾਨ ਦਾ ਵਪਾਰਿਕ ਨੈਤਿਕਤਾ ਪ੍ਰਤੀ ਦ੍ਰਿਸ਼ਟੀਕੋਣ

**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਟਸ ਫ਼ੈਕਲਟੀ**

**ਅਧੀਨ ਪੀ.ਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ**

**ਖੋਜ-ਪ੍ਰਬੰਧ**

(2022)


**ਖੋਜਾਰਥੀ**

**ਜਗਤਾਰ ਸਿੰਘ**

ਨਿਗਰਾਨ

**ਡਾ. ਜਸਪਾਲ ਕੌਰ ਕਾਂਗ** | **ਡਾ. ਕਰਮਜੀਤ ਸਿੰਘ**

**ਗੁਰੂ ਨਾਨਕ ਸਿੱਖ ਅਧਿਐਨ ਵਿਭਾਗ**

**ਪੰਜਾਬ ਯੂਨੀਵਰਸਿਟੀ**

**ਚੰਡੀਗੜ੍ਹ**

# DEPARTMENT OF GURU NANAK SIKH STUDIES
## PANJAB UNIVERSITY, CHANDIGARH

*Dr. Gurpal Singh*
**Professor & Academic Incharge**


**Ref. no.** 918/GNSS
**Dated:** 12/10/2.

## CORRECTION CERTIFICATE

This is to certify that no corrections have been suggested by the examiner in the Ph. D thesis of Mr. Jagtar Singh entitled of **"SIKH GURU'S PERSPECTIVE ON BUSINESS ETHICS"**. His Viva-Voce exam was held on 12.10.2023 at 10:00 a.m. in the Department.

**Chairperson**
Chairperson
Deptt. of Guru Nanak Sikh Studies
Panjab University, Chandigarh.

**Gurpal Singh**
Dr. Gurpal Singh
Professor & Academic Head
Deptt. Guru Nanak Sikh Studies
P.U., Chandigarh

**External Examiner**

**PANJAB UNIVERSITY CHANDIGARH**

**STUDENT APPROVAL FORM FOR ELECTRONIC THESIS SUBMISSION**

| | |
|---|---|
| **Thesis Title** | SIKH GURU'S PERSPECTIVE ON BUSINESS ETHICS. |
| **Name of the Research Scholar** | JAGTAR SINGH. |
| **Supervisor / Co-Supervisors** | 1. Dr. Jaspal Kaur Kaang<br>2. Dr. Karamjeet Singh. |
| **Department/Centre** | Guru Nanak Sikh Studies. |

**STUDENT AGREEMENT**

1. I represent that my thesis is my original work. Proper attribution has been given to all outside sources. I understand that I am solely responsible for obtaining any needed copyright permissions. I have obtained needed written permission statements(s) from the owner(s) of each third-party copyrighted matter to be included in my work, allowing electronic distribution (if such use is not permitted by the fair use doctrine) which will be submitted to Panjab University Chandigarh.
2. I hereby grant to the university and its agents the irrevocable, non-exclusive, and royalty-free license to archive and make accessible my work in whole or in part in all forms of media, now or hereafter known. I agree that the document mentioned above may be made available for worldwide access.

**REVIEW, APPROVAL AND ACCEPTANCE**

The thesis mentioned above has been reviewed and accepted by the student's advisor, on behalf of the program; I/We verify that this is the final, approved version of the student's thesis including all changes required.

It is certified that electronic copy of thesis is the same as submitted in print form and as per the Shodhganga format.

**EMBARGO AGREEMENT (OPTIONAL)**

**Kindly tick the appropriate option:**

- [x] No Embargo requested
- [ ] Embargo request for 6 months
- [ ] Embargo request for 1 Year
- [ ] Embargo request for 2 Year

**Please specify the reasons for Embargo:**

- The student is applying for a patent on an invention or procedure documented in the thesis and does not wish to make the contents public until the patent application has been filed.
- The thesis contains sensitive and/or classified information.
- Immediate release of the thesis may impact an existing or potential publishing agreement.
- If any other, please specify -

*__Note:__ Research scholars are requested to please fill this form and get it signed from their supervisor/co-supervisors and HOD with proper stamp/seal and save the scanned copy of same in the CD (thesis).*

Jagtar Singh.

**Signature of the Research Scholar**

**Supervisor** Dr Jaspal Kaur

**Name:**

**Co-Supervisor**

**Name:**

**Co-Supervisor**

**Name:**

12/10/23

(Karamjeet Singh)

Chairperson
Deptt. of Guru Nanak Sikh Studies
Panjab University Chandigarh.

**Head of the Department**

**November 2022**

## DECLARATION

I declare that the thesis entitled "Sikh Guru's Perspective on Business Ethics" has been prepared by me under the guidance of Prof Jaspal Kaur Kaang, Department Guru Nanak Sikh Studies Panjab University Chandigarh and Prof Karamjeet Singh, University Business School, Panjab University Chandigarh. No part of thesis has formed the basis for the award of any degree or fellowship previously.

**Jagtar Singh**
Department Guru Nanak Sikh Studies
Panjab University, Chandigarh, India

DATE: Nov, 2022

# CERTIFICATE

We certify that Jagtar Singh has prepared his thesis entitled "Sikh Guru's Perspective on Business Ethics", for the award of Ph.D. degree of the Panjab University, Chandigarh, under our guidance. He has carried out the work at the Department of Guru Nanak Sikh Studies, Panjab University, Chandigarh.

**Prof Jaspal Kaur Kaang,**
Department Guru Nanak Sikh Studies
Panjab University Chandigarh

**Prof Karamjeet Singh,**
University Business School,
Panjab University Chandigarh

# ਭੂਮਿਕਾ

ਸਿੱਖ ਗੁਰੂ ਸਾਹਿਬਾਨ ਦੁਆਰਾ ਅਰੰਭਿਆ ਤੇ ਸੰਚਾਲਿਤ ਕੀਤਾ ਗਿਆ ਸਿੱਖ ਧਰਮ ਵਿਸ਼ਵ ਭਰ ਦੇ ਧਰਮਾਂ ਦੇ ਸੰਦਰਭ ਵਿਚ ਨਵਾਂ ਵਿਲੱਖਣ ਧਰਮ ਹੈ ਜੋ ਸਮੁੱਚੀ ਮਾਨਵਤਾ ਨੂੰ ਭਾਈਚਾਰਕ ਸਾਂਝ ਵਿਚ ਬੰਨ੍ਹਦਾ ਹੈ। ਸਿੱਖ ਧਰਮ ਦੇ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਸੰਤਾਂ,ਭਗਤਾਂ, ਸੂਫ਼ੀ ਫ਼ਕੀਰਾਂ ਤੇ ਹੋਰ ਮਹਾਂਪੁਰਖਾਂ ਦੇ ਸੱਚੇ ਬਚਨ ਸੰਚਿਤ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਸਾਹਿਤ ਦਾ ਬਹੁਮੁੱਲਾ ਖਜਾਨਾ ਹੈ ਜਿਨਾਂ ਦੀਆਂ ਸਿੱਖਿਆਵਾਂ ਵਿਚ ਜਾਤ, ਜਨਮ, ਲਿੰਗ, ਵਰਗ, ਰੂਪ, ਰੰਗ ਅਤੇ ਆਰਥਿਕਤਾ ਅਧਾਰਿਤ ਵਿਤਕਰਿਆਂ ਦਾ ਖੰਡਨ ਕੀਤਾ ਗਿਆ ਹੈ ਉੱਥੇ ਨਾਲ ਹੀ ਇੱਕ ਅਜਿਹੇ ਮਾਨਵਵਾਦੀ ਸਮਾਜ ਦੀ ਸਿਰਜਣਾ ਦਾ ਸੰਕਲਪ ਵੀ ਪੇਸ਼ ਕੀਤਾ ਗਿਆ ਹੈ ਜਿਸ ਨੂੰ ਬਾਣੀ ਦੇ ਰਚਣਹਾਰਿਆਂ ਨੇ ਅਬਿਚਲ ਨਗਰ ਅਤੇ ਬੇਗਮਪੁਰਾ ਦਾ ਨਾਮ ਦਿੱਤਾ ਹੈ। ਬਾਣੀ ਦੇ ਰਚੇਤਾ ਜੋ ਕਿ ਸਮੱਚੇ ਭਾਰਤ ਵਰਸ਼ ਦੇ ਵੱਖ-ਵੱਖ ਭੂੰਗੋਲਿਕ ਖੰਡਾਂ ਅਤੇ ਵਿਭਿੰਨ ਜਾਤਾਂ ਨਾਲ ਸੰਬੰਧਿਤ ਸਨ ਨੇ ਇੱਕ ਪਰਮਾਤਮਾ ਦੇ ਸਿਧਾਂਤ *ਏਕਸ ਤੇ ਸਭ ਓਪਤਿ ਹੋਈ* ਨੂੰ ਅਨੇਕਾਂ ਦ੍ਰਿਸ਼ਟੀਆਂ ਰਾਹੀਂ ਪ੍ਰਸਤੁਤ ਕੀਤਾ ਹੈ। ਬਾਣੀ ਸਾਹਿਤ ਦੇ ਕਾਰਨ ਬਾਣੀ ਖੋਜ ਦੀ ਵਿਸ਼ਾਲਤਾ ਦਾ ਪੱਧਰ ਵੀ ਇੰਨਾ ਪ੍ਰਭਾਵਸ਼ਾਲੀ ਹੈ ਕਿ ਮੌਜੂਦਾ ਸਮੇਂ ਵੀ ਇਸ ਦਾ ਅਧਿਐਨ ਕਰਨ ਲਈ ਅੰਤਰ ਅਨੁਸ਼ਾਸਨੀ ਕਾਰਜਾਂ ਰਾਹੀਂ ਨਵੀਆਂ ਅੰਤਰ ਦ੍ਰਿਸ਼ਟੀਆਂ ਤਲਾਸ਼ੀਆਂ ਜਾ ਰਹੀਆਂ ਹਨ। ਗੁਰੂ ਸਾਹਿਬਾਨ ਦੁਆਰਾ ਦਿੱਤਾ ਸਰਬੱਤ ਦੇ ਭਲੇ ਦਾ ਸੰਕਲਪÓ ਪੂਰੇ ਵਿਸ਼ਵ ਨੂੰ ਭਾਈਚਾਰਕ ਸਾਂਝ ਅਤੇ ਮਾਨਵਤਾ ਦੇ ਸੂਤਰ ਵਿਚ ਬੰਨ੍ਹਦਾ ਹੈ। ਇਸੇ ਸੰਕਲਪ ਨੂੰ ਜਿੱਥੇ ਸਿਧਾਂਤਕ ਰੂਪ ਵਿਚ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਰਾਹੀਂ ਸਥਾਪਿਤ ਕੀਤਾ ਗਿਆ ਹੈ ਉਥੇ ਇਸ ਦੀ ਵਿਵਹਾਰਿਕਤਾ ਨੂੰ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਬਹੁ ਭਾਂਤੀ ਰੂਪ ਵਿਚ ਵੀ ਦੇਖਿਆ ਗਿਆ ਹੈ। ਬਾਣੀ ਦੇ ਰਚਣਹਾਰੇ ਉੱਚ ਕੋਟੀ ਦੇ ਵਿਦਵਾਨ ਤੇ ਅਨੁਭਵੀ ਪਰਮ ਪੁਰਸ਼ ਸਨ ਅਤੇ ਉਹਨਾਂ ਦਾ ਨਿਜੀ ਜੀਵ ਇਸੇ ਅਨੁਭਵਮੁਕਤਾ ਨੂੰ ਵਿਵਹਾਰਿਕ ਰੂਪ ਦਿੰਦਾ ਹੈ। ਗੁਰੂ ਸਾਹਿਬਾਨ ਦੇ ਕਾਰਜਾਂ ਦੀ ਵਿਲੱਖਣਤਾ

ਇਹ ਵੀ ਹੈ ਕਿ ਇਸ ਦੀ ਲਿਖਤ ਤੇ ਸੰਪਾਦਨਾ ਇਸ ਦੇ ਰਚਣਹਾਰਿਆਂ ਵੱਲੋਂ ਖ਼ੁਦ ਆਪਣੇ ਜੀਵਨ ਕਾਲ ਦੌਰਾਨ ਕੀਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਵਿਭਿੰਨ ਅੰਤਰ ਦ੍ਰਿਸ਼ਟੀਆਂ ਜਿਵੇਂ ਕਿ ਰਾਜਨੀਤੀ ਵਿਗਿਆਨ (Political Science), ਸਮਾਜ ਸ਼ਾਸਤਰੀ (Sociology), ਅਰਥ ਸ਼ਾਸਤਰੀ (Economics), ਦਰਸ਼ਨ ਸ਼ਾਸਤਰੀ (Philosophy), ਮਨੋਵਿਗਿਆਨਕ (Psychology), ਸੰਗੀਤਕ (Musics) , ਸੱਭਿਆਚਾਰਕ (Culture) ਤੇ ਇਤਿਹਾਸਕ (History) ਨਜਰੀਏ ਆਦਿ ਤੋਂ ਬਹੁਤ ਖੋਜ ਕਾਰਜ ਪ੍ਰਾਪਤ ਹੋ ਚੁੱਕੇ ਹਨ ਜਿਨ੍ਹਾਂ ਰਾਹੀਂ ਗੁਰਬਾਣੀ ਦੀਆਂ ਵਿਭਿੰਨ ਲੱਭਤਾਂ ਨੂੰ ਪ੍ਰਸਤੁਤ ਕੀਤਾ ਜਾ ਚੁੱਕਾ ਹੈ ਪਰ ਵਪਾਰਿਕ ਨੈਤਿਕਤਾ ਦੇ ਪ੍ਰਸੰਗ ਵਿਚ ਕੋਈ ਵਿਸ਼ੇਸ਼ ਅਧਾਰਗਤ ਕਾਰਜ ਅਜੇ ਪ੍ਰਾਪਤ ਨਹੀਂ ਹੋਏ। ਵਿਸ਼ਵੀਕਰਨ ਮਨੁੱਖ ਦੀ ਪ੍ਰਾਪਤੀ ਵੀ ਹੈ ਅਤੇ ਅਨੇਕ ਸੰਭਾਵਨਾਵਾਂ ਦਾ ਸਰੋਤ ਵੀ ਹੈ ਪਰ ਇਹ ਮਨੁੱਖ ਲਈ ਅਨੇਕਾਂ ਚੁਣੌਤੀਆਂ ਦਾ ਕਾਰਨ ਵੀ ਹੈ। ਵਿਸ਼ਵੀਕਰਨ ਨੇ ਵਪਾਰਿਕ ਪ੍ਰਬੰਧ ਦੇ ਖੇਤਰ ਨੂੰ ਕਈ ਪੱਖਾਂ ਤੋਂ ਪ੍ਰਭਾਵਿਤ ਕੀਤਾ ਹੈ। ਮਨੁੱਖ ਦੀ ਵੱਧ ਮੁਨਾਫ਼ਾ ਹਾਸਿਲ ਕਰਨ ਦੀ ਲਾਲਸਾ ਨੇ ਅਨੈਤਿਕ ਗਤੀਵਿਧੀਆਂ ਵਿਚ ਵਾਧਾ ਕੀਤਾ ਹੈ। ਵਪਾਰਿਕ ਨੈਤਿਕਤਾ ਦੇ ਲਗਾਤਾਰ ਵੱਧਦੇ ਮਹੱਤਵ ਵਿਚ ਅਨੇਕਾਂ ਕਾਰਕ ਸ਼ਾਮਿਲ ਹਨ ਜਿਵੇਂ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ(CSR) ਵਿਚ ਹੋ ਰਿਹਾ ਵਾਧਾ, ਉਪਭੋਗਤਾਵਾਦ(Consumerism) ਅਤੇ ਮੁਕਾਬਲੇ ਦੀ ਭਾਵਨਾ ਦਾ ਵਿਕਾਸ ਆਦਿ। ਈਮਾਨਦਾਰੀ, ਨਿਆਂ, ਭਰੋਸੇਯੋਗਤਾ, ਸੱਚਾਈ, ਵਿਸ਼ਵਾਸ ਜਿਹੇ ਤੱਤਾਂ ਦਾ ਵਪਾਰਿਕ ਸੰਸਥਾਵਾਂ ਵਿਚੋਂ ਅਲੋਪ ਹੋਣਾ ਚਿੰਤਾ ਦਾ ਵਿਸ਼ਾ ਹੈ। ਗੁਰੂ ਸਾਹਿਬਾਨ ਨੇ ਕਿਰਤ ਦੇ ਸਿਧਾਂਤ ਨੂੰ ਮਹੱਤਤਾ ਦਿੱਤੀ ਹੈ ਅਤੇ ਵਪਾਰੀ ਨੂੰ ਈਮਾਨਦਾਰੀ, ਨਿਆਂ, ਭਰੋਸੇਯੋਗਤਾ, ਸੱਚਾਈ, ਵਿਸ਼ਵਾਸ ਜਿਹੇ ਤੱਤਾਂ ਨੂੰ ਅਧਾਰ ਬਣਾ ਕੇ ਸੱਚਾ ਵਪਾਰੀ ਬਣਨ ਲਈ ਪ੍ਰੇਰਿਆ ਹੈ।

ਸਾਡੇ ਖੋਜ ਕਾਰਜ ਦਾ ਵਿਸ਼ਾ *ਸਿੱਖ ਗੁਰੂ ਸਾਹਿਬਾਨ ਦਾ ਵਪਾਰਿਕ ਨੈਤਿਕਤਾ ਪ੍ਰਤਿ ਦ੍ਰਿਸ਼ਟੀਕੋਣ(Sikh Guru's Perspective on Business Ethics)* ਹੈ ਜਿਸ ਦਾ ਮੂਲ ਸਰੋਕਾਰ ਨੈਤਿਕਤਾ ਅਧਾਰਿਤ ਅਜਿਹੇ ਪ੍ਰਬੰਧਕੀ ਮਾਡਲ ਦੀ ਸਥਾਪਨਾ ਤੋਂ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਨੈਤਿਕ ਸਿੱਖਿਆਵਾਂ ਦਾ ਨਿਰੂਪਣ ਹੋਵੇ। ਖੋਜ ਕਾਰਜ ਨੂੰ ਪ੍ਰਸੰਗਿਕ ਬਣਾਉਣ ਲਈ ਪ੍ਰਬੰਧਕੀ ਸਿਧਾਂਤਾਂ ਦੀ ਨਵੀਨ ਪੇਸ਼ਕਾਰੀ ਗੁਰਬਾਣੀ ਦੇ ਪ੍ਰਸੰਗ ਤੋਂ ਕੀਤੀ ਗਈ ਹੈ ਅਤੇ ਵਪਾਰਿਕ ਨੈਤਿਕਤਾ ਨੂੰ ਗੁਰੂ ਸਾਹਿਬਾਨ ਦੇ ਦ੍ਰਿਸ਼ਟੀਕੋਣ ਤੋਂ ਪ੍ਰਭਾਸ਼ਿਤ ਕੀਤਾ ਗਿਆ ਹੈ। ਵਿਸ਼ੇ ਦੀ ਵਿਸ਼ਾਲਤਾ ਅਤੇ ਉਦੇਸ਼ਾਂ ਅਨੁਸਾਰ ਖੋਜ ਕਾਰਜ ਨੂੰ ਵਿਧੀਵਤ ਰੂਪ ਵਿਚ ਛੇ ਅਧਿਆਇਆਂ ਵਿਚ ਵੰਡਿਆਂ ਗਿਆ ਹੈ।

ਪਹਿਲੇ ਅਧਿਆਇ ਵਿਚ ਗੁਰੂ ਸਾਹਿਬਾਨ ਦੁਆਰਾ ਪੇਸ਼ ਨੈਤਿਕਤਾ ਅਤੇ ਵਪਾਰਿਕ ਨੈਤਿਕਤਾ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਵਿਸਤ੍ਰਿਤ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਵਪਾਰਿਕ ਨੈਤਿਕਤਾ ਜਿਸ ਵਿਚ ਈਮਾਨਦਾਰੀ, ਸੱਚਾਈ ਤੇ ਭਰੋਸੇਯੋਗਤਾ ਦੇ ਗੁਣ ਅਹਿਮ ਹਨ ਦਾ ਅਧਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਰੱਖਿਆ ਗਿਆ ਹੈ। ਵਿਸ਼ਵੀਕਰਣ ਦੇ ਸਮੇਂ ਵਪਾਰਿਕ ਨੈਤਿਕਤਾ ਦਾ ਮਹੱਤਵ ਲਗਾਤਾਰ ਵਧਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਪਾਰਿਕ ਖੇਤਰ ਦੇ ਸੰਦਰਭ ਵਿਚ ਟਿਕਾਊ ਨਜਰੀਆ(Sustainable Perspective) ਪ੍ਰਸਤੁਤ ਕਰਦੇ ਹਨ। ਖੋਜ ਅਧਿਐਨ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੁਆਰਾ ਪ੍ਰਸਤੁਤ ਨੈਤਿਕਤਾ ਦਾ ਮਾਡਲ ਵਪਾਰਿਕ ਕਾਰਜਪ੍ਰਣਾਲੀ ਲਈ ਢੁੱਕਵਾਂ ਹੈ ਜਿਸ ਅਨੁਸਾਰ ਸਫ਼ਲ ਪ੍ਰਬੰਧਕ ਗੁਰਬਾਣੀ ਅਨੁਸਾਰ ਦਰਸਾਏ ਸਚਿਆਰ ਮਨੁੱਖ ਵਰਗਾ ਹੈ, ਜੋ ਨੈਤਿਕਤਾ ਨੂੰ ਅਧਾਰ ਮੰਨ ਕੇ ਟਿਕਾਊ ਵਪਾਰ(Sustainable Business) ਦੀ ਨੀਂਹ ਰੱਖਦਾ ਹੈ। ਸੋ ਇਸ ਅਧਿਆਇ ਦੇ ਮੂਲ ਮਨੋਰਥ ਅਨੁਸਾਰ ਇਸ ਵਿਚ ਨੈਤਿਕਤਾ ਦੇ ਵਿਭਿੰਨ ਪਰਿਪੇਖਾਂ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ।

ਖੋਜ ਕਾਰਜ ਦੇ ਦੂਜੇ ਅਧਿਆਇ ਵਿਚ ਵਿਸ਼ੇ ਨਾਲ ਸੰਬੰਧਿਤ ਪੂਰਵ ਪ੍ਰਾਪਤ ਸਮੱਗਰੀ ਦਾ ਮੁਲਾਂਕਣ ਕੀਤਾ ਗਿਆ ਹੈ ਅਤੇ ਖੋਜ ਕਾਰਜ ਨਾਲ ਸੰਬੰਧਿਤ ਵਿਭਿੰਨ ਵਿਸ਼ਿਆਂ ਨੂੰ ਵਿਸਤ੍ਰਿਤ ਰੂਪ ਵਿਚ ਪ੍ਰਭਾਸ਼ਿਤ ਕੀਤਾ ਗਿਆ ਹੈ। ਇਸ ਅਧਿਆਇ ਦਾ ਮੂਲ ਉਦੇਸ਼ ਖੋਜ ਕਾਰਜ ਦੀ ਨਿਵੇਕਲਤਾ ਨੂੰ ਪ੍ਰਗਟ ਕਰਨਾ ਵੀ ਹੈ। ਅਧਿਐਨ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਖੋਜ ਕਾਰਜ ਦੇ ਮੂਲ ਵਿਸ਼ੇ ਦੇ ਨਾਲ ਸੰਬੰਧਿਤ ਸਿੱਧੇ ਰੂਪ ਵਿਚ ਅਜੇ ਕੋਈ ਕਾਰਜ ਨਹੀਂ ਹੋਇਆ।

ਗੁਰੂ ਸਾਹਿਬਾਨ ਦੀ ਬਾਣੀ ਅਤੇ ਜੀਵਨ ਕਾਲ ਵਿਚ ਮੌਜੂਦ ਪ੍ਰਬੰਧਕੀ ਗੁਣਾਂ ਦੀ ਪੇਸ਼ਕਾਰੀ ਤੀਜੇ ਅਧਿਆਇ ਵਿਚ ਕੀਤੀ ਗਈ ਹੈ। ਗੁਰੂ ਸਾਹਿਬਾਨ ਅਨੁਸਾਰ ਪ੍ਰਬੰਧਕੀ ਗੁਣਾਂ ਵਿਚ ਨੈਤਿਕਤਾ ਦਾ ਪੱਖ ਸ੍ਰੇਸ਼ਟ ਹੈ। ਗੁਰੂ ਸਾਹਿਬਾਨ ਦੇ ਆਪਣੇ ਜੀਵਨ ਤੇ ਉਨਾਂ ਦੁਆਰਾ ਕੀਤੇ ਕਾਰਜਾਂ ਵਿਚ ਨੈਤਿਕਤਾ ਦੀਆਂ ਖਰੀਆਂ ਕਸਵੱਟੀਆਂ ਹਨ ਜੋ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਵੱਡੇ ਆਦਰਸ਼ਾਂ ਨੂੰ ਥਾਪਦੀਆਂ ਹਨ। ਪ੍ਰਮਾਣ ਵਜੋਂ ਗੁਰੂ ਸਾਹਿਬਾਨ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਵਿਸ਼ਵੀ ਸੰਦਰਭ ਵਿਚ ਜੀਵਨ ਦਾ ਅਧਾਰ ਹੈ ਜਿਸ ਦਾ ਮੂਲ ਸਰੋਕਾਰ ਹੀ ਮਿਹਨਤ ਕਰਨਾ, ਪ੍ਰਮਾਤਮਾ ਨੂੰ ਯਾਦ ਕਰਨਾ ਤੇ ਆਪਣੀ ਵਿਦਵਤਾ, ਗਿਆਨ ਤੇ ਪੂੰਜੀ ਆਦਿ ਨੂੰ ਸਭ ਨਾਲ ਵੰਡਣਾ ਹੈ। ਗੁਰੂ ਸਾਹਿਬਾਨ ਦਾ ਜੀਵਨ ਇੱਕ ਉੱਦਮੀ ਪੁਰਸ਼ ਦੀ ਵੱਡੀ ਮਿਸਾਲ ਹਨ ਜਿਹਨਾਂ ਨੇ ਉੱਦਮ ਤੇ ਨੈਤਿਕਤਾ ਨੂੰ ਇਕ ਸ੍ਰੇਸ਼ਟ ਸੰਗਮ ਵਜੋਂ ਗ੍ਰਹਿਣ ਕੀਤਾ ਇਸੇ ਲਈ ਉਨਾਂ ਦੀ ਬਾਣੀ ਵਿਚੋਂ ਸ੍ਰੇਸ਼ਟ ਪ੍ਰਬੰਧਕੀ ਮਾਡਲ ਦੇਖੇ ਗਏ ਹਨ ਅਤੇ ਖੋਜ ਕਾਰਜ ਦੇ ਵਿਸ਼ੇ ਤੇ ਲੋੜ ਅਨੁਸਾਰ ਇਨਾਂ ਪ੍ਰਬੰਧਕੀ ਮਾਡਲਾਂ ਨੂੰ ਸਮਝ ਕੇ ਵਿਚਾਰਿਆ ਗਿਆ ਹੈ।

ਖੋਜ ਕਾਰਜ ਦੇ ਚੌਥੇ ਅਧਿਆਇ ਵਿਚ ਵਪਾਰਿਕ ਕਾਰਜਕਰਣੀ ਦੇ ਅਹਿਮ ਅੰਗ ਜਿਵੇਂ ਕਿ ਸਮਾਜਿਕ ਜ਼ਿੰਮੇਵਾਰੀ , ਭਰੋਸੇਯੋਗਤਾ, ਈਮਾਨਦਾਰੀ, ਸਰਬੱਤ ਦਾ ਭਲਾ ਅਤੇ ਸਮਾਨਤਾ ਆਦਿ ਨੂੰ ਗੁਰਬਾਣੀ ਦੇ ਪ੍ਰਸੰਗ ਤੋਂ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਦੇ ਨਤੀਜਿਆਂ

ਵਿਚ ਇਹ ਸਾਹਮਣੇ ਆਇਆ ਹੈ ਕਿ ਗੁਰੂ ਸਾਹਿਬਾਨ ਨੈਤਿਕਤਾ ਦੇ ਵਿਭਿੰਨ ਪਹਿਲੂਆਂ ਬਾਰੇ ਵਿਸ਼ਾਲ ਦ੍ਰਿਸ਼ਟੀਕੋਣ ਰੱਖਦੇ ਹਨ ਜੋ ਕਿ ਟਿਕਾਊ ਵਪਾਰ ਲਈ ਲਾਹੇਵੰਦ ਬਣਦੇ ਹਨ। ਖੋਜ ਅਧਿਐਨ ਰਾਹੀਂ ਇਹ ਤੱਥ ਸਾਹਮਣੇ ਆਇਆ ਹੈ ਕਿ ਗੁਰੂ ਸਾਹਿਬਾਨ ਦੀ ਬਾਣੀ ਵਿਚ ਪ੍ਰਗਟਾਏ ਗਏ ਨੈਤਿਕ ਗੁਣ ਪ੍ਰਬੰਧ ਤੇ ਉਸਦੇ ਨਾਲ ਸੰਬੰਧਿਤ ਕਾਰਜਕਰਣੀ ਨੂੰ ਵਿਵਹਾਰਿਕ ਰੂਪ ਵਿਚ ਲਾਹੇਵੰਦਤਾ ਲਈ ਪ੍ਰਭਾਵਿਤ ਕਰਦੇ ਹਨ।

ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ ਵਿਚ ਵੱਖ-ਵੱਖ ਸੰਸਥਾਵਾਂ ਨਾਲ ਸੰਬੰਧਿਤ ਵਪਾਰਿਕ ਨੁਮਾਇੰਦਿਆਂ ਤੋਂ ਇਕੱਤਰ ਕੀਤੇ ਡਾਟੇ ਦਾ ਮੁਲਾਂਕਣ ਖੋਜ ਵਿਧੀਆਂ ਦੇ ਅਧਾਰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਵਪਾਰਿਕ ਨੁਮਾਇੰਦੇ ਗੁਰੂ ਗ੍ਰੰਥ ਸਾਹਿਬ ਵਿਚ ਨਿਰਧਾਰਿਤ ਨੈਤਿਕ ਨੇਮ ਵਿਧਾਨ ਤੇ ਮੁੱਲ ਪ੍ਰਬੰਧ ਨੂੰ ਆਪਣੇ ਕਾਰਜ ਖੇਤਰ ਵਿਚ ਢਾਲਦੇ ਹਨ ਤਾਂ ਨਿਸਚੈ ਹੀ ਆਪਣੇ ਮਿੱਥੇ ਟੀਚੇ ਤੋਂ ਵੱਧ ਲਾਭ ਪ੍ਰਾਪਤ ਕਰਦੇ ਹਨ। ਖੋਜ ਨਤੀਜੇ ਇਹ ਵੀ ਦਰਸਾਉਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੁਆਰਾ ਪ੍ਰਸਤਾਵਿਤ ਨੈਤਿਕਤਾ ਦੇ ਮਾਡਲ ਪੂਰਨ ਤੌਰ ਤੇ ਸਫ਼ਲ ਹਨ ਅਤੇ ਇਨਾਂ ਨੂੰ ਵਪਾਰਿਕ ਕਾਰਜਕਰਣੀ ਵਿਚ ਲਾਗੂ ਕਰਨ ਦੀ ਜ਼ਰੂਰਤ ਹੈ। ਖੋਜ ਕਾਰਜ ਦੇ ਸਾਰ ਅਤੇ ਸਥਾਪਨਾਵਾਂ ਦੇ ਰੂਪ ਵਿਚ ਨੈਤਿਕਤਾ ਅਧਾਰਿਤ ਪ੍ਰਬੰਧਕੀ ਮਾਡਲ ਦੀ ਪੇਸ਼ਕਾਰੀ ਛੇਵੇਂ ਅਧਿਆਇ ਵਿਚ ਕੀਤੀ ਗਈ ਹੈ। ਇਹ ਮਾਡਲ ਯੋਜਨਾ ਨਿਰਮਾਣ ਤੋਂ ਆਰੰਭ ਹੋ ਕੇ ਕੰਟਰੋਲ ਭਾਵ ਨਤੀਜਿਆਂ ਦੀ ਪ੍ਰਾਪਤੀ ਤੱਕ ਨੈਤਿਕਤਾ ਅਧਾਰਿਤ ਵਪਾਰਿਕ ਪ੍ਰਸੰਗਾਂ ਨੂੰ ਦਰਸਾਉਂਦਾ ਹੈ।

ਸਾਡੇ ਖੋਜ ਕਾਰਜ ਦਾ ਮੂਲ ਅਧਾਰ ਗੁਰੂ ਸਾਹਿਬਾਨ ਦਾ ਜੀਵਨ ਅਨੁਭਵ ਉਨਾਂ ਦੇ ਸਿਧਾਂਤ ਤੇ ਬਾਣੀ ਦਾ ਅਥਾਹ ਗਿਆਨ ਹੈ ਜਿਸ ਰਾਹੀ ਇਕੱਤਰ ਕੀਤੇ ਡਾਟੇ ਨੂੰ ਅਧਾਰ ਪ੍ਰਦਾਨ ਕੀਤਾ ਗਿਆ ਹੈ ਤੇ ਉਸਦਾ ਵਰਗੀਕਰਨ ਕਰਕੇ ਅੰਤਰ-ਅਨੁਸ਼ਾਸ਼ਨੀ ਵਿਧੀਆਂ ਰਾਹੀ ਵਿਆਖਿਆ ਕੀਤੀ ਗਈ ਹੈ ਸੋ ਗੁਰਬਾਣੀ ਦੀਆਂ ਅੰਤਰ-ਦ੍ਰਿਸ਼ਟੀਆਂ ਦੇ ਨਾਲ ਵਪਾਰਿਕ ਅੰਤਰ-ਦ੍ਰਿਸ਼ਟੀ ਦਾ ਸੰਯੋਗ ਰਿਹਾ ਹੈ। ਵਿਸ਼ੇ ਨੂੰ ਸਪਸ਼ਟ ਕਰਨ

ਅਤੇ ਖੋਜ ਕਾਰਜ ਦੀ ਯੋਗ ਉਸਾਰੀ ਲਈ ਪ੍ਰਮੁੱਖ ਵਿਦਵਾਨਾਂ ਦੁਆਰਾ ਰਚਿਤ ਸਿੱਖ ਸਾਹਿਤ , ਖੋਜ ਪ੍ਰਬੰਧ, ਖੋਜ ਨਿਬੰਧ, ਅਤੇ ਅੰਤਰ-ਅਨੁਸ਼ਾਸ਼ਨੀ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਦੀ ਸਹਾਇਤਾ ਇਸ ਖੋਜ ਪ੍ਰਬੰਧ ਦੀ ਉਸਾਰੀ ਵਿਚ ਲਈ ਗਈ ਹੈ ਜਿਨਾਂ ਨੂੰ ਖੋਜ ਪ੍ਰਬੰਧ ਦੇ ਅਖੀਰ ਵਿਚ ਸੂਚੀਬੱਧ ਕਰਕੇ ਦਰਸਾਇਆ ਗਿਆ ਹੈ।

ਖੋਜ ਕਾਰਜ ਦੀ ਸੰਲਤਾ ਲਈ ਅਸੀਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਦੈਵ ਰਿਣੀ ਰਹਾਂਗੇ ਜਿਨਾਂ ਦੇ ਗਿਆਨ ਦੀ ਰੋਸ਼ਨੀ ਵਿੱਚ ਇਸ ਹੱਥਲੇ ਖੋਜ ਕਾਰਜ ਨੂੰ ਸੰਪੰਨ ਕੀਤਾ ਜਾ ਸਕਿਆ ਹੈ। ਅਸੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਲਾਇਬ੍ਰੇਰੀਆਂ ਦੇ ਸਮੂਹ ਸਟਾਫ਼ ਮੈਂਬਰਾਂ ਦੇ ਧੰਨਵਾਦੀ ਹਾਂ ਜਿਨਾਂ ਨੇ ਅਧਾਰਭੂਤ ਖੋਜ ਸਮੱਗਰੀ ਇਕੱਤਰ ਕਰਨ ਵਿਚ ਸਾਨੂੰ ਸਹਿਯੋਗ ਦੇ ਕੇ ਅਹਿਮ ਰੋਲ ਅਦਾ ਕੀਤਾ ਹੈ।

ਖੋਜ ਪ੍ਰਬੰਧ ਨੂੰ ਖੋਜ ਨਿਗਰਾਨ ਪ੍ਰੋਫੈਸਰ ਜਸਪਾਲ ਕੌਰ ਕਾਂਗ ਜੀ ਜੋ ਕਿ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮੁਖੀ ਅਤੇ ਅਕਾਦਮਿਕ ਇੰਚਾਰਜ ਰਹਿ ਚੁੱਕੇ ਹਨ ਅਤੇ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਅਕਾਦਮਿਕ ਅਤੇ ਪ੍ਰਬੰਧਕੀ ਅਹੁਦਿਆਂ ਤੇ ਰਹਿ ਕੇ ਕੰਮ ਕਰ ਚੁੱਕੇ ਹਨ ਦੇ ਸੁਯੋਗ ਮਾਰਗ ਦਰਸ਼ਨ ਵਿਚ ਸੰਪੂਰਨ ਕੀਤਾ ਗਿਆ ਹੈ। ਇਹ ਕਾਰਜ ਜੋ ਕਿ ਅੰਤਰ-ਅਨੁਸਾਸ਼ਨੀ ਹੈ ਪ੍ਰੋ. ਕਾਂਗ ਦੀ ਅਣਥੱਕ ਅਗਵਾਈ ਵਜੋਂ ਹੀ ਸੰਭਵ ਹੋ ਸਕਿਆ ਹੈ। ਉਹਨਾ ਦਾ ਨੇਕ ਸੁਭਾਅ, ਗਿਆਨ ਦਾ ਅਥਾਹ ਭੰਡਾਰ, ਕੰਮ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਹੋਰ ਅਨੇਕ ਗੁਣਾਂ ਨੇ ਇਸ ਕਾਰਜ ਦੀ ਸੰਪੂਰਨਤਾ ਲਈ ਹਮੇਸ਼ਾਂ ਪ੍ਰੋਤਸਾਹਨ ਦੀ ਭੂਮਿਕਾ ਨਿਭਾਈ ਹੈ।

ਖੋਜ ਕਾਰਜ ਦੇ ਸਹਿ-ਨਿਗਰਾਨ ਪ੍ਰੋ. ਕਰਮਜੀਤ ਸਿੰਘ ਜੀ ਜੋ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕਾਮਰਸ ਦੇ ਪ੍ਰੋਫੈਸਰ ਵਜੋਂ ਕਾਰਜਸ਼ੀਲ ਰਹੇ ਸਨ ਤੇ ਮੌਜੂਦਾ ਸਮੇਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਵਾਇਸ ਚਾਂਸਲਰ ਹਨ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਵੀ ਅਹਿਮ ਅਹੁਦਿਆਂ ਤੇ ਕਾਰਜਸ਼ੀਲ ਰਹੇ ਹਨ ਦਾ ਤਹਿ ਦਿਲੋਂ ਧੰਨਵਾਦ ਹੈ ਜਿਨਾਂ ਨੇ ਇਸ ਕਾਰਜ ਦੀ ਸਫ਼ਲਤਾ ਵਿੱਚ ਵਪਾਰਿਕ ਅਧਿਐਨ ਦੇ ਵਿਸ਼ੇਸ਼ਗ ਵਜੋਂ ਆਪਣੀ ਅਗਵਾਈ ਦਿਤੀ ਅਤੇ ਆਪਣੇ ਪ੍ਰਤਿਭਾਸ਼ਾਲੀ ਵਿਅਕਤਿਤਵ ਰਾਹੀਂ ਅਹਿਮ ਭੂਮਿਕਾ ਅਦਾ ਕੀਤੀ ਹੈ।

ਸਾਡਾ ਤਹਿ ਦਿਲੋਂ ਧੰਨਵਾਦ ਹੈ ਪ੍ਰੋ. ਰੇਨੂ ਵਿਜ ਜੀ ਜੋ ਕਿ ਮੌਜੂਦਾ ਸਮੇਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡੀ.ਯੂ.ਆਈ. ਹਨ ਅਤੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਮੁਖੀ ਵੀ ਹਨ। ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਮੌਜੂਦਾ ਅਕਾਦਮਿਕ ਇੰਚਾਰਜ ਪ੍ਰੋ. ਗੁਰਪਾਲ ਸਿੰਘ ਸੰਧੂ ਹੋਰਾਂ ਦੇ ਵੀ ਰਿਣੀ ਹਾਂ, ਜਿਨ੍ਹਾਂ ਹਰ ਸੰਭਵ ਸਹਾਇਤਾ ਦੇ ਕੇ ਇਸ ਕਾਰਜ ਦੇ ਸੰਪੰਨ ਹੋਣ ਵਿਚ ਸਾਨੂੰ ਪੂਰੀ ਅਗਵਾਈ ਤੇ ਸਹਾਇਤਾ ਦਿਤੀ ਹੈ। ਇਸੇ ਵਿਭਾਗ ਦੇ ਦਫ਼ਤਰ ਵਿਚ ਕਾਰਜਸ਼ੀਲ ਸ੍ਰੀ ਰੁਪਿੰਦਰ ਸਿੰਘ ਜੀ ਸੀਨੀਅਰ ਅਸਿਸਟੈਂਟ, ਪ੍ਰਿੰਸ ਜੀ ਕਲਰਕ ਅਤੇ ਸਮੁੱਚੇ ਸਟਾਫ਼ ਦੇ ਅਸੀਂ ਤਹਿ ਦਿਲੋਂ ਧੰਨਵਾਦੀ ਹਾਂ, ਜਿਨਾਂ ਨੇ ਖੋਜ ਕਾਰਜ ਦੌਰਾਨ ਪੂਰਨ ਸਹਿਯੋਗ ਦਿੱਤਾ।

ਮੈਂ ਆਪਣੇ ਪਿਤਾ ਸ੍ਰੀ ਦੌਲਤ ਰਾਮ ਅਤੇ ਮਾਤਾ ਤ੍ਰਿਪਤਾ ਦੇਵੀ ਜੀ ਦਾ ਆਭਾਰੀ ਹਾਂ, ਜਿਨਾਂ ਨੇ ਮੈਨੂੰ ਇਸ ਕਾਰਜ ਲਈ ਪ੍ਰੇਰਿਆ ਅਤੇ ਖੋਜ ਕਾਰਜ ਦੌਰਾਨ ਆਪਣੇ ਪ੍ਰੋਤਸਾਹਨ ਨੂੰ ਮੇਰੇ ਲਈ ਬਰਕਰਾਰ ਰੱਖਿਆ। ਮੈਂ ਆਪਣੀ ਧਰਮ ਸੁਪਤਨੀ ਨਵਜੋਤ ਕੌਰ ਹੁਰਾਂ ਦਾ ਵੀ ਧੰਨਵਾਦੀ ਹਾਂ ਜਿਨਾਂ ਦਾ ਇਸ ਖੋਜ ਕਾਰਜ ਵਿਚ ਵਿਸ਼ੇਸ਼ ਸਹਿਯੋਗ ਰਿਹਾ ਹੈ ਅਤੇ ਜਿਸ ਨੇ ਹਰ ਸੰਭਵ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਆਪਣੇ ਖੋਜਾਰਥੀ ਸਾਥੀ ਸੀਤਲ ਸਿੰਘ ਦਾ ਵੀ ਧੰਨਵਾਦੀ ਹਾਂ ਜਿਸ ਦਾ ਮੈਨੂੰ ਬਹੁਤ ਸਹਿਯੋਗ ਰਿਹਾ ਹੈ।

ਇਸ ਖੋਜ ਕਾਰਜ ਦੌਰਾਨ ਜਿਨਾਂ ਵਪਾਰਿਕ ਨੁਮਾਇੰਦਿਆਂ ਤੋ ਅਸੀਂ ਖੋਜ ਕਾਰਜ ਨਾਲ ਸੰਬੰਧਿਤ ਡਾਟਾ ਇਕੱਤਰ ਕੀਤਾ ਹੈ ਉਹਨਾਂ ਦੇ ਸਹਿਯੋਗ ਲਈ ਵੀ ਅਸੀਂ ਰਿਣੀ ਹਾਂ। ਖੋਜ ਕਾਰਜ ਲਈ ਜਿਹਨਾਂ ਵਿਸ਼ੇਸ਼ਗ ਵਿਦਵਾਨਾਂ ਤੋਂ ਅਹਿਮ ਜਾਣਕਾਰੀ ਪ੍ਰਾਪਤ ਕੀਤੀ ਹੈ ਪਰ ਖੋਜ ਕਾਰਜ ਵਿੱਚ ਜ਼ਿਕਰ ਨਹੀਂ ਹੋ ਸਕਿਆ ਉਨਾਂ ਲਈ ਸ਼ੁਕਰਗੁਜ਼ਾਰੀ ਦੇ ਭਾਵ ਹਨ।

ਕੋਈ ਵੀ ਖੋਜ ਕਾਰਜ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦਾ ਸਗੋਂ ਸਮਾਂ ਤੇ ਸਥਾਨ ਦੀ ਸੀਮਾਂ ਇਸ ਨੂੰ ਕੰਟਰੋਲ ਕਰਦੇ ਹਨ ਅਤੇ ਇਸ ਦੇ ਵਿਕਾਸ ਵਿਚ ਅਹਿਮ ਸਥਾਨ ਰੱਖਦੇ ਹਨ । ਸਮੇਂ ਦੀ ਸੀਮਾ ਵਿਚ ਰਹਿ ਕੇ ਅਸੀਂ ਕੁਝ ਨਵੀਂਆਂ ਸਥਾਪਨਾਵਾਂ ਨੂੰ ਸਾਹਮਣੇ ਲਿਆਉਣ ਦਾ ਯਤਨ  ਕੀਤਾ ਹੈ।

**ਜਗਤਾਰ ਸਿੰਘ**

# ਤਤਕਰਾ

**ਅਧਿਆਇ ਪਹਿਲਾ-ਜਾਣ-ਪਛਾਣ (Introduction)** **1-57**

1.1 ਪ੍ਰਬੰਧ-ਅਰਥ ਅਤੇ ਪਰਿਭਾਸ਼ਾ (Management: Meaning and Definition)

1.2 ਕ਼ੱਲÓ ਪ੍ਰਬੰਧ-ਅਰਥ ਅਤੇ ਪਰਿਭਾਸ਼ਾ (Value System : Meaning and Definition)

1.3 ਪ੍ਰਬੰਧ ਅਤੇ ਸਿੱਖ ਧਰਮ (Management and Sikhism)

1.4 ਸਿੱਖ ਗੁਰੂਆਂ ਦਾ ਪ੍ਰਬੰਧਕੀ ਦ੍ਰਿਸ਼ਟੀਕੋਣ (Managerial Perspective of Sikh Gurus)

1.5 ਵਪਾਰਿਕ ਨੈਤਿਕਤਾ ਸਿੱਖ ਗੁਰੂਆਂ ਦੀ ਦ੍ਰਿਸ਼ਟੀ ਤੋਂ (Sikh Guru's Perspective on Business Ethics)

**ਅਧਿਆਇ ਦੂਜਾ-ਸਾਹਿਤਕ ਸਮੀਖਿਆ ਅਤੇ ਖੋਜ ਵਿਧੀ (Literature review and Research Methodoloy)** **58-111**

2.1 ਸਾਹਿਤਕ ਸਮੀਖਿਆ (Literature Review)

2.2 ਅਧਿਐਨ ਦੀ ਜ਼ਰੂਰਤ ਅਤੇ ਮਹੱਤਵ (Need and Importance of the Study):

2.3. ਖੋਜ ਕਾਰਜ ਦੇ ਉਦੇਸ਼ (Objectives of the Study)

2.4. ਖੋਜ ਕਾਰਜ ਦਾ ਖੇਤਰ (Scope of the Study)

2.5 ਖੋਜ ਵਿਧੀ (Research Methodology)

2.6 ਖੋਜ ਕਾਰਜ ਦੀਆਂ ਚੁਣੌਤੀਆਂ (Challenges for the Study)

**ਅਧਿਆਇ ਤੀਜਾ-ਸਿੱਖ ਗੁਰੂ ਸਾਹਿਬਾਨ ਦੇ ਫ਼ਲਸਫ਼ਾ ਤੋਂ ਵਪਾਰਿਕ ਨੈਤਿਕਤਾ ਦਾ ਅਧਿਐਨ (Analysis of Business Ethics from the Philosophy of Sikh Gurus)** **112-185**

3.1 ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ (Philosophy of Guru Nanak Dev Ji)

- ਯੋਜਨਾ ਅਤੇ ਨਜਰੀਏ ਵਿੱਚ ਸਪੱਸ਼ਟਤਾ (Clarity in planning and Interpretation)
- ਪ੍ਰਭਾਵਸ਼ਾਲੀ ਸੰਚਾਰ (Efficient Communication)

- ਧਾਰਮਿਕ ਇਕੱਠ ਦਾ ਪ੍ਰਭਾਵੀ ਪ੍ਰਬੰਧ (Effective Management of Religious Congregation)
- ਸੱਚ ਅਤੇ ਮੁਕਤੀ ਮਾਰਗ (Honesty and path of liberation)
- ਸਮਾਜਿਕ ਜਿੰਮੇਵਾਰੀ ਦਾ ਸੰਕਲਪ (Concept of Social Responsibility

3.2 ਗੁਰੂ ਅੰਗਦ ਦੇਵ ਜੀ ਦਾ ਫ਼ਲਸਫ਼ਾ (Philosophy of Guru Angad Dev Ji)

- ਕਹਿਣੀ ਅਤੇ ਕਰਣੀ ਵਿੱਚ ਏਕਤਾ (Unity in Action and Direction)
- ਸਮਾਜਿਕ ਸ਼ਸਕਤੀਕਰਨ (Social Empowerment)
- ਸਰੀਰਿਕ ਅਤੇ ਅਧਿਆਤਮਿਕ ਵਿਕਾਸ(Physical and Spiritual Upliftment)
- ਔਰਤਾਂ ਦਾ ਸ਼ਸਕਤੀਕਰਨ(Empowerment of Women)
- ਟਿਕਾਊ ਮਿਸ਼ਨ(Sustainable Mission)

3.3 ਗੁਰੂ ਅਰਮਦਾਸ ਜੀ ਦਾ ਫ਼ਲਸਫ਼ਾ (Philosophy of Guru Amardas Ji)

- ਪੰਗਤ ਅਤੇ ਸੰਗਤ ਦਾ ਸੰਕਲਪ(Concept of Pangat and Sangat
- ਮੰਜੀ ਸਿਸਟਮ ਦੀ ਸਥਾਪਨਾ(Establishment of Manjhi System)
- ਸਹਿਜ ਅਤੇ ਨਿਮਰਤਾ(Manifestation of Compassion)
- ਉਤਸ਼ਾਹਿਤ ਸੇਵਕ (Motivated Servant)
- ਸਮਾਜਿਕ ਜਿੰਮੇਵਾਰੀ (Social Responsibility

3.4 ਗੁਰੂ ਰਾਮਦਾਸ ਜੀ ਦਾ ਫ਼ਲਸਫ਼ਾ (Philosophy of Guru Ramdas Ji)

- ਅਧਿਆਤਮਿਕ ਅਤੇ ਵਪਾਰਿਕ ਕੇਂਦਰ ਦੀ ਸਥਾਪਨਾ (Establishment of Spiritual and Trade centre)
- ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨਾ (Strengthened the Sikh Institutions)
- ਦਿਆਲੂ ਸੁਭਾਅ (Kind Heartedness)
- ਸਤਿਕਾਰ ਅਤੇ ਨਿਮਰਤਾ(Reverence and Modesty)
- ਸਮਾਜ ਸੁਧਾਰਕ (Social Reformer)

3.5 ਗੁਰੂ ਅਰਜਨ ਦੇਵ ਜੀ ਦਾ ਫ਼ਲਸਫ਼ਾ (Philosophy of Guru Arajan Dev Ji)

- ਬਾਣੀ ਦੀ ਸੰਪਾਦਨਾ(Compilation of Bani)
- ਗਿਆਨ ਦਾ ਭੰਡਾਰ (Ocean of Knowledge)
- ਪ੍ਰਭਾਵੀ ਪ੍ਰੋਤਸਾਹਨ ਨੀਤੀ (Efficient Motivational Policy
- ਚੰਗੀ ਸੰਗਤ ਦੀ ਮਹਾਨਤਾ(Importance of Good Company)
- ਦਸਵੰਧ ਦਾ ਸੰਕਲਪ(Concept of Daswand)

3.6 ਗੁਰੂ ਹਰਗੋਬਿੰਦ ਜੀ ਦਾ ਫ਼ਲਸਫ਼ਾ (Philosophy of Guru Hargobind Ji)

- ਸਿੱਖ ਜੀਵਨ ਜਾਂਚ ਵਿੱਚ ਨਵਾਂ ਮੋੜ(New chapter in Sikh way of Living)
- ਸਿਖਲਾਈ ਅਤੇ ਵਿਕਾਸ(Trainning and Development)
- ਜ਼ਬਰ ਅਤੇ ਜ਼ੁਲਮ ਦਾ ਵਿਰੋਧ(Resistance to oppression)
- ਪਿਆਰ ਅਤੇ ਹਮਦਰਦੀ(Love and Sympathy)
- ਅਕਾਲ ਤਖ਼ਤ ਦੀ ਸਥਾਪਨਾ (Foundation of Akaal Takhat)

3.7 ਗੁਰੂ ਹਰਿ ਰਾਏ ਜੀ ਦਾ ਫ਼ਲਸਫ਼ਾ (Philosophy of Guru Har Rai Ji)

- ਵਾਤਾਵਰਣ ਦਾ ਸੁਰੱਖਿਅਣ(Preservation of Environment)
- ਮਨੁੱਖਤਾ ਦੀ ਸੇਵਾ(Service to Humanity)
- ਆਤਮ-ਨਿਰਭਰਤਾ(Self Sufficiency)
- ਚੰਗੀ ਪ੍ਰਸ਼ਾਸਨਿਕ ਵਿਧੀ(Efficient System of Governance)
- ਜੀਵਨ ਜਿਊਣ ਦਾ ਅਨੁਸ਼ਾਸਨਿਕ ਢੰਗ(Disciplined way of life)

3.8 ਗੁਰੂ ਹਰਕ੍ਰਿਸ਼ਨ ਜੀ ਦਾ ਫ਼ਲਸਫ਼ਾ (Philosophy of Guru Harkrishan Ji)

- ਪ੍ਰਭਾਵੀ ਲੀਡਰਸ਼ਿਪ ਅਤੇ ਅਲੌਕਿਕ ਖਿੱਚ(Effective Leadership with Charismatic Personality)
- ਸਿਆਣਪ ਅਤੇ ਸਾਦਗੀ(Wisdom with Simplicity)
- ਆਤਮ ਵਿਸ਼ਵਾਸ(Self Confidence)
- ਸੇਵਾ ਅਤੇ ਸਮਰਪਣ ਦੀ ਭਾਵਨਾ(Spirit of Selfless Service)
- ਹਿੰਮਤ ਅਤੇ ਸੰਵੇਦਨਸ਼ੀਲਤਾ (Courage and Sense of Belongingness)

3.9 ਗੁਰੂ ਤੇਗ ਬਹਾਦਰ ਜੀ ਦਾ ਫ਼ਲਸਫ਼ਾ (Philosophy of Guru Teg Bahadur Ji)

- ਮਨੁੱਖੀ ਅਧਿਕਾਰਾਂ ਲਈ ਆਵਾਜ ਚੁੱਕਣੀ(Defender of Human Rights)
- ਧਾਰਮਿਕ ਸੁਤੰਤਰਤਾ(Religious Freedom)
- ਸਮਾਜਿਕ ਵਿਕਾਸ (Social Upliftment)
- ਸੰਵਾਦ ਦੀ ਮਹੱਤਤਾ(Importance of Discourse)
- ਦਇਆ ਅਤੇ ਖ਼ਿਮਾਂ(Compassion and Forgiveness)

3.10 ਗੁਰੂ ਗੋਬਿੰਦ ਸਿੰਘ ਜੀ ਦਾ ਫ਼ਲਸਫ਼ਾ (Philosophy of Guru Gobind Singh Ji)

- ਚੜ੍ਹਦੀ ਕਲਾ ਦਾ ਸੰਕਲਪ(Concept of Chardikala)
- ਪ੍ਰਭਾਵਸ਼ਾਲੀ ਸ਼ਖ਼ਸੀਅਤ(Charismatic Personality)
- ਗਿਆਨ ਅਤੇ ਸਿਖਲਾਈ(Wisdom and Trainning)

- ਨਿਮਰਤਾ(Modesty
- ਸਰਬੱਤ ਦਾ ਭਲਾ(Well-being of All)

**ਅਧਿਆਇ ਚੌਥਾ-ਵਪਾਰਿਕ ਨੈਤਿਕਤਾ ਦੇ ਵਭਿੰਨ ਪਹਿਲੂਆਂ ਦਾ ਅਧਿਐਨ: ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿੱਚ (Analysis of the elements of Business Ethics: A perspective of Shri Guru Granth Sahib) 186-270**

4.1 ਭਰੋਸੇਯੋਗਤਾ (TRUST WORTHINESS)

4.2 ਲੋਕ, ਧਰਤੀ ਅਤੇ ਲਾਭ ਦਾ ਸੰਕਲਪ (People, Planet and profit paradigm)

4.3 ਨਿਆਂ ਅਤੇ ਨਿਰਪੱਖਤਾ (Justice and Fairness)

4.4 ਸਮਾਜਿਕ ਵਿਕਾਸ (Community Development)

4.5 ਸਮਾਜਿਕ ਜ਼ਿੰਮੇਵਾਰੀ (Social Responsibility)

4.6 ਪਾਰਦਰਸ਼ਿਤਾ ਅਤੇ ਜਵਾਬਦੇਹੀ:- (Transparency and Accountability)

4.7 ਦਸਵੰਧ (Co-Sharing)

4.8. ਵਾਤਾਵਰਣ ਸੁਰੱਖਿਅਣ:- (Preservation & Environment)

4.9 ਮਨੁੱਖੀ ਅਧਿਕਾਰ (Human Rights)

4.10 ਪ੍ਰੋਤਸਾਹਨ (Motivation)

4.11 ਅਗਵਾਹੀ (Leadership)

4. 12 ਯੋਜਨਾ (Planning)

**ਅਧਿਆਇ ਪੰਜਵਾ-ਸਿੱਖ ਨੈਤਿਕਤਾ ਅਤੇ ਵਪਾਰਿਕ ਲੀਡਰ: ਸੰਖਿਅਕੀ ਅਧਿਐਨ (Business Leaders and Sikh Ethics : A Statistical Analysis) 271-347**

5.1. ਡਾਟਾ ਵਿਸ਼ਲੇਸ਼ਣ ਅਤੇ ਵਿਆਖਿਆ (Data Analysis and Interpretation)

5.2 ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਭਾਵ ਤੇ ਵਪਾਰਿਕ ਲੀਡਰਾਂ ਦੀ ਕਾਰਜਕਰਣੀ(Effects of the teachings of Guru Granth Sahib on business leaders)

**ਅਧਿਆਇ ਛੇਵਾਂ-ਸਾਰ ਅਤੇ ਸਥਾਪਨਾਵਾਂ (Conclusion and Findings ) 348-362**

**ਸਹਾਇਕ ਪੁਸਤਕ ਸੂਚੀ 363-375**

**Annexure - I**

# LIST OF TABLES


| Table No. | Description | Page No. |
|---|---|---|
| 1.1 | Management ideas and practices throughout the History | 10 |
| 1.2 | Contribution of thinkers in evolution of management | 11 |
| 1.3 | Contribution of thinkers in evolution of management | 15 |
| 1.4 | Levels of Social Responsibility | 39 |
| 2.1 | Base for data interpretation | 209 |
| 3.1 | Life span of Sikh Gurus | 118 |
| 5.1 | Area of Leader's Work | 272 |
| 5.2 | Statistical interpretation of Methodology to set the organizational objectives | 273 |
| 5.3 | Statistical interpretation of work pattern of an organization | 275 |
| 5.4 | Statistical interpretations of Employee involvement organizational objectives | 276 |
| 5.5 | Statistical interpretations of Employee involvement in organizational Planning | 278 |
| 5.6 | Statistical interpretations of Employee involvement in Plans formation | 279 |
| 5.7 | Statistical interpretations for mathod of Employee motivation | 281 |
| 5.8 | Statistical interpretations for suggestions of Employee in organizational working. | 282 |
| 5.9 | Statistical interpretations for collective decisions in organizational working. | 284 |

| | | |
|---|---|---|
| 5.10 | Statistical interpretations for role of training and skills to earn good results | 285 |
| 5.11 | Statistical interpretations for role of guidelines and directions to earn good results | 287 |
| 5.12 | Statistical interpretations for role of commitment in organizational working | 288 |
| 5.13 | Statistical interpretations for role of common decisions | 290 |
| 5.14 | Statistical interpretations for role of expert advise | 291 |
| 5.15 | Statistical interpretations for support of Akaal Purakh | 293 |
| 5.16 | Statistical interpretations for support of colleagues on working of employees | 294 |
| 5.17 | Statistical interpretations for meaning of life for employees | 296 |
| 5.18 | Statistical interpretations for role of spiritual system for employees | 297 |
| 5.19 | Statistical interpretations for confidence of leaders in their spirituality | 299 |
| 5.20 | Statistical interpretations for role of prayer for business leaders | 300 |
| 5.21 | Statistical interpretations for teachings of Guru Granth Sahib for business leaders | 302 |
| 5.22 | Statistical interpretations for role of Honesty, Truthfulness and Integrity for business leaders | 303 |

| | | |
|---|---|---|
| 5.23 | Statistical interpretations for role of traits of Compassion and Universal wellbeing for business leaders | 305 |
| 5.24 | Statistical interpretations for role of system based on justice, equality and impartiality for business organization | 306 |
| 5.25 | Statistical interpretations for role of leader in handling of contrasting views of employees | 307 |
| 5.26 | Statistical interpretations for role of directions based on religion | 309 |
| 5.27 | Statistical interpretations for role of leader as a role model, translator, associate and mentor | 310 |
| 5.28 | Statistical interpretations for role of Shri Guru Granth Sahib as a sustainable source of motivation | 312 |
| 5.29 | Statistical interpretations for role of Sikhism as a source motivation to make good deeds | 313 |
| 5.30 | Statistical interpretations for effectiveness of spirituality based motivation | 315 |
| 5.31 | Statistical interpretations for role of spirituality based motivation to become an ideal man | 316 |
| 5.32 | Statistical interpretations for source of spirituality based motivation | 318 |
| 5.33 | Statistical interpretations for effectiveness of spirituality based motivation | 319 |
| 5.34 | Statistical interpretations for components of Trust | 321 |

| | | |
|---|---|---|
| 5.35 | Statistical interpretations for source of truthfulness, work accountability and dedication | 322 |
| 5.36 | Statistical interpretations for role of Sikh Philosophy, Sikh ethics and Sikh culture in managerial efficiency | 324 |
| 5.37 | Statistical interpretations for role teachings of Guru Granth Sahib in quality augmentation | 325 |
| 5.38 | Statistical interpretations for role strong human relations in an organization | 327 |
| 5.39 | Statistical interpretations for role of humanism of Sikh gurus in an organization | 328 |
| 5.40 | Statistical interpretations for effect of humanism of Sikh gurus on employees | 330 |
| 5.41 | Statistical interpretations for role of inter dependence on organizational working | 331 |
| 5.42 | Statistical interpretations for importance of ethics | 333 |
| 5.43 | Statistical interpretations for working on environmental issues | 334 |
| 5.44 | Statistical interpretations for working on product development | 336 |
| 5.45 | Table: Statistical interpretations for level of stakeholders involvements | 337 |
| 5.46 | Statistical interpretations for level of equality and its outcomes | 339 |
| 5.47 | Statistical interpretations for conduct in an organization | 340 |

| | | |
|---|---|---|
| 5.48 | Statistical interpretations for spending on social welfare | 342 |
| 5.49 | Statistical interpretations for role Prosperous life | 343 |
| 5.50 | Statistical interpretations for relation between responsibility and goodwill | 345 |
| 5.51 | Statistical interpretations for base for social responsibility of business | 346 |

# LIST OF FIGURES


| Figure No. | Description | Page No. |
|---|---|---|
| 1.1 | Integrative Framework of Management Perspective | 9 |
| 1.2 | Effects of religion on Business Ethics | 37 |
| 1.3 | Triangle of Good Governance | 39 |
| 2.1 | Process of interpretation | 106 |
| 6.1 | Ethics based managerial model | 360 |

# ਅਧਿਆਇ ਪਹਿਲਾ- ਜਾਣ-ਪਛਾਣ

## Introduction

ਵਪਾਰਿਕ ਨੈਤਿਕਤਾ ਮੌਜੂਦਾ ਵਿਸ਼ਵੀਕਰਨ ਦੇ ਸਮੇਂ ਵਪਾਰਿਕ ਕਾਰਜਕਰਣੀ ਨੂੰ ਪ੍ਰਭਾਵਿਤ ਕਰਨ ਵਾਲੇ ਵਭਿੰਨ ਪਹਿਲੂਆਂ ਤੇ ਨਿਰਭਰ ਕਰਦੀ ਹੈ। ਖੋਜ ਪ੍ਰਬੰਧ ਦੇ ਪਹਿਲੇ ਅਧਿਆਏ ਵਿਚ ਪ੍ਰਬੰਧ ਦੇ ਬੁਨਿਆਦੀ ਤੱਤਾਂ ਦੀ ਜਾਣ ਪਹਿਚਾਣ ਕਰਾਉਦਿਆਂ ਵਪਾਰਿਕ ਨੈਤਿਕਤਾ ਨੂੰ ਇਸ ਦੇ ਅੰਤਰਗਤ ਦੇਖਿਆ ਜਾਵੇਗਾ ਕਿ ਇੱਕ ਚੰਗੇ ਵਪਾਰਿਕ ਪ੍ਰਬੰਧ ਲਈ ਸਿੱਖ ਮੁੱਲ ਪ੍ਰਬੰਧਾਂ ਵਿੱਚ ਕਿਵੇਂ ਨਵੀਆਂ ਅੰਤਰ-ਦ੍ਰਿਸ਼ਟੀਆਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਪ੍ਰਬੰਧ ਦੀ ਪਿੱਠ-ਭੂਮੀ ਨੂੰ ਸਮਝਦੇ ਹੋਏ ਮੁੱਲ ਪ੍ਰਬੰਧਾਂ ਅਤੇ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਦੇ ਸਬੰਧਾਂ ਵਿਚਲੇ ਵਭਿੰਨ ਪਹਿਲੂਆਂ ਨੂੰ ਦੇਖਣਾ ਇਸ ਅਧਿਆਇ ਦਾ ਮੂਲ ਮਨੋਰਥ ਹੈ।

### 1.1 ਪ੍ਰਬੰਧ : ਅਰਥ ਅਤੇ ਪਰਿਭਾਸ਼ਾ (Management : Meaning and Definition)

ਪ੍ਰਬੰਧ ਕਰਨਾ ਜਾਂ ਥਾਪਣ ਦਾ ਯਤਨ ਕਰਨਾ ਮਨੁੱਖ ਦੀ ਉੱਤਪਤੀ ਜਿਨ੍ਹਾਂ ਹੀ ਪੁਰਾਣਾ ਹੈ ਪਰ ਇਸ ਦੀ ਪਹੁੰਚ ਸਰਵ-ਵਿਆਪਕ (Universal) ਹੈ। ਇਹ ਕੁਝ-ਕੁ ਵਪਾਰਿਕ ਸਮੂਹਾਂ ਤੱਕ ਹੀ ਸੀਮਿਤ ਨਹੀਂ ਸਗੋਂ ਇਹ ਹਰ ਤਰ੍ਹਾਂ ਦੀਆਂ ਕ੍ਰਿਆਵਾਂ ਵਿਚ ਸ਼ਾਮਿਲ ਹੁੰਦਾ ਹੈ। ਇਹ ਮਨੁੱਖੀ ਸਰੋਤਾਂ ਨੂੰ ਵਿਉਂਤਣ ਦਾ ਕੰਮ ਕਰਦਾ ਹੈ ਅਤੇ ਉਦੇਸ਼ਾਂ ਦੀ ਪੂਰਤੀ ਲਈ ਸਾਧਨ ਬਣਦਾ ਹੈ। ਪ੍ਰਬੰਧ ਦੀਆਂ ਅਨੇਕਾਂ ਹੀ ਸ਼ਾਖਾਵਾਂ (Branches) ਹਨ ਜੋ ਅਲੱਗ ਅਲੱਗ ਸਮੇਂ ਤੇ ਵੱਖੋ-ਵੱਖਰਾ ਰੋਲ ਅਦਾ ਕਰਦੀਆਂ ਹਨ। ਪ੍ਰਬੰਧ ਮਨੁੱਖ(Men), ਸਰੋਤਾਂ(Material), ਮਸ਼ੀਨਾਂ(Machines), ਪੈਸਾ(Money), ਅਤੇ ਢੰਗਾਂ(Methods) ਨੂੰ ਯੋਗ ਤਰੀਕੇ ਨਾਲ ਲਾਗੂ ਕਰਨ ਦਾ ਸਾਧਨ ਹੈ। ਇਸ ਵਿਚ ਸਿੱਧੇ ਅਤੇ ਅਸਿੱਧੇ ਦੋਵੇਂ ਤਰ੍ਹਾਂ ਦੇ ਕਾਰਜ ਸ਼ਾਮਿਲ ਹੁੰਦੇ ਹਨ। ਯੋਗ ਪ੍ਰਬੰਧਕੀ ਸਿਸਟਮ (System), ਵਿਚ ਪ੍ਰਬੰਧਕਾਂ ਨੂੰ ਯੋਗ ਵਾਤਾਵਰਣ ਬਣਾਉਣਾ ਹੁੰਦਾ ਹੈ

ਤਾਂ ਜੋ ਮਨੁੱਖੀ ਸਰੋਤਾਂ ਦੀ ਚੰਗੀ ਅਤੇ ਯੋਗ ਵਰਤੋਂ ਕੀਤੀ ਜਾ ਸਕੇ। ਮੈਨੇਜਰ ਨੂੰ ਕੰਮ ਦੇ ਸਥਾਨ ਤੇ ਅਜਿਹਾ ਵਾਤਾਵਰਣ ਦੇਣਾ ਚਾਹੀਦਾ ਹੈ ਤਾਂ ਕਿ ਕਰਮਚਾਰੀ ਦਿਮਾਗੀ ਪਰੇਸ਼ਾਨੀ ਤੋਂ ਬਿਨਾਂ ਆਪਣੇ ਹੁਨਰ ਨੂੰ ਸਹਿਜੇ ਹੀ ਪੇਸ਼ ਕਰ ਸਕਣ।

ਪ੍ਰਸਿੱਧ ਪ੍ਰਬੰਧ ਵਿਗਿਆਨੀ **ਕੂਟਜ ਅਤੇ ਵੈਰਿਚ** ਦੇ ਕਥਨ ਅਨੁਸਾਰ –

> ਪ੍ਰਬੰਧ ਸੰਸਥਾ ਦੇ ਵਾਤਾਵਰਣ ਨੂੰ ਤਿਆਰ ਕਰਨ ਦਾ ਅਜਿਹਾ ਪ੍ਰੋਸੈਸ ਹੈ, ਜਿਸ ਵਿਚ ਟੀਮ ਭਾਵਨਾ ਨੂੰ ਉਤੇਜਿਤ ਕੀਤਾ ਜਾ ਸਕੇ ਅਤੇ ਨਿਰਧਾਰਿਤ ਟੀਚਿਆਂ ਦੀ ਯੋਗ ਸਮੇਂ ਪੂਰਤੀ ਹੋ ਸਕੇ।[1]

ਪ੍ਰਬੰਧ, ਕਰਮਚਾਰੀਆਂ ਦੇ ਕੰਮ ਨੂੰ ਜਾਣਨ ਦੀ ਅਜਿਹੀ ਕਲਾ ਹੈ ਜਿਸ ਰਾਹੀਂ ਵਪਾਰਕ ਗਤੀਵਿਧੀਆਂ ਨੂੰ ਯੋਗ ਅਤੇ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਪ੍ਰਬੰਧਕੀ ਅਧਿਐਨ ਦੇ ਮਹਾਨ ਚਿੰਤਕ ਭੱਟਾ ਥਿਰੀ ਦੇ ਅਨੁਸਾਰ–

> ਪ੍ਰਬੰਧ ਕਰਮਚਾਰੀਆਂ ਦੇ ਸਬੰਧਾਂ ਵਿਚ ਸੁਹਿਰਦਤਾ ਕਾਇਮ ਕਰਦਾ ਹੈ ਅਤੇ ਉਹਨਾਂ ਦੇ ਗੁਣਾਂ ਦੇ ਖਜਾਨੇ ਨੂੰ ਸਾਹਮਣੇ ਲੈ ਆਉਂਦਾ ਹੈ।[2]

ਅਜੋਕੇ ਸਮੇਂ ਵਿਚ ਪ੍ਰਬੰਧ ਦਾ ਅਰਥ ਕੇਵਲ ਉਦੇਸ਼ਾਂ ਦੀ ਪੂਰਤੀ ਕਰਨਾ ਹੀ ਨਹੀਂ ਸਗੋਂ ਇਸ ਤੋਂ ਵੀ ਵੱਧ ਕੇ ਹੈ। ਪ੍ਰਬੰਧਕਾਂ ਨੂੰ ਨਤੀਜਿਆਂ ਤੋਂ ਵੀ ਅੱਗੇ ਸੋਚਣਾ ਪੈਂਦਾ ਹੈ। ਪ੍ਰਬੰਧਕ ਨੂੰ ਚੰਗੇ ਨਤੀਜਿਆਂ ਦੀ ਨਿਰੰਤਰ ਪ੍ਰਾਪਤੀ ਲਈ ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨਾ ਪੈਂਦਾ ਹੈ। ਜਿੱਥੇ ਇੱਕ ਪਾਸੇ ਕਰਮਚਾਰੀਆਂ ਨੇ ਮਿੱਥੇ ਉਦੇਸ਼ਾਂ ਦੀ ਪ੍ਰਾਪਤੀ ਲਈ ਨਿਰੰਤਰ ਸਹਿਯੋਗ ਦੇਣਾ ਹੁੰਦਾ ਹੈ, ਉਥੇ ਨਾਲ ਹੀ ਪ੍ਰਬੰਧਕਾਂ ਨੇ ਉਹਨਾਂ ਦੀਆਂ ਅੰਦਰੂਨੀ ਅਤੇ ਬਾਹਰੀ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਵੀ ਕਰਨਾ ਹੁੰਦਾ ਹੈ।

'ਪ੍ਰਬੰਧ' ਜਾਂ 'ਆਯੋਜਨ' ਜੀਵਨ ਦੇ ਹਰ ਇੱਕ ਖੇਤਰ ਵਿਚ ਅਹਿਮ ਰੋਲ ਅਦਾ ਕਰਦਾ ਹੈ। ਜੇਕਰ ਸੰਸਾਰਿਕ ਜੀਵਨ ਦੀ ਜਾਂ ਫਿਰ ਅਧਿਆਤਮਿਕ ਖੇਤਰ ਦੀ ਗੱਲ ਕੀਤੀ ਜਾਵੇ ਤਾਂ

ਪ੍ਰਬੰਧ ਦੀ ਮਹੱਤਤਾ ਨੂੰ ਉੱਥੇ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਇਹ ਦੇਖਿਆ ਗਿਆ ਹੈ ਕਿ ਮਨੁੱਖ ਦੇ ਜੀਵਨ ਵਿੱਚ ਧਰਮ ਅਹਿਮ ਸਥਾਨ ਰੱਖਦਾ ਹੈ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਦਾ ਸਮੁੱਚਾ ਜੀਵਨ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਹੁੰਦਾ ਹੈ। ਬਾਣੀ ਦੇ ਰਚਣਹਾਰਿਆਂ ਨੇ ਮਨੁੱਖ ਨੂੰ ਜੀਵਨ ਜਿਊਣ ਤੇ ਉਸ ਨਾਲ ਸਬੰਧਿਤ ਹਰ ਖੇਤਰ ਦਾ ਸੁਚੱਜਾ ਪ੍ਰਬੰਧ ਤਿਆਰ ਕਰਨ ਦੀਆਂ ਵਿਧੀਆਂ ਤੋਂ ਜਾਣੂ ਕਰਵਾਇਆ ਹੈ। ਜਿੱਥੇ ਧਰਮ ਮਨੁੱਖ ਨਾਲ ਜੁੜੀ ਵਿਸ਼ਵ ਵਿਆਪੀ ਸ਼ਕਤੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਉਥੇ ਨਾਲ ਹੀ ਇਹ ਮਨੁੱਖ ਦੀ ਜੀਵਨ ਸ਼ੈਲੀ ਨੂੰ ਵੀ ਸੁਖਾਲਾ ਬਣਾਉਣ ਦਾ ਯਤਨ ਕਰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਆਪਣੇ  ਦਿਮਾਗੀ ਦੇ ਸੁਚੱਜੇ ਪ੍ਰਬੰਧ ਕਰਨ ਲਈ ਪ੍ਰੇਰਦੇ ਹਨ ਕਿ ਮਨੁੱਖ ਚੰਗੇ ਕਰਮ ਕਰਨ ਲਈ ਇਸ ਧਰਤੀ ਤੇ ਆਇਆ ਹੈ ਪਰ ਉਹ ਵਿਅਰਥ ਕਰਮਾਂ ਰਾਹੀਂ ਆਪਣੇ ਜੀਵਨ ਨੂੰ ਵਿਅਰਥ ਗਵਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਸੁਚੱਜੇ ਜੀਵਨ ਪ੍ਰਬੰਧ ਦੇ ਸਬੰਧ ਵਿਚ ਲਿਖਦੇ ਹਨ ਕਿ –

ਪ੍ਰਾਣੀ ਤੂੰ ਆਇਆ ਲਾਹਾ ਲੈਣਿ।।

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।।[3]

ਬਾਣੀ ਦੇ ਰਚਣਹਾਰਿਆਂ ਨੇ ਮਨੁੱਖ ਦੇ ਅਧਿਆਤਮਿਕ ਜੀਵਨ ਵਿਚ ਸੁਚੱਜੇ ਪ੍ਰਬੰਧ ਦੀ ਗੱਲ ਕੀਤੀ ਹੈ। ਜੇਕਰ ਇਹ ਕਿਹਾ ਜਾਵੇ ਕਿ ਸੰਸਾਰਿਕ ਜੀਵਨ ਅਤੇ ਅਧਿਆਤਿਮਕ ਜੀਵਨ ਆਪਸ ਵਿਚ ਗੂੜਾ ਸਬੰਧ ਰੱਖਦੇ ਹਨ ਤਾਂ ਇਸ ਵਿਚ ਕੋਈ ਵੀ ਅਤਿਕਥਨੀ ਨਹੀਂ ਹੋਵੇਗੀ। ਪ੍ਰਬੰਧ ਨੂੰ ਅਸੀਂ ਜਾਣੇ ਜਾਂ ਅਣਜਾਣੇ ਤੌਰ ਤੇ ਜੀਵਨ ਦੇ ਕਿਸੇ ਨਾ ਕਿਸੇ ਤਰੀਕੇ ਰਾਹੀਂ ਲਾਗੂ ਕਰ ਰਹੇ ਹੁੰਦੇ ਹਾਂ। ਘਰ ਦੇ ਛੋਟੇ ਤੋਂ ਛੋਟੇ ਕੰਮਾਂ ਤੋਂ ਲੈ ਕੇ ਵਪਾਰ, ਰੁਜਗਾਰ ਦੀਆਂ ਥਾਂਵਾਂ ਤੱਕ ਪ੍ਰਬੰਧ ਦਾ ਅਹਿਮ ਸਥਾਨ ਹੁੰਦਾ ਹੈ।

ਕੋਈ ਵੀ ਵਿਅਕਤੀ ਕਿਸੇ ਕੰਮ ਨੂੰ ਉਦੋਂ ਤੱਕ ਸਫ਼ਲਤਾ ਪੂਰਵਕ ਨਹੀਂ ਕਰ ਸਕਦਾ ਜਦੋਂ ਤੱਕ ਉਸਦੇ ਦਿਮਾਗ ਵਿਚ ਸ਼ਾਂਤੀ, ਸਥਿਰਤਾ ਅਤੇ ਇਕਾਗਰਤਾ ਨਾ ਹੋਵੇ। ਬਾਹਰੀ ਤਾਕਤਾਂ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਮਨੁੱਖ ਨੂੰ ਪ੍ਰਭਾਵਿਤ ਕਰਦੀਆਂ ਹਨ, ਦਾ ਪ੍ਰਬੰਧਨ ਅਤਿ ਜ਼ਜ਼ਰੂਰੀ ਹੁੰਦਾ ਹੈ। ਸਾਡਾ ਇਹ ਖੋਜ ਕਾਰਜ ਕੇਵਲ ਵਪਾਰਿਕ ਪ੍ਰਬੰਧਨ ਤੱਕ ਹੀ ਸੀਮਿਤ ਨਹੀਂ ਸਗੋਂ ਵਪਾਰਿਕ ਕਦਰਾਂ-ਕੀਮਤਾਂ ਅਤੇ ਨੈਤਿਕ ਸਮੱਸਿਆਵਾਂ ਦੇ ਨਾਲ-ਨਾਲ ਮਨੁੱਖੀ ਜੀਵਨ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਯਤਨ ਵੀ ਹੈ। ਮਹਾਂਭਾਰਤ ਦੇ ਇੱਕ ਕਥਨ *ਧਾਰਨ ਧਰਮ ਇਤਿਹਾਹੂ*[4] ਦਾ ਅਰਥ ਵੀ ਇਹੀ ਹੈ ਕਿ ਮਨੁੱਖ ਦੀ ਸਦਾਚਾਰਕ ਅਤੇ ਨੈਤਿਕ ਕਾਰਜ ਵਿਧੀ ਹੀ ਧਰਮ ਹੈ।

ਪ੍ਰਸਿੱਧ ਪ੍ਰਬੰਧ ਅਚਾਰੀਆ ਮੈਥਿਉ ਅਰਨਾਲਡ ਅਨੁਸਾਰ ਧਰਮ ਭਾਵਨਾਵਾਂ ਭਰਪੂਰ ਨੈਤਿਕਤਾ ਹੈ।[5] ਅਸਲ ਵਿਚ ਧਰਮ ਨੂੰ ਨੈਤਿਕਤਾ ਰਾਹੀਂ ਅਤੇ ਨੈਤਿਕਤਾ ਨੂੰ ਧਰਮ ਰਾਹੀਂ ਸਪੱਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਸ ਖੋਜ ਕਾਰਜ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੂਲ ਸਰੋਤ ਅਤੇ ਗੁਰਬਾਣੀ ਦੇ ਰਚਣਹਾਰਿਆਂ ਅਤੇ ਮਹਾਨ ਸਿੱਖ ਸਖਸ਼ੀਅਤਾਂ ਨੂੰ ਮੂਲ ਅਧਾਰ ਬਣਾਇਆ ਗਿਆ ਹੈ।

ਜੇਕਰ ਪ੍ਰਬੰਧਕ ਕਿਸੇ ਕੰਮ ਨੂੰ ਕਰਨ ਦਾ ਗਲਤ ਤਰੀਕਾ ਅਪਣਾਉਂਦਾ ਹੈ ਜਾਂ ਗਲਤ ਕੰਮ ਕਰਦਾ ਹੈ ਤਾਂ ਉਸਦੇ ਮਾੜੇ ਨਤੀਜੇ ਅਉਣੇ ਕੁਦਰਤੀ ਹਨ। ਇਸ ਲਈ ਪ੍ਰਬੰਧਕ ਦਾ ਕਾਰਜ ਜੋ ਦਿਮਾਗੀ ਪੱਧਰ ਤੇ ਅਰੰਭ ਹੁੰਦਾ ਹੈ, ਵਿਚੋਂ ਸਥਿਰਤਾ ਲੱਭਣੀ ਬਹੁਤ ਜ਼ਰੂਰੀ ਹੈ, ਜਿਸ ਨੂੰ Spiritual Development ਵੀ ਕਿਹਾ ਜਾਂਦਾ ਹੈ ਅਤੇ ਆਤਮਿਕ ਵਿਕਾਸ ਦਾ ਅਧਾਰ ਮਨੁੱਖੀ ਕਦਰਾਂ ਕੀਮਤਾਂ ਤੋਂ ਹੀ ਹੁੰਦਾ ਹੈ। ਕੋਈ ਵੀ ਵਪਾਰਿਕ ਅਦਾਰਾ ਕੇਵਲ ਮੁਨਾਫ਼ਾ ਨੂੰ ਹੀ ਮੁੱਖ ਉਦੇਸ਼ ਬਣਾ ਕੇ ਸਰਵਪੱਖੀ ਵਿਕਾਸ ਨਹੀਂ ਕਰ ਸਕਦਾ। ਉਸ ਨੂੰ ਪ੍ਰਬੰਧਕੀ ਢਾਂਚੇ ਵਿਚ Efficiency and Effectiveness ਲਿਆਉਣ ਲਈ ਪ੍ਰਬੰਧਕੀ ਢਾਂਚੇ ਵਿਚ ਨੈਤਿਕ ਕਦਰਾਂ ਕੀਮਤਾਂ ਨੂੰ ਸ਼ਾਮਿਲ ਕਰਨਾ ਪਵੇਗਾ।

ਜੇਕਰ ਕੀਮਤਾਂ (values) ਅਤੇ ਹੁਨਰ (skills) ਦੀ ਗੱਲ ਕੀਤੀ ਜਾਵੇ ਤਾਂ ਕੀਮਤਾਂ Subjective ਹੁੰਦੀਆਂ ਹਨ ਅਤੇ ਹੁਨਰ Objective ਪਰ ਇੱਕ ਵਿਅਕਤੀ ਦੇ ਅੰਦਰੂਨੀ ਅਤੇ ਬਾਹਰੀ ਵਿਕਾਸ ਲਈ ਦੋਵੇਂ ਹੀ ਮਹੱਤਵਪੂਰਨ ਹਨ। ਜੇਕਰ ਪ੍ਰਬੰਧ ਨੂੰ ਸਮੁੱਚ ਦੇ ਤੌਰ ਤੇ ਲਿਆ ਜਾਵੇ ਤਾਂ ਗੁਣਵੱਤਾ ਦੇ ਨਾਲ ਨਾਲ ਮਾਤਰਾ ਵੀ ਅਹਿਮ ਰੋਲ ਅਦਾ ਕਰਦੀ ਹੈ। ਗੁਣਵੱਤਾ ਕੇਵਲ ਸਿਸਟਮ ਦੇ ਨਾਲ ਸਬੰਧਿਤ ਨਹੀਂ ਸਗੋਂ ਵਿਅਕਤੀ ਦੇ ਖਿਆਲਾਂ ਅੰਦਰੂਨੀ ਠਹਿਰਾਉ ਅਤੇ ਉਸ ਦੇ ਵਿਵੇਕ ਨਾਲ ਵੀ ਸਬੰਧਿਤ ਹੁੰਦੀ ਹੈ ਜਿਵੇਂ ਕਿ ਜਪਾਨ ਦੀ ਵਿਕਾਸਿਤ ਧਾਰਣਾ Total Quality Management (TQM) ਹੈ ਜਿਸ ਵਿਚ ਦਿਮਾਗ ਦੀ ਸ਼ੁੱਧਤਾ, ਇਕਾਗਰਤਾ ਅਤੇ ਬੁੱਧੀ ਨਾਲ ਸਬੰਧਿਤ ਪ੍ਰਬੰਧਕੀ ਕੰਮਾਂ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ।

### 1.1.1 ਪ੍ਰਬੰਧਕੀ ਦ੍ਰਿਸ਼ਟੀਕੋਣ (Managerial Perspective)

ਪ੍ਰਬੰਧ ਦੇ ਅਰਥ ਅਤੇ ਪਰਿਭਾਸ਼ਾ ਰਾਹੀਂ ਸਪੱਸ਼ਟ ਹੈ ਕਿ ਪ੍ਰਬੰਧ ਦੀ ਵਿਵਹਾਰਿਕਤਾ ਅਤੇ ਵਿਸ਼ਾਲਤਾ ਦੇ ਕਾਰਨ ਮਨੁੱਖ ਹਰ ਸਮੇਂ ਕਿਸੇ ਨਾ ਕਿਸੇ ਪ੍ਰਬੰਧਕੀ ਕਾਰਜ ਵਿਚ ਸ਼ਾਮਿਲ ਹੁੰਦਾ ਹੈ। ਜੇਕਰ ਪੁਰਾਣੇ ਸਮਿਆਂ ਦੀ ਗੱਲ ਕੀਤੀ ਜਾਵੇ ਤਾਂ ਵੈਦਿਕ ਕਾਲ ਜਾਂ ਫਿਰ ਸਿੰਧੂ ਘਾਟੀ ਦੀ ਸੱਭਿਅਤਾ ਵਿਚ ਉੱਚ ਕੋਟੀ ਦੇ ਪ੍ਰਬੰਧ ਦੀਆਂ ਉਦਾਹਰਣਾਂ ਦੇਖਣ ਨੂੰ ਮਿਲੀਆਂ ਹਨ। ਉਦਾਹਰਣ ਵਜੋਂ ਸਿੰਧੂ ਘਾਟੀ ਸੱਭਿਅਤਾ ਵਿਚ ਸ਼ਹਿਰਾਂ ਦਾ ਨਿਰਮਾਣ, ਲੇਖੇ ਜੋਖੇ, ਨਾਪ- ਤੋਲ ਦੀਆਂ ਇਕਾਈਆਂ ਅਤੇ ਦੇਸੀ-ਵਿਦੇਸ਼ੀ ਵਪਾਰ ਦਾ ਉੱਚ ਕੋਟੀ ਦਾ ਪ੍ਰਬੰਧ ਪ੍ਰਮੁੱਖ ਹੈ। ਮਨੁੱਖੀ ਵਿਵਹਾਰ ਨੂੰ ਵਿਸਤ੍ਰਿਤ ਰੂਪ ਵਿਚ ਸਮਝਣ ਲਈ ਸੰਖਿਆ ਥਿਊਰੀ ਅਤੇ ਸ਼ੂਨਯ ਥਿਊਰੀ ਵਿਚੋਂ ਅਨੇਕਾਂ ਹੀ ਅਜਿਹੇ ਤੱਤ ਦਰਸਾਏ ਗਏ ਹਨ ਜਿਸ ਨਾਲ ਪਤਾ ਲਗਦਾ ਹੈ ਕਿ ਅਨੈਤਿਕਤਾ ਮਨੁੱਖੀ ਵਿਵਹਾਰ ਵਿਚ ਕਿਵੇਂ ਸ਼ਾਮਿਲ ਹੁੰਦੀ ਹੈ ਅਤੇ ਇਸ ਦੇ ਕਾਰਨਾਂ ਦੀ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ।

ਕਿਸੇ ਵੀ ਵਪਾਰਿਕ ਸੰਸਥਾ ਦਾ ਵਿਕਾਸ ਤਦ ਹੀ ਸੰਪੂਰਨ ਕਿਹਾ ਜਾ ਸਕਦਾ ਹੈ ਜਦੋਂ ਤੱਕ ਸੰਸਥਾ ਵਿਚ ਕੰਮ ਕਰਦੇ ਹੇਠਲੇ ਪੱਧਰ ਤੋਂ ਲੈ ਕੇ ਉਪਰਲੇ ਪੱਧਰ ਤੱਕ ਕਰਮਚਾਰੀਆਂ ਦੇ ਅਧਿਕਾਰਾਂ ਦਾ ਸੁਰੱਖਿਅਣ ਕੀਤਾ ਜਾ ਸਕੇ। ਕੇਵਲ ਪਦਾਰਥਵਾਦੀ ਵਿਕਾਸ ਨੂੰ ਵਿਕਾਸ ਨਹੀਂ ਕਿਹਾ ਜਾ ਸਕਦਾ। ਇਸ ਦੇ ਨਾਲ ਨਾਲ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਵੀ ਅਤਿ ਜ਼ਰੂਰੀ ਹੈ ਪਰ ਅਜੋਕੇ ਸਮੇਂ ਵਿਚ ਵਪਾਰਿਕ ਕਿਰਿਆਵਾਂ ਵਿਚ ਅਨੇਕਾਂ ਹੀ ਅਨੈਤਿਕ ਕਿਰਿਆਵਾਂ ਸ਼ਾਮਿਲ ਹੋ ਗਈਆਂ ਹਨ। ਰਿਸ਼ਵਤ ਖੋਰੀ, ਮਾੜੀ ਗੁਣਵੱਤਾ, ਅਤੇ ਝੂਠ ਤੇ ਅਧਾਰਿਤ ਨੀਤੀਆਂ ਅੱਜ ਦੇ ਵਪਾਰ ਵਿਚ ਆਮ ਹੀ ਹੋ ਗਈਆਂ ਹਨ। ਅੱਜ ਦੇ ਸਮੇਂ ਸੰਲਤਾ ਦੀ ਪਰਿਭਾਸ਼ਾ ਵੀ ਬਦਲੀ ਹੋਈ ਪ੍ਰਤੀਤ ਹੁੰਦੀ ਹੈ। ਸੰਲਤਾ ਜਿਸ ਵਿੱਚ ਵਿਸ਼ਾਲ ਦ੍ਰਿਸ਼ਟੀ ਦੀ ਜਰੂਰਤ ਹੁੰਦੀ ਹੈ ਜਿਸ ਵਿਚ ਅਧਿਆਤਮਿਕ, ਦਿਮਾਗੀ ਭਾਵਨਾਤਮਕ ਅਤੇ ਸਰੀਰਿਕ ਵਿਕਾਸ ਦੀ ਅਹਿਮ ਜ਼ਰੂਰਤ ਹੁੰਦੀ ਹੈ ਪਰ ਅਜੋਕੇ ਸਮੇਂ ਵਿਚ ਵਪਾਰਕ ਸਮੂਹਾਂ ਦਾ ਪਦਾਰਥਵਾਦੀ ਵਿਕਾਸ, ਮਾਇਕ ਸਹੂਲਤਾਂ ਜਿਵੇਂ ਕਿ ਬੋਨਸ, ਰੁਜਗਾਰ ਭੁੱਤਾ ਆਦਿ ਤਾਂ ਅਹਿਮ ਹੁੰਦਾ ਹੈ ਪਰ ਮਨੁੱਖੀ ਖੁਸ਼ਹਾਲੀ ਸ਼ਾਮਿਲ ਨਹੀਂ ਹੁੰਦੀ।

ਪ੍ਰਬੰਧਕੀ ਵਿਗਿਆਨ ਦੇ ਮਹਾਨ ਚਿੰਤਕ ਪੀਟਰ ਐਫ ਡਰੱਕਰ ਅਨੁਸਾਰ–

> Good Managers are known for doing right things than doing things right.[6]

ਪੀਟਰ ਐਫ ਡਰੱਕਰ ਦੇ ਉਪਰੋਕਤ ਕਥਨ ਵਿਚ ਪ੍ਰਬੰਧ ਦੇ ਦੋ ਮਹੱਤਵਪੂਰਨ ਸਿਧਾਂਤ effectiveness ਅਤੇ efficiency ਸਮੱਗਰ ਰੂਪ ਵਿਚ ਸਾਹਮਣੇ ਆਉਂਦੇ ਹਨ। Effectiveness ਦਾ ਅਰਥ ਹੈ ਕਿ ਕਿਸੇ ਠੀਕ ਕੰਮ ਨੂੰ ਕਰਨ ਦੀ ਸਮਰੱਥਾ ਰੱਖਣਾ ਅਤੇ Efficiency ਦਾ ਅਰਥ ਕਿਸੇ ਕੰਮ ਨੂੰ ਕਰਨ ਦੇ ਠੀਕ ਤਰੀਕੇ ਨਾਲ ਹੈ। ਭਰੋਸੇਯੋਗਤਾ ਦੇ ਸਬੰਧ ਵਿਚ ਪੀਟਰ ਐਫ ਡਰੱਕਰ ਲਿਖਦੇ ਹਨ ਕਿ–

> ਕਿਸੇ ਕਾਰਜ ਦੀ ਭਰੋਸੇਯੋਗਤਾ effectiveness ਅਤੇ efficiency ਦੀ ਅਣਹੋਂਦ ਤੋਂ ਬਿਨ੍ਹਾਂ ਸੰਭਵ ਨਹੀਂ ਹੈ।[7]

ਡਾ. ਐੱਮ. ਐੱਲ. ਜੋਸ਼ੀ ਅਤੇ ਡਾ. ਜੋਧ ਸਿੰਘ ਦੁਆਰਾ ਸੰਪਾਦਿਤ ਪੁਸਤਕ ਹਿੰਦੂ ਧਰਮ: ਵਿਸ਼ਵ ਧਰਮ ਸੰਗ੍ਰਹਿ ਵਿੱਚ ਅੰਕਿਤ ਟਿੱਪਣੀ ਮਨੁੱਖੀ ਅਚਾਰ ਅਤੇ ਵਿਵਹਾਰ ਦੇ ਸਬੰਧ ਵਿਚ ਸਾਰਥਕ ਪ੍ਰਤੀਤ ਹੁੰਦੀ ਹੈ-

> ਜੇ ਧਰਮ ਦਾ ਮਤਲਬ ਨਿਸ਼ਠਾ ਜਾਂ ਅਕੀਦਾ ਹੈ ਤਾਂ ਸਾਨੂੰ ਇਹ ਮੰਨਣਾ ਹੀ ਪਵੇਗਾ ਕਿ ਮਨੁੱਖੀ ਜੀਵਨ ਦੀ ਮੁੱਖ ਲੋੜ ਹੀ ਆਸ ਤੇ ਅਕੀਦਾ ਹੈ। ਧਰਮਗੱਤਾ ਦਾ ਮੁੱਖ ਅਧਾਰ ਹੀ ਨਿਸ਼ਚਾ ਹੈ ਤੇ ਨਿਸਚਾ ਉਹ ਗੁਣ ਹੈ ਜਿਹੜਾ ਮਨੁੱਖੀ ਜੀਵਨ ਨੂੰ ਠੀਕ ਦਿਸਾ ਦਿੰਦਾ ਹੈ। ਨਿਸ਼ਠਾ ਮਨੁੱਖੀ ਅਚਾਰ ਤੇ ਵਿਹਾਰ ਦਾ ਧੁਰਾ ਬਣਦਾ ਹੈ। ਨਿਸ਼ਠਾ ਹੀ ਮਨੁੱਖ ਦੀਆਂ ਆਸਾਂ, ਉਮੀਦਾਂ, ਵਿਚਾਰਾਂ, ਅਸੂਲਾਂ ਤੇ ਕਰਮਾਂ ਨੂੰ ਪ੍ਰੇਰਦਾ ਹੈ। ਜੀਵਨ ਦੇ ਸਮਾਜਿਕ, ਆਰਥਿਕ, ਸਿਆਸੀ ਤੇ ਕਲਾਤਮਿਕ ਪੱਖ ਸਾਰੇ ਹੀ ਧਾਰਮਿਕ ਨਿਸ਼ਚੇ ਤੋਂ ਪ੍ਰਭਾਵਿਤ ਹੁੰਦੇ ਹਨ।[8]

ਜੇਕਰ ਦ੍ਰਿਸ਼ਟੀਕੋਣ ਸ਼ਬਦ ਨੂੰ ਗਹੁ ਨਾਲ ਵਿਚਾਰਿਆ ਜਾਵੇ ਤਾਂ ਇਸ ਦੀ ਉਤਪਤੀ ਲੈਟਿਨ ਸ਼ਬਦ perspire ਤੋਂ ਹੋਈ ਹੈ ਜਿਸ ਦਾ ਅਰਥ ਹੈ ਦਬਾਅ ਦਾ ਤਰੀਕਾ ਭਾਵ ਕਿ ਇਹ ਵੱਖ-ਵੱਖ ਸੰਕਲਪਾਂ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਘੋਖਣ ਦੀ ਵਿਧੀ ਹੈ।

ਆਕਸਫੋਰਡ ਡਿਕਸ਼ਨਰੀ ਅਨੁਸਾਰ-

> ਦ੍ਰਿਸ਼ਟੀਕੋਣ ਤੋਂ ਭਾਵ ਇੱਕ ਅਜਿਹੀ ਕਾਰਜਸ਼ੈਲੀ ਹੈ, ਜਿਸ ਰਾਹੀਂ ਸੱਤਹੀ ਪੱਧਰ ਤੇ ਜਾ ਕੇ ਵਸਤੂਆਂ ਨੂੰ ਸਮਝਣ ਦੀ ਸਹਾਇਤਾ ਮਿਲਦੀ ਹੈ।[9]

ਪ੍ਰਬੰਧ ਨੇ ਵੀ ਅਨੇਕਾਂ ਹੀ ਦ੍ਰਿਸ਼ਟੀਕੋਣਾਂ ਨੂੰ ਅਪਣਾਇਆ ਅਤੇ ਛੱਡਿਆ ਹੈ ਪਰ 21ਵੀਂ ਸਦੀ ਵਿਚ ਵਿਸ਼ਵੀਕਰਣ ਦੀ ਦੌੜ ਨੇ ਪ੍ਰਬੰਧ ਦੀ ਪਰਿਭਾਸ਼ਾ, ਕਾਰਜਸ਼ੈਲੀ ਅਤੇ ਜਿੰਮੇਵਾਰੀਆਂ ਵਿਚ ਵੀ ਅਹਿਮ ਬਦਲਾਅ ਲਿਆਂਦੇ ਹਨ।

ਪ੍ਰਬੰਧਕੀ ਦ੍ਰਿਸ਼ਟੀਕੋਣ ਦਾ ਅਰਥ ਅਜਿਹੀ ਪ੍ਰਕਿਰਿਆ ਤੋਂ ਹੈ ਜਿਸ ਵਿਚ ਸਿਧਾਂਤ, ਹੁਨਰ, ਚੁਣੌਤੀਆਂ ਅਤੇ ਹੋਰ ਅਨੇਕਾਂ ਹੀ ਕਾਰਕ ਸ਼ਾਮਿਲ ਹੁੰਦੇ ਹਨ ਜੋ ਮੈਨੇਜਰ ਨੂੰ ਇਸ ਪ੍ਰਤੀ ਇਸ ਦੀਆਂ ਘਟਨਾਵਾਂ ਵਿਚ ਦੇਖਣ ਨੂੰ ਮਿਲਦੇ ਹਨ। ਇਸ ਦ੍ਰਿਸ਼ਟੀਕੋਣ ਵਿਚ ਉਹ ਸਾਰੀਆਂ ਤਕਨੀਕਾਂ, ਥਿਊਰੀ ਦੇ ਸੰਕਲਪ ਅਤੇ ਨਵੇਂ ਫੁਰਨਿਆਂ ਦੇ ਸਮੂਹ ਸ਼ਾਮਿਲ ਹੁੰਦੇ ਹਨ ਜੋ ਸੰਗਠਨ ਦੇ ਅਨੇਕਾਂ ਕਾਰਜਾਂ ਜਿਵੇਂ ਕਿ ਯੋਜਨਾਵਾਂ, ਨਿਰਣਾ ਸ਼ਕਤੀ, ਅਗਵਾਈ, ਪ੍ਰੋਤਸਾਹਨ, ਸੰਚਾਰ, ਮਨੁੱਖੀ ਸਰੋਤਾਂ ਦਾ ਪ੍ਰਬੰਧਨ, ਵਪਾਰ ਦੀ ਸਮਾਜ ਪ੍ਰਤੀ ਜਿੰਮੇਵਾਰੀ(Corporate Social Responsibility), ਬਦਲਾਵ ਪ੍ਰਬੰਧਨ ਅਤੇ ਹੁਨਰ ਦੇ ਪ੍ਰਬੰਧਨ ਰਾਹੀਂ ਦ੍ਰਿਸ਼ਟਮਾਨ ਹੁੰਦੇ ਹਨ। ਇਹ ਸੰਕਲਪ ਸੰਗਠਨ ਦੀ ਕਾਰਜਸ਼ੈਲੀ ਵਿਚ ਆਧਾਰਭੂਤ ਬਦਲਾਅ ਦਾ ਕਾਰਨ ਬਣਦੇ ਹਨ।

ਮੌਜੂਦਾ ਸਮੇਂ ਇਹ ਘੋਸ਼ਿਤ ਹੋ ਚੁੱਕਾ ਹੈ ਕਿ ਪ੍ਰਬੰਧ ਦਾ ਕੰਮ ਖਲਾਅ ਵਿਚ ਨਹੀਂ ਹੁੰਦਾ ਇਹ ਇੱਕ ਨਿਰੰਤਰ ਗਤੀਸ਼ੀਲ ਕਾਰਜ ਹੈ ਜੋ ਕਿ ਵਪਾਰਕ ਸਮੂਹ ਦੇ ਸਾਰੇ ਵਾਤਾਵਰਣ ਨੂੰ ਪ੍ਰਭਾਵਿਤ ਕਰਦਾ ਹੈ। ਸਮੇਂ ਸਮੇਂ ਤੇ ਪ੍ਰਬੰਧ ਦੇ ਦ੍ਰਿਸ਼ਟੀਕੋਣ ਨੇ ਨਵੇਂ ਪਰਿਪੇਖ ਸ਼ਾਮਿਲ ਕੀਤੇ ਹਨ। ਇਥੇ ਅਸੀਂ ਹੇਠਾ ਦਿੱਤੇ ਫਰੇਮਵਰਕ ਰਾਂਹੀ ਪ੍ਰਬੰਧਕੀ ਪਰਿਪੇਖ ਨੂੰ ਸਹਿਜੇ ਹੀ ਸਮਝ ਸਕਦੇ ਹਾਂ-

Integrative Framework of Management Perspective




ਉਪਰੋਕਤ ਮਾਡਲ ਏਕੀਕ੍ਰਿਤ ਪ੍ਰਬੰਧਕੀ ਸਿਸਟਮ ਦੀ ਪ੍ਰੋੜਤਾ ਕਰਦਾ ਹੈ ਜਿਸ ਵਿੱਚ ਉਪਭੋਗਤਾ ਦੀਆਂ ਜ਼ਰੂਰਤਾਂ ਨੂੰ ਵਪਾਰਿਕ ਉਦੇਸ਼ਾਂ ਅਤੇ ਨੀਤੀਆਂ ਦੇ ਯੋਗ ਮਿਸ਼ਰਣ ਰਾਂਹੀ ਸੂਚਨਾ ਤਕਨੀਕੀ ਸਾਧਨਾਂ ਦੀ ਵਰਤੋਂ ਨਾਲ ਪੂਰਾ ਕੀਤਾ ਜਾਂਦਾ ਹੈ।

### 1.1.2 ਪ੍ਰਬੰਧਕੀ ਦ੍ਰਿਸ਼ਟੀਕੋਣ ਦਾ ਇਤਿਹਾਸ (History of Managerial Perspective)

ਪ੍ਰਬੰਧ ਆਦਿ ਕਾਲ ਤੋਂ ਹੀ ਮਨੁੱਖ ਦੇ ਸੁਭਾਅ ਦਾ ਅਹਿਮ ਅੰਗ ਹੈ। ਇਹ ਇੱਕ ਆਮ ਮਨੁੱਖ ਤੋਂ ਲੈ ਕੇ ਰਾਜੇ ਮਹਾਰਾਜਿਆਂ ਦੇ ਰੋਜਾਨਾ ਜੀਵਨ ਵਿਚ ਅਤਿ ਮਹੱਤਵਪੂਰਣ ਰਿਹਾ ਹੈ। ਪ੍ਰਬੰਧ ਨੂੰ ਇਕ ਵਿਸ਼ੇਸ਼ ਵਿਸ਼ੇ ਵਜੋਂ ਅਧਿਐਨ ਕਰਨਾ ਭਾਵੇਂ ਨਵਾਂ ਗਿਆਨ ਹੈ ਪਰ ਇਸਦੀ ਰੋਜਾਨਾ ਜੀਵਨ ਵਿਚ ਵਰਤੋਂ ਪੁਰਾਣੇ ਸਮੇਂ ਤੋਂ ਹੀ ਦੇਖੀ ਗਈ ਹੈ। ਉਦਾਹਰਣ ਦੇ ਤੌਰ ਤੇ ਅੱਜ

ਤੋਂ ਲਗਭਗ 2500 ਸਾਲ ਪਹਿਲਾਂ ਗਰੀਕਾਂ ਨੇ ਇੱਕ ਅਜਿਹੀ ਵਿਧੀ ਦੀ ਵਰਤੋਂ ਕੀਤੀ ਜਿਸ ਅਨੁਸਾਰ ਨੌਕਰੀ ਨੂੰ ਅਲੱਗ ਅਲੱਗ ਤਰੀਕਿਆਂ ਅਨੁਸਾਰ ਬਦਲਿਆ ਜਾਂਦਾ ਸੀ ਤਾਂ ਕਿ ਉਸ ਵਿਚ ਕਰਮਚਾਰੀ ਦਾ ਮਨ ਉਦਾਸ ਨਾ ਹੋ ਜਾਵੇ ਅਤੇ ਅੱਜ ਦੇ ਸਮੇਂ ਉਸੀ ਵਿਧੀ ਨੂੰ ਹੀ Job Enrichment ਦਾ ਨਾਮ ਦਿੱਤਾ ਜਾਂਦਾ ਹੈ। ਇਸ ਦੇ ਨਾਲ ਨਾਲ ਪਹਿਲਾਂ ਉਹ ਕੰਮ ਵਾਲੇ ਸਥਾਨ ਤੇ ਸੰਗੀਤਕ ਸਾਧਨਾਂ ਜਿਵੇਂ-ਡਰੱਮ, ਬਾਂਸਰੀ ਅਤੇ ਗੀਤ ਗਾਉਣਾ ਆਦਿ ਵਿਧੀਆਂ ਕਰਮਚਾਰੀਆਂ ਦੇ ਕੰਮ ਦੇ ਨਤੀਜਿਆਂ ਵਿਚ ਵਾਧਾ ਕਰਨ ਲਈ ਵਰਤਦੇ ਸਨ।[10] ਅੱਜ ਦੇ ਸਮੇਂ ਵੀ ਕੰਮ ਦੇ ਦਬਾਅ ਨੂੰ ਘੱਟ ਕਰਨ ਲਈ ਇਹਨਾਂ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਪ੍ਰਕਾਰ ਪ੍ਰਬੰਧ ਦੇ ਵਿਚਾਰਾਂ ਰਾਹੀਂ ਉਹਨਾਂ ਦੀ ਵਰਤੋਂ ਸਾਨੂੰ ਸਿੱਧੇ ਅਤੇ ਅਸਿੱਧੇ ਦੋਹਾਂ ਰੂਪਾਂ ਵਿਚ ਦੇਖਣ ਨੂੰ ਮਿਲਦੀ ਹੈ। ਸਮੇਂ ਦੇ ਨਾਲ ਨਾਲ ਪ੍ਰਬੰਧ ਨਾਲ ਸਬੰਧਿਤ ਹੇਠਾਂ ਲਿਖੀਆਂ ਗਤੀਵਿਧੀਆਂ ਪ੍ਰਬੰਧ ਦੇ ਇਤਿਹਾਸਿਕ ਪਰਿਪੇਖ ਤੇ ਚਾਨਣਾ ਪਾਉਂਦੀਆਂ ਹਨ:-

**Table: 1.1 Management ideas and practices throughout the History[11]**

| ਸਮਾਂ | ਗਰੁੱਪ | ਪ੍ਰਬੰਧਕੀ ਵਿਚਾਰਾਂ ਦਾ ਵਿਕਾਸ |
|---|---|---|
| 5000 ਬੀ.ਸੀ. | ਸੁਮੇਰ ਵਾਸੀਆਂ ਦੁਆਰਾ | ਲੇਖਾ ਜੋਖਾ ਤਿਆਰ ਕਰਨਾ ਅਰੰਭ ਹੋਇਆ। |
| 4000 ਬੀ.ਸੀ. | ਮਿਸਰ ਵਾਸੀਆਂ ਦੁਆਰਾ | ਯੋਜਨਾ ਨਿਰਮਾਣ, ਸੰਗਠਨਾਤਮਕ ਢਾਂਚੇ ਅਤੇ ਕੰਟਰੋਲ ਪ੍ਰਕਿਰਿਆਵਾਂ ਤੇ ਜ਼ੋਰ ਦਿੱਤਾ ਗਿਆ। |
| 2000 ਬੀ.ਸੀ. | ਮਿਸਰ ਵਾਸੀਆਂ ਦੁਆਰਾ | ਨਿਰਣੇ ਲਿਖਤੀ ਹੋਣ ਲੱਗੇ ਅਤੇ ਕਰਮਚਾਰੀਆਂ ਦੀ ਸਲਾਹ ਵੀ ਪ੍ਰਬੰਧ ਦਾ ਹਿੱਸਾ ਬਣੀ |
| 1800 ਬੀ.ਸੀ. | ਪ੍ਰਸਿੱਧ ਲੇਖਕ ਰਮਾਬੀ ਅਨੁਸਾਰ | ਨਿਰੀਖਣ ਦਾ ਕੰਮ ਤੇ ਹੋਇਆ ਅਤੇ ਦਸਤਾਵੇਜਾਂ ਦਾ ਨਿਰਮਾਣ ਹੋਇਆ। |
| 600 ਬੀ.ਸੀ. | ਪ੍ਰਸਿੱਧ ਲੇਖਕ ਨੰਬੂਚਾ ਅਨੁਸਾਰ | ਉਤਪਾਦਨ ਕੰਟਰੋਲ ਅਤੇ ਇਨਾਮ ਸਿਸਟਮ ਸ਼ੁਰੂ ਹੋਇਆ। |
| 500 ਬੀ.ਸੀ. | ਪ੍ਰਸਿੱਧ ਚਿੰਤਕ ਸਨ ਤਜ਼ੂ ਅਨੁਸਾਰ | ਵਿਰੋਧੀਆਂ ਵਿਰੁੱਧ ਨੀਤੀਆਂ ਬਣਾਉਣੀਆਂ ਸ਼ੁਰੂ ਹੋ ਗਈਆਂ ਭਾਵ ਮੁਕਾਬਲੇ ਦੀ ਭਾਵਨਾ ਦਾ ਵਿਕਾਸ ਹੋਇਆ। |

| | | |
|---|---|---|
| 400 ਬੀ.ਸੀ. | ਮਹਾਨ ਚਿੰਤਕ ਜੀਸੋਥੋਸ ਅਨੁਸਾਰ | ਪ੍ਰਬੰਧ ਨੂੰ ਕਲਾ ਦੇ ਤੌਰ ਤੇ ਲਿਆ ਗਿਆ। |
| 400 ਬੀ.ਸੀ. | ਮਹਾਨ ਚਿੰਤਕ ਸਾਈਕਰਸ ਅਨੁਸਾਰ | ਮਨੁੱਖੀ ਸਬੰਧ ਅਤੇ ਕੰਮਾਂ ਦਾ ਨਿਰੀਖਣ ਕੀਤਾ ਜਾਣ ਲੱਗਾ। |
| 175 ਏ.ਡੀ. | ਪ੍ਰਸਿੱਧ ਚਿੰਤਕ ਕਾਂਟੋ ਅਨੁਸਾਰ | Job Description ਤੇ ਕੰਮ ਕੀਤਾ ਜਾਣ ਲੱਗਾ। |
| 284 ਏ.ਡੀ. | ਪ੍ਰਸਿੱਧ ਦਰਸ਼ਨ-ਸ਼ਾਸਤਰੀ ਡਾਇਕਲੀਟੀਅਸ ਅਨੁਸਾਰ | ਅਥਾਰਿਟੀ ਦੀ ਵੰਡ ਕੀਤੀ ਜਾਣ ਲੱਗੀ। |

ਪ੍ਰਬੰਧ ਦੀ ਸਮ੍ਹਾਂ-ਸਾਰਣੀ ਵਿਚ ਅਨੇਕਾਂ ਹੀ ਬਦਲਾਵ ਵੇਖੇ ਜਾ ਸਕਦੇ ਹਨ ਪਰ ਇਹ ਇੱਕ ਨਿਯਮਿਤ ਵਿਸ਼ੇ ਦੇ ਤੌਰ ਤੇ ਹੋਂਦ ਵਿਚ ਆਉਣ ਦੇ ਬਾਵਜੂਦ ਹੁਣ ਵੀ ਇਹ ਨਿਰੰਤਰ ਨਵੀਨ ਧਾਰਣਾਵਾਂ ਨੂੰ ਗ੍ਰਹਿਣ ਕਰ ਰਿਹਾ ਹੈ। ਉਦਾਹਰਣ ਵਜੋਂ 1950 ਤੱਕ ਐੱਫ ਡਬਲਯੂ ਟੇਲਰ ਦਾ ਵਿਗਿਆਨਿਕ ਪ੍ਰਬੰਧ ਹੀ ਅਹਿਮ ਸੀ ਪਰ 1950 ਵਿਚ Decision Theory ਅਤੇ 1960 ਵਿਚ System Theory ਨੇ ਇਸ ਵਿਚ ਹੋਰ ਵਾਧਾ ਕਰ ਦਿੱਤਾ ਅਤੇ 1970 ਦੀ Contingency Theory ਵੀ ਇਸ ਦੇ ਪ੍ਰਸਾਰ ਦੀ ਹੀ ਹਿੱਸਾ ਹੈ। ਇਸ ਵਿਚ ਅਨੇਕਾਂ ਹੀ ਬੁੱਧੀਜੀਵੀਆਂ ਨੇ ਸਹਿਯੋਗ ਦਿੱਤਾ ਹੈ ਜਿਹਨਾਂ ਦੇ ਸਹਿਯੋਗ ਨੂੰ ਇਸ ਪ੍ਰਕਾਰ ਵੇਖਿਆ ਜਾ ਸਕਦਾ ਹੈ:[12]

| **ਨਾਮ** | **ਯੋਗਦਾਨ** |
|---|---|
| ਰੋਬਰਟ ਓਵਨ (1771-1858) | ਕਾਮਿਆਂ ਦੇ ਕੰਮ ਵਾਲੇ ਸਥਾਨ ਸੰਬੰਧੀ ਕਾਨੂੰਨਾਂ, ਨਿਯਮਾਂ ਨੂੰ ਬਣਾਉਣ ਦੀ ਗੱਲ ਕੀਤੀ। |
| ਚਾਰਲਸ ਬੇਬਜ (1791-1871) | ਕੰਮ ਦੀ ਵੰਡ ਦੇ ਸਿਧਾਂਤ ਦੀ ਪੈਰਵੀ ਕੀਤੀ ਅਤੇ ਲਾਭਾਂ ਦੀ ਵੰਡ ਤੇ ਜ਼ੋਰ ਦਿੱਤਾ ਜਿਸ ਨੂੰ ਅੱਜ ਦੇ ਸਮੇਂ ਸਕੇਲਰ ਪਲਾਨ (Scaler plan) ਕਿਹਾ ਜਾਂਦਾ ਹੈ। |
| ਐਂਡਰਿਊ ਉਰੀ ਅਤੇ ਚਾਰਲਸ ਡੂਪਿਨ (1784-1873) | ਇਹਨਾਂ ਨੇ ਪ੍ਰਬੰਧ ਨੂੰ ਵਿਸ਼ੇ ਵਜੋਂ ਅਧਿਐਨ ਤੇ ਵਿਸ਼ੇਸ਼ ਜੋਰ ਦਿੱਤਾ। |

| | |
|---|---|
| ਹੈਨਰੀ ਆਰ ਟੌਨੀ (1844–1924) | ਪ੍ਰਬੰਧ ਨੂੰ ਵੱਖਰੇ ਵਿਸ਼ੇ ਅਤੇ ਇਸ ਦੀ ਵਪਾਰਿਕ ਹੁਨਰ ਦੇ ਤੌਰ ਤੇ ਮਹੱਤਤਾ ਬਾਰੇ ਗੱਲ ਕੀਤੀ। |
| ਫਰੇਡਰਿਕ ਡਬਲਯੂ ਟੇਲਰ ਫਰੈਂਕ (1856–1913), ਲੀਲੀਅਨ ਗਿਲਬਰਥ (1878–1972) ਅਤੇ ਹੈਨਰੀ ਗੈਂਟ (1861–1999) | ਇਹਨਾਂ ਵੱਲੋਂ ਕੀਤੇ ਕੰਮ ਨੂੰ Classical Approach ਵਜੋਂ ਵੇਖਿਆ ਜਾਂਦਾ ਹੈ ਅਤੇ ਇਹਨਾਂ ਨੇ ਪ੍ਰਬੰਧ ਦੀ ਵਿਗਿਆਨਿਕਤਾ ਵੱਲ ਵਿਸ਼ੇਸ਼ ਕਾਰਜ ਕੀਤਾ ਸੀ। |
| ਮੈਕਸ ਵੈਬਰ (1864–1962) | ਇਹਨਾਂ ਨੇ ਕਲਾਸੀਕਲ ਅਪਰੋਚ ਵਿਚ ਬਿਓਰੋਕਰੈਟਿਕ ਪ੍ਰਬੰਧ ਦੀ ਗੱਲ ਕੀਤੀ। |
| ਹੈਨਰੀ ਫਿਊਲ (1841–1925) | ਇਹਨਾਂ ਨੇ ਪ੍ਰਬੰਧਕੀ ਸਿਸਟਮ ਦੀ ਗੱਲ ਕੀਤੀ ਅਤੇ ਸਿਧਾਂਤਾਂ ਨੂੰ ਉਸੇ ਅਨੁਸਾਰ ਬਣਾਇਆ। |
| ਮੈਰੀ ਪਾਰਕਰ ਫੌਲਟ (1868–1933) | ਗਰੁੱਪ ਪ੍ਰਭਾਵਾਂ ਸਬੰਧੀ ਖੋਜ ਦਾ ਵਰਣਨ ਕੀਤਾ ਅਤੇ ਪ੍ਰਭਾਵਸ਼ਾਲੀ ਸਮੂਹਾਂ ਦੀ ਉਤਪੱਤੀ ਦੇ ਅਧਾਰ ਤੇ ਚਰਚਾ ਕੀਤੀ। |
| ਐਲਟਨ ਮੇਓ (1880–1949) | ਇਹਨਾਂ ਦੀ ਖੋਜ Howthorn Study ਕਰਕੇ ਪ੍ਰਸਿੱਧ ਹੈ ਜਿਸ ਵਿਚ ਮਨੁੱਖੀ ਸੰਬੰਧਾਂ ਦੇ ਪ੍ਰਭਾਵ ਦੀ ਗੱਲ ਕੀਤੀ ਗਈ ਹੈ। |
| ਅਬਰਾਹਮ ਮਾਸਲੋ (1908–1970) | Theory of need ਅਤੇ ਲੋੜਾਂ ਨਾਲ ਸਬੰਧਿਤ ਪ੍ਰਭਾਵਾਂ ਦਾ ਮਨੋਵਿਗਿਆਨਿਕ ਅਧਿਐਨ ਪੇਸ਼ ਕੀਤਾ। |
| ਡੌਗਲਸ ਮੈਕਗਰੇਗਰ (1906–1964) | ਥਿਊਰੀ 'X' ਅਤੇ ਥਿਊਰੀ 'Y' ਜੋ ਕਿ ਪ੍ਰੋਤਸਾਹਨ ਦੇ ਅਧਾਰ ਅਤੇ ਪ੍ਰਭਾਵਾਂ ਨਾਲ ਸਬੰਧੀ ਵਿਸਤ੍ਰਿਤ ਚਰਚਾ ਕੀਤੀ। |
| ਚਾਰਲਸ ਅਰਗੀਰਸ (1921–1972) | ਇਹਨਾਂ ਦਾ ਕੰਮ ਮੁੱਲ ਪ੍ਰਬੰਧਾਂ ਉੱਤੇ ਹੈ। |
| ਵਿਲੀਅਮ ਊਚੀ (1943) | ਇਹਨਾਂ ਦੇ ਕੰਮ ਨੂੰ ਥਿਊਰੀ ਜੈੱਡÓਕਿਹਾ ਜਾਂਦਾ ਹੈ ਜੋ ਕਿ ਗੁਣਵੱਤਾ ਪ੍ਰਬੰਧਨ ਉੱਪਰ ਹੈ। |

Table: 1.2

ਉਪਰੋਕਤ ਵਿਦਵਾਨਾਂ ਦੇ ਅਨੁਭਵੀ ਵਿਚਾਰਾਂ ਦੇ ਅਧਾਰ ਤੇ ਅਲੱਗ ਅਲੱਗ Approaches ਹੋਂਦ ਵਿਚ ਆਈਆਂ ਹਨ। ਇਹਨਾਂ ਧਾਰਣਾਵਾਂ ਵਿੱਚ ਬਦਲਾਵ ਸਮੇਂ ਸਮੇਂ ਤੋਂ ਵਿਦਵਾਨਾਂ ਵੱਲੋਂ ਦਿੱਤੀਆਂ ਗਈਆਂ ਥਿਊਰੀਆਂ ਦੇ ਆਧਾਰ ਤੇ ਆਏ ਹਨ। ਇੱਕ ਮਹਾਨ ਵਿਦਵਾਨ ਕੂੰਟਜ ਨੇ ਇਹਨਾਂ ਨੂੰ ਅਨੇਕਾਂ ਭਾਗਾਂ ਵਿਚ ਵੰਡਿਆ ਹੈ ਜੋ ਕਿ ਪ੍ਰਬੰਧਕੀ ਪਹੁੰਚਾਂ(managerial approaches) ਵਜੋਂ ਦ੍ਰਿਸ਼ਟਮਾਨ ਹੋਈਆਂ ਹਨ ਜਿਨਾਂ ਦਾ ਸੰਖੇਪ ਵੇਰਵਾ ਦਿੱਤਾ ਜਾ ਰਿਹਾ ਹੈ–

1. ਅਨੁਭਵੀ ਪਹੁੰਚ ਵਿਧੀ (Empirical approach)–ਇਸ ਵਿਚ ਪ੍ਰਬੰਧਕੀ ਅਨੁਭਵਾਂ ਦਾ ਅਧਿਐਨ ਸ਼ਾਮਿਲ ਹੈ। ਇਹ ਪਹੁੰਚ ਵਿਧੀ ਅਰਨੈਸਟ ਡੇਲ, ਮੂਨੇ ਅਤੇ ਰੇਲੇ ਅਤੇ ਉਰਵਿਕ ਦੀ ਹੈ। ਇਸ ਦੀ ਮੁੱਖ ਧਾਰਣਾ ਇਹ ਹੈ ਕਿ ਮਨੁੱਖੀ ਅਨੁਭਵਾਂ ਰਾਹੀਂ ਸਿੱਖਿਆ ਜਾਵੇ। ਪਰ ਇਸ ਦੀ ਮੁੱਖ ਖ਼ਾਮੀ ਇਹ ਹੈ ਕਿ ਅੱਜ ਦੇ ਸਮੇਂ ਸਿਰਫ ਅਨੁਭਵਾਂ ਦੇ ਅਧਾਰ ਤੇ ਵੱਡੇ ਫੈਸਲੇ ਨਹੀਂ ਲਏ ਜਾ ਸਕਦੇ।

2. ਮਨੁੱਖੀ ਵਿਵਹਾਰਿਕ ਪਹੁੰਚ ਵਿਧੀ (Human-Relation Approach):– ਇਸ ਵਿਧੀ ਅਨੁਸਾਰ ਮਨੁੱਖੀ ਵਿਵਹਾਰ ਨੂੰ ਇਕੱਲੇ ਮਨੁੱਖ ਉੱਤੇ ਜਾਂ ਇੱਕ ਗਰੁੱਪ ਵਿਚ ਵੇਖਿਆ ਜਾ ਸਕਦਾ ਹੈ। ਇਸ ਵਿਚ ਦਿਮਾਗੀ ਅਤੇ ਸਮਾਜਿਕ ਤੱਤਾਂ ਤੇ ਵਧੇਰੇ ਜ਼'ਰਦਿੱਤਾ ਜਾਂਦਾ ਹੈ। ਮਨੁੱਖੀ ਰਿਸ਼ਤਿਆਂ ਦੇ ਅਧਿਐਨ ਵਿਚ ਉਤਸ਼ਾਹ ਅਤੇ ਸੰਮਲਿਤ ਪ੍ਰਬੰਧ ਨੂੰ ਵੇਖਿਆ ਜਾਂਦਾ ਹੈ। ਇਸ ਵਿਚ ਮਾਸਲੋ, ਹਰਜਬਰਗ ਆਦਿ ਅਨੇਕਾਂ ਹੀ ਪ੍ਰਬੰਧ ਦੇ ਵਿਦਵਾਨਾਂ ਦਾ ਵਿਸ਼ੇਸ਼ ਯੋਗਦਾਨ ਹੈ।

3. ਸਮਾਜਿਕ ਵਿਵਸਥਾ ਪਹੁੰਚ ਵਿਧੀ (Social system Approach):– ਇਸ ਵਿਚ ਵੀ ਮਨੁੱਖ ਦੇ ਵਿਵਹਾਰ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਵਿਚ ਸਭਿਆਚਾਰਕ ਤੱਤ ਜੋ ਕਿ ਅੰਦਰੂਨੀ ਅਤੇ ਬਾਹਰੀ ਵਾਤਾਵਰਣ ਨਾਲ ਸਬੰਧਿਤ ਹੋਣ ਦਾ ਵਿਸਤ੍ਰਿਤ ਅਧਿਐਨ ਸ਼ਾਮਿਲ ਹੈ। ਇਸ ਵਿਚ ਸੰਸਥਾ ਦੇ ਉਦੇਸ਼ਾਂ ਅਤੇ ਕਰਮਚਾਰੀਆਂ ਦੇ ਉਦੇਸ਼ਾਂ

ਵਿਚਕਾਰ ਸੁਹਿਰਦਤਾ ਦੀ ਗੱਲ ਕੀਤੀ ਜਾਂਦੀ ਹੈ। ਉੱਘੇ ਪ੍ਰਬੰਧ ਵਿਗਿਆਨੀ ਪਰੈਟੇ ਅਤੇ ਚੈਸਟਰ ਬਰਨਾਰਡ ਇਸ ਪਹੁੰਚ ਵਿਧੀ ਨਾਲ ਸਬੰਧਿਤ ਹਨ।

4. ਫੈਸਲਾ ਸਿਧਾਂਤ ਦੀ ਪਹੁੰਚ ਵਿਧੀ (Decision Theory Approach):- ਇਸ ਪਹੁੰਚ ਵਿਧੀ ਵਿਚ ਸਿਮਨ, ਸਿਰਟ, ਅਤੇ ਫੋਰੈਸਟਰ ਜਿਹੇ ਵਿਦਵਾਨਾਂ ਨੇ ਅਜਿਹੇ ਨੁਕਤਿਆਂ ਦੀ ਖੋਜ ਕੀਤੀ ਜਿਸ ਰਾਹੀਂ ਸੰਸਥਾ ਵਿਚ ਚੰਗੇ ਨਿਰਣੇ ਕਰਨ ਵਿਚ ਮੱਦਦ ਮਿਲਦੀ ਹੈ। ਇਸ ਵਿਚ ਪ੍ਰਬੰਧਕੀ ਸੂਚਨਾ ਸਿਸਟਮ, ਪ੍ਰੋਸੈਸਿੰਗ ਅਤੇ ਤਕਨੀਕਾਂ ਦੀ ਵਰਤੋਂ ਫੈਸਲਿਆਂ ਨੂੰ ਕਰਨ ਵਿਚ ਸ਼ਾਮਿਲ ਕੀਤੀ ਗਈ।

5. ਗਣਿਤ ਅਧਾਰਿਤ ਪਹੁੰਚ ਵਿਧੀ (Mathematical Approach) :- ਇਸ ਵਿਧੀ ਵਿਚ ਨਿਊਮੈਨ, ਰਸਲ ਅਤੇ ਚਾਰਲਸ ਹਿੱਚ ਜਿਹੇ ਬੁੱਧੀਜੀਵੀਆਂ ਦਾ ਖਾਸ ਯੋਗਦਾਨ ਹੈ। ਉਹਨਾਂ ਨੇ ਪ੍ਰਬੰਧਕੀ ਕਾਰਜਕਰਣੀ ਵਿਚ ਤਰਕ ਸੰਗਤ ਨਿਰਣਿਆਂ ਤੇ ਜ਼'ਰਦਿੱਤਾ। ਜਿਸ ਵਿਚ ਚਿੰਨ੍ਹਾਂ ਦਾ ਇਸਤੇਮਾਲ ਕੀਤਾ ਅਤੇ ਡਾਟੇ ਦੇ ਨਿਰਮਾਣ ਰਾਹੀਂ ਕੰਮਾਂ ਦਾ ਅਧਿਐਨ ਸ਼ਾਮਿਲ ਹੈ।

6. ਸਿਸਟਮ ਪਹੁੰਚ ਵਿਧੀ (System Approach):- ਇਸ ਵਿਧੀ ਅਨੁਸਾਰ ਪ੍ਰਬੰਧਕ ਅੰਦਰੂਨੀ ਅਤੇ ਬਾਹਰੀ ਸੋਮਿਆਂ ਨੂੰ ਇੱਕ ਸਿਸਟਮ ਰਾਹੀਂ ਵੇਖਦੇ ਹਨ। ਇਸ ਵਿਚ ਉਦਯੋਗਿਕ ਵਾਤਾਵਰਨ ਨਾਲ ਪਰਸਪਰ ਹਿਤਵਾਦ ਦੀ ਵੀ ਗੱਲ ਕੀਤੀ ਜਾਂਦੀ ਹੈ ਅਤੇ ਇਸ ਸਿਸਟਮ ਨੂੰ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਜਾਂਦਾ ਹੈ।

7. ਅਚਨਚੇਤ ਪਹੁੰਚ ਵਿਧੀ (Contigency Approach):- ਇਸ ਪਹੁੰਚ ਵਿਧੀ ਅਨੁਸਾਰ ਪ੍ਰਬੰਧਕੀ ਉਦੇਸ਼ਾਂ ਦੀ ਪੂਰਤੀ ਲਈ ਸਥਾਨ ਨਾਲ ਸਬੰਧਿਤ ਤੱਤਾਂ ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ। ਇਸ ਵਿਧੀ ਅਨੁਸਾਰ ਪ੍ਰਬੰਧਕੀ ਤਕਨੀਕਾਂ ਅਤੇ ਨੀਤੀਆਂ ਦੀ ਯੋਗਤਾ ਸਥਾਨ ਦੇ ਅਨੁਸਾਰ ਨਿਸ਼ਚਿਤ ਹੁੰਦੀ ਹੈ। ਭਾਵ ਅੰਦਰੂਨੀ ਵਾਤਾਵਰਣ ਨੂੰ ਢਾਂਚਾ ਅਤੇ ਤਕਨੀਕਾਂ ਪ੍ਰਭਾਵਿਤ ਕਰਦੀਆਂ ਹਨ ਅਤੇ ਬਾਹਰੀ ਵਾਤਾਵਰਣ ਵਿਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੱਤ ਪ੍ਰਬੰਧਕੀ ਕਾਰਗੁਜ਼ਾਰੀ ਵਿਚ ਪ੍ਰਭਾਵੀ ਤੱਤ ਹੁੰਦੇ ਹਨ।

8. ਚਲੰਤ ਪਹੁੰਚ ਵਿਧੀ (Operational Approach):- ਪ੍ਰਬੰਧ ਇੱਕ ਪ੍ਰਵਾਹ ਦੀ ਤਰ੍ਹਾਂ ਕੰਮ ਕਰਦਾ ਹੈ। ਇਸ ਵਿਧੀ ਵਿਚ ਪ੍ਰਬੰਧਕਾਂ ਦੇ ਰੋਲ ਅਤੇ ਕੰਮਾਂ ਤੇ ਧਿਆਨ ਕੇਂਦ੍ਰਿਤ ਕੀਤਾ ਜਾਂਦਾ ਹੈ ਅਤੇ ਇਸ ਨਿਰੰਤਰ ਪ੍ਰਵਾਹ ਵਿਚ ਜਿਹੜੇ ਸਿਧਾਂਤਾਂ ਦੀ ਵਰਤੋਂ ਕੀਤੀ ਗਈ ਹੋਵੇ ਉਹਨਾਂ ਨੂੰ ਵੇਖਿਆ ਜਾਂਦਾ ਹੈ। ਫੇਉਲ, ਹਾਰੋਲਡ ਕੂੰਟਜ ਅਤੇ ਟੇਲਰ ਜਿਹੇ ਵਿਦਵਾਨ ਇਸ ਵਿਧੀ ਨਾਲ ਸਬੰਧਿਤ ਹਨ।

ਇਹਨਾਂ ਉਪਰੋਕਤ ਵਿਧੀਆਂ ਤੋਂ ਇਲਾਵਾ ਪ੍ਰਬੰਧਕੀ ਕਾਰਜਕਰਣੀ ਵਿਚ ਅਨੇਕਾਂ ਹੀ ਵਿਧੀਆ ਦਾ ਨਿਰਮਾਣ ਹੋ ਚੁੱਕਿਆ ਹੈ ਅਤੇ ਨਿਰੰਤਰ ਹੋ ਰਿਹਾ ਹੈ। ਸਵਾਮੀ ਬੋਧਨੰਦ ਦੇ ਅਨੁਸਾਰ-

> ਕਿਸੇ ਵੀ ਵਿਧੀ ਦੀ ਤਰਕਸੰਗਕਤਾ ਵਪਾਰ ਦੀ ਕਿਸਮ ਤੇ ਹੀ ਨਿਰਭਰ ਕਰਦੀ ਹੈ ਅਤੇ ਇਹਨਾਂ ਪ੍ਰਬੰਧਕੀ ਵਿਧੀਆਂ ਦਾ ਨਿਰੰਤਰ ਵਿਕਾਸ ਲਗਾਤਾਰ ਜਾਰੀ ਹੈ।[13]

ਪ੍ਰਬੰਧਕੀ ਸਿਧਾਂਤ ਜੋ ਕਿ ਇਹਨਾ ਵਿਧੀਆਂ ਵਿਚ ਅਹਿਮ ਸਥਾਨ ਰੱਖਦੇ ਹਨ ਦਾ ਵਿਕਾਸ ਹੇਠਾਂ ਦਿੱਤੀ ਸਾਰਣੀ ਰਾਹੀਂ ਸਪਸ਼ਟ ਵੇਖਿਆ ਜਾ ਸਕਦਾ ਹੈ-

| **ਸਮਾਂ** | **ਬੁੱਧੀਜੀਵੀ** | **ਯੋਗਦਾਨ** |
|---|---|---|
| 900 AD | ਅਲਵਰਾਬੀ | ਅਗਵਾਈ ਦੇ ਗੁਣਾਂ ਦਾ ਵਰਣਨ ਕੀਤਾ |
| 1100 AD | ਗਜਨੀ | ਅਗਵਾਈ ਦੇ ਗੁਣਾਂ ਦਾ ਵਰਣਨ ਕੀਤਾ ਅਤੇ ਵਿਸਤ੍ਰਿਤ ਅਧਿਐਨ ਪੇਸ਼ ਕੀਤਾ। |
| 1418 AD | ਬਾਰਬਰੀਗੋ | ਸੰਗਠਨਾਤਮਕ ਵੰਡ ਤੇ ਕੰਮ ਕੀਤਾ |
| 1436 AD | ਵੈਂਟੀਅਨ | ਕੰਮਾਂ ਦੀ ਵੰਡ ਅਤੇ ਗਿਣਤੀ ਦੇ ਪ੍ਰਚਲਣ ਬਾਰੇ ਵਰਣਨ ਕੀਤਾ। |
| 1500 AD | ਸਰ ਥਾਮਸ | ਮਾੜੇ ਪ੍ਰਬੰਧ ਅਤੇ ਅਗਵਾਈ ਤੇ ਅਲੋਚਨਾਤਮਕ ਅਧਿਐਨ ਪੇਸ਼ ਕੀਤਾ। |
| 1523 AD | ਪੈਕਵਿਲੀ | ਸ਼ਕਤੀਆਂ ਦਾ ਕੇਂਦਰੀਕਰਣ ਅਤੇ ਸੰਸਥਾਵਾਂ ਵਿਚ ਅਗਵਾਈ ਦੇ ਯੋਗਦਾਨ ਤੇ ਚਾਨਣਾ ਪਾਇਆ। |

Table 1.3

ਉਪਰੋਕਤ ਦਰਸਾਈਆਂ ਪਹੁੰਚ ਵਿਧੀਆਂ ਵਿਚੋਂ ਕੋਈ ਵੀ Approach ਸੰਪੂਰਨ ਨਹੀਂ ਹੈ ਸਗੋਂ ਇਹਨਾਂ ਸਾਰੀਆਂ Approaches ਵਿਚ ਕੋਈ ਨਾ ਕੋਈ ਖ਼ਾਮੀ ਹੈ ਜਿਸ ਦੇ ਕਾਰਨ ਹੀ ਨਵੀਂ Approach ਦਾ ਜਨਮ ਹੋਇਆ ਹੈ ਅਤੇ ਇਹਨਾਂ ਵਿਚ ਵਾਧਾ ਅਤੇ ਵਿਕਾਸ ਨਿਰੰਤਰ ਹੁਣ ਵੀ ਜਾਰੀ ਹੈ। ਜਿਵੇਂ ਕਿ ਪ੍ਰਬੰਧ ਨੂੰ ਵਿਸ਼ੇ ਦੇ ਤੌਰ ਤੇ ਵਿਕਸਿਤ ਹੋਇਆਂ ਕੁਝ ਹੀ ਸਮਾਂ ਹੋਇਆ ਹੈ ਪਰ ਉਦਯੋਗਿਕ ਕ੍ਰਾਂਤੀ ਦੇ ਕਾਰਨ ਇਸ ਦੇ ਅਨੇਕਾਂ ਪੱਖ ਸਾਹਮਣੇ ਆਏ ਸਨ। ਪ੍ਰਬੰਧ ਇੱਕ ਬਹੁ-ਅਨੁਸ਼ਾਸਨੀ ਵਿਸ਼ਾ ਹੈ ਕਿਤੇ ਇਹ ਆਰਥਿਕਤਾ ਨਾਲ ਸਬੰਧਿਤ ਹੈ ਅਤੇ ਕਿਤੇ ਇੰਜੀਨੀਅਰਿੰਗ ਨਾਲ, ਕਿਤੇ ਇਸ ਦੀਆਂ ਮੈਡੀਕਲ ਜੜ੍ਹਾਂ ਹਨ ਅਤੇ ਕਿਤੇ ਹਿਊਮੈਨਟੀ ਨਾਲ। ਪਿੱਛਲੇ ਕੁਝ ਸਮੇਂ ਤੋਂ ਅਧਿਆਤਮਿਕਤਾ ਅਤੇ ਪ੍ਰਬੰਧ ਆਪਸ ਵਿੱਚ ਜੁੜਦੇ ਦਿਖਾਈ ਦੇ ਰਿਹੇ ਹਨ।

ਭਾਰਤ ਵਿਚ 1990 ਤੋਂ ਬਾਅਦ ਪ੍ਰਬੰਧਕੀ ਸਿਸਟਮ ਨੂੰ ਵਿਸਥਾਰ ਸਹਿਤ ਸਮਝਣਾ ਆਸਾਨ ਹੋਇਆ ਹੈ ਅਤੇ ਇਹ ਆਰਥਿਕ ਪੱਧਰ ਤੇ ਵੀ ਅਲੱਗ ਅਲੱਗ ਖੋਜ ਕਾਰਜਾਂ ਦਾ ਹਿੱਸਾ ਬਣਿਆ ਹੈ ਅਤੇ ਨਿਰੰਤਰ ਬਣਦਾ ਜਾ ਰਿਹਾ ਹੈ। ਅੱਜ ਦੇ ਸਮੇਂ ਅੰਤਰਰਾਸ਼ਟਰੀ ਸੰਸਥਾਵਾਂ ਪ੍ਰਬੰਧ ਨੂੰ ਇੱਕ ਵੱਡੇ ਸੰਕਲਪ ਵਜੋਂ ਗ੍ਰਹਿਣ ਕਰ ਰਹੀਆਂ ਹਨ। ਜਿਸ ਵਿਚ ਸੰਗਠਨ, ਸਿਸਟਮ, ਕਰਮਚਾਰੀ ਅਤੇ ਸੱਭਿਆਚਾਰਕ ਪਹਿਲੂ ਸਾਹਮਣੇ ਆਉਂਦੇ ਹਨ ਅਤੇ ਇਸ ਤਰ੍ਹਾਂ ਦੀ Holistic Approach ਹੀ ਭਵਿੱਖ ਦੀਆਂ ਮੁਸ਼ਕਿਲਾਂ ਦੇ ਹੱਲ ਕਰਨ ਦੇ ਯੋਗ ਹੈ।

## 1.2 ਮੁੱਲ ਪ੍ਰਬੰਧ-ਅਰਥ ਅਤੇ ਪਰਿਭਾਸ਼ਾ(Value System- Meaning and Definition)

ꙨਮੁੱਲꙨਸ਼ਬਦ ਦੀ ਵਰਤੋਂ ਅਨੇਕਾਂ ਸੰਦਰਭਾਂ ਵਿੱਚ ਕੀਤੀ ਜਾਂਦੀ ਹੈ। ਜਿੱਥੇ ਆਰਥਿਕਤਾ ਵਿੱਚ ਇਸ ਨੂੰ ਕੀਮਤ (Price) ਵਜੋਂ ਵਰਤਿਆ ਜਾਂਦਾ ਹੈ ਉੱਥੇ ਨਾਲ ਹੀ ਦੂਜੇ ਅਰਥਾਂ ਵਿੱਚ ਇਸ ਨੂੰ ਨੈਤਿਕਤਾ (Ethics) ਦਾ ਅਹਿਮ ਅੰਗ ਮੰਨਿਆ ਜਾਂਦਾ ਹੈ। ਇਹਨਾਂ ਦੀ ਪੇਸ਼ਕਾਰੀ ਇਤਿਹਾਸਿਕ ਸਰੋਤਾਂ ਅਤੇ ਧਾਰਮਿਕ ਸੋਮਿਆਂ ਰਾਹੀਂ ਹੁੰਦੀ ਹੈ। ਇਹਨਾਂ ਮੁੱਲ ਪ੍ਰਬੰਧਾਂ ਦੀ ਦਿਨ ਪ੍ਰਤੀ ਦਿਨ ਵਧਦੀ ਮਹੱਤਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਇਸ ਸਬੰਧ ਵਿਚ ਉੱਘੇ ਸਮਾਜ ਸ਼ਾਸਤਰੀ ਹਾਰਵਰਡ ਬੇਕਰ ਦੇ ਵਿਚਾਰ ਸਾਰਥਕ ਪ੍ਰਤੀਤ ਹੁੰਦੇ ਹਨ-

> ਮਨੁੱਖ ਆਪਣੀ ਸਿਰਜਨਾਤਮਕ ਸ਼ਕਤੀ ਦੁਆਰਾ ਵਸਤੂਆਂ ਅਤੇ ਮੁੱਲਾਂ ਨੂੰ ਸਿਰਜਦਾ ਹੈ। ਇਸ ਤਰ੍ਹਾਂ ਸਮੇਂ ਸਥਿਤੀ ਅਨੁਸਾਰ ਉਹ ਇੱਕ ਵੱਖਰਾ ਮੁੱਲ ਵਿਧਾਨ ਨਿਸ਼ਚਿਤ ਕਰਦਾ ਹੈ ਅਤੇ ਆਪਣੀ ਲੋੜ ਪ੍ਰਬੰਧ ਦੀ ਸੁਵਿਧਾ ਅਨੁਸਾਰ ਉਸ ਵਿੱਚ ਰੱਦ ਬਦਲ ਕਰਦਾ ਹੈ। ਇਸ ਲਈ ਮਨੁੱਖੀ ਸੱਚ ਹੀ ਮੁੱਲਾਂ ਦਾ ਸੱਚ ਹੈ।[14]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮੁੱਲਾਂ ਦਾ ਅਰਥ ਕੀਮਤ ਹੈ, ਜੋ ਖਰੀਦਣ ਯੋਗ ਹੋਵੇ।[15]

ਮੁੱਲ ਸ਼ਬਦ ਦੀ ਵਰਤੋਂ ਕੇਵਲ ਆਰਥਿਕਤਾ ਦੇ ਖੇਤਰਾਂ ਵਿੱਚ ਹੀ ਪ੍ਰਯੋਗ ਨਹੀਂ ਹੋਈ ਸਗੋਂ ਇਹ ਸਮਾਜ ਸ਼ਾਸਤਰ, ਭੌਤਕੀ ਵਿਗਿਆਨ ਅਤੇ ਮਾਨਵੀ ਵਿਗਿਆਨ ਦਾ ਵੀ ਅਹਿਮ ਅੰਗ ਹੈ। ਮੁੱਲ ਸ਼ਬਦ ਦੀ ਵਰਤੋਂ ਪ੍ਰਾਚੀਨ ਸਮੇਂ ਤੋਂ ਹੀ ਹੋਣ ਕਾਰਨ ਸਮੇਂ ਦੇ ਅਨੁਸਾਰ ਇਸ ਦੀ ਪਰਿਭਾਸ਼ਾ ਨਵੇਂ ਅਰਥ ਗ੍ਰਹਿਣ ਕਰਦੀ ਰਹੀ ਹੈ, ਜਿਵੇਂ ਕਿ ਉੱਘੇ ਸਮਾਜ ਸ਼ਾਸਤਰੀ ਐੱਚ ਐਲ ਜਾਂਨ ਦੇ ਅਨੁਸਾਰ-

> ਮੁੱਲ ਉਹ ਸਾਂਸਕ੍ਰਿਤਕ ਧਾਰਨਾ ਹੈ ਅਥਵਾ ਉਹ ਮਾਪਦੰਡ ਹੈ ਜਿਸ ਦੁਆਰਾ ਵਸਤੂਆਂ ਜਾ ਗੁਣਾਂ ਦੀ ਪਰਸਪਰ ਤੁਲਨਾ ਕੀਤੀ ਜਾਂਦੀ ਹੈ ਜਿਵੇਂ ਅਣਉਚਿਤ, ਚੰਗਾਂ ਜਾਂ ਬੁਰਾ ਅਤੇ ਠੀਕ ਜਾਂ ਗਲਤ ਦਾ ਨਿਰਣਾ ਕੀਤਾ ਜਾਂਦਾ ਹੈ।[16]

ਟੀ.ਈ. ਜੈਸ਼ਪ ਦਾ ਕਥਨ ਮੁੱਲ ਸ਼ਬਦ ਦੇ ਅਰਥਾਂ ਨੂੰ ਹੋਰ ਵੀ ਸਰਲ ਕਰਦਾ ਹੈ-

> ਮੁੱਲ ਪ੍ਰਬੰਧ ਕਲਪਨਾ ਸ਼ਕਤੀ ਦੀ ਗਤੀ ਨੂੰ ਨਿਰਧਾਰਿਤ ਕਰਦੇ ਹਨ, ਵਸਤੂ ਕਿਸੇ ਤਰ੍ਹਾਂ ਵੀ ਸਿਰਜੀ ਗਈ ਹੋਵੇ ਕੇਵਲ ਉਹ ਹੀ ਮੁੱਲ ਪ੍ਰਬੰਧ ਦੀ ਉੱਤਪਤੀ ਦਾ ਕਾਰਨ ਬਣਦੀ ਹੈ।[17]

ਉਪਰੋਕਤ ਚਰਚਾ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮੁੱਲ ਠੀਕ-ਗਲਤ, ਚੰਗਾ-ਮਾੜਾ, ਯੋਗ-ਅਯੋਗ ਆਦਿ ਤੁਲਨਾਵਾਂ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ ਅਤੇ ਨੈਤਿਕਤਾ ਸਬੰਧੀ ਯੋਗ ਨਿਰਣਿਆਂ ਦੀ ਦੁਬਿਧਾ ਨੂੰ ਦੂਰ ਕਰਨ ਦਾ ਮਾਧਿਅਮ ਬਣਦੇ ਹਨ।

ਜੇਕਰ ਭਾਰਤੀ ਕਦਰਾਂ ਕੀਮਤਾਂ ਦੀ ਗੱਲ ਕੀਤੀ ਜਾਵੇ ਤਾਂ ਕੀਮਤਾਂ ਤੋਂ ਭਾਵ ਅਜਿਹਾ ਵਤੀਰਾ ਜੋ ਆਦਿ ਤੋਂ ਅੰਤ ਤੱਕ ਕੁਸ਼ਲ ਹੋਵੇ। ਜਿਸ ਵਿਚ ਉਦੇਸ਼ ਕਦਰਾਂ ਕੀਮਤਾਂ ਨੂੰ ਸਾਹਮਣੇ ਰੱਖ ਕੇ ਬਣਾਏ ਜਾਣ ਤਾਂ ਹੀ ਸੰਸਥਾ ਅਤੇ ਸਮਾਜ ਦੋਵੇਂ ਖ਼ੁਸ਼ਹਾਲ ਹੋ ਸਕਦੇ ਹਨ। ਅਜਿਹੀਆਂ ਕੀਮਤਾਂ ਦੀ ਪ੍ਰਾਪਤੀ ਉੱਚ ਪੱਧਰੀ ਪ੍ਰਬੰਧਕਾਂ ਤੋਂ ਬਿਨਾਂ ਸੰਭਵ ਨਹੀਂ। ਨੀਤੀਆਂ ਦੇ ਸਫ਼ਲ ਨਿਰਮਾਣ ਦਾ ਅਧਾਰ ਨੈਤਿਕ ਕਦਰਾਂ ਕੀਮਤਾਂ ਹੋਣੀਆਂ ਚਾਹੀਦੀਆਂ ਹਨ। ਇਹ ਕੀਮਤਾਂ ਨਾ ਸਿਰਫ ਆਪਸੀ ਸਬੰਧਾਂ ਅਤੇ ਵਿਅਕਤੀ ਦੇ ਅੰਦਰੂਨੀ ਵਿਕਾਸ ਨੂੰ ਯਕੀਨੀ ਬਣਾਉਦੀਆਂ  ਹਨ ਸਗੋਂ ਇਹ ਵਪਾਰ ਦੇ ਅੰਦਰੂਨੀ ਅਤੇ ਬਾਹਰੀ ਕਿਰਿਆਵਾਂ ਵਿਚ ਪਰਸਪਰ ਸੁਮੇਲ ਸਥਾਪਿਤ ਕਰਨ ਦਾ ਕਾਰਜ ਵੀ ਕਰਦੀਆਂ ਹਨ।

ਨੈਤਿਕਤਾ ਅਤੇ ਮੁੱਲ ਪ੍ਰਬੰਧ ਦੋਵੇਂ ਹੀ ਪ੍ਰਬੰਧ ਅਤੇ ਕਿਰਤ ਸੱਭਿਆਚਾਰ ਦੇ ਅਹਿਮ ਅੰਗ ਹੋਣੇ ਚਾਹੀਦੇ ਹਨ। ਜਿਸ ਨਾਲ ਭੌਤਿਕੀ ਵਾਤਾਵਰਨ ਦੇ ਨਾਲ ਨਾਲ ਨੈਤਿਕਤਾ ਨੂੰ ਮੁੱਖ ਪ੍ਰਬੰਧਾਂ ਵਿਚ ਹੁਲਾਰਾ ਮਿਲ ਸਕਦਾ ਹੈ।

ਜਦੋਂ ਮਨੁੱਖੀ ਦਿਮਾਗ ਵਿਚ ਦਬਾਅ, ਥਕਾਵਟ ਜਾਂ ਫਿਰ ਇਕੱਲਤਾ ਵਰਗੀਆਂ ਸਮੱਸਿਆਵਾਂ ਹਾਵੀ ਹੋ ਜਾਂਦੀਆਂ ਹਨ ਤਾਂ ਇਹ ਪ੍ਰਬੰਧਕੀ ਪੱਧਰ ਤੇ ਵੀ ਮਾੜੇ ਨਤੀਜਿਆਂ ਲਈ ਜ਼ਿੰਮੇਵਾਰ ਬਣਦੀਆਂ ਹਨ। ਇਸ ਨਾਲ ਜਿੱਥੇ ਕਾਰਜਕੁਸ਼ਲਤਾ ਪ੍ਰਭਾਵਿਤ ਹੁੰਦੀ ਹੈ ਉੱਥੇ ਨਾਲ ਹੀ ਗਲਤ ਫ਼ੈਸਲਿਆ ਦਾ ਵੀ ਡਰ ਬਣਿਆ ਰਹਿੰਦਾ ਹੈ। ਇਸ ਪ੍ਰਕਾਰ ਮਨੁੱਖ ਦਾ ਵਿਕਾਸ ਨਾ ਸਿਰਫ਼ ਹੁਨਰ ਨਾਲ ਸਬੰਧਿਤ ਹੈ ਸਗੋਂ ਇਸ ਵਿਚ ਨੈਤਿਕ ਮੁੱਲ ਪ੍ਰਬੰਧ ਤੇ ਅਧਿਆਤਮਕ ਕੀਮਤਾਂ ਦਾ ਸੁਮੇਲ ਦ੍ਰਿਸ਼ਟਮਾਨ ਹੁੰਦਾ ਹੈ।

ਸਾਡੇ ਖੋਜ ਪ੍ਰਬੰਧ ਦਾ ਮੁੱਖ ਉਦੇਸ਼ ਸਿੱਖ ਮੁੱਲ ਪ੍ਰਬੰਧ ਵਿੱਚੋਂ ਵਪਾਰਿਕ ਕਾਰਜਕੁਸ਼ਲਤਾ ਦੇ ਲਈ ਪ੍ਰਾਪਤ ਅੰਤਰਦ੍ਰਿਸ਼ਟੀਆਂ ਨੂੰ ਖੋਜਣਾ ਹੈ  ਸੋ ਇੱਥੇ ਅਸੀਂ ਹੁਣ ਸਿੱਖ ਧਰਮ ਅਤੇ ਗੁਰਬਾਣੀ ਦੇ ਪਰਿਪੇਖ ਵਿੱਚ ਸੁਚੱਜੇ ਪ੍ਰਬੰਧ ਦੀ ਪਰਿਭਾਸ਼ਾ ਨੂੰ ਸਮਝਣ ਦਾ ਯਤਨ ਕਰਾਂਗੇ।

## 1.3 ਪ੍ਰਬੰਧ ਅਤੇ ਸਿੱਖ ਮੁੱਲ ਪ੍ਰਬੰਧ (Management and Sikh Value System)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਅਧਿਆਤਮਿਕ ਵਿਕਾਸ ਦੀ ਗੱਲ ਕੀਤੀ ਗਈ ਹੈ ਉਥੇ ਨਾਲ ਹੀ ਮਨੁੱਖ ਦੇ ਭੌਤਿਕ ਵਿਕਾਸ ਦੀ ਗੱਲ ਵੀ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ ਮੁੱਲ ਪ੍ਰਬੰਧ ਵਿਚ ਪ੍ਰਬੰਧ ਦੇ ਅਨੇਕਾਂ ਹੀ ਚੰਗੇ ਗੁਣ ਜਿਵੇਂ ਕਿ ਅਗਵਾਈ (Leadership), ਉਤਸ਼ਾਹ (Motivation), ਨੈਤਿਕਤਾ (Ethics) ਅਤੇ ਵਪਾਰ ਦੀ ਸਮਾਜਿਕ ਜ਼ਿਮੇਵਾਰੀ (Corporate Social Responsibility) ਆਦਿ ਨੂੰ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਾਲ ਗਿਆਨ ਦਾ ਭੰਡਾਰ ਮੌਜੂਦ ਹੈ ਜੋ ਵਿਅਕਤੀ ਦੇ ਨਿਜੀ ਅਨੁਸ਼ਾਸਨ, ਨਿੱਜੀ ਕੰਟਰੋਲ ਅਤੇ ਦਿਮਾਗ ਦੀਆਂ ਗਤੀਵਿਧੀਆਂ ਦੇ ਕੰਟਰੋਲ ਲਈ ਅਹਿਮ ਹੈ। ਜੇਕਰ ਵਪਾਰਿਕ ਪ੍ਰਬੰਧ ਵਿਚ ਦਿਮਾਗੀ ਸੰਤੁਲਨ ਨਾ ਹੋਵੇ ਤਾਂ ਲਏ ਗਏ ਨਤੀਜੇ ਅਕਸਰ ਹੀ ਗਲਤ ਸਾਬਿਤ ਹੁੰਦੇ ਹਨ। ਉੱਘੇ ਸਮਾਜ ਵਿਗਿਆਨੀ ਮੁਨੀਅੱਪਨ ਦੇ ਅਨੁਸਾਰ–

> ਜਿਥੇ ਪ੍ਰਬੰਧਕਾਂ ਦਾ ਦਿਮਾਗੀ ਕੰਟਰੋਲ ਹੁੰਦਾ ਹੈ ਉਹ ਸੰਸਥਾ ਨਿਸ਼ਚਿਤ ਹੀ ਥੋੜ੍ਹੇ ਸਮੇਂ ਵਿਚ ਆਪਣੇ ਉਦੇਸ਼ ਹਾਸਿਲ ਕਰ ਲੈਂਦੀ ਹੈ।[18]

ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਰਾਹੀਂ ਸੇਵਾ ਦਾ ਸੰਕਲਪ ਮਜ਼ਬੂਤ ਹੁੰਦਾ ਹੈ ਅਤੇ ਜਿਸ ਨਾਲ ਚੰਗੇ ਵਿਅਕਤੀ ਅਤੇ ਚੰਗੀਆਂ ਸੰਸਥਾਵਾਂ ਹੋਂਦ ਵਿਚ ਆਉਂਦੀਆਂ ਹਨ। ਸਿੱਖ ਕੀਮਤ ਪ੍ਰਬੰਧ ਵਿਚ ਵਿਅਕਤੀ ਦੀਆਂ ਉੱਚ ਕਦਰਾਂ ਕੀਮਤਾਂ ਅਤੇ ਉੱਚੇ ਆਚਰਣ ਤੇ ਵੀ ਜ਼ੋਰ ਦਿੱਤਾ ਗਿਆ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਸਵਾਮੀ ਰਾਮ ਦੇ ਅਨੁਸਾਰ–

> ਸਿੱਖ ਧਰਮ ਇੱਕ ਆਦਰਸ਼ ਸਮਾਜ ਦੀ ਉੱਤਪਤੀ ਤੇ ਜ਼ੋਰ ਦਿੰਦਾ ਹੈ ਜਿਸ ਦਾ ਅਧਾਰ ਅਧਿਆਤਮਿਕ ਜਾਗਰੂਕਤਾ ਅਤੇ ਨੈਤਿਕਤਾ ਦੀ ਈਮਾਨਦਾਰੀ ਸ਼ਾਮਿਲ ਹੈ।[19]

ਪ੍ਰਸਿੱਧ ਅੰਗਰੇਜ਼ੀ ਸਕਾਲਰ ਮੈਕਸ ਆਰਥਰ ਮੈਕਾਲੇ ਦਾ ਇਹ ਵਿਚਾਰ ਸਿੱਖ ਧਰਮ ਅਤੇ ਨੈਤਿਕਤਾ ਦੇ ਸਬੰਧ ਵਿਚ ਬੜਾ ਪ੍ਰਸੰਗਿਕ ਪ੍ਰਤੀਤ ਹੁੰਦਾ ਹੈ –

> ਸਿੱਖ ਧਰਮ ਵਿਚ ਨੈਤਿਕਤਾ ਦਾ ਅਜਿਹਾ ਸਿਸਟਮ ਹੈ ਜਿਸ ਦੀ ਮਿਸਾਲ ਹੋਰ ਕਿਧਰੇ ਵੀ ਨਹੀਂ ਮਿਲਦੀ ਸਿੱਖ ਲਿਖਤਾਂ ਵਿਚ ਮਨੁੱਖ ਦੇ ਚਰਿੱਤਰ ਨਿਰਮਾਣ ਲਈ ਅਦਭੁੱਤ ਢਾਂਚਾ ਪ੍ਰਾਪਤ ਹੁੰਦਾ ਹੈ। ਇਸ ਵਿਚ ਗੁਣਾਂ ਦੀ ਮਹੱਤਤਾ ਦਰਸਾਈ ਗਈ ਹੈ ਜੋ ਨਿਸ਼ਚਿਤ ਤੌਰ ਤੇ ਬੁਰਿਆਈਆਂ ਦਾ ਨਾਸ਼ ਕਰ ਦਿੰਦੀ ਹੈ।[20]

ਉਪਰੋਕਤ ਚਰਚਾ ਰਾਹੀਂ ਇਹ ਸਪਸ਼ਟ ਕਿ ਵਪਾਰਕ ਪ੍ਰਬੰਧ ਵਿਚ ਸਿੱਖ ਧਰਮ ਨਾਲ ਸਬੰਧਿਤ ਨੈਤਿਕਤਾ ਅਤੇ ਮੁੱਲ ਪ੍ਰਬੰਧ ਦਾ ਅਹਿਮ ਰਿਸ਼ਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਸ ਤਰ੍ਹਾਂ ਦੇ ਸੱਚਿਆਰ ਮਨੁੱਖ ਦੀ ਕਲਪਨਾ ਕੀਤੀ ਗਈ ਹੈ ਉਹ ਸਹਿਜੇ ਹੀ ਵਪਾਰਕ ਸੰਸਥਾਵਾਂ ਵਿਚ ਨੈਤਿਕਤਾ ਅਤੇ ਚੰਗੇ ਮੁੱਲ ਪ੍ਰਬੰਧ ਨੂੰ ਸਥਾਪਿਤ ਕਰ ਸਕਦਾ ਹੈ।

### 1.4 ਸਿੱਖ ਗੁਰੂਆਂ ਦਾ ਦ੍ਰਿਸ਼ਟੀਕੋਣ (Sikh Guru's Perspective)

ਸਿੱਖ ਧਰਮ ਅਜੋਕੇ ਸਮੇਂ ਦਾ ਨਵੀਨ ਤੇ ਵਿਗਿਆਨਿਕ ਚੇਤਨਾ ਵਾਲਾ ਨਿਵੇਕਲਾ ਅਤੇ ਸਾਂਝਾ ਧਰਮ ਹੈ। ਇਹ ਨਵਾਂ ਇਸ ਲਈ ਹੈ ਕਿਉਂਕਿ ਇਸ ਵਿਚ ਬਾਕੀ ਧਰਮਾਂ ਦੇ ਇਤਿਹਾਸਿਕ ਪ੍ਰਸੰਗ ਦੀ ਸੋਝੀ ਹੈ ਅਤੇ ਇਹ ਅਜੋਕੇ ਸਮੇਂ ਦੇ ਅਨੁਸਾਰੀ ਵੀ ਹੈ। ਇਸ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਵਾਲਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਗੁਰੂ ਸਾਹਿਬਾਨ ਦੀ ਤਰਕਵਾਦੀ ਸੋਚ ਤੇ ਅਧਾਰਿਤ ਹੈ। ਇਹ ਆਪਣੀ ਬਣਤਰ ਅਤੇ ਵਿਸ਼ਵਾਸ਼ ਕਰਕੇ ਹੀ ਨਿਵੇਕਲਾ ਨਹੀਂ ਸਗੋਂ ਇਸ ਦੇ ਦਾਰਸ਼ਨਿਕ, ਸੱਭਿਆਚਾਰਿਕ, ਇਤਿਹਾਸਿਕ ਪਰਿਪੇਖ ਵਿਚ ਕਦਰਾਂ ਕੀਮਤਾਂ ਦੀ ਨਵੀਨਤਾ ਦੇਖੀ ਗਈ ਹੈ। ਇਸ ਨੂੰ ਸਭ ਧਰਮਾਂ ਦਾ ਸਾਂਝਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਵਿਚਾਰਧਾਰਾ ਅਨੁਸਾਰ ਸਾਰੇ ਮਨੁੱਖ ਇੱਕ ਪਰਮਾਤਮਾ ਦੀ ਸੰਤਾਨ ਹਨ ਤੇ ਸਭ ਇਕ ਸਮਾਨ ਹਨ। ਸਭ ਮਨੁੱਖਾਂ ਦਾ ਇਕ ਦੂਜੇ ਨਾਲ ਭਰਾਤਰੀ ਭਾਵ ਵਾਲਾ ਰਿਸ਼ਤਾ ਹੈ ਇਹ ਧਰਮ ਕਿਸੇ ਵਿਸ਼ੇਸ ਧਰਮ, ਨਸਲ, ਜਾਤ ਜਾਂ ਭੁਗੋਲਿਕ ਖੰਡ ਤੱਕ ਹੀ ਸੀਮਿਤ ਨਹੀਂ ਸਗੋਂ ਇਹ ਤਾਂ ਅਨੇਕਤਾ ਵਿਚ ਏਕਤਾ ਦੀ ਗੱਲ ਕਰਦਾ ਹੈ। ਅੱਜ ਤੋਂ ਤਕਰੀਬਨ 550 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਸ ਧਰਮ ਦੀ

ਨੀਂਹ ਰੱਖੀ ਗਈ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਪਾਖੰਡਾਂ, ਵਹਿਮਾਂ, ਭਰਮਾਂ ਦੇ ਖਿਲਾਫ ਖੁੱਲ੍ਹ ਕੇ ਬੋਲਿਆ ਤੇ ਸਮਾਨਤਾ ਦੇ ਸਿਧਾਂਤ ਦੀ ਡਟ ਕੇ ਪੈਰਵੀ ਕੀਤੀ ਅਤੇ ਰਾਜੇ ਮਹਾਰਾਜਿਆਂ ਤੱਕ ਨੂੰ ਇੱਕ ਸਮਾਨ ਉਪਦੇਸ਼ ਦੇ ਕੇ ਇਸ ਦੀ ਨੀਂਹ ਨੂੰ ਮਜ਼ਬੂਤ ਕੀਤਾ। ਜਿੱਥੇ ਗੁਰੂ ਨਾਨਕ ਦੇਵ ਜੀ ਨੇ ਭਗਤੀ ਦੇ ਨਾਲ ਨਾਲ ਸ਼ਕਤੀ ਦੀ ਹੋਂਦ ਨੂੰ ਵੀ ਉਜਾਗਰ ਕੀਤਾ। ਗੁਰੂ ਨਾਨਕ ਸਾਹਿਬ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਨੇ ਵੀ ਉਸੇ ਮਨੁੱਖੀ ਵਿਚਾਰਧਾਰਾ ਤੇ ਬਲ ਦਿੱਤਾ ਤੇ ਇਸਨੂੰ ਹੋਰ ਪਰਪੱਕ ਕੀਤਾ। ਗੁਰੂ ਸਾਹਿਬ ਸਾਂਝੀਵਾਲਤਾ ਦੇ ਸੰਕਲਪ ਦੇ ਸਮਰਥਕ ਸਨ ਅਤੇ ਸਾਰੇ ਜੀਵਾਂ ਵਿੱਚ ਇਕ ਪਰਮਾਤਮਾ ਦੀ ਹੋਂਦ ਨੂੰ ਦੇਖਦੇ ਸਨ –

ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ ॥[21]

ਗੁਰੂ ਸਾਹਿਬਾਨ ਦਾ ਉਪਦੇਸ਼ ਸਰਬੱਤ ਦੇ ਭਲੇ ਅਤੇ ਆਲਮੀ ਭਾਈਚਾਰਕ ਸਾਂਝ ਲਈ ਸੀ ਜੋ ਇਤਿਹਾਸਿਕ ਸ੍ਰੋਤਾਂ ਰਾਹੀਂ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਸਾਹਿਬਾਨ ਦੁਆਰਾ ਹੱਕ ਅਤੇ ਸੱਚ ਦੀ ਰਾਖੀ ਲਈ ਸ਼ਹਾਦਤ ਦੇ ਸੰਕਲਪ ਨੂੰ ਪ੍ਰਚੰਡ ਰੂਪ ਵਿੱਚ ਧਾਰਨ ਕੀਤਾ ਗਿਆ। ਮੀਰੀ ਅਤੇ ਪੀਰੀ ਦੇ ਸਿਧਾਂਤ ਨੇ ਧਰਮ ਵਿਚ ਸੰਤ ਅਤੇ ਸਿਪਾਹੀ ਦੇ ਦ੍ਰਿਸ਼ਟੀਕੋਣ ਨੂੰ ਤਿਆਰ ਕੀਤਾ। ਗੁਰੂ ਸਾਹਿਬਾਨ ਨੇ ਯੋਗ ਅਗਵਾਈ ਦੇ ਸਿਧਾਂਤ ਦਾ ਜਿਕਰ ਅਨੇਕਾਂ ਵਾਰ ਕੀਤਾ। ਗੁਰੂ ਸਾਹਿਬਾਨ ਨੇ ਔਰਤ–ਮਰਦ, ਅਮੀਰ–ਗਰੀਬ ਦੀ ਸਮਾਨਤਾ ਨੂੰ ਪ੍ਰਚਾਰਿਆ ਜੋ ਲੰਬੇ ਸਮ੍ਹੇਂ ਤੋਂ ਅਸਮਾਨਤਾਂਵਾਂ ਦਾ ਸ਼ਿਕਾਰ ਹੋ ਰਹੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਗੁਰੂਘਰ ਦੇ ਨਿਕਟਵਰਤੀ ਸਿੱਖਾਂ ਦੀ ਬਾਣੀ ਦਰਜ ਹੈ। ਬਾਣੀ ਦੇ ਰਚਨਹਾਰੇ ਅਲੱਗ ਅਲੱਗ ਥਾਂਵਾਂ, ਅਲੱਗ–ਅਲੱਗ ਜਾਂਤਾਂ ਅਤੇ ਕਿੱਤਿਆਂ ਨਾਲ ਸਬੰਧਿਤ ਹਨ, ਪਰ ਗੁਰੂ ਸਾਹਿਬਾਨ ਨੇ ਇਹਨਾਂ ਸਭ ਨੂੰ ਇੱਕ ਸਮਾਨ ਦਰਜਾ ਦਿੱਤਾ ਅਤੇ ਸਭੈ ਸਾਝੀਵਾਲ ਸਦਾਇਨਿ ਦੀ ਭਾਵਨਾ ਨੂੰ ਹੋਰ ਵੀ ਪਕੇਰਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਦਾ ਸਥਾਨ ਦੇ ਕੇ ਦੇਹ ਗੁਰੂ ਦੇ ਸੰਕਲਪ ਨੂੰ ਖਤਮ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਕਿਸੇ ਖਾਸ

ਫਿਰਕੇ, ਜਾਤ ਜਾਂ ਵਰਗ ਦੇ ਲੋਕਾਂ ਤੱਕ ਹੀ ਸੀਮਿਤ ਨਹੀਂ ਸਗੋਂ ਇਹਨਾਂ ਦਾ ਉਪਦੇਸ਼ ਸਭ ਲਈ ਸਾਂਝਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਮਨੁੱਖ ਨੂੰ ਉਸਦੇ ਮਾੜੇ ਕੰਮਾਂ ਤੋਂ ਰੋਕ ਕੇ ਇੱਕ ਉੱਤਮ ਮਨੁੱਖ ਦੀ ਪਦਵੀ ਪ੍ਰਾਪਤ ਕਰਨ ਤੇ ਜ਼ੋਰ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿਸ਼ਵ ਸ਼ਾਂਤੀ ਦੀ ਸਥਾਪਨਾ ਕਰਦੀਆਂ ਹਨ। ਇਸ ਰਾਹੀਂ ਉਨ੍ਹਾਂ ਨੇ ਅਬਿਚਲ ਨਗਰ ਅਤੇ ਬੇਗਮਪੁਰਾ ਵਰਗੇ ਦੇਸ਼ ਵਸਾਉਣ ਦੀ ਗੱਲ ਕੀਤੀ ਭਾਵ ਇਹ ਅਜਿਹੇ ਦੇਸ਼ ਹੋਣਗੇ ਜਿੱਥੇ ਵਿਤਕਰਾ ਨਹੀਂ, ਜਾਤ ਪਾਤ ਕੋਹੜ ਦਾ ਨਹੀਂ ਸਗੋਂ ਕੇਵਲ ਅਕਾਲ ਪੁਰਖ ਦੇ ਸਿਮਰਨ ਰਾਹੀਂ ਸਦੀਵੀ ਸੁੱਖ ਪ੍ਰਾਪਤ ਹੋਵੇਗਾ। ਹਿੰਸਾ, ਨਫ਼ਰਤ, ਵੈਰ ਵਿਰੋਧ, ਈਰਖਾ ਦੀ ਪਰਵਿਰਤੀ ਦਾ ਨਾਸ਼ ਹੋਵੇਗਾ। ਅੰਗਰੇ÷ਇਤਿਹਾਸਕਾਰ ਕਨਿੰਗਮ ਦੇ ਸ਼ਬਦਾਂ ਦੇ ਅਨੁਸਾਰ-

> ਗੁਰੂ ਨਾਨਕ ਦੇਵ ਇੱਕ ਕ੍ਰਾਂਤੀਕਾਰੀ ਵਜੋਂ ਸਮਾਜ ਵਿਚ ਵਿਚਰੇ ਅਤੇ ਉਨ੍ਹਾਂ ਨੇ ਵਹਿਮਾਂ ਭਰਮਾਂ, ਪਾਖੰਡਾਂ ਤੋਂ ਮੁਕਤ ਇੱਕ ਨਵੇਂ ਤੇ ਸੁਤੰਤਰ ਧਰਮ ਦੀ ਸਥਾਪਨਾ ਕੀਤੀ।[22]

ਗੁਰੂ ਸਾਹਿਬਾਨ ਨੇ ਆਪਣੇ ਸਮੇਂ ਦੀਆਂ ਸਮਕਾਲੀ ਤੇ ਤਤਕਾਲੀ ਪਰੰਪਰਾਂਵਾ ਜੋ ਵਕਤ ਵਿਹਾ ਚੁੱਕੀਆਂ ਸਨ ਤੇ ਸਮਾਜ ਲਈ ਕਲਿਆਣਕਾਰੀ ਵੀ ਨਹੀਂ ਸਨ ਨਾਲ ਅਸਹਿਮਤੀ ਪ੍ਰਗਟ ਕੀਤੀ ਅਤੇ ਧਰਮ, ਮੁੱਲ ਪ੍ਰਬੰਧਾਂ, ਰਾਜਨੀਤੀ ਤੇ ਸਮਾਜਿਕ ਨੀਤੀਆਂ ਆਦਿ ਨੂੰ ਮੁੜ ਪ੍ਰਭਾਸ਼ਿਤ ਕੀਤਾ ਗਿਆ ਉਹਨਾ ਦੀ ਸਾਰਥਕਤਾ ਨੂੰ ਨਿਖੇੜ ਕੇ ਵਹਿਮਾਂ ਭਰਮਾਂ ਦਾ ਨਾਸ਼ ਕੀਤਾ। ਗੁਰੂ ਸਾਹਿਬ ਦੀ ਵਿਲੱਖਣਤਾ ਇਹ ਵੀ ਹੇ ਕਿ ਇਨ੍ਹਾਂ ਨੇ ਖ਼ੁਦ ਬਾਣੀ ਲਿਖਣ ਦਾ ਕਾਰਜ ਕੀਤਾ ਅਤੇ ਇਕ ਨਵੇਂ ਸਮਾਜ ਦੀ ਸਥਾਪਨਾ ਕੀਤੀ। ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੀ ਰਚਨਾ ਉਸ ਦੇ ਸੰਸਥਾਪਕਾਂ ਦੇ ਬਾਅਦ ਵਿਚ ਹੋਈ ਹੈ ਜਦਕਿ ਸਿੱਖ ਧਰਮ ਦੇ ਬਾਨੀਆਂ ਨੇ ਨਾ ਕੇਵਲ ਆਪ ਬਾਣੀ ਲਿਖੀ ਸਗੋਂ ਇਸ ਨੂੰ ਸੰਪਾਦਿਤ ਕਰਨ ਦਾ ਮਹਾਨ ਕਾਰਜ ਵੀ ਆਪਣੇ ਹੱਥੀਂ ਕੀਤਾ।

ਗੁਰੂ ਸਾਹਿਬਾਨ ਦੇ ਅਨੁਸਾਰ ਕਿਸੇ ਮਨੁੱਖ ਨੂੰ ਕੇਵਲ ਉਸ ਦੇ ਪਹਿਰਾਵੇ ਜਾਂ ਵਿਸ਼ਵਾਸ਼ ਦੇ ਕਾਰਨ ਹੀ ਧਰਮੀ ਨਹੀਂ ਕਿਹਾ ਜਾ ਸਕਦਾ ਸਗੋਂ ਉਸ ਕੋਲ ਚੰਗੇ ਅਚਾਰ-ਵਿਹਾਰ ਅਤੇ ਚੰਗੇ

ਕਰਮਾਂ ਦਾ ਹੋਣਾ ਵੀ ਮਹੱਤਵਪੂਰਨ ਹੈ। ਗੁਰੂ ਨਾਲਕ ਦੇਵ ਜੀ ਦੇ ਅਨੁਸਾਰ ਗੁਣਾਂ ਤੋਂ ਬਗੈਰ ਜ਼ਿੰਦਗੀ ਵਿਅਰਥ ਹੈ। ਹਰ ਇੱਕ ਸਿੱਖ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਜੀਵਨ ਵਿਚੋਂ ਔਗੁਣਾਂ ਦਾ ਖਿਆਲ ਤਿਆਗ ਕੇ ਚੰਗੇ ਗੁਣਾਂ ਦਾ ਧਾਰਨੀ ਬਣੇ। ਡਾ. ਅਮਰਜੀਤ ਸਿੰਘ ਕਾਂਗ ਅਤੇ ਡਾ. ਜਸਪਾਲ ਕੌਰ ਕਾਂਗ, ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਨਵੇਕਲੇ ਢੰਗ ਰਾਹੀਂ ਵਿਵਹਾਰਿਕ ਪੱਧਰ ਤੇ ਪੇਸ਼ ਕਰਦਿਆਂ ਲਿਖਦੇ ਹਨ ਕਿ –

> ਬਾਣੀ ਚਿੰਤਨ ਦਾ ਕੇਂਦਰੀ ਮਨੋਰਥ ਹੀ ਇਹ ਦਰਸਾਉਂਦਾ ਹੈ ਕਿ ਧਰਮ ਦੇ ਅਰਥ ਸਮੁੱਚੀ ਮਾਨਵਤਾ ਨੂੰ ਇੱਕ ਦੂਜੇ ਨਾਲ ਜੋੜਨ ਦੇ ਹਨ ਬਾਣੀ ਚਿੰਤਨ ਪ੍ਰਸਪਰ ਪਿਆਰ ਅਤੇ ਦੂਜੇ ਦੀ ਹੋਂਦ ਦੇ ਸੱਚ ਨੂੰ ਪ੍ਵਾਨ ਕਰਨ ਦੀ ਨਿਹਿਤ ਹੈ। ਇਹ ਚਿੰਤਨ ਬਾਣੀ ਰਾਹੀਂ ਅਤੇ ਗੁਰੂਆਂ ਦੇ ਜੀਵਨ ਵਿਵਹਾਰ ਰਾਹੀਂ ਵਿਸ਼ਵ ਪੱਧਰ ਤੇ ਫੈਲਿਆ ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ।[23]

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਚੰਗੇ ਗੁਣਾਂ ਨੂੰ ਧਾਰਨ ਕਰਨ ਦੀ ਵਿਧੀ ਸਮਝਾਉਂਦੇ ਹੋਏ ਲਿਖਦੇ ਹਨ ਕਿ ਚੰਗੇ ਗੁਣਾਂ ਨੂੰ ਧਾਰਨ ਕਰਨ ਤੋਂ ਪਹਿਲਾਂ ਆਪਣੇ ਅੰਦਰੋਂ ਮਾੜੇ ਗੁਣਾਂ ਦਾ ਤਿਆਗ ਕਰਨਾ ਪੈਂਦਾ ਹੈ। ਇਸ ਸਬੰਧ ਵਿਚ ਗੁਰੂ ਸਾਹਿਬਾਨ ਸਮੁੱਚੀ ਮਾਨਵਤਾ ਨੂੰ ਚੰਗੇ ਗੁਣਾਂ ਨੂੰ ਧਾਰਨ ਕਰਨ ਅਤੇ ਮਾੜੇ ਗੁਣਾਂ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ–

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥[24]

ਉਪਰੋਕਤ ਚਰਚਾ ਤੋਂ ਉਪਰੰਤ ਗੁਰਬਾਣੀ ਦਰਸ਼ਨ ਦੀ ਵਿਵਹਾਰਿਕਤਾ ਸਿਧਾਂਤਕ ਰੂਪ ਵਿਚ ਸਮਝਣ ਦਾ ਯਤਨ ਕੀਤਾ ਜਾ ਰਿਹਾ ਹੈ ਜਿਸ ਦਾ ਅਧਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਂਵਾਂ ਹੀ ਹਨ–

- ਜੀਵਨ ਵਿਚੋਂ ਹਉਮੈ ਦਾ ਤਿਆਗ ਕਰਨਾ ਅਤੇ ਝੂਠੇ ਰੀਤੀ ਰਿਵਾਜਾਂ ਦਾ ਤਿਆਗ ਕਰਨਾ, ਗ੍ਰਹਿਸਥ ਜੀਵਨ ਨੂੰ ਅਪਨਾਉਣਾ ਅਤੇ ਰੱਬ ਦੀ ਭਾਲ ਵਿਚ ਜੰਗਲਾਂ ਵਿਚ ਭਟਕਣਾ ਗਲਤ ਹੈ।
- ਸੇਵਾ ਦੀ ਭਾਵਨਾ ਦਾ ਵਿਕਾਸ ਕਰਨਾ। ਨਿਸ਼ਕਾਮ ਸੇਵਾ ਰਾਹੀਂ ਮਨੁੱਖਤਾ ਦੀ ਭਲਾਈ ਲਈ ਕਾਰਜ ਕਰਨਾ।
- ਹਰ ਪ੍ਰਕਾਰ ਦੇ ਨਸ਼ਿਆਂ ਦਾ, ਮਾੜੀਆਂ ਆਦਤਾਂ, ਬੁਰੀ ਸੰਗਤ ਦਾ ਤਿਆਗ ਕਰਨਾ ਅਤੇ ਚੰਗੇ ਕਰਮਾਂ ਰਾਹੀਂ ਅਕਾਲ ਪੁਰਖ ਦੇ ਭਾਣੇ ਵਿਚ ਜੀਵਨ ਬਤੀਤ ਕਰਨਾ।
- ਚੰਗੇ ਚਰਿੱਤਰ ਦਾ ਨਿਰਮਾਣ ਕਰਨਾ। ਔਰਤਾਂ ਨੂੰ ਆਪਣੀ ਪਤਨੀ ਤੋਂ ਬਿਨਾਂ, ਮਾਂ, ਭੈਣ, ਧੀ ਕਰਕੇ ਜਾਨਣਾ ਅਤੇ ਔਰਤ ਪੁਰਸ਼ ਦੋਹਾਂ ਲਈ ਇਹੀ ਨਿਯਮ ਹਨ।
- ਮਾੜੀਆਂ ਇੱਛਾਵਾਂ, ਲਾਲਚ, ਗੁੱਸਾ ਅਤੇ ਲੋੜ ਤੋਂ ਜਿਆਦਾ ਸੰਸਾਰ ਨਾਲ ਪ੍ਰੇਮ ਆਦਿ ਤੋਂ ਬਚਣਾ ਅਤੇ ਮਨ ਤੇ ਕਾਬੂ ਪਾਉਣ ਦਾ ਯਤਨ ਕਰਨਾ।
- ਸਿੱਖ ਲਈ ਭਗਤੀ/ਸਿਮਰਨ ਦੀ ਵਿਧੀ ਸਰਲ ਹੈ। ਭਗਤੀ ਕਿਸੇ ਵੀ ਸਮੇਂ, ਕਿਸੇ ਵੀ ਸਥਾਨ ਤੇ ਕਿਸੇ ਵੀ ਤਰੀਕੇ ਨਾਲ ਕੀਤੀ ਜਾ ਸਕਦੀ ਹੈ।
- ਸੰਸਾਰ ਵਿਚ ਵਿਚਰਦੇ ਸਮੇਂ, ਕੰਮ ਕਰਦੇ ਸਮੇਂ, ਦਿਮਾਗੀ ਸੰਤੁਲਨ ਨੂੰ ਕਾਇਮ ਰੱਖਣਾ। ਸਭ ਨੂੰ ਇੱਕ ਸਮਾਨ ਜਾਨਣਾ ਅਤੇ ਅਕਾਲ ਪੁਰਖ ਦੇ ਭਾਣੇ ਵਿਚ ਜੀਵਨ ਬਤੀਤ ਕਰਨਾ।
- ਕੇਵਲ ਇੱਕ ਪ੍ਰਮਾਤਮਾ, ਜਿਸ ਨੂੰ ਅਕਾਲ ਪੁਰਖ ਕਿਹਾ ਗਿਆ ਹੈ, ਜੋ ਹਰ ਥਾਂ ਤੇ ਹੈ, ਹਰ ਵਿਚ ਹੈ ਅਤੇ ਸਭ ਕੁਝ ਕਰਨ ਦੇ ਸਮਰੱਥ ਹੈ, ਵਿਚ ਵਿਸ਼ਵਾਸ ਕਰਨਾ। ਇਸ ਦੇ ਸਬੰਧ ਵਿਚ ਗੁਰੂ ਨਾਨਕ ਸਾਹਿਬ ਜਪ ਬਾਣੀ ਦੀ ਅਰੰਭਤਾ ਵਿਚ ਲਿਖਦੇ ਹਨ–

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲੁ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।।[25]

- ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਮੰਨਣਾ ਹਰ ਕਾਰਜ ਦੀ ਸਫ਼ਲਤਾ ਲਈ ਗੁਰੂ ਗ੍ਰੰਥ ਤੇ ਪੂਰਨ ਭਰੋਸਾ ਰੱਖਣਾ।
- ਮੂਰਤੀ ਪੂਜਾ, ਵਹਿਮਾ ਭਰਮਾਂ, ਕਰਮ ਕਾਂਡਾਂ ਵਿਚ ਵਿਸ਼ਵਾਸ਼ ਨਾ ਕਰਨਾ, ਸੱਚੇ ਗ੍ਰਹਿਸਤ ਜੀਵਨ ਨੂੰ ਅਪਨਾਉਣਾ, ਗੁਰੂ ਸਾਹਿਬਾਨ ਪੁਜਾਰੀ ਵਰਗ ਨਾਲ ਸਬੰਧਿਤ ਨਹੀਂ ਸਨ ਸਗੋਂ ਉਹਨਾਂ ਨੇ ਵੀ ਗ੍ਰਹਿਸਥੀ ਜੀਵਨ ਵਿਚ ਹੀ ਜੀਵਨ ਤੇ ਧਰਮ ਦੇ ਕਾਰਜਾਂ ਨੂੰ ਪੂਰਾ ਕੀਤਾ।
- ਮਨੁੱਖੀ ਜੀਵਨ ਵਿੱਚ ਤਿੰਨ ਸਿਧਾਂਤਾਂ ਦੀ ਪਾਲਣਾ ਕਰਨੀ-ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ।
- ਸੱਚ ਤੇ ਸੱਚ ਦੇ ਪ੍ਰਗਟਾਵੇ ਨੂੰ ਤਾਰਕਿਕ ਰੱਖਣਾ। ਅਕਾਲ ਪੁਰਖ ਤੇ ਵਿਸ਼ਵਾਸ਼ ਰੱਖਣਾ ਅਤੇ ਉਸ ਨੂੰ ਹਰ ਸਮੇਂ ਅੰਗ-ਸੰਗ ਜਾਨਣਾ।
- ਜੀਵਨ ਵਿਚ ਈਮਾਨਦਾਰੀ, ਸੱਚਾਈ ਨੂੰ ਧਾਰਣ ਕਰਨਾ ਅਤੇ ਨਿਰਦੋਸ਼ਾਂ ਨੂੰ ਨੁਕਸਾਨ ਨਾ ਪਹੁੰਚਾਉਣਾ।
- ਬੇਸਹਾਰਿਆਂ ਦਾ ਆਸਰਾ ਬਣਨਾ ਅਤੇ ਲੋੜ ਪੈਣ ਤੇ ਜ਼ੁਲਮ ਖਿਲਾਫ ਵੱਡੀ ਤੋਂ ਵੱਡੀ ਕੁਰਬਾਨੀ ਤੋਂ ਵੀ ਪਿੱਛੇ ਨਾ ਹਟਣਾ।
- ਕਿਸੇ ਨੂੰ  ਨਹੀਂ ਡਰਾਉਣਾ ਅਤੇ ਨਾ ਹੀ ਡਰਨਾ। ਹਥਿਆਰਾਂ ਦਾ ਪ੍ਰਯੋਗ ਕੇਵਲ ਬੇਇਨਸਾਫ਼ੀ ਸਮੇਂ ਹੀ ਕਰਨਾ,  ਪ੍ਰਯੋਗ ਕੇਵਲ ਉਸ ਸਮੇਂ ਹੀ ਕਰਨਾ ਜਦੋਂ ਸ਼ਾਂਤੀ ਦੇ ਸਾਰੇ ਸਰੋਤ ਖ਼ਤਮ ਹੋ ਗਏ ਹੋਣ।
- ਸਭ ਨੂੰ ਸਮਾਨ ਸਮਝਣਾ, ਊਚ-ਨੀਚ, ਅਮੀਰ-ਗਰੀਬ, ਵੱਡਾ-ਛੋਟਾ, ਔਰਤ-ਮਰਦ, ਜਾਤ-ਪਾਤ ਦੇ ਬੰਧਨਾਂ ਤੋਂ ਉੱਪਰ ਉੱਠਣਾ ਅਤੇ ਸਭ ਮਨੁੱਖਾਂ ਨੂੰ ਅਕਾਲ ਪੁਰਖ ਦੀ ਸੰਤਾਨ ਕਰ ਕੇ ਜਾਣਨਾ।

- ਜੀਵਨ ਨੂੰ ਕੁਦਰਤ ਦੇ ਅਨੁਸਾਰ ਬਤੀਤ ਕਰਨਾ। ਧਰਤੀ ਦੀਆਂ ਸਾਰੀਆਂ ਪ੍ਰਜਾਤੀਆਂ ਦਾ ਸਤਿਕਾਰ ਕਰਨਾ। ਹਵਾ ਨੂੰ ਗੁਰੂ ਕਰਕੇ ਜਾਨਣਾ, ਪਾਣੀ ਨੂੰ ਪਿਤਾ ਅਤੇ ਧਰਤ ਨੂੰ ਮਾਤਾ ਕਰ ਕੇ ਜਾਨਣਾ। ਇਸੇ ਸਬੰਧ ਵਿਚ ਗੁਰੂ ਨਾਨਕ ਸਾਹਿਬ ਲਿਖਦੇ ਹਨ-

  ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
  ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਜਗਤੁ॥[26]

- ਔਰਤਾਂ ਨੂੰ ਬਰਾਬਰਤਾ ਦਾ ਸਥਾਨ ਦੇਣਾ। ਹਰ ਇੱਕ ਮਸਲੇ ਵਿਚ ਸਮਾਨ ਭਾਈਵਾਲੀ ਦੇ ਅਧਿਕਾਰ ਦੇਣੇ। ਵਿਆਹ ਨੂੰ ਨਾ ਟੁੱਟਣ ਯੋਗ ਰਿਸ਼ਤੇ ਦੇ ਤੌਰ ਤੇ ਸਵੀਕਾਰ ਕਰਨਾ। ਕੇਵਲ ਜਿਸਮਾਂ ਦਾ ਸਬੰਧ ਨਾ ਜਾਣ ਕੇ ਇੱਕ ਜੋਤ ਦੇ ਸੰਕਲਪ ਨੂੰ ਅਪਨਾਉਣਾ।
- ਸਿੱਖ ਧਰਮ ਵਿਵਹਾਰਿਕ ਧਰਮ ਹੈ। ਇਸ ਵਿਚ ਉਪਦੇਸ਼ ਨੂੰ ਬੜੀ ਸਰਲ ਭਾਸ਼ਾ ਵਿੱਚ ਅਤੇ ਕਲਾਤਮਕ ਸ਼ੈਲੀ ਵਿੱਚ ਪ੍ਰਗਟਾਇਆ ਗਿਆ ਹੈ।

ਹਥਲੇ ਅਧਿਆਇ ਰਾਹੀਂ ਹੁਣ ਤੱਕ ਪ੍ਰਬੰਧ ਅਤੇ ਮੁੱਲ ਪ੍ਰਬੰਧ ਦੇ ਅਰਥਾਂ ਨੂੰ ਪ੍ਰੀਭਾਸ਼ਾਵਾਂ ਸਹਿਤ ਵਿਚਾਰਨ ਤੋਂ ਬਾਅਦ ਵਪਾਰਿਕ ਨੈਤਿਕਤਾ ਅਤੇ ਸਿੱਖ ਮੁੱਲ ਪ੍ਰਬੰਧ ਦੇ ਵਿਵਹਾਰਿਕ ਤੇ ਸਿਧਾਂਤਕ ਸਬੰਧਾਂ ਨੂੰ ਦ੍ਰਿਸ਼ਟਮਾਨ ਕਰਨ ਉਪਰੰਤ ਵਪਾਰਿਕ ਨੈਤਿਕਤਾ ਨੂੰ ਸਿੱਖ ਗੁਰੂਆਂ ਦੀ ਦ੍ਰਿਸ਼ਟੀ ਤੋਂ ਵਾਚਿਆ ਜਾਵੇਗਾ।

### 1.5 ਵਪਾਰਿਕ ਨੈਤਿਕਤਾ ਦੀ ਪ੍ਰਕਿਰਤੀ ਅਤੇ ਸਰੂਪ (Nature and Forms of Business Ethics)

ਨੈਤਿਕਤਾ ਸ਼ਬਦ ਦੀ ਉੱਤਪਤੀ ਗਰੀਕ ਅੱਖਰ 'Ethos' ਤੋਂ ਹੋਈ ਹੈ ਜਿਸ ਦਾ ਅਰਥ ਹੈ Moral Value ਭਾਵ ਇਸ ਵਿਚ ਵਿਅਕਤੀ ਦਾ ਸੁਭਾਅ, ਸਖਸ਼ੀਅਤ ਅਤੇ ਵਸਤੂ ਨੂੰ ਜਾਂਚਣ ਪਰਖਣ ਦਾ ਨਜ਼ਰੀਆ ਸ਼ਾਮਿਲ ਹੁੰਦਾ ਹੈ। ਇਸ ਪ੍ਰਕਾਰ ਨੈਤਿਕਤਾ ਸ਼ਬਦ ਦੇ ਸਾਨੂੰ ਦੋ ਮੁੱਖ ਪਹਿਲੂ ਪ੍ਰਾਪਤ ਹੁੰਦੇ ਹਨ:-

1. ਵਿਅਕਤੀ ਦੇ ਵਿਸ਼ੇਸ਼ ਗੁਣ ਜਿਨ੍ਹਾਂ ਦੇ ਕਾਰਨ ਉਸ ਨੂੰ ਸਮਾਜ ਵਿਚ ਇੱਜ਼ਤ ਮਾਣ ਪ੍ਰਾਪਤ ਹੁੰਦਾ ਹੈ।

2. ਸਮਾਜਿਕ ਨਿਯਮ ਜਿਨ੍ਹਾਂ ਕਾਰਨ ਵਿਅਕਤੀ ਦਾ ਅਚਾਰ-ਵਿਹਾਰ ਪ੍ਰਭਾਵਿਤ ਹੁੰਦਾ ਹੈ ਅਤੇ ਚੰਗੇ ਜਾਂ ਮਾੜੇ ਦਾ ਨਿਰਵਾ ਕੀਤਾ ਜਾਂਦਾ ਹੈ।

ਨੈਤਿਕਤਾ ਉਦੋਂ ਹੀ ਹੋਂਦ ਵਿਚ ਆਉਂਦੀ ਹੈ ਜਦੋਂ ਮਨੁੱਖ ਸੰਸਾਰ ਵਿਚ ਵਿਚਰਦਾ ਹੈ ਅਤੇ ਨਵੀਆਂ ਨਵੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਹੈ ਅਤੇ ਇਸੇ ਦੌਰਾਨ ਹੀ ਜੋ ਵੀ ਗੁਣ ਉਸ ਰਾਹੀਂ ਪਰਿਵਾਰ, ਦੋਸਤਾਂ ਜਾਂ ਫਿਰ ਸਮਾਜ ਤੋਂ ਗ੍ਰਹਿਣ ਕੀਤੇ ਹੁੰਦੇ ਹਨ ਉਹਨਾਂ ਦੇ ਅਧਾਰ ਤੇ ਹੀ Model code of Conduct ਦਾ ਨਿਰਮਾਣ ਹੁੰਦਾ ਹੈ ਪਰ ਇਤਿਹਾਸ ਵਿਚ ਇਹਨਾਂ ਦੀ ਉੱਤਪਤੀ ਦਾ ਕੋਈ ਖਾਸ ਸਥਾਨ ਜਾਂ ਸੋਮਾ ਪ੍ਰਾਪਤ ਨਹੀਂ ਹੁੰਦਾ।

ਬੁੱਧੀਜੀਵੀਆਂ ਤੇ ਦਰਸ਼ਨ-ਸ਼ਾਸ਼ਤਰੀਆਂ ਨੇ ਨੈਤਿਕਤਾ ਦੇ ਅਨੇਕਾਂ ਪੱਖ ਦ੍ਰਿਸ਼ਟਮਾਨ ਕੀਤੇ ਹਨ ਜਿਹਨਾਂ ਦਾ ਸੰਖੇਪ ਵੇਰਵਾ ਦਿੱਤਾ ਜਾ ਰਿਹਾ ਹੈ। ਪ੍ਰਸਿੱਧ ਸਮਾਜ ਸ਼ਾਸ਼ਤਰੀ ਬਰਾਊਡੀ ਦੇ ਅਨੁਸਾਰ-

ਨੈਤਿਕਤਾ ਤੋਂ ਭਾਵ ਉਹ ਚੋਣ ਹੈ ਜਿਹੜੀ ਉੱਚਤਾ ਦੇ ਅਧਾਰ ਤੇ ਕੀਤੀ ਜਾਂਦੀ ਹੈ।[27]

ਪਬੰਧ ਵਿਗਿਆਨੀ ਪਾਰਕਰ ਡੀ. ਐੱਚ. ਦਾ ਵਿਚਾਰ ਹੈ ਕਿ-

> ਕਦਰਾਂ ਕੀਮਤਾਂ ਨੈਤਿਕਤਾ ਦੇ ਰੂਪ ਵਿੱਚ ਸਮੁੱਚੇ ਤੌਰ ਤੇ ਅੰਦਰੂਨੀ ਮਨ ਨਾਲ ਸਬੰਧਿਤ ਹਨ। ਅਸਲੀ ਕਦਰਾਂ ਕੀਮਤਾਂ ਇੱਛਾ ਦੀ ਪੂਰਤੀ ਜਾਂ ਸੰਤੁਸ਼ਟੀ ਹੈ ਪਰ ਜੋ ਇੱਛਾ ਸੰਤੁਸ਼ਟੀ ਲਈ ਵਰਤੀ ਜਾਂਦੀ ਹੈ ਉਹ ਸਿਰਫ ਇੱਕ ਸਾਧਨ ਹੈ। ਕਦਰਾਂ ਕੀਮਤਾਂ ਦਾ ਸਬੰਧ ਹਮੇਸ਼ਾ ਹੀ ਅਨੁਭਵ ਨਾਲ ਹੁੰਦਾ ਹੈ, ਕਿਸੇ ਵਸਤੂ ਨਾਲ ਨਹੀਂ।[28]

ਕਦਰਾਂ ਕੀਮਤਾਂ ਨੂੰ ਵਿਸਤ੍ਰਿਤ ਰੂਪ ਵਿਚ ਸਮਝਣ ਲਈ ਡਾ. ਪਰਮਜੀਤ ਕੌਰ ਸੰਧੂ, ਪ੍ਰਚੀਨ ਇਤਿਹਾਸਿਕ ਸਰੋਤਾਂ ਦੇ ਹਵਾਲਿਆਂ ਨਾਲ ਲਿਖਦੇ ਹਨ ਕਿ-

> ਭਾਰਤੀ ਦਰਸ਼ਨ ਸ਼ਾਸ਼ਤਰ ਅਨੁਸਾਰ ਅਸਲੀ ਕਦਰਾਂ ਕੀਮਤਾਂ ਤਿੰਨ ਅਰਥਾਤ ਸਤਯਮ, ਸ਼ਿਵਮ ਤੇ ਸੁੰਦਰਮ ਹਨ, ਜਿਹੜੀਆਂ ਪ੍ਰਚੀਨ

ਕਾਲ ਤੋਂ ਹੀ ਪ੍ਰਚੱਲਿਤ ਹਨ। ਸਤਯਮ ਦਾ ਅਰਥ ਹੈ ਕਿ ਮਨੁੱਖ ਦਾ ਜੀਵਨ ਸੱਚਾਈ ਤੇ ਅਧਾਰਿਤ ਹੋਵੇ ਉਹ ਚੰਗਿਆਈ ਅਪਨਾਵੇ ਅਤੇ ਲੋਕ ਭਲਾਈ ਦਾ ਕੰਮ ਕਰੇ, ਸੁੰਦਰਤਾ ਤੇ ਸੁਹਜਾਤਮਿਕ ਪੱਖ ਆਪਣੇ ਜੀਵਨ ਵਿੱਚ ਲੈ ਕੇ ਆਵੇ।[29]

ਉਪਰੋਕਤ ਨੁਕਤਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਨੈਤਿਕਤਾ ਕਦਰਾਂ ਕੀਮਤਾਂ ਦੇ ਰੂਪ ਵਿਚ ਮਨੁੱਖੀ ਜੀਵਨ ਦੇ ਵਭਿੰਨ ਪਹਿਲੂਆਂ ਨਾਲ ਜੁੜੇ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ।

### 1.5.1 ਗਰੀਕ ਵਿਦਵਾਨਾਂ ਅਨੁਸਾਰ ਨੈਤਿਕਤਾ ਦਾ ਸੰਕਲਪ (Greek Philosophers on the Concepts of Ethics)

ਨੈਤਿਕਤਾ ਦੇ ਅਰਥਾਂ ਨੂੰ ਸਮੱਗਰ ਰੂਪ ਵਿਚ ਪੇਸ਼ ਕਰਨ ਲਈ ਗਰੀਕ ਵਿਦਵਾਨਾਂ ਦਾ ਯੋਗਦਾਨ ਅਹਿਮ ਹੈ। ਸੁਕਰਾਤ (470-399 ਬੀ.ਸੀ.) , ਕਨਫੂਸੀਅਸ (582-500 ਬੀ.ਸੀ.) ਅਤੇ ਹੈਰਾਕਲੀਟਸ (535-475 ਬੀ.ਸੀ.) ਦੁਆਰਾ ਨੈਤਿਕਤਾ ਨਾਲ ਸਬੰਧਿਤ ਅਨੇਕ ਸੰਕਲਪ ਪੇਸ਼ ਕੀਤੇ ਜਾ ਚੁੱਕੇ ਸਨ ਪਰ ਇਹਨਾਂ ਰਾਹੀਂ ਦਿੱਤੇ ਗਏ ਅਰਥ ਸੰਕੀਰਨਤਾ ਤੋਂ ਪ੍ਰਭਾਵਿਤ ਸਨ ਪਰ ਗਰੀਕ ਹੀ ਪਹਿਲੇ ਸਨ ਜਿਹਨਾਂ ਨੈਤਿਕਤਾ ਦੀ ਮੁੱਢਲੀ ਪਰਿਭਾਸ਼ਾ ਦਿੱਤੀ।

ਸੁਕਰਾਤ ਨੇ ਤਰਕ ਦਿੱਤਾ ਕਿ ਸਦਾਚਾਰਕ ਜੀਵਨ ਦਾ ਮਕਸਦ ਹੀ ਜੀਵਨ ਵਿਚ ਪ੍ਰਕਾਸ਼ ਕਰਨ ਤੋਂ ਹੈ ਸੋ ਇਹ ਹਰ ਇੱਕ ਮਨੁੱਖ ਕੋਲ ਹੋਣਾ ਲਾਜ਼ਮੀ ਹੈ। ਇਸ ਨਾਲ ਜੀਵਨ ਵਿਚੋਂ ਨਕਾਰਾਤਮਿਕ ਵਿਚਾਰ ਜਾਂ ਸੰਕਲਪ ਜਿਹਨਾਂ ਦਾ ਗਿਆਨ ਨਹੀਂ ਹੁੰਦਾ ਜੀਵਨ ਚੋਂ ਖਤਮ ਹੋ ਜਾਂਦੇ ਹਨ। ਨੈਤਿਕਤਾ ਦਾ ਅਰਥ ਹੀ ਅਜਿਹੇ ਪਾਠ ਤੋਂ ਹੈ ਜਿਸ ਰਾਹੀਂ ਠੀਕ ਜਾਂ ਗਲਤ ਦੀ ਸੋਝੀ ਹੋਵੇ। ਸੁਕਰਾਤ ਨੇ ਇਸ ਧਾਰਣਾ ਨੂੰ ਸਮਰਥਨ ਦਿੱਤਾ ਕਿ ਨੈਤਿਕਤਾ ਸਮੇਂ ਦੇ ਨਾਲ ਹਾਸਿਲ ਕੀਤੀ ਜਾ ਸਕਦੀ ਹੈ ਜੋ ਕਿ ਪਿਆਰ ਰਾਹੀਂ, ਅੰਦਰੂਨੀ ਗਿਆਨ ਰਾਹੀਂ ਜਾਂ ਫਿਰ ਅਸਹਿਮਤੀ ਨਾਲ ਵੀ ਹੋ ਸਕਦੀ ਹੈ। ਇਸ ਪ੍ਰਕਾਰ ਸੁਕਰਾਤ ਪਹਿਲਾਂ ਗਰੀਕ ਦਾਰਸ਼ਨਿਕ ਸੀ

ਜਿਸ ਨੇ ਨੈਤਿਕਤਾ ਨੂੰ ਜੀਵਨ ਦੀਆਂ ਆਮ ਗਤੀਵਿਧੀਆਂ ਦਾ ਅੰਗ ਦੱਸਿਆ ਹੈ ਅਤੇ ਇਸ ਦੀ ਲੋੜ ਨੂੰ ਉਜਾਗਰ ਕੀਤਾ। ਸੁਕਰਾਤ ਅਨੁਸਾਰ ਵੱਖ ਵੱਖ ਧਾਰਣਾਵਾਂ ਨੂੰ ਜੇਕਰ ਨੈਤਿਕ ਗੁਣਾਂ ਦੇ ਮਿਸ਼ਰਣ ਰਾਹੀਂ ਵੇਖਿਆ ਜਾਵੇ ਤਾਂ ਨਤੀਜੇ ਅਲੱਗ ਹੋਣਗੇ। ਸੁਕਰਾਤ ਅਨੁਸਾਰ ਨੈਤਿਕਤਾ ਦਾ ਅਨੁਮਾਨ ਕਿਸੇ ਦੇ ਜੰਮਣ ਜਾਂ ਮੌਤ ਤੋਂ ਨਹੀਂ ਸਗੋਂ ਜੀਵਨ ਦੀਆਂ ਚੰਗੀਆਂ-ਮਾੜੀਆਂ ਘਟਨਾਵਾਂ ਤੋਂ ਲਗਾਇਆ ਜਾ ਸਕਦਾ ਹੈ। ਸੁਕਰਾਤ ਅਨੁਸਾਰ-

> ਨੈਤਿਕਤਾ ਸੰਬੰਧੀ ਠੀਕ ਜਾਂ ਗਲਤ ਦੀ ਜਾਂਚ ਪੜਤਾਲ ਐਨੀ ਵੀ ਸਖ਼ਤ ਨਹੀਂ ਹੋਣੀ ਚਾਹੀਦੀ ਕਿ ਕਿਸੇ ਨੂੰ ਜ਼ਹਿਰ ਦਾ ਪਿਆਲਾ ਪੀਣ ਲਈ ਮਜ਼ਬੂਰ ਹੋਣਾ ਪੈ ਜਾਵੇ।[30]

ਪਲੈਟੋ ਅਨੁਸਾਰ ਨੈਤਿਕਤਾ ਦਾ ਸਬੰਧ ਵਿਅਕਤੀ ਦੇ ਕੰਮਾਂ ਜਾਂ ਉਹਨਾਂ ਦੇ ਨਤੀਜਿਆਂ ਤੋਂ ਨਹੀਂ ਲਗਾਇਆ ਜਾ ਸਕਦਾ ਸਗੋਂ ਵਿਅਕਤੀ ਦੀ ਸਖ਼ਸ਼ੀਅਤ ਤੋਂ ਲਗਾਇਆ ਜਾ ਸਕਦਾ ਹੈ। ਉਸ ਅਨੁਸਾਰ ਨੈਤਿਕ ਕੀਮਤਾਂ ਦਾ ਨਿਰਮਾਣ ਵਿਅਕਤੀ ਦੀ ਜੀਵਨ ਜਾਂਚ ਅਤੇ ਚਰਿੱਤਰ ਤੋਂ ਹੁੰਦਾ ਹੈ। ਉਸ ਨੇ ਕਿਸਮਤ ਅਤੇ ਸੰਪਤੀ ਨੂੰ ਵੀ ਨੈਤਿਕਤਾ ਦੇ ਨਿਰਮਾਣ ਦਾ ਅਧਾਰ ਬਣਾਇਆ ਹੈ। ਉਸ ਅਨੁਸਾਰ ਵਿਅਕਤੀ ਕੋਲ ਚੰਗੇ ਗੁਣਾਂ ਦਾ ਭੰਡਾਰ ਹੋ ਸਕਦਾ ਹੈ ਪਰ ਹਰ ਦੂਜੇ ਵਿਅਕਤੀ ਤੋਂ ਘੱਟ ਜਾਂ ਵੱਧ ਵੀ ਹੋ ਸਕਦਾ ਹੈ। ਇਸਦਾ ਕਾਰਨ ਰਾਜਨੀਤਿਕ ਸ਼ਕਤੀ, ਸੰਪਤੀ ਅਤੇ ਜਾਂ ਫਿਰ ਹੋਰ ਸ਼ਕਤੀਆਂ ਦੀ ਘਾਟ ਹੋ ਸਕਦੀ ਹੈ।

ਪ੍ਰਸਿੱਧ ਚਿੰਤਕ ਅਰਸਤੂ (384-322 ਬੀ.ਸੀ.) ਨੂੰ ਨੈਤਿਕਤਾ ਦੇ ਵਿਧੀਵਤ ਅਧਿਐਨ ਦਾ ਮੋਢੀ ਕਿਹਾ ਜਾਂਦਾ ਹੈ। ਉਸ ਨੇ ਮਨੁੱਖੀ ਭਾਗੀਦਾਰੀ ਅਤੇ ਅਨੁਭਵ ਨੂੰ ਮਹੱਤਤਾ ਦਿੱਤਾ ਹੈ। ਉਸ ਅਨੁਸਾਰ ਖੁਸ਼ਹਾਲ ਜ਼ਿੰਦਗੀ ਵਿਚ ਸਬੰਧ, ਚੰਗਿਆਈ, ਸਦਾਚਾਰਤਾ ਅਤੇ ਖੁਸ਼ਹਾਲੀ ਦਾ ਹੋਣਾ ਅਤਿ ਜ਼ਰੂਰੀ ਹੈ। ਖੁਸ਼ੀ ਦੀ ਪ੍ਰਾਪਤੀ ਸਧਾਰਨ ਨਿਯਮਾਂ ਰਾਹੀਂ ਹੀ ਹੋਵੇ ਇਹ ਵੀ ਜ਼ਰੂਰੀ ਨਹੀਂ ਹੁੰਦਾ।

ਮਹਾਨ ਸਮਾਜ ਸ਼ਾਸ਼ਤਰੀ ਕਾਂਤ ਦੇ ਅਨੁਸਾਰ ਨੈਤਿਕਤਾ ਦੇ ਅਰਥ ਲਗਾਤਾਰ ਪਰਿਵਰਤਨਸ਼ੀਲ ਹਨ। ਉਸ ਅਨੁਸਾਰ ਭੂਤਕਾਲ ਦੀਆਂ ਘਟਨਾਵਾਂ ÷ਜ਼ਰੂਰੀ ਨਹੀਂ ਕਿ

ਨੈਤਿਕਤਾ ਨੂੰ ਪ੍ਰਭਾਵਿਤ ਕਰਨ। ਉਸ ਅਨੁਸਾਰ ਨੈਤਿਕਤਾ ਜ਼ਿੰਮੇਵਾਰੀ ਤੇ ਅਧਾਰਿਤ ਵੀ ਹੋ ਸਕਦੀ ਹੈ। ਕਿਸੇ ਵਿਅਕਤੀ ਦਾ ਵਤੀਰਾ ਸਮੇਂ ਦੀਆਂ ਪਰਿਸਥਿਤੀਆਂ ਅਨੁਸਾਰ ਪ੍ਰਭਾਵਿਤ ਹੁੰਦਾ ਹੈ। ਇਸ ਲਈ ਅਨੈਤਿਕ ਵਿਵਹਾਰ ਲਈ ਹਰ ਸਥਿਤੀ ਵਿਚ ਵਿਅਕਤੀ ਨੂੰ ਜ਼ਿੰਮੇਵਾਰੀ ਨਹੀਂ ਠਹਿਰਾਇਆ ਜਾ ਸਕਦਾ।

ਇਤਿਹਾਸਿਕ ਸਰੋਤਾਂ ਅਨੁਸਾਰ ਅਜ਼ਾਦੀ ਤੋਂ ਪਹਿਲਾਂ ਜਦੋਂ ਆਰਥਿਕ ਵਿਕਾਸ ਨੇ ਤੇਜ਼ੀ ਫੜੀ ਤਾਂ ਨੈਤਿਕਤਾ ਦੀ ਲੋੜ ਮਹਿਸੂਸ ਹੋਈ ਹੈ। ਮਹਾਤਮਾ ਗਾਂਧੀ ਅਨੁਸਾਰ ਪੂੰਜੀ ਦੀ ਲੋੜ ਅਤੇ ਉਸ ਦੀ ਯੋਗ ਵਰਤੋਂ ਲਈ ਨੈਤਿਕਤਾ ਅਤੇ ਸਦਾਚਾਰ ਦਾ ਹੋਣਾ ਅਤਿ ਜ਼ਰੂਰੀ ਹੈ। ਸੋ ਇਸ ਲਈ ਵਿਕਾਸ ਦੇ ਰਾਹ ਤੇ ਨਾਗਰਿਕਾਂ ਵਿਚ ਨੈਤਿਕਤਾ ਦੇ ਗੁਣ ਹੋਣੇ ਅਤਿ ਜ਼ਰੂਰੀ ਹਨ। ਸੰਪਤੀ ਦੀ ਉੱਤਪਤੀ ਜੋ ਨੈਤਿਕਤਾ ਤੋਂ ਬਗੈਰ ਹੋਵੇ ਉਸ ਰਾਹੀਂ ਆਦਮੀ ਅਮੀਰ ਹੋ ਕੇ ਵੀ ਗਰੀਬ ਰਹਿੰਦਾ ਹੈ। ਵਿਅਕਤੀ ਦੀ ਜ਼ਿੰਦਗੀ ਵਿਚ ਖੁਸ਼ਹਾਲੀ ਅਨੇਕਾਂ ਹੀ ਕਾਰਨਾਂ ਤੇ ਨਿਰਭਰ ਕਰਦੀ ਹੈ ਜਿਵੇਂ ਕਿ ਆਮਦਨ ਨੂੰ ਖਰਚਣ ਦਾ ਤਰੀਕਾ, ਪਰਿਵਾਰਿਕ ਲੋੜਾਂ ਪੂਰਾ ਕਰਨ ਦੇ ਸਾਧਨ, ਨੌਕਰੀ, ਆਤਮ ਸਨਮਾਨ ਅਤੇ ਵਿਅਕਤੀ ਦਾ ਸਮਾਜ ਪ੍ਰਤੀ ਵਤੀਰਾ। ਕਿਸੇ ਵਿਅਕਤੀ ਕੋਲ ਧਨ ਦੌਲਤ ਦੀ ਭਰਮਾਰ ਦਾ ਅਰਥ ਇਹ ਨਹੀਂ ਕਿ ਉਸ ਦਾ ਜੀਵਨ ਨੈਤਿਕਤਾ ਅਧਾਰਿਤ ਵੀ ਹੈ।

ਜਾਤ-ਪਾਤ ਰਹਿਤ ਅਤੇ ਅਮੀਰੀ ਗਰੀਬੀ ਦੇ ਪਾੜੇ ਤੋਂ ਰਹਿਤ ਸਮਾਜ ਹੀ ਨੈਤਿਕ ਕਦਰਾਂ ਕੀਮਤਾਂ ਵਾਲਾ ਬਣ ਸਕਦਾ ਹੈ। ਸਿਧਾਂਤ ਅਤੇ ਸਦਾਚਾਰ ਮਨੁੱਖੀ ਸੁਭਾਅ ਦਾ ਅਹਿਮ ਅੰਗ ਹੋਣਾ ਚਾਹੀਦਾ ਹੈ। ਨੈਤਿਕਤਾ ਦੀ ਕਮੀ ਕਾਰਨ ਸਮਾਜਕ ਤਾਣੇ ਬਾਣੇ ਦੇ ਉਲਝਣ ਦਾ ਖਤਰਾ ਵੱਧਦਾ ਹੈ ਅਤੇ ਵਪਾਰਿਕ ਪੱਧਰ ਤੇ ਸਮੱਸਿਆਂਵਾਂ ਉਪਜਦੀਆਂ ਹਨ। ਰਿਸ਼ਵਤ ਖੋਰੀ, ਕਾਲੇ ਧਨ ਦੀ ਸਮੱਸਿਆ, ਧੋਖਾ-ਧੜੀ ਜਿਹੀਆਂ ਸਮੱਸਿਆਵਾਂ ਵਧਦੀਆਂ ਹਨ। ਰਾਜਨੀਤਿਕ ਪੱਧਰ ਤੇ ਨੈਤਿਕਤਾ ਦੀ ਕਮੀ ਕਾਰਨ ਆਰਥਿਕਤਾ ਦਾ ਹਰ ਇੱਕ ਪਹਿਲੂ ਪ੍ਰਭਾਵਿਤ ਹੁੰਦਾ ਹੈ। ਭਾਰਤ ਦੇ ਨਾਲ-ਨਾਲ ਹੋਰ ਦੇਸ਼ਾਂ ਵਿਚ ਅਨੈਤਿਕਤਾ ਦੇ ਮਾਮਲੇ ਮੀਡੀਆ ਰਾਹੀਂ ਸਾਹਮਣੇ ਆਏ ਸਨ। ਅਫਰੀਕਾ ਮਹਾਂਦੀਪ ਵਿਚ ਵੀ ਰਿਸ਼ਵਤ ਖੋਰੀ, ਟੈਕਸ ਚੋਰੀ ਕਰਨ ਦੇ ਬਹੁਤ ਸਾਰੇ

ਸਾਹਮਣੇ ਆਏ ਸਨ। ਪੈਸੇ ਦੇ ਲਾਲਚ ਕਾਰਨ ਜਿੱਥੇ ਇੱਕ ਪਾਸੇ ਆਰਥਿਕਤਾ ਦਾ ਨੁਕਸਾਨ ਹੁੰਦਾ ਹੈ, ਉਥੇ ਨਾਲ ਹੀ ਅਪਰਾਧਿਕ ਮਾਮਲੇ ਵੀ ਵਧਦੇ ਹਨ।

ਉਪਰੋਕਤ ਵਿਚਾਰ ਚਰਚਾ ਰਾਹੀਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗਰੀਕ ਵਿਦਵਾਨਾਂ ਨੇ ਨੈਤਿਕਤਾ ਦੇ ਖੇਤਰ ਵਿਚ ਅਧਾਰਭੂਤ ਕਾਰਜ ਕੀਤਾ ਜੋ ਕਿ ਅਜੋਕੇ ਸਮੇਂ ਅਨੇਕਾਂ ਸਿਧਾਂਤਾਂ ਦਾ ਅਧਾਰ ਬਣ ਚੁੱਕਾ ਹੈ ਅਤੇ ਵਰਤਮਾਨ ਸਮੱਸਿਆਵਾਂ ਦੇ ਹੱਲ ਵਜੋਂ ਉੱਘੜਦਾ ਹੈ।

### 1.5.2 ਵਪਾਰਿਕ ਨੈਤਿਕਤਾ ਦਾ ਅਰਥ (Meaning of Business Ethics)

ਵਪਾਰਿਕ ਨੈਤਿਕਤਾ ਆਦਰਸ਼ਵਾਦੀ ਫਲਸਫੇ ਦਾ ਹੀ ਅੰਗ ਹੈ ਜਿਸ ਰਾਹੀਂ ਗਲਤ-ਠੀਕ, ਚੰਗੇ ਮਾੜੇ ਦਾ ਨਿਰਣਾ ਕੀਤਾ ਜਾਂਦਾ ਹੈ। ਇਸ ਵਿਚ ਉਹਨਾਂ ਸਿਧਾਂਤਾਂ ਅਤੇ ਵਿਵਹਾਰਿਕ ਪ੍ਰਤੀਬਿੰਬਾਂ ਦੀ ਗੱਲ ਕੀਤੀ ਜਾਂਦੀ ਹੈ ਜੋ ਵਪਾਰਿਕ ਅਦਾਰਿਆਂ ਦੁਆਰਾ ਅਪਣਾਏ ਜਾਂਦੇ ਹਨ। ਵਪਾਰ ਵਿਚ ਨੈਤਿਕਤਾ ਦਾ ਸੰਕਲਪ ਵਪਾਰਕ ਜ਼ਿੰਮੇਵਾਰੀ ਦੇ ਸੰਕਲਪ ਦੇ ਕਾਂਫ਼ੀ ਨੇੜੇ ਹੈ। ਇਹ ਇੱਕ ਤਰ੍ਹਾਂ ਨਾਲ ਵਪਾਰ ਦੀ ਜ਼ਿੰਮੇਵਾਰੀ ਦਾ ਹੀ ਹਿੱਸਾ ਹੈ ਜੋ ਸਮਾਜ ਪ੍ਰਤੀ ਬਣਦੀ ਹੈ। ਇਹ ਸਿਧਾਂਤ ਅਤੇ ਨਿਯਮ ਹੀ ਸਮਾਜ ਦੇ ਵੱਡੇ ਹਿੱਤ ਦਾ ਹਿੱਸਾ ਬਣਦੇ ਹਨ। ਜਦੋਂ ਨੈਤਿਕ ਕਦਰਾਂ ਕੀਮਤਾਂ ਨੂੰ ਸੰਸਥਾਵਾਂ ਵਿਚ ਪੂਰੀ ਤਰ੍ਹਾਂ ਪ੍ਰਭਾਸ਼ਿਤ ਕਰਕੇ ਲਾਗੂ ਕੀਤਾ ਹੋਵੇ ਤਾਂ ਇਹ ਉੱਥੇ ਦੇ ਕਰਮਚਾਰੀਆਂ ਲਈ ਰਾਹ ਦਸੇਰਾ ਬਣਦੇ ਹਨ।

ਵਪਾਰਿਕ ਨੈਤਿਕਤਾ ਦੀ ਕੋਈ ਇੱਕ ਪਰਿਭਾਸ਼ਾ ਮੌਜੂਦ ਨਹੀਂ ਹੈ ਸਗੋਂ ਇਹ ਸਥਾਨ ਅਤੇ ਸਮੇਂ ਅਨੁਸਾਰ ਅਲੱਗ ਅਲੱਗ ਦ੍ਰਿਸ਼ਟੀਕੋਣ ਧਾਰਣ ਕਰ ਲੈਂਦੀ ਹੈ। ਵਪਾਰਿਕ ਨੈਤਿਕਤਾ ਅਲੱਗ ਅਲੱਗ ਵਪਾਰਿਕ ਸੰਸਥਾਵਾਂ ਦੇ ਹਲਾਤਾਂ, ਘਟਨਾਵਾਂ, ਨਤੀਜਿਆਂ ਅਤੇ ਨਿਰਣਿਆਂ ਨਾਲ ਸਬੰਧਿਤ ਮਸਲਿਆਂ ਦੇ ਠੀਕ ਜਾਂ ਗਲਤ ਹੋਣ ਨਾਲ ਸਬੰਧਿਤ ਹੁੰਦੀ ਹੈ। ਇਸ ਵਿਚ ਫਲਸਫ਼ਿਆਂ ਅਤੇ ਵਿਆਖਿਆਵਾਂ ਦੀ ਗੱਲ ਕੀਤੀ ਜਾਂਦੀ ਹੈ ਜੋ ਚਾਹੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸੰਸਥਾ ਦੇ ਸਾਂਝੇ ਕੰਮਾਂ ਨਾਲ ਸਬੰਧਿਤ ਕਿਉਂ ਨਾ ਹੋਣ।

ਵਪਾਰਿਕ ਨੈਤਿਕਤਾ ਦਾ ਸੰਕਲਪ ਈਮਾਨਦਾਰੀ, ਸਮਾਨਤਾ ਅਤੇ ਸਮਾਜ ਭਲਾਈ ਦੇ ਸਿਧਾਂਤਾਂ ਦੇ ਕਾਫੀ ਨੇੜੇ ਹੈ ਜੋ ਕਿ ਸੰਸਥਾ ਦੇ ਅੰਦਰ ਅਤੇ ਬਾਹਰ ਦੋਵੇ ਥਾਵਾਂ ਤੇ ਹੋ ਸਕਦੇ ਹਨ।

ਨੈਤਿਕਤਾ ਦਾ ਸੰਕਲਪ ਸਟੇਕ ਹੋਲਡਰ (State holders), ਲੈਣਦਾਰ (Creditors), ਕਰਮਚਾਰੀਆਂ (Employees), ਸਰਕਾਰ (Government), ਵਪਾਰਕ ਭਾਈਵਾਲ ਅਤੇ ਆਮ ਲੋਕਾਂ ਵੱਲ ਕੇਂਦਰਿਤ ਹੁੰਦਾ ਹੈ। ਜਦੋਂ ਨੈਤਿਕਤਾ ਦੀ ਗੱਲ ਹੁੰਦੀ ਹੈ ਤਾਂ ਇਖ਼ਲਾਕ ਦੀ ਚਰਚਾ ਕਰਨੀ ਮਹੱਤਵਪੂਰਨ ਹੋ ਜਾਂਦੀ ਹੈ।

### 1.5.3 ਵਪਾਰਿਕ ਨੈਤਿਕਤਾ ਦੀ ਲੋੜ (Need of Business Ethics)

ਪਿਛਲੇ ਕੁਝ ਸਮੇਂ ਦੌਰਾਨ ਵਪਾਰ ਵਿਚ ਅਨੇਕਾਂ ਹੀ ਘਪਲਿਆਂ, ਨਕਲੀ ਕੰਪਨੀਆਂ, ਟੈਕਸ ਚੋਰੀ ਦੇ ਵਧਦੇ ਰੁਝਾਨ ਨੇ ਵਪਾਰਿਕ ਨੈਤਿਕਤਾ ਦੀ ਲੋੜ ਵਿਚ ਭਾਰੀ ਵਾਧਾ ਕੀਤਾ ਹੈ। ਅੱਜ ਦੇ ਸਮੇਂ ਜਿੱਥੇ ਤਕਨੀਕੀ ਵਿਕਾਸ ਨੇ ਨਵੇਂ ਮੌਕਿਆਂ ਵਿਚ ਵਾਧਾ ਕੀਤਾ ਹੈ ਉਥੇ ਨਾਲ ਹੀ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। ਭਾਰਤ ਵਿਚ 1990 ਤੋਂ ਜਦੋਂ ਭਾਰਤੀ ਆਰਥਿਕਤਾ ਅਤੇ ਸਿਸਟਮ ਵਿਚ ਵੱਡੇ ਬਦਲਾਵ ਸਾਹਮਣੇ ਆਏ ਤਾਂ ਨੈਤਿਕਤਾ ਨਾਲ ਸਬੰਧਿਤ ਮਸਲਿਆਂ ਵਿੱਚ ਵੀ ਵਾਧਾ ਹੋਇਆ। ਭੋਪਾਲ ਗੈਸ ਤ੍ਰਾਸਦੀ ਜਿਹੀਆਂ ਘਟਨਾਵਾਂ ਨੇ ਵਿਦੇਸ਼ੀ ਕੰਪਨੀਆਂ ਦੀ ਜ਼ਿੰਮੇਵਾਰੀਤੇ ਵੀ ਸਵਾਲ ਖੜ੍ਹੇ ਕੀਤੇ ਹਨ। ਵਿਸ਼ਵ ਪੱਧਰ ਦੀ ਅਸਥਿਰਤਾ ਦੇ ਕਾਰਨ ਵੀ ਵਪਾਰਿਕ ਅਨਿਸਚਿਤਤਾ ਵਿਚ ਵਾਧਾ ਹੋਇਆ ਹੈ। ਬਹੁ ਦੇਸ਼ੀ ਕੰਪਨੀਆਂ ਦੀ ਲਾਭ ਅਧਾਰਿਤ ਸੋਚ ਨੇ ਵੀ ਕਿਤੇ ਨਾ ਕਿਤੇ ਨੈਤਿਕਤਾ ਦੇ ਲਈ ਸਿਧਾਂਤਕ ਸਿਸਟਮ ਦੀ ਲੋੜ ਨੂੰ ਜਾਗ੍ਰਿਤ ਕੀਤਾ ਹੈ। ਨੈਤਿਕਤਾ ਵਪਾਰਿਕ ਪ੍ਰਸੰਗ ਵਿਚ ਅਨੇਕਾਂ ਕਾਰਨਾਂ ਕਰਕੇ ਅਹਿਮ ਹੈ ਜਿਵੇਂ ਕਿ–

- ਵਪਾਰਿਕ ਨੈਤਿਕਤਾ ਦਾ ਪ੍ਰਭਾਵ ਦੀਰਘਕਾਲ ਲਈ ਰਹਿੰਦਾ ਹੈ ਜੋ ਕਿ ਵਪਾਰਿਕ ਕਾਰਜਕਰਨੀ ਰਾਹੀਂ ਦ੍ਰਿਸ਼ਟਮਾਨ ਹੁੰਦਾ ਹੈ।
- ਸਰਕਾਰ ਦੁਆਰਾ ਬਣਾਏ ਕਾਨੂੰਨਾਂ ਦੀ ਪਾਲਣਾ ਵਪਾਰਿਕ ਨੈਤਿਕਤਾ ਦਾ ਅੰਸ਼ ਹੀ ਹੈ।
- ਵਪਾਰਿਕ ਨੈਤਿਕਤਾ ਸੰਗਠਨ ਦੀ ਸਾਖ਼(Goodwill) ਦਾ ਅਧਾਰ ਬਣਦੀ ਹੈ।
- ਵਪਾਰਿਕ ਨੈਤਿਕਤਾ ਵਪਾਰ ਦੇ ਭਾਈਵਾਲਾਂ ਦਾ ਸ਼ਸ਼ਕਤੀਕਰਨ ਕਰਦੀ ਹੈ।
- ਵਪਾਰਿਕ ਨੈਤਿਕਤਾ ਦਾ ਵਪਾਰਿਕ ਗਤੀਵਿਧੀਆਂ ਵਿਚ ਬਦਲ ਨਹੀਂ ਹੈ।

- ਵਰਤਮਾਨ ਸਮੱਸਿਆਵਾਂ ਦੇ ਸਥਾਈ ਹੱਲ ਲਈ ਵਪਾਰਿਕ ਨੈਤਿਕਤਾ ਦਾ ਮਾਰਗਦਰਸ਼ਨ ਉੱਤਮ ਹੈ।

ਵਪਾਰਿਕ ਨੈਤਿਕਤਾ ਦੀ ਲੋੜ ਦੇ ਸਬੰਧ ਅਧੀਨ ਉਪਰੋਕਤ ਵਿਚਾਰਾਂ ਨੂੰ ਡਾ. ਐੱਸ. ਕੇ. ਭਾਟੀਆ ਦੇ ਕਥਨ ਰਾਹੀਂ ਸੰਖੇਪ ਰੂਪ ਵਿਚ ਸਮਝਿਆ ਜਾ ਸਕਦਾ ਹੈ–

> A corporate responsibility include its impact on its action on all from shareholders, customers, employees and to society at large. Its business activities must make business sense. Business ethics ultimately is just business in its larger human context.[31]

ਇਸ ਪ੍ਰਕਾਰ ਉਪਰੋਕਤ ਚਰਚਾ ਤੋਂ ਬਾਅਦ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਮੌਜੂਦਾ ਪ੍ਰਸਥਿਤੀਆਂ ਵਿਚ ਵਪਾਰਿਕ ਨੈਤਿਕਤਾ ਨੂੰ ਅਣਗੌਲਿਆ ਨਹੀਂ ਜੀ ਸਕਦਾ। ਵਧਦੀਆਂ ਸੰਭਾਵਨਾਂਵਾਂ ਨੇ ਨੈਤਿਕਤਾ ਨਾਲ ਸਬੰਧਿਤ ਕੀਮਤ ਪ੍ਰਬੰਧਾਂ(value system) ਦੀ ਮਹੱਤਤਾ ਵਿਚ ਲਗਾਤਾਰ ਵਾਧਾ ਕੀਤਾ ਹੈ ਜਿਨਾਂ ਦਾ ਸੰਖੇਪ ਵਰਣਨ ਕੀਤਾ ਜਾ ਰਿਹਾ ਹੈ–

**1.5.3.1 ਇਖ਼ਲਾਕ (Morality)**

ਨੈਤਿਕਤਾ ਵਿਚ ਚੰਗੇ-ਮਾੜੇ, ਠੀਕ-ਗ਼ਲਤ ਦੀ ਗੱਲ ਕੀਤੀ ਜਾਂਦੀ ਹੈ ਪਰ ਇਖ਼ਲਾਕ ਵਿਚ ਉਹਨਾਂ ਮਾਨਤਾਵਾਂ ਦੀ ਗੱਲ ਕੀਤੀ ਜਾਂਦੀ ਹੈ ਜੋ ਸਮਾਜ ਵਿਚ ਪ੍ਰਚੱਲਿਤ ਹੋਣ। ਗਲਤ ਅਤੇ ਸਹੀ ਦਾ ਨਿਰਣਾ ਕਰਨ ਵਿਚ ਸਹਾਇਕ ਹੁੰਦੇ ਹਨ। ਇਖਲਾਕੀ ਗੁਣ ਇੱਕ ਮਨੁੱਖ ਦੇ ਦੂਸਰੇ ਮਨੁੱਖ ਤੋਂ ਅਲੱਗ ਹੋ ਸਕਦੇ ਹਨ। ਸੱਭਿਆਚਾਰ ਦੇ ਅਨੁਸਾਰ ਵੀ ਇਹਨਾਂ ਵਿਚ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਹਰ ਇੱਕ ਸਮੁਦਾਇ ਵਿਚ ਸੋਸਾਇਟੀ ਦੁਆਰਾ ਕੁਝ ਨਿਯਮ ਬਣਾਏ ਜਾਂਦੇ ਹਨ ਜੋ ਸਮੁਦਾਇ ਦੇ ਲੋਕਾਂ ਨੂੰ ਮੰਨਣੇ ਪੈਂਦੇ ਹਨ। ਇਹ ਇਖ਼ਲਾਕ ਗੁਣ ਹੀ ਨੈਤਿਕਤਾ ਲਈ ਅਧਾਰ ਬਣਦੇ ਹਨ। ਆਮ ਤੌਰ ਤੇ ਇਹਨਾਂ ਰਾਹੀਂ ਹੀ ਨੈਤਿਕਤਾ ਨਾਲ ਸਬੰਧਿਤ ਹੋਰ ਮਸਲਿਆਂ ਦਾ ਹੱਲ ਵੀ ਕੀਤਾ ਜਾਂਦਾ ਹੈ। ਇਸ ਦੇ ਜ਼ਰੂਰੀ ਸਿਧਾਂਤਾਂ ਵਿਚ ਹੇਠਾਂ ਲਿਖੇ ਪਹਿਲੂ ਸ਼ਾਮਿਲ ਹੁੰਦੇ ਹਨ:–

- ਮਾਨਵਵਾਦੀ ਸੋਚ ਨੂੰ ਅਪਨਾਉਣਾ
- ਦੂਜਿਆਂ ਦੀ ਮੱਦਦ ਕਰਨਾ
- ਵਾਅਦਿਆਂ ਦੀ ਪੂਰਤੀ ਕਰਨਾ
- ਅਹਿੰਸਾ ਅਤੇ ਦੂਜਿਆਂ ਦੇ ਹੱਕਾਂ ਦਾ ਸਨਮਾਨ ਕਰਨਾ ਆਦਿ।

ਅਚਾਰ ਸੰਹਿਤਾ (Code of Conduct) ਇਖ਼ਲਾਕ ਗੁਣਾਂ ਦਾ ਮਹੱਤਵਪੂਰਨ ਅੰਗ ਹੈ, ਨਾਲ ਵਪਾਰ ਦਾ ਮਾਹੌਲ ਸਾਜ਼ਗਾਰ ਬਣਦਾ ਹੈ। ਅਨੈਤਿਕਤਾ ਦੇ ਮਸਲਿਆਂ ਵਿਚ ਕਮੀ ਆਉਂਦੀ ਹੈ।

**1.5.3.2 ਮੁੱਲ ਪ੍ਰਬੰਧ (Values)**:- ਮੁੱਲ ਪ੍ਰਬੰਧ ਤੇ ਨੈਤਿਕਤਾ ਹਰ ਇੱਕ ਵਪਾਰਿਕ ਸੰਸਥਾ ਦੇ ਕੇਂਦਰੀ ਅੰਗ ਹੁੰਦੇ ਹਨ। ਵਪਾਰ ਦੇ ਲੰਬੇ ਸਮੇਂ ਦੇ ਉਦੇਸ਼ਾਂ ਵਿਚ ਇਹਨਾਂ ਦਾ ਖਾਸ ਮਹੱਤਵ ਹੁੰਦਾ ਹੈ। ਮੁੱਲ ਪ੍ਰਬੰਧ ਨੂੰ ਵਪਾਰਿਕ ਸੰਸਥਾ ਦੀ ਪ੍ਰਸਤਾਵਨਾ ਕਿਹਾ ਜਾ ਸਕਦਾ ਹੈ ਜਿਸ ਵਿਚ ਸੰਸਥਾ ਦੇ ਬਣਨ ਦਾ ਕੀ ਕਾਰਨ ਹੈ ਅਤੇ ਭਵਿੱਖ ਦੇ ਉਦੇਸ਼ਾਂ ਦਾ ਵਿਸਤ੍ਰਿਤ ਵੇਰਵਾ ਸ਼ਾਮਿਲ ਹੁੰਦਾ ਹੈ। ਨੈਤਿਕਤਾ ਅਤੇ ਮੁੱਲ ਪ੍ਰਬੰਧ ਦੋਵੇ ਹੀ ਇੱਕ ਦੂਸਰੇ ਦੇ ਪੂਰਕ ਹੁੰਦੇ ਹਨ। ਨੈਤਿਕਤਾ ਦੇ ਸਿਧਾਂਤ ਜਦੋਂ ਸਾਰੀ ਸੰਸਥਾ ਵਿਚ ਲਾਗੂ ਕੀਤੇ ਜਾਂਦੇ ਹਨ ਤਾਂ ਮੁੱਲ ਪ੍ਰਬੰਧਾਂ ਦਾ ਜਨਮ ਹੁੰਦਾ ਹੈ। ਇਸ ਨਾਲ ਵਪਾਰਕ ਸੰਸਥਾਵਾਂ ਦੀ ਲੰਬੇ ਸਮੇਂ ਦੀ ਸਾਖ (Goodwill) ਵਿਚ ਵਾਧਾ ਹੁੰਦਾ ਹੈ। ਨੈਤਿਕਤਾ ਨਾਲ ਮੁੱਲ ਪ੍ਰਬੰਧ ਹੋਂਦ ਚ ਆਉਂਦੇ ਹਨ। ਇਸ ਦੀਆਂ ਅਨੇਕਾਂ ਹੀ ਉਦਾਹਰਣਾਂ ਹਨ:-

- ਕਦਰਾਂ ਕੀਮਤਾਂ ਰਾਹੀਂ ਸੰਸਥਾ ਵਿੱਚ ਲੰਬੇ ਸਮੇਂ ਲਈ ਸੱਭਿਆਚਾਰਕ ਪ੍ਰਭਾਵ ਦੇਖਣ ਨੂੰ ਮਿਲਦਾ ਹੈ।
- ਅਨੈਤਿਕ ਵਿਵਹਾਰ ਵਾਲਾ ਮਨੁੱਖ ਅਸਾਨੀ ਨਾਲ ਹੀ ਨੈਤਿਕ ਸੰਸਥਾਵਾਂ ਵਿਚ ਫੜਿਆ ਜਾਂਦਾ ਹੈ।
- ਮੁੱਲ ਪ੍ਰਬੰਧਾਂ ਕਾਰਨ ਨੀਤੀਗਤ(strategic) ਲਾਭ ਪ੍ਰਾਪਤ ਹੁੰਦੇ ਹਨ।
- ਕਦਰਾਂ ਕੀਮਤਾਂ ਤੇ ਅਧਾਰਿਤ ਮਾਹੌਲ ਹਰ ਕਿਸੇ ਲਈ ਸਾਜਗਾਰ ਸਾਬਿਤ ਹੁੰਦਾ ਹੈ।

➢ ਨੈਤਿਕਤਾ ਰਾਹੀਂ ਅੰਦਰੂਨੀ ਅਤੇ ਬਾਹਰੀ ਕਾਰਕ ਸੰਮਲਿਤ ਹੁੰਦੇ ਹਨ ਜਿਸ ਨਾਲ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ।

ਵਪਾਰਿਕ ਨੈਤਿਕਤਾ ਉਦੋਂ ਹੀ ਹੋਂਦ ਵਿਚ ਆਉਂਦੀ ਹੈ ਜਦੋਂ ਸੰਸਥਾ ਵਿਚ ਯੋਗ ਮੁੱਲਾਂ ਭਾਵ ਕਦਰਾਂ ਕੀਮਤਾਂ ਅਧਾਰਿਤ ਵਿਕਾਸ ਦਾ ਸੰਕਲਪ ਲਿਆ ਹੋਵੇ।

### 1.5.3.3 ਸਦਭਾਵਨਾ (Harmony)

ਸਦਭਾਵਨਾ ਦਾ ਅਰਥ ਅਜਿਹੀ ਵਿਵਸਥਾ ਤੋਂ ਹੈ ਜਿਸ ਤਹਿਤ ਨੈਤਿਕਤਾ, ਮੁੱਲ ਪ੍ਰਬੰਧਾਂ ਅਤੇ ਸਦਾਚਾਰਕ ਭਾਵਨਾਵਾਂ ਵਿਚ ਅੰਤਰ ਸੰਜੋਗ ਪੈਦਾ ਹੋਵੇ । ਸਦਭਾਵਨਾ ਨੂੰ ਮਨੁੱਖ ਦੇ ਅੰਤਰੀਵੀਂ ਗੁਣਾਂ ਦਾ ਹਿੱਸਾ ਵੀ ਕਿਹਾ ਜਾ ਸਕਦਾ ਹੈ। ਵਪਾਰਿਕ ਨੈਤਿਕਤਾ ਦੇ ਪ੍ਰਸੰਗ ਤੋਂ ਇਸ ਦਾ ਪ੍ਰਯੋਗ ਕਰਮਚਾਰੀ ਦੁਆਰਾ ਆਪਣੀ ਕੰਪਨੀ ਪ੍ਰਤੀ, ਮਾਲਕਾਂ ਪ੍ਰਤੀ ਭਰੋਸੇ ਅਤੇ ਈਮਾਨਦਾਰੀ ਵਜੋਂ ਦੇਖਿਆ ਜਾਂਦਾ ਹੈ। ਇਹ ਪ੍ਰਮਾਣਿਕ ਤੱਥ ਹੈ ਕਿ ਸੰਸਥਾ ਦੀ ਚੜ੍ਹਦੀਕਲਾ ਕਰਮਚਾਰੀਆਂ ਤੇ ਹੀ ਨਿਰਭਰ ਕਰਦੀ ਹੈ ਪਰ ਜੇਕਰ ਸੰਸਥਾ ਦੇ ਸਮੂਹ ਮੈਂਬਰਾਂ ਵਿਚ ਸਦਭਾਵਨਾ ਦਾ ਗੁਣ ਨਾ ਹੋਵੇ ਤਾਂ ਵੱਡੇ ਖਲਾਅ ਪੈਦਾ ਹੋ ਜਾਂਦੇ ਹਨ।

ਮੁੱਲ ਪ੍ਰਬੰਧ ਜੋ ਨਿੱਜੀ ਅਤੇ ਕੰਮ ਦੇ ਸਥਾਨ (Workplace) ਨਾਲ ਸਬੰਧਿਤ ਹੋਣ ਸਦਭਾਵਨਾ ਦੇ ਕੇਂਦਰ ਵਿਚ ਹੁੰਦੇ ਹਨ। ਨੈਤਿਕਤਾ ਅਤੇ ਸਦਭਾਵਨਾ ਜਦੋਂ ਦੋਵੇਂ ਹੀ ਆਪਸ ਵਿਚ ਯੋਗ ਸਬੰਧ ਕਾਇਮ ਕਰਦੇ ਹਨ ਤਾਂ ਵਪਾਰਿਕ ਨੈਤਿਕਤਾ ਵਿਚ ਵਾਧਾ ਹੁੰਦਾ ਹੈ।

ਯੋਗ ਵਪਾਰਿਕ ਨੈਤਿਕਤਾ ਉਦੋਂ ਹੀ ਕਹੀ ਜਾ ਸਕਦੀ ਹੈ ਜਦੋਂ ਵਪਾਰਿਕ ਸੰਗਠਨ ਦੇ ਖੇਤਰ ਵਿੱਚ ਸਮਾਜ ਦੇ ਮੁੱਲ ਪ੍ਰਬੰਧਾਂ, ਸੱਭਿਆਚਾਰਕ ਕੀਮਤਾਂ ਅਤੇ ਰਿਵਾਜਾਂ ਨੂੰ ਆਦਰ ਦਿੱਤਾ ਜਾਵੇ ਅਤੇ ਅਜਿਹੀ ਨਿਰੰਤਰਤਾ ਬਿਨਾਂ ਕਿਸੇ ਵਿਰੋਧ ਦੇ ਵਪਾਰਿਕ ਕਾਰਜਾਂ ਨੂੰ ਪੂਰਾ ਕਰੇ, ਪਰ ਇਸ ਪੂਰੇ ਚੱਕਰ ਵਿਚ ਸਦਭਾਵਨਾ ਦਾ ਹੋਣਾ ਵੀ ਲਾਜ਼ਮੀ ਹੈ। ਸੰਗਠਨ ਦੇ ਕੇਂਦਰੀ ਮੁੱਲ ਪ੍ਰਬੰਧ ਅਤੇ ਸਮੇਂ ਦੀ ਲੋੜ ਨੂੰ ਪੂਰਾ ਕਰਨਾ ਵੀ ਇਕ ਵੱਡੀ ਜ਼ਿੰਮੇਵਾਰੀ ਦਾ ਹਿੱਸਾ ਹੈ।

ਕਰਮਚਾਰੀਆਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਠੀਕ ਤਰੀਕੇ ਨਾਲ, ਬਿਨਾਂ ਭੇਦ ਭਾਵ ਜਾਂ ਧੋਖਿਆਂ ਤੋਂ ਰਹਿਤ ਕਰਨੀਆਂ ਪੈਣਗੀਆਂ। ਸੀਨੀਅਰ ਮੈਨੇਜਰ ਵੀ ਆਪਣੇ ਅਹੁਦੇ

ਦੇ ਇਸਤੇਮਾਲ ਰਾਹੀਂ ਸੰਗਠਨ ਦੇ ਮਿਡਲ ਅਤੇ ਹੇਠਲੇ ਪੱਧਰ ਵਿਚ ਗੜਬੜੀ ਨਾ ਕਰਨ। ਭਗਵਤ ਗੀਤਾ ਵਿਚ ਵੀ ਜ਼ਿਕਰ ਹੈ ਕਿ ਜੇਕਰ ਵਿਅਕਤੀ ਦੇ ਕੰਮਾਂ ਵਿਚ, ਵਿਵਹਾਰ ਵਿਚ ਇਕਾਸਰਤਾ ਹੋਵੇਗੀ ਤਾਂ ਉਹ ਆਪਣੇ ਗੁਣਾਂ ਅਤੇ ਗਿਆਨ ਦਾ ਉਪਯੋਗ ਵਧੀਆ ਤਰੀਕੇ ਨਾਲ ਕਰ ਸਕਦਾ ਹੈ।

### 1.5.4 ਨੈਤਿਕਤਾ ਦਾ ਸੰਗਠਨ ਦੇ ਸੱਭਿਆਚਾਰ ਉੱਤੇ ਪ੍ਰਭਾਵ (Effects of Ethics on the Organizational Culture)

ਸੱਭਿਆਚਾਰਕ ਜੀਵਨ ਦਾ ਸਲੀਕਾ ਹੈ, ਜੀਵਨ ਜਾਂਚ ਹੈ ਜੋ ਕੁਝ ਨਿਯਮਾਂ ਦੇ ਰੂਪ ਵਿਚ ਸਮੇਂ ਦੇ ਪ੍ਰਚੱਲਿਤ ਵਿਚਾਰਾਂ ਤਹਿਤ ਇਤਿਹਾਸਿਕ ਹਵਾਲਿਆਂ ਅਤੇ ਧਾਰਮਿਕ ਗ੍ਰੰਥਾਂ ਰਾਹੀਂ ਹੋਂਦ ਵਿਚ ਆਉਂਦਾ ਹੈ। ਸੰਸਥਾ ਵਿਚ ਇਹ ਸੱਭਿਆਚਾਰ ਹੀ ਹੈ ਜੋ ਵੱਖ ਵੱਖ ਗੁਣਾਂ ਤੇ ਵਿਚਾਰਾਂ ਦੇ ਵਿਅਕਤੀਆਂ ਨੂੰ ਆਪਸ ਵਿਚ ਕੰਮ ਕਰਨ ਅਤੇ ਵਿਚਰਣ ਵਿਚ ਪ੍ਰਭਾਵਿਤ ਕਰਦਾ ਹੈ। ਹਰ ਇੱਕ ਵਿਅਕਤੀ ਆਪਣੇ ਸੱਭਿਆਚਾਰ ਦੇ ਕਾਰਨ ਸੰਸਥਾ ਦੀ ਕਾਰਜਸ਼ੈਲੀ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਜਦੋਂ ਸੰਗਠਨ ਵਿਚ ਕਰਮਚਾਰੀ ਦੀ ਕੁਸ਼ਲਤਾ ਦਾ ਲਾਭ ਸੱਭਿਆਚਾਰਕ ਤੱਤਾਂ ਨੂੰ ਸਾਹਮਣੇ ਰੱਖ ਕੇ ਲਿਆ ਜਾਵੇ ਵੱਡੇ ਵਪਾਰਿਕ ਲਾਭ ਪ੍ਰਾਪਤ ਹੋ ਸਕਦੇ ਹਨ। ਇਸ ਪ੍ਰਕਾਰ ਸੱਭਿਆਚਾਰ ਨੂੰ ਸਦਾਚਾਰਕ ਸਿਧਾਂਤਾਂ, ਵਿਅਕਤੀ ਦੇ ਸੰਚਾਰ ਤਰੀਕਿਆਂ ਅਤੇ ਵਿਵਹਾਰ ਦਾ ਮਿਸ਼ਰਣ ਕਿਹਾ ਜਾ ਸਕਦਾ ਹੈ। ਜਦੋਂ ਤਰਕ ਦ੍ਰਿਸ਼ਟੀ ਕਿਸੇ ਮਨੁੱਖ ਦੇ ਵਿਵਹਾਰ ਦਾ ਹਿੱਸਾ ਹੋਵੇ ਤਾਂ ਵੀ ਇਸ ਰਾਹੀਂ ਅਨੇਕਾਂ ਹੀ ਲਾਭ ਵਪਾਰ ਵਿਚ ਪ੍ਰਾਪਤ ਹੁੰਦੇ ਹਨ। ਸੰਗਠਨ ਦੇ ਸੱਭਿਆਚਾਰਕ ਦ੍ਰਿਸ਼ਟੀਕੋਣ ਜੋ ਕਿ ਹਰ ਵਿਅਕਤੀ ਲਈ ਨਵੇਂ ਹੋ ਸਕਦੇ ਹਨ, ਭਾਵ ਸੰਗਠਨ ਦੇ ਨੀਤੀ ਨਿਰਣੇ ਅਤੇ ਸਿਧਾਂਤ ਜੋ ਇੱਕ ਲੰਬੇ ਸਮੇਂ ਤੋਂ ਬਾਅਦ ਹੋਂਦ ਵਿਚ ਆਉਂਦੇ ਹਨ। ਉਦਾਹਰਣ ਵਜੋਂ ਜੇਕਰ ਕਰਮਚਾਰੀ ਆਪਣੇ ਆਪ ਨੂੰ ਸੰਸਥਾ ਦਾ ਹਿੱਸਾ ਮੰਨਦਾ ਹੋਵੇ ਤਾਂ ਉਹ ਵੱਧ ਤੋਂ ਵੱਧ ਕੰਮ ਕਰਕੇ ਸੰਸਥਾ ਦੇ ਉਦੇਸ਼ਾਂ ਦੀ ਪੂਰਤੀ ਵਿਚ ਵੱਡਾ ਰੋਲ ਅਦਾ ਕਰ ਸਕਦਾ ਹੈ ਪਰ ਇਹ ਉਦੋਂ ਹੀ ਸੰਭਵ ਹੈ ਜਦੋਂ ਉਹ ਆਪਣੇ ਆਪ ਨੂੰ ਸੰਸਥਾ ਦੇ ਸੱਭਿਆਚਾਰ ਦਾ ਹਿੱਸਾ ਮੰਨਦਾ ਹੋਵੇ। ਇਸ ਭਾਵ ਲਈ ਨੈਤਿਕਤਾ ਦੇ ਜ਼ਰੂਰੀ

ਸਿਧਾਂਤ ਜਿਵੇਂ ਮੁੱਲ ਪ੍ਰਬੰਧ, ਇਕਸਾਰਤਾ, ਸਦਾਚਾਰਤਾ ਦਾ ਸੰਸਥਾ ਦੇ ਸਭਿਆਚਾਰ ਵਿਚ ਹੋਣਾ ਲਾਜਮੀ ਹੈ। ਇਸ ਪ੍ਰਕਾਰ ਇਸ ਤੱਥ ਵਿਚ ਅਤਿਕਥਨੀ ਨਹੀਂ ਹੈ ਕਿ ਸੰਸਥਾਗਤ ਟੀਚਿਆਂ ਦੀ ਪ੍ਰਾਪਤੀ ਉਦੋਂ ਹੀ ਸੰਭਵ ਹੈ ਜਦੋਂ ਸੱਭਿਆਚਾਰਕ ਤੱਤਾਂ ਦੀ ਸਥਾਪਨਾ ਵਿਚ ਨੈਤਿਕਤਾ ਦਾ ਵੱਡਾ ਯੋਗਦਾਨ ਹੁੰਦਾ ਹੈ। ਕਰਮਚਾਰੀਆਂ ਦਾ ਸੰਸਥਾ ਦੇ ਸੱਭਿਆਚਾਰਕ ਪ੍ਰਤੀ ਨੈਤਿਕ ਰਵੱਈਆ ਹੀ ਤਰੱਕੀ ਦਾ ਕਾਰਨ ਬਣ ਸਕਦਾ ਹੈ।

ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਵਪਾਰਿਕ ਨੈਤਿਕਤਾ ਮੁੱਲ ਪ੍ਰਬੰਧਾਂ, ਸਦਾਚਾਰਤਾ, ਨੈਤਿਕਤਾ, ਧਰਮ ਅਤੇ ਸਮਾਜ ਤੋਂ ਪ੍ਰਭਾਵਿਤ ਹੈ। ਇਸ ਸਬੰਧ ਨੂੰ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ :-




Fig. 1.2 Effects of religion on Business Ethics.

ਉਪਰੋਕਤ ਚਿੱਤਰ ਰਾਹੀਂ ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਧਰਮ ਮੁੱਲ ਪ੍ਰਬੰਧਾਂ, ਸਦਾਚਾਰਤਾ ਅਤੇ ਨੈਤਿਕਤਾ ਦਾ ਅਧਾਰ ਬਣਦਾ ਹੋਇਆ ਵਪਾਰਿਕ ਨੈਤਿਕਤਾ ਅਤੇ ਵਪਾਰਿਕ ਜ਼ਿੰਮੇਵਾਰੀਨੂੰ ਪ੍ਰੋਤਸਾਹਿਤ ਕਰਦਾ ਹੈ ਜਿਸਦਾ ਨਤੀਜਾ ਸੋਸ਼ਲ ਮਾਰਕੀਟਿੰਗ(Social Marketing), ਗ੍ਰੀਨ ਮਾਰਕੀਟਿੰਗ(Green Marketing) ਅਤੇ ਕੁਸ਼ਲ ਸੰਚਾਲਨ(Good Governance) ਦੇ ਰੂਪ ਵਿੱਚ ਹੁੰਦਾ ਹੈ।

### 1.5.5 ਵਪਾਰਿਕ ਜ਼ਿੰਮੇਵਾਰੀ(Business Responsibility)

ਵਪਾਰਿਕ ਜ਼ਿੰਮੇਵਾਰੀਤੋਂ ਭਾਵ ਉਹਨਾਂ ਨੈਤਿਕਤਾ ਜ਼ਿੰਮੇਵਾਰੀਆਂ ਤੋਂ ਹੈ ਜਿਨ੍ਹਾਂ ਦੀ ਸੰਸਥਾਵਾਂ ਤੋਂ ਉਮੀਦ ਕੀਤੀ ਜਾਂਦੀ ਹੈ। ਵਪਾਰਿਕ ਜ਼ਿੰਮੇਵਾਰੀ ਦਾ ਸੰਕਲਪ ਵਪਾਰਿਕ ਅਦਾਰਿਆਂ ਦੇ ਫਲਸਫ਼ੇ ਅਤੇ ਨੀਤੀਆਂ ਵਿਚ ਹੀ ਸ਼ਾਮਿਲ ਹੁੰਦਾ ਹੈ। ਇਸ ਦਾ ਲਾਭ ਵਪਾਰਿਕ ਸੰਸਥਾ ਨੂੰ ਲੰਬੇ ਸਮੇਂ ਲਈ ਮਿਲਦਾ ਹੈ ਭਾਵੇਂ ਇਹ ਨੈਤਿਕਤਾ ਦੇ ਕਾਰਨ ਹੀ ਹੋਂਦ ਵਿਚ ਆਉਂਦੀ ਹੈ। ਇਸ ਵਿਚ ਸੰਸਥਾ ਨੂੰ ਸਮਾਜਿਕ ਮੁੱਦਿਆਂ ਤੇ ਸੰਜੀਦਗੀ ਨਾਲ ਕੰਮ ਕਰਨ ਲਈ ਉਤਸ਼ਾਹ ਮਿਲਦਾ ਹੈ। ਉੱਘੇ ਸਮਾਜ ਸ਼ਾਸ਼ਤਰੀ ਡਾ. ਅਵਤਾਰ ਸਿੰਘ ਅਨੁਸਾਰ–

> ਵਪਾਰ ਵਿਚ ਵਪਾਰਿਕ ਗਤੀਵਿਧੀਆਂ ਦੇ ਨਤੀਜਿਆਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਸਮਾਜਿਕ ਜ਼ਿੰਮੇਵਾਰੀ ਨੂੰ ਸਮਾਜ ਪ੍ਰਤੀ ਦੇਣਦਾਰੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਜਦੋਂ ਵਪਾਰਿਕ ਸੰਸਥਾ ਸਮਾਜ ਤੋਂ ਅਨੇਕਾਂ ਹੀ ਸਰੋਤ ਜਿਵੇਂ ਕਿ ਮਨੁੱਖੀ ਸਰੋਤ, ਕੁਦਰਤੀ ਸਰੋਤ ਪ੍ਰਾਪਤ ਕਰਦੀ ਹੈ ਤਾਂ ਉਸ ਦੀ ਸਮਾਜ ਪ੍ਰਤੀ ਦੇਣਦਾਰੀ ਬਣ ਜਾਂਦੀ ਹੈ ਕਿ ਉਹ ਸਰੋਤਾਂ ਦਾ ਪ੍ਰਯੋਗ ਇਸ ਤਰ੍ਹਾਂ ਕਰੇ ਕਿ ਉਹਨਾਂ ਦਾ ਮਾੜਾ ਪ੍ਰਭਾਵ ਸਮਾਜ ਉੱਤੇ ਨਾ ਪਵੇ।[32]

ਸਮਾਜਿਕ ਜ਼ਿੰਮੇਵਾਰੀ ਦੇ ਸੰਕਲਪ ਵਿਚ ਇਹ ਵਿਚਾਰ ਅਤਿ ਮਹੱਤਵਪੂਰਨ ਹੈ ਕਿ ਵਪਾਰਕ ਗਤੀਵਿਧੀਆਂ ਖਲਾਅ ਵਿਚ ਨਹੀਂ ਹੋ ਸਕਦੀਆਂ ਅਤੇ ਉਹਨਾਂ ਨੂੰ ਸਮਾਜ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਸੋ ਇਸ ਲਈ ਵਪਾਰਿਕ ਸੰਸਥਾਵਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਸ਼ਚਿਤ ਕਰਨੀਆਂ ਕਾਫ਼ੀ ਜ਼ਰੂਰੀ ਹਨ। ਵਪਾਰਿਕ ਜ਼ਿੰਮੇਵਾਰੀ ਦੇ ਵਭਿੰਨ ਪਹਿਲੂਆਂ ਵਿਚ ਸਮਾਜਿਕ, ਆਰਥਿਕ ਅਤੇ ਵਾਤਾਵਰਣ ਨਾਲ ਸਬੰਧਿਤ ਤੱਤ ਮਿਲ ਕੇ ਤੀਹਰੀ ਬਾਟਮ ਲਾਇਨ ਦੀ ਸਿਰਜਣਾ ਕਰਦੇ ਹਨ। ਇਸ ਨੂੰ ਚੰਗੇ ਪ੍ਰਸ਼ਾਸ਼ਨ ਦੀ ਤ੍ਰਿਕੋਣ(Triangle of Good Governance) ਜਾਂ ਤੀਹਰੀ ਬਾਟਮ ਲਾਇਨ (Third Bottom Line) ਕਿਹਾ ਜਾਂਦਾ ਹੈ।




ਇਸ ਦੀ ਸਥਾਪਨਾ 'ਸਸਟੇਨੇਬਿਲਟੀ' ਜੋ ਕਿ ਯੂ.ਕੇ. ਅਧਾਰਿਤ ਵਪਾਰਿਕ ਸਲਾਹਕਾਰ ਕੌਂਸਲ ਹੈ, ਵੱਲੋਂ ਕੀਤੀ ਗਈ ਹੈ। ਇਸ ਬਾਟਮ ਲਾਇਨ ਤਹਿਤ ਵਪਾਰਿਕ ਜ਼ਿੰਮੇਵਾਰੀ ਨੂੰ ਵਾਚਿਆ ਅਤੇ ਉਸ ਦਾ ਮੁਲਾਂਕਣ ਕੀਤਾ ਜਾਂਦਾ ਹੈ। ਵਪਾਰਿਕ ਜ਼ਿੰਮੇਵਾਰੀ ਦੀ ਮਹੱਤਤਾ ਦੇ ਸੰਦਰਭ ਵਿਚ ਮਹਾਨ ਪ੍ਰਬੰਧ ਵਿਗਿਆਨੀ ਕੀਥ ਡੇਵਿਸ ਦਾ ਕਥਨ ਪ੍ਰਸੰਗਿਕ ਜਾਪਦਾ ਹੈ-

ਵਪਾਰਿਕ ਜ਼ਿੰਮੇਵਾਰੀ ਉੱਥੇ ਆਰੰਭ ਹੁੰਦੀ ਹੈ, ਜਿੱਥੇ ਵਪਾਰਿਕ ਕਾਨੂੰਨ ਖ਼ਤਮ ਹੋ ਜਾਂਦੇ ਹਨ।[33]

ਸਮਾਜਿਕ ਜ਼ਿੰਮੇਵਾਰੀ ਨੂੰ ਵਪਾਰਿਕ ਪ੍ਰਕਿਰਿਆਵਾਂ ਦੀ ਆਖਰੀ ਪੌੜੀ ਵੀ ਕਿਹਾ ਜਾ ਸਕਦਾ ਹੈ ਅਤੇ ਇਹ ਉਦੋਂ ਹੀ ਸੰਭਵ ਹੈ ਜਦੋਂ ਵਪਾਰਿਕ ਨੈਤਿਕਤਾ ਨੀਤੀ ਨਿਰਮਾਣ ਦਾ ਮੁੱਖ ਹਿੱਸਾ ਹੋਵੇਗੀ। ਸਮਾਜਿਕ ਜ਼ਿੰਮੇਵਾਰੀ ਸੰਸਥਾ ਦੇ ਅੰਦਰੂਨੀ ਅਤੇ ਬਾਹਰੀ ਦੋਹਾਂ ਪੱਧਰਾਂ ਤੇ ਹੁੰਦੀ ਹੈ।



ਉਪਰੋਕਤ ਚਿੱਤਰ ਵਿਚ ਇਹ ਸਪੱਸ਼ਟ ਹੈ ਕਿ ਵਪਾਰ ਦਾ ਉਦੇਸ਼ ਕੇਵਲ ਲਾਭ ਪ੍ਰਾਪਤ ਕਰਨੇ ਹੀ ਨਹੀਂ ਹੁੰਦੇ ਸਗੋਂ ਸਮਾਜ ਦੀ ਭਲਾਈ ਦੇ ਕਾਰਜ ਵੀ ਕਰਨੇ ਹੁੰਦੇ ਹਨ। ਉਹ ਚਾਹੇ ਸਕੂਲਾਂ, ਕਾਲਜਾਂ ਦਾ ਨਿਰਮਾਣ, ਹਸਪਤਾਲਾਂ ਦੀ ਉਸਾਰੀ, ਵਾਤਾਵਰਣ ਦੀ ਸੰਭਾਲ ਦੇ ਕਾਰਜ ਜਾਂ ਹੋਰ ਸਮਾਜ ਭਲਾਈ ਦੇ ਕਾਰਜ ਹੀ ਕਿਉਂ ਨਾ ਹੋਣ ਪਰ ਇਸ ਲਈ ਸੰਸਥਾ ਦੇ ਹਰ ਇੱਕ ਪੱਧਰ ਤੇ ਲੰਬੇ ਸਮੇਂ ਦੇ ਮੁਨਾਫ਼ਿਆਂ ਲਈ ਵਿਸਤ੍ਰਿਤ ਨੀਤੀਆਂ ਦੀ ਜ਼ਰੂਰਤ ਹੈ ਅਤੇ ਸਮਜਿਕ ਜ਼ਿੰਮੇਵਾਰੀਆਂ ਵਪਾਰਿਕ ਨੈਤਿਕਤਾ ਤੋਂ ਬਿਨਾਂ ਸੰਭਵ ਨਹੀਂ ਹਨ। ਵਪਾਰਿਕ ਨੈਤਿਕਤਾ ਦੇ ਸਬੰਧ ਵਿਚ ਅੰਤ ਇਹ ਤੱਥ ਉੱਭਰਦਾ ਹੈ ਕਿ ਵਪਾਰਿਕ ਨੈਤਿਕਤਾ ਦਾ ਵਿਸ਼ਾ ਬਹੁ-ਅਨੁਸ਼ਾਸ਼ਨੀ ਹੈ ਪਰ ਸਮਾਜਿਕ ਮੁੱਲ(Social Values) ਇਸ ਦੇ ਕੇਂਦਰ ਵਿਚ ਹਨ। ਵਪਾਰਿਕ ਨੈਤਿਕਤਾ ਦੇ ਵਿਸ਼ੇ ਦਾ ਸਰਲੀਕਰਣ ਅਤੇ ਵਿਵਹਾਰਿਕਤਾ ਹਿਤ ਇਸ ਨੂੰ ਸਿੱਖ ਗੁਰੂ ਸਾਹਿਬਾਨ ਦੇ ਦ੍ਰਿਸ਼ਟੀਕੋਣ ਰਾਹੀਂ ਵਾਚਣ ਦਾ ਯਤਨ ਕੀਤਾ ਜਾਵੇਗਾ।

### 1.5.9 ਸਿੱਖ ਗੁਰੂ ਸਾਹਿਬਾਨ ਦਾ ਦ੍ਰਿਸ਼ਟੀਕੋਣ ਵਪਾਰਿਕ ਨੈਤਿਕਤਾ ਦੇ ਸੰਦਰਭ ਵਿੱਚ (Sikh Guru's Perspective on Business Ethics)

ਨੈਤਿਕਤਾ ਹਰ ਸਮੇਂ ਮਨੁੱਖੀ ਵਿਵਹਾਰ ਨੂੰ ਕੰਟਰੋਲ ਅਤੇ ਹਦਾਇਤ ਦੇਣ ਦਾ ਕਾਰਜ ਕਰਦੀ ਹੈ। ਇਸ ਰਾਹੀਂ ਅਜਿਹੇ ਮਾਪਦੰਡ ਬਣਦੇ ਹਨ ਜੋ ਸਹੀ ਜਾਂ ਗਲਤ ਬਾਰੇ ਨਿਰਣਾ ਕਰਨ ਵਿਚ ਸਹਾਇਕ ਹੁੰਦੇ ਹਨ। ਨੈਤਿਕਤਾ ਨੂੰ ਮਨੁੱਖ ਲਈ ਟੀਚਿਆਂ ਦਾ ਇੱਕ ਖਰੜਾ ਵੀ ਕਿਹਾ ਜਾ ਸਕਦਾ ਹੈ ਜੋ ਉਸ ਨੂੰ ਹਰ ਇੱਕ ਪ੍ਰਸਥਿਤੀ ਵਿਚ ਸਹਿਯੋਗ ਦਿੰਦਾ ਹੈ। ਆਮ ਤੌਰ ਤੇ ਇਹ ਟੀਚੇ ਈਮਾਨਦਾਰੀ, ਇਕਸਾਰਤਾ, ਵਿਸ਼ਵਾਸ, ਜ਼ਿੰਮੇਵਾਰੀ ਜਵਾਬਦੇਹੀ, ਪਾਰਦਰਸ਼ਿਤਾ ਨਾਲ ਸਬੰਧਿਤ ਹੁੰਦੇ ਹਨ। ਇਹ ਆਮ ਤੌਰ ਤੇ ਸਮਾਜ ਅਤੇ ਸਮਾਜਿਕ ਨੀਤੀਆਂ ਕਾਰਨ ਹੋਂਦ ਵਿਚ ਆਉਂਦੇ ਹਨ। ਵਪਾਰਿਕ ਨੈਤਿਕਤਾ ਜਿੱਥੇ ਸਮਾਜ ਦੇ ਲਈ ਅਤੇ ਸਮਾਜ ਵਿਚੋਂ ਹੀ ਉਪਜਦੀ ਹੈ ਉੱਥੇ ਧਾਰਮਿਕ ਗ੍ਰੰਥਾਂ, ਧਾਰਮਿਕ ਸਖ਼ਸ਼ੀਅਤਾਂ ਦਾ ਇਸ ਉੱਤੇ ਖ਼ਾਸ ਪ੍ਰਭਾਵ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜਿੱਥੇ ਅਧਿਆਤਮਿਕ ਵਿਕਾਸ ਦੀ ਗੱਲ ਕਰਦੇ ਹਨ ਉੱਥੇ ਨਾਲ ਹੀ ਮਨੁੱਖੀ ਵਿਕਾਸ ਵੀ ਉਨਾਂ ਦੀਆਂ ਸਿੱਖਿਆਵਾਂ ਦਾ ਮੁੱਖ ਅੰਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ

ਵਿਚ ਇਸ ਦੇ ਰਚਣਹਾਰਿਆਂ ਦੇ ਜੀਵਨ ਵਿਚ ਅਨੇਕਾਂ ਹੀ ਅਜਿਹੀਆਂ ਘਟਨਾਵਾਂ ਮਿਲਦੀਆਂ ਹਨ ਜੋ ਮਨੁੱਖੀ ਵਿਕਾਸ ਅਤੇ ਨੈਤਿਕਤਾ ਦੇ ਖੇਤਰ ਵਿਚ ਅਹਿਮ ਹਨ। ਇਹ ਖਜ਼ਾਨਾ ਪ੍ਰਬੰਧ ਦੇ ਅਲੱਗ ਅਲੱਗ ਖੇਤਰਾਂ ਲਈ ਗਿਆਨ ਦਾ ਭੰਡਾਰ ਹੈ ਅਤੇ ਵਪਾਰਿਕ ਸਮੱਸਿਆਵਾਂ ਦੇ ਹੱਲ ਲਈ ਸੰਜੀਵਨੀ ਦਾ ਕਾਰਜ ਕਰਦਾ ਹੈ। ਇਹ ਜਿੱਥੇ ਇੱਕ ਪਾਸੇ ਅੰਦਰੂਨੀ ਕੰਟਰੋਲ ਦਾ ਤਰੀਕਾ ਦੱਸਦੇ ਹਨ, ਉੱਥੇ ਨਾਲ ਹੀ ਨੈਤਿਕ ਵਿਵਹਾਰ ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਗੁਰਬਾਣੀ ਵਿਚ ਵੀ ਸਾਨੂੰ ਸੱਚੇ ਵਪਾਰ ਦੀ ਸਿੱਖਿਆ ਮਿਲਦੀ ਹੈ। ਇਹ ਉਹ ਵਪਾਰ ਹੈ ਜਿੱਥੇ ਸਚਿਆਈ ਦੀ ਗੱਲ ਕੀਤੀ ਗਈ ਹੈ। ਗੁਰੂ ਸਾਹਿਬਾਨ ਨੇ ਆਪਣੀਆਂ ਸਿੱਖਿਆਵਾਂ ਵਿਚ ਸਭ ਦੇ ਭਲੇ ਦੀ ਗੱਲ ਕੀਤੀ ਹੈ, ਜਿਸ ਨੂੰ Ôਸਰਬੱਤ ਦਾ ਭਲਾÓ ਕਿਹਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖਤਾ ਦੀ ਸੇਵਾ ਦੀ ਗੱਲ ਕੀਤੀ ਗਈ ਹੈ ਜੋ ਹਉਮੈਂ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਪਰਉਪਕਾਰੀ ਭਾਵਨਾ ਦਾ ਨਿਵਾਸ ਹੋਵੇ। ਦੂਸਰਿਆਂ ਦੀ ਸੇਵਾ ਵਿਚ ਜਿੱਥੇ ÔਮੈਂÓ ਦੀ ਭਾਵਨਾ ਨਸ਼ਟ ਹੁੰਦੀ ਹੈ ਉੱਥੇ ਵਿਅਕਤੀ ਦੀ ਸੋਚ ਦਾ ਦਾਇਰਾ ਵੀ ਵੱਧਦਾ ਹੈ ਅਤੇ ਸਚਿਆਰ ਮਨੁੱਖ ਦੀ ਉੱਤਪਤੀ ਹੁੰਦੀ ਹੈ।

ਗੁਰਬਾਣੀ ਅਨੁਸਾਰ ਸਚਿਆਰ ਮਨੁੱਖ ਉਹ ਹੈ ਜੋ ਮਾੜੇ ਨਾਲ ਵੀ ਚੰਗੀ ਭਾਵਨਾ ਰੱਖਦਾ ਹੈ ਭਾਵ ਮਾੜੀਆਂ ਭਾਵਨਾਂ ਦਾ ਤਿਆਗ ਕਰਕੇ ਚੰਗੇ ਗੁਣਾਂ ਨੂੰ ਹੀ ਗ੍ਰਹਿਣ ਕਰਦਾ ਹੈ। ਅੰਗਰੇ÷ ਦਾਰਸ਼ਨਿਕ ਮੈਕਾਲੇ ਅਨੁਸਾਰ –

> ਸਿੱਖ ਧਰਮ ਵਿਚ ਅਜਿਹਾ ਨੈਤਿਕਤਾ ਦਾ ਸਿਸਟਮ ਹੈ ਜਿਸ ਦਾ ਵਰਣਨ ਹੋਰ ਕਿਤੇ ਵੀ ਨਹੀਂ ਮਿਲਦਾ।[34]

ਗੁਰੂ ਸਾਹਿਬਾਨ ਚੰਗੇ ਚਰਿੱਤਰ ਦੇ ਨਿਰਮਾਣ ਤੇ Ôਖ਼ਾਸ ਜ਼ੋਰ ਦਿੰਦੇ ਹਨ ਜਿਸ ਰਾਹੀਂ ਨੈਤਿਕ ਕਦਰਾਂ ਕੀਮਤਾਂ ਦੀ ਯੋਗ ਉਸਾਰੀ ਹੁੰਦੀ ਹੈ। ਗੁਰੂ ਪਾਤਸ਼ਾਹ ਗੁਣਾਂ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿੰਦੇ ਹਨ ਅਤੇ ਔਗੁਣਾਂ ਦਾ ਤਿਆਗ ਕਰਨ ਲਈ ਪ੍ਰੇਰਦੇ ਹਨ। ਗੁਰੂ ਸਾਹਿਬਾਨ

ਅਨੁਸਾਰ ਸੱਚ ਤੋਂ ਵੀ ਵੱਡਾ ਗੁਣ ਸੱਚਾ ਅਚਾਰ ਹੈ। ਇਸ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਲਿਖਦੇ ਹਨ–

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[35]

ਗੁਰੂ ਸਾਹਿਬਾਨ ਵੰਡ ਕੇ ਛੱਕਣ ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਦਸਵੰਧ ਪ੍ਰਣਾਲੀ ਦਾ ਅਰੰਭ ਕਰਕੇ ਗੁਰੂ ਪਾਤਸ਼ਾਹ ਨੇ ਦਾਨ ਦੀ ਪ੍ਰਥਾ ਨੂੰ ਨਵੇਂ ਅਰਥ ਦਿੱਤੇ। ਦਸਵੰਧ ਦਾ ਅਰਥ ਹੁੰਦਾ ਹੈ ਆਪਣੀ ਕਿਰਤ ਦਾ ਦਸਵਾਂ ਹਿੱਸਾ ਧਰਮ ਦੇ ਕਾਰਜਾਂ, ਲੋਕ ਭਲਾਈ ਦੇ ਕਾਰਜਾਂ ਵਿਚ ਦੇਣਾ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸੰਗਤਾਂ ਦਸਵੰਧ ਵਿਚ ਮਾਇਆ ਦੇ ਨਾਲ ਨਾਲ ਵਸਤੂਆਂ, ਰਸਦਾਂ ਵੀ ਲੈ ਕੇ ਆਉਂਦੀਆਂ ਸਨ। ਇਸ ਨਾਲ ਜਿੱਥੇ ਭੁੱਖਮਰੀ, ਸੌਕੇ ਆਦਿ ਸਮੇਂ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਉੱਥੇ ਨਾਲ ਹੀ ਮਨੁੱਖਤਾ ਲਈ ਜ਼ੁਲਮਾਂ ਦੇ ਖਿਲਾਫ਼ ਕੀਤੇ ਯੁੱਧਾਂ ਵਿਚ ਵੀ ਮੱਦਦ ਮਿਲਦੀ ਸੀ। ਗੁਰੂ ਸਾਹਿਬਾਨ ਆਪ ਖ਼ੁਦ ਵੀ ਲੋੜਵੰਦਾਂ ਦੀ ਮੱਦਦ ਕਰਦੇ ਸਨ ਜਿਵੇਂ ਖੂਹ ਪੁਟਵਾਉਣੇ, ਤਲਾਬਾਂ ਦਾ ਨਿਰਮਾਣ ਕਰਨਾ ਆਦਿ। ਅੱਜ ਦੇ ਸਮੇਂ ਵੀ ਵੰਡ ਕੇ ਛੱਕਣ ਦੀ ਭਾਵਨਾ ਵਪਾਰਿਕ ਅਦਾਰਿਆਂ ਵਿਚ ਅਤਿ ਜ਼ਰੂਰੀ ਹੈ ਅਤੇ ਲਾਭ ਦਾ ਬਣਦਾ ਹਿੱਸਾ ਸਮਾਜ ਭਲਾਈ ਦੇ ਕਾਰਜਾਂ ਤੇ ਖਰਚਣਾ ਵਪਾਰ ਦੀ ਜ਼ਿੰਮੇਵਾਰੀ ਹੈ। ਗੁਰੂ ਸਾਹਿਬਾਨ ਬਾਣੀ ਵਿਚ ਵੀ ਫਰਮਾਉਂਦੇ ਹਨ ਕਿ ਜਦੋਂ ਅਸੀਂ ਸਰੋਤਾਂ ਨੂੰ ਸਭ ਨਾਲ ਵੰਡ ਕੇ ਵਰਤਦੇ ਹਾਂ ਤਾ ਉਹਨਾਂ ਵਿਚੋਂ ਕਦੇ ਵੀ ਕਮੀਂ ਨਹੀਂ ਆਉਂਦੀ ਸਗੋ ਉਹ ਵਧਦੀਆਂ ਹੀ ਜਾਂਦੀ ਹਨ। ਇਸ ਸਬੰਧ ਵਿਚ ਇਹ ਪੰਕਤੀ ਢੁੱਕਵੀ ਪ੍ਰਤੀਤ ਹੁੰਦੀ ਹੈਃ–

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥[36]

ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਅੰਦਰ ਅਨੇਕਾਂ ਹੀ ਥਾਂਵਾਂ ਤੇ ਮਨੁੱਖ ਨੂੰ ਆਮ ਜ਼ਿੰਦਗੀ ਅਤੇ ਵਪਾਰਿਕ ਕਿਰਿਆਵਾਂ ਵਿਚ ਨੈਤਿਕ ਕਦਰਾਂ ਕੀਮਤਾਂ ਨੂੰ ਅਪਨਾਉਣ ਤੇ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਅਜਿਹੀ ਪੂੰਜੀ ਦੀ ਗੱਲ ਕਰਦੇ ਹਨ ਜੋ ਕਿ ਸਦੀਵੀ ਹੋਵੇ ਭਾਵ

ਵਰਤਣ ਤੇ ਵੀ ਵੱਧਦੀ ਜਾਵੇ । ਇਸ ਸਬੰਧ ਵਿਚ ਗੁਰਭਗਤ ਸਿੰਘ ਦੇ ਵਿਚਾਰ ਸਾਰਥਕ ਪ੍ਰਤੀਤ ਹੁੰਦੇ ਹਨ–

> ‘ਸ਼੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਸਾਨੂੰ ਇਹ ਸੰਭਾਵਨਾ ਮਿਲੀ ਹੈ ਕਿ ਪੂੰਜੀ ਕੇਵਲ ਲੋਟੂ ਜਾਂ ਸੂਦ ਲਈ ਸੰਚਾਲਿਤ ਹੀ ਨਹੀਂ, ਇਹ ਵਿਸਮਾਦੀ ਵੀ ਹੋ ਸਕਦੀ ਹੈ। ਵਿਸਮਾਦੀ ਪੂੰਜੀ ਹੀ ਵਰਗਾਂ ਦਾ ਭੇੜ ਜਾਂ ਸੱਭਿਆਚਾਰਕ ਭੇੜ ਮੁਕਾ ਸਕਦੀ ਹੈ।’[37]

ਵਿਸਮਾਦੀ ਪੂੰਜੀ ਦੀ ਉਤਪੱਤੀ ਜਿਸ ਵਿਚ ਨੈਤਿਕਤਾ ਦਾ ਅਹਿਮ ਰੋਲ ਹੈ, ਇਸ ਦੇ ਸਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਂਵਾਂ ਨੂੰ ਵਿਧੀਬੱਧ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ–

**ਸਚਿਆਰ ਜੀਵਨ (Truthful Living):–** ਗੁਰੂ ਸਾਹਿਬਾਨ ਮਨੁੱਖ ਦੇ ਅਧਿਆਤਮਿਕ ਜੀਵਨ ਵਿਚ ਅਤੇ ਸੰਸਾਰਿਕ ਜੀਵਨ ਦੋਵਾਂ ਦੀ ਗੱਲ ਕਰਦੇ ਹਨ। ਗੁਰੂ ਸਾਹਿਬ ਅਨੁਸਾਰ ਵਿਅਕਤੀ ਦਾ ਵਤੀਰਾ ਅਤੇ ਸੱਚਾਈ ਵਾਲਾ ਹੋਣਾ ਚਾਹੀਦਾ ਹੈ। ਜ਼ਿੰਦਗੀ ਵਿਚ ਅਸਲ ਸੱਚ ਦੀ ਪ੍ਰਾਪਤੀ ਉਦੋਂ ਹੀ ਸੰਭਵ ਹੈ ਜਦੋਂ ਜੀਵਨ ਵਿਚ ਚੰਗੇ ਗੁਣ ਧਾਰਨ ਕੀਤੇ ਜਾਣ। ਗੁਰੂ ਸਾਹਿਬ ਅਨੁਸਾਰ ਹਰ ਇੱਕ ਮਨੁੱਖ ਨੂੰ ਚੰਗਾ ਭਾਵ ਸੱਚਾ ਵਪਾਰ ਕਰਨਾ ਚਾਹੀਦਾ ਹੈ। ਅਜਿਹਾ ਵਪਾਰ ਜਿਸ ਵਿੱਚ ਮਨੁੱਖੀ ਕਦਰਾਂ ਕੀਮਤਾਂ ਨੂੰ ਵੀ ਸੰਮਲਿਤ ਕੀਤਾ ਹੋਵੇ। ਅਜਿਹਾ ਮਨੁੱਖ ਹਰ ਥਾਂ ਸਤਿਕਾਰ ਦਾ ਪਾਤਰ ਬਣਦਾ ਹੈ। ਇਸ ਸਬੰਧ ਵਿਚ ਗੁਰੂ ਸਾਹਿਬ ਦੀ ਪ੍ਰੇਰਣਾ ਹੈ:–

> ਸਚੁ ਵਾਪਾਰੁ ਕਰਹੁ ਵਾਪਾਰੀ।।
> ਦਰਗਹ ਨਿਬਹੈ ਖੇਪ ਤੁਮਾਰੀ।।[38]

ਗੁਰੂ ਸਾਹਿਬ ਅਨੁਸਾਰ ਸੱਚਾ ਵਪਾਰ ਚਿਰ ਸਥਾਈ ਹੈ ਇਸ ਦੇ ਨਤੀਜੇ ਦੀਰਘਕਾਲ ਲਈ ਹੁੰਦੇ ਹਨ ਜਿਸ ਤਰ੍ਹਾਂ ਵਪਾਰ ਦੀ ਕੁਸ਼ਲਤਾ ਦਾ ਨਤੀਜਾ ਸਹਿਜਤਾ ਵਿਚ ਮਿਲਦਾ ਹੈ ਉਸੇ ਤਰ੍ਹਾਂ ਗੁਰੂ ਸਾਹਿਬ ਸੱਚੇ ਵਪਾਰ ਲਈ ਸਹਿਜਤਾ ਵੱਲ ਸੰਕੇਤ ਕਰਦੇ ਹਨ:–

> ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ।[39]

ਅਸਲ ਵਿੱਚ ਸੱਚਾ ਵਪਾਰ ਕੇਵਲ ਉਹ ਹੈ ਜੋ ਸੱਚ ਤੇ ਅਧਾਰਿਤ ਹੁੰਦਾ ਹੈ ਜਿਸ ਵਿਚ ਹਰ ਇੱਕ ਸਬੰਧਿਤ ਵਿਅਕਤੀ ਨੂੰ ਯੋਗ ਨਿਆਂ ਦਿੱਤਾ ਜਾਂਦਾ ਹੈ, ਅਜਿਹਾ ਵਪਾਰ ਸਭ ਤੋਂ ਉੱਤੇ ਹੈ। ਵਪਾਰਿਕ ਭਾਸ਼ਾ ਵਿਚ ਅਜਿਹੇ ਵਪਾਰ ਨੂੰ ਉੱਤਮ ਵਪਾਰ ਕਿਹਾ ਗਿਆ ਹੈ। ਗੁਰੂ ਸਾਹਿਬ ਅਨੁਸਾਰ ਅਜਿਹੇ ਵਪਾਰੀ ਪ੍ਰਸ਼ੰਸ਼ਾ ਦੇ ਪਾਤਰ ਬਣਦੇ ਹਨਃ-

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ।।[40]

ਉਪਰੋਕਤ ਵਿਚਾਰ ਚਰਚਾ ਰਾਹੀਂ ਇਹ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਵਿਵਹਾਰਿਕ ਜੀਵਨ ਵਿੱਚ ਅਧਿਆਤਮਿਕ ਦ੍ਰਿਸ਼ਟੀਕੋਣ ਤੋਂ ਪ੍ਰੇਰਿਤ ਜੀਵਨ ਸ਼ੈਲੀ ਅਪਣਾਉਣ ਤੇ ਜੋਰ ਦਿੰਦੇ ਹਨ। ਜੇਕਰ ਵਪਾਰਿਕ ਪੱਖ ਦੀ ਗੱਲ ਕੀਤੀ ਜਾਵੇ ਤਾਂ ਸੱਚਿਆਰ ਜੀਵਨ ਅਜਿਹੇ ਨੈਤਿਕ ਗੁਣਾਂ ਤੋਂ ਬਿਨ੍ਹਾਂ ਅਧੂਰਾ ਹੈ। ਇਸੇ ਸੰਦਰਭ ਵਿਚ ਡਾ. ਜਸਪਾਲ ਕੌਰ ਕਾਂਗ ਦੇ ਵਿਚਾਰ ਢੁੱਕਵੇ ਪ੍ਰਤੀਤ ਹੁੰਦੇ ਹਨਃ-

> ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਮੁੱਚਾ ਦਾਰੋਮਦਾਰ ਮਨੁੱਖ ਦੀ ਸਚਿਆਰ ਬਣਨ ਦੀ ਪ੍ਰਕਿਰਿਆ ਨਾਲ ਸਬੰਧਿਤ ਹੈ। ਅਜੋਕੇ ਦੌਰ ਵਿਚ ਮਨੁੱਖ ਦੀਆਂ ਨੈਤਿਕ ਕਦਰਾਂ ਕੀਮਤਾਂ ਵਿਚ ਜਿਸ ਪੱਧਰ ਤੇ ਗਿਰਾਵਟ ਆ ਰਹੀ ਹੈ ਉਨ੍ਹਾਂ ਦਾ ਉਪਚਾਰ ਕਰਨ ਲਈ ਬਾਣੀ ਦੇ ਸੰਦੇਸ਼ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।[41]

**ਵਿਵਹਾਰ (Conduct)** : ਮਨੁੱਖ ਦਾ ਵਿਵਹਾਰ ਸੱਚਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਚੰਗੇ ਬੋਲ ਬੋਲਣੇ ਚਾਹੀਦੇ ਹਨ। ਮਨੁੱਖੀ ਵਿਵਹਾਰ ਦਾ ਪ੍ਰਭਾਵ ਚਿਰ ਸਥਾਈ ਹੁੰਦਾ ਹੈ। ਗੁਰੂ ਸਾਹਿਬ ਦ੍ਰਿਸ਼ਟਾਂਤਾਂ ਰਾਹੀਂ ਸਮਝਾਉਂਦੇ ਹਨ ਕਿ ਅਕਾਲ ਪੁਰਖ ਦਾ ਵਿਵਹਾਰ ਬਹੁਤ ਹੀ ਮਿੱਠਾ ਹੈ, ਉਹ ਕਿਸੇ ਵੀ ਪ੍ਰਸਥਿਤੀ ਵਿੱਚ ਕੋੜਾ ਬੋਲ ਨਹੀਂ ਬੋਲਦੇ। ਵਿਵਹਾਰ ਜਿੱਥੇ ਵਪਾਰਿਕ ਲੀਡਰ ਦੀ ਸਖ਼ਸ਼ੀਅਤ ਦਾ ਅਨਿੱਖੜਵਾਂ ਅੰਗ ਹੈ ਉੱਥੇ ਨਾਲ ਹੀ ਇਹ ਸੰਗਠਨ ਦੀ ਸ਼ਾਖ(Goodwill) ਲਈ ਵੀ ਅਹਿਮ ਹੈ। ਵਿਵਹਾਰ ਵਿਚ ਮਿਠਾਸ ਦੀ ਮਹੱਤਤਾ ਬਾਰੇ ਗੁਰੂ ਸਾਹਿਬ ਦੇ ਵਿਚਾਰ ਪ੍ਰਸੰਗਿਕ ਹਨ :-

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।।

ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ।।[42]

ਵਿਵਹਾਰ ਅਜਿਹਾ ਹੋਣਾ ਚਾਹੀਦਾ ਹੈ ਕਿ ਜਿਸ ਵਿਚ ਹੰਕਾਰ ਦੀ ਪ੍ਰਵਿਰਤੀ ਨਾ ਹੋਵੇ ਸਗੋਂ ਵਪਾਰਿਕ ਕਾਰਜਕਰਣੀ ਲਈ ਕਰਮਚਾਰੀਆਂ ਨਾਲ ਮਿਲ ਕੇ ਮਸਲਿਆਂ ਤੇ ਵਿਚਾਰ ਕੀਤੀ ਜਾਵੇ। ਇਸੇ ਸਬੰਧ ਵਿਚ ਚੰਗੇ ਵਿਵਹਾਰ ਦੀ ਸਾਰਥਿਕਤਾ ਬਾਰੇ ਗੁਰੂ ਸਾਹਿਬ ਸੰਕੇਤ ਕਰਦੇ ਹਨः-

ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ।।[43]

ਵਪਾਰ ਵਿਚ Unity of command ਅਤੇ Unity of direction ਦੇ ਸਿਧਾਂਤ ਨੂੰ ਵਪਾਰਿਕ ਕਾਰਜਕਰਣੀ ਵਿਚ ਅਹਿਮ ਸਥਾਨ ਦਿੱਤਾ ਗਿਆ ਹੈ। ਇਹਨਾਂ ਸਿਧਾਤਾਂ ਵਿਚ ਹੁਕਮ ਦੀ ਪਾਲਣਾ ਤੇ ਜ਼ੋਰ ਦਿੱਤਾ ਗਿਆ ਹੈ । ਗੁਰੂ ਸਾਹਿਬਾਨ ਅਨੁਸਾਰ ਹੁਕਮ ਮੰਨਣ ਦੀ ਪ੍ਰਵਿਰਤੀ ਅਜਿਹੀ ਹੋਵੇ ਕਿ ਹਰੇਕ ਕਾਰਜ ਨੂੰ ਆਦੇਸ਼ ਅਨੁਸਾਰ ਕੀਤਾ ਜਾਵੇ। ਹੁਕਮ ਦੀ ਮਹੱਤਤਾ ਦੇ ਸਬੰਧ ਵਿਚ ਗੁਰੂ ਸੁਹਿਬ ਲਿਖਦੇ ਹਨः-

ਹਉ ਆਪਹੁ ਬੋਲਿ ਨਾ ਜਾਣਦਾ

ਮੈ ਕਹਿਆ ਸਭੁ ਹੁਕਮਾਉ ਜੀਉ।।[44]

ਉਪਰੋਕਤ ਵਿਚਾਰਾਂ ਰਾਹੀ ਇਹ ਸਪਸ਼ਟ ਕਰਨ ਦਾ ਕੀਤਾ ਗਿਆ ਹੈ ਕਿ ਵਿਵਹਾਰ ਵਿਚ ਹਲੀਮੀ, ਮਿਠਾਸ ਅਤੇ ਹੁਕਮ ਦੀ ਪਾਲਣਾ ਜਿਹੇ ਗੁਣ ਪ੍ਰਗਟ ਹੋਣ। ਅਜਿਹਾ ਵਿਵਹਾਰ ਸੰਸਥਾਗਤ ਨਤੀਜਿਆਂ ਦੀ ਪ੍ਰਾਪਤੀ ਵਿਚ ਮੀਲ ਪੱਥਰ ਸਾਬਿਤ ਹੋ ਸਕਦਾ ਹੈ।

**ਜਵਾਬਦੇਹੀ (Accountability)** : ਜਬਾਵਦੇਹੀ ਵਪਾਰਿਕ ਨੈਤਿਕਤਾ ਦਾ ਅਹਿਮ ਅੰਗ ਹੈ। ਜਦੋਂ ਮਨੁੱਖ ਕਾਰਜਾਂ ਵਿਚ ਨਿਪੁੰਨਤਾ ਨਾਲ ਕਾਰਜਸ਼ੀਲ ਹੁੰਦਾ ਹੈ ਤਾਂ ਉਸ ਨੂੰ ਚੰਗੇ ਨਤੀਜੇ ਹਾਸਿਲ ਹੁੰਦੇ ਹਨ। ਪਰ ਜਿੱਥੇ ਜਵਾਬਦੇਹੀ ਨਹੀਂ ਹੁੰਦੀ ਉਥੇ ਯੋਗ ਨਤੀਜਿਆਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬਾਨ ਨੇ ਕਰਮ ਸਿਧਾਂਤ ਨੂੰ ਕਾਰਜਾਂ ਦੀ ਪ੍ਰਾਪਤੀ ਵਿਚ ਅਹਿਮ ਅੰਗ ਮੰਨਿਆ ਹੈ। ਕਿਸੇ ਵੀ ਕਾਰਜ ਦੀ ਸਫ਼ਲਤਾ ਨਤੀਜਿਆਂ

ਦੇ ਨਾਲ-ਨਾਲ ਜਬਾਵਦੇਹੀ ਤੇ ਵੀ ਨਿਰਭਰ ਕਰਦੀ ਹੈ। ਜਵਾਬਦੇਹੀ ਭਰੋਸੇਯੋਗਤਾ ਨੂੰ ਜਨਮ ਦਿੰਦੀ ਹੈ ਅਤੇ ਨਤੀਜਾ ਉਦੇਸ਼ਾਂ ਦੀ ਪ੍ਰਪਤੀ ਦੇ ਰੂਪ ਵਿਚ ਦ੍ਰਿਸ਼ਟਮਾਨ ਹੰਦਾ ਹੈ। ਗੁਰੂ ਸਾਹਿਬਾਨ ਨਤੀਜਿਆਂ ਦਾ ਅਧਾਰ ਕਰਮਾਂ ਨੂੰ ਮੰਨਦੇ ਹਨ ਜਿਸ ਅਨੁਸਾਰ ਮਨੁੱਖ ਜੋ ਕਰਮ ਕਰਦਾ ਹੈ ਨਤੀਜਾ ਵੀ ਉਸੇ ਅਨੁਸਾਰ ਹੁੰਦਾ ਹੈ:-

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।[45]

ਗੁਰੂ ਸਾਹਿਬ ਅਨੁਸਾਰ ਸੱਚਾ-ਸੁੱਚਾ, ਨੈਤਿਕਤਾ ਅਧਾਰਿਤ ਵਪਾਰ ਕਰਨਾ ਚਣੌਤੀਆਂ ਭਰਪੂਰ ਕਾਰਜ ਹੈ। ਬਹੁਤ ਘੱਟ ਮਨੁੱਖ ਹਨ ਜੋ ਅਜਿਹੇ ਵਪਾਰ ਦੇ ਵਪਾਰੀ ਹਨ ਜਿਸ ਦਾ ਅਧਾਰ ਹੀ ਨੈਤਿਕਤਾ ਹੋਵੇ:-

ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ।[46]

ਵਪਾਰਿਕ ਜਵਾਬਦੇਹੀ ਵਿਚ ਸੱਚ ਦਾ ਅਹਿਮ ਰੋਲ ਹੈ। ਜਦੋਂ ਕਾਰਜਕਰਣੀ ਯੋਗ ਨਤੀਜਿਆਂ ਤੇ ਕੇਂਦਰਿਤ ਹੋਵੇਗੀ ਤਾਂ ਵਪਾਰਿਕ ਉਦੇਸ਼ਾਂ ਦੀ ਪੂਰਤੀ ਨਾਲ ਪ੍ਰਸ਼ੰਸ਼ਾ ਦਾ ਪਾਤਰ ਬਣਦਾ ਹੈ। ਗੁਰੂ ਸਾਹਿਬ ਅਨੁਸਾਰ ਜਿਵੇਂ ਪਰਮਾਤਮਾ ਦੇ ਨਾਮ ਵਿਚ ਸਚਾਈ ਅਹਿਮ ਸਥਾਨ ਰੱਖਦੀ ਹੈ ਉਸੇ ਪ੍ਰਕਾਰ ਜਵਾਬਦੇਹੀ ਨੂੰ ਸੱਚ ਰਾਹੀਂ ਹੀ ਨਿਰਧਾਰਿਤ ਕੀਤਾ ਜਾਣਾ ਚਾਹੀਦਾ ਹੈ:-

ਮੈਂ ਬਨਜਾਰਨਿ ਰਾਮ ਕੀ।।
ਤੇਰਾ ਨਾਮੁ ਵਖਰੁ ਵਾਪਾਰੁ ਜੀ।।[47]

ਗੁਰੂ ਸਾਹਿਬ ਅਜਿਹੇ ਵਪਾਰੀਆਂ ਨੂੰ ਮਹਾਨ ਗਿਣਦੇ ਹਨ ਜਿਹਨਾਂ ਨੇ ਆਪਣੀ ਕਿਰਤ ਨੂੰ ਪ੍ਰਭੂ ਦੇ ਨਾਮ ਵਾਂਗ ਪਵਿੱਤਰ ਭਾਵ ਛੱਲ-ਕਪਟ ਰਹਿਤ ਕੀਤਾ ਹੈ:-

ਧਨੁ ਵਾਪਾਰੀ ਨਾਨਕਾ ਜਿਨਾ ਨਾਮ ਧਨੁ ਖਟਿਆ ਆਇ।।[48]

ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿੱਚ ਕੇਵਲ ਉਹ ਵਿਅਕਤੀ ਹੀ ਈਮਾਨਦਾਰ ਹਨ ਜਿਹਨਾਂ ਦਾ ਫਲਸਫ਼ਾ ਪ੍ਰਭੂ ਦੇ ਨਾਮ ਭਾਵ ਸੱਚ ਤੇ ਅਧਾਰਿਤ ਹੈ:-

ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ।।[49]

ਗੁਰੂ ਸਾਹਿਬ ਅਨੁਸਾਰ ਆਪਣੇ ਕੀਤੇ ਹੋਏ ਕੰਮ ਜਿਨਾਂ ਵਿਚ ਜਵਾਬਦੇਹੀ ਨਹੀਂ ਹੁੰਦੀ ਉਹਨਾਂ ਦਾ ਦੋਸ਼ ਕਿਸੇ ਹੋਰ ਨੂੰ ਨਹੀਂ ਦੇਣਾ ਚਾਹੀਦਾ। ਜੋ ਵੀ ਮਨੁੱਖ ਕਰਦਾ ਹੈ ਉਸ ਲਈ ਨਤੀਜੇ ਵੀ ਉਸ ਅਨੁਸਾਰ ਹੀ ਹੁੰਦੇ ਹਨ ਕਿਸੇ ਦੂਜੇ ਨੂੰ ਦੋਸ਼ ਦੇਣ ਦਾ ਤਾਂ ਕੋਈ ਲਾਭ ਹੀ ਨਹੀਂ ਗੁਰੂ ਸਾਹਿਬ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਦੇ ਹਨ:-

ਦਦੈ ਦੋਸੁ ਨਾ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।[50]

ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਆਪਣੀਆਂ ਕੀਤੀਆਂ ਗਲਤੀਆਂ ਦਾ ਦੋਸ਼ ਕਿਸੇ ਹੋਰ ਨੂੰ ਨਹੀਂ ਦੇਣਾ ਚਾਹੀਦਾ ਸਗੋਂ ਸਭ ਗੁਣ ਸੰਪੂਰਨ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਗੁਰਬਾਣੀ ਰਾਹੀਂ ਸੰਕੇਤ ਕਰਦੇ ਹਨ:-

ਦੋਸੁ ਨਾ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ।

ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ।।[51]

ਉਪਰੋਕਤ ਵਿਚਾਰ ਚਰਚਾ ਵਿਚ ਜਿਥੇ ਜਵਾਬਦੇਹੀ ਦੇ ਵਭਿੰਨ ਪਹਿਲੂਆਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ ਉੱਥੇ ਨਾਲ ਹੀ ਜਵਾਬਦੇਹੀ ਦੇ ਪ੍ਰਭਾਵਾਂ ਦੇ ਗਹਿਨ ਚਿੰਤਨ ਰਾਹੀਂ ਈਮਾਨਦਾਰੀ ਦਾ ਮਹੱਤਵ ਵਿਸ਼ਾਲ ਰੂਪ ਵਿਚ ਦ੍ਰਿਸ਼ਟਮਾਨ ਹੁੰਦਾ ਹੈ।

**ਦੁੱਖਾਂ ਦਾ ਹੱਲ (Solution of Crisis)**- ਸਿੱਖ ਧਰਮ ਵਿਚ ਦੁੱਖਾਂ ਦਾ ਸਮਾਧਾਨ ਜਾਂ ਮੁਸ਼ਕਿਲਾਂ ਦਾ ਖਾਤਮਾ ਜਿਥੇ ਅਰਦਾਸ ਰਾਹੀਂ ਹੈ, ਚੰਗੇ ਅਚਾਰ ਤੇ ਵਿਹਾਰ ਰਾਹੀਂ ਹੈ, ਉੱਥੇ ਇਨਾਂ ਨਾਲ ਇੱਕ ਹੋਰ ਵਿਧੀ ਅਪਨਾਉਣ ਨਾਲ ਹੈ ਉਹ ਹੈ ਅਰਦਾਸ ਕਰਨ ਦੀ। ਸਿੱਖ ਧਰਮ ਵਿੱਚ ਅਰਦਾਸ ਦੁੱਖਾਂ ਦੇ ਸਮਾਧਾਨ ਦੀ ਸਫ਼ਲ ਅਤੇ ਕਾਰਗਰ ਵਿਧੀ ਹੈ। ਆਪਣੀ ਗ਼ਲਤੀ ਮੰਨ ਲੈਣਾ ਅਤੇ ਫਿਰ ਉਸ ਵਿਚ ਸੁਧਾਰ ਕਰਨਾ ਹੀ ਸਮਝਦਾਰੀ ਹੈ। ਅਜਿਹਾ ਕਰਨ ਨਾਲ ਰਿਸ਼ਤੇ ਵਿਚ ਪਹਿਲਾਂ ਦੀ ਤਰ੍ਹਾਂ ਨਰੋਏ ਹੋ ਸਕਦੇ ਹਨ। ਗੁਰੂ ਸਾਹਿਬ ਸਮੱਸਿਆਵਾਂ ਦੇ ਨਿਵਾਰਣ ਸਬੰਧੀ ਲਿਖਦੇ ਹਨ ਕਿ ਪੁੱਤਰ ਭਾਵੇਂ ਕਿੰਨੀਆਂ ਵੀ ਗ਼ਲਤੀਆਂ ਕਿਉਂ ਨਾ ਕਰੇ ਪਰ ਉਸ ਦੀ ਮਾਂ ਸਾਰੀਆਂ

ਗ਼ਲਤੀਆਂ ਭੁਲਾ ਦਿੰਦੀ ਹੈ। ਇਸੇ ਤਰ੍ਹਾਂ ਜਦੋਂ ਮਨੁੱਖ ਆਪਣੀ ਗ਼ਲਤੀ ਮੰਨ ਕੇ ਪਛਤਾਵਾ ਕਰਦਾ ਹੈ ਤਾਂ ਉਸੇ ਦੇ ਦੁੱਖ ਦੂਰ ਹੋ ਜਾਂਦੇ ਹਨ:

ਸੁਤੁ ਅਪਰਾਧ ਕਰਤ ਹੈ ਜੇਤੇ॥

ਜਨਨੀ ਚੀਤਿ ਨਾ ਰਾਖਸਿ ਤੇਤੇ॥[52]

ਸਿੱਖ ਧਰਮ ਵਿਚ ਦਇਆ ਦੀ ਇੰਨੀ ਮਹਾਨਤਾ ਹੈ ਕਿ ਧਰਮ ਨੂੰ ਵੀ ਦਇਆ ਦਾ ਪੁੱਤਰ ਮੰਨਿਆ ਗਿਆ ਅਤੇ ਸੰਤੋਖ ਦੀ ਉੱਤਪਤੀ ਵੀ ਧਰਮ ਦੀ ਇਸੀ ਮਰਿਯਾਦਾ ਵਿਚੋਂ ਹੋਈ ਮੰਨੀ ਗਈ ਹੈ:-

ਧੌਲੁ ਧਰਮੁ ਦਇਆ ਕਾ ਪੂਤ॥

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥[53]

ਜਦੋਂ ਵੀ ਕਿਸੇ ਮੁਸ਼ਕਿਲ ਦੇ ਦੌਰਾਨ ਸ਼ੰਕਾ ਉਤਪੰਨ ਹੋ ਜਾਵੇ ਤਾਂ ਉਸ ਦਾ ਹੱਲ ਇਕੱਠੇ ਬੈਠ ਕੇ ਕੀਤਾ ਜਾ ਜਾਂਦਾ ਹੈ ਪਰ ਇਹ ਉਦੋਂ ਹੀ ਹੋਵੇਗਾ ਜਦੋਂ ਮਨ ਹੰਕਾਰ ਰਹਿਤ ਹੋਵੇਗਾ। ਗੁਰੂ ਸਾਹਿਬ ਇਸੇ ਢੰਗ ਰਾਹੀਂ ਮੁਸ਼ਕਿਲਾਂ ਨੂੰ ਹਲ ਕਰਨ ਦੀ ਗੱਲ ਕਰਦੇ ਹਨ:-

ਹੋਇ ਇਕਤ੍ਰ ਮਿਲਹੁ ਮੇਰੇ ਭਾਈ

ਦੁਬਿਧਾ ਦੂਰਿ ਕਰਹੁ ਲਿਵ ਲਾਇ॥[54]

**ਸਰਬੱਤ ਦਾ ਭਲਾ (Sarbat Da Bhalla)**:- ਸਿੱਖ ਦੀ ਅਰਦਾਸ ਵਿਚ ਸਭ ਦੇ ਭਲੇ ਦੀ ਗੱਲ ਸ਼ਾਮਿਲ ਹੈ। ਭਾਵ ਸਿੱਖ ਹਰ ਰੋਜ਼÷ਆਪਣੀ ਅਰਦਾਸ ਵਿਚ ਫ਼ੋਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾÓਕਹਿੰਦਾ ਸਰਬ-ਲੋਕਾਈ ਦੀ ਗੱਲ ਕਰਦਾ ਹੈ। ਇਸ ਨਾਲ ਦੋਸਤ-ਦੁਸ਼ਮਣ, ਚੰਗੇ ਮਾੜੇ ਦਾ ਭੇਦ ਭਾਵ ਮਿਟ ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ ਜਦੋਂ ਮਨੁੱਖ ਅਕਾਲ ਪੁਰਖ ਦੇ ਹੁਕਮ ਵਿੱਚ ਆ ਜਾਂਦਾ ਹੈ ਤਾਂ ਉਸਨੂੰ ਸਾਰੇ ਪ੍ਰਾਣੀ ਮਿੱਤਰ ਪ੍ਰਤੀਤ ਹੁੰਦੇ ਹਨ ਭਾਵ ਉਸ ਅੰਦਰ ਸਮਾਨਤਾ ਦੀ ਭਾਵਨਾ ਪ੍ਰਬਲ ਹੋ ਜਾਂਦੀ ਹੈ:-

ਸਭੁ ਕੋ ਮੀਤੁ ਹਮ ਆਪਨ ਕੀਤਾ ਹਮ ਸਭਨਾ ਕੇ ਸਾਜਨ॥[55]

ਗੁਰੂ ਸਾਹਿਬ ਅਨੁਸਾਰ ਸਾਰੇ ਜੀਵ ਇੱਕ ਦੂਜੇ ਦੇ ਸਾਥੀ ਹਨ ਕੋਈ ਵੀ ਬੇਗਾਨਾ ਨਹੀਂ ਕਿਉਂਕਿ ਪਰਮਾਤਮਾ ਦਾ ਨਿਵਾਸ ਹਰ ਇੱਕ ਜੀਵ ਅੰਦਰ ਹੈ। ਇਹ ਏਕਤਾ ਮਨੁੱਖ ਨੂੰ ਸਮੱਸਿਆਵਾਂ ਦੇ ਹੱਲ ਲਈ ਪ੍ਰੇਰਦੀ ਹੈ। ਗੁਰੂ ਸਾਹਿਬ ਅਨੁਸਾਰ ਸਾਂਝੀਵਾਲਤਾ ਵਿਚ ਸਮੱਸਿਆਵਾਂ ਦਾ ਹੱਲ ਲੱਭਣਾ ਅਸਾਨ ਹੈ। ਇਸੇ ਸਬੰਧ ਵਿਚ ਗੁਰੂ ਸਾਹਿਬ ਲਿਖਦੇ ਹਨ :-

ਸਭੇ ਸਾਝੀਵਾਲ ਸਦਾਇਨਿ

ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ।।[56]

ਗੁਰੂ ਸਾਹਿਬ ਅਨੁਸਾਰ ਸਰਬੱਤ ਦੇ ਭਲੇ ਦੀ ਕਲਪਨਾ ਫਿਰ ਹੀ ਹੋ ਸਕਦੀ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਵੈਰ ਭਾਵਨਾ ਦਾ ਤਿਆਗ ਕਰਕੇ ਟੀਮ ਭਾਵਨਾ ਨੂੰ ਸਮਰਪਿਤ ਹੋ ਜਾਂਦਾ ਹੈ ਫਿਰ ਰਿਸ਼ਤਿਆਂ ਵਿਚ ਮਿਠਾਸ ਆ ਜਾਂਦੀ ਹੈ। ਅਜਿਹੀ ਸਥਿਤੀ ਵਿਚ ਕੋਈ ਵੀ ਬਿਗਾਨਾ ਨਹੀਂ, ਕੋਈ ਵੀ ਦੁਸ਼ਮਣ ਨਹੀਂ ਸਗੋਂ ਸਭਨਾ ਨਾਲ ਹੀ ਪਿਆਰ ਬਣ ਜਾਂਦਾ ਹੈ। ਇਸ ਸਬੰਧ ਵਿਚ ਗੁਰੂ ਸਾਹਿਬ ਦਾ ਕਥਨ ਹੈ:-

ਨਾ ਕੋ ਬੈਰੀ ਨਹੀ ਬਿਗਾਨਾ

ਸਗਲ ਸੰਗਿ ਹਮ ਕਉ ਬਨਿ ਆਈ।।[57]

ਗੁਰੂ ਸਾਹਿਬ ਅਨੁਸਾਰ ਹਰ ਪਾਸੇ ਪ੍ਰਮਾਤਮਾ ਦਾ ਹੀ ਨੂਰ ਹੀ ਉਸ ਦੀ ਹੀ ਬਖ਼ਸਿਸ਼ ਹੈ। ਸਭ ਉਸ ਦੇ ਹੀ ਬਣਾਏ ਹੋਏ ਜੀਵ ਹਨ ਤੇ ਇਕ ਸਮਾਨ ਹਨ ਭਾਵ ਵੱਖਰੇ ਨਹੀਂ ਹਨ। ਗੁਰੂ ਸਾਹਿਬ ਅਨੁਸਾਰ ਮਨੁੱਖ ਦੀ ਉਤਪੱਤੀ ਦਾ ਸਰੋਤ ਵੀ ਇੱਕ ਹੈ। ਕੋਈ ਵੀ ਜਨਮ ਤੋਂ ਚੰਗਾ ਜਾਂ ਮੰਦਾ ਨਹੀਂ ਹੁੰਦਾ ਮਨੁੱਖ ਕਰਮਾ ਅਨੁਸਾਰ ਹੀ ਫ਼ਲ ਪ੍ਰਾਪਤ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਇੱਕ ਜੋਤ ਦਾ ਸੰਕਲਪ ਸਭ ਵਖਰੇਂਵੇ ਦੂਰ ਕਰ ਸਕਦਾ ਹੈ:-

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।[58]

**ਉਲਝਣਾ ਅਤੇ ਸਮੱਸਿਆਵਾਂ ਲਈ ਨਾਮ ਸਿਮਰਨ ਦੀ ਮਹੱਤਤਾ (Importance of Naam Simran and Introspection to Releave Tensions)** : ਨਾਮ ਸਿਮਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਮਨ ਨੂੰ ਟਿਕਾਅ ਵਿਚ ਲਿਆਂਦਾ ਜਾ ਸਕਦਾ ਹੈ,

ਭਾਵ ਇਸ ਰਾਹੀਂ ਅੰਦਰ ਦੀ ਝਾਤ ਨਾਲ ਆਪਣੇ ਔਗੁਣਾਂ ਦਾ ਗਿਆਨ ਹੁੰਦਾ ਹੈ।। ਗੁਰੂ ਸਾਹਿਬ ਨੇ ਨਾਮ ਸਾਧਨਾ ਤੇ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਮਨੁੱਖ ਨੂੰ ਬਾਰ ਬਾਰ ਹਰ ਸਾਹ ਨਾਲ ਪਰਮਾਤਮਾ ਨੂੰ ਯਾਦ ਕਰਨ ਦੀ ਗੱਲ ਸਮਝਾਉਦੇ ਹਨ ਜਿਸ ਨਾਲ ਸਭ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ ਅਤੇ ਮਨ ਦਾ ਤਨਾਓ ਹਲਕਾ ਹੋ ਜਾਂਦਾ ਹੈ:-

ਸਾਸਿ ਸਾਸਿ ਸਿਮਰਹੁ ਗੋਬਿੰਦ।।

ਮਨ ਅੰਤਰ ਕੀ ਉਤਰੈ ਚਿੰਦ।।[59]

ਗੁਰੂ ਸਾਹਿਬ ਕੰਮ ਕਰਨ ਦਾ ਯੋਗ ਢੰਗ ਦਰਸਾਉਦਿਆਂ ਲਿਖਦੇ ਹਨ ਕਿ ਜਦੋਂ ਵੀ ਹੱਥਾਂ ਨਾਲ ਕੰਮ ਕੀਤਾ ਜਾਵੇ ਤਾਂ ਵੀ ਧਿਆਨ ਪਰਮਾਤਮਾ ਦੇ ਨਾਮ ਵਿੱਚ ਹੋਵੇ ਤਾਂ ਅਨੇਕਾਂ ਸਮੱਸਿਆਂਵਾਂ ਨੂੰ ਕੰਮ ਦੇ ਸਥਾਨ ਤੇ ਸਹਿਜਤਾ ਵਿੱਚ ਦੂਰ ਕੀਤਾ ਜਾ ਸਕਦਾ ਹੈ:-

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।।[60]

ਗੁਰੂ ਸਾਹਿਬ ਅਨੁਸਾਰ ਹਰ ਸਮੇਂ ਪ੍ਰਮਾਤਮਾ ਨੂੰ ਜਦੋਂ ਯਾਦ ਕੀਤਾ ਜਾਵੇ ਤਾਂ ਫਿਰ ਕੋਈ ਵੀ ਸਮੱਸਿਆ ਨਹੀਂ ਰਹਿੰਦੀ। ਗੁਰੂ ਸਾਹਿਬ ਦੁਨੀਆਂ ਨੂੰ ਝੂਠੇ ਰੰਗ ਤਮਾਸ਼ੇ ਦੀ ਤੁਲਨਾ ਦਿੰਦੇ ਹਨ ਜੋ ਅਸਥਿਰ ਹੈ ਅਤੇ ਇਸ ਵਿੱਚ ਖਚਿਤ ਹੋਣ ਦਾ ਕੋਈ ਲਾਭ ਨਹੀਂ ਹੈ। ਪਰਮਾਤਮਾ ਦੀ ਨਾਮ ਸਾਧਨਾ ਰਾਹੀਂ ਵੱਡੀਆਂ ਸਮੱਸਿਆਵਾਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

**ਭ੍ਰਿਸ਼ਟਾਚਾਰ ਪ੍ਰਤੀ ਰਵੱਈਆ (Attitude Towards Corruption)**: ਗੁਰੂ ਸਾਹਿਬਾਨ ਨੇ ਭ੍ਰਿਸ਼ਟਾਚਾਰ ਦਾ ਗੁਰਬਾਣੀ ਵਿਚ ਅਨੇਕਾਂ ਹੀ ਵਾਰ ਖੰਡਨ ਕੀਤਾ ਹੈ ਭਾਵ ਬੁਰੇ ਕੰਮਾਂ ਦੀ ਨਿੰਦਾ ਕੀਤੀ ਹੈ। ਉਹਨਾ ਨੇ ਭ੍ਰਿਸ਼ਟਾਚਾਰ ਪ੍ਰਤੀ ਰਵੱਈਆ ਅਜਿਹਾ ਰੱਖਣ ਲਈ ਪ੍ਰੇਰਿਆ ਹੈ ਕਿ ਫਿਰ ਤੋਂ ਅਜਿਹੇ ਕੰਮਾਂ ਵੱਲ ਜਾਣ ਦਾ ਵਿਚਾਰ ਵੀ ਨਾ ਉਪਜੇ। ਉਨਾਂ ਨੇ ਪ੍ਰਮਾਣ ਦੇ ਕੇ ਆਪਣੀ ਗੱਲ ਨੂੰ ਸਪੱਸ਼ਟ ਕੀਤਾ ਹੈ ਕਿ ਜਿਵੇਂ ਮੁਸਲਮਾਨ ਲਈ ਸੂਰ ਨੂੰ ਖਾਣਾ ਅਤੇ ਹਿੰਦੂ ਲਈ ਗਾਂ ਨੂੰ ਖਾਣਾ ਮਾੜਾ ਹੈ ਭਾਵ ਹਰਾਮ ਹੈ ਉਸੇ ਪ੍ਰਕਾਰ ਗੁਰੂ ਪੀਰ ਵੀ ਤਾਂ ਹੀ ਮੱਦਦ ਕਰਦੇ ਹਨ ਜਦੋਂ ਮਨੁੱਖ ਪਰਾਇਆ ਹੱਕ ਭਾਵ ਹਰਾਮ ਦੀ ਕਮਾਈ ਨਹੀਂ ਖਾਂਦਾ। ਗੁਰੂ ਸਾਹਿਬ ਲਿਖਦੇ ਹਨ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।[61]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਮਾਇਆ ਦੀ ਖਾਤਰ ਦਿਨ ਰਾਤ ਭਟਕਦਾ ਰਹਿੰਦਾ ਹੈ ਪਰ ਕੋਈ ਵਿਰਲਾ ਹੀ ਮਨੁੱਖ ਹੈ ਜਿਸ ਦੇ ਅੰਦਰ ਪ੍ਰਮਾਤਮਾ ਦੀ ਯਾਦ ਟਿਕੀ ਹੋਵੇ। ਮਾਇਆ ਦਾ ਅਧਿਕ ਪ੍ਰੇਮ ਭ੍ਰਿਸ਼ਟਾਚਾਰ ਨੂੰ ਜਨਮ ਦਿੰਦਾ ਹੈ:-

ਨਿਸਿ ਦਿਨਿ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ।।

ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ।।[62]

ਜੇਕਰ ਕੋਈ ਪਰਾਇਆ ਘਰ ਠੱਗੇ ਅਤੇ ਪਰਾਏ ਘਰ ਤੋਂ ਠੱਗੇ ਗਏ ਪਦਾਰਥ ਆਪਣੇ ਮਿੱਤਰ ਨੂੰ ਦੇਵੇ ਤਾਂ ਜਿਨਾਂ ਤਾਂਈ ਉਹ ਧਨ ਪਦਾਰਥ ਅੱਗੇ ਦਿੰਦਾ ਹੈ ਉਹ ਵੀ ਭ੍ਰਿਸ਼ਟ ਬਣ ਜਾਂਦੇ ਹਨ, ਭਾਵ ਪਰਾਇਆ ਧਨ ਹਮੇਸਾ ਹੀ ਮਾੜਾ ਫ਼ਲ ਦਿੰਦਾ ਹੈ:-

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।।

ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ।।[63]

ਉਪਰੋਕਤ ਵਿਚਾਰ ਚਰਚਾ ਵਿਚ ਇਹ ਸਪਸ਼ਟ ਹੋ ਜਾਂਦਾ ਹੈ ਕਿ ਬੁਰੇ ਕੰਮਾਂ ਦਾ ਨਤੀਜਾ ਵੀ ਬੁਰਾ ਹੀ ਹੁੰਦਾ ਹੈ। ਚੰਗੇ ਵਿਚਾਰ ਨੈਤਿਕਤਾ ਦਾ ਅਧਾਰ ਬਣਦੇ ਹਨ ਪਰ ਮਾੜੇ ਵਿਚਾਰ ਭ੍ਰਿਸ਼ਟਾਚਾਰ ਵਿਚ ਵਾਧਾ ਕਰਦੇ ਹਨ। ਗੁਰੂ ਸਾਹਿਬਾਨ ਮਨ, ਬਚਨ ਅਤੇ ਕਰਮਾਂ ਦੀ ਪਵਿੱਤਰਤਾ ਲਈ ਸੇਧ ਦਿੰਦੇ ਹਨ।

**ਵਾਤਾਵਰਣ ਦੀ ਮਹੱਤਤਾ (Importance of Environment):-** ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਕੁਦਰਤੀ ਵਾਤਾਵਰਣ ਨੂੰ  ਅਤੇ ਕੁਦਰਤੀ ਸਰੋਤਾਂ ਨੂੰ ਨਿਰਮਲ ਦੱਸਿਆ ਹੈ ਭਾਵ ਉਨਾਂ ਦੀ ਸੰਭਾਲ ਉੱਤੇ ਵਿਸ਼ੇਸ਼ ਖਾਸ ਮਹੱਤਤਾ ਦਿੱਤੀ ਹੈ। ਇਸ ਸਬੰਧੀ ਗੁਰਬਾਣੀ ਵਿਚ ਅਨੇਕਾਂ ਹੀ ਹਵਾਲੇ ਮਿਲਦੇ ਹਨ:-

ਗੁਰੂ ਸਾਹਿਬ ਨੇ ਹਵਾ ਨੂੰ ÒਗੁਰੂÓਕਿਹਾ ਹੈ, ਪਾਣੀ ਨੂੰ ÒਪਿਤਾÓਕਿਹਾ ਹੈ ਅਤੇ ਧਰਤੀ ਨੂੰ ÒਮਾਤਾÓਕਿਹਾ ਹੈ ਭਾਵ ਇਹਨਾਂ ਦੀ ਮਹੱਤਤਾ ਵੀ ਸਾਡੇ ਖਾਸ ਰਿਸ਼ਤਿਆਂ ਦੀ ਤਰ੍ਹਾਂ ਮਹੱਤਵਪੂਰਣ ਹੈ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥[64]

ਪਰਮਾਤਮਾ ਅਤੇ ਕੁਦਰਤ ਦੇ ਨੇੜਤਾ ਦੇ ਸਬੰਧ ਵਿਚ ਗੁਰੂ ਸਾਹਿਬ ਬਾਣੀ ਵਿੱਚ ਅੰਕਿਤ ਕਰਦੇ ਹਨ ਕਿ ਪ੍ਰਮਾਤਮਾ ਕੁਦਰਤ ਦੇ ਕਣ-ਕਣ ਵਿਚ ਵਸਿਆ ਹੋਇਆ ਹੈ ਅਤੇ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ।

ਬਲਿਹਾਰੀ ਕੁਦਰਤਿ ਵਸਿਆ॥

ਤੇਰਾ ਅੰਤੁ ਨਾ ਜਾਈ ਲਖਿਆ॥[65]

ਗੁਰੂ ਸਾਹਿਬ ਅਨੁਸਾਰ ਕੁਦਰਤੀ ਸੋਮਿਆਂ ਦੀ ਮਨੁੱਖੀ ਜੀਵਨ ਵਿੱਚ ਖ਼ਾਸ ਮਹੱਤਤਾ ਹੈ ਜਿਵੇਂ ਪਾਣੀ ਦੀ ਸਾਡੇ ਜੀਵਨ ਵਿਚ ਕਾਫ਼ੀ ਮਹੱਤਤਾ ਹੈ ਭਾਵ ਇਸ ਨਾਲ ਹਰੇਕ ਜੀਵ ਹਰਾ ਹੁੰਦਾ ਹੈ ਭਾਵ ਜ਼ਿੰਦਗੀ ਪ੍ਰਾਪਤ ਕਰਦਾ ਹੈ:-

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।[66]

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਵਿਚ ਨੈਤਿਕ ਕਿਰਦਾਰ ਦੀ ਉਤਪੱਤੀ ਸੰਬੰਧੀ ਬਹੁਤ ਜ਼ੋਰ ਦਿੱਤਾ ਹੈ ਭਾਵ ਸਚਿਆਰ ਜੀਵਨ ਜੀਉਣ ਤੇ ਜ਼ੋਰ ਦਿੱਤਾ ਹੈ ਜੇਕਰ ਸਾਡੇ ਜੀਵਨ ਵਿਚ ਨੈਤਿਕ ਕਦਰਾਂ ਕੀਮਤਾਂ ਦੀ ਕਮੀ ਹੋਵੇਗੀ ਤਾਂ ਉਸ ਕਰਕੇ ਰੋਜ਼ਾਨਾ ਜੀਵਨ ਵਿਚ ਅਨੇਕਾਂ ਸਮੱਸਿਆਵਾਂ ਨਾਲ ਨਜਿੱਠਣਾ ਪਵੇਗਾ। ਜਦੋਂ ਅਸੀਂ ਵਪਾਰਕ ਨੈਤਿਕਤਾ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹਨਾ ਕਦਰਾਂ ਕੀਮਤਾਂ ਨੂੰ ਵਪਾਰ ਵਿਚ ਲਾਗੂ ਕਰਨਾ ਪਵੇਗਾ। ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ ਸਚਿਆਰ ਮਨੁੱਖ ਨੂੰ ਜਿਵੇਂ ਸੱਚ ਨੂੰ ਅਧਾਰ ਬਣਾਉਣਾ ਪੈਂਦਾ ਹੈ ਉਸੇ ਤਰ੍ਹਾਂ ਟਿਕਾਊ ਵਪਾਰ ਵਿੱਚ  ਨੈਤਿਕਤਾ ਦਾ ਹੋਣਾ ਜ਼ਰੂਰੀ  ਹੈ।

ਇਸ ਅਧਿਆਇ ਵਿੱਚ ਸਪੱਸ਼ਟ ਹੈ ਕਿ ਵਪਾਰਿਕ ਨੈਤਿਕਤਾ ਮੌਜ਼ੂਦਾ ਸਮੇਂ ਦੀ ਮੁੱਖ ਲੋੜ ਹੈ। ਨੈਤਿਕਤਾ ਦਾ ਮੁੱਢ ਸੁਕਰਾਤ ਦੇ ਸਮੇਂ ਤੋਂ ਹੀ ਬੱਝ ਗਿਆ ਸੀ ਪਰ ਵਪਾਰਿਕ ਨੈਤਿਕਤਾ ਦੀ ਵਿਚਾਰ ਪਿਛਲੇ ਕੁਝ ਸਮੇਂ ਤੋਂ ਆਰੰਭ ਹੋਈ ਹੈ। ਭਾਰਤ ਵਿੱਚ ਵਪਾਰਿਕ

ਨੈਤਿਕਤਾ ਕਿਸੇ ਨਾ ਕਿਸੇ ਕਾਰਨ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ ਅਤੇ ਇਸ ਦੀ ਮਹੱਤਤਾ ਨੂੰ ਨਜ਼ਰ ਅੰਦਾਜ਼÷ਨਹੀਂ  ਕੀਤਾ ਜਾ ਸਕਦਾ। ਜਦੋਂ ਸੰਸਥਾਵਾਂ ਅਨੈਤਿਕ ਗਤੀਵਿਧੀਆਂ ਭਾਵ ਨੈਤਿਕਤਾ ਤੋਂ ਸੱਖਣੀਆਂ ਹੋ ਕੇ ਪ੍ਰਦੂਸ਼ਿਤ ਹੋ ਜਾਂਦੀਆਂ ਹਨ ਤਾਂ ਮਾੜੇ ਨਤੀਜਿਆਂ ਦਾ ਸਾਹਮਣਾ ਕਰਦੀਆਂ ਹਨ।

ਜੇਕਰ ਗੁਰੂ ਸਾਹਿਬਾਨ ਦੇ ਨੈਤਿਕਤਾ ਸਬੰਧੀ ਦ੍ਰਿਸ਼ਟੀਕੋਣ ਦੀ ਗੱਲ ਕੀਤੀ ਜਾਵੇ ਤਾਂ ਇਸ ਸਬੰਧੀ ਤਿੰਨ ਮੁੱਖ ਦ੍ਰਿਸ਼ਟੀਕੋਣ ਸਾਹਮਦੇ ਆਉਂਦੇ ਹਨः- ਪਹਿਲਾ ਮਨੁੱਖ ਨੂੰ ਹਰ ਸਮੇਂ ਆਪਣਾ ਵਿਕਾਸ ਕਰਨ ਦੀ ਜ਼ਰੂਰਤ ਹੈ ਭਾਵ ਉਸਨੂੰ ਹਰ ਸਮੇਂ ਸਿੱਖਦੇ ਰਹਿਣਾ ਚਾਹੀਦਾ ਹੈ, ਦੂਜਾ ਮਨੁੱਖੀ ਵਿਵਹਾਰ ਚੰਗਾ ਹੋਣਾ ਚਾਹੀਦਾ ਹੈ ਅਤੇ ਤੀਜਾ ਗੁਰੂ ਸਾਹਿਬਾਨ ਮਨੁੱਖ ਦੀ ਅਕਾਲ ਪੁਰਖ ਨਾਲ ਮਿਲਾਪ ਦੀ ਗੱਲ ਕਰਦੇ ਹਨ ਜੋ ਕਿ ਅਸਲ ਵਿਚ ਸਾਡੇ ਤੋਂ ਦੂਰ ਨਹੀਂ ਸਿਰਫ ਪ੍ਰਤੀਤ ਹੀ ਹੁੰਦਾ ਹੈ।

ਇਸ ਅਧਿਆਇ ਰਾਹੀਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਵਪਾਰਿਕ ਨੈਤਿਕਤਾ ਦੇ ਸਬੰਧ ਵਿਚ ਇੱਕ ਵਿਸਤ੍ਰਿਤ ਮਾਡਲ ਪੇਸ਼ ਕਰਦੇ ਹਨ ਜੋ ਈਮਾਨਦਾਰੀ, ਸਰਬੱਤ ਦਾ ਭਲਾ, ਵਾਤਾਵਰਣ ਸੁਰੱਖਿਅਣ ਅਤੇ ਮੁਸ਼ਕਿਲਾਂ ਦੇ ਸਰਲ ਸਮਾਧਾਨ ਜਿਹੇ ਅਨੇਕ ਵਿਸ਼ਿਆਂ ਦੀ ਗੱਲ ਕਰਦਾ ਹੈ ਅਤੇ ਇੱਕ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਅਗਲੇ ਅਧਿਆਇ ਵਿੱਚ ਇਸ ਮਾਡਲ ਨੂੰ ਹੋਰ ਵੀ ਸਪਸ਼ਟ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਵਪਾਰਿਕ ਸਮੱਸਿਆਵਾਂ ਦੇ ਹੱਲ ਲਈ ਇਸ ਦੀ ਸਾਰਥਿਕਤਾ ਵਧਾਉਣ ਦਾ ਯਤਨ ਕੀਤਾ ਜਾਵੇਗਾ।

## ਹਵਾਲੇ ਅਤੇ ਟਿੱਪਣੀਆਂ

1. Koontz Harold, 1980. The Management Theory jungle Revist, Academy of management Journal, Page-35
2. Bhattathiri, M.P., 2001, Bhagwat Gita and Management, (Online), Available at: http://www.theorderoftime.com/articles/gita management/html>/Accessed 12.6.2020.
3. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1104
4. ਮਹਾਂਭਾਰਤ, ਸ਼ਾਂਤੀਪੂਰਣ ਕਾਂਡ, ਪੰਨਾ 174, ਪਦ 47
5. George, CS Jr., 1972, The history of management thought Englewood cliffs, NJ Pretice hill, Page 340.
6. Koontz Harold, 1980. The Management Theory jungle Revist, Academy of management Journal, Page-130.
7. Druckr, Peter, 1969, The age of discontinuity, Haper and row publication, New York, page 310.
8. ਐੱਸ ਐੱਮ ਜੋਸ਼ੀ, ਜੋਧ ਸਿੰਘ (ਸੰਪਾਦਕ– ਹਿੰਦੂ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 8
9. www.theofflinedictionary.com
10. Stephen P. Robbin, 2011, Management, 3rd edition, Pearson publication, Page- 108
11. George, CS Jr., 1972, The history of management thought Englewood cliffs, NJ Pretice hill, Page- 223
12. Koontz Harold, 1980. The Management Theory jungle Revist, Academy of management Journal, Page- 190
13. Bodhananda, Swami, 2007, Indian Management and leadership, Bluejay Books New Delhi, Page- 235
14. Koontz Harold, 1980. The Management Theory jungle Revist, Academy of management Journal, Page- 312

15. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 992

16. Parsad, L.M. 2004, Principles of Management, McGrew Hill Publication, Page- 43

17. Charles WL, 2007, Principles of Management, McGrew Hill Publication, Page- 302

18. Muniapan Balakrishan, Dass Mohan, 2008, Corporate Soacial Responsibility, A Philosophical approach from an anicient Indian perspective, International Journal Indian Culture and Business Management(Online)

19. Someshwarananda, Swami, 2005, Business Management the Gita Way, Mumbai Jalcco Publishing House, Page- 352

20. Macauliffe, Max Arthar, 1909, The Sikh Religion, Oxford University Press, Page- 307

21. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 97

22. Cunningham, JD, 1994, History of Sikh, DK Publishers Distributor Ltd. Delhi, Page- 156

23. ਡਾ. ਅਰਮਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮੱਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ 121-22

24. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 765

25. ਉਹੀ, ਪੰਨਾ- 1

26. ਉਹੀ, ਪੰਨਾ-8

27. ਪਰਮਜੀਤ ਕੌਰ ਸੰਧੂ, ਕਦਰਾਂ ਕੀਮਤਾਂ ਦੀ ਸਿੱਖਿਆ, ਪੰਨਾ 2

28. ਉਹੀ, ਪੰਨਾ-3

29. ਉਹੀ, ਪੰਨਾ-4

30. Kuldeep Singh, Business Ethics in sikh Tradition, Available at http://www.sikhism.us/businessandlifestyle/22688-business-ethics-sikh-tradition-kuldeepsingh-html.
31. SK Bhatia, Business Ethics and Managerial Values, Page-9
32. Avtar Singh, 2009, Ethics of Sikhs, Publication Bureau Punjabi University Patiala, Page 57
33. Stephen P Robert, 2011, Management, 3rd edition Pearson Publication, Page- 153
34. Macauliffe, Max Arthar, 1909, The Sikh Religion, Oxford University Press, Page- 67
35. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–62
36. ਉਹੀ, ਪੰਨਾ–186
37. ਗੁਰਭਗਤ ਸਿੰਘ, ਵਿਸਮਾਦੀ ਪੂੰਜੀ, ਪੰਨਾ 19
38. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–263
39. ਉਹੀ, ਪੰਨਾ–315
40. ਉਹੀ, ਪੰਨਾ–133
41. ਡਾ. ਜਸਪਾਲ ਕੌਰ ਕਾਂਗ, ਗੁਰੂ ਗ੍ਰੰਥ ਸਾਹਿਬ ਵਿਚ ਸਚਿਆਰ ਸਿਧਾਂਤ ਤੇ ਵਿਹਾਰ, ਪੰਨਾ–
42. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–784
43. ਉਹੀ, ਪੰਨਾ 31
44. ਉਹੀ, ਪੰਨਾ 763
45. ਉਹੀ, ਪੰਨਾ 134
46. ਉਹੀ, ਪੰਨਾ 1028
47. ਉਹੀ, ਪੰਨਾ 157

48. ਉਹੀ, ਪੰਨਾ 511

49. ਉਹੀ, ਪੰਨਾ 650

50. ਉਹੀ, ਪੰਨਾ 433

51. ਉਹੀ, ਪੰਨਾ 809

52. ਉਹੀ, ਪੰਨਾ 478

53. ਉਹੀ, ਪੰਨਾ 3

54. ਉਹੀ, ਪੰਨਾ 1185

55. ਉਹੀ, ਪੰਨਾ 671

56. ਉਹੀ, ਪੰਨਾ 97

57. ਉਹੀ, ਪੰਨਾ 1299

58. ਉਹੀ, ਪੰਨਾ 1350

59. ਉਹੀ, ਪੰਨਾ 295

60. ਉਹੀ, ਪੰਨਾ 1376

61. ਉਹੀ, ਪੰਨਾ 141

62. ਉਹੀ, ਪੰਨਾ 1427

63. ਉਹੀ, ਪੰਨਾ 472

64. ਉਹੀ, ਪੰਨਾ 8

65. ਉਹੀ, ਪੰਨਾ 468

66. ਉਹੀ, ਪੰਨਾ 472

# ਅਧਿਆਇ –2

## ਸਾਹਿਤਕ ਸਮੀਖਿਆ ਅਤੇ ਖੋਜ ਵਿਧੀ

## (Literature review and Research Methodoloy)

ਗਿਆਨ ਦਾ ਭੰਡਾਰ ਕੇਵਲ ਇੱਕ ਦਿਨ ਵਿਚ ਹੀ ਇੱਕਠਾ ਨਹੀਂ ਹੁੰਦਾ ਇਸ ਵਿਚ ਸਮੇਂ ਦੀ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਪੁਰਾਣੇ ਸਮਿਆਂ ਤੋਂ ਹੀ ਅਨੇਕਾਂ ਵਿਦਵਾਨਾਂ ਨੇ ਇਸ ਭੰਡਾਰ ਵਿਚ ਵਾਧਾ ਕੀਤਾ ਅਤੇ ਇਹ ਵਾਧਾ ਅੱਜ ਵੀ ਨਿਰੰਤਰ ਜਾਰੀ ਹੈ। ਰੋਮ ਦੀ ਕਹਾਵਤ ਇਸ ਸੰਦਰਭ ਵਿਚ ਸਾਰਥਕ ਪ੍ਰਤੀਤ ਹੁੰਦੀ ਹੈ ਕਿ ਗਿਆਨ ਦੇ ਸੋਮੇ ਨਾ ਤਾਂ ਇੱਕ ਦਿਨ ਵਿਚ ਬਣਦੇ ਹਨ ਅਤੇ ਨਾ ਹੀ ਕਿਸੇ ਇੱਕ ਆਦਮੀ ਜਾਂ ਸੰਸਥਾ ਦੁਆਰਾ, ਸਗੋਂ ਵੱਖ-ਵੱਖ ਵਿਦਵਾਨਾਂ ਦੁਆਰਾ ਇਹ ਇੱਕ ਮਹਾਨ ਦੇਣ ਹੁੰਦੀ ਹੈ ਅਤੇ ਗਿਆਨ ਦੇ ਭੰਡਾਰ ਵਿਚ ਇਸੇ ਮਹਾਨ ਦੇਣ ਦਾ ਨਿਰੰਤਰ ਯੋਗਦਾਨ ਚਲਦਾ ਰਹਿੰਦਾ ਹੈ। ਖੋਜ ਖਲਾਅ ਵਿਚ ਵਿਚ ਨਹੀਂ ਉਪਜਦੀ ਸਗੋਂ ਨਿਰੰਤਰਤਾਂ ਵਿਚ ਵਾਪਰਦੀ ਹੈ। ਹਰ ਇੱਕ ਖੋਜਾਰਥੀ ਸਿੱਧੇ ਜਾਂ ਅਸਿੱਧੇ ਤੌਰ ਤੇ ਅਨੇਕਾਂ ਹੀ ਹੋਰ ਖੋਜਾਰਥੀਆਂ ਦਾ ਇਸ ਕਾਰਜ ਵਿਚ ਦੇਣਦਾਰ ਹੁੰਦਾ ਹੈ। ਸਾਹਿਤਕ ਸਮੀਖਿਆ ਵੀ ਅਜਿਹੇ ਖੋਜਾਰਥੀਆਂ ਦੀ ਦੇਣਦਾਰੀ ਨੂੰ ਹੀ ਪ੍ਰਗਟਾਉਂਦੀ ਹੈ ਜਿਹਨਾਂ ਦਾ ਇਸ ਖੋਜ ਕਾਰਜ ਵਿਚ ਅਹਿਮ ਯੋਗਦਾਨ ਰਿਹਾ ਹੈ। ਪਿਛਲੇ ਅਧਿਆਇ ਰਾਹੀਂ ਵਪਾਰਿਕ ਨੈਤਿਕਤਾ ਅਤੇ ਸਿੱਖ ਦਰਸ਼ਨ ਸ਼ਾਸਤਰ ਦੇ ਸਬੰਧ ਤੇ ਵਿਚਾਰ ਕਰਨ ਉਪਰੰਤ ਇਹ ਤੱਥ ਨਿਕਲਦਾ ਹੈ ਕਿ ਗੁਰੂ ਸਾਹਿਬਾਨ ਵਪਾਰਿਕ ਤਰੱਕੀ ਲਈ ਇੱਕ ਮਾਰਗਦਰਸ਼ਕ ਵਜੋਂ ਕਾਰਜ ਕਰ ਸਕਦੇ ਹਨ। ਪ੍ਰਬੰਧਕੀ ਸਿਧਾਤਾਂ ਅਤੇ ਸਿੱਖ ਵਿਚਾਰਧਾਰਾ ਦੀ ਨੇੜਤਾ ਨੂੰ ਪਿਛਲੇ ਅਧਿਆਇ ਵਿੱਚ ਸੂਖ਼ਮਤਾ ਨਾਲ ਦੇਖਣ ਦਾ ਯਤਨ ਕੀਤਾ ਗਿਆ ਹੈ। ਹੱਥਲੇ ਅਧਿਆਇ ਵਿਚ ਪ੍ਰਬੰਧਕੀ ਸਿਧਾਤਾਂ ਅਤੇ ਸਿੱਖ ਵਿਚਾਰਧਾਰਾ ਨਾਲ ਸਬੰਧਿਤ ਵਭਿੰਨ ਸਰੋਤਾਂ ਦਾ ਸੰਖੇਪ ਵੇਰਵਾ ਅਤੇ ਖੋਜ ਵਿਧੀ ਨੂੰ ਸਰਲ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ।

**2.1 ਸਾਹਿਤਕ ਸਮੀਖਿਆ (Literature Review)** - ਜੇਕਰ ਪ੍ਰਬੰਧਕੀ ਦ੍ਰਿਸ਼ਟੀਕੋਣ ਦੀ ਗੱਲ ਕੀਤੀ ਜਾਵੇ ਤਾਂ ਇਸ ਸੰਬੰਧੀ ਅਨੇਕਾਂ ਹੀ ਖੋਜ ਪ੍ਰਬੰਧ ਅਤੇ ਖੋਜ ਪੱਤਰ ਅੱਜ ਦੇ ਸਮੇਂ

ਮੌਜ਼ਦਾ ਹਨ ਪਰ ਧਰਮ ਦੇ ਨਜ਼ਰੀਏ ਤੋਂ ਪ੍ਰਬੰਧਕੀ ਸਿਧਾਂਤਾਂ  ਤੇ ਬਹੁਤਾ ਕੰਮ ਮੌਜੂਦ ਨਹੀਂ ਹੈ। ਜੇਕਰ ਅਧਿਆਤਿਮਵਾਦ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਉੱਪਰ ਚਰਚਾ ਕੀਤੀ ਜਾਵੇ ਤਾਂ ਕੁਝ ਕੁ ਖੋਜ ਪ੍ਰਬੰਧ ਵੀ ਪ੍ਰਾਪਤ ਹੁੰਦੇ ਹਨ ਪਰ ਉਹ ਅਸਿੱਧੇ ਤੌਰ ਤੇ ਹੀ ਇਸ ਵਿਸ਼ੇ ਨਾਲ ਸਬੰਧਿਤ ਹਨ ਪਰ **ਸਿੱਖ ਗੁਰੂ ਸਾਹਿਬਾਨ ਦਾ ਵਪਾਰਿਕ ਨੈਤਿਕਤਾ ਪ੍ਰਤੀ ਦ੍ਰਿਸ਼ਟੀਕੋਣ** ਵਿਸ਼ੇ ਤੇ ਕੁਝ ਕੁ ਖੋਜ ਪੱਤਰਾਂ ਤੋਂ ਇਲਾਵਾ ਹੋਰ ਕੰਮ ਪ੍ਰਾਪਤ ਨਹੀਂ ਹੁੰਦਾ। ਇਸੇ ਸਬੰਧ ਵਿਚ ਕੁਝ ਕੁ ਖੋਜ ਪ੍ਰਬੰਧ ਅਤੇ ਖੋਜ ਪੱਤਰਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. ਸਿੱਖ ਧਰਮ ਅਤੇ ਆਰਥਿਕ ਵਿਕਾਸ -  ਇਹ ਖੋਜ ਪ੍ਰਬੰਧ ਉਪਿੰਦਰਜੀਤ ਕੌਰ ਵੱਲੋਂ 1990 ਵਿਚ ਪੀ.ਐੱਚ.ਡੀ. ਖੋਜ ਪ੍ਰਬੰਧ ਵਜੋਂ 1990 ਵਿਚ ਪਬਲਿਸ਼ ਕੀਤਾ ਗਿਆ। ਇਹ ਪਹਿਲੀ ਵਾਰ ਸੀ ਜਦੋਂ ਵਪਾਰਿਕ ਮੁੱਲ ਪ੍ਰਬੰਧਾਂ ਦਾ ਅਧਿਐਨ ਸਿੱਖ ਸਿਧਾਂਤਾਂ ਅਨੁਸਾਰ ਕੀਤਾ ਗਿਆ ਸੀ। ਇਸ ਵਿਚ ਆਰਥਿਕ ਵਿਕਾਸ ਉੱਤੇ ਸਿੱਖ ਸਿਧਾਂਤਾਂ ਦੇ ਮਹੱਤਵ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ। ਇਸ ਵਿਚ ਉਹਨਾਂ ਸਿੱਖ ਸਿਧਾਂਤਾਂ ਦੀ ਗੱਲ ਕੀਤੀ ਗਈ ਜਿਹੜੇ ਆਰਥਿਕ ਵਿਕਾਸ ਨਾਲ ਸਬੰਧ ਰੱਖਦੇ ਸਨ। ਇਸ ਵਿਚ ਸਿੱਖ ਧਾਰਮਿਕ ਵਿਵਸਥਾ, ਸੰਸਥਾਗਤ ਪ੍ਰਬੰਧ ਅਤੇ ਵਿਹਾਰਿਕ ਮੁੱਲ ਪ੍ਰਬੰਧਾਂ ਦਾ ਗੂੜ ਅਧਿਐਨ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੂਲ ਸਰੋਤ ਮੰਨਿਆ ਗਿਆ ਹੈ। ਖੋਜਾਰਥੀ ਨੇ ਇਸ ਗੱਲ ਨੂੰ ਸਥਾਪਿਤਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਹੀ ਅਜਿਹੇ ਤੱਤ ਮੌਜੂਦ ਹਨ ਜੋ ਆਰਥਿਕਤਾ ਨਾਲ ਸਿੱਧੇ ਤੌਰ ਤੇ ਸਬੰਧਿਤ ਨਹੀਂ ਪਰ ਫਿਰ ਵੀ ਪ੍ਰਭਾਵਸ਼ਾਲੀ ਹਨ। ਦੂਸਰੇ ਸ਼ਬਦਾਂ ਵਿਚ ਧਾਰਮਿਕ ਮਾ.ਗ.ਗ਼.ਗ.ਗ਼.ਗਲਤਾਵਾਂ ਅਤੇ ਕਦਰਾਂ ਕੀਮਤਾਂ ਦਾ ਆਰਥਿਕਤਾ ਤੇ ਵਿਸ਼ੇਸ਼ ਪ੍ਰਭਾਵ ਹੈ। ਖੋਜ ਕਾਰਜ ਦੀਆਂ ਸਥਾਪਨਾਵਾਂ ਵਿਚ ਇਹ ਨਿਚੋੜ ਕੱਢਿਆ ਗਿਆ ਹੈ ਕਿ ਸਿੱਖ ਧਰਮ ਦੇ ਮੁੱਲ ਪ੍ਰਬੰਧ ਆਰਥਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

2. ਪ੍ਰਬੰਧ ––ਇਕ ਈਸਾਈ ਦ੍ਰਿਸ਼ਟੀਕੋਣ – ਇਹ ਖੋਜ ਪੱਤਰ ਬਰਾਮ ਉਬਰ ਹੋਗਟਰ ਦੁਆਰਾ 1993 ਵਿਚ ਪ੍ਰਸਤੁਤ ਕੀਤਾ ਗਿਆ। ਉਹਨਾਂ ਨੇ ਇਸ ਪੱਤਰ ਰਾਹੀਂ ਪੁਰਾਤਨ ਧਾਰਣਾਵਾਂ, ਮਨੁੱਖੀ ਰਿਸ਼ਤਿਆਂ ਦੀਆਂ ਸਮੱਸਿਆਵਾਂ ਨੂੰ ਉਭਾਰਿਆ ਅਤੇ ਇਹਨਾਂ ਦਾ ਹੱਲ ਈਸਾਈ ਦ੍ਰਿਸ਼ਟੀਕੋਣ ਤੋਂ ਲੱਭਣ ਦਾ ਯਤਨ ਕੀਤਾ। ਲੇਖਕ ਅਨੁਸਾਰ ਜਿਸ ਤਰ੍ਹਾਂ ਪ੍ਰਮਾਤਮਾ ਨੇ ਆਪਣਾ ਨੁਮਾਇੰਦਾ ਲੋਕਾਂ ਦੀ ਅਗਵਾਈ ਕਰਨ ਲਈ ਧਰਤੀ ਤੇ ਭੇਜਿਆ ਤਾਂ ਕਿ ਲੋਕਾਂ ਦੇ ਹੱਕਾਂ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਸਕੇ, ਇਸੇ ਤਰ੍ਹਾਂ ਪ੍ਰਬੰਧਕ ਦਾ ਕਾਰਜ ਵੀ ਕਰਮਚਾਰੀਆਂ ਦੀਆਂ ਮੁਸ਼ਕਿਲਾਂ ਅਤੇ ਔਕੜਾਂ ਦਾ ਨਿਵਾਰਣ ਕਰਨਾ ਹੋਣਾ ਚਾਹੀਦਾ ਹੈ। ਈਸਾਈ ਦ੍ਰਿਸ਼ਟੀਕੋਣ ਅਨੁਸਾਰ ਕੇਵਲ ਪਦਾਰਥਵਾਦੀ ਲਾਭ ਹੀ ਨਹੀਂ ਹੋਣੇ ਚਾਹੀਦੇ ਇਸ ਦੇ ਨਾਲ ਨਾਲ ਲੋਕ ਭਲਾਈ ਦਾ ਕਾਰਜ ਵੀ ਅਹਿਮ ਹੁੰਦੇ ਹਨ। ਲੇਖਕ ਅਨੁਸਾਰ ਕਰਮਚਾਰੀਆਂ ਦੀਆਂ ਮਨੋਵਿਗਿਆਨਿਕ, ਸਮਾਜਿਕ ਅਤੇ ਅਧਿਆਤਮਿਕ ਲੋੜਾਂ ਦਾ ਧਿਆਨ ਰੱਖਣਾ ਵੀ ਅਤਿ ਜ਼ਰੂਰੀ ਹੈ। ਆਰਥਿਕ, ਤਕਨੀਕੀ, ਸਮਾਜਿਕ ਅਤੇ ਵਾਤਾਵਰਣ ਦੀ ਤਰੱਕੀ ਦਾ ਲਾਭ ਫਿਰ ਵੀ ਹੋ ਸਕਦਾ ਹੈ।

3. ਪ੍ਰਬੰਧਕੀ ਨੈਤਿਕਤਾਃ ਵੈਦਿਕ ਦ੍ਰਿਸ਼ਟੀਕੋਣ ਤੋਂ–ਇਹ ਕਿਤਾਬ ਐੱਸ.ਕੇ. ਚੱਕਰਵਰਤੀ ਦੁਆਰਾ 1995 ਚ ਪਬਲਿਸ਼ ਕੀਤੀ ਗਈ। ਇਸ ਵਿਚ ਪ੍ਰਬੰਧ ਦੇ ਵੱਖ–ਵੱਖ ਸਿਧਾਂਤਾਂ ਅਤੇ ਵੈਦਿਕ ਸਿਧਾਂਤਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਕਾਰਜ ਰਾਹੀਂ ਵੈਦਿਕ ਸਿਸਟਮ ਰਾਹੀਂ ਵਿਅਕਤੀਗਤ ਪ੍ਰੋਤਸਾਹਨ, ਅਗਵਾਈ ਅਤੇ ਕੰਮ ਦੇ ਮੁੱਲ ਪ੍ਰਬੰਧਾਂ ਨੂੰ ਉਘਾੜਿਆ ਗਿਆ ਹੈ। ਇਸ ਵਿਚ ਇੱਕ ਵਿਸ਼ਾਲ ਨਜ਼ਰੀਆ ਪੇਸ਼ ਕੀਤਾ ਗਿਆ ਹੈ ਜਿਸ ਰਾਹੀਂ ਪ੍ਰਬੰਧ ਦੀਆਂ ਸਮੱਸਿਆਵਾਂ ਦਾ ਹੱਲ ਵੈਦਿਕ ਸਿਧਾਂਤਾਂ ਰਾਹੀਂ ਕੀਤਾ ਜਾ ਸਕੇ। ਇਸ ਵਿਚ ਮਹਾਨ ਬੁੱਧੀਜੀਵੀਆਂ ਜਿਵੇਂ ਰਬਿੰਦਰਨਾਥ ਟੈਗੋਰ, ਮਹਾਤਮਾ ਗਾਂਧੀ, ਸ੍ਰੀ ਅਰਬਿੰਦੋ, ਦਾ ਦ੍ਰਿਸ਼ਟੀਕੋਣ ਵੀ ਸਾਹਮਣੇ ਰੱਖਿਆਗਿਆ ਹੈ। ਲੇਖਕ ਨੇ ਟਾਟਾ ਵਿਚ 1991 ਦੀਆਂ ਮੁਸ਼ਕਿਲਾਂ

ਦਾ ਵੀ ਜ਼ਿਕਰ ਕੀਤਾ ਹੈ ਜੋ ਅਗਵਾਈ ਦੀ ਘਾਟ ਕਾਰਨ ਪੈਦਾ ਹੋਈਆਂ ਸਨ। ਇਸ ਪੁਸਤਕ ਵਿਚ ਲੇਖਕ ਨੇ ਵਪਾਰਿਕ ਸੰਸਥਾਵਾਂ ਦੀ ਆਸ਼ਰਮ ਨਾਲ ਤੁਲਨਾ ਕੀਤੀ ਹੈ ਅਤੇ ਇਥੇ ਵੀ ਆਸ਼ਰਮ ਵਰਗੀਆਂ ਨੈਤਿਕ ਕਦਰਾਂ ਕੀਮਤਾਂ ਅਪਨਾਉਣ ਤੇ ਜ਼ੋਰ ਦਿੱਤਾ ਹੈ। ਲੇਖਕ ਨੇ ਪੱਛਮੀ ਤਕਨੀਕਾਂ ਅਤੇ ਪ੍ਰਬੰਧਕੀ ਹੁਨਰ ਦੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਭਾਰਤੀ ਮੁੱਲ ਪ੍ਰਬੰਧਾਂ ਅਨੁਸਾਰ ਕਰਨ ਦਾ ਸਫਲ ਯਤਨ ਕੀਤਾ ਹੈ।

4. ਵਪਾਰਿਕ ਨੈਤਿਕਤਾ ਵਿਚ ਬੋਧੀ ਦ੍ਰਿਸ਼ਟੀਕੋਣ : ਪੜਚੋਲ ਅਤੇ ਅਭਿਆਸ– ਇਹ ਖੋਜ ਪੱਤਰ ਸਟੀਫਨ ਜੇ ਗੌਲਡ ਦੁਆਰਾ 1995 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਖੋਜ ਪੱਤਰ ਵਿਚ ਲੇਖਕ ਨੇ ਬੋਧੀ ਦ੍ਰਿਸ਼ਟੀਕੋਣ ਦਾ ਵਪਾਰਿਕ ਮੁੱਲ ਪ੍ਰਬੰਧਾਂ ਬਾਰੇ ਇੱਕ ਵਿਸਤ੍ਰਿਤ ਅਧਿਐਨ ਪੇਸ਼ ਕੀਤਾ ਹੈ। ਇਸ ਖੋਜ ਕਾਰਜ ਦਾ ਮੂਲ ਉਦੇਸ਼ ਬੁੱਧ ਧਰਮ ਦੀਆਂ ਕਦਰਾਂ ਕੀਮਤਾਂ ਦੀ ਵਪਾਰਿਕ ਵਿਵਹਾਰਿਕਤਾ ਤੇ ਚਾਨਣਾ ਪਾਉਣਾ ਹੈ। ਇਸੇ ਪ੍ਰਯੋਗ ਦੇ ਅਧਾਰ ਤੇ ਹੀ ਲੇਖਕ ਨੇ ਵਿਅਕਤੀ ਨੂੰ ਉਸ ਦੀ ਸੋਚਣ ਸ਼ਕਤੀ, ਭਾਵਨਾਵਾਂ ਅਤੇ ਵਿਵਹਾਰਿਕਤਾ ਤੇ ਵਿਸ਼ੇਸ਼ ਜ਼ੋਰ ਦੇਣ ਲਈ ਕਿਹਾ ਹੈ। ਲੇਖਕ ਅਨੁਸਾਰ ਵਿਅਕਤੀ ਇਹਨਾਂ ਦੇ ਸੁਧਾਰ ਲਈ ਧਿਆਨ ਵਿਧੀਆਂ ਰਾਹੀਂ ਕਾਬੂ ਪਾ ਸਕਦਾ ਹੈ ਅਤੇ ਇਸ ਨਾਲ ਵਪਾਰਿਕ ਉਦੇਸ਼ਾਂ ਦੀ ਪੂਰਤੀ ਸਹਿਜੇ ਹੀ ਕੀਤੀ ਜਾ ਸਕਦੀ ਹੈ। ਬੋਧੀ ਦ੍ਰਿਸ਼ਟੀਕੋਣ ਰਾਹੀਂ ਨੈਤਿਕਤਾ ਦੇ ਮਸਲਿਆਂ ਨੂੰ ਸੁਲਝਾ ਕੇ ਨੈਤਿਕ ਨਿਰਣੇ ਕੀਤੇ ਜਾ ਸਕਦੇ ਹਨ।

5. ਸੰਸਥਾਗਤ ਪ੍ਰੋਤਸਾਹਨ: ਇਸਲਾਮਿਕ ਦ੍ਰਿਸ਼ਟੀਕੋਣ–ਇਹ ਖੋਜ ਪੱਤਰ ਐਡਲ ਰਹਿਮਾਨ ਦੁਆਰਾ 1995 ਵਿਚ ਪ੍ਰਕਾਸ਼ਿਤ ਕੀਤਾ ਗਿਆ। ਲੇਖਕ ਇਸ ਗੱਲ ਤੇ ਚਾਨਣਾ ਪਾਉਂਦਾ ਹੈ ਕਿ ਪੱਛਮੀ ਮਾਡਲ ਮਨੁੱਖ ਅਤੇ ਸੰਸਥਾਗਤ ਪ੍ਰੋਤਸਾਹਨ ਨੂੰ ਮਨੁੱਖੀ ਰਿਸ਼ਤਿਆਂ ਦੇ ਵਿਚ ਇੱਕ ਅਹਿਮ ਕੜੀ ਮੰਨਦੇ ਹਨ ਪਰ ਇਸਲਾਮਿਕ ਦ੍ਰਿਸ਼ਟੀਕੋਣ ਵਿਚ ਇਸ ਕੜੀ ਦਾ ਮੂਲ ਸਰੋਤ ਮਨੁੱਖ ਅਤੇ ਪ੍ਰਮਾਤਮਾ ਦਾ ਸਬੰਧ ਹੈ ਜੋ

ਉਸ ਨੂੰ ਨਿਰੰਤਰ ਪ੍ਰੇਰਿਤ ਕਰਦਾ ਹੈ। ਲੇਖਕ ਦਾ ਮੂਲ ਸਰੋਕਾਰ ਇਹ ਸੀ ਕਿ ਪ੍ਰੋਤਸਾਹਨ ਕਰਮਚਾਰੀ ਦੇ ਨੈਤਿਕ ਗੁਣਾਂ ਦਾ ਮੂਲ ਸਰੋਤ ਹੈ ਪਰ ਇਸ ਅੰਤਰੀਵੀਂ ਮੂਲ ਲੋੜ ਦਾ ਸਰੋਤ ਅਧਿਆਤਿਮਕ ਜੀਵਨ ਹੀ ਹੈ। ਇਸ ਵਿਸ਼ੇਸ਼ਤਾ ਦਾ ਸਰੋਤ ਇਸਲਾਮਿਕ ਸੰਕਲਪ ਇਹਸਾਨ (ihsan) ਹੈ ਜਿਸ ਦਾ ਅਰਥ ਹੈ ਵਿਅਕਤੀ ਦੇ ਵਿਵਹਾਰ ਨੂੰ ਰੱਬੀ ਸ਼ਕਤੀਆਂ ਰਾਹੀਂ ਵਧੀਆ ਬਣਾਉਣਾ। ਲੇਖਕ ਆਪਣੇ ਖੋਜ ਪੱਤਰ ਦਾ ਸਾਰ ਇਹ ਦੱਸਦਾ ਹੈ ਕਿ ਜੇਕਰ ਇਸਲਾਮਿਕ ਦ੍ਰਿਸ਼ਟੀਕੋਣ ਨੂੰ ਕਰਮਚਾਰੀਆਂ ਦੇ ਪ੍ਰੋਤਸਾਹਨ ਵਿਚ ਵਰਤਿਆ ਜਾਵੇ ਤਾਂ ਉਹਨਾਂ ਦੀ ਕਾਰਗੁਜ਼ਾਰੀ ਵਿਚ ਭਾਰੀ ਵਾਧਾ ਹੋ ਸਕਦਾ ਹੈ।

6. ਕੌਟਿਲੀਆਂ ਦੇ ਅਰਥਸ਼ਾਸਤਰ ਵਿਚ ਮੁੱਲਾਂ ਤੇ ਅਧਾਰਿਤ ਪ੍ਰਬੰਧਨ ਦੀਆਂ ਹਦਾਇਤਾਂ–ÓÓ–ਇਹ ਖੋਜ ਪੱਤਰ ਐੱਲ. ਸਿਵਾ ਕੁਮਾਰ ਅਤੇ ਯੂ.ਐਸ.ਰਾਓ ਵੱਲੋਂ 1996 ਵਿਚ ਪ੍ਰਕਾਸ਼ਿਤ ਕੀਤਾ ਗਿਆ। ਅਰਥ ਸ਼ਾਸਤਰ ਵਿਚ ਉਹ ਸਾਰੀਆਂ ਹਦਾਇਤਾਂ ਹਨ ਜੋ ਪ੍ਰਭਾਵੀ ਪ੍ਰਬੰਧਨ ਲਈ ਜ਼ਰੂਰੀ ਹੁੰਦੀਆਂ ਹਨ। ਲੇਖਕ ਦਾ ਮੂਲ ਉਦੇਸ਼ ਇੱਕ ਅਜਿਹਾ ਮਾਡਲ ਤਿਆਰ ਕਰਨ ਤੋਂ ਹੈ ਜੋ ਕੌਟਿਲੀਆਂ ਅਤੇ ਅਰਥ ਸ਼ਾਸ਼ਤਰ ਅਨੁਸਾਰ ਨੈਤਿਕਤਾ, ਆਚਾਰ ਅਤੇ ਮੁੱਲਾਂ ਤੇ ਅਧਾਰਿਤ ਹੋਵੇ। ਲੇਖਕ ਅਨੁਸਾਰ ਸੰਸਥਾ ਦੇ ਫਲਸਫ਼ੇ ਦਾ ਪਹਿਲਾਂ ਅੰਗ ਸੰਸਥਾ ਦਾ ਉਦੇਸ਼ ਹੋਵੇ ਅਤੇ ਇਹ ਸਮਾਜ ਅਤੇ ਵਪਾਰ ਦੇ ਲਾਭਪਾਤਰੀਆਂ(Stakeholders) ਦੇ ਹਿੱਤ ਵਿਚ ਹੋਵੇ। ਇਸ ਮਾਡਲ ਦਾ ਦੂਜਾ ਭਾਗ ਕੀਮਤਾਂ ਤੇ ਅਧਾਰਿਤ ਅਗਵਾਈ ਨਾਲ ਸਬੰਧਿਤ ਹੈ। ਲੇਖਕ ਅਨੁਸਾਰ ਕੌਟਿਲੀਆਂ ਅਰਥਸ਼ਾਸਤਰ ਵਿਚ ਯੋਗ ਅਤੇ ਅਧਿਆਤਮਕ ਦ੍ਰਿਸ਼ਟੀ ਦੀ ਅਗਵਾਈ ਹੋਣੀ ਚਾਹੀਦੀ ਹੈ। ਤੀਸਰਾ ਭਾਗ ਸੰਸਥਾ ਦੇ ਸੱਭਿਆਚਾਰ ਦੀ ਗੱਲ ਕਰਦਾ ਹੈ। ਭਾਵ, ਗੁਣ, ਬੋਲੀ ਅਤੇ ਕਰਮਚਾਰੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਦੂਜੇ ਗਰੁੱਪ ਨਾਲ ਇੱਕ ਮਿੱਕ ਕਰਨ ਦੇ ਯਤਨ ਜ਼ਰੂਰੀ ਹਨ। ਲਿਖਾਰੀ ਅਰਥਸ਼ਾਸਤਰ ਦਾ 'Yoga-kshema' (Social welfare) ਤੇ ਵਿਸ਼ੇਸ਼ ਜ਼ੋਰ ਦਿੰਦਾ ਹੈ। ਲੇਖਕ ਅਨੁਸਾਰ ਅਰਥ ਸ਼ਾਸਤਰ ਵਿਚ ਮੁੱਲਾਂ ਤੇ ਅਧਾਰਿਤ ਪ੍ਰਬੰਧਨ ਲਈ ਅਨੇਕਾਂ ਹੀ ਗੁਣ ਮੌਜੂਦ ਹਨ।

7. ਵਪਾਰਿਕ ਨੈਤਿਕਤਾ ਵਿਚ ਯਹੂਦੀ ਸਿਧਾਂਤਾਂ ਦਾ ਮਹੱਤਵ- ਇਹ ਖੋਜ ਪੱਤਰ ਰੋਨਾਲ ਐੱਮ. ਗ੍ਰੀਨ ਦੁਆਰਾ 1997 ਵਿਚ ਪ੍ਰਸਤੁਤ ਕੀਤਾ ਗਿਆ। ਇਸ ਰਾਹੀਂ ਲੇਖਕ ਨੇ 6 ਮਹੱਤਵਪੂਰਨ ਵਪਾਰਿਕ ਨੈਤਿਕਤਾ ਤੇ ਅਧਾਰਿਤ ਸਿਧਾਂਤਾਂ ਦਾ ਵਰਣਨ ਕੀਤਾ ਜੋ ਯਹੂਦੀ ਵਿਚਾਰਧਾਰਾ ਉੱਪਰ ਅਧਾਰਿਤ ਸਨ। 1. ਵਪਾਰਿਕ ਕ੍ਰਿਆਵਾਂ ਅਤੇ ਮੁਨਾਫਿਆਂ ਦੀ ਉੱਚਤਤਾ, 2. ਸੰਪਤੀ ਦਾ ਨਿਰਮਾਣ, 3. ਵਪਾਰਿਕ ਨਿਰਣਿਆਂ ਵਿਚ ਮਨੁੱਖ ਦੀ ਮਹੱਤਤਾ, 4. ਵਪਾਰਿਕ ਖ਼ਤਰਿਆਂ ਤੋਂ ਉਪਭੋਗਤਾ ਦਾ ਬਚਾਅ, 5. ਧੋਖਾਧੜੀ ਅਤੇ ਠੱਗ.ਗਲਤ ਦਿਖਾਵੇ ਦੀ ਪ੍ਰਵਿਰਤੀ ਦਾ ਖੰਡਨ, ਅਤੇ 6. ਸਦਭਾਵਨਾ ਦਾ ਸੁਰੱਖਿਅਣ। ਇਹਨਾਂ ਸਿਧਾਂਤਾਂ ਰਾਹੀਂ ਲੇਖਕ ਨੇ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਵਪਾਰਿਕ ਮੁਨਾਫਿਆਂ ਵਿਚ ਸਮਾਜਿਕ ਨਿਆਂ ਅਤੇ ਉਪਭੋਗਤਾਵਾਂ ਦੇ ਸੁਰੱਖਿਅਣ ਦੀ ਮੱਦ ਪਹਿਲ ਦੇ ਅਧਾਰ ਤੇ ਹੋਵੇ। ਲੇਖਕ ਅਨੁਸਾਰ 'Talmusic' ਜੋ ਯਹੂਦੀਆਂ ਦਾ ਸਿਧਾਂਤ ਹੈ ਜਿਸ ਦਾ ਅਰਥ ਵਿਸ਼ਵਾਸ ਹੈ ਦਾ ਵਪਾਰ ਵਿਚ ਹੋਣਾ ਬਹੁਤ ਜ਼ਰੂਰੀ ਹੈ। ਮੈਨੇਜਰ ਨੂੰ ਸੰਸਥਾ ਦੀ ਸੰਪਤੀ ਅਤੇ ਕੁਦਰਤੀ ਵਾਤਾਵਰਣ ਦੇ ਸੁਰੱਖਿਅਣ ਲਈ ਵਿਸ਼ਵਾਸ ਦੇ ਅਧਾਰ ਤੇ ਕਾਰਜ ਕਰਨਾ ਚਾਹੀਦਾ ਹੈ। ਲੇਖਕ ਅਨੁਸਾਰ ਅਧਿਆਤਮਿਕ ਅਤੇ ਨੈਤਿਕ ਸਿੱਖਿਆਵਾਂ ਵਪਾਰ ਦੇ ਟੀਚਿਆਂ ਦੀ ਪੂਰਤੀ ਲਈ ਅਹਿਮ ਹਨ।

8. ਲੀਡਰਸ਼ਿਪ ਅਤੇ ਇਸਲਾਮਿਕ ਦ੍ਰਿਸ਼ਟੀਕੋਣ-ਇਹ ਖੋਜ ਪੱਤਰ ਰੀਕ ਈਸਾ ਬੀਕੁਨ ਅਤੇ ਜਾਮਾਲ ਬਦਾਣੀ ਦੁਆਰਾ 1999 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਰਾਹੀਂ ਲੇਖਕ ਨੇ ਮੌਜੂਦਾ ਸਮੇਂ ਦੀਆਂ ਤਕਨੀਕਾਂ ਪੁਰਾਣੀਆਂ ਮਾਨਤਾਵਾਂ ਦਾ ਤੁਲਨਾਤਮਿਕ ਅਧਿਐਨ ਪੇਸ਼ ਕੀਤਾ ਹੈ। ਇਸ ਖੋਜ ਨਿਬੰਧ ਦਾ ਮੁੱਖ ਮਕਸਦ ਇਸਾਲਿਮਕ ਲੀਡਰਸ਼ਿਪ ਦਾ ਅਧਿਐਨ ਕਰਨਾ ਤੇ ਉਸ ਦੀਆਂ ਵਿਸ਼ੇਸ਼ਤਾਵਾਂ ਤੇ ਚਾਨਣਾ ਪਾਉਣਾ ਹੈ ਅਤੇ ਨਾਲ ਹੀ ਲੀਡਰਸ਼ਿਪ ਦੇ ਮਾਡਲ ਦੀ ਇਸਲਾਮਿਕ ਦ੍ਰਿਸ਼ਟੀਕੋਣ ਤੋਂ ਘੋਖ ਕਰਨੀ ਸ਼ਾਮਿਲ ਹੈ। ਇਸ ਖੋਜ ਅਨੁਸਾਰ ਇਸਲਾਮਿਕ

ਲੀਡਰਸ਼ਿਪ ਇਸ ਕਰਕੇ ਪ੍ਰਭਾਵੀ ਹੈ ਕਿਉਂਕਿ ਉਹ ਸਮੇਂ ਅਤੇ ਜਗ੍ਹਾਂ ਅਨੁਸਾਰ ਆਪਣੀਆਂ ਡਿਊਟੀਆਂ ਨੂੰ ਬਦਲ ਲੈਂਦੇ ਹਨ ਅਤੇ ਕੋਚ ਤੇ ਅਧਿਆਪਕ ਦੇ ਰੋਲ ਤੋਂ ਵੀ ਉੱਪਰ ਉੱਠ ਕੇ ਕਾਰਜਸ਼ੀਲ ਹੁੰਦੇ ਹਨ। ਖੋਜਾਰਥੀ ਅਨੁਸਾਰ ਇਹ ਲੀਡਰ ਅੰਤਰੀਵੀਂ ਵਿਕਾਸ ਉੱਤੇ ਵਿਸ਼ੇਸ਼ ਧਿਆਨ ਦਿੰਦੇ ਹਨ ਅਤੇ ਕੰਮਾਂ ਨੂੰ ਅਲੱਗ-ਅਲੱਗ ਦ੍ਰਿਸ਼ਟੀਕੋਣਾਂ ਤੋਂ ਦੇਖਦੇ ਹਨ। ਇਸ ਪ੍ਰਸਤਾਵ ਵਿਚ ਲੇਖਕ ਲਿਖਦਾ ਹੈ ਕਿ ਕੁਰਾਨ ਦੀਆਂ ਸਿੱਖਿਆਵਾਂ ਅਨੁਸਾਰ ਵਿਅਕਤੀ ਏਕਤਾ ਨਾਲ ਕੰਮ ਕਰਦੇ ਹਨ। ਇਸ ਖੋਜ ਪੱਤਰ ਵਿਚ ਲੇਖਕ ਕੁਜਜ ਅਤੇ ਪੋਸਨਰ ਮਾਡਲ ਜੋ ਕਿ ਲੀਡਰਸ਼ਿਪ ਚੁਣੌਤੀਆਂ ਬਾਰੇ ਹੈ, ਰਾਹੀਂ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਇਸਲਾਮਿਕ ਦਿਸ਼ਟੀਕੋਣ ਰਾਹੀਂ ਯੋਗ ਅਤੇ ਸੁਚੱਜੇ ਲੀਡਰਾਂ ਦੀ ਕਲਪਨਾ ਕੀਤੀ ਜਾ ਸਕਦੀ ਹੈ।

9. ਭਗਵਤ ਗੀਤਾ ਅਤੇ ਪ੍ਰਬੰਧ-ਇਹ ਖੋਜ ਪ੍ਰਬੰਧ ਐੱਮ.ਪੀ. ਭੱਟਾਥਿਰੀ ਦੁਆਰਾ 1999 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਰਾਹੀਂ ਪੁਰਾਤਨ ਧਾਰਨਾਵਾਂ ਦੀ ਸਾਰਥਕਤਾ ਅੱਜ ਦੇ ਸੰਦਰਭ ਵਿਚ ਪੇਸ਼ ਕੀਤੀ ਗਈ ਹੈ। ਇਸ ਵਿਚ ਲੇਖਕ ਦੁਆਰਾ ਪ੍ਰਬੰਧ ਦਾ ਅਜਿਹਾ ਫਰੇਮਵਰਕ ਤਿਆਰ ਕੀਤਾ ਗਿਆ ਹੈ ਜੋ ਕਿ ਭਗਵਤ ਗੀਤਾ ਦੀਆਂ ਸਿੱਖਿਆਵਾਂ ਤੇ ਅਧਾਰਿਤ ਹੈ ਜਿਸ ਨਾਲ ਪ੍ਰਬੰਧ ਦੇ ਕੰਮਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਨੇਪਰੇ ਚਾੜਿਆ ਜਾ ਸਕੇ। ਲੇਖਕ ਅਨੁਸਾਰ ਹਰ ਇੱਕ ਮੈਨੇਜਰ ਕੰਮ ਦੇ ਸਥਾਨ ਤੇ ਅਤੇ ਵਪਾਰਿਕ ਸੰਸਥਾ ਵਿਚ ਆਪਣੇ ਕੰਮਾਂ ਦੀਆਂ ਪ੍ਰਾਪਤੀਆਂ ਰਾਹੀਂ ਸਿਖਰਲੇ ਸਥਾਨ ਤੇ ਪਹੁੰਚਣਾ ਚਾਹੁੰਦਾ ਹੈ ਅਤੇ ਇਹ ਭਗਵਤ ਗੀਤਾ ਦੀਆਂ ਸਿਖਿਆਵਾਂ ਰਾਹੀਂ ਸੰਭਵ ਹੈ। ਖੋਜਾਰਥੀ ਅਨੁਸਾਰ ਸ੍ਰੀ ਕ੍ਰਿਸ਼ਨਾਂ ਨੇ ਦੋ ਤਰ੍ਹਾਂ ਦੇ ਕੰਮ ਦੇ ਤਰੀਕਿਆਂ ਦਾ ਵਰਣਨ ਕੀਤਾ ਹੈ –ਦੈਵੀ ਸੰਪਤ ਜਾਂ ਚੰਗੇ ਕੰਮ ਅਤੇ ਅਸੁਰੀ ਸੰਪਤ ਜਾਂ ਮਾੜੇ ਕੰਮ ਅਤੇ ਸ੍ਰੀ ਕ੍ਰਿਸ਼ਨ ਦੱਸਦੇ ਹਨ ਕਿ ਚੰਗੇ ਗੁਣਾਂ ਰਾਹੀਂ ਅਤੇ ਯੋਗ ਤਰੀਕਿਆਂ ਰਾਹੀਂ ਕੀਤਾ ਕੰਮ ਹੀ ਯੋਗ ਹੈ। ਭਗਵਤ ਗੀਤਾ ਵਿਚ ਅਨੇਕਾਂ ਅਜਿਹੇ ਪ੍ਰਮਾਣ ਮਿਲਦੇ ਹਨ ਜਿਸ ਰਾਹੀਂ ਵਪਾਰਿਕ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾ

ਸਕਦਾ ਹੈ। ਪੱਛਮੀ ਪ੍ਰਬੰਧ ਅਤੇ ਭਗਵਤ ਗੀਤਾ ਵਿਚ ਮੌਜੂਦ ਪ੍ਰਬੰਧ ਤੇ ਤੁਲਨਾਤਮਕ ਅਧਿਐਨ ਰਾਹੀਂ ਲੇਖਕ ਇਹ ਸਿੱਧ ਕਰਨ ਦਾ ਯਤਨ ਕਰਦਾ ਹੈ ਕਿ ਪੱਛਮੀ ਪ੍ਰਬੰਧ ਵਿਚ ਅਨੇਕਾਂ ਹੀ ਸਮੱਸਿਆਵਾਂ ਸਾਹਮਣੇ ਆ ਜਾਂਦੀਆਂ ਹਨ ਪਰ ਭਗਵਤ ਗੀਤਾ ਦਾ ਪ੍ਰਬੰਧ ਵਿਧਾਨ ਮਨੁੱਖ ਦੀ ਸੋਚਣ ਸ਼ਕਤੀ ਤੋਂ ਅਰੰਭ ਹੋ ਕੇ ਉੱਪਰ ਵੱਲ ਜਾਂਦਾ ਹੈ। ਭਾਵ ਕਿ ਕੰਮ ਦੀ ਕੁਸ਼ਲਤਾ ਜ਼ਮੀਨੀ ਪੱਧਰ ਤੋਂ ਹੀ ਨਿਰਧਾਰਿਤ ਕੀਤੀ ਜਾ ਸਕਦੀ ਹੈ। ਜਿਸ ਪ੍ਰਕਾਰ ਸ੍ਰੀ ਕ੍ਰਿਸ਼ਨ ਅਰਜੁਨ ਨੂੰ ਯੋਗ ਉਪਦੇਸ਼ ਰਾਹੀਂ ਉਸ ਦੇ ਸ਼ੰਕਿਆਂ ਦਾ ਨਿਵਾਰਣ ਕਰਦੇ ਹਨ ਉਸੇ ਤਰ੍ਹਾਂ ਹੀ ਪ੍ਰਬੰਧਕੀ ਸਿਸਟਮ ਨੂੰ ਸ਼ੰਕਿਆਂ ਤੋਂ ਰਹਿਤ ਕੀਤਾ ਜਾ ਸਕਦਾ ਹੈ। ਲੇਖਕ ਅਨੁਸਾਰ ਪੱਛਮੀ ਸਿਸਟਮ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਨੂੰ ਭਗਵਤ ਗੀਤਾ ਵਿਚ ਮੌਜੂਦ ਸਿੱਖਿਆਵਾਂ ਰਾਹੀਂ ਬਿਹਤਰ ਬਣਾਇਆ ਜਾ ਸਕਦਾ ਹੈ।

10. ਧਾਰਮਿਕ ਗੁਣਾਂ ਦਾ ਵਪਾਰ ਵਿਚ ਯੋਗਦਾਨ-ਇਹ ਖੋਜ ਪੱਤਰ ਜੀਰਾਲਡ ਐੱਫ.ਕਾਵਾਂਗ ਅਤੇ ਮਾਰਕ ਆਰ. ਬੈਂਡਸੂ ਦੁਆਰਾ 2002 ਵਿਚ ਪ੍ਰਸਤੁਤ ਕੀਤਾ ਗਿਆ। ਇਸ ਰਾਹੀਂ ਲੇਖਕ ਨੇ ਇਹ ਸਾਬਿਤ ਕੀਤਾ ਹੈ ਕਿ ਧਾਰਮਿਕਤਾ ਚੰਗੇ ਗੁਣਾਂ ਦਾ ਖ਼ਜ਼ਾਨਾ ਹੈ। ਇਸ ਰਾਹੀਂ ਚੰਗੇ ਗੁਣਾਂ ਨੂੰ ਜੀਵਨ ਵਿਚ ਧਾਰਨ ਕੀਤਾ ਜਾ ਸਕਦਾ ਹੈ ਅਤੇ ਇਹ ਗੁਣ ਕੰਮ ਦੇ ਸਥਾਨ ਤੇ ਵੀ ਸਾਰਥਕ ਸਾਬਿਤ ਹੁੰਦੇ ਹਨ। ਇਸ ਖੋਜ ਪੱਤਰ ਵਿਚ ਆਰੋਨ ਫੀਵਰਸਟੇਨ, ਮੈਕਸ ਡੀਪਰੀ, ਜੌਨ ਮਾਕਸ ਟੇਂਪਲਨ, ਜੇਮਸ ਈ ਬਰਾਈਕ ਅਤੇ ਰੋਬਰ ਹਾਸ ਜਿਹੇ ਸਿਖਰੇ ਪੰਜ ਨੁਮਾਇੰਦਿਆਂ ਦੇ ਅਗਵਾਈ ਦੇ ਗੁਣਾਂ ਦਾ ਅਧਿਐਨ ਕੀਤਾ ਹੈ। ਇਸ ਰਾਹੀਂ ਇਹ ਪਾਇਆ ਗਿਆ ਕਿ ਇਹ ਲੀਡਰ ਆਪਣੀ ਸਫ਼ਲਤਾ ਦਾ ਰਾਜ ਧਾਰਮਿਕਤਾ ਦੱਸਦੇ ਹਨ। ਉਹ ਦੱਸਦੇ ਹਨ ਕਿ ਉਹਨਾਂ ਨੇ ਅਨੇਕਾਂ ਹੀ ਸਦਗੁਣਾਂ ਨੂੰ ਧਰਮ ਤੋਂ ਗ੍ਰਹਿਣ ਕੀਤਾ ਹੈ ਅਤੇ ਉਹਨਾਂ ਦੇ ਅਧਾਰ ਤੇ ਹੀ ਨਤੀਜਿਆਂ ਦੀ ਚੋਣ ਕੀਤੀ ਹੈ। ਇਸ ਸਰਵੇਖਣ ਰਾਹੀਂ ਇਹ ਸਾਹਮਣੇ ਆਇਆ ਕਿ ਚੰਗੇ ਗੁਣਾਂ ਨਾਲ ਕੰਮ ਦੇ ਸਥਾਨ ਤੇ ਚੰਗੇ ਨਿਰਣੈ ਲੈਣ ਵਿਚ ਸੌਖ ਰਹਿੰਦੀ ਹੈ। ਇਸ ਰਾਹੀਂ –

ਪ੍ਰੋਤਸਾਹਨ, ਟੀਮ ਦੀ ਭਾਵਨਾ ਅਤੇ ਸਹਿਯੋਗ ਵਿਚ ਵਾਧਾ ਹੁੰਦਾ ਹੈ। ਇਹ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਚੰਗੇ ਗੁਣਾਂ ਵਾਲੇ ਵਿਅਕਤੀਆਂ ਕੋਲ ਨੈਤਿਕਤਾ ਅਧਾਰਿਤ ਯੋਗ ਨਿਰਣੇ ਕਰਨ ਦੀ ਕੁਸ਼ਲਤਾ ਹੁੰਦੀ ਹੈ। ਇਸ ਖੋਜ ਪ੍ਰਬੰਧ ਦਾ ਸਾਰ ਇਹ ਹੈ ਕਿ ਚੰਗੇ ਗੁਣਾਂ ਨੂੰ ਨਿਰੰਤਰ ਧਾਰਨ ਕਰਨ ਅਤੇ ਉਹਨਾਂ ਦੀ ਵਰਤੋਂ ਨਾਲ ਸਮੱਸਿਆਵਾਂ ਵਿਚ ਕਮੀ ਹੁੰਦੀ ਹੈ ਅਤੇ ਮੁਨਾਫ਼ਿਆਂ ਵਿਚ ਵਾਧਾ ਹੁੰਦਾ ਹੈ।

11. ਈ.ਐੱਮ ਪਿਸਟਿਨ ਦੁਆਰਾ ਰਚਿਤ ਲੇਖ-ਧਰਮ ਅਤੇ ਵਪਾਰ –ਧਾਰਮਿਕ ਸਿੱਖਿਆਵਾਂ ਦਾ ਪ੍ਰਬੰਧਕੀ ਸਿੱਖਿਆ ਵਿਚ ਮਹੱਤਵ 2002 ਵਿਚ ਪ੍ਰਕਾਸ਼ਿਤ ਹੋਇਆ। ਇਸ ਰਾਹੀਂ ਪ੍ਰਬੰਧ ਵਿਚ ਧਾਰਮਿਕ ਸਿੱਖਿਆ ਦੇ ਮਹੱਤਵ ਤੇ ਚਾਨਣਾ ਪਾਇਆ ਗਿਆ ਅਤੇ ਇਸ ਨੂੰ ਸਕੂਲਾਂ ਕਾਲਜਾਂ ਵਿਚ ਸ਼ਾਮਿਲ ਕਰਨ ਤੇ ਜ਼ੋਰ ਦਿੱਤਾ ਗਿਆ। ਖੋਜਾਰਥੀ ਦੇ ਅਨੁਸਾਰ ਹੈਬਰਿਊ ਬਾਈਬਲ, ਅਰਬੀ ਲਿਖਤਾਂ, ਕੁਰਾਨ ਅਤੇ ਸਨਾਂ ਦੀਆਂ ਕਿਤਾਬਾਂ ਵਿਚ ਨੈਤਿਕਤਾ ਦੇ ਮਾਪ ਦੰਡਾਂ ਦੀ ਗੱਲ ਮਿਲਦੀ ਹੈ ਜੋ ਕਿ ਵਪਾਰਿਕ ਸੰਦਰਭ ਵਿਚ ਉਪਯੋਗੀ ਹਨ। ਇਸ ਵਿਚ ਲੇਖਕ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਪ੍ਰਬੰਧਕੀ ਸਿਸਟਮ ਵਿਚ ਧਰਮ ਇੱਕ ਅਹਿਮ ਰੋਲ ਅਦਾ ਕਰ ਸਕਦਾ ਹੈ। ਵਪਾਰਿਕ ਕੰਮਾਂ ਵਿਚ ਧਾਰਮਿਕਤਾ ਨੂੰ ਵੱਖ ਨਹੀਂ ਕੀਤਾ ਜਾ ਸਕਦਾ।

12. ਸਿੱਖ ਪਰੰਪਰਾ ਵਿਚ ਵਪਾਰਿਕ ਨੈਤਿਕਤਾ-ਇਹ ਖੋਜ ਪੱਤਰ ਕੁਲਦੀਪ ਸਿੰਘ ਦੁਆਰਾ 2002 ਵਿਚ ਪ੍ਰਸਤੁਤ ਕੀਤਾ ਹੈ। ਲੇਖਕ ਦੁਆਰਾ ਇਹ ਦਾਅਵਾ ਕੀਤਾ ਹੈ ਸਿੱਖ ਧਰਮ ਵਿਚ ਅਨੇਕਾਂ ਹੀ ਸਦਾਚਾਰਤਾ ਦੇ ਸਿਧਾਂਤ ਮਿਲਦੇ ਹਨ ਜੋ ਰੋਜ਼ਾਨਾ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਖੋਜ ਪੱਤਰ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਅਧਾਰਿਤ ਨੈਤਿਕਤਾ ਦੇ ਮਾਪਦੰਡਾਂ ਦਾ ਨਿਰਮਾਣ ਕਰਨਾ ਹੈ ਜਿਸ ਰਾਹੀਂ ਵਪਾਰਿਕ ਕਦਰਾਂ-ਕੀਮਤਾਂ ਨੂੰ ਲੱਭਿਆ ਜਾ ਸਕੇ। ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੀ ਸਥਾਪਨਾ ਉਸ ਸਮੇਂ ਕਰਦੇ ਹਨ ਜਦੋਂ ਲੋਕ

ਆਪਣੇ ਧਰਮ ਦੀਆਂ ਸਿੱਖਿਆਵਾਂ ਤੋਂ ਭਟਕ ਚੁੱਕੇ ਸਨ। ਲੇਖਕ ਨੇ ਅਨੇਕਾਂ ਹੀ ਗੁਰਬਾਣੀ ਦੀਆਂ ਪੰਕਤੀਆਂ ਦੁਆਰਾ ਵਪਾਰ ਅਤੇ ਨੈਤਿਕਤਾ ਦੇ ਅਤੁੱਟ ਸਬੰਧਾਂ ਦਾ ਵਰਣਨ ਕੀਤਾ ਹੈ। ਲੇਖਕ ਨੇ ਇਹ ਗੱਲ ਦੁਹਰਾਈ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਕੀਮਤਾਂ/ਗੁਣਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਸਿੱਖ ਵਪਾਰੀਆਂ ਲਈ ਧਾਰਣ ਕਰਨੀਆਂ ਜ਼ਰੂਰੀ ਹਨ। ਵਪਾਰ ਵਿਚ ਸਾਰੇ ਕਰਮਚਾਰੀਆਂ ਨਾਲ ਇੱਕ ਸਮਾਨ ਵਿਵਹਾਰ ਹੋਣਾ ਚਾਹੀਦਾ ਹੈ। ਖੋਜਾਰਥੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮ'ਜ਼ੂਦ ਮੁੱਲ ਪ੍ਰਬੰਧ ਸਿੱਖ ਨੂੰ ਧਾਰਣ ਕਰਨਾ ਅਤਿ ਜ਼ਰੂਰੀ ਹੈ ਅਤੇ ਇਹ ਮੁੱਲ ਪ੍ਰਬੰਧ ਹੀ ਸਿੱਖ ਦੇ ਆਚਾਰ ਵਿਵਹਾਰ ਦਾ ਹਿੱਸਾ ਹੋਣੇ ਚਾਹੀਦੇ ਹਨ।

13. Vedanta and Management- ਇਹ ਪੁਸਤਕ ਨਲਿਨੀ ਵੀ ਦੇਵ ਦੁਆਰਾ 2003 ਵਿਚ ਲਿਖੀ ਗਈ। ਇਸ ਰਾਹੀਂ ਲੇਖਕ ਨੇ ਵੈਦਿਕ ਗ੍ਰੰਥਾਂ ਵਿਚ ਮੌਜ਼ੂਦ ਸੱਚ ਨੂੰ ਪ੍ਰਬੰਧ ਦੀਆਂ ਕਿਰਿਆਵਾਂ ਵਿਚ ਅਪਨਾਉਣ ਦੀ ਮਹੱਤਤਾ ਤੇ ਜ਼ੋਰ ਦਿੱਤਾ। ਲੇਖਕ ਨੇ ਵੈਦਿਕ ਨੁਕਤਿਆਂ ਅਨੁਸਾਰ-ਅੰਤਹਕਰਣ, ਵਿਅਕਤੀਆਂ, ਅਗਵਾਈ, ਪ੍ਰੋਤਸਾਹਨ, ਸੰਚਾਰ ਪ੍ਰਬੰਧਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੇ ਜ਼ੋਰ ਦਿੱਤਾ। ਲੇਖਕ ਅਨੁਸਾਰ ਪ੍ਰਬੰਧਕ ਕਰਮ ਯੋਗੀ ਹੋਣਾ ਚਾਹੀਦਾ ਹੈ। ਜੇਕਰ ਪ੍ਰਬੰਧਕ ਰਾਗ, (attachment), ਭਾਵ (fear) ਅਤੇ ਕ੍ਰੋਧ (anger) ਨੂੰ ਨਿਯੰਤਰਣ ਵਿਚ ਕਰ ਲਵੇ ਤਾਂ ਉਹ ਦੂਸਰਿਆਂ ਨੂੰ ਬਿਹਤਰ ਤਰੀਕੇ ਨਾਲ ਵਪਾਰਿਕ ਕਾਰਜਾਂ ਵਿਚ ਵਰਤ ਸਕਦਾ ਹੈ। ਵਿਅਕਤੀ ਇਹਨਾਂ ਦੇ ਨਿਯੰਤਰਣ ਰਾਹੀਂ ਰਾਜੇ ਅਤੇ ਰਿਸ਼ੀ ਦੋਵਾਂ ਦੇ ਗੁਣਾਂ ਨੂੰ ਧਾਰਣ ਕਰ ਸਕਦਾ ਹੈ। ਲੇਖਕ ਅਨੁਸਾਰ ਵੈਦਿਕ ਦ੍ਰਿਸ਼ਟੀਕੋਣ ਵਿਚ ਵਪਾਰ ਸਿਰਫ ਲਾਭ ਕਮਾਉਣ ਦਾ ਸਾਧਨ ਨਹੀਂ ਸਗੋਂ ਇਹ ਵਿਅਕਤੀਆਂ ਅਤੇ ਵਪਾਰਿਕ ਅਦਾਰਿਆਂ ਦੀ ਬਿਹਤਰੀ ਦਾ ਸਾਧਨ ਹੈ ਜਿਸ ਨਾਲ ਸਾਰੀ ਮਨੁੱਖਤਾ ਨੂੰ ਲਾਭ ਪ੍ਰਾਪਤ ਹੁੰਦਾ ਹੈ।

14. ਪ੍ਰਬੰਧਕੀ ਅਗਵਾਈ ਅਤੇ ਭਗਵਤ ਗੀਤਾ- ਇਹ ਖੋਜ ਕਾਰਜ ਅਰੁਣ ਕੁਮਾਰ ਦੁਆਰਾ 2004 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਰਾਹੀਂ ਖੋਜਾਰਥੀ ਨੇ ਭਗਵਤ ਗੀਤਾ ਵਿਚ ਮੌਜ਼ੂਦ ਲੀਡਰਸ਼ਿਪ ਦੇ ਗੁਣਾਂ ਦਾ ਵਖਿਆਨ ਕੀਤਾ ਹੈ ਜਿਸ ਵਿਚ ਟੀਮ ਦੀ ਭਾਵਨਾ, ਜ਼ਿੰਦਗੀ ਦਾ ਮਨੋਰਥ, ਕੰਮ ਦੀ ਨੈਤਿਕਤਾ, ਨਿਰਣਿਆਂ ਦੇ ਅਧਾਰ, ਪ੍ਰੋਤਸਾਹਨ, ਸੰਚਾਰ ਅਤੇ ਮਨੁੱਖੀ ਰਿਸ਼ਤਿਆਂ ਦਾ ਵਰਣਨ ਮਿਲਦਾ ਹੈ। ਖੋਜਾਰਥੀ ਨੇ ਪ੍ਰਸ਼ਨ ਪੱਤਰ ਸੂਚੀ ਰਾਹੀਂ ਅਲੱਗ ਅਲੱਗ ਥਾਂਵਾਂ ਦੇ ਪ੍ਰਬੰਧਕਾਂ, ਸਲਾਹਕਾਰਾਂ ਅਤੇ ਸੁਪਰਵਾਈਜ਼ਰਾਂ ਤੋਂ ਡਾਟਾ ਇਕੱਤਰ ਕੀਤਾ ਹੈ ਕਿ ਭਗਵਤ ਗੀਤਾ ਵਿਚ ਮੌਜ਼ੂਦ ਸਿਧਾਂਤਾਂ ਰਾਹੀਂ ਕਿਵੇਂ ਸੁਚਾਰੂ ਪ੍ਰਬੰਧ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਖੋਜਾਰਥੀ ਨੇ ਨਿਸ਼ਕਾਮ ਕਰਮ (*Nishkama Karama*) ਦੀ ਉਦਾਹਰਣ ਦਿੰਦਿਆਂ ਦੱਸਿਆ ਹੈ ਕਿ ਕਿਵੇਂ ਚੰਗੇ ਕਰਮ ਵਿਅਕਤੀ ਦੀ ਨਿੱਜੀ ਜ਼ਿੰਦਗੀ ਅਤੇ ਵਪਾਰਿਕ ਪੱਧਰ ਤੇ ਮੱਦਦਗਾਰ ਹੋ ਸਕਦੇ ਹਨ। ਇਸ ਰਾਹੀਂ ਦਿਮਾਗੀ ਪਰੇਸ਼ਾਨੀਆਂ ਨੂੰ ਘੱਟ ਕੀਤਾ ਜਾ ਸਕਦਾ ਹੈ। ਲੇਖਕ ਅਨੁਸਾਰ ਭਗਵਤ ਗੀਤਾ ਵਿਚ ਜੋ ਲੀਡਰਸ਼ਿਪ ਦਾ ਮਾਡਲ ਦਿੱਤਾ ਗਿਆ ਹੈ ਇਹ ਪੱਛਮੀ ਮਾਡਲ ਤੋਂ ਵਧੀਆ ਹੈ। ਇਸ ਖੋਜ ਪ੍ਰਬੰਧ ਦਾ ਸਾਰ ਇਹ ਦੱਸਿਆ ਗਿਆ ਹੈ ਕਿ ਭਾਗਵਤ ਗੀਤਾ ਵਿਚ ਮ'ਜ਼ੂਦ ਪ੍ਰਬੰਧ ਦੇ ਸਿਧਾਂਤਾਂ ਦੀ ਮੱਦਦ ਰਾਹੀਂ ਵਪਾਰਿਕ ਸਮੱਸਿਆਵਾਂ ਨੂੰ ਸਹਜੇ ਹੀ ਦੂਰ ਕੀਤਾ ਜਾ ਸਕਦਾ ਹੈ।

15. ਇਸਲਾਮ ਵਿਚ ਵਪਾਰਿਕ ਨੈਤਿਕਤਾ-ਇਹ ਖੋਜ ਪੱਤਰ ਮੁ-ੱਮਿਲ ਸਿੱਦੀਕੀ ਦੁਆਰਾ 2004 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਰਾਹੀਂ ਲੇਖਕ ਨੇ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਦੇ ਅਧਾਰ ਤੇ ਇਸਲਾਮ ਰਾਹੀਂ ਵਪਾਰਿਕ ਨੈਤਿਕਤਾ ਤੇ ਮਾਡਲ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਲੇਖਕ ਨੇ ਮੁਹੰਮਦ ਸਾਹਿਬ ਨੂੰ ਇੱਕ ਪੂਰਣ ਮਨੁੱਖ ਦੇ ਤੌਰ ਤੇ ਪੇਸ਼ ਕੀਤਾ ਹੈ ਜੋ ਕਿ ਪ੍ਰਤੀਭਾਸ਼ਾਲੀ, ਸੰਪੂਰਣ ਅਧਿਆਪਕ, ਪ੍ਰਚਾਰਕ, ਗਾਈਡ, ਨਿਆਂ ਦੇਣ ਵਾਲੇ ਅਤੇ ਇੱਕ ਈਮਾਨਦਾਰ ਵਪਾਰੀ ਸਨ। ਖੋਜ਼ ਕਾਰਜ ਵਿਚ ਲੇਖਕ ਹਰ ਇੱਕ ਪ੍ਰਬੰਧਕ ਨੂੰ ਪੈਗੰਬਰ ਮੁਹੰਮਦ ਤੋਂ

ਚੰਗੇ ਗੁਣ ਧਾਰਣ ਕਰਨ ਲਈ ਪ੍ਰੇਰਦਾ ਹੈ। ਲੇਖਕ ਖੋਜ ਕਾਰਜ ਵਿਚ 'Al-Tirmidhi, Al-Bukhari and Abu David ਵਰਗੇ ਸਿਧਾਂਤਾਂ ਦੀ ਵਰਤੋਂ ਸਾਂਝ ਤੇ ਨੈਤਿਕਤਾ ਅਧਾਰਿਤ ਵਪਾਰ ਲਈ ਕਰਦਾ ਹੈ। ਇਹਨਾਂ ਸਿਧਾਂਤਾਂ ਅਨੁਸਾਰ, ਝੂਠ ਬੋਲਣਾ, ਅਨੈਤਿਕਤਾ ਰਾਹੀਂ ਵਪਾਰ ਕਰਨਾ, ਕਿਸੇ ਦਾ ਵਿਸ਼ਵਾਸ ਤੋੜਨਾ ਇਸਲਾਮ ਅਨੁਸਾਰ ਹਰਾਮ ਹੈ। ਇਸ ਅਧਿਐਨ ਅਨੁਸਾਰ ਸੰਸਾਰੀਕਰਣ ਦੇ ਇਸ ਦੌਰ ਵਿਚ ਹਰ ਇੱਕ ਵਿਅਕਤੀ ਸਮਾਨ ਹੱਕਾਂ ਦਾ ਭਾਗੀਦਾਰ ਹੈ।

16. ਵਿਸ਼ਵਾਸ ਅਤੇ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ-ਖੋਜ ਪੱਤਰ ਪ੍ਰੇਮਾ ਸਾਗਰ ਅਤੇ ਅਸ਼ਵਨੀ ਸਿੰਗਲਾ ਦੁਆਰਾ 2004 ਵਿਚ ਪ੍ਰਕਾਸ਼ਿਤ ਕੀਤਾ ਗਿਆ। ਲੇਖਕਾਂ ਨੇ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਨੂੰ ਭਾਰਤੀ ਗ੍ਰੰਥਾਂ ਦੇ ਹਵਾਲੇ ਨਾਲ ਦੇਖਣ ਦਾ ਯਤਨ ਕੀਤਾ ਅਤੇ ਇਹਨਾਂ ਗ੍ਰੰਥਾਂ ਦੀਆਂ ਸਿੱਖਿਆਵਾਂ ਕਾਰਨ ਨੀਤੀਆਂ ਦੇ ਸੰਭਾਵੀ ਬਦਲਾਵ ਦੀ ਗੱਲ ਕੀਤੀ। ਉਹਨਾਂ ਨੇ 10 ਕੰਪਨੀਆਂ ਦੇ ਸਰਵੇਖਣ ਤੋਂ ਬਾਅਦ ਇਹ ਪਾਇਆ ਕਿ ਇਹਨਾਂ ਦੀਆਂ ਵਪਾਰਿਕ ਕਿਰਿਆਵਾਂ ਵਿਚ ਕਰਮ ਦਾ ਸਿਧਾਂਤ ਜੋ ਭਗਵਤ ਗੀਤਾ ਵਿਚ ਮ'ਜੂਦ ਹੈ, ਨੇ ਵਪਾਰਿਕ ਕਿਰਿਆਵਾਂ ਖਾਸ ਕਰਕੇ ਵਪਾਰ ਦੀ ਸਮਾਜ ਪ੍ਰਤੀ ਦੇਣਦਾਰੀਆਂ ਨੂੰ ਪ੍ਰਭਾਵਿਤ ਕੀਤਾ ਹੈ। ਅਧਿਐਨ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਟਾਟਾ ਅਤੇ ਬਿਰਲਾ ਵਰਗੀਆਂ ਕੰਪਨੀਆਂ ਵੀ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਆਪਣੀਆਂ ਵਪਾਰਿਕ ਨੀਤੀਆਂ ਦਾ ਜ਼ਰੂਰੀ ਅੰਗ ਸਮਝਦੀਆਂ ਹਨ। ਫਾਰਚੂਨ ਰਿਪੋਰਟ ਦੀਆਂ 500 ਕੰਪਨੀਆਂ ਦੇ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਸਾਰੀਆਂ ਹੀ ਸਮਾਜ ਪ੍ਰਤੀ ਜ਼ਿੰਮੇਵਾਰੀ ਲਈ ਸੰਜੀਦਾ ਹਨ। ਅੰਤ ਵਿਚ ਲੇਖਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਭਾਰਤੀ ਮੁੱਲ ਪ੍ਰਬੰਧ ਸਮਾਜ ਅਤੇ ਵਪਾਰ ਵਿਚ ਅਹਿਮ ਕੜੀ ਵਜੋਂ ਕਾਰਜ ਕਰਦੇ ਹਨ।

17. ਗੀਤਾ ਅਤੇ ਕਾਮਯਾਬ ਪ੍ਰਬੰਧ ਦੀ ਕਲਾ-ਕਿਤਾਬ ਨੂੰ ਈ. ਅਜੰਤਾ ਚੱਕਰਵਰਤੀ ਨੇ 2005 ਵਿਚ ਪ੍ਰਕਾਸ਼ਿਤ ਕੀਤਾ। ਇਸ ਕਿਤਾਬ ਰਾਹੀਂ ਗੀਤਾ ਦੀਆਂ ਸਿੱਖਿਆਵਾਂ ਅਨੁਸਾਰ ਅੱਜ ਦੇ ਸਮੇਂ ਦੀਆਂ ਵਪਾਰਿਕ ਸੰਸਥਾਵਾਂ ਬਾਰੇ ਅਧਿਐਨ ਕੀਤਾ ਗਿਆ। ਇਸ ਕਿਤਾਬ ਦਾ ਮੂਲ ਉਦੇਸ਼ ਵਪਾਰ ਦੇ ਹਿੰਦੂਵਾਦੀ ਰੂਪ ਨੂੰ ਸਾਹਮਣੇ ਲੈ ਕੇ ਆਉਣਾ ਹੈ ਜਿਸ ਦਾ ਜ਼ਿਕਰ ਗੀਤਾ ਵਿਚ ਵੀ ਦਿੱਤਾ ਗਿਆ ਹੈ। ਲੇਖਕ ਨੇ ਯੋਧੇ ਦੀ ਤੁਲਨਾ ਮਾਲਕ ਅਤੇ ਸਾਰਥੀ ਦੀ ਤੁਲਨਾ ਮੈਨੇਜਰ ਨਾਲ ਕੀਤੀ ਹੈ। ਜਿਸ ਪ੍ਰਕਾਰ ਇੱਕ ਯੋਧੇ ਦੀ ਜਿੱਤ ਸਾਰਥੀ ਤੇ ਕਾਫੀ ਹੱਦ ਤੱਕ ਨਿਰਭਰ ਕਰਦੀ ਹੈ ਉਸੇ ਤਰ੍ਹਾਂ ਕੰਪਨੀ ਦੇ ਮੁੱਖ ਨੁਮਾਇੰਦੇ ਜਾਂ ਮਾਲਕ ਦੀ ਕਾਰਗੁਜ਼ਾਰੀ ਵਿਚ ਮੈਨੇਜਰ ਦਾ ਵੱਡਾ ਹੱਥ ਹੁੰਦਾ ਹੈ। ਗੀਤਾ ਵਿਚ ਅਨੇਕਾਂ ਤਰ੍ਹਾਂ ਦੇ ਯੋਗ ਸਾਧਨਾਂ ਦਾ ਜ਼ਿਕਰ ਮਿਲਦਾ ਹੈ ਅਤੇ ਇਹ ਜ਼ਿਦਗੀ ਦੇ ਅਲੱਗ ਅਲੱਗ ਪੜਾਵਾਂ ਨਾਲ ਸਬੰਧਿਤ ਹੈ। ਇਸ ਕਿਤਾਬ ਵਿਚ ਇਹ ਦਰਸਾਇਆ ਗਿਆ ਹੈ ਪ੍ਰਭਾਵੀ ਮੈਨੇਜਰ ਲਈ ਦੂਰ ਦ੍ਰਿਸ਼ਟੀ, ਦੂਰ ਅੰਦੇਸਤਾਂ ਅਤੇ ਥੋੜੇ ਸਮੇਂ ਦੇ ਛੋਟੇ ਲਾਭਾਂ ਤੋਂ ਉੱਪਰ ਉੱਠ ਕੇ ਸੋਚਣ ਦੀ ਜ਼ਰੂਰਤ ਹੁੰਦੀ ਹੈ। ਮੈਨੇਜਰ ਇਸ ਤਰ੍ਹਾਂ ਦਾ ਹੋਵੇ ਕਿ ਉਹ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਯੋਗ ਅਗਵਾਈ ਅਤੇ ਸਲਾਹ ਦੇਵੇ। ਉਹ ਸਹਿਯੋਗੀਆਂ ਨੂੰ ਇਸ ਤਰ੍ਹਾਂ ਉਤਸ਼ਾਹਿਤ ਕਰੇ ਜਿਵੇਂ ਕ੍ਰਿਸ਼ਨ ਨੇ ਅਰਜੁਨ ਨੂੰ ਕੀਤਾ ਸੀ। ਕਿਤਾਬ ਦੇ ਸਾਰਾਂਸ ਵਿਚ ਲੇਖਕ ਨੇ ਇਹ ਕਹਿਣ ਦਾ ਯਤਨ ਕੀਤਾ ਹੈ ਕਿ ਜਿਸ ਪ੍ਰਕਾਰ ਸ੍ਰੀ ਕ੍ਰਿਸ਼ਨ ਅਰਜੁਨ ਦਾ ਹਰ ਪ੍ਰਕਾਰ ਦਾ ਭਲਾ ਕਰਨ ਲਈ ਤਤਪਰ ਸਨ ਵਪਾਰਿਕ ਸੰਸਥਾ ਨੂੰ ਸਮਾਜ ਪ੍ਰਤੀ ਵੀ ਅਜਿਹਾ ਹੀ ਰਵੱਈਆ ਰੱਖਣ ਦੀ ਜ਼ਰੂਰਤ ਹੈ ਫਿਰ ਹੀ ਸੋਸਾਇਟੀ ਅਤੇ ਵਪਾਰਿਕ ਸੰਸਥਾਵਾਂ ਵਿਚਕਾਰ ਵਿਸ਼ਵਾਸ ਦੀ ਨੀਂਹ ਪੱਕੀ ਹੁੰਦੀ ਹੈ।

18. ਪ੍ਰਬੰਧ ਵਿਚ ਤੁਲਨਾਤਮਿਕ ਲੋਕਾਚਾਰ ਦਾ ਸੰਕਲਪ-ਇਹ ਕਿਤਾਬ ਨਿਖਿਲ ਬਰਤ ਅਤੇ ਬਾਨੀ.ਪੀ. ਬੈਨਰਜੀ ਦੁਆਰਾ 2005 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਵਿਚ ਅਮਰੀਕਾ, ਯੂਰਪ, ਏਸੀਆ ਅਤੇ ਅਸਟਰੇਲੀਆ ਮਹਾਂਦੀਪਾਂ ਦੀਆਂ

ਸੱਭਿਆਤਾਵਾਂ ਅਤੇ ਲੋਕਾਚਾਰ ਬਾਰੇ ਵਿਸਤ੍ਰਿਤ ਅਧਿਐਨ ਪ੍ਰਾਪਤ ਹੁੰਦਾ ਹੈ। ਇਹ ਅਧਿਐਨ ਉੱਥੇ ਦੇ ਲੋਕਾਂ ਦਾ ਇਤਿਹਾਸ, ਸਿਖਿਆ ਦਾ ਪੱਧਰ, ਅਚਾਰ ਦੇ ਗੁਣ, ਰਾਸ਼ਟਰੀ ਭਾਵਨਾਵਾਂ ਅਤੇ ਉਥੋਂ ਦੀ ਪ੍ਰਬੰਧ ਵਿਵਸਥਾ ਵਿਚ ਲੋਕਾਚਾਰ ਦੀ ਮਹੱਤਤਾ ਤੇ ਕੀਤਾ ਗਿਆ ਤਾਂ ਜੋ ਇਸ ਦੇ ਅਧਾਰ ਤੇ ਸਾਂਝੇ ਗੁਣਾਂ ਦਾ ਨਖੇੜਾ ਕੀਤਾ ਜਾ ਸਕੇ। ਇਹ ਦੇਖਿਆ ਗਿਆ ਕਿ ਵੱਖ ਵੱਖ ਦੇਸ਼ਾਂ ਵਿਚ ਕੰਮ ਕਰਦੇ ਮੈਨੇਜਰ, ਸੰਚਾਰ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਸ ਅਧਿਐਨ ਤੋਂ ਬਾਅਦ ਇਹ ਨਤੀਜਾ ਕੱਢਿਆ ਗਿਆ ਕਿ ਕਿਸੇ ਦੇਸ਼ ਵਿਚ ਕੰਮ ਕਰਦੀ ਕੰਪਨੀ ਦੇ ਨੀਤੀ ਨਿਰਣੇ ਦੀ ਨੀਂਹ ਉਸੇ ਦੇਸ਼ ਦੇ ਲੋਕਾਚਾਰ ਅਤੇ ਰਾਸ਼ਟਰੀ ਭਾਵਨਾਵਾਂ ਨੂੰ ਸਾਹਮਣੇ ਰੱਖ ਕੇ ਰੱਖੀ ਜਾਣੀ ਚਾਹੀਦੀ ਹੈ।

19. "Corporate Social Responsibility In India : Promoting Human Development Towards a Socio-Civic Society" –ਵਿਸ਼ੇ ਤੇ ਖੋਜ ਪੱਤਰ ਅਰੁਣਾ ਦਾਸ ਗੁਪਤਾ ਦੁਆਰਾ 2005 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਰਾਹੀਂ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਦੀ ਮਹੱਤਤਾ ਤੇ ਵਿਸ਼ੇਸ਼ ਜੋਰ ਦਿੱਤਾ ਗਿਆ। ਲੇਖਕ ਅਨੁਸਾਰ ਸਮਾਜ ਦੇ ਵਿਕਾਸ ਵਿਚ ਵੱਡੇ ਉਦਯੋਗਿਕ ਅਦਾਰਿਆਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਹ ਅਦਾਰੇ ਕੇਵਲ ਆਰਥਿਕ ਵਿਕਾਸ ਲਈ ਹੀ ਮਹੱਤਵਪੂਰਣ ਨਹੀਂ ਸਗੋਂ ਸਮਾਜਿਕ ਅਤੇ ਰਾਜਨੀਤਿਕ ਸਬੰਧਕ ਦੇ ਤੌਰ ਤੇ ਵੀ ਕੰਮ ਕਰਦੇ ਹਨ। ਖੋਜਾਰਥੀ ਦੇ ਸਰਵੇਖਣ ਅਨੁਸਾਰ ਲਗਭਗ 70 ਪ੍ਰਤੀਸ਼ਤ ਅਦਾਰੇ ਅਜਿਹੇ ਹਨ ਜੋ ਮੰਨਦੇ ਹਨ ਕਿ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ (CSR) ਦੇ ਅਧੀਨ ਉਹਨਾਂ ਦੀ ਸਮਾਜ ਪ੍ਰਤੀ ਵਿਸ਼ੇਸ਼ ਫ਼ਰਜ ਹਨ। ਪਰ ਇਸ ਦੇ ਬਾਵਜੂਦ ਕੇਵਲ 3 ਪ੍ਰਤੀਸ਼ਤ ਕੰਪਨੀਆਂ ਹੀ ਅਜਿਹੀਆਂ ਹਨ ਜਿਹਨਾਂ ਕੋਲ CSR ਲਈ ਲਿਖਿਤ ਨੀਤੀਆਂ ਮੌਜ਼ੂਦ ਹਨ। ਇਸ ਖੋਜ ਪੱਤਰ ਵਿਚ ਅਜਿਹੀਆਂ ਕੰਪਨੀਆਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ ਜੋ CSR ਰਾਹੀਂ ਮਨੁੱਖੀ ਵਿਕਾਸ ਵਿਚ ਆਪਣਾ

ਯੋਗਦਾਨ ਦੇ ਰਹੀਆਂ ਹਨ। ਇਹਨਾਂ ਵਿਚ ਟਾਟਾ ਸਨਜ, ਬਿਰਲਾ ਗਰੁੱਪ, ਕੈਨਰਾ ਬੈਂਕ, ਵਿਪਰੋ, NIIT, IBM, ਫਿਲਿਪ ਸਾਫਟਵੇਅਰ ਸੈਂਟ, ਇੰਨਫੌਸਿਸ ਅਤੇ HCL ਵਰਗੇ ਮੁੱਖ ਹਨ ਜੋ ਸਮਾਜਿਕ ਵਿਕਾਸ ਲਈ ਵੀ ਯੋਗਦਾਨ ਦੇ ਰਹੀਆਂ ਹਨ। CSR ਦੀਆਂ ਮੁੱਖ ਗਤੀਵਿਧੀਆਂ ਵਿਚ, ਹੁਨਰ ਪ੍ਰੋਤਸਾਹਨ, ਸਿੱਖਿਆ, ਸਿਹਤ ਸੇਵਾਵਾਂ, ਸਾਫ਼ ਸਫ਼ਾਈ, ਪਾਣੀ ਦੀਆਂ ਸਹੂਲਤਾਂ, ਵਾਤਾਵਰਣ ਨਾਲ ਸਬੰਧਿਤ ਪ੍ਰੋਗਰਾਮ, ਪੇਂਡੂ ਖੇਤਰ ਦਾ ਵਿਕਾਸ ਅਤੇ ਸਮਾਜਿਕ ਪੁਨਰ-ਨਿਵਾਸ(Rehablitation) ਸ਼ਾਮਿਲ ਹਨ। ਲੇਖਕ ਅਨੁਸਾਰ CSR ਸਿਰਫ ਫੈਸ਼ਨ ਨਹੀਂ ਸਗੋਂ ਵਪਾਰਿਕ ਸੱਭਿਆਚਾਰ ਦਾ ਹਿੱਸਾ ਬਣ ਰਿਹਾ ਹੈ। ਇਹ ਭਵਿੱਖੀ ਵਪਾਰਿਕ ਗਤੀਵਿਧੀਆਂ ਲਈ ਸਮਾਜ ਪ੍ਰਤੀ ਦੇਣਦਾਰੀਆਂ ਦੇ ਇੱਕ ਅਹਿਦ ਵਜੋਂ ਦੇਖਿਆ ਜਾਵੇਗਾ।

20. "Business Management – The Gita Way" - ਇਹ ਕਿਤਾਬ ਸੁਆਮੀ ਸੋਪੇਸ਼ਵਰਨੰਦ ਦੁਆਰਾ 2005 ਵਿਚ ਪ੍ਰਕਾਸ਼ਿਤ ਕੀਤੀ ਗਈ। ਲੇਖਕ ਅਨੁਸਾਰ ਪ੍ਰਬੰਧ ਨੂੰ ਦੁਬਾਰਾ ਪ੍ਰਭਾਸ਼ਿਤ ਕਰਨ ਦੀ ਜ਼ਰੂਰਤ ਹੈ ਭਾਵ ਪ੍ਰਬੰਧ ਨੂੰ ਸੱਭਿਆਚਾਰ ਦੇ ਅਨੁਕੂਲ ਬਣਾਉਣਾ ਚਾਹੀਦਾ ਹੈ। ਲੇਖਕ ਅਨੁਸਾਰ ਲੀਡਰ ਉਸ ਸਮੇਂ ਹੀ ਕਾਮਯਾਬ ਹੋ ਸਕਦਾ ਹੈ ਜਦੋਂ ਉਹ ਆਪਣੇ ਸਾਥੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੋਵੇ ਭਾਵ ਉਹਨਾਂ ਦੇ ਮੂਲ ਉਦੇਸ਼ਾਂ ਅਤੇ ਵਿਚਾਰਧਾਰਕ ਪਰਿਪੇਖ ਤੋਂ। ਲੇਖਕ ਅਨੁਸਾਰ ਭਾਰਤ ਵਿਚ P ਥਿਊਰੀ (Parent) ਮਹੱਤਵਪੂਰਨ ਹੈ ਇਸ ਅਨੁਸਾਰ ਕਰਮਚਾਰੀਆਂ ਦਾ ਸ਼ਸ਼ਕਤੀਕਰਣ ਤਿੰਨ ਤਰੀਕਿਆਂ ਨਾਲ ਹੋ ਸਕਦਾ ਹੈ –ਭਗਤੀ ਭਾਵ ਲੀਡਰ ਆਪਣੇ ਸਾਥੀਆਂ ਨਾਲ ਸਬੰਧ ਸਥਾਪਿਤ ਕਰੇ, ਯੂਕਤੀ ਭਾਵ ਲੀਡਰ ਕਰਮਚਾਰੀਆਂ ਦੇ ਬੌਧਿਕ ਵਿਕਾਸ ਲਈ ਕਾਰਜ ਕਰੇ ਅਤੇ ਮੁਕਤੀ ਭਾਵ ਲੀਡਰ ਕਰਮਚਾਰੀਆਂ ਨੂੰ ਕੰਮ ਦੇ ਸਥਾਨ ਤੇ ਵੱਧ ਤੋਂ ਵੱਧ ਖੁੱਲ ਦੇਵੇ। ਲੇਖਕ ਅਨੁਸਾਰ ਲਾਭ ਕੰਪਨੀਆਂ ਲਈ ਜ਼ਰੂਰੀ ਹਨ ਪਰ ਲਾਭ ਇਸ ਤਰੀਕੇ ਦੇ ਹੋਣ ਕਿ ਵੱਧ ਤੋਂ ਵੱਧ ਲੋਕਾਂ ਦਾ ਇਸ ਨਾਲ ਵਿਕਾਸ ਸੰਭਵ ਹੋਵੇ। ਲੇਖਕ ਅਨੁਸਾਰ ਗੀਤਾ ਵਪਾਰਿਕ ਸਮੱਸਿਆਵਾਂ ਦਾ ਹੱਲ ਲੋਕਾਂ ਦੀਆਂ ਸਮੱਸਿਆਵਾਂ ਨੂੰ

ਸੁਲਝਾ ਕੇ ਕਰਦੀ ਹੈ। ਕਿਉਂਕਿ ਅਸਲ ਸ਼ਕਤੀ ਲੋਕਾਂ ਦੇ ਹੱਥ ਵਿਚ ਹੀ ਹੁੰਦੀ ਹੈ। ਇਸ ਕਰਕੇ ਵਪਾਰ ਦਾ ਵਿਕਾਸ ਟਿਕਾਊ ਤਰੀਕੇ ਨਾਲ ਹੋਣਾ ਚਾਹੀਦਾ ਹੈ ਜੋ ਕਿ ਸਮਾਜ ਨੂੰ ਨਾਲ ਲੈ ਕੇ ਚੱਲਣ ਤੇ ਹੀ ਸੰਭਵ ਹੈ।

21. ਲੀਡਰਸ਼ਿਪ ਅਤੇ ਅਧਿਆਤਿਮਕਤਾ-ਇਹ ਖੋਜ ਪੱਤਰ ਰੋਬਰਟ ਬੁਰਕੇ ਦੁਆਰਾ 2006 ਵਿਚ ਪ੍ਰਸਤੁਤ ਕੀਤਾ ਗਿਆ। ਇਸ ਵਿਚ ਲੀਡਰਸ਼ਿਪ ਦੀ ਨਵੀਂ ਪਰਿਭਾਸ਼ਾ ਲਈ ਵਿਵਹਾਰਿਕ ਪਹੁੰਚ ਵਿਧੀ ਦੀ ਵਰਤੋਂ ਕੀਤੀ ਗਈ। ਖੋਜਾਰਥੀ ਨੇ ਇਤਿਹਾਸ ਅਤੇ ਪ੍ਰਬੰਧ ਦੇ ਦਾਰਸ਼ਨਿਕ ਅਧਿਐਨ ਦੇ ਅਧਾਰ ਤੇ ਲੀਡਰਸ਼ਿਪ ਦੀ ਪਰਿਭਾਸ਼ਾ ਵਿਚ ਅਧਾਰਭੂਤ ਬਦਲਾਵਾਂ ਦਾ ਜ਼ਿਕਰ ਕੀਤਾ। ਖੋਜਾਰਥੀ ਅਨੁਸਾਰ ਲੀਡਰਸ਼ਿਪ ਇੱਕ ਬਹੁ-ਅਨੁਸ਼ਾਸਨੀ ਵਿਸ਼ਾ ਹੈ। ਇਸ ਵਿਚ ਸਮਾਜ ਵਿਗਿਆਨ, ਮਨੋਵਿਗਿਆਨ ਅਤੇ ਤਕਨੀਕਾਂ ਦਾ ਭਰਪੂਰ ਯੋਗਦਾਨ ਹੈ। ਪਰ ਲੇਖਕ ਅਨੁਸਾਰ ਅਧਿਆਤਮਿਕ ਸੰਕਲਪ ਲੀਡਰਸ਼ਿਪ ਦੇ ਵਾਧੇ ਅਤੇ ਵਿਕਾਸ ਲਈ ਅਹਿਮ ਹਨ। ਲੇਖਕ ਅਨੁਸਾਰ ਅਧਿਆਤਿਮਕ ਪਹੁੰਚ ਵਿਧੀ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਜਿੱਥੇ ਵਿਅਕਤੀ ਆਪਣੀ ਮਨੋਵਿਗਿਆਨਿਕ ਸਥਿਤੀ ਤੋਂ ਜਾਣੂ ਹੁੰਦਾ ਹੈ ਉਥੇ ਦੂਸਰੇ ਦੀ ਮਨੋਵਿਗਿਆਨਿਕ ਸਥਿਤੀ ਬਾਰੇ ਜਾਣੂ ਹੋ ਸਕਦਾ ਹੈ। ਲੀਡਰਸ਼ਿਪ ਦਾ ਸੰਕਲਪ ਉਸ ਸਮੇਂ ਪ੍ਰਭਾਵੀ ਅਰਥ ਗ੍ਰਹਿਣ ਕਰ ਸਕਦਾ ਹੈ ਜਦੋਂ ਤਰਕ ਅਧਾਰਿਤ ਸੂਝ ਬੂਝ ਅਤੇ ਪ੍ਰਭਾਵੀ ਲੀਡਰਸ਼ਿਪ ਦਾ ਆਪਸ ਵਿਚ ਸੁਮੇਲ ਹੁੰਦਾ ਹੈ।

22. "A Buddhist Approach to Management"-ਇਹ ਖੋਜ ਪੱਤਰ ਸਿੰਗ ਯੂਨ ਦੁਆਰਾ 2006 ਵਿਚ ਛਾਪਿਆ ਗਿਆ। ਲੇਖਕ ਨੇ ਮਾਨਵੀ ਬੁੱਧ ਧਰਮ ਅਤੇ ਇਸ ਦੇ ਨਿਯਮਾਂ ਦੀ ਸਾਰਥਾਕਤਾ ਨੂੰ ਮਨੁੱਖੀ ਸਰੋਤ ਪ੍ਰਬੰਧਨ ਵਿਚ ਵਾਚਣ ਦਾ ਯਤਨ ਕੀਤਾ ਹੈ। ਇਸ ਖੋਜ ਪੱਤਰ ਦਾ ਮੁੱਖ ਉਦੇਸ਼ ਸੰਘ ਕਮਿਊਨਿਟੀ ਅਤੇ ਚੀਨੀ ਮੋਨੈਸਟਰੀ ਦੇ ਕੰਮਾਂ ਦਾ ਅਧਿਐਨ ਕਰਨਾ ਹੈ ਤਾਂ ਜੋ ਬੋਧੀ ਸ਼ਾਸਤਰਾਂ ਅਤੇ ਫੋ ਗੋਗ ਸ਼ਾਨ ਦੇ

ਦ੍ਰਿਸ਼ਟੀਕੋਣ ਨੂੰ ਇਸ ਸੰਦਰਭ ਵਿਚ ਵਾਚਿਆ ਜਾ ਸਕੇ। ਅਧਿਐਨ ਚ ਸਾਹਮਣੇ ਆਇਆ ਕਿ ਸੰਘ ਕਮਿਊਨਿਟੀ ਪ੍ਰਬੰਧਕੀ ਹੁਨਰ ਵਿਚ ਸ੍ਰੇਸ਼ਠ ਹਨ। ਉਹ ਇਕਸਾਰਤਾ, ਸਾਂਝੀ ਜ਼ਿੰਮੇਵਾਰੀ, ਵਿਕੇਂਦਰਿਤ ਲੀਡਰਸ਼ਿਪ, ਲੋਕਤੰਤਰੀ ਗਵਰਨੈਂਸ ਅਤੇ ਪ੍ਰਭਾਵੀ ਸੰਚਾਰ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਕਮਿਊਨਿਟੀ ਦੇ ਸਾਰੇ ਮੈਂਬਰਾਂ ਦਾ ਸਨਮਾਨ ਕਰਦੇ ਹਨ। ਚੀਨੀ ਮੋਨੈਸਟਰੀ ਦੀ ਸੰਗ਼ਗ਼ਗ਼ਗ਼ਲਤਾ ਇਸ ਵਿਚ ਸੀ ਕਿ ਉਹ Self Committment, Self Monitoring ਅਤੇ ਸਵੈ ਅਨੁਸ਼ਾਸਨ ਲਈ ਤਤਪਰ ਸੀ। ਅਮਿਤਾਬ ਸੂਤਰ ਅਤੇ ਲੋਟਸ ਸੂਤਰ ਅਨੁਸਾਰ ਮੈਨੇਜਰ ਵਾਤਾਵਰਨ ਦੇ ਸੰਦਰਭ ਅਤੇ ਮਨੁੱਖੀ ਸਰੋਤਾਂ ਦੇ ਪ੍ਰਬੰਧਨ ਵਿਚ ਸ਼ਸੱਕਤ ਹੋਵੇ ।

23. ਅਧਿਆਤਮਿਕ ਕੀਮਤਾਂ ਅਤੇ ਵਪਾਰਿਕ ਨਿਰਣੇ: ਇੱਕ ਆਰਥਿਕ ਦ੍ਰਿਸ਼ਟੀਕੋਣ-ਇਹ ਖੋਜ ਪੱਤਰ ਸਟੀਫਾਨੋ ਜਮਗਨੀ ਦੁਆਰਾ 2006 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਖੋਜ ਪੱਤਰ ਵਿਚ ਲੇਖਕ ਨੇ ਦੋ ਪ੍ਰਸ਼ਨ ਉਭਾਰੇ ਹਨ, ਪਹਿਲਾ ਕਿ ਅਸੀਂ ਅੱਜ ਦੇ ਸਮੇਂ ਵਪਾਰ ਵਿਚ ਸਮਾਜਿਕ ਜ਼ਿੰਮੇਵਾਰੀ ਦੀ ਗੱਲ ਹੀ ਕਿਉਂ ਕਰਦੇ ਹਾਂ? ਅਤੇ ਦੂਜਾ CSR ਦੇ ਸਬੰਧ ਵਿਚ ਸੱਭਿਆਚਾਰਕ ਅਤੇ ਅਕਾਦਮਿਕ ਖੇਤਰ ਤੋਂ ਕੀ ਸੰਕੇਤ ਮਿਲਦੇ ਹਨ? ਅਧਿਐਨ ਦੀ ਇਹ ਮਾਨਤਾ ਹੈ ਕਿ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਪਹਿਲਾਂ ਤੋਂ ਹੀ ਮੌਜੂਦ ਸੀ। ਵਿਸ਼ਵੀਕਰਣ ਦੇ ਕਾਰਨ ਉਪਭੋਗਤਾ ਵਪਾਰਿਕ ਨੀਤੀਆਂ ਦੇ ਕੇਂਦਰ ਵਿਚ ਪਹੁੰਚਿਆ ਹੈ ਇਸ ਕਾਰਨ ਵਪਾਰ ਦੀ ਸਾਖ ਅਤੇ ਵੱਖਰਤਾ ਲਈ ਸਮਾਜਿਕ ਜ਼ਿੰਮੇਵਾਰੀ ਦੇ ਸੰਕਲਪ ਨੂੰ ਵੀ ਉਤਸ਼ਾਹ ਮਿਲਿਆ ਹੈ। ਖੋਜਾਰਥੀ ਅਨੁਸਾਰ ਜਦੋਂ ਇਹ ਸਪਸ਼ਟ ਹੈ ਕਿ ਆਰਥਿਕਤਾ ਦਾ ਸੰਕਲਪ ਸਦਾਚਾਰਤਾ ਦੇ ਫਲਸਫੇ ਤੋਂ ਪ੍ਰਭਾਵਿਤ ਹੈ ਤਾਂ ਇਹ ਮੁੱਲ ਪ੍ਰਬੰਧ ਸੰਸਥਾ ਦੇ ਹਰ ਇੱਕ ਵਿਅਕਤੀ ਦੀ ਸਖ਼ਸ਼ੀਅਤ ਦਾ ਹਿੱਸਾ ਹੋਣਾ ਚਾਹੀਦਾ ਹੈ। ਇਸ ਅਧਿਐਨ ਅਨੁਸਾਰ CSR ਦਾ ਸੰਕਲਪ ਇਕਸਾਰਤਾ ਦੇ ਸਿਧਾਂਤ ਤੇ ਅਧਾਰਿਤ ਹੋਣਾ ਚਾਹੀਦਾ ਹੈ।

24. "Nine Islamic Management Practices and Habits in Islamic History:Lesson for Manager and Leaders" – ਇਹ ਖੋਜ ਪੱਤਰ ਸਈਅਦ

ਆਗਲ ਜਾਸੀਨ ਅਤੇ ਫਤਿਮਾ ਪਵਨ ਦੁਆਰਾ 2007 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਖੋਜ ਪੱਤਰ ਵਿਚ ਮੌਜੂਦਾ ਸਮੇਂ ਦੇ ਮੈਨੇਜਰਾਂ ਅਤੇ ਲੀਡਰਾਂ ਲਈ ਇੱਕ ਸੁਚੱਜੇ ਮਾਰਗ ਦੀ ਗੱਲ ਕੀਤੀ ਗਈ ਹੈ। ਇਸ ਖੋਜ ਪੱਤਰ ਦਾ ਮੂਲ ਉਦੇਸ਼ ਖ਼ਲੀਫਾ ਅਲੀ ਬਿਨ, ਅਬੀ ਤਾਲਿਕ ਅਤੇ ਖਲੀਫ਼ਾ ਉਮਰ ਅਲ ਕ਼ੈਬ ਦੇ ਪ੍ਰਬੰਧਕੀ ਗੁਣਾਂ ਦਾ ਵਿਸਤ੍ਰਿਤ ਅਧਿਐਨ ਕਰਨਾ ਹੈ। ਇਸ ਅਧਿਐਨ ਅਨੁਸਾਰ ਪ੍ਰਬੰਧਕੀ ਸਿਸਟਮ 9 ਗੁਣਾਂ ਤੇ ਅਧਾਰਿਤ ਹੁੰਦਾ ਹੈ। ਜਿਹਨਾਂ ਵਿਚ ਧਾਰਮਿਕ ਗ੍ਰੰਥਾਂ ਦਾ ਸਤਿਕਾਰ, ਸਾਂਝੇ ਉਦੇਸ਼, ਉਦੇਸ਼ ਅਤੇ ਮੁੱਲ ਪ੍ਰਬੰਧ, ਆਚਰਣ ਉਸਾਰੀ, ਯੋਗ ਆਦਮੀ ਨੂੰ ਯੋਗ ਸਥਾਨ ਤੇ ਰੱਖਣਾ, ਮਜ਼ਬੂਤ ਮਨੁੱਖੀ ਰਿਸ਼ਤੇ, ਗਰੁੱਪ ਨੀਤੀ, ਯੋਗ ਕੰਟਰੋਲ, ਨਿਆਂ ਅਤੇ ਚੋਣਵੇਂ ਨਿਰਣੇ ਆਦਿ। ਇਸ ਖੋਜ ਪੱਤਰ ਵਿਚ ਇਹ ਨਿਰਣਾ ਕੱਢਿਆ ਗਿਆ ਕਿ ਦੋਵੇਂ ਹੀ ਖ਼ਲੀਫੇ ਯੋਗ ਸਨ ਪਰ ਉਹਨਾਂ ਦਾ ਆਚਰਣ ਅਲੱਗ ਸੀ ਅਤੇ ਇਹ ਗੁਣ ਅੱਜ ਦੇ ਸਮੇਂ ਪ੍ਰਬੰਧਕਾਂ ਅਤੇ ਲੀਡਰਾਂ ਨੂੰ ਅਪਨਾਉਣੇ ਚਾਹੀਦੇ ਹਨ।

25. "Business Ethics in Jainism" ਇਹ ਖੋਜ ਪੱਤਰ ਅਤੁਲ ਕੇ. ਸ਼ਾਹ ਦੁਆਰਾ 2007 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਜੈਨ ਵਪਾਰਿਕ ਅਦਾਰਿਆਂ ਦੀਆਂ ਨੈਤਿਕ ਅਤੇ ਵਿਵਹਾਰਿਕ ਕਦਰਾਂ ਕੀਮਤਾਂ ਦਾ ਅਧਿਐਨ ਕਰਨਾ ਸੀ। ਇਸ ਰਾਹੀਂ ਇਹ ਦੇਖਿਆ ਗਿਆ ਕਿ ਸੱਭਿਆਚਾਰ ਅਤੇ ਸਮੁਦਾਇ ਦੀਆਂ ਵਿਸ਼ੇਸ਼ਤਾਵਾਂ ਕਿਸ ਪ੍ਰਕਾਰ ਟਿਕਾਊ ਵਪਾਰਿਕ ਪ੍ਰਬੰਧ ਨੂੰ ਪ੍ਰਭਾਵਿਤ ਕਰਦੀਆਂ ਹਨ। ਖੋਜਾਰਥੀ ਅਨੁਸਾਰ ਜੈਨ ਸਮੁਦਾਇ ਦੀ ਵਪਾਰਿਕ ਕੁਸ਼ਲਤਾ ਦਾ ਮੁੱਖ ਕਾਰਨ ਉਹਨਾਂ ਦੀ ਸੱਭਿਅਤਾ ਅਤੇ ਧਾਰਮਿਕ ਖਜ਼ਾਨਾ ਹੈ। ਖੋਜ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਜੈਨੀ ਨੇਕ ਦਿਲ, ਕਦਰਾਂ ਕੀਮਤਾਂ ਦੇ ਧਾਰਣੀ ਅਤੇ ਸਮਾਜ ਪ੍ਰਤੀ ਵਫ਼ਾਦਾਰ ਰਹਿੰਦੇ ਹਨ। ਜੈਨੀਆਂ ਦੇ ਮੂਲ ਧਾਰਮਿਕ ਸਿਧਾਂਤ-ਅਹਿੰਸਾ, ਅਸੱਤਿਆ ਅਤੇ ਸੱਤਿਆ ਭਾਵ ਸੱਚਾਈ ਅਤੇ ਈਮਾਨਦਾਰੀ ਅਤੇ ਕਿਸੇ ਨੂੰ ਦੁੱਖ ਨਾ ਪਹੁੰਚਾਉਣਾ, ਸਈਅਮ ਭਾਵ ਸ੍ਵੈ ਅਨੁਸ਼ਾਸਨ, ਸ੍ਵੈ ਕੰਟਰੋਲ, ਤਪ ਭਾਵ ਮਨ ਨੂੰ ਰੋਕਣਾ, ਅਪਾਰਗ੍ਰਿਹ

ਭਾਵ ਪਦਾਰਥਿਕ ਵਸਤੂਆਂ ਤੇ ਹੰਕਾਰ ਨਾ ਕਰਨਾ ਆਦਿ। ਇਹਨਾਂ ਕੀਮਤਾਂ ਰਾਹੀਂ ਜੈਨ ਵਪਾਰਿਕ ਸ਼੍ਰੈਣੀ ਨੁਕਸਾਨ ਨੂੰ ਘੱਟ ਅਤੇ ਲਾਭ ਨੂੰ ਵਧਾਉਣ ਦਾ ਯਤਨ ਕਰਦੀ ਹੈ। ਜੈਨੀਆਂ ਅਨੁਸਾਰ ਵਪਾਰ ਇੱਕ ਰਸਤਾ ਹੈ, ਮੰਜ਼ਿਲ ਨਹੀਂ, ਜਿਸ ਨਾਲ ਸਮਾਜ ਦੀ ਸੇਵਾ ਕੀਤੀ ਜਾ ਸਕਦੀ ਹੈ। ਅਗਵਾਈ ਦਾ ਤਰੀਕਾ ਨਿਮਰਤਾ ਵਾਲਾ ਅਤੇ ਸੱਭਿਅਕ ਹੋਣਾ ਚਾਹੀਦਾ ਹੈ। ਅੱਜ ਦੇ ਸਮੇਂ ਇਹਨਾਂ ਕਦਰਾਂ ਕੀਮਤਾਂ ਨੂੰ ਧਾਰਣ ਕਰਨ ਦੀ ਜ਼ਰੂਰਤ ਹੈ। ਇਸ ਖੋਜ ਪੱਤਰ ਦਾ ਸਾਰਾਂਸ਼ ਇਹ ਕੱਢਿਆ ਗਿਆ ਕਿ ਜੈਨ ਸਮੁਦਾਇ ਵਿਚ ਪੀੜ੍ਹੀ ਦਰ ਪੀੜ੍ਹੀ ਪ੍ਰਭਾਵੀ ਅਗਵਾਈ ਅਤੇ ਪ੍ਰਬੰਧਕੀ ਗੁਣ ਵੇਖਣ ਨੂੰ ਮਿਲਦੇ ਹਨ।

26. "Lessons In Corporate Governance from Kautilyas Arthashastra In Ancient India" –ਇਹ ਖੋਜ ਪੱਤਰ ਕ੍ਰਿਸ਼ਨ ਮੁਨੀਅੱਪਨ ਅਤੇ ਜ਼ੈਦ ਐਮ. ਸ਼ੇਖ ਦੁਆਰਾ 2007 ਵਿਚ ਪ੍ਰਸਤੁਤ ਕੀਤਾ ਗਿਆ। ਇਸ ਪੱਤਰ ਰਾਹੀਂ ਪ੍ਰਾਚੀਨ ਭਾਰਤੀ ਸਾਹਿਤ ਵਿਚ ਮ'ਜੂਦ ਵਪਾਰਿਕ ਕਦਰਾਂ ਕੀਮਤਾਂ ਲੱਭਣ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਪੱਤਰ ਦਾ ਉਦੇਸ਼ ਪ੍ਰਾਚੀਨ ਲਿਟਰੇਚਰ ਨੂੰ ਮੌਜੂਦਾ ਸਮੇਂ ਦੀਆਂ ਵਪਾਰਿਕ ਗਤੀਵਿਧੀਆਂ ਅਨੁਸਾਰ ਸਾਹਮਣੇ ਲੈ ਕੇ ਆਉਣਾ ਹੈ। ਖੋਜਾਰਥੀ ਅਨੁਸਾਰ ਕੌਟਿਲੀਆਂ ਨੇ ਅਰਥਸ਼ਾਸਤਰ ਦੀ ਰਚਨਾ ਰਾਜਾ ਚੰਦਰਗੁਪਤ ਮੌਰੀਆ ਨੂੰ ਸਮਝਾਉਣ ਲਈ ਕੀਤੀ। ਲੇਖਕ ਨੇ ਵਪਾਰ ਦੀ ਪਰਿਭਾਸ਼ਾ ਜਿਸ ਵਿਚ ਵਪਾਰਿਕ ਮੁੱਲਾਂ, ਕਦਰਾਂ ਕੀਮਤਾਂ ਦੀ ਗੱਲ ਕੀਤੀ ਜਾਂਦੀ ਹੈ, ਦੀ ਤੁਲਨਾ ਅਰਥਸ਼ਾਸਤਰ ਵਿਚ ਮ'ਜੂਦ ਸਿਧਾਂਤਾਂ ਨਾਲ ਕੀਤੀ ਹੈ ਭਾਵ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਲੋਕ ਭਲਾਈ ਅਤੇ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਅਰਥਸ਼ਾਸਤਰ ਅਨੁਸਾਰ ਵੀ ਅਤਿ ਜ਼ਰੂਰੀ ਹੈ। ਇਸ ਖੋਜ ਪੱਤਰ ਵਿਚ ਕੌਟਿਲੀਆਂ ਦੇ ਅਰਥਸ਼ਾਸਤਰ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ ਇਹ ਦੱਸਿਆ ਗਿਆ ਕਿ ਕੌਟਿਲੀਆਂ ਅਨੁਸਾਰ ਖੁਸ਼ਹਾਲੀ ਕੇਵਲ ਧਨ ਦੌਲਤਨਾਲ ਹਾਸਿਲ ਨਹੀਂਕੀਤੀ ਜਾਸਕਦੀ ਸਗੋਂਇਹ ਯੋਗਕੰਮਾਂਨੂੰ ਯੋਗ ਤਰੀਕੇ ਨਾਲ ਹਾਸਿਲ

ਕਰ ਕੇ ਕੀਤੀ ਜਾ ਸਕਦੀ ਹੈ। ਧਰਮ ਧਨ ਤੋਂ ਬਗੈਰ ਅਤੇ ਧਨ ਧਰਮ ਤੋਂ ਬਿਨਾਂ ਡਰਾਉਣਾ ਹੈ। ਕੌਟਿਲੀਆਂ ਨੇ ਅਰਥਸ਼ਾਸਤਰ ਵਿਚ ਧੋਖੇਧੜੀਆਂ ਨੂੰ ਕੰਟਰੋਲ ਕਰਨ ਦੇ ਤਰੀਕੇ ਦੱਸੇ ਹਨ। ਇਸ ਵਿਚ ਸਭ ਤੋਂ ਪਹਿਲਾਂ ਲੋਕਾਂ ਤੱਕ ਨਿਯਮਾਂ, ਕਾਨੂੰਨਾਂ ਦੀ ਸੂਚਨਾ ਪਹੁੰਚਾਈ ਜਾਣੀ ਚਾਹੀਦੀ ਹੈ ਅਤੇ ਦੋ ਪ੍ਰਮੁੱਖ ਸਥਾਨ ਖਜਾਨਚੀ ਅਤੇ ਮੁੱਖ ਨਿਰੀਖਕ ਦੀ ਭਰਤੀ ਹੋਣੀ ਚਾਹੀਦੀ ਹੈ ਤਾਂ ਕਿ ਸੰਸਥਾ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਫਿਰ ਜੇਕਰ ਕੋਈ ਧੋਖੇ ਧੜੀ ਵਿਚ ਜਾਂ ਫਿਰ ਚੋਰੀ ਆਦਿਕ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਲਈ ਸਜ਼ਾ ਦਾ ਵਿਧਾਨ ਹੋਣਾ ਚਾਹੀਦਾ ਹੈ। ਖੋਜਾਰਥੀ ਅਨੁਸਾਰ ਨੈਤਿਕ ਕਦਰਾਂ ਕੀਮਤਾਂ ਲਈ, ਸਦਾਚਾਰਤਾ ਅਰਥਸ਼ਾਸਤਰ ਵਿਚ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ ਜਿਹਨਾਂ ਨੂੰ ਅੱਜ ਦੇ ਸਮੇਂ ਲਾਗੂ ਕੀਤਾ ਜਾ ਸਕਦਾ ਹੈ। ਖੋਜ ਪੱਤਰ ਦਾ ਸਾਰਾਂਸ਼ ਇਹ ਹੈ ਕਿ ਅਰਥ ਸ਼ਾਸਤਰ ਦਾ ਜੇਕਰ ਸੂਖ਼ਮ ਅਧਿਐਨ ਕੀਤਾ ਜਾਵੇ ਤਾਂ ਅਨੇਕਾਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ।

27. "Transformational Leadership Style as Demonstrated by Sri Rama in Valmika Ramayana" –ਇਹ ਖੋਜ ਪੱਤਰ ਬਾਲਕ੍ਰਿਸ਼ਨ ਮੁਨੀਅਪਸ ਦੁਆਰਾ 2007 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਵਾਲਮੀਕੀ ਰਮਾਇਣ ਦਾ ਗੁਣਵਾਚਕ ਅਧਿਐਨ ਕੀਤਾ ਗਿਆ ਹੈ ਤਾਂ ਕਿ ਲੀਡਰਸ਼ਿਪ ਦੇ ਬਦਲਦੇ ਗੁਣਾਂ ਦਾ ਅਧਿਐਨ ਕੀਤਾ ਜਾ ਸਕੇ। ਇਹਨਾਂ ਗੁਣਾਂ ਦੇ ਲਈ ਸ੍ਰੀ ਰਾਮ ਦੇ ਵਿਅਕਤੀਗਤ ਗੁਣਾਂ ਨੂੰ ਅਧਾਰ ਬਣਾਇਆ ਗਿਆ ਹੈ। ਇਸ ਖੋਜ ਪੱਤਰ ਵਿਚ ਲੀਡਰਸ਼ਿਪ ਦੇ ਮੌਜੂਦਾ ਮਾਡਲਾਂ ਦਾ ਵਿਸ਼ਤ੍ਰਿਤ ਅਧਿਐਨ ਕਰਨ ਉਪਰੰਤ ਸ੍ਰੀ ਰਾਮ ਦੇ ਜੀਵਨ ਤੇ ਅਧਾਰਿਤ ਲੀਡਰਸ਼ਿਪ ਮਾਡਲ ਦਾ ਨਿਰਮਾਣ ਕੀਤਾ ਹੈ। ਪਰਿਵਰਤਨਸ਼ੀਲ ਲੀਡਰਸ਼ਿਪ ਦਾ ਮਾਡਲ ਲੀਡਰ ਅਤੇ ਹੋਰ ਕਰਮਚਾਰੀਆਂ ਲਈ ਵੀ ਪ੍ਰੇਰਣਾ ਸਰੋਤ ਹੁੰਦਾ ਹੈ। ਇਸ ਤਰ੍ਹਾਂ ਦੇ ਮਾਡਲ ਵਿਚ ਮੁੱਖ ਤੌਰ ਤੇ ਚਾਰ ਗੁਣ ਪ੍ਰਮੁੱਖ ਹੁੰਦੇ ਹਨ:- ਪ੍ਰੇਰਣਾਵਾਦਿਕ ਪ੍ਰੋਤਸਾਹਨ, ਬੌਧਿਕ ਪ੍ਰੋਤਸਾਹਨ, ਵਿਅਕਤੀਗਤ ਪ੍ਰੋਤਸਾਹਨ ਅਤੇ ਉਦੇਸ਼ ਅਧਾਰਿਤ

ਪ੍ਰੋਤਸਾਹਨ। ਖੋਜ ਪੱਤਰ ਰਾਹੀਂ ਦਾਅਵਾ ਕੀਤਾ ਗਿਆ ਹੈ ਕਿ ਸ਼੍ਰੀ ਰਾਮ ਦੇ ਜੀਵਨ ਕਾਲ ਵਿਚ ਉਪਰੋਕਤ ਮਾਡਲ ਦੇ ਸਾਰੇ ਗੁਣ ਸਾਹਮਣੇ ਆਉਂਦੇ ਹਨ। ਸ੍ਰੀ ਰਾਮ ਅਯੋਧਿਆ ਵਿਚ ਸਾਰੇ ਲੋਕਾਂ ਦੁਆਰਾ ਪੂਜੇ ਜਾਂਦੇ ਸਨ, ਉਹ ਪ੍ਰੇਰਣਾ ਸਰੋਤ ਸਨ ਅਤੇ ਲੋਕਾਂ ਦੁਆਰਾ ਸਨਮਾਨਿਤ ਸਨ। ਇਹ ਉਹਨਾਂ ਦੀ ਅਸਾਧਾਰਨ ਸਖ਼ਸ਼ੀਅਤ ਕਰਕੇ ਹੀ ਸੀ। ਇਸ ਅਧਿਐਨ ਵਿਚ ਲੇਖਕ ਨੇ ਇਹ ਸਾਰਾਂਸ਼ ਕੱਢਿਆ ਹੈ ਕਿ ਸ੍ਰੀ ਰਾਮ ਕੇਵਲ ਭਾਰਤੀਆਂ ਲਈ ਹੀ ਪ੍ਰੇਰਣਾ ਸਰੋਤ ਨਹੀਂ ਸਗੋਂ ਉਹ ਪੂਰੇ ਵਿਸ਼ਵ ਲਈ ਪ੍ਰੇਰਣਾ ਸਰੋਤ ਹਨ।

28. "Religon and Attitude to Corporate Social Responsibility in a Large Cross-Country Sample" –ਇਹ ਖੋਜ ਪੱਤਰ ਐਸ. ਬਰਾਮਰ, ਜੈਫਰੀ ਵਿਲੀਅਮ ਅਤੇ ਜੌਨ ਜਿੰਕਨ ਦੁਆਰਾ 2007 ਵਿਚ ਲਿਖਿਆ ਗਿਆ। ਇਸ ਖੋਜ ਕਾਰਜ ਰਾਹੀਂ ਧਾਰਮਿਕ ਸੰਸਥਾਨਾਂ ਦਾ ਵਿਅਕਤੀ ਤੇ ਪ੍ਰਭਾਵ ਅਤੇ ਇਸ ਪ੍ਰਭਾਵ ਅਧੀਨ ਵਿਅਕਤੀ ਦਾ ਸਮਾਜਿਕ ਜ਼ਿੰਮੇਵਾਰੀ ਨਾਲ ਸਬੰਧਿਤ ਪ੍ਰਤੀਕਿਰਿਆਂ ਨੂੰ 20 ਦੇਸ਼ਾਂ ਦੇ 17000 ਲੋਕਾਂ ਤੇ ਸਰਵੇਖਣ ਉਪਰੰਤ ਵਾਚਣ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਇਹ ਮੰਨਿਆ ਗਿਆ ਕਿ ਜਿਹਨਾਂ ਵਿਅਕਤੀਆਂ ਦਾ ਧਾਰਮਿਕਤਾ ਨਾਲ ਸਬੰਧ ਹੈ ਦਾ ਕੰਮ ਪ੍ਰਤੀ ਅਲੱਗ ਰਵੱਈਆ ਹੈ ਅਤੇ ਜੋ ਧਾਰਮਿਕਤਾ ਵਿਚ ਵਿਸ਼ਵਾਸ ਨਹੀਂ ਰੱਖਦੇ ਉਹਨਾਂ ਦਾ ਰਵੱਈਆ ਅਲੱਗ ਹੈ। ਇਸ ਸਰਵੇਖਣ ਵਿਚ ਇਹ ਵਿਚਾਰ ਦ੍ਰਿਸ਼ਟਮਾਨ ਹੋਇਆ ਕਿ ਸਾਰੀ ਪ੍ਰਿਥਵੀ ਪਰਮਾਤਮਾ ਦੀ ਹੀ ਉੱਤਪਤੀ ਹੈ ਸੋ ਇਸ ਦੀ ਸੰਭਾਲ ਲਈ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਖੋਜ ਅਧਿਐਨ ਰਾਹੀਂ ਇਹ ਤੱਥ ਸਾਹਮਣੇ ਆਇਆ ਕਿ ਵਿਅਕਤੀ ਦੀ ਸੋਚ ਨੂੰ ਬਦਲਣ ਵਿਚ ਧਰਮ ਅਹਿਮ ਰੋਲ ਅਦਾ ਕਰਦਾ ਹੈ ਭਾਵ ਜੇਕਰ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਦੀ ਗੱਲ ਕੀਤੀ ਜਾਵੇ ਤਾਂ ਵੱਖ ਵੱਖ ਧਰਮਾਂ ਜਿਵੇਂ ਕਿ ਇਸਲਾਮ, ਇਸਾਈ, ਹਿੰਦੂ ਅਤੇ ਬੋਧੀ ਧਰਮ ਵਿਚ ਇਸ ਦਾ ਸਮਰਥਨ ਕੀਤਾ ਗਿਆ ਹੈ।

29. "Can Religion Guide us Through Business Complexity? A Treatise On Aagar Charactra Dharama of Jain Philosophy to Resolve work Related Conflict" –ਇਹ ਖੋਜ ਪੱਤਰ 2007 ਵਿਚ ਸੌਨਿਕਾ ਚੱਕਰਵਰਤੀ ਦੁਆਰਾ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ ਪੱਤਰ ਵਿਚ ਇਹ ਦੇਖਣ ਦਾ ਯਤਨ ਕੀਤਾ ਗਿਆ ਹੈ ਕਿ ਜੇਕਰ ਆਰਥਿਕਤਾ ਅਤੇ ਧਰਮ ਦਾ ਅਧਿਐਨ ਨਾਲ ਨਾਲ ਕਰਵਾਇਆ ਜਾਵੇ ਅਤੇ ਅਧਾਰ ਜੈਨ ਦਰਸ਼ਨ ਸ਼ਾਸਤਰ ਨੂੰ ਬਣਾਇਆ ਜਾਵੇ ਤਾਂ ਕੀ ਅੰਤਰ ਆਉਂਦਾ ਹੈ? ਇਸੇ ਸਬੰਧ ਵਿਚ 400 ਵਿਅਕਤੀਆਂ ਤੇ ਸਰਵੇਖਣ ਕੀਤਾ ਗਿਆ। ਇਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹਨਾਂ ਵਿਅਕਤੀਆਂ ਅੰਦਰ ਵਪਾਰਿਕ ਨੈਤਿਕਤਾ ਸਬੰਧੀ ਵਿਚਾਰਾਂ ਵਿਚ ਅੰਤਰ ਦੇਖਣ ਨੂੰ ਮਿਲਦਾ ਹੈ। ਖੋਜਾਰਥੀ ਨੇ ਇਸੇ ਸਰਵੇਖਣ ਦੇ ਨਤੀਜਿਆਂ ਦੇ ਅਧਾਰ ਤੇ ਜੈਨ ਦਰਸ਼ਨ ਸ਼ਾਸਤਰ ਨੂੰ ਮੁੱਖ ਰੱਖ ਕੇ ਨੈਤਿਕ ਅਗਵਾਈ ਦਾ ਮਾਡਲ ਤਿਆਰ ਕੀਤਾ ਹੈ। ਇਸ ਮਾਡਲ ਵਿਚ ਜੈਨ ਸਿਧਾਂਤ ਜਿਵੇਂ ਕਿ – ਸੱਤਿਆ (Truthfullness) ਅਸੱਤਿਆ(not stealing), ਅਹਿੰਸਾ(no-injury), ਅਪਾਗ੍ਰਿਹਾ ਅਤੇ  ਬ੍ਰਹਮਚਾਰ ਨੂੰ ਅਧਾਰ ਬਣਾਇਆ ਹੈ। ਇਸ ਮਾਡਲ ਦਾ ਪ੍ਰਯੋਗ ਵਪਾਰ ਵਿਚ ਨਿਰਣੇ ਲੈਣ ਲਈ ਕੀਤਾ ਜਾ ਸਕਦਾ ਹੈ। ਇਸ ਅਧਿਐਨ ਵਿਚ ਇਹ ਗੱਲ ਦੁਹਰਾਈ ਗਈ ਹੈ ਕਿ ਵਪਾਰ ਵਿਚ ਨੈਤਿਕ ਕਦਰਾਂ ਕੀਮਤਾਂ ਲਈ ਧਰਮ ਦਾ ਅਧਿਐਨ ਅਤਿ ਜ਼ਰੂਰੀ ਹੈ।

30. "Corporate Governance: Solution Through India Spiritual System" –ਇਹ ਖੋਜ ਪੱਤਰ ਧਰਮਿੰਦਰ ਸਿੰਘ ਉੱਬਾ ਦੁਆਰਾ 2007 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਖੋਜ ਪੱਤਰ ਰਾਹੀਂ ਲੇਖਕ ਨੇ ਭਾਰਤੀ ਧਰਮ ਦੀਆਂ ਪ੍ਰਵਿਰਤੀਆਂ ਨੂੰ ਵਪਾਰਿਕ ਕਦਰਾਂ ਕੀਮਤਾਂ ਦੇ ਸਬੰਧ ਵਿਚ ਵਾਚਣ ਦਾ ਯਤਨ ਕੀਤਾ ਹੈ। ਇਸ ਖੋਜ ਪੱਤਰ ਦਾ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਗਵਤ ਗੀਤਾ ਦੇ ਅਧਿਐਨ ਰਾਹੀਂ ਵਪਾਰਿਕ ਕਦਰਾਂ ਕੀਮਤਾਂ ਦੀ ਧਰਮ ਦੇ ਨਜ਼ਰੀਏ ਤੋਂ ਪੜਚੋਲ ਕਰਨੀ ਹੈ। ਇਸ ਖੋਜ

ਪੱਤਰ ਵਿਚ ਵਪਾਰਿਕ ਗਤੀਵਿਧੀਆਂ ਦਾ ਵਿਸਥਾਰਪੂਰਵਕ ਉਲੇਖ ਕੀਤਾ ਗਿਆ ਹੈ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਮਹੱਤਵ ਨੂੰ ਬਿਆਨ ਕੀਤਾ ਹੈ। ਇਸ ਖੋਜ ਪ੍ਰਬੰਧ ਵਿਚ ਇਹ ਸਪੱਸ਼ਟ ਕੀਤਾ ਹੈ ਕਿ ਵਪਾਰਿਕ ਕਦਰਾਂ ਕੀਮਤਾਂ ਦਾ ਅਧਿਐਨ ਭਾਰਤੀ ਧਰਮ ਸ਼ਾਸਤਰ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਜਾ ਸਕਦਾ ਹੈ। ਇਸ ਖੋਜ ਪੱਤਰ ਵਿਚ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਭਾਰਤੀ ਧਾਰਮਿਕ ਗ੍ਰੰਥਾਂ ਦੇ ਮੁੱਲ ਪ੍ਰਬੰਧਾਂ ਨੂੰ ਵਪਾਰਿਕ ਕਿਰਿਆਵਾਂ ਵਿਚ ਵੀ ਲਿਆਇਆ ਜਾ ਸਕਦਾ ਹੈ। ਇਸ ਅਧਿਐਨ ਅਨੁਸਾਰ ਭਗਵਤ ਗੀਤਾ ਵਿਚ ਗ਼ਲਤ ਅਤੇ ਸਹੀ ਦਾ ਵਿਗਿਆਨ ਹੈ ਭਾਵ ਮਨੁੱਖੀ ਕਰਮਾਂ ਦਾ ਵਿਸਤ੍ਰਿਤ ਅਧਿਐਨ ਮਿਲਦਾ ਹੈ। ਪ੍ਰਬੰਧਕੀ ਵਰਤਾਰੇ ਵਿਚ ਪ੍ਰਬੰਧਕ ਸ੍ਰੀ ਕ੍ਰਿਸ਼ਨ ਵਾਂਗ ਗਲਤ ਠੀਕ ਦਾ ਨਿਰਣਾ ਕਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ। ਖੋਜਾਰਥੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਸਚਾਈ, ਨਿਆਂ, ਸੰਜਮ, ਪ੍ਰੋਤਸਾਹਨ, ਨਿਮਰਤਾ, ਸੰਤੋਸ਼ ਆਦਿ ਦੇ ਗੁਣ ਮਿਲਦੇ ਹਨ ਜੋ ਕਿ ਵਪਾਰਿਕ ਨੀਤੀਆਂ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਮਾਪਦੰਡਾਂ ਵਿਚ ਅਹਿਮ ਸਥਾਨ ਰੱਖਦੀਆਂ ਹਨ। ਇਸ ਪੱਤਰ ਦੇ ਸਾਰ ਅਤੇ ਸਥਾਪਨਾਵਾਂ ਵਿਚ ਖੋਜਾਰਥੀ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਨੈਤਿਕਤਾ ਅਤੇ ਮੁੱਲ ਪ੍ਰਬੰਧ ਵਪਾਰਿਕ ਅਦਾਰਿਆਂ ਦੇ ਅਹਿਮ ਕਾਰਜਾਂ ਵਿਚ ਸ਼ਾਮਿਲ ਹੋਣੇ ਚਾਹੀਦੇ ਹਨ।

31. "Philosophical Foundations of Workplace Spirituality" – ਇਹ ਖੋਜ ਪੱਤਰ ਜਾਰਜ ਗੌਤਿਸ ਅਤੇ ਜੋਈ ਕਾਰਤੇਗੀ ਦੁਆਰਾ 2007 ਵਿਚ ਪ੍ਰਸਤੁਤ ਕੀਤਾ ਗਿਆ। ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਵੱਖ ਵੱਖ ਧਾਰਣਾਵਾਂ ਦੀ ਪੜਚੋਲ ਕਰਨ ਤੋਂ ਹੈ ਜੋ ਕੰਮ ਦੇ ਸਥਾਨ ਤੇ ਧਾਰਮਿਕਤਾ ਨਾਲ ਜੋੜ ਕੇ ਦੇਖੀਆਂ ਜਾ ਸਕਦੀਆਂ ਹਨ ਅਤੇ ਉਹਨਾਂ ਦੇ ਗੁਣਾਂ ਅਤੇ ਔਗੁਣਾਂ ਦਾ ਅਧਿਐਨ ਕਰਨਾ ਅਤੇ ਇਹਨਾਂ ਦੀ ਪ੍ਰਸੰਗਿਕਤਾ ਅਤੇ ਪੜਤਾਲ ਕਰਨਾ ਸ਼ਾਮਿਲ ਹੈ। ਇੱਕ ਖੋਜ ਵਿਚ ਜਿਸ ਰਾਹੀਂ ਨੈਤਿਕਤਾ ਦੇ ਮਾਡਲਾਂ ਦਾ ਅਧਿਐਨ ਕੀਤਾ ਗਿਆ ਉਸ ਰਾਹੀਂ ਇਹ ਗੱਲ ਸਾਹਮਣੇ ਆਈ ਕਿ ਕੰਮ ਦੇ ਸਥਾਨ

ਤੇ ਵਰਤੇ ਜਾਂਦੇ ਨੈਤਿਕ ਮੁੱਲਾਂ ਨੂੰ ਵਿਸ਼ਵ ਪੱਧਰ ਤੇ ਲਾਗੂ ਕੀਤਾ ਜਾ ਸਕਦਾ ਹੈ। ਲੇਖਕਾਂ ਦੇ ਅਨੁਸਾਰ ਸਦਾਚਾਰ ਨੈਤਿਕਤਾ ਨੂੰ ਕੰਮ ਦੇ ਸਥਾਨ ਤੇ ਹੋਰ ਵੀ ਵੱਡੇ ਪੱਧਰ ਤੇ ਲਾਗੂ ਕੀਤਾ ਜਾ ਸਕਦਾ ਹੈ ਅਤੇ ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਕਿ ਧਰਮ ਅਧਾਰਿਤ ਮੁੱਲ ਪ੍ਰਬੰਧ ਇਸ ਵਿਚ ਵਿਸ਼ੇਸ਼ ਯੋਗਦਾਨ ਦਿੰਦੇ ਹਨ।

32. ਸੰਸਾਰ ਦੇ ਪ੍ਰਮੁੱਖ ਧਰਮਾਂ ਦਾ ਆਰਥਿਕ ਵਿਕਾਸ ਵਿਚ ਯੋਗਦਾਨ : ਤੁਲਨਾਤਮਿਕ ਅਧਿਐਨ ਅਤੇ ਪੜਚੋਲ੍ਹ–ਇਹ ਖੋਜ ਕਾਰਜ ਜੇ.ਕੌਸ਼ਲ ਅਤੇ ਜੇ ਮੁਲਫਾਡੋ ਦੁਆਰਾ 2007 ਵਿਚ ਪ੍ਰਸਤੁਤ ਕੀਤਾ ਗਿਆ। ਇਸ ਵਿਚ ਉਹਨਾਂ ਸਾਰੇ ਤੱਤਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ। ਇਹ ਤੱਤ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਜਿਵੇਂ ਕਿ ਇਸਲਾਮ, ਇਸਾਈ ਮੱਤ ਬੁੱਧ ਮੱਤ ਅਤੇ ਹਿੰਦੂ ਮੱਤ ਵਿਚੋਂ ਲਏ ਗਏ ਹਨ। ਅਧਿਐਨ ਵਿਚ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਧਰਮ ਦੇ ਅਨੇਕਾਂ ਹੀ ਸਿਧਾਂਤ ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ ਜਿਵੇਂ ਕਿ - ਸੰਪਤੀ ਦੇ ਅਧਿਕਾਰ, ਨਵੀਨਤਾ, ਰਾਜਨੀਤਿਕ ਸ਼ਕਤੀਆਂ, ਕਾਨੂੰਨ ਅਤੇ ਸਮਾਜਿਕ ਸੱਭਿਆਚਾਰਕ ਤੱਤ ਆਦਿ। ਇਸਾਈ ਮੱਤ ਅਤੇ ਬੁੱਧ ਮੱਤ, ਇਸਲਾਮ ਅਤੇ ਹਿੰਦੂ ਮਤ ਨਾਲੋਂ ਵੱਧ ਨਵੀਨਤਾ ਦੇ ਸਿਧਾਂਤਾਂ ਦੀ ਪੈਰਵੀ ਕਰਦੇ ਹਨ। ਸਾਰੇ ਧਰਮਾਂ ਵਿਚ ਇਹ ਗੱਲ ਸਪੱਸ਼ਟ ਹੈ ਕਿ ਧਾਰਮਿਕ ਸੰਸਥਾਵਾਂ ਦਾ ਮੁੱਖ ਮੰਤਵ ਸਰਬੱਤ ਦਾ ਭਲਾ ਹੈ ਅਤੇ ਇਹਨਾਂ ਧਰਮਾਂ ਵਿਚ ਨੈਤਿਕਤਾਂ ਦੇ ਸਿਧਾਂਤ ਇਕੋ ਜਿਹੇ ਹੀ ਹਨ। ਅਧਿਐਨ ਵਿਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਆਰਥਿਕ ਵਿਕਾਸ ਵਿਚ ਕਾਰਜਕੁਸ਼ਲਤਾ ਉਹਨਾਂ ਤੱਤਾਂ ਤੋਂ ਵੀ ਪ੍ਰਭਾਵਿਤ ਹੁੰਦੀ ਹੈ ਜੋ ਆਰਥਿਕ ਵਿਕਾਸ ਨਾਲ ਸਿੱਧੇ ਤੌਰ ਤੇ ਸਬੰਧਿਤ ਨਹੀਂ ਹਨ।

33. "Better Management and Effective Leadership through the Indian Inscription" –ਇਹ ਕਿਤਾਬ ਨਾਰਾਇਣ ਜੀ ਮਿਸ਼ਰਾ ਦੁਆਰਾ 2007 ਵਿਚ

ਪ੍ਰਕਾਸ਼ਿਤ ਕੀਤੀ ਗਈ। ਇਸ ਰਾਹੀਂ ਲੇਖਕ ਨੇ ਉਸ ਵਡਮੁੱਲੇ ਖਜ਼ਾਨੇ ਦਾ ਜ਼ਿਕਰ ਕੀਤਾ ਹੈ ਜੋ ਭਾਰਤੀ ਗ੍ਰੰਥਾਂ ਵਿਚ ਮ'ਜ਼ੂਦ ਹੈ। ਲੇਖਕ ਅਨੁਸਾਰ ਪੱਛਮੀ ਸੰਕਲਪ ਜੋ ਪ੍ਰਬੰਧ ਦੇ ਸਬੰਧ ਹੋਂਦ ਵਿਚ ਆਏ ਹਨ ਉਹ ਮੌਲਿਕ ਨਹੀਂ ਸਗੋਂ ਮੌਲਿਕਤਾ ਪੁਰਾਣੇ ਭਾਰਤੀ ਗ੍ਰੰਥਾਂ ਵਿਚ ਮ'ਜ਼ੂਦ ਹੈ। ਭਾਰਤੀ ਗ੍ਰੰਥ ਜਿਵੇਂ ਰਿਗ ਵੇਦ, ਮਨੂੰ ਸਮ੍ਰਿਤੀ, ਯਜੁਰ ਵੇਦ, ਅਥਰ ਵੇਦ, ਮਹਾਂਭਾਰਤ, ਰਮਾਇਣ, ਭਗਵਤ ਗੀਤਾ, ਅਰਥ ਸ਼ਾਸਤਰ ਇਸ ਖਜ਼ਾਨੇ ਦੀਆਂ ਉਦਾਹਰਣਾਂ ਹਨ। ਇਸ ਖੋਜ ਕਾਰਜ ਵਿਚ ਲੇਖਕ ਨੇ ਉਹਨਾਂ ਸੰਕਲਪਾਂ ਦੀ ਵਿਆਖਿਆ ਕੀਤੀ ਹੈ ਜੋ ਪੱਛਮੀ ਸੰਕਲਪਾਂ ਦੇ ਤੌਰ ਤੇ ਪ੍ਰਫੁਲਿਤ ਹੋਏ ਅਤੇ ਉਹਨਾਂ ਦਾ ਤੁਲਨਾਤਮਿਕ ਅਧਿਐਨ ਭਾਰਤੀ ਦਰਸ਼ਨ ਸ਼ਾਸਤਰ ਵਿਚ ਮ'ਜ਼ੂਦ ਸੰਕਲਪਾਂ ਨਾਲ ਕੀਤਾ ਗਿਆ ਹੈ। ਇਸ ਖੋਜ ਰਾਹੀਂ ਇਹ ਪਾਇਆ ਗਿਆ ਹੈ ਕਿ ਪ੍ਰਬੰਧ ਦੇ ਜ਼ਰੂਰੀ ਸੰਕਲਪ ਜਿਵੇਂ ਕਿ –ਲੀਡਰਸ਼ਿਪ, ਨਿਰੀਖਣ, ਅਨੁਸ਼ਾਸਨ, ਟ੍ਰੇਨਿੰਗ, ਧਨ ਦਾ ਪ੍ਰਬੰਧਨ, ਸੰਚਾਰ, ਆਪਦਾ ਪ੍ਰਬੰਧਨ ਆਦਿ ਭਾਰਤੀ ਗ੍ਰੰਥਾਂ ਵਿਚ ਪਹਿਲਾਂ ਤੋਂ ਹੀ ਮ'ਜ਼ੂਦ ਸਨ। ਅਧਿਐਨ ਰਾਹੀਂ ਇਹ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਕਿ ਭਾਰਤੀ ਵਪਾਰ ਪ੍ਰਬੰਧਕਾਂ ਨੂੰ ਇਹਨਾਂ ਗ੍ਰੰਥਾਂ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਪੁਸਤਕ ਵਿਚ ਤੁਲਨਾਤਮਿਕ ਅਧਿਐਨ ਰਾਹੀਂ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ ਦਾ ਵਿਸ਼ਵੀਕਰਨ ਤੇ ਉਦਾਰੀਕਰਨ ਦੇ ਸਬੰਧ ਵਿਚ ਖੁੱਲ੍ਹ ਕੇ ਚਰਚਾ ਕੀਤੀ ਗਈ ਹੈ ਅਤੇ ਇਸ ਦਾ ਆਧਾਰ ਪ੍ਰਾਚੀਨ ਭਾਰਤੀ ਗ੍ਰੰਥਾਂ ਨੂੰ ਬਣਾਇਆ ਗਿਆ ਹੈ।

34. "Managing Business as a Spiritual Practice : The Bhagwat Gita Way to Achieve Excellence through perfection in Actions" –ਇਹ ਖੋਜ ਕਾਰਜ ਸ਼ਿਵ ਕੇ. ਤ੍ਰਿਪਾਠੀ ਦੁਆਰਾ 2007 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਖੋਜ ਕਾਰਜ ਰਾਹੀਂ ਉਹਨਾਂ ਸੰਕਲਪਾਂ ਦੀ ਗੱਲ ਕੀਤੀ ਹੈ ਜੋ ਪੱਛਮੀ ਸੰਕਲਪਾਂ ਵਜੋਂ ਪ੍ਰਬੰਧ ਦੇ ਸਿਧਾਂਤਾਂ ਦੇ ਤੌਰ ਤੇ ਪ੍ਰਚਲਿਤ ਹੋਏ। ਇਸ ਖੋਜ ਕਾਰਜ ਵਿਚ ਪ੍ਰਬੰਧ ਦੇ ਸਿਧਾਂਤਾਂ ਅਤੇ ਭਗਵਤ ਗੀਤਾ ਦੇ ਸਿਧਾਂਤ ਜਿਵੇਂ ਕਰਮ ਯੋਗ (Path of Action), ਭਗਤੀ ਯੋਗ (Path of Dedication) ਅਤੇ

ਗਿਆਨ ਯੋਗ (Path of Knowledge) ਵਿਚ ਸਬੰਧ ਸਥਾਪਿਤ ਕਰਨ ਦੀ ਗੱਲ ਕੀਤੀ ਹੈ। ਖੋਜਾਰਥੀ ਦੇ ਅਨੁਸਾਰ ਭਗਵਤ ਗੀਤਾ ਵਿਚ ਇਹ ਸਪੱਸ਼ਟ ਪ੍ਰਮਾਣ ਮਿਲਦੇ ਹਨ ਕਿ ਕੋਈ ਕੰਮ ਕਰਨ ਤੋਂ ਪਹਿਲਾਂ ਉਸ ਦੇ ਉਦੇਸ਼ਾਂ ਵਿਚ ਪਾਰਦਰਸ਼ਿਤਾ ਅਤਿ ਜ਼ਰੂਰੀ ਹਨ ਅਤੇ ਕੰਮ ਨੂੰ ਕਰਨ ਲਈ ਵਰਤੇ ਜਾਂਦੇ ਸਰੋਤਾਂ ਵਿਚ ਸਹਿਯੋਗ ਅਤੇ ਅਨੁਸ਼ਾਸਨ ਹੋਣਾ ਚਾਹੀਦਾ ਹੈ। ਲੇਖਕ ਅਨੁਸਾਰ ਜੇਕਰ ਭਾਰਤੀ ਗ੍ਰੰਥਾਂ ਦੇ ਅਧਾਰ ਤੇ ਪ੍ਰਬੰਧਕੀ ਮਾਡਲ ਹੋਂਦ ਵਿਚ ਆਉਂਦਾ ਹੈ ਤਾਂ ਉਹ ਜ਼ਰੂਰੀ ਹੀ ਪੱਛਮੀ ਮਾਡਲਾਂ ਤੋਂ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ।

35. Òਭਾਰਤੀ ਪ੍ਰਬੰਧ ਅਤੇ ਲੀਡਰਸ਼ਿਪ- ਇਹ ਕਿਤਾਬ ਸਵਾਮੀ ਬੋਧਨੰਦ ਦੁਆਰਾ 2007 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਵਿਚ ਉਹਨਾਂ ਲੈਕਚਰਾਂ ਦਾ ਵੇਰਵਾ ਹੈ ਜੋ ਉਹਨਾਂ ਨੇ ਵੱਖ ਵੱਖ ਪ੍ਰਬੰਧਕੀ ਅਦਾਰਿਆਂ ਵਿਚ ਦਿੱਤੇ ਸਨ। ਉਹਨਾਂ ਦੇ ਭਾਸ਼ਣਾਂ ਦਾ ਮੁੱਖ ਵਿਸ਼ਾ ਇਸ ਤਰਕ ਤੇ ਅਧਾਰਿਤ ਸੀ ਕਿ ਭਾਰਤੀ ਸੰਸਕ੍ਰਿਤੀ ਵਿਚ ਸਾਰੀਆਂ ਸਮੱਸਿਆਵਾਂ ਦੇ ਹੱਲ ਮ'ਜ਼ੂਦ ਹਨ। ਉਹਨਾਂ ਅਨੁਸਾਰ ਭਾਰਤੀ ਗਿਆਨ ਦੇ ਭੰਡਾਰ ਕਾਰਨ ਤਾਂ ਅਮੀਰ ਹੈ ਪਰ ਉਸ ਦੀ ਵਰਤੋਂ ਦੇ ਪੱਖੋਂ ਨਹੀਂ। ਲਿਖਾਰੀ ਦੇ ਅਨੁਸਾਰ ਜਿਵੇਂ ਕਿ ਗੀਤਾ ਵਿਚ ਕਿਹਾ ਗਿਆ ਹੈ ਜਦੋਂ ਵੀ ਅਰਜੁਨ ਅਤੇ ਕ੍ਰਿਸ਼ਨਾ ਦੀ ਤਰ੍ਹਾਂ ਦੋ ਤੱਤ ਸਾਹਮਣੇ ਹੁੰਦੇ ਹਨ ਤਾਂ ਧਨ, ਕਾਮਯਾਬੀ ਅਤੇ ਖੁਸ਼ਹਾਲੀ ਆਪਣੇ ਆਪ ਹੀ ਆ ਜਾਂਦੀ ਹੈ। ਇਸ ਕਿਤਾਬ ਅਨੁਸਾਰ ਪ੍ਰਬੰਧਕਾਂ ਨੂੰ ਆਪਣੀਆਂ ਸਖ਼ਸ਼ੀਅਤਾਂ ਨੂੰ ਮੁੜ ਵਾਚਣ ਦੀ ਜਰੂਰਤ ਹੈ ਭਾਵ ਹੁਨਰ ਲਈ ਨਵੇਂ ਗੁਣਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਕਿਤਾਬ ਰਾਹੀਂ ਇੱਕ ਅਜਿਹੇ ਪ੍ਰਬੰਧਕੀ ਮਾਡਲ ਨੂੰ ਪੇਸ਼ ਕੀਤਾ ਹੈ ਜੋ ਭਾਰਤੀ ਗ੍ਰੰਥਾਂ ਤੇ ਅਧਾਰਿਤ ਹੈ ਪਰ ਪੱਛਮੀ ਵਿਗਿਆਨਿਕ ਸੰਦਰਭ ਤੋਂ ਵੀ ਯੋਗ ਹੈ। ਖੋਜਾਰਥੀ ਨੇ ਸਥਾਪਨਾਵਾਂ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਿਵੇਂ ਕ੍ਰਿਸ਼ਨ ਨੇ ਕਿਹਾ ਕਿ ਸਾਡੀ ਕਾਮਯਾਬੀ ਜਾਂ ਹਾਰ ਦਿਮਾਗੀ ਸੰਤੁਲਨ ਦੇ ਅਧਾਰ ਤੇ ਹੁੰਦੀ ਹੈ ਅਤੇ ਜੇਕਰ

ਪ੍ਰਬੰਧਕੀ ਸਿਧਾਂਤਾਂ ਵਿਚ ਨਿਸ਼ਕਾਮ ਕਰਮ ਦੀ ਭਾਵਨਾ ਹੋਵੇ ਤਾਂ ਵਪਾਰਕ ਸਫ਼ਲਤਾ ਸਹਿਜੇ ਹੀ ਪ੍ਰਾਪਤ ਹੋ ਸਕਦੀ ਹੈ।

36. "New Mantras in Corporate Corridors: From Ancient Roots to Global Routes" –ਇਹ ਕਿਤਾਬ ਸੁਭਾਸ਼ ਸ਼ਰਮਾ ਦੁਆਰਾ 2007 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਕਿਤਾਬ ਵਿਚ ਲੇਖਕ ਭਾਰਤ ਦੇ ਪ੍ਰਬੰਧਕੀ ਮਾਡਲਾਂ ਨੂੰ ਪ੍ਰਬੰਧ ਦੇ ਨਵੇਂ ਮਾਡਲਾਂ ਰਾਹੀਂ ਦੇਖਣ ਦਾ ਯਤਨ ਹੈ ਜੋ ਕਿ ਸੰਸਾਰ ਪੱਧਰ ਤੇ ਮੰਨਣਯੋਗ ਹਨ। ਕਿਤਾਬ ਦੇ ਪਹਿਲੇ ਭਾਗ ਵਿਚ ਭਾਰਤੀ ਸਮਾਜਿਕ ਤਾਣੇ ਬਾਣੇ ਵਿਚ ਪ੍ਰਬੰਧ ਅਤੇ ਲੀਡਰਸ਼ਿਪ ਦੀ ਮਹੱਤਤਾ ਅਤੇ ਇਸ ਦੇ ਮਹੱਤਵ ਤੇ ਚਾਨਣਾ ਪਾਇਆ ਗਿਆ ਹੈ। ਪੁਰਾਣੇ ਗ੍ਰੰਥਾਂ ਤੋਂ ਲੇਖਕ ਨੇ VEDA ਮਾਡਲ ਤਿਆਰ ਕੀਤਾ ਹੈ ਜੋ ਕਿ V-Vision, E-Enlightment, D-Devotion, A – Action ਅਤੇ ਕਿਤਾਬ ਦੇ ਦੂਸਰੇ ਭਾਗ ਵਿਚ ਸ੍ਵੈ ਦਾ ਸੰਕਲਪ ਦ੍ਰਿਸ਼ਟੀਗੋਚਰ ਹੁੰਦਾ ਹੈ। ਸ੍ਵੈ ਵਿਕਾਸ ਦੇ ਸਬੰਧ ਵਿਚ ਸੱਤ ਮਾਡਲ ਹਨ ਜੋ ਗੁਣ ਥਿਊਰੀ ਤੋਂ ਉਪਜਦੇ ਹਨ। ਲੇਖਕ ਅਨੁਸਾਰ ਸ੍ਵੈ ਵਿਕਾਸ ਦੇ ਤਿੰਨ ਪੱਧਰ ਹਨ। ਸ੍ਵੈ ਨੂੰ ਕੰਟਰੋਲ ਕਰਨ ਲਈ ਵਪਾਰਿਕ ਸੰਸਥਾ ਨੂੰ ਅਲੱਗ ਅਲੱਗ ਮਾਡਲਾਂ ਨੂੰ ਅਧਾਰ ਬਣਾ ਕੇ ਵਿਕਾਸ ਲਈ ਕਾਰਜ ਕਰਨਾ ਪਵੇਗਾ। ਇਹਨਾਂ ਮਾਡਲਾਂ ਦੀ ਕੁਸ਼ਲਤਾ ਪ੍ਰਬੰਧਕਾਂ ਦੀ ਕਾਰਗੁਜਾਰੀ ਤੇ ਵੱਡੇ ਪੱਧਰ ਨਾਲ ਜੁੜੀ ਹੋਈ ਹੈ। ਲੇਖਕ ਅਨੁਸਾਰ ਗਲੋਬਲ ਪਿੰਡÓਦਾ ਸੰਕਲਪ ਪੂਰਾ ਵੀ ਹੋ ਸਕਦਾ ਹੈ ਪਰ ਇਹ ਸੁਿਦ ਫਿਰ ਹੀ ਲੱਗੇਗਾ ਜੇਕਰ ਧਨ- ਪਦਾਰਥਾਂ ਦਾ ਨਿਰਮਾਣ ਕੀਮਤਾਂ ਅਤੇ ਮੁੱਲ ਪ੍ਰਬੰਧਾਂ ਨੂੰ ਧਿਆਨ ਵਿਚ ਰੱਖਦੇ ਹੋਏ ਕੀਤਾ ਜਾਵੇ।

37. ਭਗਵਤ ਗੀਤਾ ਦੇ ਨਜ਼ਰੀਏ ਤੋਂ ਪ੍ਰਬੰਧਕੀ ਕਾਰਗੁਜ਼ਾਰੀ-ਇਹ ਖੋਜ ਪੱਤਰ ਬਾਲ ਕ੍ਰਿਸ਼ਨ ਮੁਨੀਅਪਨ ਦੁਅਰਾ 2008 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਖੋਜਾਰਥੀ ਨੇ ਭਗਵਤ ਗੀਤਾ ਦੇ ਚੋਣਵੇਂ ਸਲੋਕਾਂ ਦੀ ਮੱਦਦ ਨਾਲ ਪ੍ਰਬੰਧਕੀ

ਕਾਰਗੁਜ਼ਾਰੀ ਦੇ ਅਲੱਗ ਅਲੱਗ ਪਹਿਲੂਆਂ ਤੇ ਚਾਨਣਾ ਪਾਇਆ ਹੈ। ਇਸ ਖੋਜ ਪ੍ਰਬੰਧ ਅਨੁਸਾਰ ਹਰ ਇੱਕ ਦੇਸ਼ ਨੂੰ ਆਪਣੇ ਦੇਸ਼ ਦੀਆਂ ਸਥਿਤੀਆਂ ਦੇ ਅਨੁਕੂਲ ਪ੍ਰਬੰਧਕੀ ਸਿਸਟਮ ਅਖਤਿਆਰ ਕਰਨਾ ਚਾਹੀਦਾ ਹੈ ਨਾ ਕਿ ਦੂਸਰੇ ਦੇਸ਼ਾਂ ਦੇ ਸਿਸਟਮਾਂ ਨੂੰ ਹੀ ਲਾਗੂ ਕੀਤਾ ਜਾਵੇ। ਲੇਖਕ ਨੂੰ ਯੁੱਧ ਦੇ ਮੈਦਾਨ ਵਿਚ ਸ੍ਰੀ ਕ੍ਰਿਸ਼ਨ ਅਤੇ ਅਰਜੁਰ ਦੀ ਵਾਰਤਾਲਾਪ ਨੂੰ ਕਰਮਚਾਰੀਆਂ ਅਤੇ ਪ੍ਰਬੰਧਕਾਂ ਦੇ ਰਿਸ਼ਤਿਆਂ ਉਤੇ ਦੇਖਣ ਦਾ ਜ਼ਿਕਰ ਕੀਤਾ ਹੈ। ਜਦੋਂ ਵਪਾਰਿਕ ਸੰਸਥਾ ਵਿਚ ਕਰਮਚਾਰੀ ਡਿਊਟੀ ਨੂੰ ਪੂਰਾ ਨਾ ਕਰੇ ਜਾਂ ਉਸ ਵਿਚ ਪ੍ਰੋਤਸਾਹਨ ਦੀ ਕਮੀ ਹੋਵੇ ਤਾਂ ਸ੍ਰੀ ਕ੍ਰਿਸ਼ਨਾ ਵਾਂਗ ਉਸ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਲੇਖਕ ਨੇ ਇਸ ਪੇਪਰ ਦੇ ਸਾਰਾਂਸ਼ ਵਿਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਭਗਵਤ ਗੀਤਾ ਵਿਚ ਪ੍ਰੋਤਸਾਹਨ, ਸਿੱਖਣ ਦੇ ਸਿਧਾਂਤਾਂ, ਨਿਰੀਖਣ, ਅਤੇ ਸਿਖਲਾਈ ਦੇ ਉਪਰ ਅਨੇਕਾਂ ਹੀ ਸਿੱਖਿਆਵਾਂ ਮ'ਜ਼ੂਦ ਹਨ ਜੋ ਵਪਾਰਿਕ ਸੰਸਥਾ ਲਈ ਮਾਰਗ ਦਰਸ਼ਕ ਬਣ ਸਕਦੀਆਂ ਹਨ।

38. "Corporate Social Responsibility: A Philosophical Approch from an Ancient Indian perspective" –ਇਹ ਖੋਜ ਪੱਤਰ ਬਾਲਕ੍ਰਿਸ਼ਨ ਮੁਨੀਅੱਪਨ ਅਤੇ ਮੋਹਨ ਦਾਸ ਦੁਆਰਾ 2008 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਵਪਾਰਿਕ ਵਾਤਾਵਰਣ ਜੋ ਲਗਾਤਾਰ ਪਰਿਵਰਤਨਸ਼ੀਲ ਅਤੇ ਅਨੁਮਾਨਾਂ ਤੋਂ ਦੂਰ ਹੋ ਰਿਹਾ ਹੈ ਅਤੇ ਜਿਸ ਵਿਚ ਸੰਸਾਰੀਕਰਣ ਨੇ ਵੱਡੇ ਪ੍ਰਭਾਵ ਛੱਡੇ ਹਨ ਦੇ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਇਸ ਖੋਜ ਪੱਤਰ ਦਾ ਉਦੇਸ਼ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਅਜਿਹਾ ਮਾਡਲ ਤਿਆਰ ਕਰਨ ਤੋਂ ਹੈ ਜੋ ਭਾਰਤੀ ਦਰਸ਼ਨ ਸ਼ਾਸਤਰ ਨਾਲ ਸਬੰਧਿਤ ਹੋਵੇ। ਇਸ ਪੱਤਰ ਵਿਚ ਗੁਣਵਾਚਕ ਅਧਿਐਨ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਕਿਸੇ ਵੀ ਕਾਮਯਾਬ ਵਪਾਰਿਕ ਸੰਸਥਾਦਾ ਮੁੱਖ ਕਾਰਣ ਉਸਦੀ ਪ੍ਰਬੰਧਕੀ ਕੁਸ਼ਲਤਾ ਹੁੰਦੀ ਹੈ। ਅਧਿਐਨ ਅਨੁਸਾਰ ਵਪਾਰ ਦੀ

ਸਮਾਜਿਕ ਜ਼ਿੰਮੇਵਾਰੀ ਦਾ ਸੰਕਲਪ ਪੁਰਾਤਨ ਯੂਨਾਨੀ ਗ੍ਰੰਥਾਂ ਅਤੇ ਵੈਦਿਕ ਫਿਲਾਸਫ਼ੀ ਵਿਚ ਵੀ ਮਿਲਦਾ ਹੈ। ਵੈਦਿਕ ਦਰਸ਼ਨ ਦਾ ਸਰਵ ਲੋਕ ਹਿਤਮ (Sarav Loka Hitam) ਦਾ ਸਿਧਾਂਤ ਵੀ ਇਸੇ ਤੇ ਅਧਾਰਿਤ ਹੈ ਜਿਸ ਦਾ ਅਰਥ ਹੈ ਸਮਾਜ ਦੇ ਸਾਰੇ ਲੋਕਾਂ ਦਾ ਭਲਾ ਕਰਨਾ। ਭਾਰਤੀ CSR ਮਾਡਲ ਵਿਚ ਅਧਿਆਤਵਾਦ ਦੇ ਸਿਧਾਂਤਾਂ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਅਧਿਐਨ ਅੰਤ ਵਿਚ ਲੇਖਕ ਇਹ ਸਿੱਟਾ ਕੱਢਦਾ ਹੈ ਕਿ ਵਪਾਰ ਵੀ ਸਮਾਜ ਪ੍ਰਤੀ ਜ਼ਿੰਮੇਵਾਰੀ ਦੇ ਸੰਕਲਪ ਵਿਚ ਧਰਮ ਜਾਂ ਚੰਗੇ ਗੁਣਾਂ ਦੇ ਸਿਧਾਂਤ ਹੋਣੇ ਅਤਿ ਜ਼ਰੂਰੀ ਹਨ।

39. ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਆਦਰਸ਼ ਮਨੁੱਖ ਦਾ ਸੰਕਲਪ- ਇਹ ਕਿਤਾਬ ਗੁਰਵਿੰਦਰ ਕੌਰ ਦੁਆਰਾ 2008 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਵਿਸਤ੍ਰਿਤ ਅਤੇ ਪ੍ਰਭਾਵੀ ਅਧਿਐਨ ਰਾਹੀਂ ਲੇਖਕ ਨੇ ਅਦਰਸ਼ ਮਨੁੱਖ ਦੇ ਆਦਰਸ਼ਵਾਦੀ ਗੁਣਾਂ ਦਾ ਵਖਿਆਨ ਕੀਤਾ ਹੈ। ਇਸ ਕਿਤਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿੱਧ ਗੋਸਟਿ ਨੂੰ ਅਧਾਰ ਬਣਾਇਆ ਗਿਆ ਹੈ। ਖੋਜਾਰਥੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਨੁੱਖ ਨੂੰ ਪਰਿਵਰਤਨਸ਼ੀਲ ਸ਼ਖਸੀਅਤ ਦੇ ਤੌਰ ਤੇ ਦੇਖਿਆ ਗਿਆ ਹੈ ਜਿਸ ਵਿਚ ਅਨੇਕਾਂ ਗੁਣਾਂ ਦਾ ਭੰਡਾਰ ਹੁੰਦਾ ਹੈ। ਲੇਖਕ ਨੇ ਗੁਰਮੁਖਾਂ ਅਤੇ ਸਿੱਧਾਂ ਦਾ ਤੁਲਨਾਮਿਕ ਅਧਿਐਨ ਕਰਨ ਤੋਂ ਬਾਅਦ ਇਹ ਸਿੱਟਾ ਕੱਢਿਆ ਕਿ ਗੁਰਮੁਖਿ ਵਿਚ ਅਧਿਆਤਿਕ ਗੁਣ ਅਤੇ ਸੰਸਾਰਿਕ ਗੁਣ ਦੋਵੇਂ ਹੀ ਮੌਜੂਦ ਹੁੰਦੇ ਹਨ। ਲੇਖਿਕਾ ਅਨੁਸਾਰ ਅਦਾਰਸ਼ ਮਨੁੱਖ ਗੁਰੂ ਨਾਨਕ ਦੇਵ ਜੀ ਅਨੁਸਾਰ ਉਹ ਹੈ ਜੋ ਚੰਗੇ ਗੁਣਾਂ ਨੂੰ ਧਾਰਨ ਕਰਦਾ ਹੈ, ਈਮਾਨਦਾਰੀ ਅਤੇ ਸੱਚਾਈ ਨੂੰ ਅਪਣਾਉਂਦਾ ਹੈ ਅਤੇ ਕੰਮ ਪ੍ਰਤੀ ਅਣਥੱਕ ਅਤੇ ਈਮਾਨਦਾਰੀ ਦੀ ਭਾਵਨਾ ਦਾ ਰੁੱਖ ਅਪਣਾਉਂਦਾ ਹੈ।

40. "Spirituality in Management: Means or End" – ਇਹ ਕਿਤਾਬ ਐਸ.ਕੇ. ਚੱਕਰਵਰਤੀ ਅਤੇ ਦਵੀਗਸ਼ੂ ਚੱਕਰਵਰਤੀ ਦੁਆਰਾ 2008 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਕਿਤਾਬ ਰਾਹੀਂ ਮੁੱਖ ਤੱਥ ਸਾਹਮਣੇ ਨਿਕਲਦਾ ਹੈ ਕਿ ਭਾਰਤੀ ਪ੍ਰਬੰਧਕਾਂ ਨੂੰ ਨਿਸ਼ਕਾਮ ਕਰਮ ਦੇ ਸੰਕਲਪ ਨੂੰ ਅਪਣਾਉਣਾ ਚਾਹੀਦਾ ਹੈ। ਇਸ ਨਾਲ ਜਿੱਥੇ ਦਿਮਾਗੀ ਸ਼ਕਤੀ ਵਧਦੀ ਹੈ ਉਥੇ ਨਾਲ ਹੀ ਗਿਆਨ ਰਾਹੀਂ ਵਪਾਰ ਵਿਚ ਟਿਕਾਊ ਵਿਕਾਸ ਪੈਦਾ ਹੁੰਦਾ ਹੈ । ਅਧਿਐਨ ਵਿਚ ਸਾਹਮਣੇ ਆਉਂਦਾ ਹੈ ਕਿ ਵੇਦ ਉਪਦੇਸ਼ ਦਿੰਦੇ ਹਨ ਕਿ ਹਰ ਇੱਕ ਮਨੁੱਖ ਨੂੰ ਧਨ ਆਦਿ ਈਮਾਨਦਾਰੀ ਰਾਹੀਂ ਇਕੱਠਾ ਕਰਨਾ ਚਾਹੀਦਾ ਹੈ ਅਤੇ ਅਲੌਕਿਕ ਸ਼ਕਤੀਆਂ ਰਾਹੀਂ ਹੰਕਾਰ ਉੱਤੇ ਕੰਟਰੋਲ ਕਰਨਾ ਚਾਹੀਦਾ ਹੈ। ਇਸ ਕਿਤਾਬ ਵਿਚ ਭਾਰਤ ਦੇ ਪੁਰਾਣੇ ਅਧਿਆਤਮਿਕ ਪ੍ਰਵਾਹ ਵਿਚੋਂ ਅਨੇਕਾਂ ਹੀ ਗੁਣ ਜਿਵੇਂ ਲੀਡਰਸ਼ਿਪ ਦੇ ਗੁਣਾਂ ਦਾ ਵਰਣਨ ਕੀਤਾ ਗਿਆ ਹੈ। ਸਵਾਮੀ ਵਿਵੇਕਾਨੰਦ ਅਨੁਸਾਰ ਜਿਹੜੇ ਮਨੁੱਖ ਆਪਣੇ ਭੂਤਕਾਲ ਵਿਚ ਦੂਰ ਤੱਕ ਉੱਤਰ ਜਾਂਦੇ ਹਨ ਉਹਨਾਂ ਦਾ ਭਵਿੱਖ ਵਧੀਆ ਹੁੰਦਾ ਹੈ। ਮਹਾਤਮਾ ਗਾਂਧੀ ਅਨੁਸਾਰ ਹਉਮੈ ਅਧੀਨ ਇਕੱਤਰ ਕੀਤੀ ਪੂੰਜੀ ਅਸਮਾਨਤਾਵਾਂ ਨੂੰ ਜਨਮ ਦਿੰਦੀ ਹੈ ਜੋ ਕਿ ਅਨੈਤਿਕ ਹੈ। ਰਬਿੰਦਰਨਾਥ ਟੈਗੋਰ ਅਨੁਸਾਰ ਅੱਜ ਦੇ ਸਮੇਂ ਦੀ ਮੁੱਖ ਸਮੱਸਿਆ ਧਨ ਪਦਾਰਥਾਂ ਦਾ ਲਾਲਚ ਅਤੇ ਅਧਿਆਤਮਿਕ ਕਦਰਾਂ ਕੀਮਤਾਂ ਦਾ ਨਾਸ਼ ਹੈ। ਇਸ ਕਿਤਾਬ ਵਿਚ ਇਹ ਸਿੱਟਾ ਨਿਕਲਦਾ ਹੈ ਕਿ ਸਮਾਜਿਕ ਸਮੱਸਿਆਵਾਂ ਦਾ ਮੁੱਖ ਕਾਰਨ ਹੀ ਧਾਰਮਿਕ ਅਤੇ ਅਧਿਆਮਿਕ ਪ੍ਰਵ੍ਰਿਤੀਆਂ ਦਾ ਨਾਸ਼ ਹੋਣਾ ਹੈ। ਜਿੱਥੇ ਕੰਮ ਕਰਨ ਲਈ ਹੁਨਰ ਦੀ ਜ਼ੂਰਤ ਹੁੰਦੀ ਹੈ ਉਥੇ ਨਾਲ ਹੀ ਚੰਗੇ ਕੰਮ ਕਰਨ ਲਈ ਕੀਮਤਾਂ/ਮੁੱਲ ਪ੍ਰਬੰਧਾਂ ਦੀ ਜਰੂਰਤ ਹੁੰਦੀ ਹੈ।

41. ਕੀਮਤਾਂ ਉੱਤੇ ਅਧਾਰਿਤ ਪ੍ਰਬੰਧ-ਇਹ ਖੋਜ ਪੱਤਰ 2008 ਵਿਚ ਸਤੀਸ਼ ਮੌਧ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਇਸ ਖੋਜ ਪੱਤਰ ਅਨੁਸਾਰ ਕਾਮਯਾਬੀ ਲਈ ਸਖ਼ਤ ਮਿਹਨਤ ਦੀ ਜ਼ਰੂਰਤ ਹੁੰਦੀ ਹੈ ਪਰ ਮਨੁੱਖਾਂ ਦੇ ਲਾਲਚ ਕਾਰਨ ਅੱਜ ਦੇ ਸਮੇਂ ਸਫ਼ਲਤਾ

ਦੇ ਅਰਥ ਵੀ ਬਦਲੇ ਪ੍ਰਤੀਤ ਹੁੰਦੇ ਹਨ। ਇਸ ਵਿਚ ਕਾਮਯਾਬੀ ਦੀ ਕੀਮਤ ਅਤੇ ਸੰਬੰਧਾਂ ਦਾ ਅਧਾਰ ਇੱਕ ਵੱਡਾ ਸਵਾਲ ਹੈ। ਖੋਜਾਰਥੀ ਅਨੁਸਾਰ ਇਸ ਦਾ ਹੱਲ ਭਾਰਤੀ ਦਰਸ਼ਨ ਸ਼ਾਸਤਰ ਵਿਚ ਮਿਲ ਸਕਦਾ ਹੈ। ਜਦੋਂ ਮੁੱਲਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ ਜੋ ਲੋੜੀਂਦੇ ਹਨ ਅਤੇ ਜੋ ਲੋੜੀਂਦੇ ਨਹੀਂ ਉਹ ਮੁੱਲ ਪ੍ਰਬੰਧਾਂ ਵਿਚ ਸ਼ਾਮਿਲ ਨਹੀਂ ਹੁੰਦਾ। ਮਨੁੱਖ ਦੇ ਦਿਮਾਗੀ ਫੁਰਨੇ ਹੀ ਇਸ ਬਾਰੇ ਨਿਰਣਾ ਕਰਦੇ ਹਨ। ਇਸ ਖੋਜ ਕਾਰਜ ਦਾ ਉਦੇਸ਼ ਮੁੱਲ ਪ੍ਰਬੰਧਾਂ ਨੂੰ ਪ੍ਰਭਾਸ਼ਿਤ ਕਰਨਾ ਅਤੇ ਤਰਕ, ਨੈਤਿਕਤਾ, ਸੰਪੂਰਨ ਅਤੇ ਸੁੰਦਰਤਾ ਦੇ ਸੰਕਲਪਾਂ ਨੂੰ ਸਮਝਣਾ ਹੈ। ਨੈਤਿਕਤਾ ਵਿਚ ਉਹ ਸਾਰੇ ਗੁਣ ਸ਼ਾਮਿਲ ਹੁੰਦੇ ਹਨ ਜੋ ਸਮਾਜ ਅਤੇ ਦੂਜਿਆਂ ਪ੍ਰਤੀ ਜ਼ਿੰਮੇਵਾਰੀ ਨਾਲ ਸਬੰਧਿਤ ਹੁੰਦੇ ਹਨ। ਸੰਪੂਰਣ ਕੀਮਤ ਪ੍ਰਬੰਧ ਉਹ ਹੈ ਜੋ ਸੰਤੁਸ਼ਟੀ ਦੇ ਯੋਗ ਹੋਵੇ। ਸੱਚ, ਚੰਗਿਆਈ ਅਤੇ ਭਰੋਸੇਯੋਗਤਾ ਨੂੰ ਸੰਪੂਰਨ ਕੀਮਤਾਂ ਕਿਹਾ ਜਾ ਸਕਦਾ ਹੈ। ਇਸ ਖੋਜ ਪੱਤਰ ਦਾ ਸਿੱਟਾ ਇਹ ਕੱਢਿਆ ਗਿਆ ਹੈ ਪ੍ਰਬੰਧਕੀ ਕੰਮ ਨੈਤਿਕਤਾ ਤੇ ਅਧਾਰਿਤ ਹੋਣੇ ਚਾਹੀਦੇ ਹਨ ਇਸ ਵਿਚ ਤਾਰਕਿਕ ਪ੍ਰਸੰਗ, ਤਕਨੀਕਾਂ, ਅਤੇ ਸਰੋਤਾਂ ਦੀ ਯੋਗ ਵਰਤੋਂ ਜ਼ਰੂਰੀ ਹੈ।

42. "Spirituality based Leadership in Business" –ਇਹ ਖੋਜ ਪੱਤਰ ਪੀਟਰ ਪਰੂਜੂਆ ਦੁਆਰਾ 2008 ਵਿਚ ਪ੍ਰਸਤੁਤ ਕੀਤਾ ਗਿਆ। ਇਸ ਰਾਹੀਂ ਲੀਡਰਸ਼ਿਪ ਵਿਚ ਵਿਗਿਆਨਿਕ ਅਤੇ ਆਰਥਿਕ ਤਰਕਸ਼ੀਲਤਾ ਦੇਖਣ ਦਾ ਯਤਨ ਕੀਤਾ ਗਿਆ ਹੈ ਜੋ ਅਧਿਆਤਮਵਾਦ ਤੇ ਅਧਾਰਿਤ ਹੋਵੇ। ਇਸ ਲਈ ਖੋਜਾਰਥੀ ਨੇ ਅਨੁਭਵੀ ਅਧਿਐਨ ਅਧਾਰਿਤ 15 ਅਲੱਗ ਅਲੱਗ ਦੇਸ਼ਾਂ ਵਿਚ 31 ਲੀਡਰਾਂ ਦੀ ਇੰਟਰਵਿਊ ਲਈ ਹੈ। ਇਹਨਾਂ ਵਿਚ ਮਾਨਯੋਗ ਏ.ਪੀ.ਜੇ. ਅਬਦੁਲ ਕਲਾਮ, ਐਨ.ਐਸ. ਰਾਘਵਨ ਵਰਗੇ ਮਹਾਨ ਵਿਅਕਤੀ ਵੀ ਸ਼ਾਮਿਲ ਸਨ। ਇਸੇ ਦੇ ਅਧਾਰ ਤੇ ਲੀਡਰਸ਼ਿਪ ਦੇ ਉਹਨਾਂ ਨੁਕਤਿਆਂ ਨੂੰ ਸਾਹਮਣੇ ਲਿਆਂਦਾ ਗਿਆ ਜੋ ਲੰਬੇਸਮੇਂ ਲਈ ਮਨੁੱਖਾਂ ਦੀ ਅਗਵਾਈ ਕਰਨਦੇ ਯੋਗ ਹਨ। ਖੋਜਾਰਥੀ ਨੇ ਇਸ ਨੁਕਤੇ ਦੀ ਪ੍ਰੋੜਤਾ ਕੀਤੀ ਹੈ ਕਿ

ਮੁੱਲਾਂ ਤੇ ਅਧਾਰਿਤ ਅਗਵਾਈ ਰਾਹੀਂ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਅਤੇ ਨੈਤਿਕਤਾ ਨੂੰ ਹਾਸਿਲ ਕੀਤਾ ਜਾ ਸਕਦਾ ਹੈ। ਇਸ ਖੋਜ ਪੱਤਰ ਦਾ ਸਿੱਟਾ ਇਹ ਕੱਢਿਆ ਗਿਆ ਹੈ ਕਿ ਲੀਡਰ ਵਿਚ ਅਧਿਆਤਮਕ ਗੁਣਾਂ ਦੇ ਨਾਲ ਤਾਰਕਿਕ ਨਜ਼ਰੀਆ ਵੀ ਜ਼ਰੂਰੀ ਹੈ।

43. The Application of Ethics in Business:Malaysian and Islamic PerspectiveÓ –ਇਸ ਖੋਜ ਪੱਤਰ ਅਬਦੁਲ ਹਾਮਿਦ ਦੁਆਰਾ 2009 ਵਿਚ ਪ੍ਰਸਤੂਤ ਕੀਤਾ ਗਿਆ । ਲੇਖਕ ਅਨੁਸਾਰ ਵਪਾਰਿਕ ਸੰਸਥਾਵਾਂ ਵਿਚ ਵਪਾਰਿਕ ਨੈਤਿਕਤਾ ਦੇ ਇਸਲਾਮ ਅਧਾਰਿਤ ਸਿਧਾਂਤਾਂ ਰਾਹੀਂ ਨੈਤਿਕਤਾ ਵਿਚ ਵਾਧਾ ਕੀਤਾ ਜਾ ਸਕਦਾ ਹੈ। ਖੋਜ ਪੱਤਰ ਵਿਚ ਮਲੇਸ਼ੀਆ ਦੇਸ਼ ਦੇ ਸਾਰੇ ਧਰਮਾਂ ਖਾਸ ਕਰਕੇ ਇਸਲਾਮ ਦੇ ਨੈਤਿਕਤਾ ਦੇ ਸਿਧਾਂਤਾਂ ਨੂੰ ਲਿਆ ਗਿਆ ਸੀ। ਇਸ ਖੋਜ ਅਨੁਸਾਰ ਇਸਲਾਮ ਅਨੁਸਾਰ ਵਪਾਰ ਵਿਚ ਅਨੁਸ਼ਾਸਨ ਅਤੇ ਨੈਤਿਕਤਾ ਦੇ ਸਿਧਾਂਤ ਹੋਣੇ ਲਾਜ਼ਮੀ ਹਨ ਜਿਹਨਾਂ ਵਿਚ ਯੋਗ ਲਾਭ, ਸੱਚਾਈ, ਭਰੋਸੇਯੋਗਤਾ ਸ਼ਾਮਿਲ ਹਨ। ਇਸ ਅਧਿਐਨ ਅਨੁਸਾਰ ਧਰਮ, ਸੱਭਿਆਚਾਰ ਅਤੇ ਰੀਤੀ-ਰਿਵਾਜ, ਨੈਤਿਕਤਾ ਅਧਾਰਿਤ ਸਮਾਜ ਦੀ ਉਸਾਰੀ ਲਈ ਜ਼ਿੰਮੇਵਾਰ ਹੁੰਦੇ ਹਨ।

44. ÒCorporate Goverance: Western and Islamic PerspectiveÓ–ਇਹ ਖੋਜ ਪੱਤਰ 2009 ਵਿਚ ਜ਼ੁਲਕਾਫ਼ਲੀ ਹਸਨ ਦੁਅਰਾ ਪ੍ਰਸਤੁਤ ਕੀਤਾ ਗਿਆ। ਇਸ ਅਧਿਐਨ ਰਾਹੀਂ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਇਸਲਾਮ ਵਿਚ ਵਪਾਰਿਕ ਨੈਤਿਕਤਾ ਦੇ ਸਿਧਾਂਤਾਂ ਰਾਹੀਂ ਵਪਾਰਿਕ ਪ੍ਰਬੰਧ ਅਤੇ ਵਪਾਰ ਦੇ ਭਾਈਵਾਲਾਂ ਦੇ ਹਿੱਤਾਂ ਦੀ ਗੱਲ ਕੀਤੀ ਗਈ ਹੈ। ਇਸਖੋਜ ਕਾਰਜਵਿਚ ਇਸਲਾਮ ਅਧਾਰਿਤ ਵਪਾਰ ਪ੍ਰਬੰਧਨ ਦੇਸਿਧਾਂਤਾਂ ਦੀ ਵਿਆਖਿਆ ਕੀਤੀ ਹੈ ਅਤੇ ਤੁਲਨਾਤਮਿਕ ਅਧਿਐਨ ਪੱਛਮੀ ਸੰਕਲਪਾਂ ਨਾਲ ਕੀਤਾ ਗਿਆ ਹੈ। ਖੋਜਾਰਥੀ

ਅਨੁਸਾਰ ਇਸਲਾਮ ਵਿਚ ਵਪਾਰਿਕ ਮਾਡਲ ਵੱਖਰੀਆਂ ਵਿਸ਼ੇਸ਼ਤਾਵਾਂ ਰੱਖਦਾ ਹੈ ਅਤੇ ਇਹਨਾਂ ਦੀ ਸਾਰਥਿਕਤਾ ਪੱਛਮੀ ਮਾਡਲਾਂ ਤੋਂ ਵੱਧ ਹੈ। ਇਸ ਪੱਤਰ ਦੇ ਸਾਰਾਂਸ਼ ਵਿਚ ਲੇਖਕ ਨੇ ਇਹ ਸਿੱਟਾ ਕੱਢਿਆ ਹੈ ਕਿ ਸਮਾਜ ਦੇ ਭਲੇ ਤੋਂ ਬਗੈਰ ਵਪਾਰਿਕ ਸਫ਼ਲਤਾ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ।

45. "Business Principles from the Bhagwat Gita" –ਇਹ ਖੋਜ ਨਿਬੰਧ ਸੁਧਾਖਰ ਰੈਡੀ ਦੁਆਰਾ 2009 ਵਿਚ ਪ੍ਰਸਤੁਤ ਕੀਤਾ ਗਿਆ। ਇਸ ਰਾਹੀਂ ਭਗਵਤ ਗੀਤਾ ਦੇ ਸਿਧਾਂਤਾਂ ਦਾ ਵਪਾਰਿਕ ਕਿਰਿਆਵਾਂ ਵਿਚ ਮਹੱਤਵ ਨੂੰ ਬਿਆਨ ਕੀਤਾ ਗਿਆ ਹੈ। ਇਸ ਖੋਜ ਕਾਰਜ ਦਾ ਉਦੇਸ਼ ਪੱਛਮੀ ਮਾਡਲਾਂ ਨੂੰ ਭਾਰਤ ਦੇ ਸੰਕਲਪ ‘ਸਰਬੱਤ ਦਾ ਭਲਾ’ ਰਾਹੀਂ ਭਾਰਤੀ ਸਥਿਤੀਆਂ ਅਨੁਸਾਰ ਮੁੜ ਪ੍ਰਭਾਸ਼ਿਤ ਕਰਨਾ ਹੈ। ਇਹਨਾਂ ਮਾਡਲਾਂ ਦਾ ਅਧਿਐਨ ਭਗਵਤ ਗੀਤਾ ਦੀ ਸਿੱਖਿਆ ਅਨੁਸਾਰ ਕੀਤਾ ਗਿਆ ਹੈ। ਖੋਜਾਰਥੀ ਅਨੁਸਾਰ ਦਿਮਾਗੀ ਸ਼ਾਂਤੀ ਅਤੇ ਸੰਤੁਲਨ, ਆਸ਼ਾਵਾਦੀ ਰਵੱਈਆ ਅਤੇ ਸਰਬਸ਼ਾਂਤੀ ਦਾ ਸੰਕਲਪ ਭਗਵਤ ਗੀਤਾ ਦਾ ਹੀ ਹੈ ਅਤੇ ਲੇਖਕ ਦਾ ਵਿਚਾਰ ਹੈ ਕਿ ਝੂਠ, ਹੰਕਾਰ ਅਤੇ ਅਨੈਤਿਕ ਕ੍ਰਿਆਂਵਾਂ ਤੋਂ ਛੁਟਕਾਰਾ ਵੀ ਇਸੇ ਰਾਹੀਂ ਸੰਭਵ ਹੈ। ਖੋਜਾਰਥੀ ਅਨੁਸਾਰ ਲੀਡਰ ਆਸ਼ਾਵਾਦੀ ਵਤੀਰੇ ਵਾਲੇ ਅਤੇ ਦੂਰ ਦੀ ਸੋਚ ਰੱਖਣ ਵਾਲਾ ਹੋਣਾ ਚਾਹੀਦਾ ਹੈ। ਇਸ ਅਧਿਐਨ ਰਾਹੀਂ ਸਿੱਟਾ ਇਹ ਨਿਕਲਦਾ ਹੈ ਕਿ ਪ੍ਰਬੰਧਕ ਨੂੰ ਸਮੱਸਿਆਵਾਂ ਦੇ ਹੱਲ ਲਈ ਜ਼ਮੀਨੀ ਪੱਧਰ ਤੋਂ ਸੋਚਣ ਦੀ ਜ਼ਰੂਰਤ ਹੁੰਦੀ ਹੈ ਅਤੇ ਇਸ ਨਾਲ ਨਤੀਜਿਆਂ ਦੀ ਗੁਣਵੱਤਾ ਆਪ ਮੁਹਾਰੇ ਵੱਧ ਜਾਂਦੀ ਹੈ।

46. An Analysis of Islamic CSR Concept and the Opinions of Malaysian Managers–ਇਹ ਖੋਜ ਪੱਤਰ ਚਮੂਰੀ ਸ਼ਿਵਰ ਅਤੇ ਮੁਹੰਮਦ ਤਾਰਿਕ ਹੁਸੈਨ ਦੁਆਰਾ 2009 ਵਿਚ ਪ੍ਰਸਤੁਤ ਕੀਤਾ ਗਿਆ। ਇਸ ਖੋਜ ਪੱਤਰ ਰਾਹੀਂ ਇਸਲਾਮ ਦੇ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦੇ ਸੰਕਲਪ ਨੂੰ ਮਲੇਸ਼ੀਅਨ ਪ੍ਰਬੰਧਕਾਂ

ਰਾਹੀਂ ਵਾਚਣ ਦਾ ਯਤਨ ਕੀਤਾ ਗਿਆ ਹੈ। ਲੇਖਕ ਅਨੁਸਾਰ ਇਸਲਾਮ ਕੇਵਲ ਧਰਮ ਨਹੀਂ ਸਗੋਂ ਜਿੰਦਗੀ ਦੇ ਹਰ ਪਹਿਲੂ ਲਈ ਸਹਾਇਕ ਹੈ। ਇਸ ਲਈ ਇਸਲਾਮ ਦੇ ਮੁੱਲ ਪ੍ਰਬੰਧ ਅਤੇ ਸਿਧਾਂਤ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦੇ ਸੰਕਲਪ ਦਾ ਅਧਾਰ ਹਨ। ਉਹਨਾਂ ਨੇ 50 ਸੰਸਥਾਵਾਂ ਜੋ ਕਿ ਮਲੇਸ਼ੀਆ ਵਿਚ ਸਥਿਤ ਹਨ ਵਿਚੋਂ ਪ੍ਰਸ਼ਨੋਤਰੀ ਰਾਹੀਂ ਡਾਟਾ ਇਕੱਤਰ ਕੀਤਾ ਹੈ। ਇਸ ਪ੍ਰਸ਼ਨੋਤਰੀ ਵਿਚ ਇਸਲਾਮ ਦੇ ਮੂਲ ਸਿਧਾਂਤਾਂ ਨੂੰ ਸਰਵੇਖਣ ਦਾ ਅਧਾਰ ਬਣਾਇਆ ਹੈ। ਇਹ ਗੱਲ ਸਰਵੇਖਣ ਤੋਂ ਸਾਹਮਣੇ ਆਉਂਦੀ ਹੈ ਕਿ ਇਸਲਾਮ ਦੇ ਸਿਧਾਂਤਾਂ ਅਤੇ ਪ੍ਰਬੰਧਕਾਂ ਦੇ ਵਿਚਕਾਰ ਪੂਰਣ ਇਕਸਾਰਤਾ ਨਜ਼ਰ ਆਉਂਦੀ ਹੈ। ਪੇਪਰ ਦੇ ਸਿੱਟੇ ਵਜੋਂ ਇਹ ਗੱਲ ਨਿੱਕਲ ਕੇ ਸਾਹਮਣੇ ਆਉਂਦੀ ਹੈ ਕਿ ਇਸਲਾਮ ਦੇ ਸਿਧਾਂਤ ਵਪਾਰਿਕ ਜ਼ਿੰਮੇਵਾਰੀ ਦੀਆਂ ਨੀਤੀਆਂ ਦੇ ਨਿਰਮਾਣ ਵਿਚ ਅਧਾਰ ਵਜੋਂ ਕੰਮ ਕਰਦੇ ਹਨ।

47. Hindu Philosophy: Bridging Corporate Governance and CSR–ਇਹ ਖੋਜ ਪ੍ਰਬੰਧ ਮਨੋਜ ਕੁਮਾਰ ਸ਼ਰਮਾ, ਪੂਨਮ ਅਗਰਵਾਲ ਅਤੇ ਤਰਜਾ ਕੀਟੋਲਾ ਦੁਆਰਾ 2009 ਵਿਚ ਪ੍ਰਸਤੁਤ ਕੀਤਾ ਗਿਆ। ਇਸ ਪੇਪਰ ਰਾਹੀਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਕਿਵੇਂ ਵਪਾਰਕ ਕਾਰਜਕਾਰਣੀ ਅਤੇ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਵਿਚ ਇੱਕ ਵੱਡਾ ਖਲਾਅ ਪੈਦਾ ਹੋ ਰਿਹਾ ਹੈ। ਇਸ ਖੋਜ ਪੱਤਰ ਦਾ ਉਦੇਸ਼ ਹਿੰਦੂ ਮਿਥਿਹਾਸ ਨੂੰ ਵਰਤ ਕੇ ਭਾਰਤੀ ਦਰਸ਼ਨ ਸ਼ਾਸਤਰ ਦੇ ਉਹਨਾਂ ਚੰਗੇ ਵਿਚਾਰਾਂ ਨੂੰ ਸਾਹਮਣੇ ਲੈ ਕੇ ਆਉਣਾ ਹੈ ਜਿਸ ਕਾਰਨ ਸਮਾਜ ਵਿਚ ਜ਼ਿੰਮੇਵਾਰੀ ਵਾਲੇ ਵਤੀਰੇ ਵਿਚ ਵਾਧਾ ਹੋ ਸਕੇ। ਇਸ ਖੋਜ ਕਾਰਜ ਵਿਚ 50 ਭਾਰਤੀ ਨਿੱਜੀ ਕੰਪਨੀਆਂ ਦੀਆਂ ਸਲਾਨਾ ਰਿਪੋਰਟਾਂ ਦਾ ਅਧਿਐਨ ਕਰਨ ਉਪਰੰਤ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿੰਨੇ ਅਦਾਰਿਆਂ ਵੱਲੋਂ ਵਪਾਰਿਕ ਜ਼ਿੰਮੇਵਾਰੀ ਦਾ ਸੰਕਲਪ ਉਹਨਾਂ ਦੀ ਕਾਰਜਕਾਰਣੀ ਵਿਚ ਸ਼ਾਮਿਲ ਹੈ। ਇਹ ਗੱਲ ਸਰਵੇਖਣ ਉਪਰੰਤ ਸਾਹਮਣੇ ਆਈ ਕਿ ਕੰਪਨੀਆਂ ਵੱਲੋਂ 100 ਪ੍ਰਤੀਸ਼ਤ ਜ਼ਰੂਰੀ ਸੂਚਨਾਵਾਂ ਨੂੰ ਨਸ਼ਰ ਕੀਤਾ ਗਿਆ ਪਰ 13 ਪ੍ਰਤੀਸ਼ਤ ਸੂਚਨਾਵਾਂ

ਅਜਿਹੀਆਂ ਸਨ ਜੋ ਜ਼ਰੂਰੀ ਸੂਚਨਾਵਾਂ ਦੇ ਦਾਇਰੇ ਤੋਂ ਬਾਹਰ ਸੀ ਅਤੇ ਉਹਨਾਂ ਨੂੰ ਨਸ਼ਰ ਨਹੀਂ ਕੀਤਾ ਗਿਆ। ਖੋਜ ਪੱਤਰ ਅਨੁਸਾਰ ਇਹਨਾਂ ਕੰਪਨੀਆਂ ਦੀ ਨੀਤੀ ਨਿਰਮਾਣ ਬਾਰੇ ਨਿਰੀਖਣ ਕਰਨ ਦੀ ਜ਼ਰੂਰਤ ਹੈ ਅਤੇ ਜਿਹੜੀਆਂ ਸੂਚਨਾਵਾਂ ਜ਼ਰੂਰੀ ਸੂਚਨਾਵਾਂ ਦੀ ਕੈਟਾਗਿਰੀ ਚੋ ਬਾਹਰ ਹਨ ਉਹਨਾਂ ਤੇ ਵਿਚਾਰ ਕਰਨ ਦੀ ਜਰੂਰਤ ਹੈ ਤਾਂ ਕਿ ਲਾਭਪਾਤਰੀਆਂ ਦੇ ਹੱਕਾਂ ਲਈ ਹੋਰ ਵੀ ਵੱਧ ਸੂਚਨਾਵਾਂ ਨੂੰ ਨਸ਼ਰ ਕੀਤਾ ਜਾ ਸਕੇ। ਇਸ ਖੋਜ ਪੱਤਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਜਿਹਨਾਂ ਵਪਾਰਿਕ ਨੀਤੀਆਂ ਦਾ ਇਸਤੇਮਾਲ ਸਾਡੇ ਪੂਰਵਜਾਂ ਦੁਆਰਾ ਕੀਤਾ ਗਿਆ ਉਹਨਾਂ ਦੀ ਮੁੜ ਪੜਤਾਲ ਕਰ ਕੇ ਅੱਜ ਦੇ ਸਮੇਂ ਵੀ ਅਪਨਾਉਂਣ ਦੀ ਜ਼ਰੂਰਤ ਹੈ।

48. "Business Ethics : Perspective in Judaic, Christian and Islamic Scripture" ਇਹ ਖੋਜ ਪੱਤਰ ਮੁਨੀਰ ਕੋਟਸ, ਹੈਨਰੀ ਬੈਲੀ ਅਤੇ ਲਰੀ ਆਰ. ਵਾਈਟ ਦੁਆਰਾ 2009 ਵਿਚ ਪ੍ਰਸਤੁਤ ਕੀਤਾ ਗਿਆ। ਇਹਨਾਂ ਲੇਖਕਾਂ ਦੁਆਰਾ ਯਹੂਦੀ, ਇਸਾਈ ਅਤੇ ਇਸਲਾਮ ਮੱਤ ਨਾਲ ਸਬੰਧਿਤ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਖੋਜ ਦਾ ਮੁੱਖ ਉਦੇਸ਼ ਇਹਨਾਂ ਗ੍ਰੰਥਾਂ ਦੀ ਮੱਦਦ ਨਾਲ ਕੰਮ ਦੇ ਸਥਾਨ ਤੇ ਉਪਜਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨ ਕਰਨਾ ਸੀ। ਇਸ ਅਧਿਐਨ ਰਾਹੀਂ ਇਹ ਸਾਹਮਣੇ ਆਉਂਦਾ ਹੈ ਕਿ ਮ'ਜੂਦਾ ਸਮੇਂ ਦੀ ਵਪਾਰਿਕ ਨੈਤਿਕਤਾ ਬਾਰੇ ਇਹਨਾਂ ਧਰਮਾਂ ਦੇ ਗ੍ਰੰਥਾਂ ਵਿਚ ਅਨੇਕਾਂ ਹੀ ਹਵਾਲੇ ਮਿਲਦੇ ਹਨ ਜਿਵੇਂ ਕਿ ਵਪਾਰ ਦੀਆਂ ਅਨੇਕਾਂ ਸਮੱਸਿਆਵਾਂ ਜਿਸ ਵਿਚ ਰਿਸ਼ਵਤ ਖੋਰੀ, ਧੋਖੇਧੜੀਆਂ ਅਤੇ ਕੰਮ ਦੇ ਸਥਾਨ ਤੇ ਵਿਤਕਰੇ ਆਦਿ ਦੇ ਸਬੰਧ ਵਿਚ ਅਨੇਕਾਂ ਹੀ ਪ੍ਰਮਾਣ ਮ'ਜੂਦ ਹਨ। ਇਹਨਾਂ ਸਾਰੇ ਹੀ ਧਰਮਾਂ ਦੇ ਸਿਧਾਂਤਾਂ ਵਿਚ ਇਹਨਾਂ ਗਤੀਵਿਧੀਆਂ ਦਾ ਖੰਡਨ ਕੀਤਾ ਹੈ। ਇਸ ਖੋਜ ਕਾਰਜ ਦਾ ਸਿੱਟਾ ਇਹ ਨਿਕਲਦਾ ਹੈ, ਇਹਨਾਂ ਧਰਮਾਂ ਦੇ ਗ੍ਰੰਥਾਂ ਦੇ ਅਧਾਰ ਤੇ ਵਿਸ਼ਵ ਪੱਧਰ ਤੇ ਵਪਾਰਿਕ ਨੈਤਿਕਤਾ ਲਈ ਇੱਕ ਸਿਧਾਂਤਕ ਨਿਯਮਾਂਵਲੀ ਤਿਆਰ ਕੀਤੀ ਜਾ ਸਕਦੀ ਹੈ।

49. Ethical Leader Behaviour and Big Five Factors of Personality–ਇਹ ਖੋਜ ਪੱਤਰ ਕਾਰੌਸੀ ਕਾਲ ਸੌਵਸ, ਡੀਆਸੇ ਐੱਨ. ਹਾਰਲੋਗ ਅਤੇ ਅਨਬੇਲ ਹੂਰਾਂ ਦੁਆਰਾ 2010 ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਸਖ਼ਸ਼ੀਅਤ ਦੇ ਵੱਖ ਵੱਖ ਗੁਣਾਂ ਦਾ ਵਿਸਥਾਰਪੂਰਵਕ ਵਰਣਨ ਕਰਨਾ ਹੈ। ਸਖ਼ਸ਼ੀਅਤ ਦੇ ਪੰਜ ਗੁਣ ਜਿਹਨਾਂ ਦਾ ਅਧਿਐਨ ਕੀਤਾ ਗਿਆ ਉਹਨਾਂ ਵਿਚ –ਮੰਨਣ ਸ਼ਕਤੀ, ਚੇਤਨਤਾ, ਆਤਮਿਕ ਸਥਿਰਤਾ, ਸੰਜਮਤਾ ਅਤੇ ਗਿਆਨ ਦੀ ਚਾਹਤ ਸ਼ਾਮਿਲ ਸਨ। ਇਸ ਖੋਜ ਕਾਰਜ ਲਈ ਨੀਂਦਰਲੈਂਡ ਵਿਚ 91 ਨਿਰੀਖਕਾਂ ਅਤੇ 182 ਸਹਾਇਕ ਕਰਮਚਾਰੀਆਂ ਤੇ ਸਰਵੇਖਣ ਕੀਤਾ ਗਿਆ। ਸਰਵੇਖਣ ਵਿਚ ਇਹ ਸਾਹਮਣੇ ਆਇਆ ਕਿ ਚੇਤਨ ਮਨੁੱਖ ਜ਼ਿੰਮੇਵਾਰੀ ਨਾਲ ਪ੍ਰਬੰਧਕੀ ਕਾਰਜਾਂ ਨੂੰ ਪੂਰਾ ਕਰਦੇ ਹਨ ਅਤੇ ਇਹਨਾਂ ਦੀ ਸਖ਼ਸ਼ੀਅਤ ਵਿਚ ਉੱਪਰ ਦਿੱਤੇ ਸਾਰੇ ਗੁਣ ਮੌਜੂਦ ਸਨ। ਅੰਤ ਵਿਚ ਇਸ ਖੋਜ ਕਾਰਜ ਰਾਹੀਂ ਇਹ ਸਿੱਟਾ ਸਾਹਮਣੇ ਆਉਂਦਾ ਹੈ ਕਿ ਮੰਨਣ ਸ਼ਕਤੀਆਂ ਅਤੇ ਆਤਮਿਕ ਸਥਿਰਤਾ ਨੈਤਿਕ ਲੀਡਰਸ਼ਿਪ ਲਈ ਅਤਿ ਜ਼ਰੂਰੀ ਹਨ।

50. "Business Excellence and Vedic Philosophy – An Empirical Evaluation"– ਇਹ ਖੋਜ ਕਾਰਜ ਏ.ਕੇ. ਸ਼ਰਮਾ, ਬਲਵੀਰ ਤਲਵਾਰ ਅਤੇ ਸਤੀਸ਼ ਕੁਮਾਰ ਦੁਆਰਾ 2010 ਵਿਚ ਪ੍ਰਸਤੁਤ ਕੀਤਾ ਗਿਆ। ਇਸ ਖੋਜ ਕਾਰਜ ਵਿਚ ਮੌਜੂਦਾ ਪ੍ਰਬੰਧਕੀ ਗਤੀਵਿਧੀਆਂ ਅਤੇ ਵੈਦਿਕ ਫ਼ਲਾਸਫੀ ਦਾ ਸਬੰਧ ਸਾਹਮਣੇ ਲਿਅਉਂਦਾ ਹੈ। ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਵੈਦਿਕ ਫ਼ਲਾਸਫੀ ਦਾ ਮੁੱਖ ਉਦੇਸ਼ Universal Business Excellence Model (UBEM) ਦਾ ਨਿਰਮਾਣ ਕਰਨਾ ਹੈ ਤਾਂ ਕਿ ਅੰਦਰੂਨੀ ਅਤੇ ਬਾਹਰੀ ਪੱਧਰ ਤੇ ਬਦਲਦੇ ਵਪਾਰਿਕ ਮਾਹੌਲ ਵਿਚ ਵਪਾਰ ਦਾ ਟਿਕਾਊ ਵਿਕਾਸ ਯਕੀਨੀ ਬਣਾਇਆ ਜਾ ਸਕੇ। ਵੈਦਿਕ ਫ਼ਲਾਸਫੀ ਦੇਅਧਾਰਤੇ151 ਵਪਾਰਿਕ ਲੀਡਰਾਂ ਤੋਂ ਜਾਣਕਾਰੀ ਹਾਸਿਲ ਕੀਤੀ ਗਈ। UBEM ਨੂੰ3 ਵੈਦਿਕ ਪੱਖਾਂਨੂੰ ਧਿਆਨਵਿਚ ਰੱਖਕੇ ਬਣਾਇਆ ਗਿਆ ਇਸਵਿਚ ਧਰਮ, ਅਰਥ

(ਪੈਸਾ) ਅਤੇ ਮੋਕਸ਼ (ਮੁਕਤੀ) ਸ਼ਾਮਿਲ ਸਨ। ਇਸ ਖੋਜ ਪੱਤਰ ਰਾਹੀਂ ਵਪਾਰਿਕ ਸਫ਼ਲਤਾ ਲਈ ਵੈਦਿਕ ਫ਼ਲਾਸਫੀ ਦੇ ਅਧਾਰ ਤੇ ਇਹ ਮਾਡਲ ਸਾਹਮਣੇ ਆਉਂਦਾ ਹੈ।

51. Implications of Islamic On Management Theory and Practice-ਇਹ ਕਿਤਾਬ ਫੋਆਂਦ ਮਿਔਨੀ ਦੁਆਰਾ 2010 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਵਿਚ ਮੱਧ ਏਸ਼ੀਆ ਦੇ ਖਿੱਤੇ ਦੀਆਂ ਦੋ ਸੰਸਥਾਵਾਂ ਦੀਆਂ ਪ੍ਰਬੰਧਕੀ ਕਿਰਿਆਵਾਂ ਦਾ ਅਧਿਐਨ ਕੀਤਾ ਗਿਆ ਹੈ। ਦੋਹਾਂ ਸੰਸਥਾਵਾਂ ਵਿਚੋਂ 110 ਕਰਮਚਾਰੀਆਂ ਤੇ ਸਰਵੇਖਣ ਕੀਤਾ ਗਿਆ। ਇਸ ਨਾਲ ਇਹ ਸਾਹਮਣੇ ਆਇਆ ਕਿ ਉਹਨਾਂ ਦੇ ਕੰਮਾਂ ਵਿਚ ਈਮਾਨਦਾਰੀ, ਜ਼ਿੰਮੇਵਾਰੀ, ਨਿਆਂ, ਸ੍ਵੈ-ਅਨੁਸ਼ਾਸਨ, ਜਵਾਬਦੇਹੀ ਅਤੇ ਇਕਸਾਰਤਾ ਦੇ ਤੱਤ ਸਾਹਮਣੇ ਆਏ ਹਨ। ਜਦੋਂ ਇਹਨਾਂ ਸਰਵੇਖਣਾਂ ਦਾ ਸਿੱਟਾ ਕੱਢਿਆ ਗਿਆ ਤਾਂ ਇਹ ਤੱਥ ਸਾਹਮਣੇ ਆਏ ਕਿ ਇਸਲਾਮਿਕ ਮੁੱਲ ਪ੍ਰਬੰਧਾਂ ਰਾਹੀਂ ਕਰਮਚਾਰੀਆਂ ਦੇ ਵਿਵਹਾਰ ਵਿਚ ਬਦਲਾਵ ਆਏ ਹਨ ਅਤੇ ਇਸ ਨਾਲ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਵਾਧਾ ਹੁੰਦਾ ਹੈ।

52. Sattvik Approach in Leading – The Essence of Indian Ethos- ਇਹ ਖੋਜ ਪੱਤਰ ਗੁਰੂਤੇਜ ਸਿੰਘ ਅਤੇ ਐਫ.ਐਸ. ਰੈਬੀਲੋ ਦੁਆਰਾ 2010 ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਰਾਹੀਂ ਸਾਤਵਿਕ ਲੀਡਰਸ਼ਿਪ ਦਾ ਮਹੱਤਵ ਮੌਜੂਦਾ ਸਮੇਂ ਦੇਖਣ ਦਾ ਯਤਨ ਕੀਤਾ ਗਿਆ ਹੈ ਅਤੇ ਇਸੇ ਅਧਾਰ ਤੇ ਵਿਕਾਸ ਲਈ ਸਾਤਵਿਕ ਲੀਡਰਸ਼ਿਪ ਦਾ ਮਾਡਲ ਤਿਆਰ ਕੀਤਾ ਗਿਆ ਹੈ ਜੋ ਸ੍ਰੀ ਕ੍ਰਿਸ਼ਨ ਜੀ ਦੀਆਂ ਸਿੱਖਿਆਵਾਂ ਤੇ ਅਧਾਰਿਤ ਹੈ। ਇਹ ਮਾਡਲ ਗਰੁੱਪ ਦੀਆਂ ਕੀਮਤਾਂ, ਵਿਅਕਤੀਗਤ ਕੀਮਤਾਂ, ਸਮਾਜਿਕ ਕੀਮਤਾਂ ਅਤੇ ਸਾਤਵਿਕ ਕੀਮਤਾਂ ਦੇ ਉੱਪਰ ਅਧਾਰਿਤ ਹੈ। ਖੋਜਾਰਥੀ ਵੱਲੋਂ 50 ਲੀਡਰਾਂ ਜੋ ਕਿ ਅਲੱਗ ਅਲੱਗ ਉਦਯੋਗਾਂ ਨਾਲ ਸਬੰਧਿਤ ਸਨ ਤੇ ਸਰਵੇਖਣ ਕੀਤਾ ਗਿਆ। ਇਸ ਅਧਿਐਨ ਰਾਹੀਂਇਹ ਸਾਹਮਣੇ ਆਇਆ ਕਿ

ਜਵਾਬ ਦੇਣ ਵਾਲਿਆਂ ਨੇ ਇਹ ਮੰਨਿਆ ਹੈ ਕਿ ਉਹਨਾਂ ਦੇ ਲੀਡਰਸ਼ਿਪ ਗੁਣਾਂ ਵਿਚ ਕਮੀ ਹੈ ਅਤੇ ਸਾਤਵਿਕ ਮਾਡਲ ਅਨੁਸਾਰ ਇਸ ਵਿਚ ਸੁਧਾਰ ਕੀਤਾ ਜਾ ਸਕਦਾ ਹੈ। ਉਹਨਾਂ ਨੇ ਇਹ ਵੀ ਮੰਨਿਆ ਹੈ ਕਿ Vasudhaiv Kutombakam ਜਿਸ ਦਾ ਅਰਥ ਸਾਰਾ ਸੰਸਾਰ ਹੀ ਇੱਕ ਪਰਿਵਾਰ ਹੈ, ਨੂੰ ਲੀਡਰ ਦੇ ਗੁਣਾਂ ਵਿਚ ਧਾਰਣ ਕਰਨਾ ਜ਼ਰੂਰੀ ਹੈ। ਇਸ ਖੋਜ ਕਾਰਜ ਰਾਹੀਂ ਇਹ ਸਿੱਟਾ ਕੱਢਿਆ ਗਿਆ ਹੈ ਕਿ ਸਮਰਪਣ ਦੀ ਭਾਵਨਾ, ਪਰਉਪਕਾਰੀ ਸੁਭਾਅ ਅਤੇ ਸ੍ਵੈ-ਅਨੁਸ਼ਾਸਨ ਹਰ ਇੱਕ ਸੰਸਥਾ ਲਈ ਅਹਿਮ ਤੱਤ ਹਨ।

53. The Iranian Manager : Work Value and Orientation-ਇਹ ਖੋਜ ਪੱਤਰ 2011 ਵਿਚ ਅਬਾਸ ਜੇ. ਅਲੀ ਅਤੇ ਅਹਿਮਦ ਆਸਿਰਸ਼ਾਹੀ ਦੁਆਰਾ ਪ੍ਰਸਤੁਤ ਕੀਤਾ ਗਿਆ। ਇਸ ਖੋਜ ਪੱਤਰ ਦਾ ਉਦੇਸ਼ ਇਰਾਨ ਦੇ ਪ੍ਰਬੰਧਕਾਂ ਵਿਚ ਪ੍ਰਬੰਧਕੀ ਗੁਣਾਂ ਦਾ ਅਧਿਐਨ ਕਰਨਾ ਹੈ। ਖੋਜਾਰਥੀ ਨੇ ਉਥੇ 708 ਪ੍ਰਬੰਧਕਾਂ ਤੇ ਅਧਿਐਨ ਕੀਤਾ ਜਿਹੜੇ ਕਿ ਸਰਕਾਰੀ, ਨਿੱਜੀ ਅਤੇ ਸਾਂਝੇ ਸੈਕਟਰਾਂ ਨਾਲ ਸਬੰਧਿਤ ਸਨ। ਇਸ ਅਧਿਐਨ ਰਾਹੀਂ ਇਹ ਤੱਥ ਸਾਹਮਣੇ ਆਇਆ ਕਿ ਇਰਾਨ ਦੇ ਪ੍ਰਬੰਧਕ ਨਿਯਮਾਂ ਦੀ ਪਾਲਣਾ ਨੂੰ ਪਸੰਦ ਕਰਦੇ ਹਨ। ਉਹਨਾਂ ਦੀਆਂ ਨੀਤੀਆਂ ਸਰਬੱਤ ਦੇ ਭਲੇ ਤੇ ਅਧਾਰਿਤ ਹਨ ਅਤੇ ਧਨ ਦੌਲਤ ਲਈ ਲਾਲਚ ਨਹੀਂ ਹੈ। ਉਹਨਾਂ ਦੇ ਵਿਵਹਾਰ ਵਿਚ ਸਮਾਜ ਅਧਾਰਿਤ ਮੁੱਲ ਪ੍ਰਬੰਧ ਮੌਜੂਦ ਹਨ। ਪ੍ਰਬੰਧਕਾਂ ਦੇ ਮੁੱਲ ਪ੍ਰਬੰਧਾਂ ਵਿਚ ਇਸਲਾਮਿਕ ਸਿੱਖਿਆਵਾਂ ਦਾ ਵੀ ਵੱਡਾ ਯੋਗਦਾਨ ਹੈ। ਇਰਾਨੀ ਪ੍ਰਬੰਧਕਾਂ ਵਿਚ ਇਕਠਿਆਂ ਕੰਮ ਕਰਨ ਦੀ ਪ੍ਰਵਿਰਤੀ ਪ੍ਰਬਲ ਹੈ ਅਤੇ ਇਹ ਪੁਰਾਣੇ ਅਤੇ ਘੱਟ ਉਦਯੋਗਿਕ ਸਮਾਜ ਵਿਚ ਵਧੇਰੇ ਹੈ। ਇਸ ਅਧਿਐਨ ਵਿਚ ਸਿੱਟਾ ਇਹ ਨਿਕਲਦਾ ਹੈ ਕਿ ਇਰਾਨੀ ਪ੍ਰਬੰਧਕਾਂ ਲਈ ਇਸਲਾਮਿਕ ਸਿੱਖਿਆਵਾਂ ਅਹਿਮ ਸਥਾਨ ਰੱਖਦੀਆਂ ਹਨ ਅਤੇ ਇਹ ਉਹਨਾਂ ਦੇ ਕੰਮ ਕਰਨ ਦੇ ਤਰੀਕਿਆਂ ਵਿਚ ਸਾਫ਼ ਦੇਖੀਆਂ ਜਾ ਸਕਦੀਆਂ ਹਨ।

54. Managment Perspective of Sikhism-ਇਹ ਖੋਜ ਪ੍ਰਬੰਧ ਜਸਲੀਨ ਕੌਰ ਦੁਆਰਾ 2012 ਵਿਚ ਪ੍ਰਸਤੂਤ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਦਾ ਮੂਲ ਉਦੇਸ਼ ਵੱਖ ਵੱਖ ਧਰਮਾਂ ਦਾ ਅਧਿਐਨ ਕਰਦਿਆਂ ਹੋਇਆ ਪ੍ਰਬੰਧਕੀ ਕਾਰਗੁਜ਼ਾਰੀ ਵਿਚ ਇਹਨਾਂ ਦੀ ਅਹਿਮੀਅਤ ਨੂੰ ਦ੍ਰਿਸ਼ਟੀਗੋਚਰ ਕਰਨਾ ਹੈ। ਇਸ ਖੋਜ ਪ੍ਰਬੰਧ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਧਾਰ ਬਣਾਇਆ ਗਿਆ ਹੈ। ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਭਾਵ ਉਹਨਾਂ ਦੀ ਨਿੱਤ ਪ੍ਰਤੀ ਨਿੱਤ ਦੇ ਕੰਮਾਂ ਤੇ ਦੇਖਣ ਲਈ ਇੱਕ ਵਿਸਤ੍ਰਿਤ ਅਧਿਐਨ ਕੀਤਾ ਹੈ। ਇਸ ਵਿਚ 100 ਸਿੱਖ ਲੀਡਰਾਂ ਤੇ ਪ੍ਰਸ਼ਨੋਤਰੀ ਮਾਧਿਅਮ ਰਾਹੀਂ ਜਾਣਕਾਰੀ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਖੋਜ ਪ੍ਰਬੰਧ ਵਿਚ ਲੇਖਕ ਨੇ ਯੋਜਨਾ, ਸੰਗਠਨ, ਕੰਟਰੋਲ, ਸਹਿਯੋਗ, ਸਮਾਜ ਪ੍ਰਤੀ ਜ਼ਿੰਮੇਵਾਰੀ, ਵਪਾਰਿਤ ਨੈਤਿਕਤਾ, ਮੁੱਲ ਪ੍ਰਬੰਧਾਂ ਦੇ ਸਬੰਧ ਵਿਚ ਅਹਿਮ ਜਾਣਕਾਰੀ ਪੇਸ਼ ਕੀਤੀ ਹੈ। ਇਸ ਖੋਜ ਪ੍ਰਬੰਧ ਦੇ ਅੰਤ ਵਿਚ ਖੋਜਾਰਥੀ ਨੇ ਇਹ ਸਿੱਟਾ ਕੱਢਿਆ ਹੈ ਕਿ ਅੱਜ ਦੇ ਵਿਸ਼ਵੀਕਰਨ ਦੇ ਸਮੇਂ ਇਹ ਬਹੁਤ ਅਹਿਮ ਹੋ ਜਾਂਦਾ ਹੈ ਕਿ ਆਪਣੇਵਿਰਸੇ ਵੱਲ ਧਿਆਨ ਮਾਰਿਆ ਜਾਵੇ। ਧਾਰਮਿਕ ਕਦਰਾਂ ਕੀਮਤਾਂ ਦੀ ਮੱਦਦ ਨਾਲ ਵਪਾਰਿਕ ਕਿਰਿਆਵਾਂ ਵਿਚ ਚੰਗੇ ਗੁਣਾਂ ਨੂੰ ਸ਼ਾਮਿਲ ਕੀਤਾ ਜਾਵੇ ਫਿਰ ਹੀ ਵਪਾਰ ਵਿਚ ਟਿਕਾਊ ਵਿਕਾਸ ਸੰਭਵ ਹੋ ਸਕਦਾ ਹੈ।

55. Business Ethics in Sikh Tradition–ਇਹ ਖੋਜ ਪੱਤਰ 2012 ਵਿਚ ਕੁਲਦੀਪ ਸਿੰਘ ਦੁਆਰਾ ਪ੍ਰਸਤੁਤ ਕੀਤਾ ਗਿਆ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਅਧਾਰ ਬਣਾ ਕੇ ਵਪਾਰਿਕ ਨੈਤਿਕਤਾ ਦੀਆਂ ਅਲੱਗ ਅਲੱਗ ਸ਼ਾਖਾਵਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਲੇਖਕਅਨੁਸਾਰ ਸ੍ਰੀ ਗੁਰੂ ਸਾਹਿਬ ਦੀਆਂ ਸਿਖਿਆਵਾਂ ਸਾਨੂੰ ਜਿੱਥੇ ਕੰਮਾਂ ਵਿਚ ਸਹਾਇਤਾ ਦਿੰਦੀ ਹੈ ਉਥੇ ਵਪਾਰ ਵਿਚ ਇਹਨਾਂ ਦਾ ਵਿਸ਼ੇਸ਼ ਯੋਗਦਾਨ ਹੈ।

ਲੇਖਕ ਨੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸਚਹੁ ਉਰੈ ਸਭੁ ਕੋ ਊਪਰਿ ਸਚੁ ਆਚਾਰੁ।। ਤੇ ਮਨੁੱਖ ਨੂੰ ਵਿਚਾਰ ਕਰਨ ਦੀ ਪ੍ਰੇਰਣਾ ਦਿੱਤੀ ਹੈ। ਮਨੁੱਖ ਜਿੱਥੇ ਸਚਿਆਰ ਜੀਵਨ ਰਾਹੀਂ ਮਾਣ ਸਨਮਾਨ ਪ੍ਰਾਪਤ ਕਰਦਾ ਹੈ ਉਥੇ ਨਾਲ ਹੀ ਜੀਵਨ ਦੇ ਹਰ ਖੇਤਰ ਵਿਚ ਆਪਣੇ ਟੀਚਿਆਂ ਨੂੰ ਹਾਸਿਲ ਕਰਦਾ ਹੈ। ਲੇਖਕ ਕਮਾਈ ਨੂੰ ਚੰਗੇ ਅਤੇ ਈਮਾਨਦਾਰੀ ਵਾਲੇ ਸਾਧਨਾਂ ਦੁਆਰਾ ਇਕੱਤਰ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦਾ ਹੈ। ਅੰਤ ਵਿਚ ਉੱਤਮ ਵਪਾਰ ਦੀ ਗੱਲ ਕਰਦਿਆਂ ਲੇਖਕ ਲਿਖਦਾ ਹੈ ਕਿ ਸਭ ਤੋਂ ਸ੍ਰੇਸ਼ਠ ਵਪਾਰ ਉਹ ਹੈ ਜਿਸ ਵਿਚ ਚੰਗੇ ਗੁਣ, ਈਮਾਨਦਾਰੀ ਅਤੇ ਪ੍ਰਭੂ ਦਾ ਨਾਮ ਸ਼ਾਮਿਲ ਹੁੰਦਾ ਹੈ।

56. "Management Perspective of Sikh Religion" –ਇਹ ਖੋਜ ਪੱਤਰ ਡਾ. ਏ.ਐੱਸ. ਚਾਵਲਾ, ਡਾ. ਧਰਮਿੰਦਰ ਸਿੰਘ ਅਤੇ ਡਾ. ਜਸਲੀਨ ਕੌਰ ਦੁਆਰਾ 2013 ਵਿਚ ਪ੍ਰਸਤੁਤ ਕੀਤਾ ਗਿਆ। ਇਸ ਖੋਜ ਪੱਤਰ ਵਿਚ ਰਚਣਹਾਰਿਆਂ ਨੇ ਪ੍ਰਬੰਧ ਵਿਚ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੀ ਵਿਸਥਾਰਪੂਰਵਕ ਗੱਲ ਕੀਤੀ ਹੈ। ਲੇਖਕਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜਿੱਥੇ ਅਥਾਹ ਗਿਆਨ ਦਾ ਭੰਡਾਰ ਹੈ ਉਥੇ ਨਾਲ ਹੀ ਇਸ ਦੀਆਂ ਸਿਖਿਆਵਾਂ ਅਨੁਸ਼ਾਸ਼ਨੀ ਹਨ ਭਾਵ ਇਹਨਾਂ ਦੀ ਸਾਰਥਕਤਾ ਹਰ ਇਕ ਖੇਤਰ ਵਿਚ ਹੈ ਉਹ ਭਾਵੇਂ ਵਪਾਰਿਕ ਖੇਤਰ ਹੀ ਕਿਉਂ ਨਾ ਹੋਵੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਤੱਕ ਅਨੇਕਾਂ ਹੀ ਅਜਿਹੀਆਂ ਸਿੱਖਿਆਂਵਾਂ ਮਿਲਦੀਆਂ ਹਨ ਜੋ ਸੱਚੇ-ਸੁੱਚੇ ਵਪਾਰ ਦੀ ਗੱਲ ਕਰਦੀਆਂ ਹਨ।

57. The Concept of Peace Management from a Sikh Indian Perspective- -ਇਹ ਖੋਜ ਪੱਤਰ ਗੇਰਿਟ ਡੀ. ਵੀਲਡਰ ਦੁਆਰਾ 2015 ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿਚ ਇਤਿਹਾਸਿਕ ਪਰਿਪੇਖ ਨੂੰ ਮੁੱਖ ਰੱਖਦਿਆਂ ਹੋਇਆਂ ਸਿੱਖ ਵਿਚਾਰਧਾਰਾ ਦਾ ਪ੍ਰਬੰਧਕੀ ਨਜ਼ਰੀਏ ਤੋਂ ਅਧਿਐਨ ਕੀਤਾ ਗਿਆ ਹੈ।

ਲੇਖਕ ਅਨੁਸਾਰ ਸਿੱਖ ਸੱਭਿਆਚਾਰ ਵਿਚ ਵਪਾਰਿਕ ਲਾਭਾਂ ਦਾ ਖੰਡਨ ਨਹੀਂ ਸਗੋਂ ਸੁੱਚੀ ਕਿਰਤ ਦਾ ਸੰਕਲਪ ਸਾਹਮਣੇ ਆਉਂਦਾ ਹੈ। ਕੰਮ ਅਤੇ ਪ੍ਰਬੰਧ ਉਸ ਸਮੇਂ ਇਕੱਠੇ ਉਪਯੋਗੀ ਹੋ ਸਕਦੇ ਹਨ ਜਦੋਂ ਇਸ ਵਿਚ ਸਰਬੱਤ ਦੇ ਭਲੇ ਦਾ ਸੰਕਲਪ ਸ਼ਾਮਿਲ ਹੋਵੇਗਾ। ਸਿੱਖ ਨੈਤਿਕਤਾ ਵਿਚ ਸਾਮਰਾਜਵਾਦ, ਬਸਤੀਵਾਦ ਅਤੇ ਪੂੰਜੀਵਾਦ ਜਿਹੀਆਂ ਧਾਰਣਾਵਾਂ ਦਾ ਅਨੇਕਾਂ ਹੀ ਸਥਾਨਾਂ ਤੇ ਖੰਡਨ ਦੇਖਣ ਨੂੰ ਮਿਲਦਾ ਹੈ। ਇਹ ਖੰਡਨ ਗ੍ਰੰਥਾਂ ਵਿਚ ਵੀ ਹੈ ਅਤੇ ਸਿੱਖ ਇਤਿਹਾਸ ਵਿਚ ਵੀ ਹੈ।

58. Sikhism: its Ethics and Values–ਇਹ ਖੋਜ ਪੱਤਰ ਸਾਹਿਬ ਕੌਰ ਦੁਆਰਾ 2014 ਵਿਚ ਪ੍ਰਸਤੂਤ ਕੀਤਾ ਗਿਆ। ਲੇਖਕ ਅਨੁਸਾਰ ਦੁਨੀਆਂ ਦੇ ਸਾਰੇ ਧਰਮਾਂ ਵਿਚ ਸੱਚ-ਝੂਠ, ਅਤੇ ਠੀਕ-ਗ਼ਲਤ ਦੀ ਗੱਲ ਕੀਤੀ ਗਈ ਹੈ ਤੇ ਇਹੀ ਧਾਰਣਾ ਲੋਕਾਂ ਦੇ ਸੱਭਿਆਚਾਰ ਦਾ ਹਿੱਸਾ ਬਣ ਜਾਂਦੀ ਹੈ ਅਤੇ ਇਸੇ ਸੋਝੀ ਕਾਰਨ ਹੀ ਮਨੁੱਖ ਨੂੰ ਜਾਨਵਰ ਤੋਂ ਅਲੱਗ ਕਰਕੇ ਦੇਖਿਆ ਜਾਂਦਾ ਹੈ। ਲੇਖਕ ਅਨੁਸਾਰ ਸਿੱਖ ਧਰਮ ਇੱਕ ਸਾਂਝਾ ਅਤੇ ਨਵਾਂ ਧਰਮ ਹੈ। ਇਸ ਵਿਚ ਨੈਤਿਕਤਾ ਨੂੰ ਸਮਝਾਉਣ ਲਈ ਅਨੇਕਾਂ ਹੀ ਹਵਾਲਿਆਂ, ਇਤਿਹਾਸਿਕ ਦ੍ਰਿਸ਼ਟਾਂਤਾਂ ਨੂੰ ਵਰਤਿਆ ਗਿਆ ਹੈ। ਸਿੱਖ ਧਰਮ ਵਿਚ ਨੈਤਿਕਤਾ ਅਤੇ ਮੁੱਲ ਪ੍ਰਬੰਧ ਸਿੱਖ ਗੁਰੂਆਂ ਦੇ ਧਾਰਮਿਕ ਅਤੇ ਇਤਿਹਾਸਿਕ ਅਨੁਭਵਾਂ ਦਾ ਹੀ ਨਤੀਜਾ ਹੈ। ਗੁਰੂ ਨਾਨਕ ਦੇਵ ਜੀ ਨੇ ਬਿਨਾਂ ਕਿਸੇ ਭੇਦ ਭਾਵ ਦੇ ਜਿਊਣ ਦੀ ਜਾਂਚ ਦੱਸੀ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਮਹੱਤਵ ਨੂੰ ਇਸ ਵਿਚ ਬਿਆਨ ਕੀਤਾ। ਗੁਰੂ ਸਾਹਿਬਾਨ ਅਨੁਸਾਰ ਜਦੋਂ ਪ੍ਰਭੂ ਨੂੰ ਕਿਸੇ ਵੀ ਥਾਂ ਤੇ ਯਾਦ ਕੀਤਾ ਜਾਂਦਾ ਹੈ ਜਾਂ ਉਸ ਦੀ ਹੋਂਦ ਨੂੰ ਮਹਿਸੂਸ ਕੀਤਾ ਜਾਂਦਾ ਹੈ ਤਾਂ ਨੈਤਿਕਤਾ, ਮੁੱਲ ਪ੍ਰਬੰਧ ਆਪ ਮੁਹਾਰੇ ਹੀ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ।

59. ਸਿੱਖ ਨੈਤਿਕਤਾ-ਇਹ ਕਿਤਾਬ ਡਾ. ਸੁਰਿੰਦਰ ਸਿੰਘ ਕੋਹਲੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ। ਇਸ ਕਿਤਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦਾਚਾਰਕ ਗੁਣਾਂ ਲਈ

ਮੂਲ ਸਰੋਤ ਵਜੋਂ ਲਿਆ ਗਿਆ ਹੈ। ਸਿੱਖ ਗੁਰੂਆਂ ਦਾ ਜੀਵਨ ਹੀ ਜੀਵਨ ਜਾਂਚ ਹੈ। ਗੁਰੂ ਸਾਹਿਬਾਨ ਨੇ ਨੈਤਿਕਤਾ ਲਈ ਪ੍ਰਮਾਤਮਾ ਦੇ ਗੁਣਾਂ ਨੂੰ ਧਾਰਣ ਦੀ ਪ੍ਰੇਰਣਾ ਦਿੱਤੀ ਹੈ ਜਿਸ ਨਾਲ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ ਪਰ ਇਸ ਕਾਰਜ ਲਈ ਗੁਰੂ ਸਾਹਿਬਾਨ ਸ੍ਵੈ ਅਨੁਸ਼ਾਸਨ ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਗੁਰੂ ਸਾਹਿਬਾਨ ਤਿੰਨ ਕੰਮਾਂ ਤੇ ਵਿਸ਼ੇਸ਼ ਜੋਰ ਦਿੰਦੇ ਹਨ:- ਸਰੀਰਿਕ ਤੰਦਰੁਸਤੀ, ਦਿਮਾਗੀ ਤੰਦਰੁਸਤੀ ਅਤੇ ਅਧਿਆਤਮਿਕ ਤੰਦਰੁਸਤੀ । ਨੈਤਿਕਤਾ ਤੋਂ ਪਹਿਲਾਂ ਗੁਰੂ ਸਾਹਿਬਾਨ ਸਚਿਆਰ ਮਨੁੱਖ ਬਣਨ ਤੇ ਜ਼ੋਰ ਦਿੰਦੇ ਹਨ। ਗੁਰੂ ਸਾਹਿਬਾਨ ਹੱਥੀਂ ਕਿਰਤ ਕਰਨ ਨੂੰ ਵਿਸ਼ੇਸ਼ ਸਥਾਨ ਦਿੰਦੇ ਹਨ ਜਿਸ ਨਾਲ ਅਧਿਆਤਮਕਤਾ ਹੋਰ ਵੀ ਵੱਡੇ ਪੱਧਰ ਤੇ ਪਹੁੰਚ ਜਾਂਦੀ ਹੈ। ਇਸ ਰਾਹੀਂ ਜਿੱਥੇ ਕਾਰਜ, ਗਿਆਨ ਅਤੇ ਭਗਤੀ ਦਾ ਆਪਸ ਵਿਚ ਸੁਮੇਲ ਹੁੰਦਾ ਹੈ ਉਥੇ ਨਾਲ ਹੀ ਨੈਤਿਕਤਾ ਦਾ ਵਿਕਾਸ ਵੀ ਹੁੰਦਾ ਹੈ।

60. A Study on the Positive Effect of Business Ethics on Organizational Culture and Performance-ਇਹ ਖੋਜ ਕਾਰਜ ਗੁਰਜੀਤ ਕੌਰ ਦੁਆਰਾ 2016 ਵਿਚ ਪੀ.ਐਚ.ਡੀ. ਦੇ ਕਾਰਜ ਵਜੋਂ ਪ੍ਰਸਤੁਤ ਕੀਤਾ ਗਿਆ। ਇਸ ਖੋਜ ਕਾਰਜ ਵਿਚ ਵਿਅਕਤੀ ਦੇ ਜੀਵਨ ਵਿਚ ਸਦਾਚਾਰਕ ਗੁਣਾਂ ਅਤੇ ਨੈਤਿਕਤਾ ਦੀ ਮਹੱਤਤਾ ਨੂੰ ਵਪਾਰਿਕ ਸਥਿਤੀਆਂ ਅਨੁਸਾਰ ਬਿਆਨ ਕੀਤਾ ਗਿਆ ਹੈ। ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਉਦਯੋਗਿਕ ਸਥਿਤੀਆਂ ਅਨੁਸਾਰ ਸਰਵੇਖਣ ਕਰਕੇ ਵਪਾਰਿਕ ਸੱਭਿਆਚਾਰ ਉੱਤੇ ਨੈਤਿਕਤਾ ਦੇ ਪ੍ਰਭਾਵਾਂ ਦੀ ਪਛਾਣ ਕਰਨਾ ਹੈ। ਇਸ ਖੋਜ ਕਾਰਜ ਵਿਚ ਕੇਸ ਅਧਿਐਨ ਉਪਰੰਤ ਡਾਟਾ ਇਕੱਤਰ ਕਰਨ ਲਈ ਪ੍ਰਸ਼ਨੋਤਰੀ ਤਿਆਰ ਕੀਤੀ ਗਈ ਅਤੇ ਇਹ ਸਰਵੇਖਣ ਵੱਖ ਵੱਖ ਉਦਯੋਗਿਕ ਇਕਾਈਆਂ ਦੇ ਨੁਮਾਇੰਦਿਆਂ ਤੇ ਕੀਤਾ ਗਿਆ ਹੈ। ਇਸ ਰਾਹੀਂ ਇਹ ਸਾਹਮਣੇ ਆਇਆ ਕਿ ਲੀਡਰ ਕੁਝ ਕੁ ਨਿਸ਼ਚਿਤ ਮਾਪਦੰਡਾਂ ਦੇ ਅਧਾਰ ਤੇ ਕੰਮ ਕਰਦੇ ਹਨ ਅਤੇ ਜਿਹਨਾਂ ਸੰਸਥਾਵਾਂ ਵਿਚ ਨੈਤਿਕਤਾ ਸੰਬੰਧੀ ਨੀਤੀ ਨਿਰਦੇਸ਼ ਮ'ਜ਼ੂਦ ਹਨ ਉਥੇ ਦੇ

ਨੁਮਾਇੰਦਿਆਂ ਵਿਚ ਨੈਤਿਕਤਾ ਦੇ ਸਿਧਾਂਤ ਪਾਏ ਗਏ। ਇਹ ਵੀ ਸਾਹਮਣੇ ਆਇਆ ਕਿ ਸੰਸਥਾਵਾਂ ਆਪਣੇ ਕਰਮਚਾਰੀਆਂ ਨੂੰ ਅਨੈਤਿਕ ਕਾਰਵਾਈਆਂ ਸਾਹਮਣੇ ਲਿਆਉਣ ਲਈ ਪ੍ਰੇਰਦੀਆਂ ਹਨ। ਜਿਹਨਾਂ ਦੇਸ਼ਾਂ ਵਿਚ ਪ੍ਰਭਾਵੀ ਨਿਆਇਕ ਵਿਵਸਥਾ ਹੈ ਉਥੇ ਅਨੈਤਿਕ ਗਤੀਵਿਧੀਆਂ ਵਿਚ ਵੀ ਕਮੀ ਆਈ ਹੈ। ਇਸ ਪ੍ਰਕਾਰ ਇਸ ਖੋਜ ਕਾਰਜ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਨੈਤਿਕਤਾ ਲਈ ਜਿਥੇ ਸਮਾਜਿਕ ਮੁੱਲ ਪ੍ਰਬੰਧ, ਧਰਮ ਅਤੇ ਸੱਭਿਆਚਾਰਕ ਧਾਰਣਾਵਾਂ ਪ੍ਰਭਾਵ ਪਾਉਂਦੀਆਂ ਹਨ ਉੱਥੇ ਉਦਯੋਗਿਕ ਇਕਾਈਆਂ ਦੇ ਆਪਣੇ ਮੁੱਲ ਪ੍ਰਬੰਧ ਵੀ ਵਿਸ਼ੇਸ਼ ਪ੍ਰਭਾਵ ਪਾਉਂਦੇ ਹਨ।

61. "Ethics of Sikh" – ਇਹ ਖੋਜ ਪ੍ਰਬੰਧ ਅਵਤਾਰ ਸਿੰਘ ਦੁਆਰਾ ਪ੍ਰਸਤੁਤ ਕੀਤਾ ਗਿਆ। ਇਹ ਪਹਿਲਾ ਅਜਿਹਾ ਖੋਜ ਕਾਰਜ ਸੀ ਜਿਸ ਰਹੀਂ ਸਿੱਖ ਕਦਰਾਂ ਕੀਮਤਾਂ ਦੇ ਵਿਸ਼ੇਸ਼ ਤੌਰ ਤੇ ਅਧਿਐਨ ਕੀਤਾ ਗਿਆ ਸੀ। ਇਸ ਵਿਚ ਲੇਖਕ ਨੇ ਸਿੱਖ ਧਰਮ ਵਿਚ ਨੈਤਿਕਤਾ ਦੀ ਧਾਰਣਾ ਅਤੇ ਮਹੱਤਤਾ ਤੇ ਚਾਨਣਾ ਪਾਇਆ ਹੈ। ਇਸ ਕਾਰਜ ਦੇ ਦੂਜੇ ਅਧਿਆਇ ਵਿਚ ਸਿੱਖ ਨੈਤਿਕਤਾ ਦੇ ਸਰੋਤਾਂ ਦਾ ਵਰਣਨ ਕੀਤਾ ਗਿਆ ਹੈ। ਇਸ ਵਿਚ ਮਨੁੱਖੀ ਜ਼ਰੂਰਤਾਂ ਦੇ ਸਰੋਤਾਂ ਅਤੇ ਪ੍ਰਭਾਵਾਂ ਬਰੇ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ। ਇਸ ਵਿਚ ਖੋਜਾਰਥੀ ਸਦਾਚਾਰਕ ਗੁਣਾਂ ਵਿਚ ਸੱਚਾਈ, ਈਮਾਨਦਾਰੀ, ਨਿਆਂ ਅਤੇ ਨਿਮਰਤਾ ਦੇ ਮਹੱਤਵ ਤੇ ਚਾਨਣਾ ਪਾਉਂਦਾ ਹੈ। ਇਸ ਖੋਜ ਕਾਰਜ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਦੱਸਿਆ ਗਿਆ ਹੁਕਮ ਦੇ ਸੰਕਲਪ ਅਤੇ ਇਸ ਦੀ ਮਹੱਤਤਾ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ ਹੈ। ਇਸ ਖੋਜ ਕਾਰਜ ਵਿਚ ਗੁਰੂ ਸਾਹਿਬਾਨ ਦੇ ਸਮਾਜ ਸੰਬੰਧੀ ਨੈਤਿਕਤਾ ਦੇ ਵਿਚਾਰਾਂ ਨੂੰ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਗਿਆ ਹੈ।

62. Perspective in Business Ethics-ਇਹ ਕਿਤਾਬ ਲੌਂਗ ਹਾਰਟਮੈਸ ਦੁਆਰਾ 2019 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਵਿਚ ਲੇਖਕ ਨੇ ਅਲੱਗ ਅਲੱਗ ਨੈਤਿਕ

ਸਮੱਸਿਆਵਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ। ਇਸ ਵਿਚ ਨੈਤਿਕ ਸਮੱਸਿਆਵਾਂ ਦਾ ਅਲੱਗ ਅਲੱਗ ਥਿਊਰੀਆਂ ਅਨੁਸਾਰ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਕਿਤਾਬ ਵਿਚ ਪੁਰਾਤਨ ਗ੍ਰੰਥਾਂ/ਲਿਖਤਾਂ ਦਾ ਵੀ ਜ਼ਿਕਰ ਕੀਤਾ ਹੈ ਜਿਹਨਾਂ ਨੂੰ ਮੁੱਲ ਪ੍ਰਬੰਧਾਂ ਦਾ ਅਧਾਰ ਮੰਨਿਆ ਜਾਂਦਾ ਹੈ। ਇਸ ਰਾਹੀਂ ਇਹ ਸਿੱਟਾ ਕੱਢਿਆ ਗਿਆ ਹੈ ਕਿ ਨੈਤਿਕਤਾ ਨਾਲ ਸਬੰਧਿਤ ਸਮੱਸਿਆਵਾਂ ਨੂੰ ਅਨੇਕਾਂ ਪਹਿਲੂਆਂ ਤੋਂ ਦੇਖਣ ਦਾ ਯਤਨ ਕਰਨਾ ਚਾਹੀਦਾ ਹੈ ਫਿਰ ਹੀ ਸਮੱਸਿਆਵਾਂ ਤੇ ਕਾਬੂ ਪਾਇਆ ਜਾ ਸਕਦਾ ਹੈ।

63. "Business Ethics"- –ਇਹ ਕਿਤਾਬ ਸੈਲੇਂਦਰ ਕੁਮਾਰ ਅਤੇ ਅਸ਼ੋਕ ਕੁਮਾਰ ਰਾਏ ਦੁਆਰਾ 2019 ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਲੇਖਕਾਂ ਅਨੁਸਾਰ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਵਪਾਰਿਕ ਨੈਤਿਕਤਾ ਦੇ ਅਰਥ ਬਦਲ ਗਏ ਹਨ। ਪਰ ਪਾਰਦਰਸ਼ਿਤਾ, ਜ਼ਿੰਮੇਵਾਰੀ ਅਤੇ ਜਬਾਵਦੇਹੀ ਨਾਲ ਉਪਭੋਗਤਾਵਾਂ ਦਾ ਵਿਸ਼ਵਾਸ ਹੀ ਨਹੀਂ ਸਗੋਂ ਕਰਮਚਾਰੀਆਂ ਦਾ ਉਤਸ਼ਾਹ ਵੀ ਵਧਦਾ ਹੈ। ਇਸ ਕਿਤਾਬ ਰਾਹੀਂ ਲੇਖਕ ਨੇ ਵਪਾਰ ਦੇ ਭਾਗੀਦਾਰਾਂ ਦਾ ਅਜੋਕੇ ਸਮੇਂ ਵਿਚ ਪ੍ਰਬੰਧਕੀ ਕੁਸ਼ਲਤਾ ਲਈ ਯੋਗਦਾਨ ਦਾ ਜ਼ਿਕਰ ਕੀਤਾ ਹੈ। ਇਸ ਕਿਤਾਬ ਦਾ ਉਦੇਸ਼ ਵਪਾਰਿਕ ਨੈਤਿਕਤਾ ਸਬੰਧੀ ਜਾਗਰੂਕਤਾ ਵਿਚ ਵਾਧਾ ਕਰਨਾ ਹੈ ਤਾਂ ਜੋ ਵਪਾਰਿਕ ਮਸਲਿਆਂ ਵਿਚ ਅਸਾਨੀ ਹੋਵੇ। ਇਹ ਕਿਤਾਬ ਖੋਜਾਰਥੀਆਂ ਸਾਹਮਣੇ ਅਨੇਕਾਂ ਹੀ ਪ੍ਰਸ਼ਨ ਪੇਸ਼ ਕਰਦੀ ਹੈ।

ਉਪਰੋਕਤ ਸਾਹਿਤਕ ਸਮੀਖਿਆ ਵਿਚ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਨੈਤਿਕਤਾ ਬਹੁ ਅਨੁਸ਼ਾਸਨੀ ਵਿਸ਼ਾ ਹੈ। ਹਰ ਇੱਕ ਧਰਮ ਨੇ ਨੈਤਿਕ ਕਦਰਾਂ ਕੀਮਤਾਂ ਦੀ ਪਰਿਭਾਸ਼ਾ ਆਪਣੇ ਅਨੁਸਾਰ ਕੀਤੀ ਹੈ ਅਤੇ ਖੋਜਾਰਥੀਆਂ ਨੇ ਉਹਨਾਂ ਤੱਤਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਇੱਥੇ ਇਹ ਵੀ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਵਪਾਰਿਕ ਨੈਤਿਕਤਾ ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਅਤਿ ਜ਼ਰੂਰੀ ਹੈ। ਇਸੇ ਉਦੇਸ਼ ਨੂੰ ਪੂਰਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮ'ਜੂਦ ਨੈਤਿਕਤਾ ਦੇ ਸਿਧਾਂਤਾਂ ਦਾ ਸਬੰਧ

ਵਪਾਰਿਕ ਕਿਰਿਆਵਾਂ ਨਾਲ ਜੋੜ ਕੇ ਪ੍ਰਸਤੁਤ ਕਰਨਾ ਹੀ ਸਾਡਾ ਪਰਮ ਉਦੇਸ਼ ਹੈ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦੇ ਨਾਲ ਨਾਲ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਘਟਨਾਵਾਂ ਅਤੇ ਉਹਨਾਂ ਵਿਚਲੀਆਂ ਸਿਖਿਆਵਾਂ ਨੂੰ ਅਧਾਰ ਬਣਾ ਕੇ ਨਤੀਜੇ ਅਗਲੇ ਅਧਿਆਇ ਵਿਚ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ।

## 2.2 ਅਧਿਐਨ ਦੀ ਜ਼ਰੂਰਤ ਅਤੇ ਮਹੱਤਵ (Need and Importance of the Study):-

ਅੱਜ ਦੇ ਸਮੇਂ ਪ੍ਰਬੰਧ ਦੇ ਬੁੱਧੀਜੀਵੀ-ਧਰਮ, ਦਰਸ਼ਨ ਸ਼ਾਸਤਰ, ਮਨੋਵਿਗਿਆਨ, ਪ੍ਰੋਤੋਸਾਹਨ, ਲੀਡਰਸ਼ਿਪ ਅਤੇ ਅਧਿਆਤਮਿਕ ਨਜ਼ਰੀਏ ਤੋਂ ਅਨੇਕਾਂ ਹੀ ਨਵੇਂ ਵਿਚਾਰ ਵਪਾਰ ਪ੍ਰਬੰਧਨ ਦੇ ਖੇਤਰ ਵਿਚ ਲੈ ਕੇ ਆ ਰਹੇ ਹਨ। ਆਉਣ ਵਾਲੇ ਸਮੇਂ ਦੌਰਾਨ ਭਵਿੱਖ ਵਿਚ ਵਪਾਰਿਕ ਨੈਤਿਕਤਾ ਦੇ ਸਿਧਾਂਤ ਦੀ ਅਹਿਮ ਲੋੜ ਹੈ ਕਿਉਂਕਿ ਜਿਥੇ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਵਿਚ ਵਾਧਾ ਹੋਇਆ ਹੈ ਉਥੇ ਨਾਲ ਹੀ ਬਾਜ਼ਾਰ ਵਿਚ ਤੇਜ਼÷ਮੁਕਾਬਲੇ ਦੇ ਕਾਰਨ ਵਪਾਰਿਕ ਸੰਸਥਾਂ ਨੂੰ ਡੱਬੇ ਵਿਚੋਂ ਬਾਹਰ ਨਿਕਲ ਕੇ ਦੇਖਣਾ ਹੀ ਪਵੇਗਾ। ਅਜੋਕੇ ਸਮੇਂ ਵਿਚ ਜਿੱਥੇ ਈਮਾਨਦਾਰੀ, ਨਿਆਂ, ਭਰੋਸੇਯੋਗਤਾ, ਸੱਚਾਈ, ਵਿਸ਼ਵਾਸ ਜਿਹੇ ਤੱਤ ਵਪਾਰਿਕ ਸੰਸਥਾਵਾਂ ਵਿਚੋਂ ਅਲੋਪ ਹੁੰਦੇ ਜਾ ਰਹੇ ਹਨ ਇਹ ਵੀ ਚਿੰਤਾ ਦਾ ਵਿਸ਼ਾ ਹੈ। ਜਿਵੇਂ ਕਿ ਸਾਹਿਤਕ ਸਮੀਖਿਆ ਵਿਚ ਵੀ ਸਾਹਮਣੇ ਆਇਆ ਹੈ ਕਿ ਵੱਖ ਵੱਖ ਧਰਮਾਂ -ਇਸਲਾਮ ਮੱਤ, ਇਸਾਈ ਮੱਤ, ਬੁੱਧ ਮੱਤ, ਹਿੰਦੂ ਮੱਤ ਅਤੇ ਜੈਨ ਮੱਤ ਦੇ ਨਜਰੀਏ ਤੋਂ ਅਨੇਕਾਂ ਹੀ ਖੋਜ ਕਾਰਜ ਪ੍ਰਸਤੁਤ ਕੀਤੇ ਜਾ ਰਹੇ ਹਨ ਪਰ ਸਿੱਖ ਮੱਤ ਅਨੁਸਾਰ ਪ੍ਰਬੰਧ ਦੇ ਖੇਤਰ ਵਿਚ ਕੰਮ ਦੀ ਘਾਟ ਹੈ। ਪਰ ਸਿੱਖ ਧਰਮ ਦੇ ਸਿਧਾਂਤ ਵਿਚ ਇਹ ਗੱਲ ਆਮ ਹੀ ਦੇਖਣ ਨੂੰ ਮਿਲਦੀ ਹੈ ਕਿ ਗੁਰੂ ਸਾਹਿਬਾਨ ਨੂੰ ਕਿਰਤ ਦੇ ਸਿਧਾਂਤ ਨੂੰ ਕਾਫੀ ਮਹੱਤਤਾ ਦਿੱਤੀ ਹੈ ਅਤੇ ਸੱਚੇ ਵਪਾਰ ਲਈ ਪ੍ਰੇਰਿਆ ਹੈ। ਅਜੋਕੇ ਸਮੇਂ ਦੌਰਾਨ ਧਰਮ ਦੀ ਲੋੜ ਅਤੇ ਇਸ ਦੇ ਪ੍ਰਭਾਵ ਤੋਂ ਵੀ ਕਿਨਾਰਾ ਨਹੀਂ ਕੀਤਾ ਜਾ ਸਕਦਾ। ਵੱਖ ਵੱਖ ਖੋਜਾਂ ਰਾਹੀਂ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਨੈਤਿਕਤਾ, ਕਦਰਾਂ ਕੀਮਤਾਂ,

ਮੁੱਲ ਪ੍ਰਬੰਧਾਂ, ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ, ਯੋਗ ਅਗਵਾਈ, ਵਿਚ ਧਰਮ ਅਹਿਮ ਰੋਲ ਅਦਾ ਕਰਦਾ ਹੈ।

ਸਾਡਾ ਖੋਜ ਕਾਰਜ ਸਿੱਖ ਗੁਰੂ ਸਾਹਿਬਾਨ ਦਾ ਵਪਾਰਿਕ ਨੈਤਿਕਤਾ ਪ੍ਰਤੀ ਦ੍ਰਿਸ਼ਟੀਕੋਣ ਵਿਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਅਤੇ ਗੁਰੂ ਸਾਹਿਬਾਨ ਨਾਲ ਸਬੰਧਿਤ ਇਤਿਹਾਸਿਕ ਹਵਾਲਿਆਂ ਦੀ ਮੱਦਦ ਨਾਲ ਵਪਾਰਿਕ ਨੈਤਿਕਤਾ ਵਿਸ਼ੇ ਨੂੰ ਸਿੱਖ ਕਦਰਾਂ ਕੀਮਤਾਂ ਅਨੁਸਾਰ ਵਾਚਣ ਦਾ ਯਤਨ ਕੀਤਾ ਹੈ। ਇਸ ਕਾਰਜ ਰਾਹੀਂ ਗੁਰੂ ਸਾਹਿਬਾਨ ਦੀ ਪ੍ਰਬੰਧਕੀ ਦ੍ਰਿਸ਼ਟੀਕੋਣ ਅੱਜ ਦੇ ਸਮੇਂ ਕਿਉਂ ਅਤੇ ਕਿਵੇਂ ਸਹਾਇਕ ਹੈ ਮੇਰੇ ਖੋਜ ਕਾਰਜ ਦਾ ਸਰੋਕਾਰ ਹੈ। ਇਸ ਖੋਜ ਕਾਰਜ ਵਿਚ ਇਹ ਮੰਨਿਆ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚ ਅਤੇ ਈਮਾਨਦਾਰੀ ਦੇ ਮਾਰਗ ਦਰਸ਼ਕ ਹਨ। ਇਸ ਕਾਰਜ ਵਿਚ ਵਪਾਰਿਕ ਨੁਮਾਇੰਦਿਆਂ ਤੇ ਵਪਾਰਿਕ ਨੈਤਿਕਤਾ ਦੇ ਸਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੇ ਪ੍ਰਭਾਵ ਨੂੰ ਵਾਚਣ ਦਾ ਯਤਨ ਕੀਤਾ ਗਿਆ ਹੈ ਅਤੇ ਉਹਨਾਂ ਨਤੀਜਿਆਂ ਦੇ ਅਧਾਰ ਤੇ ਹੀ ਇਸ ਕਾਰਜ ਦੇ ਹੋਰ ਅਨੇਕਾਂ ਪਹਿਲੂਆਂ ਤੇ ਜਾਣ ਪਹਿਚਾਣ ਕਰਵਾਈ ਗਈ ਹੈ। ਇਸ ਖੋਜ ਕਾਰਜ ਦੀ ਮਹੱਤਤਾ ਇਹ ਵੀ ਹੈ ਕਿ ਇਹ ਪਹਿਲੀ ਵਾਰ ਹੈ ਕਿ ਸਿੱਖ ਗੁਰੂਆਂ ਦੇ ਦ੍ਰਿਸ਼ਟੀਕੋਣ ਅਨੁਸਾਰ ਵਪਾਰਿਕ ਨੈਤਿਕਤਾ ਨੂੰ ਵਾਚਣ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਕਾਰਜ ਨਾਲ ਜਿੱਥੇ ਵਪਾਰਿਕ ਨੁਮਾਇੰਦਿਆਂ ਨੂੰ ਇੱਕ ਨਵਾਂ ਰਸਤਾ ਮਿਲੇਗਾ ਉੱਥੇ ਸਮਾਜਿਕ ਪੱਧਰ ਤੇ ਵੀ ਇਹ ਕਾਰਜ ਲਾਭਦਾਇਕ ਹੋਵੇਗਾ।

## 2.3. **ਖੋਜ ਕਾਰਜ ਦੇ ਉਦੇਸ਼ (Objectives of the Study)** –

ਖੋਜ ਕਾਰਜ ਦਾ ਮੁੱਢਲਾ ਉਦੇਸ਼ ਵਪਾਰਿਕ ਖੇਤਰ ਵਿਚ ਗੁਰੂ ਸਾਹਿਬਾਨ ਦੇ ਜੀਵਨ ਕਾਲ ਦੌਰਾਨ ਅਹਿਮ ਗਤੀਵਿਧੀਆਂ ਦੀ ਮੱਦਦ ਨਾਲ ਵਪਾਰਿਕ ਸਮੱਸਿਆਵਾਂ ਨੂੰ ਹੱਲ ਕਰਨਾ ਹੈ। ਇਸ ਤੋਂ ਇਲਾਵਾ ਮੁੱਖ ਉਦੇਸ਼ ਇਸ ਪ੍ਰਕਾਰ ਹਨਃ–

1. ਪ੍ਰਬੰਧ ਦੇ ਸਿਧਾਂਤਾਂ ਅਤੇ ਉਹਨਾਂ ਦੇ ਸਬੰਧਾਂ ਦਾ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਅਧਿਐਨ ਕਰਨਾ।

2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਵਿਚ ਯੋਗਦਾਨ ਨੂੰ ਦ੍ਰਿਸ਼ਟੀਗੋਚਰ ਕਰਨਾ।

3. ਗੁਰੂ ਸਾਹਿਬਾਨ ਦੇ ਪ੍ਰਬੰਧਕੀ ਸਿਧਾਂਤਾਂ ਦਾ ਅਧਿਐਨ ਕਰਨਾ।

4. ਗੁਰੂ ਸਾਹਿਬਾਨ ਦੇ ਪ੍ਰਬੰਧਕੀ ਗੁਣਾਂ ਦਾ ਪ੍ਰਭਾਵ ਵਪਾਰ ਵਿਚ ਸਿੱਖ ਨੁਮਾਇੰਦਿਆਂ ਦੀ ਕਾਰਜ ਕਰਣੀ ਵਿਚ ਦੇਖਣ ਦਾ ਯਤਨ ਕਰਨਾ।

5. ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਵਪਾਰਿਕ ਕਾਰਜਕਰਣੀ ਨੂੰ ਬਿਹਤਰ ਬਣਾਉਣ ਲਈ ਵਪਾਰਿਕ ਮਾਡਲ ਤਿਆਰ ਕਰਨਾ।

## 2.4. ਖੋਜ ਕਾਰਜ ਦਾ ਖੇਤਰ (Scope of the Study):-

ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਉਦੇਸ਼ਾਂ ਰਾਹੀਂ ਕੀਤਾ ਗਿਆ ਹੈ। ਇਸ ਤੋਂ ਇਲਾਵਾਂ ਗੁਰੂ ਸਾਹਿਬਾਨ ਦੇ ਜੀਵਨ ਸਬੰਧਿਤ ਪੁਸਤਕਾਂ ਦੀ ਮੱਦਦ ਨਾਲ ਇਤਿਹਾਸਿਕ ਅਤੇ ਅਨੁਭਵੀ ਪਹਿਲੂਆਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ - ਸੇਵਾ ਦਾ ਸੰਕਲਪ, ਸਰਬੱਤ ਦਾ ਭਲਾ, ਦਸਵੰਧ, ਭਾਈਚਾਰਕ ਸਾਂਝ, ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ ਦਾ ਸੰਕਲਪਾਂ ਰਾਹੀਂ ਵਪਾਰਿਕ ਸਿੱਖ ਨੁਮਾਇੰਦਿਆਂ ਦੇ ਕਾਰਜ ਵਿਹਾਰ ਵਿਚ ਇਹਨਾਂ ਦੀ ਮਹੱਤਤਾ ਸੰਬੰਧੀ ਅਧਿਐਨ ਕਰਨਾ ਸ਼ਾਮਿਲ ਹੈ। ਇਸ ਖੋਜ ਕਾਰਜ ਰਾਹੀਂ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਵਪਾਰਿਕ ਸਮੱਸਿਆ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿਚੋਂ ਲੱਭਿਆ ਜਾਵੇ।

## 2.5 **ਖੋਜ ਵਿਧੀ (Research Methodology):-**

ਖੋਜ ਵਿਧੀ ਤੱਥਾਂ ਨੂੰ ਇਕੱਠਾ ਕਰਨ, ਵਰਗੀਕ੍ਰਿਤ ਕਰਨ ਅਤੇ ਪੇਸ਼ ਕਰਨ ਦਾ ਸੁਚਾਰੂ ਤਰੀਕਾ ਹੁੰਦਾ ਹੈ। ਇਸ ਖੋਜ ਪ੍ਰਬੰਧ ਵਿਚ ਖੋਜ ਦੀਆਂ ਅਲੱਗ ਅਲੱਗ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿਚ ਅਸੀਂ ਆਪਣੇ ਖੋਜ ਕਾਰਜ ਦੀ ਲੋੜ ਅਤੇ ਮਹੱਤਵ, ਖੋਜ ਕਾਰਜ ਦਾ ਖੇਤਰ, ਅਧਿਐਨ ਲਈ ਪ੍ਰਯੋਗ ਕੀਤਾ ਸੈਂਪਲ, ਅਧਿਐਨ ਦੀ ਖੋਜ ਵਿਧੀ, ਡਾਟੇ ਦਾ ਸਰਲੀਕਰਣ ਅਤੇ ਸੰਖਿਅਕੀ ਤਰੀਕੇ, ਅਤੇ ਅਧਿਐਨ ਦੀਆਂ ਰੁਕਾਵਟਾਂ ਦਾ ਜ਼ਿਕਰ ਕਰਾਂਗੇ। ਮੇਰਾ ਇਹ ਖੋਜ ਕਾਰਜ ਮੁੱਖ ਤੌਰ ਤੇ ਐਕਸਪਲੋਰੇਟਰੀ (Exploratory) ਹੈ ਜੋ ਕਿ ਗੁਣਵਾਚਕ ਕਾਰਜ ਪ੍ਰਣਾਲੀ ਤੇ ਅਧਾਰਿਤ ਹੈ। ਇਸ ਵਿਚ ਹਰਮਨਿਊਟਿਕਸ (Hermeneutics) ਵਿਧੀ ਨੂੰ ਪੁਰਾਤਨ, ਧਾਰਮਿਕ ਸਾਹਿਤ ਦਾ ਅਧਿਐਨ ਕਰਨ ਲਈ ਵਰਤਿਆ ਗਿਆ ਹੈ। ਹਰਮਨਿਊਟਿਕਸ ਕਲਾ ਵੀ ਅਤੇ ਵਿਗਿਆਨ ਵੀ ਇਸ ਰਾਹੀਂ ਸਾਹਿਤ ਦੀ ਵਿਆਖਿਆ ਕੀਤੀ ਜਾਂਦੀ ਹੈ। ਇਹ ਥਿਊਰੀ ਅਤੇ ਪਰੈਕਟਿਸ ਦੋਵਾਂ ਨਾਲ ਹੀ ਸਬੰਧਿਤ ਹੈ ਜਿਸ ਵਿਚ ਧਾਰਮਿਕ ਅਤੇ ਸਮਾਜਿਕ ਵਿਚਾਰਧਾਰਾਵਾਂ ਨੂੰ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਸ਼ੁਰੂ ਸ਼ੁਰੂ ਵਿਚ ਇੱਕ ਬਾਈਬਲ ਦੇ ਅਧਿਐਨ ਲਈ ਹੀ ਵਰਤੀ ਜਾਂਦੀ ਸੀ ਇਸੇ ਲਈ ਇਸ ਨੂੰ ਬਾਈਬਲ ਹਰਮਨਿਊਟਿਕਸ ਵੀ ਕਿਹਾ ਜਾਂਦਾ ਸੀ। ਪਰ ਅੱਜ ਦੇ ਸਮੇਂ ਇਹ ਹਰ ਤਰ੍ਹਾਂ ਦੀ ਰਚਨਾ ਭਾਵ ਧਾਰਮਿਕ ਗ੍ਰੰਥ, ਪੁਰਾਤਨ ਸਾਹਿਤ, ਸਮਾਜਿਕ ਵਿਚਾਰਧਾਰਾ, ਕਾਨੂੰਨ ਅਤੇ ਹੋਰ ਪ੍ਰਤੱਖ ਅਤੇ ਅਪ੍ਰਤੱਖ ਸੰਚਾਰ ਦੇ ਅਧਿਐਨ ਲਈ ਵਰਤੀ ਜਾਂਦੀ ਹੈ। ਇਹ ਇੱਕ ਅਜਿਹੀ ਕਲਾ ਹੈ ਜਿਸ ਰਾਹੀਂ ਭਾਸ਼ਾਈ ਅਤੇ ਭਾਸ਼ਾ ਤੋਂ ਰਹਿਤ ਭਾਵਾਂ ਦਾ ਅਧਿਐਨ ਵੀ ਕੀਤਾ ਜਾ ਸਕਦਾ ਹੈ। ਇਹ ਅਨੁਵਾਦ ਦੀ ਸਾਇੰਸ ਵੀ ਹੈ ਖਾਸ ਕਰਕੇ ਹੱਥ ਲਿਖਤ ਗ੍ਰੰਥਾਂ ਦੀ। ਸੋ ਇਸ ਲਈ ਹਰਮਨਿਊਟਿਕਸ ਨੂੰ ਇਕੋ ਤਾਰਕਿਕ ਅਤੇ ਤਰਤੀਬਵਾਰ ਅਧਿਐਨ ਕਿਹਾ ਜਾ ਸਕਦਾ ਹੈ ਜਿਸ ਰਾਹੀਂ ਮ'ਜੂਦ ਸਾਹਿਤ ਨੂੰ ਉਦੇਸ਼ਾਂ ਅਨੁਸਾਰ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ। ਹਰਮੀਨਿਊਟਿਕਸ ਦੀ ਵਰਤੋਂ ਹਰ ਤਰ੍ਹਾਂ ਦੀ ਸਮਾਜ ਵਿਗਿਆਨ ਵਿਚ ਕੀਤੀ ਜਾ ਸਕਦੀ ਹੈ। ਜਿਵੇਂ ਕਿ:-




Fig. 2.1 Process of Interpretation

ਇਸ ਪ੍ਰਕਾਰ ਇਹ ਦੇਖਿਆ ਜਾ ਸਕਦਾ ਹੈ ਕਿ ਹਰਮਨਿਊਟਿਕਸ ਇੱਕ ਅਜਿਹੀ ਵਿਧੀ ਹੈ ਜਿਸ ਰਾਹੀਂ ਕਿਸੇ ਵੀ ਧਾਰਮਿਕ ਜਾਂ ਸਮਾਜਿਕ ਗਿਆਨ ਨੂੰ ਵਿਆਖਿਆ ਵਿਧੀਆਂ ਰਾਹੀਂ ਲੋੜੀਂਦੇ ਗਿਆਨ ਵਿਚ ਢਾਲ ਕੇ ਉਪਯੋਗੀ ਬਣਾਇਆ ਜਾ ਸਕਦਾ ਹੈ। ਇਸ ਖੋਜ ਕਾਰਜ ਵਿਚ ਹਰਮਨਿਊਟਿਕਸ ਦੀਆਂ ਵਿਧੀਆਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸਤ੍ਰਿਤ ਅਧਿਐਨ ਕੀਤਾ ਗਿਆ ਹੈ ਅਤੇ ਗੁਰੂ ਸਾਹਿਬਾਨ ਦੇ ਪ੍ਰਬੰਧਕੀ ਦ੍ਰਿਸ਼ਟੀਕੋਣ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੇ ਨਾਲ ਸਬੰਧਿਤ ਇਤਿਹਾਸਿਕ ਘਟਨਾਵਾਂ ਨੂੰ ਵੀ ਇਸੇ ਵਿਧੀ ਦੁਆਰਾ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ।

2.5.1. **ਖੋਜ ਕਾਰਜ ਲਈ ਨਮੂਨੇ ਦਾ ਅਕਾਰ (Sample Size for the Study)**- ਇਸ ਖੋਜ ਕਾਰਜ ਲਈ ਨਮੂਨਿਆਂ ਦਾ ਅਕਾਰ 101 ਹੈ। ਭਾਵ 101 ਵਪਾਰਿਕ ਨੁਮਾਇੰਦਿਆਂ ਤੇ ਅਧਿਐਨ ਕੀਤਾ ਜਾਵੇਗਾ। ਚੋਣ ਸੰਬੰਧੀ ਨਿਰਣੇ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਸੈਕਟਰਾਂ ਵਿਚ ਅਧਿਐਨ ਸ਼ਾਮਿਲ ਹੋਵੇਗਾ। ਇਹਨਾਂ ਸੈਕਟਰਾਂ ਵਿਚ –ਬੈਕਿੰਗ, ਬੀਮਾਂ, ਵਿੱਤੀ ਸੈਕਟਰ, ਉਤਪਾਦਨ ਸੈਕਟਰ, ਸਿੱਖਿਆ ਅਤੇ ਹੋਰ ਅਨੇਕਾਂ ਹੀ ਸੇਵਾਵਾਂ ਸਬੰਧੀ ਸੈਕਟਰ ਇਸ ਵਿਚ ਸ਼ਾਮਿਲ ਹਨ। ਜਿਵੇਂ ਕਿ ਖੋਜ ਕਾਰਜ ਐਕਸਪਲੋਰੇਟਰੀ ਵਿਧੀ(Exploratory Method) ਤੇ ਅਧਾਰਿਤ ਹੈ, ਸੋ ਇਸ ਲਈ ਨਾਨ-ਪਰੋਬੇਬਿਲਟੀ ਸੈਂਪਲਿੰਗ (Non Prohibility

Sampling) ਤਕਨੀਕ ਦੀ ਵਰਤੋਂ ਨਮੂਨਿਆਂ ਨੂੰ ਚੁਣਨ ਵਿਚ ਕੀਤੀ ਜਾਵੇਗੀ। ਉੱਤਰ ਦਾਤਿਆਂ (Respondents) ਦੀ ਚੋਣ ਖੋਜ ਕਰਤਾ ਦੇ ਅਨੁਭਵ ਦੇ ਅਧਾਰ ਤੇ ਸਮੇਂ ਅਤੇ ਸਥਾਨ ਅਨੁਸਾਰ ਕੀਤੀ ਗਈ ਹੈ। ਲਿਕਰ ਸਕੇਲ (Likert Scale) ਦਾ ਪੰਜ ਨੁਕਾਤੀ ਪ੍ਰਸ਼ਨਾਵਲੀ ਤਰੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਭਾਵ ਸਿੱਖ ਨੁਮਾਇੰਦਿਆਂ ਤੇ ਦੇਖਣ ਲਈ ਵਰਤਿਆ ਗਿਆ ਹੈ। ਇਹਨਾਂ ਨੁਮਾਇੰਦਿਆਂ ਦੇ ਲੀਡਰਸ਼ਿਪ ਦੇ ਗੁਣਾਂ ਦਾ ਅਧਿਐਨ ਲਈ –The Blake and Mouton Managerial Grid Leadership Self Assessment Questionnarie ਦਾ ਪ੍ਰਯੋਗ ਕੀਤਾ ਗਿਆ ਹੈ। ਅਧਿਐਨ ਲਈ ਪ੍ਰਸ਼ਨਾਵਲੀ ਈ-ਮੇਲ ਰਾਹੀਂ, ਅਤੇ ਖ਼ੁਦ ਮਿਲ ਕੇ ਸਿੱਖ ਵਪਾਰਿਕ ਨੁਮਾਇੰਦਿਆਂ ਤੱਕ ਭੇਜੀ ਗਈ। ਇਸ ਕਾਰਜ ਲਈ ਕੁਝ 105 ਵਪਾਰਿਕ ਪ੍ਰਬੰਧਾਂ ਤੱਕ ਪਹੁੰਚ ਕੀਤੀ ਗਈ ਜਿਸ ਵਿਚੋਂ 101 ਦੁਆਰਾ ਦਿੱਤਾ ਗਿਆ ਡਾਟਾ ਨਿਰੀਖਣ ਲਈ ਯੋਗ ਪਾਇਆ ਗਿਆ । ਇਸ ਲਈ ਇਹ ਅਧਿਐਨ 101 ਸਿੱਖ ਵਪਾਰਿਕ ਪ੍ਰਬੰਧਕਾਂ ਦੁਅਰਾ ਦਿੱਤੇ ਗਏ ਜਵਾਬਾਂ ਤੇ ਅਧਾਰਿਤ ਹੈ।

ਪ੍ਰਸ਼ਾਨਵਲੀ ਨੂੰ ਤਿਆਰ ਕਰਨ ਲਈ ਵੱਖ ਵੱਖ ਸਰੋਤਾਂ ਦਾ ਅਧਿਐਨ ਕੀਤਾ ਗਿਆ ਤਾਂ ਜੋ ਇਸ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ:-

- Management Style Questionnaire by RHEMA Group (2008)
- Mouton Managerial Grid Leadership Self Assessment Questionnaire
- Guideline from European Statistics Code of Practice for the National and Community Statistical Authorities (Eurosat 2012)

**2.5.2. ਡਾਟਾ ਨਿਰੀਖਣ ਅਤੇ ਸੰਖਿਅਕੀ ਵਿਧੀਆਂ(Data Analysis and Statistical Methods):-** ਪ੍ਰਸ਼ਨਾਵਲੀ ਨੂੰ ਤਿਆਰ ਕਰਨ ਉਪਰੰਤ ਇਸ ਦੇ ਨਤੀਜਿਆਂ ਨੂੰ ਜਾਂ ਇੱਕਤਰ ਹੋਈ ਜਾਣਕਾਰੀ ਨੂੰ ਐਕਸਲ ਸ਼ੀਟ (Excel Sheet) ਤੇ ਇੱਕਤਰ ਕੀਤਾ ਗਿਆ ਹੈ ਅਤੇ ਇਸ

ਉਪਰੰਤ ਜਾਣਕਾਰੀ ਦੇ ਨਿਰੀਖਣ ਅਤੇ ਨਤੀਜਿਆਂ ਤੇ ਪਹੁੰਚਣ ਲਈ ਸੰਖਿਅਕਤੀ ਵਿਧੀ SPSS (Statistical Package for Social Science) ਦੀ ਵਰਤੋਂ ਕੀਤੀ ਗਈ ਹੈ। ਇਸ ਨਿਰੀਖਣ ਦੌਰਾਨ ਜਾਣਕਾਰੀ ਦੀ ਅਤੇ ਗ਼ਗ਼ਗ਼ਗਲਤੀਜਿਆਂ ਦੀ ਭਰੋਸੇਯੋਗਤਾ ਨੂੰ ਵਧਾਉਣ ਲਈ ਅਨੇਕਾਂ ਵਿਧੀਆਂ ਅਤੇ ਟੈਕਟਾਂ ਦੀ ਮੱਦਦ ਲਈ ਗਈ ਹੈ ਜੋ ਇਸ ਪ੍ਰਕਾਰ ਹਨ:-

1. **ਫੈਕਟਰ ਨਿਰੀਖਣ (Factor Analysis)**:- ਫੈਕਟਰ ਨਿਰੀਖਣ ਅਜਿਹਾ ਸੰਖਿਅਕੀ ਵਿਧੀ ਹੈ ਜਿਸ ਰਾਹੀਂ ਪ੍ਰਾਪਤ ਸੂਚਨਾਵਾਂ ਦੀ ਭਰੋਸੇਯੋਗਤਾ ਨੂੰ ਪਰਖਿਆ ਜਾ ਸਕਦਾ ਹੈ। ਇਸ ਰਾਹੀਂ ਜੇਕਰ ਇਹ ਸਾਹਮਣੇ ਆਉਂਦਾ ਹੈ ਕਿ ਜੇਕਰ 2 Variable ਦੀ ਆਪਸ ਵਿਚ ਸਬੰਧਿਤ ਤਾਂ ਉਹਨਾਂ ਨੂੰ ਘਟਾ ਕੇ ਇੱਕ Variable ਵਿਚ ਬਦਲਿਆ ਜਾ ਸਕਦਾ ਹੈ ਭਾਵ ਇਸ ਨਾਲ ਨਕਲ ਦੀ ਪ੍ਰਵਿਰਤੀ ਘਟਦੀ ਹੈ ਅਤੇ ਭਰੋਸੇਯੋਗਤਾ ਵੱਧਦੀ ਹੈ। ਇਹ ਜੋ ਸਾਂਝੇ Variable ਸਾਹਮਣੇ ਆਏ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਸਿੱਖ ਵਪਾਰੀਆਂ ਤੇ ਪ੍ਰਭਾਵ ਨੂੰ ਵੇਖਣ ਲਈ ਵਰਤਿਆ ਗਿਆ ਹੈ। ਇਸ ਕਾਰਜ ਵਿਚ Frequency Table ਦਾ ਨਿਰਮਾਣ ਕੀਤਾ ਗਿਆ ਅਤੇ ਉੱਤਰਦਾਤਿਆਂ ਦੇ ਵਿਵਹਾਰ ਨੂੰ ਸਮਝਣ ਲਈ ਇੱਕ ਅੰਕਾਂ ਤੇ ਅਧਾਰਿਤ ਸ਼ੀਟ ਡਿਆਰ ਕੀਤੀ ਗਈ ਅਤੇ ਉਹਨਾਂ ਦੀ ਲੀਡਰਸ਼ਿਪ ਗੁਣਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਨਿਰੀਖਣ ਨੂੰ ਹੋਰ ਮਹੱਤਵਪੂਰਨ ਬਨਾਉਣ ਲਈ ਬਾਰ ਚਿੱਤਰ, ਪਾਈ ਚਾਰਟ, ਔਸਤ ਆਦਿ ਦਾ ਪ੍ਰਯੋਗ ਵੀ ਕੀਤਾ ਗਿਆ ਹੈ।

2. **ਬਾਰਟਲੈਟ ਟੈਸਟ (Bartlett's Test)**:- ਇਹ ਇੱਕ ਅਜਿਹੀ ਵਿਧੀ ਜੋ ਇਕੱਤਰ ਕੀਤੇ ਡਾਟੇ ਦੀ ਭਰੋਸੇਯੋਗਤਾ ਨੂੰ ਦੇਖਣ ਵਿਚ ਵਰਤੀ ਜਾਂਦੀ ਹੈ। ਇਸ ਵਿਚ ਜੇਕਰ ਵੱਖ ਵੱਖ Variable ਵਿਚਕਾਰ ਯੋਗ ਅੰਤਰ-ਸਬੰਧ ਨਹੀਂ ਹਨ ਭਾਵ ਜੇਕਰ r=0 ਜਾਂ ਫਿਰ r=1 ਤਾਂ ਉਸ ਸਥਿਤੀ ਵਿਚ ਸਬੰਧਾਂ ਨੂੰ ਵਾਚਿਆ ਜਾਂਦਾ ਹੈ। ਇਸ ਦਾ ਮੁੱਖ ਮਕਸਦ ਵੱਖ ਵੱਖ variable ਦਾ ਆਪਸ ਵਿਚ ਸਬੰਧ ਨੂੰ ਦੇਖਣਾ ਹੈ ਤਾਂ ਕਿ ਯੋਗ ਸਥਿਤੀ ਤੇ Factor Analysis ਅਨੁਸਾਰ ਡਾਟੇ ਦਾ ਵਿਭਾਗੀਕਰਨ ਕੀਤਾ ਜਾ ਸਕੇ।

3. **KMO (Kaiser – Meyer – Olkin)**:- ਇਹਟੈਸਟ ਨਮੂਨਿਆਂ ਦਾ ਭਰੋਸੇਯੋਗਤਾ ਨੂੰ ਦੇਖਣ ਲਈ ਲਗਾਇਆ ਗਿਆ ਹੈ। ਇਸ ਵਿਚ ਇਹ ਪਰਖਿਆ ਜਾਂਦਾ ਹੈ ਕਿ ਜਿਹਨਾਂ ਤੱਤਾਂ ਦੇ ਅਧਾਰ ਤੇ ਡਾਟਾ ਇਕੱਤਰ ਕੀਤਾ ਜਾਣਾ ਹੈ ਉਹਨਾਂ ਦਾ ਦੂਸਰੇ ਤੱਤ ਨਾਲ ਸਬੰਧ ਕਿਵੇਂ ਹੈ ਇਸ ਟੈਸਟ ਅਨੁਸਾਰ ਨਤੀਜਾ 0 ਤੋਂ 1 ਵਿਚਕਾਰ ਰਹਿੰਦਾ ਹੈ ਅਤੇ ਜੇਕਰ ਕੀਮਤ 0.6 ਤੋਂ ਜ਼ਿਆਦਾ ਆਵੇ ਤਾਂ ਫੈਕਟਰ ਨਿਰੀਖਣ (Factor Analysis) ਕੀਤਾ ਜਾ ਸਕਦਾ ਹੈ।

2.5.3. **ਅਧਿਐਨ ਦੀ ਰੂਪ ਰੇਖਾ (Design of the Study)**- ਲੀਡਰ ਕਿਸੇ ਇੱਕ ਸੈਕਟਰ ਨਾਲ ਸਬੰਧਿਤ ਨਹੀਂ ਹਨ, ਸਗੋਂ ਵੱਖ ਵੱਖ ਖੇਤਰਾਂ ਨਾਲ ਸਬੰਧਿਤ ਹਨ। ਡਾਟਾ ਇਕੱਠਾ ਕਰਨ ਲਈ ਪ੍ਰਸ਼ਨਾਵਲੀ ਲਿਕਰਟ ਸਕੇਸ (Likert Scale) ਤੇ ਅਧਾਰਿਤ ਹੈ, ਜੋ ਕਿ ਪੰਜ ਸੰਭਾਵਨਾਂ ਤੇ ਅਧਾਰਿਤ ਹੁੰਦੀ ਹੈ। ਡਾਟੇ ਦੀ ਯੋਗਤਾ ਅਤੇ ਭਰੋਸੇਯੋਗਤਾ ਵਿੱਚ ਵਾਧੇ ਲਈ SPSS ਸਾਫਟਵੇਅਰ ਦੀ ਵਰਤੋਂ ਕੀਤੀ ਗਈ ਹੈ। ਜਿਸ ਤਹਿਤ ਹਰ ਇੱਕ ਫੈਕਟਰ ਦਾ ਔਸਤ ਅੰਕ (Mean Score) ਪਤਾ ਕੀਤਾ ਗਿਆ ਹੈ ਅਤੇ ਹਰ ਇੱਕ ਫੈਕਟਰ ਦੀ ਭਰੋਸੇਯੋਗਤਾ ਅਤੇ ਉਚਿਤਤਾ ਨੂੰ Level Significance ਰਾਹੀਂ ਨਤੀਜਾ ਕੱਢਿਆ ਗਿਆ ਹੈ। ਨਤੀਜਿਆਂ ਲਈ ਹੇਠਾਂ ਲਿਖੇ ਮਾਪਦੰਡਾਂ ਨੂੰ ਨਿਸਚਿਤ ਕੀਤਾ ਗਿਆ ਹੈ-

| **ਕ੍ਰਮ ਨੰਬਰ** | **ਅੰਕ** | **ਨਤੀਜਾ** |
|---|---|---|
| 1. | 1.80 ਤੱਕ | ਪੂਰਨ ਤੌਰ ਤੇ ਅਸਹਿਮਤ |
| 2. | 1.81-2.60 | ਟਸਹਿਮਤ |
| 3. | 2.61-3.40 | ਕੋਈ ਫੈਸਲਾ ਨਹੀਂ |
| 4. | 3.41-4.30 | ਸਹਿਮਤ |
| 5. | 4.31-5.00 | ਪੂਰਨ ਤੌਰ ਤੇ ਸਹਿਮਤ |

**Table: 2.1 Base for data Interpretation**

ਉਪਰੋਕਤ ਪ੍ਰਣਾਲੀ ਰਾਂਹੀ ਹਰ ਇੱਕ ਡਾਟਾ ਸੈੱਟ ਦਾ ਨਿਰੀਖਣ ਕਰਨ ਉਪਰੰਤ ਅਤੇ ਨਤੀਜਾ ਕੱਢਿਆ ਜਾਵੇਗਾ।

**2.6 ਖੋਜ ਕਾਰਜ ਦੀ ਰੂਪ ਰੇਖਾ (Organization of the study)-** ਖੋਜ ਪ੍ਰਬੰਧ ਨੂੰ ਛੇ ਭਾਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹਨਃ-

ਅਧਿਆਇ ਪਹਿਲਾ- ਜਾਣ-ਪਹਿਚਾਣ

ਅਧਿਆਇ ਦੂਜਾ - ਸਾਹਿਤਕ ਸਮੀਖਿਆ ਅਤੇ ਖੋਜ ਵਿਧੀ

ਅਧਿਆਇ ਤੀਜਾ - ਸਿੱਖ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਤੋਂ ਵਪਾਰਿਕ ਨੈਤਿਕਤਾ ਦਾ ਅਧਿਐਨ

ਅਧਿਆਇ ਚੌਥਾ- ਵਪਾਰਿਕ ਨੈਤਿਕਤਾ ਦੇ ਵਭਿੰਨ ਪਹਿਲੂਆਂ ਦਾ ਅਧਿਐਨ ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿਚ

ਅਧਿਆਇ ਪੰਜਵਾਂ- ਸਿੱਖ ਨੈਤਿਕਤਾ ਅਤੇ ਵਪਾਰਿਕ ਸਿੱਖ ਲੀਡਰ - ਸੰਖਿਅਕੀ ਅਧਿਐਨ

ਅਧਿਆਇ ਛੇਵਾਂ - ਸਾਰ ਅਤੇ ਸਥਾਪਨਾਵਾਂ

**2.7 ਖੋਜ ਕਾਰਜ ਦੀਆਂ ਚੁਣੌਤੀਆਂ (Challenges for the Study) -**

ਸਾਡਾ ਖੋਜ ਕਾਰਜ ਅਜਿਹਾ ਹੈ ਜਿਸ ਬਾਰੇ ਇਸ ਤੋਂ ਪਹਿਲਾਂ ਹੋਇਆ ਕੰਮ ਨਾ ਦੇ ਬਰਾਬਰ ਹੈ। ਸੋ ਇਸ ਲਈ ਹੇਠਾਂ ਲਿਖੀਆਂ ਚੁਣੌਤੀਆਂ ਮ'ਜ਼ੂਦ ਹਨਃ-

1. ਇਹ ਖੋਜ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਅਧਾਰਿਤ ਹੈ ਜੋ ਕਿ ਅਨੁਭਵੀ ਗਿਆਨ ਨਾਲ ਵਧੇਰੇ ਸਬੰਧਿਤ ਹਨ ਸੋਸੰਖਿਅਕੀ ਸਾਧਨਾਂ ਦੀ ਵਰਤੋਂ ਕਰਨਾ ਕਠਿਨ ਹੈ।

2. ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਆਪਣੇ ਆਪ ਵਿਚ ਹੀ ਸੰਪੂਰਨ ਹਨ ਉਹਨਾਂ ਦੀ ਸੰਪੂਰਨ ਵਿਆਖਿਆ ਕਰਨੀ ਚੁਣੌਤੀ ਭਰਪੂਰ ਕਾਰਜ ਹੈ।

3. ਇਸ ਖੋਜ ਕਾਰਜ ਵਿਚ ਸਰਵੇਖਣ ਅਹਿਮ ਹੈ। ਜਿਸ ਦੇ ਅਧਾਰ ਤੇ ਖੋਜ ਕਾਰਜ ਦੇ ਨਤੀਜੇ ਬਣਨੇ ਹਨ ਸੋ ਪ੍ਰਭਾਵੀ ਡਾਟਾ ਇਕੱਤਰ ਕਰਨਾ ਜ਼ਰੂਰੀ ਹੈ।

4. ਡਾਟਾ ਈਮੇਲ ਰਾਹੀਂ ਜਾਂ ਪੋਸਟ ਰਾਹੀਂ ਹੀ ਇੱਕਤਰ ਕੀਤਾ ਜਾ ਰਿਹਾ ਹੈ ਜਿਹਨਾਂ ਦੀ ਇੰਟਰਵਿਊ ਵਿਧੀ ਤੋਂ ਭਰੋਸੇਯੋਗਤਾ ਘੱਟ ਹੈ।

5. ਇਸ ਖੋਜ ਕਾਰਜ ਨਾਲ ਸਬੰਧਿਤ ਪਿੱਛਲੇ ਸਮੇਂ ਦੌਰਾਨ ਪ੍ਰਭਾਵੀ ਕੰਮ ਨਹੀਂ ਹੋਇਆ, ਸੋ ਇਹ ਵੀ ਇੱਕ ਚੁਣੌਤੀ ਹੈ।

ਜਿਵੇਂ ਕਿ ਇਹ ਸਪੱਸ਼ਟ ਹੈ ਕਿ ਇਹ ਖੋਜ ਕਾਰਜ ਆਪਣੇ ਆਪ ਵਿਚ ਹੀ ਵਿਲੱਖਣ ਹੈ। ਸੋ ਇਹਨਾਂ ਸਮੱਸਿਆਵਾਂ ਨੂੰ ਦ੍ਰਿੜ ਨਿਸਚੈ ਅਤੇ ਮਿਹਨਤ ਨਾਲ ਦੂਰ ਕੀਤਾ ਜਾ ਸਕਦਾ ਹੈ ਅਤੇ ਮੈਨੂੰ ਆਸ ਹੈ ਕਿ ਇਹ ਚੁਣੌਤੀਆਂ ਹੀ ਮੇਰੇ ਲਈ ਪ੍ਰੋਤਸਾਹਨ ਦਾ ਕਾਰਜ ਕਰਨਗੀਆਂ। ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਬਹੁ-ਅਨੁਸ਼ਾਸਨੀ ਹਨ। ਇਹਨਾਂ ਸਿੱਖਿਆਵਾਂ ਦੇ ਅਧਾਰ ਤੇ ਵਪਾਰਿਕ ਨੈਤਿਕਤਾ ਨਾਲ ਸਬੰਧਿਤ ਅਨੇਕਾਂ ਹੀ ਤੱਥ ਮ'ਜੂਦ ਹਨ ਜੋ ਵੱਡੀਆਂ ਵਪਾਰਿਕ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰੱਥ ਹਨ। ਇਸ ਖੋਜ ਕਾਰਜ ਵਿਚ ਵਰਤੀਆਂ ਜਾਣ ਵਾਲੀਆਂ ਅਤੇ ਵਿਧੀਆਂ ਵਿਚ ਇਹ ਧਿਆਨ ਰੱਖਿਆ ਗਿਆ ਹੈ ਕਿ ਯੋਗ ਜਾਣਕਾਰੀ ਦੇ ਨਾਲ ਨਾਲ ਭਵਿੱਖੀ ਮੌਕਿਆ ਨੂੰ ਵੀ ਵਿਚਾਰਿਆ ਜਾ ਸਕੇ। ਇਸ ਖੋਜ ਕਾਰਜ ਵਿਚ ਜਿੱਥੇ ਅਧਾਰਭੂਤ ਸਹਾਤਿਕ ਸਮੱਗੀ ਦੀ ਸਮੱਸਿਆ ਹੈ ਪਰ ਉੱਥੇ ਨਾਲ ਹੀ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਘਟਨਾਵਾਂ ਵਿਚ ਮ'ਜੂਦ ਪ੍ਰਬੰਧਕੀ ਦ੍ਰਿਸ਼ਟੀਕੋਣ ਇਸ ਸਮੱਸਿਆਂ ਦਾ ਹੱਲ ਹੈ।

# ਅਧਿਆਇ 3

## ਸਿੱਖ ਗੁਰੂ ਸਾਹਿਬਾਨ ਦੇ ਫ਼ਲਸਫ਼ਾ ਤੋਂ ਵਪਾਰਿਕ ਨੈਤਿਕਤਾ ਦਾ ਅਧਿਐਨ

## (Analysis of Business Ethics from the Philosophy of Sikh Gurus)

ਵਪਾਰਿਕ ਨੈਤਿਕਤਾ ਵਪਾਰਿਕ ਕਾਰਜਕਰਣੀ ਦਾ ਅਹਿਮ ਅੰਗ ਹੈ। ਪਿਛਲੇ ਅਧਿਆਇ ਵਿਚ ਖੋਜ ਵਿਸ਼ੇ ਨਾਲ ਸਬੰਧਿਤ ਪੂਰਵ ਪ੍ਰਾਪਤ ਸਮੱਗਰੀ ਦਾ ਮੁਲਾਂਕਣ ਕਰਨ ਉਪਰੰਤ ਇਹ ਤੱਥ ਨਿੱਕਲਦਾ ਹੈ ਕਿ ਵਪਾਰਿਕ ਨੈਤਿਕਤਾ ਦੇ ਪਰਿਪੇਖ ਵਿਚ ਸੀਮਿਤ ਖੋਜ ਪ੍ਰਬੰਧ ਪ੍ਰਾਪਤ ਹੁੰਦੇ ਹਨ ਜੋ ਕਿ ਸਾਡੇ ਲਈ ਉਤਸ਼ਾਹ ਦਾ ਸਰੋਤ ਵੀ ਹੈ। ਇਸ ਅਧਿਆਇ ਵਿੱਚ ਮੂਲ ਉਦੇਸ਼ ਜੋ ਕਿ ਨੈਤਿਕਤਾ ਦਾ ਗੁੜ ਵਿਵੇਚਨ ਹੈ ਨੂੰ ਗੁਰੂ ਸਾਹਿਬ ਦੇ ਜੀਵਨ ਵਿਚਲੇ ਇਤਿਹਾਸਿਕ ਪਹਿਲੂਆਂ ਦੀ ਮਦਦ ਨਾਲ ਨਿੱਠ ਕੇ ਵਾਚਣ ਦਾ ਯਤਨ ਕੀਤਾ ਜਾਵੇਗਾ।

ਸਿੱਖ ਸ਼ਬਦ ਦਾ ਅੱਖਰੀ ਅਰਥ ਹੈ ਸਿੱਖਣਾਂ ਭਾਵ ਅਜਿਹਾ ਵਿਅਕਤੀ ਜਿਸ ਵਿੱਚ ਸਦਾ ਹੀ ਸਿੱਖਣ ਦੀ ਪ੍ਰਵਿਰਤੀ ਮੌਜੂਦ ਹੋਵੇ। ਸਿੱਖ ਸ਼ਬਦ ਸੰਸਕ੍ਰਿਤ ਦੇ ਸ਼ਬਦ ਸਿਛਿਆ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਵਿਦਿਆਰਥੀ ਭਾਵ ਸਿੱਖ ਸਦੀਵੀ ਵਿਦਿਆਰਥੀ ਹੈ ਜਿਸ ਵਿੱਚ ਸੱਚ ਨੂੰ ਜਾਨਣ ਦੀ ਚਾਹਤ ਹੁੰਦੀ ਹੈ। ਸਿੱਖ ਦੇ ਨਾਲ ਨਾਲ ਦੂਸਰਾ ਮਹੱਤਵਪੂਰਣ ਸਬੰਧਿਤ ਸ਼ਬਦ ਹੈ ਗੁਰੂ। ਗੁਰੂ ਅਧਿਆਪਕ ਹੈ, ਗਿਆਨਵਾਨ ਮਨੁੱਖ ਹੈ, ਧਾਰਮਿਕ ਮਨੁੱਖ ਜਾਂ ਸੰਤ ਵੀ ਹੋ ਸਕਦਾ ਹੈ। ਭਾਵ ਗੁਰੂ ਸ਼ਬਦ ਆਪਣੇ ਆਪ ਵਿੱਚ ਹੀ ਅਨੇਕਾਂ ਪਰਿਭਾਸ਼ਾਵਾਂ ਨੂੰ ਸਮੋਈ ਬੈਠਾ ਹੈ ਪਰ ਸਿੱਖ ਮੱਤ ਵਿੱਚ ਗੁਰੂ ਸ਼ਬਦ ਦੇ ਅਰਥ ਕੋਈ ਆਮ ਅਧਿਆਪਕ ਜਾਂ ਸੂਝਵਾਨ ਵਿਅਕਤੀ ਨਹੀਂ ਸਗੋਂ ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਗੁ ਅਤੇ ਰੂ। ਇੱਥੇ ਗੁ ਦਾ ਅਰਥ ਹੈ ਹਨ੍ਹੇਰਾ ਅਤੇ ਰੂ ਦਾ ਅਰਥ ਹੈ ਰੋਸ਼ਨੀ। ਭਾਵ ਇਹ ਕਿ ਗੁਰੂ ਉਹ ਹੈ ਜੋ ਗਿਆਨ ਰਾਹੀਂ ਮਨੁੱਖ ਦੇ ਅੰਦਰੋਂ ਅਗਿਆਨਤਾ ਦਾ ਹਨ੍ਹੇਰਾ ਖ਼ਤਮ ਕਰ ਦਿੰਦਾ ਹੈ। ਜੇਕਰ ਭਾਰਤੀ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਗੁਰੂ ਸ਼ਬਦ ਕਾਫ਼ੀ ਅਰਸੇ ਤੋਂ ਆਮ ਵਰਤੋਂ ਵਿੱਚ ਆਉਂਦਾ ਹੈ ਪਰ ਸਿੱਖ ਮਤ ਵਿੱਚ ਇਸ ਦੇ ਵਿਸ਼ੇਸ਼ ਅਰਥ ਹਨ। ਗੁਰੂ ਇੱਕ ਅਜਿਹਾ

ਅਧਿਆਤਮਿਕ ਮਹਾਨ ਪੁਰਸ਼ ਹੈ ਜੋ ਆਪਣੇ ਪੈਰੋਕਾਰਾਂ ਨੂੰ ਵੀ ਆਪਣੇ ਵਰਗੇ ਬਣਾ ਦਿੰਦਾ ਹੈ। ਗੁਰੂ ਦੀ ਮਹਾਨਤਾ ਦੇ ਸਬੰਧ ਵਿੱਚ ਗੁਰੂ ਅੰਗਦ ਦੇਵ ਜੀ ਲਿਖਦੇ ਹਨਃ

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥[1]

ਆਸਾ ਦੀ ਵਾਰ ਵਿੱਚ ਗੁਰੂ ਸਾਹਿਬ ਗੁਰੂ ਦੀ ਮਹਿਮਾ ਦਾ ਗੁਣਗਾਨ ਕਰਦੇ ਗੁਰੂ ਸਾਹਿਬ ਲਿਖਦੇ ਹਨ ਕਿ ਜੇਕਰ ਅਨੇਕਾਂ ਹੀ ਚੰਦਰਮੇ ਅਤੇ ਹਜਾਰਾਂ ਹੀ ਸੂਰਜ ਕਿਉਂ ਨਾ ਚੜ੍ਹ ਜਾਣ, ਪਰ ਇਸ ਪ੍ਰਕਾਸ਼ ਦੇ ਬਾਵਜ਼ੂਦ ਵੀ ਗੁਰੂ ਤੋਂ ਬਿਨਾਂ ਹਨੇਰਾ ਹੀ ਹੈ।

ਗੁਰੂ ਆਪਣੇ ਪੈਰੋਕਾਰਾਂ ਦੇ ਹਰ ਸੰਭਵ ਵਿਕਾਸ ਲਈ ਕਾਰਜਸ਼ੀਲ ਰਹਿੰਦਾ ਹੈ। ਉਹ ਭਾਵੇਂ ਸਮਾਜਿਕ ਸਮਝ ਹੋਵੇ ਜਾਂ ਅਧਿਆਤਮਿਕ ਗਿਆਨ, ਗੁਰੂ ਆਪਣੇ ਸਿੱਖ ਅੰਦਰ ਪਰਮਾਤਮਾ ਪ੍ਰਤੀ ਪਿਆਰ ਪੈਦਾ ਕਰਦਾ ਹੈ ਅਤੇ ਸਿੱਖ ਨੂੰ ਵਿਧੀ ਦੱਸਦਾ ਹੈ ਕਿ ਕੁਦਰਤ ਦੇ ਕਣ-ਕਣ ਵਿੱਚੋਂ ਉਸ ਦੇ ਦਰਸ਼ਨ ਕਿਵੇਂ ਕਰਨੇ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਕੁਦਰਤ ਅਤੇ ਪਰਮਾਤਮਾ ਦੇ ਅਨਿੱਖੜਵੇ ਰਿਸ਼ਤੇ ਦੀ ਪੇਸ਼ਕਾਰੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦੇਖਣ ਨੂੰ ਮਿਲਦੀ ਹੈ। ਇਸ ਵਿੱਚ ਪਰਮਾਤਮਾ ਦੀ ਅਸੀਮਤਾ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਦੁਆਰਾ ਬਾਖ਼ੂਬੀ ਕੀਤਾ ਗਿਆ ਹੈ ਜਿਸ ਵਿਚ ਕੁਦਰਤ ਦਾ ਹੀ ਰੂਪ ਹੋਏ ਪਰਮਾਤਮਾ ਨੂੰ ਅਪਾਰ ਦੱਸਿਆ ਗਿਆ ਹੈ-

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥[2]

ਗੁਰੂ ਦੀ ਮਹਾਨਤਾ ਦੇ ਸਬੰਧ ਵਿੱਚ ਪ੍ਰਸਿੱਧ ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ-

> ਗੁਰੂ-ਪ੍ਰਤਿਭਾ ਮਨੁੱਖੀ ਅਮਲ ਨੂੰ ਜ਼ਿੰਦਗੀ ਦੇ ਐਨੇ ਮਹੀਨ ਹਿੱਸਿਆਂ ਤੱਕ ਲੈ ਜਾਂਦੀ ਹੈ, ਜਿੱਥੇ ਪਹੁੰਚ ਕੇ ਅਸਲੀਅਤ ਵੀ ਮਿੱਥ ਬਣ ਜਾਂਦੀ ਹੈ।[3]

ਗੁਰੂ ਦੇ ਕਾਰਣ ਇਹ ਸੋਝੀ ਸਿੱਖ ਅੰਦਰ ਉਦੋਂ ਪੈਦਾ ਹੁੰਦੀ ਹੈ ਜਦੋਂ ਉਹ ਪ੍ਰਮਾਤਮਾ ਦੇ ਨਾਮ ਭਾਵ ਸ਼ਬਦ ਦੁਆਰਾ ਹਰ ਜਗ੍ਹਾ ਮੌਜ਼ੂਦ ਪਰਮਾਤਮਾ ਦੇ ਗੁਣ ਗਉਣ ਦੀ ਜਾਂਚ ਹਾਂਸਿਲ ਕਰ ਲੈਂਦਾ ਹੈ। ਇਸ ਤਰ੍ਹਾਂ ਸਿੱਖ ਗਿਆਨਵਾਨ ਹੋਣ ਦੇ ਨਾਲ ਨਾਲ ਸੰਪੂਰਨਤਾ ਦੀ ਸਥਿਤੀ ਵਿੱਚ ਪਹੁੰਚ ਜਾਂਦਾ ਹੈ ਅਤੇ ਉਸ ਦਾ ਸਮਾਜ ਪ੍ਰਤੀ ਵਤੀਰਾ ਦਿਆਲਤਾ ਵਾਲਾ ਹੋ ਜਾਂਦਾ ਹੈ। ਉਸ ਅੰਦਰ ਊਚ-ਨੀਚ, ਜਾਤ-ਪਾਤ, ਵਹਿਮਾਂ-ਭਰਮਾਂ ਦੀ ਬਿਰਤੀ ਖ਼ਤਮ ਹੋ ਜਾਂਦੀ ਹੈ ਅਤੇ ਗੁਰਬਾਣੀ ਉਸੇ ਮਨੁੱਖ ਨੂੰ ਸੰਤ, ਭਗਤ, ਸਚਿਆਰ ਮਨੁੱਖ ਆਦਿ ਦੇ ਨਾਂਵਾਂ ਨਾਲ ਸੰਬੋਧਿਤ ਕਰਦੀ ਹੈ। ਗੁਰਬਾਣੀ ਅਨੁਸਾਰ ਅਜਿਹਾ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ ਇਸ ਸਬੰਧ ਵਿੱਚ ਗੁਰੂ ਗੋਬਿੰਦ ਸਿੰਘ ਜੀ, ਬਚਿਤ੍ਰ ਨਾਟਕ ਦੇ ਛੇਵੇਂ ਭਾਗ ਵਿੱਚ ਲਿਖਦੇ ਹਨঃ-

> ਹਰਿ ਹਰਿਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ।।
> ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।।[4]

ਗੁਰਮਤਿ ਵਿੱਚ ਗੁਰੂ ਨੂੰ ਸ਼ਬਦ ਰੂਪ ਵਿੱਚ ਧਿਆਇਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਖ਼ਤਮ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਜੀਵੰਤ ਗੁਰੂ ਦੀ ਪਦਵੀ ਨਾਲ ਸਨਮਾਨਿਤ ਕੀਤਾ ਤੇ ਸ਼ਬਦ ਗੁਰੂ ਦਾ ਸੰਕਲਪ ਦ੍ਰਿੜ ਕਰਵਾਇਆ। ਗੁਰੂ ਦੁਆਰਾ ਪ੍ਰਾਪਤ ਓਾਮÓਨਾਲ ਸਿੱਖ ਮਾੜੀ ਬਿਰਤੀ ਦਾ ਨਾਸ਼ ਕਰ ਦਿੰਦਾ ਹੈ ਅਤੇ ਸਦਗੁਣਾਂ ਨੂੰ ਧਾਰਣ ਕਰ ਜਾਂਦਾ ਹੈ। ਇੱਥੇ ਇਹ ਗੱਲ ਖਾਸ ਧਿਆਨ ਦੇਣ ਯੋਗ ਹੈ ਕਿ ਭਾਰਤੀ ਦਰਸ਼ਨ ਸ਼ਾਸਤਰ ਵਿੱਚ ਵੀ ਨਾਮ ਦਾ ਸੰਕਲਪ ਮੌਜੂਦ ਹੈ ਪਰ ਸਿੱਖ ਮੱਤ ਵਿੱਚ ਨਾਮ ਦੀ ਧਾਰਣਾ ਅਲੱਗ ਹੈ। ਸਿੱਖ ਧਰਮ ਅਨੁਸਾਰ ਨਾਮ ਜੱਪਣ ਤੋਂ ਭਾਵ ਇਹ ਨਹੀਂ ਕਿ ਘਰ, ਪਰਿਵਾਰ, ਜਾਂ ਸਮਾਜ ਦਾ ਤਿਆਗ ਕਰ ਦੇਣਾ ਜਾਂ ਸੰਨਿਆਸ ਧਾਰਣ ਕਰ ਲੈਣਾ ਸਗੋਂ ਗੁਰੂ ਸਾਹਿਬਾਨ

ਅਨੁਸਾਰ ਨਾਮ ਵੀ ਜੱਪਣ ਦੇ ਨਾਲ ਕਿਰਤ ਕਰਨੀ ਵੀ ਅਤੀ ਜਰੂਰੀ ਹੈ। ਸੰਨਿਆਸ ਧਾਰਨ ਕਰਨਾ ਅਤੇ ਜੰਗਲਾਂ ਵਿੱਚ ਜਾ ਕੇ ਭਗਤੀ ਕਰਨੀ ਠੀਕ ਨਹੀਂ ਸਗੋਂ ਗੁਰੂ ਸਾਹਿਬ ਅਜਿਹੇ ਸੰਨਿਆਸੀ ਦੀ ਸਿੰਤ ਕਰਦੇ ਹਨ ਜੋ ਕਿ ਸਮਾਜਿਕ ਕਾਰ ਵਿਹਾਰ ਕਰਦਾ ਹੋਇਆ ਪਰਮਾਤਮਾ ਦੇ ਸ਼ਬਦ ਨੂੰ ਪਕੇਰਾ ਕਰੇ:

> ਰੇ ਮਨ ਐਸੋ ਕਰਿ ਸੰਨਿਆਸਾ।।
>
> ਬਨ ਸੇ ਸਦਨ ਸਬੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ।।[5]

ਸਿੱਖ ਮਤ ਵਿੱਚ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੀ ਵਿਸ਼ੇਸ਼ ਮਹੱਤਤਾ ਹੈ। ਗ੍ਰਹਿਸਥ ਜੀਵਨ ਵਿਚ ਰਹਿ ਕੇ ਨਾਮ ਜੱਪਣਾ ਨੂੰ ਜੰਗਲਾਂ ਵਿੱਚ ਜਾ ਕੇ ਨਾਮ ਜੱਪਣ ਨਾਲੋਂ ਵੀ ਉੱਤਮ ਮੰਨਿਆ ਗਿਆ ਹੈ। ਗੁਰੂ ਸਾਹਿਬਾਨ ਵੱਲੋਂ ਗੁਰੂ ਅਤੇ ਸਿੱਖ ਦੀ ਵਿਲੱਖਣ ਪਰਿਭਾਸ਼ਾ ਪੇਸ਼ ਕੀਤੀ ਹੈ। ਗੁਰੂ ਜਿੱਥੇ ਅਥਾਹ ਗਿਆਨ ਦਾ ਭੰਡਾਰ ਹੈ, ਉੱਥੇ ਸਿੱਖ ਇੱਕ ਜਗਿਆਸੂ ਮਨੁੱਖ ਹੈ ਜੋ ਗੁਰੂ ਦੁਆਰਾ ਦਿੱਤੇ ਗਿਆਨ ਰਾਹੀਂ ਅੰਦਰੂਨੀ ਅਤੇ ਬਾਹਰੀ ਵਿਕਾਸ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਸਿੱਖ ਮਤ ਵਿੱਚ ਨੈਤਿਕਤਾ ਅਤੇ ਨਾਮ ਦੇ ਅਤੁੱਟ ਰਿਸ਼ਤੇ ਦੇ ਸੰਬੰਧ ਵਿਚ ਡਾ. ਜਸਪਾਲ ਕੌਰ ਕਾਂਗ ਲਿਖਦੇ ਹਨ ਕਿ-

> ਸਿੱਖ ਮਤ ਵਿਚ ਸਭ ਤੋਂ ਸਰਵ ਉੱਚ ਮੁੱਲ ਗੁਰਬਾਣੀ ਵਿੱਚ ਪਰਮਾਤਮਾ ਦਾ ਪਵਿੱਤਰ ਨਾਮ ਹੈ।[6]

ਸਿੱਖ ਮਤ ਵਿੱਚ ਗੁਰੂ ਸ਼ਬਦ ਕੇਵਲ ਦਸ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਹੀ ਸਬੰਧਿਤ ਹੈ ਜਿਹਨਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਸੀ ਭਾਵ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਗੁਰੂ ਦੇ ਸੰਕਲਪ ਰਾਹੀਂ ਗੁਰੂ ਦੀ ਪਦਵੀ ਨੂੰ ਦਸ ਗੁਰੂ ਸਾਹਿਬਾਨ ਤੋਂ ਵੀ ਅੱਗੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦ੍ਰਿਸ਼ਟਮਾਨ ਕਰਦੇ ਹਨ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਅੱਜ

ਕੁੱਲ ਕਾਇਨਾਤ ਵਿੱਚ ਪ੍ਰਕਾਸ਼ਮਾਨ ਹੋ ਰਹੀਆਂ ਹਨ। ਸਿੱਖ ਗੁਰੂਆਂ ਵਿੱਚ ਸਰੀਰ ਭਾਵੇਂ ਅਨੇਕ ਸਨ ਪਰ ਸੰਕਲਪ ਕੇਵਲ ਇੱਕ ਜੋਤ ਦਾ ਹੀ ਸੀ ਜੋ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਟਿਕ ਜਾਂਦਾ ਹੈ। ਗੁਰੂ ਸਾਹਿਬਾਨ ਗਿਆਨਵਾਨ ਆਤਮਾਵਾਂ ਸਨ ਜਿਹਨਾਂ ਦਾ ਮੁੱਖ ਕਾਰਜ ਹੀ ਅਧਿਆਤਮਿਕ ਅਤੇ ਸਮਾਜਿਕ ਵਿਕਾਸ ਰਾਹੀਂ ਪਰਉਪਕਾਰ ਕਰਨਾ ਸੀ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੇ ਮਨੁੱਖੀ ਜਾਤੀ ਵਿੱਚ ਸਚਾਈ, ਈਮਾਨਦਾਰੀ, ਆਤਮ ਸਨਮਾਨ, ਸੁਤੰਤਰਤਾ, ਆਚਰਣ ਉਸਾਰੀ ਅਤੇ ਨਿਆਂ ਦੇ ਗੁਣਾਂ ਰਾਹੀਂ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬਾਨ ਅਜਿਹੇ ਗਿਆਨਵਾਨ ਮਨੁੱਖ ਸਨ ਜੋ ਅਕਾਲ ਪੁਰਖ ਦਾ ਸੰਦੇਸ਼ ਬਣ ਕੇ ਇਸ ਧਰਤੀ ਤੇ ਆਏ ਸਨ।

ਗੁਰੂ ਸਾਹਿਬਾਨ ਨੇ 239 ਸਾਲਾਂ ਦੇ ਲੰਮੇ ਸਮੇਂ ਦੌਰਾਨ ਮਨੁੱਖਤਾ ਨੂੰ ਅਜਿਹੀਆਂ ਗੁਣੀ-ਸਿੱਖਿਆਵਾਂ ਦੀ ਬਖ਼ਸ਼ਿਸ ਕੀਤੀ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਅੱਜ ਵੀ ਮਾਰਗ ਦਰਸ਼ਕ ਹੈ। ਗੁਰੂ ਸਾਹਿਬਾਨ ਦੀ ਸਮਝਾਉਣ ਦੀ ਵਿਧੀ ਬਹੁਤ ਆਸਾਨ ਅਤੇ ਪ੍ਰਭਾਵਸ਼ਾਲੀ ਹੈ। ਉਹਨਾਂ ਨੇ ਉਸ ਸਮੇਂ ਦੀਆਂ ਪ੍ਰਚੱਲਿਤ ਮਿਥਿਹਾਸਿਕ ਘਟਨਾਵਾਂ ਅਤੇ ਪਾਤਰਾਂ ਦੇ ਰਾਹੀਂ ਲੋਕਾਈ ਨੂੰ ਸਮਝਾਉਣ ਦਾ ਯਤਨ ਕੀਤਾ ਅਤੇ ਆਪਣੇ ਇਸ ਮਕਸਦ ਵਿੱਚ ਕਾਮਯਾਬ ਵੀ ਹੋਏ। ਗੁਰੂ ਸਾਹਿਬਾਨ ਨੇ ਉਸ ਸਮੇਂ ਦੇ ਵਹਿਮਾਂ ਭਰਮਾਂ, ਕਰਮ ਕਾਂਡਾਂ ਅਤੇ ਸਮਾਜਿਕ ਕੁਰੀਤੀਆਂ ਤੇ ਕਟਾਂਕਸ਼ ਕੀਤੇ ਅਤੇ ਸਹੀ ਮਾਰਗ ਅਪਨਾਉਣ ਲਈ ਪ੍ਰੇਰਿਆ। ਪ੍ਰਮਾਣ ਵਜੋਂ ਆਸਾ ਦੀ ਵਾਰ ਵਿੱਚ ਗੁਰੂ ਸਾਹਿਬ ਵਹਿਮਾਂ ਭਰਮਾਂ ਦਾ ਖੰਡਨ ਕਰਦੇ ਹੋਏ ਲਿਖਦੇ ਹਨ ਕਿ ਪੰਡਿਤ ਗਊ ਰਾਹੀਂ ਧਨ ਇਕੱਠਾ ਕਰਦਾ ਹੈ ਅਤੇ ਗੋਹੇ ਰਾਹੀਂ ਸ਼ੁੱਧੀ ਦੀ ਗਲ ਕਰਦਾ ਹੈ। ਧੋਤੀ ਪਹਿਨਦਾ ਹੈ, ਟਿੱਕੇ ਲਗਾਉਂਦਾ ਹੈ ਅਤੇ ਦੂਜਿਆਂ ਦਾ ਧਨ ਵਰਤਦਾ ਹੈ। ਅਜਿਹਾ ਮਨੁੱਖ ਦਿਖਾਵੇ ਮਾਤਰ ਹੀ ਵੇਦ- ਕੁਰਾਣ ਪੜ੍ਹਦਾ ਹੈ ਪਰ ਅਜਿਹੇ ਪਾਖੰਡਾਂ ਰਾਹੀਂ ਕਦੇ ਵੀ ਮਨੁੱਖੀ ਜੀਵਨ ਦੇ ਅਸਲ ਮਨੋਰਥ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ-

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥[7]

ਗੁਰੂ ਸਾਹਿਬਾਨ ਨੇ ਸਮਾਜਿਕ ਕੁਰੀਤੀਆਂ ਦਾ ਵੀ ਡਟ ਕੇ ਖੰਡਨ ਕੀਤਾ ਅਤੇ ਔਰਤ ਦੀ ਸਥਿਤੀ ਨੂੰ ਉੱਚਾ ਚੁੱਕਣ ਵਿੱਚ ਵੀ ਕ੍ਰਾਂਤੀਕਾਰੀ ਕਾਰਜ ਕੀਤੇ ਗੁਰੂ ਨਾਨਕ ਦੇਵ ਜੀ ਨੇ ਔਰਤ ਤੋਂ ਬਿਨ੍ਹਾਂ ਸੰਸਾਰ ਦੀ ਕਲਪਨਾ ਕਰਨ ਨੂੰ ਵੀ ਹਾਸੋਹੀਣਾ ਦੱਸਿਆ ਅਤੇ ਔਰਤ ਦੀ ਮਹਾਨਤਾ ਬਾਰੇ ਕਿਹਾ ਕਿ:-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।[8]

ਗੁਰੂ ਸਾਹਿਬਾਨ ਨੇ ਮਾਨਵਤਾ ਨੂੰ ਮਾੜੀਆਂ ਪਰਵਿਰਤੀਆਂ ਦਾ ਤਿਆਗ ਕਰਕੇ ਸ਼ਬਦ ਨਾਲ ਸਾਂਝ ਜੋੜਨ ਦੀ ਪ੍ਰੇਰਣਾ ਦਿੱਤੀ। ਅਕਾਲ ਪੁਰਖ ਦੀ ਨਿਰੰਤਰ ਭਗਤੀ ਦੁਆਰਾ ਹੀ ਸਚਾਈ, ਈਮਾਨਦਾਰੀ ਅਤੇ ਚੰਗੇ ਗੁਣਾਂ ਨੂੰ ਧਾਰਨ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਜੀਵਨ ਵਿੱਚ ਚੰਗੇ ਗੁਣਾਂ ਨੂੰ ਧਾਰਨ ਲਈ ਪ੍ਰੇਰਿਆ। ਗੁਰੂ ਸਾਹਿਬ ਅਨੁਸਾਰ ਚੰਗੇ ਗੁਣਾਂ ਤੋਂ ਬਿਨ੍ਹਾਂ ਭਗਤੀ ਕਰਨੀ ਵੀ ਸੰਭਵ ਨਹੀਂ ਹੈ। ਗੁਰੂ ਸਾਹਿਬਾਨ ਨੇ ਕਰਮ ਸਿਧਾਂਤ ਦੀ ਗੱਲ ਵੀ ਕੀਤੀ ਹੈ। ਸਿੱਖ ਮਤ ਅਨੁਸਾਰ ਮਨੁੱਖ ਨੂੰ ਜੋ ਕੁਝ ਵੀ ਪ੍ਰਾਪਤ ਹੋਵੇਗਾ ਉਹ ਕਰਮਾਂ ਦੇ ਅਨੁਸਾਰ ਹੀ ਹੋਵੇਗਾ। ਭਾਵ ਮਨੁੱਖ ਦਾ ਅਚਾਰ ਵਿਹਾਰ ਹੀ ਮਨੁੱਖ ਦੇ ਦੁੱਖ ਅਤੇ ਸੁੱਖ ਦਾ ਕਾਰਨ ਹੈ। ਗੁਰੂ ਸਾਹਿਬਾਨ ਹਰ ਮਨੁੱਖ ਨੂੰ ਹਰ ਸਮੇਂ ਚੰਗੇ ਕੰਮ ਕਰਨ ਲਈ ਪ੍ਰੇਰਦੇ ਹਨ। ਗੁਰੂ ਦੀ ਲੋੜ ਤੇ ਗੁਰੂ ਨਾਨਕ ਦੇਵ ਜੀ ਨੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਅਨੁਸਾਰ ਗੁਰੂ ਹੀ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਅਜਿਹੇ ਗੁਰੂ ਤੋਂ ਵਾਰ ਵਾਰ ਕੁਰਬਾਨ ਹੋਣਾ ਚਾਹੀਦਾ ਹੈ ਜੋ ਮਨੁੱਖ ਨੂੰ ਚੰਗੇ ਗੁਣਾਂ ਰਾਹੀਂ ਦੇਵਤਾ ਬਣਾ ਦਿੰਦਾ ਹੈ-^

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।[9]

ਗੁਰੂ, ਸਿੱਖ ਦੇ ਜੀਵਨ ਨੂੰ ਬਦਲਣ ਵਿੱਚ ਸਮੱਰਥ ਹੁੰਦਾ ਹੈ। ਗੁਰੂ ਸਿੱਖ ਲਈ ਮਾਰਗਦਰਸ਼ਕ ਦਾ ਕੰਮ ਵੀ ਕਰਦਾ ਹੈ। ਗੁਰੂ ਰਾਹੀਂ ਇਹ ਗਿਆਨ ਹੁੰਦਾ ਹੈ ਕਿ ਸਾਡੀ ਜੜ੍ਹ ਇੱਕ ਹੈ, ਅਸੀਂ

ਵਿੱਖਰੇ ਨਹੀਂ ਸਗੋਂ ਇੱਕ ਪਰਮਾਤਮਾ ਦਾ ਹੀ ਸਰੂਪ ਹਾਂ ਅਤੇ ਸਾਡਾ ਮੂਲ ਮਨੋਰਥ ਵੀ ਚੰਗੇ ਗੁਣਾਂ ਨੂੰ ਧਾਰਣ ਕਰਕੇ ਉਸ ਪਰਮਾਤਮਾ ਵਿਚ ਹੀ ਸਮਾ ਜਾਣਾ ਹੈ। ਗੁਰੂ ਸਾਹਿਬ ਅਨੁਸਾਰ ਜਦੋਂ ਮਨੁੱਖ ਪਰਮਾਤਮਾ ਦੇ ਹੁਕਮ ਵਿੱਚ ਆ ਜਾਂਦਾ ਹੈ ਤਾਂ ਉਸ ਦਾ ਹੀ ਰੂਪ ਹੋ ਜਾਂਦਾ ਹੈ। ਉਪਰੋਕਤ ਵਿਚਾਰ ਚਰਚਾ ਰਾਹੀਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਦਾ ਮਨੁੱਖ ਦੇ ਜੀਵਨ ਵਿਚ ਅਹਿਮ ਯੋਗਦਾਨ ਹੁੰਦਾ ਹੈ, ਇਸੇ ਪ੍ਰਸੰਗ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਿਤ ਇਤਿਹਾਸਿਕ ਸਰੋਕਾਰਾਂ ਦਾ ਗਹਿਨ ਅਧਿਐਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

**ਗੁਰੂ ਸਾਹਿਬਾਨ ਦਾ ਜੀਵਨ ਬਿਓਰਾ**: ਦਸ ਗੁਰੂ ਸਾਹਿਬਾਨ ਦੀ ਅਗੰਮੀ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਿਰਾਜਮਾਨ ਹੈ। ਇਥੇ ਉਹਨਾਂ ਦੇ ਜੀਵਨ ਬਿਓਰੇ ਰਾਹੀਂ ਉਹਨਾਂ ਦੁਆਰਾ ਕੀਤੇ ਕਾਰਜਾਂ ਬਾਰੇ ਸੰਖੇਪ ਜਾਣਕਾਰੀ ਦੇਣੀ ਜ਼ਰੂਰੀ ਜਾਪਦੀ ਹੈ, ਤਾਂ ਜੋ ਉਨ੍ਹਾਂ ਦੁਆਰਾ ਕੀਤੇ ਗਏ ਸਮਾਜਿਕ ਅਤੇ ਸਿੱਖਿਆਦਾਇਕ ਕਰਜ ਕਰਨ ਦੇ ਨਾਲ ਨਾਲ ਪ੍ਰਬੰਧਕੀ ਕੁਸ਼ਲਤਾ ਦੇ ਮੂਲ ਸਿਧਾਂਤਾਂ ਤੋਂ ਜਾਣੂ ਹੋਇਆ ਜਾ ਸਕੇ। ਹੇਠਾਂ ਦਿਤੀ ਸਾਰਣੀ ਰਾਹੀਂ ਗੁਰੂ ਸਾਹਿਬ ਦੇ ਜੀਵਨ ਕਾਲ ਨੂੰ ਸਮਾਂ ਸਾਰਣੀ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ:–[10]

| | **ਨਾਮ** | **ਜਨਮ ਤੇ ਪ੍ਰਕਾਸ਼ ਸਥਾਨ** | **ਜੀਵਨਕਾਲ** | **ਗੁਰਗੱਦੀ ਦਾ ਸਮਾਂ** | **ਕੁੱਲ ਉਮਰ** |
|---|---|---|---|---|---|
| 1. | ਗੁਰੂ ਨਾਨਕ ਦੇਵ ਜੀ | 1469 ਨਨਕਾਣਾ ਸਾਹਿਬ, ਪੰਜਾਬ | 1469–1539 | 70 | 70 |
| 2. | ਗੁਰੂ ਅੰਗਦ ਦੇਵ ਜੀ | 1504 ਮੱਤੇ ਦੀ ਸਰਾਏ, ਮੁਕਤਸਰ, ਪੰਜਾਬ | 1539–1552 | 13 | 48 |
| 3. | ਗੁਰੂ ਅਮਰਦਾਸ ਜੀ | 1479 ਬਾਸਰਕੇ, ਅੰਮ੍ਰਿਤਸਰ, | 1552–1574 | 22 | 95 |

| | | | | | |
|---|---|---|---|---|---|
| | | ਪੰਜਾਬ | | | |
| 4. | ਗੁਰੂ ਰਾਮਦਾਸ ਜੀ | 1534 ਚੂਨਾਂ ਮੰਡੀ, ਲਾਹੌਰ ਪੰਜਾਬ | 1574-1581 | 7 | 47 |
| 5. | ਗੁਰੂ ਅਰਜਨ ਦੇਵ ਜੀ | 1563 ਗੋਇੰਦਵਾਲ ਪੰਜਾਬ | 1581-1606 | 25 | 43 |
| 6. | ਗੁਰੂ ਹਰਗੋਬਿੰਦ ਜੀ | 1564 ਗੁਰੂ ਕੀ ਵਡਾਲੀ, ਅੰਮ੍ਰਿਤਸਰ | 1606-1644 | 38 | 49 |
| 7. | ਗੁਰੂ ਹਰਿ ਰਾਏ ਜੀ | 1630 ਕੀਰਤਪੁਰ ਸਾਹਿਬ | 1644-1661 | 17 | 31 |
| 8. | ਗੁਰੂ ਹਰਕ੍ਰਿਸ਼ਨ ਜੀ | 1656 ਕੀਰਤਪੁਰ ਸਾਹਿਬ | 1661-1664 | 3 | 8 |
| 9. | ਗੁਰੂ ਤੇਗ ਬਹਾਦਰ ਜੀ | 1621 ਅੰਮ੍ਰਿਤਸਰ ਸਾਹਿਬ | 1665-1675 | 10 | 54 |
| 10. | ਗੁਰੂ ਗੋਬਿੰਦ ਸਿੰਘ ਜੀ | 1666 ਪਟਨਾ, ਬਿਹਾਰ | 1675-1708 | 33 | 42 |

(Source: www.sikhiwiki.org)

**Table : 3.1 Life Sketch Of Sikh Gurus**

ਉਪਰੋਕਤ ਸਾਰਣੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਭ ਤੋਂ ਘੱਟ ਉਮਰ ਵਿੱਚ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰਤਾਗੱਦੀ ਪ੍ਰਾਪਤ ਹੋਈ ਅਤੇ ਉਸ ਸਮੇਂ ਉਹਨਾਂ ਦੀ ਸੰਸਾਰਿਕ ਉਮਰ ਕੇਵਲ 5 ਸਾਲ ਸੀ ਅਤੇ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ 73 ਸਾਲ ਦੀ ਉਮਰ ਵਿੱਚ ਪ੍ਰਾਪਤ ਹੋਈ ਜਿਸ ਤੋਂ ਇਹ ਸਪੱਸ਼ਟ ਵੀ ਹੁੰਦਾ ਹੈ ਕਿ ਸਿੱਖ ਮੱਤ ਵਿਚ ਗੁਰਗੱਦੀ ਪਰਮਾਤਮਾ ਦੀ ਮਿਹਰ ਨਾਲ ਪ੍ਰਾਪਤ ਹੁੰਦੀਹੈ ਅਤੇ ਇਹ ਨਿਆਂਮਤ ਗੁਣਾਂ ਵਜੋਂਹੀ ਇੱਕ ਸਰੀਰ ਤੋਂ ਦੂਜੇ ਸਰੀਰ

ਵਿੱਚ ਪ੍ਰਵੇਸ਼ ਹੁੰਦੀ ਹੈ ਤੇ ਇਸ ਵਿਚ ਉਮਰ ਤੇ ਰਿਸ਼ਤੇ ਦਾ ਕੋਈ ਸਬੰਧ ਅਰਥ ਨਹੀਂ ਰੱਖਦਾ। ਪ੍ਰਸਿੱਧ ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸਦੀਵੀ ਗੁਰੂ ਵਜੋਂ ਸਥਾਪਤੀ ਦੇ ਸਬੰਧ ਵਿਚਾਰ ਕਾਫੀ ਪ੍ਰਸੰਗਿਕ ਜਾਪਦੇ ਹਨ-

> ਗੁਰੂ ਸਾਹਿਬਾਨ ਦੀ ਸੁਰਤਿ ਵਿਚ ਜੋ ਸਿਦਕ ਹੁਕਮ ਨੇ ਟਿਕਾਇਆ ਸੀ, ਜਦ ਉਹ ਹੁਕਮ ਮੰਡਲ ਦੀ ਪੂਰਨਤਾ ਨੂੰ ਪਾ ਲੈਂਦਾ ਹੈ, ਤਾਂ ਅਕਾਲ ਪੁਰਖ ਦੀ ਨਦਰ ਹੁੰਦੀ ਹੈ। ਇੰਞ ਨਦਰ ਵਿਚੋਂ ਗੁਰੂ-ਲਿਵ ਦਾ ਪ੍ਰਕਾਸ਼ ਹੁੰਦਾ ਹੈ, ਜੋ ਕਿ ਗੁਰੂ ਗ੍ਰੰਥ ਸਾਹਿਬ ਦੀ ਅੰਤ੍ਰੀਵ-ਦ੍ਰਿਸ਼ਟੀ ਦਾ ਧੁਰ ਸੋਮਾ ਹੈ।[11]

ਗੁਰੂ ਗੋਬਿੰਦ ਸਿੰਘ ਜੀ ਨੇ ਅਗੰਮੀ ਜੋਤ ਦੀ ਨਿਰੰਤਰਤਾ ਨੂੰ ਆਪਣੀ ਰਚਨਾ ਚੰਡੀ ਦੀ ਵਾਰ ਵਿਚ ਵੀ ਦਰਸਾਇਆ ਹੈ-

> ਪ੍ਰਿਥਮ ਭਗੌਤੀ ਸਿਮਰ ਕੈ ਗੁਰੂ ਨਾਨਕ ਲਈਂ ਧਿਆਇ।
> ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ।।
> ਅਰਜਨ ਹਰਿਗੋਬਿੰਦ ਨੋ ਸਿਮਰੌ ਸ਼੍ਰੀਹਰਿਰਾਇ।।
> ਸ਼੍ਰੀਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ।।
> ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।।
> ਸਭ ਥਾਈਂ ਹੋਇ ਸਹਾਇ।।[12]

ਉਪਰੋਕਤ ਰਚਨਾ ਵਿਚ ਗੁਰੂ ਸਾਹਿਬਾਨ ਦੇ ਗੁਰਗੱਦੀ ਦੀ ਤਰਤੀਬਵਾਰਤਾ ਤੇ ਨਿਰੰਤਰਤਾ ਬਾਰੇ ਗਿਆਨ ਹੁੰਦਾ ਹੈ। ਸਿੱਖ ਮੱਤ ਵਿੱਚ ਭਗਤੀ ਦੇ ਨਾਲ ਨਾਲ ਸ਼ਕਤੀ ਦਾ ਸੰਕਲਪ ਵੀ ਮੌਜੂਦ ਹੈ। ਡਾ. ਜਸਪਾਲ ਕੌਰ ਕਾਂਗ ਸਿਖ ਮੱਤ ਦੀ ਵਿਲੱਖਣਤਾ ਦਰਸਾਉਂਦੇ ਕਹਿੰਦੇ ਹਨ-

ਸਿੱਖ ਧਰਮ ਅਤੇ ਬਾਬੇ ਚਿੰਤਨ ਦੀ ਧਰਾਤਲ ਵਿੱਚ ਸ਼ਾਹਾਦਤ ਮੂਲ ਜੜ੍ਹ ਹੈ।[13]

ਸਿੱਖ ਮੱਤ ਵਹਿਮਾਂ-ਭਰਮਾਂ ਤੇ ਕਰਮ-ਕਾਂਡਾਂ ਦੀ ਬਿਰਤੀ ਤੋਂ ਮਨੁੱਖ ਨੂੰ ਰਹਿਤ ਹੋਣ ਦੀ ਪ੍ਰੇਰਣਾ ਦੇ ਕੇ ਇੱਕ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਣਾ ਦਿੰਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਜਿਥੇ ਨੈਤਿਕ ਅਤੇ ਅਧਿਆਤਮਵਾਦੀ ਸਿਧਾਂਤਾਂ ਵਾਲੀਆਂ ਹਨ ਉਥੇ ਨਾਲ ਹੀ ਇਹ ਵਿਗਿਆਨਿਕ ਤਰਕ ਤੇ ਅਧਾਰਿਤ ਵੀ ਹਨ। ਗੁਰਬਾਣੀ ਅਨੁਸਾਰ ਨਿਰੰਤਰਤਾ ਵਿੱਚੋਂ ਹੋ ਕੇ ਅਧਿਆਤਮਿਕ, ਗਿਆਨ ਰਾਹੀਂ ਸਚਿਆਰ ਮਨੁੱਖ ਬਣਨ ਤੱਕ ਦਾ ਸਫਰ ਤੈਅ ਕਰਨਾ ਪੈਂਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਵ ਸ਼ਾਂਤੀ, ਭਾਈਚਾਰਕ-ਸਾਂਝ, ਸੁਤੰਤਰਤਾ ਅਤੇ ਸਰਵਪੱਖੀ ਵਿਕਾਸ ਦੇ ਆਲਮੀ ਸਿਧਾਂਤਾਂ ਸਬੰਧੀ ਕਾਵਿ ਮਾਧਿਅਮ ਰਾਹੀਂ ਸੋਝੀ ਪ੍ਰਦਾਨ ਕੀਤੀ ਗਈ ਹੈ। ਇਸ ਦੀ ਕਾਵਿਕ ਸ਼ੈਲੀ ਵਿੱਚ ਅਧਿਆਤਮਿਕ ਦ੍ਰਿਸ਼ਟੀ ਰਾਹੀਂ ਇੱਕ ਸਰਵ ਵਿਆਪੀ ਵਰਤਾਰੇ ਤੇ ਚਾਨਣਾ ਪਾਇਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਦਾ ਸਥਾਨ ਦਿੱਤਾ। ਗੁਰੂ ਸਾਹਿਬ ਦੇ ਹੁਕਮ ਦੇ ਪਰਥਾਏ ਗਿਆਨੀ ਗਿਆਨ ਸਿੰਘ ਲਿਖਦੇ ਹਨ-

ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।।
ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸਬਦ ਮਹਿ ਲੇਹੁ।।[14]

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਹਰ ਕਿਸਮ ਦੀ ਸਮੱਸਿਆ ਦੇ ਸਮਾਧਾਨ ਲਈ ਗੁਰੂ ਗ੍ਰੰਥ ਸਾਹਿਬ ਦਾ ਸਹਾਰਾ ਲੈਣ ਦੀ ਪ੍ਰੇਰਣਾ ਦਿੱਤੀ ਅਤੇ ਸ਼ਬਦ ਗੁਰੂ ਨੂੰ ਸਿੱਖ ਮਤ ਵਿੱਚ ਵਿਸ਼ੇਸ਼ ਸਥਾਨ ਦਿੱਤਾ ਹੈ। ਗੁਰੂ ਸਾਹਿਬਾਨ ਦੇ ਜੀਵਨ ਦੇ ਅਨੇਕਾਂ ਗੁਣ ਇਤਿਹਾਸ ਦੇ ਪੰਨਿਆਂ ਵਿੱਚ ਉਕਰੇ ਪਏ ਹਨ, ਜਿਨ੍ਹਾਂ ਵਿੱਚੋਂ ਵਿਸ਼ੇਸ ਰੂਪ ਵਿੱਚ ਉਨ੍ਹਾਂ ਦੇ ਪ੍ਰਬੰਧਕੀ ਗੁਣਾਂ ਦਾ ਵੇਰਵਾ ਇਸ ਪ੍ਰਕਾਰ ਹੈ-

## 3.1 ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ (Philosophy of Guru Nanak Dev Ji)

ਗੁਰੂ ਨਾਨਕ ਦੇਵ ਜੀ ਸਿੱਖ ਮਤ ਨੂੰ ਅਰੰਭ ਕਰਨ ਵਾਲੇ ਪਹਿਲੇ ਗੁਰੂ ਅਤੇ ਸਿੱਖ ਧਰਮ ਦੇ ਸੰਸਥਾਪਕ ਹਨ। ਗੁਰੂ ਸਾਹਿਬ ਨੇ ਸਮੁੱਚੀ ਮਾਨਵਤਾ ਨੂੰ ੴ ਦੇ ਮਾਧਿਅਮ ਰਾਹੀਂ ਸਰਵ ਸਾਂਝੀਵਾਲਤਾ ਅਤੇ ਸਮਾਨਤਾ ਦਾ ਉਪਦੇਸ਼ ਦਿੱਤਾ, ਜਿਸ ਅਨੁਸਾਰ ਸਭ ਮਨੁੱਖੀ ਜੀਵ ਇੱਕ ਪ੍ਰਮਾਤਮਾ ਦੇ ਹੀ ਬੱਚੇ ਹਨ। ਗੁਰੂ ਨਾਨਕ ਦੇਵ ਜੀ ਨੇ ਅਨਿਆਂ, ਧਾਰਮਿਕ ਕੱਟੜਤਾ, ਤੇ ਜਾਤੀ ਪ੍ਰਥਾ ਦਾ ਵਿਰੋਧ ਕੀਤਾ ਅਤੇ ਕੁਲੀਨ ਵਰਗ ਦੀ ਦਲਿਤ ਵਰਗ ਨਾਲ ਧਿਰ ਬਣਨ ਦਾ ਸਿਧਾਂਤਕ ਤੇ ਵਿਹਾਰਕ ਮਿਲਾਪ ਕਾਇਮ ਕੀਤਾ। ਗੁਰੂ ਸਾਹਿਬ ਨੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਗਿਣਿਆ ਅਤੇ ਊਚ-ਨੀਚ ਦੇ ਕੋਹੜ ਖਿਲਾਫ਼ ਆਵਾਜ਼÷ਬੁਲੰਦ ਕੀਤੀ :-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।[15]

ਗੁਰੂ ਨਾਨਕ ਸਾਹਿਬ ਨੇ ਫੋਕਟ ਕਰਮਾਂ ਜਿਵੇਂ ਵਰਤ ਰੱਖਣੇ, ਤੀਰਥ ਯਾਤਰਾਵਾਂ ਕਰਨੀਆਂ, ਪਸ਼ੂ ਬਲੀ ਦੇਣੀ ਅਤੇ ਮੂਰਤੀ ਪੂਜਾ ਦਾ ਖੰਡਨ ਕੀਤਾ। ਗੁਰੂ ਨਾਨਕ ਸਾਹਿਬ ਨੇ ਸਰਬ ਸਾਂਝੀਵਾਲਤਾ ਦਾ ਵਰਤਾਰਾ ਹਰ ਪਾਸੇ ਫੈਲਾਉਣ ਲਈ ਚਾਰ ਉਦਾਸੀਆਂ ਕੀਤੀਆਂ ਜੋ ਕਿ ਚਾਰੇ ਦਿਸ਼ਾਵਾਂ ਵਿੱਚ ਵੱਖ ਵੱਖ ਇਲਾਕਿਆਂ ਨਾਲ ਸਬੰਧਿਤ ਸਨ। ਗੁਰੂ ਸਾਹਿਬ ਨੇ ਤਿੰਨ ਸਿਧਾਂਤ ਜਿਨਾਂ ਵਿਚ ਕਿਰਤ ਕਰਨਾ, ਨਾਮ ਜੱਪਣਾ ਅਤੇ ਵੰਡ ਕੇ ਛੱਕਣ ਤੇ ਵਿਸ਼ੇਸ ਜ਼ੋਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਪਉਣ ਦੀ ਵਿਧੀ ਦਾ ਸਰਲੀਕਰਣ ਕੀਤਾ ਜਿਸ ਵਿੱਚ ਹਾਰਦਿਕ ਪ੍ਰੇਮ ਦੇ ਰਾਹੀਂ ਬਗੈਰ ਕਿਸੇ ਤੀਜੀ ਧਿਰ ਦੇ ਦਖ਼ਲ ਦੇ ਸਰਲ ਅਤੇ ਸਪੱਸ਼ਟ ਸੀ।

ਗੁਰੂ ਨਾਨਕ ਦੇਵ ਜੀ ਅਨੇਕ ਭਾਸ਼ਾਵਾਂ ਜਾਣਦੇ ਸਨ ਜਿਨਾਂ ਰਾਹੀਂ ਭਿੰਨ-ਭਿੰਨ ਇਲਾਕਿਆਂ ਦੇ ਲੋਕਾਂ ਨੂੰ ਉਪਦੇਸ਼ ਦਿੱਤਾ। ਗੁਰੂ ਸਾਹਿਬ ਦੇ ਸੰਚਾਰ ਦੀ ਵਿਧੀ ਸੰਵਾਦ ਤੇ

ਅਧਾਰਿਤ ਹੈ ਜਿਸ ਵਿਚ ਪ੍ਰਬੰਧਕੀ ਵਿਧੀਆਂ ਦੀ ਬਾਕਮਾਲ ਵਰਤੋਂ ਕੀਤੀ ਅਤੇ ਆਪਣੀ ਗੱਲ ਲੋਕਾਂ ਤੱਕ ਪਹੁੰਚਾਈ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸ਼ੀਅਤ ਵਿਲੱਖਣ ਰੂਪ ਵਿੱਚ ਵਿਚਰੀ, ਜਿਸ ਦੇ ਪ੍ਰਮਾਣ ਵਜਸ਼ੋਂ 550 ਸਾਲਾਂ ਬਾਅਦ ਵੀ ਗੁਰੂ ਸਾਹਿਬ ਦੇ ਅਨੇਕਾਂ ਪੈਰੋਕਾਰ ਵਿਸ਼ਵ ਵਿੱਚ ਅਲੱਗ ਅਲੱਗ ਥਾਵਾਂ ਤੇ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਉਦਾਰਤਾ, ਸਦਾਚਾਰਤਾ, ਸਹਿਚਾਰਤਾ, ਸਚਾਈ ਅਤੇ ਸਮਰਪਣ ਦੇ ਮੁਜੱਸਮੇ ਹਨ। ਉਹਨਾਂ ਨੇ ਸਦੀਵੀ ਸੱਚ ਨੂੰ ਸਮਝਾਉਣ ਲਈ ਅਨੇਕਾਂ ਹੀ ਦ੍ਰਿਸ਼ਟਾਂਤਾਂ ਦਾ ਸਹਾਰਾ ਲਿਆ। ਗੁਰੂ ਸਾਹਿਬ ਦੀ ਤੇਜੱਸਵੀ ਸ਼ਖ਼ਸ਼ੀਅਤ ਕਰਕੇ ਅਨੇਕਾਂ ਲੋਕ ਉਹਨਾਂ ਵੱਲ ਆਕਰਸ਼ਿਤ ਹੋਏ। ਗੁਰੂ ਸਾਹਿਬ ਹਿੰਦੂ ਅਤੇ ਮੁਸਲਮਾਨਾਂ ਦੋਵਾਂ ਵਿੱਚ ਹੀ ਮੰਨੇ ਜਾਂਦੇ ਹਨ ਜਿਸ ਕਾਰਨ ਉਹ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾ ਦੇ ਪੀਰ ਕਹਾਏ। ਗੁਰੂ ਨਾਨਕ ਸਾਹਿਬ ਦਿੱਬ-ਦ੍ਰਿਸ਼ਟੀ ਦੇ ਮਾਲਕ ਸਨ ਉਹਨਾਂ ਦੀ ਸੋਚ ਵਿੱਚ ਦੂਰ ਅੰਦੇਸ਼ਤਾ ਸੀ। ਉਹਨਾਂ ਆਪਣੀ ਸੋਚ ਤੇ ਨਿਡਰਤਾ ਨਾਲ ਪਹਿਰਾ ਦਿੱਤਾ ਤੇ ਨਿਰਭਾਉਤਾ ਤੇ ਨਿਰਵੈਰਤਾ ਦਾ ਪਾਠ ਲੋਕਾਂ ਕੋਲ ਪਹੁੰਚ ਕੇ ਸਿਖਾਇਆ। ਗੁਰੂ ਸਾਹਿਬ ਦੀ ਕਾਰਜਕੁਸ਼ਲਤਾ ਦੇ ਅਸੀਮ ਪ੍ਰਬੰਧਕੀ ਗੁਣਾਂ ਦਾ ਵੇਰਵਾ ਇਸ ਪ੍ਰਕਾਰ ਹੈ-

3.1.1. **ਯੋਜਨਾ ਅਤੇ ਨਜ਼ਰੀਏ ਵਿੱਚ ਸਪੱਸ਼ਟਤਾ** (**Clarity in planning and Interpretation**) : ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਪਤਾ ਲਗਦਾ ਹੈ ਕਿ ਜਿਸ ਸਮੇਂ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ ਉਸ ਸਮੇਂ ਸਮਾਜ ਵਿੱਚ ਜਾਤੀ ਅਧਾਰਿਤ ਅਨੇਕਾਂ ਭੇਦ-ਭਾਵ ਸਨ। ਰਾਜੇ-ਮਹਾਰਾਜੇ ਗਰੀਬ ਜਨਤਾ ਦਾ ਖ਼ੂਨ ਚੂਸ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਜਾਤ ਪਾਤ ਰਹਿਤ, ਸਮਾਨਤਾ ਤੇ ਪ੍ਰਮਾਣ ਵਜੋਂ ਜਾਤੀਗਤ ਤੇ ਵਰਣ-ਆਸ਼ਰਮ ਵਾਲੇ ਸਮਾਜ ਤੋਂ ਉੱਪਰ ਉੱਠ ਕੇ ਸਮਾਨਤਾ ਦੀਆਂ ਲੀਹਾਂ ਤੇ ਉਚੇਰਾ ਮਾਨਵੀ ਸਮਾਜ ਸਿਰਜਣ ਦੀ ਕਲਪਨਾ ਕੀਤੀ ਅਤੇ ਇਸ ਸੰਦੇਸ਼ ਦੀ ਸਥਾਪਨਾ ਨੂੰ ਵਿਵਹਾਰਿਕ ਰੂਪ ਦੇਣ ਲਈ ਹਰ ਸੰਭਵ ਕਾਰਜ ਕੀਤੇ। ਉਹਨਾਂ ਨੇ ਚਾਰ ਉਦਾਸੀਆਂ-ਉੱਤਰ, ਪੂਰਬ, ਪੱਛਮ ਅਤੇ ਦੱਖਣ ਦਿਸ਼ਾਵਾਂ

ਵੱਲ ਕੀਤੀਆਂ ਅਤੇ ਇਹਨਾਂ ਦਾ ਸੰਦੇਸ਼ ਪਿਆਰ, ਸਚਾਈ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਦੇ ਰੂਪ ਵਿੱਚ ਸੀ। ਗੁਰੂ ਸਾਹਿਬ ਦਾ ਆਪਣੇ ਉਦੇਸ਼ ਪ੍ਰਤੀ ਇੰਨਾਂ ਦ੍ਰਿੜ ਨਿਸ਼ਚਾ ਸੀ ਕਿ ਉਹ ਸੁਲਤਾਨਪੁਰ ਲੋਧੀ ਵਿਖੇ ਜਿਥੇ ਨਵਾਬ ਦੌਲਤਖਾਨ ਜਿਸ ਕੋਲ ਕੰਮ ਕਰਦੇ ਸਨ ਦੇ ਕਹਿਣ ਤੇ ਵੀ ਨਾ ਰੁਕੇ। ਗੁਰੂ ਸਾਹਿਬ ਦੇ ਵਿਚਾਰਾਂ ਤੇ ਸੋਚ ਵਿੱਚ ਨਵੀਨਤਾ ਅਤੇ ਦ੍ਰਿੜਤਾ ਸੀ। ਉਹਨਾ ਨੇ ਮੌਲਿਕ ਵਿਧੀਆਂ ਦੀ ਮੱਦਦ ਨਾਲ ਆਪਣੀਆਂ ਯੋਜਨਾਵਾਂ ਨੂੰ ਲਾਗੂ ਕੀਤਾ ਅਤੇ ਉਹ ਇਸ ਵਿੱਚ ਕਾਮਯਾਬ ਵੀ ਹੋਏ।

3.1.2. **ਪ੍ਰਭਾਵਸ਼ਾਲੀ ਸੰਚਾਰ** (**Efficient Communication**):- ਭਾਈਚਾਰਕ ਸਾਂਝ ਅਤੇ ਵਿਸ਼ਵ ਸ਼ਾਂਤੀ ਦੇ ਸੰਦੇਸ਼ ਨੂੰ ਗੁਰੂ ਨਾਨਕ ਦੇਵ ਜੀ ਨੇ ਪੂਰੇ ਭਾਰਤ ਵਿੱਚ ਅਤੇ ਇਸ ਤੋਂ ਬਾਹਰ ਦੂਜੇ ਦੇਸ਼ਾਂ ਵਿੱਚ ਵੀ ਫੈਲਾਇਆ। ਗੁਰੂ ਜੀ ਨੇ ਅਨੇਕਾਂ ਸਥਾਨਾਂ ਤੇ ਜਾ ਕੇ ਚਾਹੇ ਉਹ ਮੁਸਲਮਾਨਾਂ ਦਾ ਕਾਬਾ ਸੀ ਜਾਂ ਹਿੰਦੂਆਂ ਦਾ ਕੋਈ ਮੰਦਿਰ ਆਪਣੇ ਸੰਦੇਸ਼ ਨੂੰ ਨਿਰੰਤਰਾ ਵਿੱਚ ਪ੍ਰਚਾਰਿਆ। ਇਸ ਸਮੇਂ ਦੌਰਾਨ ਅਗਿਆਨਤਾ ਅਨੇਕਾਂ ਰੂਪਾਂ ਵਿੱਚ ਮੌਜੂਦ ਸੀ। ਇਸ ਲਈ ਗੁਰੂ ਸਾਹਿਬ ਨੇ ਸੰਚਾਰ ਵਿੱਚ ਆਉਣ ਵਾਲੀਆਂ ਸੰਭਾਵੀ ਸਮੱਸਿਆਵਾਂ ਲਈ ਅਨੇਕਾਂ ਤਰੀਕੇ ਅਪਣਾਏ-ਜਿਵੇਂ ਖੇਤਰੀ ਭਾਸ਼ਾ ਵਿੱਚ ਸੰਵਾਦ, ਸਥਾਨ ਦੇ ਅਨੁਸਾਰ ਪਹਿਰਾਵਾ ਧਾਰਣ ਕਰਨਾ, ਲੋਕ-ਬੋਲੀ ਅਤੇ ਸੱਭਿਆਚਾਰ ਵੱਲ ਵਿਸ਼ੇਸ਼ ਧਿਆਨ ਦੇਣਾ ਆਦਿ। ਗੁਰੂ ਨਾਨਕ ਸਾਹਿਬ ਲੋਕਾਂ ਨਾਲ ਪ੍ਰਭਾਵਸ਼ਾਲੀ ਸੰਚਾਰ ਕਰਨ ਵਿੱਚ ਬਹੁਤ ਲੋਕਪ੍ਰਿਯ ਹੋ ਗਏ। ਇਸੇ ਸੰਚਾਰ ਦੇ ਕਾਰਨ ਗੁਰੂ ਸਾਹਿਬ ਨੂੰ ਅਨੇਕਾਂ ਧਰਮਾਂ, ਖਿਤਿਆਂ ਦੇ ਲੋਕ ਆਪਣੇ ਅਨੁਸਾਰ ਨਾਮ ਦੇਣ ਲੱਗੇ

| | | | |
|---|---|---|---|
| ਜਿਵੇਂ ਕਿ:- | ਸ਼੍ਰੀਲੰਕਾ ਵਿੱਚ | - | ਨਾਨਕ ਅਚਾਰੀਆ |
| | ਨੇਪਾਲ ਵਿੱਚ | - | ਨਾਨਕ ਰਿਸ਼ੀ |
| | ਬਗਦਾਦ | - | ਨਾਨਕ ਪੀਰ |
| | ਮੱਕਾ | - | ਵਲੀ ਹਿੰਦ |

| | | |
|---|---|---|
| ਮਿਸਰ | – | ਨਾਨਕ ਵਲੀ |
| ਰੂਸ | – | ਨਾਨਕ ਕਾਦਾਮਦਾਰ |
| ਤਿੱਬਤ | – | ਨਾਨਕ ਲਾਮਾ |
| ਚੀਨ ਵਿੱਚ | – | ਨਾਨਕ ਫੂਸਾ |
| ਇਰਾਕ | – | ਬਾਬਾ ਨਾਨਕ |
| ਸਿੱਕਮ ਅਤੇ ਭੂਟਾਨ | – | ਗੁਰੂ ਰਿਮਪੋਚੀਆ |

ਗੁਰੂ ਨਾਨਕ ਦੇਵ ਜੀ ਦੀ ਇਸ ਪ੍ਰਸਿੱਧੀ ਦਾ ਮੂਲ ਕਾਰਨ ਉਹਨਾ ਦੇ ਪ੍ਰਭਾਵੀ ਗਿਆਨ ਅਤੇ ਪ੍ਰਭਾਵਸ਼ਾਲੀ ਸੰਚਾਰ ਸਾਧਨ ਸਨ। ਜਿਸ ਕਾਰਨ ਉਹ ਲੋਕਾਂ ਦੇ ਵਧੇਰੇ ਨੇੜੇ ਜਾਣ ਵਿੱਚ ਸਫਲ ਰਹੇ।[16]

3.1.3 **ਧਾਰਮਿਕ ਇਕੱਠ ਦਾ ਪ੍ਰਭਾਵੀ ਪ੍ਰਬੰਧ** (**Effective Management of Religous Congregation**) :– ਗੁਰੂ ਨਾਨਕ ਦੇਵ ਜੀ ਨੇ ਜਿੱਥੇ ਲੋਕਾਂ ਨਾਲ ਸੰਵਾਦ ਰਚਾਇਆ ਕਰਦੇ ਜਾਂ ਜਿੱਥੇ ਲੋਕ ਇਕੱਠ ਦੇ ਰੂਪ ਵਿੱਚ ਸ਼ਮੂਲੀਅਤ ਕਰਦੇ ਅਤੇ ਵਿਚਾਰਾਂ ਦੇ ਅਦਾਨ ਪ੍ਰਦਾਨ ਰਾਹੀਂ ਗਿਆਨ ਪ੍ਰਾਪਤ ਕਰਦੇ ਨੂੰ ਧਰਮਸਾਲ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਸਥਾਨਾ ਤੇ ਧਰਮਸ਼ਾਲਾਵਾਂ ਦਾ ਨਿਰਮਾਣ ਕੀਤਾ ਤਾਂ ਕਿ ਸੰਗਤ ਤੱਕ ਪਹੁੰਚ ਨੂੰ ਸੁਖਾਲਾ ਬਣਾਇਆ ਜਾ ਸਕੇ। ਧਰਮਸਾਲ ਵਿੱਚ ਨਿਯਮਿਤ ਸਮਾਂ ਸਾਰਣੀ ਅਨੁਸਾਰ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਸਨ, ਜਿਵੇਂ ਕਿ ਜਪੁਜੀ ਦਾ ਪਾਠ ਸਵੇਰ ਦੇ ਸਮੇਂ, ਸ਼ਾਮ ਦੇ ਸਮੇਂ ਸੋ ਦਰ ਆਰਤੀ ਅਤੇ ਸਮਾਪਤੀ ਤੇ ਲੰਗਰ ਵੀ ਵਰਤਾਇਆ ਜਾਂਦਾ ਸੀ। ਅਜਿਹਾ ਪਹਿਲਾ ਸਥਾਨ ਏਮਨਾਬਾਦ ਵਿੱਚ ਭਾਈ ਲਾਲੋ ਦੇ ਘਰ ਬਣਦਾ ਹੈ ਪਰ ਮਲਿਗ ਭਾਗੋ ਜੋ ਕਿ ਲੋਕਾਂ ਤੇ ਅੱਤਿਆਚਾਰੀ ਪ੍ਰਵਿਰਤੀ ਰਾਹੀਂ ਧਨ ਇੱਕਠਾ ਕਰਦਾ ਹੈ ਤਾਂ ਗੁਰੂ ਸਾਹਿਬ ਮਲਿਕ ਭਾਗੋ ਦੇ ਭੋਜਨ ਦੀ ਥਾਂ ਭਾਈ ਲਾਲੋ ਜੋ ਕਿ ਕਿਰਤ ਕਮਾਈ ਰਾਹੀਂ ਜੀਵਨ ਨਿਰਬਾਹ ਕਰਦਾ ਹੈ ਦੇ ਭੋਜਨ ਨੂੰ ਤਰਜੀਹ ਦਿੰਦੇ ਹਨ। ਗੁਰੂ ਸਾਹਿਬ ਵਿਲੱਖਣ ਸਖ਼ਸ਼ੀਅਤ ਦੇ ਮਾਲਕ ਸਨ, ਉਹ

ਉਲਟ ਪ੍ਰਸਥਿਤੀਆਂ ਵਿੱਚ ਵੀ ਸ਼ਾਂਤੀ ਅਤੇ ਧੀਰਜ ਰੱਖਦੇ ਸਨ। ਇਸ ਪ੍ਰਕਾਰ ਗੁਰੂ ਨਾਲਕ ਦੇਵ ਜੀ ਦਾ ਧਾਰਮਿਕ ਇਕੱਠ ਦੇ ਪ੍ਰਬੰਧਨ ਦਾ ਤਰੀਕਾ ਪ੍ਰਭਾਵਸ਼ਾਲੀ ਸੀ।

**3.1.4 ਸੱਚ ਅਤੇ ਮੁਕਤੀ ਮਾਰਗ (Honesty and path of liberation)** : ਗੁਰੂ ਨਾਨਕ ਦੇਵ ਜੀ ਨੇ ਸੱਚ ਦੇ ਗਿਆਨ ਦੀ ਪ੍ਰਾਪਤੀ ਨੂੰ ਮਨੁੱਖੀ ਜੀਵਨ ਲਈ ਅਹਿਮ ਮੰਨਿਆ ਹੈ ਤੇ ਇਸਨੂੰ ਆਪਣੀ ਬਾਣੀ ਦੇ ਹਵਾਲੇ ਰਾਹੀਂ ਸਮਝਾਇਆ ਹੈ।

ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ॥[17]

ਉਪਰੋਕਤ ਪੰਕਤੀ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਸੱਚੇ ਗਿਆਨ ਰਾਹੀਂ ਅਧਿਆਤਮਿਕ ਤ੍ਰਿਪਤੀ ਹੋ ਸਕਦੀ ਹੈ ਅਤੇ ਅਜਿਹਾ ਗਿਆਨ ਸਦੀਵ ਕਾਲ ਲਈ ਮਨੁੱਖੀ ਮਨ ਨੂੰ ਸਾਫ਼ ਕਰ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਅਜਿਹਾ ਵਰਤਾਰਾ ਤਿਆਰ ਕੀਤਾ ਜਿਸ ਨੇ ਸੱਚ ਦੇ ਵਪਾਰ ਦੀ ਭਾਵ ਸੱਚੇ ਨਾਮ ਦੇ ਵਪਾਰ ਦੀ ਗੱਲ ਕੀਤੀ ਅਤੇ ਈਰਖਾ, ਵੈਰ-ਵਿਰੋਧ, ਝੂਠ ਤੇ ਲਾਲਚ ਦਾ ਵਿਰੋਧ ਕੀਤਾ। ਗੁਰੂ ਸਾਹਿਬ ਨੇ ਗੰਗਾ ਰਾਹੀਂ ਜੋ ਲੋਕ ਭੋਜਨ ਪਦਾਰਥ ਆਦਿਕ ਦਾ ਆਪਣੇ ਪੂਰਵਜਾਂ ਤੱਕ ਪਹੁੰਚਾਉਣ ਦਾ ਯਤਨ ਕਰ ਰਹੇ ਸਨ ਨੂੰ ਤਰਕ ਦੇ ਅਧਾਰ ਤੇ ਸੋਚਣ ਅਤੇ ਸੱਚੇ ਨਾਮ ਨਾਲ ਜੁੜ ਕੇ ਮੁਕਤੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਆ ਇਸ ਦਾ ਪ੍ਰਮਾਣ ਭਗਤ ਕਬੀਰ ਜੀ ਦੀ ਬਾਣੀ ਵਿੱਚ ਵੀ ਪ੍ਰਾਪਤ ਹੁੰਦਾ ਹੈ:-

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀਂ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥[18]

ਗੁਰ ਸਾਹਿਬ ਦੀ ਵਡਿਆਈ ਇਸ ਵਿਚ ਵੀ ਹੈ ਕਿ ਉਹਨਾ ਨੇ ਸਿਰਫ਼ ਆਪਣੇ ਵਿਚਾਰਾਂ ਦਾ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਖ਼ੁਦ ਉਹਨਾਂ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਕੇ ਪ੍ਰਚਾਰਿਆ। ਗੁਰੂ ਸਾਹਿਬ ਅੰਦਰ ਉਸੇ ਸਮੇਂ ਦੇ ਰਾਜਿਆਂ, ਮਹਾਰਾਜਿਆਂ

ਨੂੰ ਗ਼ਲਤ ਤੇ ਅਨਿਆਂ ਭਰੇ ਕੰਮਾਂ ਤੋਂ ਰੋਕਣ ਦਾ ਸਾਹਸ ਕਮਾਲ ਦਾ ਸੀ। ਗੁਰੂ ਜੀ ਨੇ ਬਾਬਰ ਜਿਹੇ ਅੱਤਿਆਚਾਰੀ ਰਾਜੇ ਨੂੰ ਜਾਬਰ ਕਹਿ ਕੇ ਨਸੀਹਤ ਦਿੱਤੀ ਅਤੇ ਰਾਜੇ ਦੇ ਸਹੀ ਕਿਰਦਾਰ ਨੂੰ ਦਰਸਾਇਆ ਕਿ ਉਹ ਰਾਜਾ ਹੀ ਪ੍ਰਵਾਨ ਹੁੰਦਾ ਹੈ ਜੋ ਸੱਚ ਦੇ ਮਾਰਗ ਤੇ ਚੱਲੇ ਅਤੇ ਜਨਤਾ ਨੂੰ ਆਪਣੀ ਸੰਤਾਨ ਸਮਝੇ। ਅਜਿਹੀ ਦਲੇਰੀ ਤੇ ਸਾਹਸ ਵਜੋਂ ਗੁਰੂ ਸਾਹਿਬ ਆਪਣੇ ਦੁਆਲੇ ਜੁੜੇ ਲੋਕਾਂ ਨੂੰ ਪ੍ਰਭਾਵਿਤ ਕਰ ਲੈਂਦੇ ਸਨ।

**3.1.5 ਸਮਾਜਿਕ ਜ਼ਿਮੇਵਾਰੀ ਦਾ ਸੰਕਲਪ (Concept of Social Responsibility)** : ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ ਜਿਸ ਵਿੱਚ ਸਮਾਜਿਕ ਜ਼ਿਮੇਵਾਰੀ ਦਾ ਸੰਕਲਪ ਬੜੀ ਸੰਵੇਦਨਾ ਨਾਲ ਉਜਾਗਰ ਹੁੰਦਾ ਹੈ ਪ੍ਰਮਾਣ ਵਜੋਂ ਲੋੜਵੰਦਾਂ ਦੀ ਮਦਦ ਕਰਨੀ ਅਤੇ ਗਰੀਬਾਂ ਨੂੰ ਹਰ ਸੰਭਵ ਮਦਦ ਦੇਣੀ। ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਨਪੁਰ ਲੋਧੀ ਦੇ ਮੋਦੀਖਾਨੇ ਵਿੱਚ ਨੌਕਰੀ ਕਰਦੇ ਸਨ ਉਦੋਂ ਪਰਮਾਤਮਾ ਦੇ ਹੁਕਮ ਅਨੁਸਾਰ ਉਹ ਰਾਸ਼ਨ ਤੋਲਦੇ ਹੋਏ ਮੁੱਲ ਤੋਂ ਵਧੇਰੇ ਸਮਾਨ ਦੇ ਦਿੰਦੇ ਤਾਂ ਕਿ ਗਰੀਬਾਂ ਦੀ ਮਦਦ ਹੋ ਸਕੇ। ਗੁਰੂ ਸਾਹਿਬ ਈਮਾਨਦਾਰੀ ਅਤੇ ਯੋਗ ਸਾਧਨਾਂ ਦੁਆਰਾ ਇਕੱਤਰ ਕੀਤੀ ਗਈ ਪੂੰਜੀ ਨੂੰ ਦੂਸਰਿਆਂ ਨਾਲ ਵੰਡ ਕੇ ਛੱਕਣ ਦਾ ਸੰਦੇਸ਼ ਦਿੰਦੇ ਹਨ, ਪ੍ਰਮਾਣ ਵਜੋਂ ਜਦੋਂ ਪਿਤਾ ਮਹਿਤਾ ਕਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਵੀਹ ਰੱਜ਼ਤਪਣ ਦੇ ਕੇ ਸੌਦਾ ਕਰਨ ਲਈ ਘਰੋਂ ਬਾਹਰ ਭੇਜਿਆ ਤਾਂ ਉਨ੍ਹਾਂ ਨੇ ਰਸਤੇ ਵਿੱਚ ਉਸ ਰਾਸ਼ੀ ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਉਹ ਰਾਸ਼ੀ ਖ਼ਤਮ ਕਰ ਦਿੱਤੀ ਪਰ ਪਿਤਾ ਮਹਿਤਾ ਕਾਲੂ ਦੇ ਗੁੱਸੇ ਦੇ ਬਾਵਜੂਦ ਆਪ ਨੇ ਇਸ ਨੂੰ ਸੱਚੇ ਸੌਦੇ ਦਾ ਨਾਮ ਦਿੱਤਾ। ਗੁਰੂ ਸਾਹਿਬ ਅਨੁਸਾਰ ਸਮਾਜ ਵਿੱਚ ਰਹਿੰਦਿਆਂ ਸਾਨੂੰ ਸਮਾਜ ਪ੍ਰਤੀ ਅਤੇ ਕੁਦਰਤੀ ਵਸੀਲਿਆ ਪ੍ਰਤੀ ਉਦਾਰਵਾਦੀ ਰਵਈਆ ਅਪਨਾਉਣਾ ਚਾਹੀਦਾ ਹੈ।

**3.1.6 ਈਮਾਨਦਾਰੀ ਅਧਾਰਿਤ ਜੀਵਨ (Honest Means of Living)** : ਗੁਰੂ ਨਾਨਕ ਸਾਹਿਬ ਨੇ ਪ੍ਰਮਾਤਮਾ ਦਾ ਨਾਮ ਜੱਪਣ ਭਾਵ ਉਸ ਦੀ ਉਸਤਤ ਕਰਨ ਦਾ ਪ੍ਰਚਾਰ ਕੀਤਾ ਅਤੇ ਜੀਵਨ ਵਿੱਚ ਇਮਾਨਦਾਰੀ, ਸਦਾਚਾਰਤਾ ਦੇ ਗੁਣਾਂ ਨੂੰ ਧਾਰਣ ਕਰਨ ਲਈ ਵੀ ਪ੍ਰੇਰਿਆ।

ਮਨੁੱਖੀ ਅਤੇ ਕੁਦਰਤੀ ਸਰੋਤਾਂ ਦੇ ਸੋਸ਼ਣ ਵਿਰੁੱਧ ਗੁਰੂ ਨਾਨਕ ਸਾਹਿਬ ਨੇ ਡੱਟ ਕੇ ਪ੍ਰਚਾਰ ਕੀਤਾ। ਕੁਦਰਤੀ ਸਰੋਤਾਂ ਦੀ ਅਸੀਮ ਮਹੱਤਤਾ ਦੇ ਸੰਦਰਭ ਵਿੱਚ ਗੁਰੂ ਨਾਨਕ ਸਾਹਿਬ ਦਾ ਕਥਨ ਸਾਰਥਕ ਹੈ:- ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।।[19]

ਗੁਰੂ ਸਾਹਿਬ ਅਨੁਸਾਰ - ਕੁਦਰਤੀ ਸਰੋਤ ਜਿਵੇਂ ਹਵਾ, ਪਾਣੀ, ਧਰਤੀ ਆਦਿ ਮਨੁੱਖ ਲਈ ਬਹੁਤ ਜ਼ਰੂਰੀ ਹਨ। ਗੁਰੂ ਸਾਹਿਬ ਇਹਨਾ ਦੀ ਸਮਾਨਤਾ ਮਨੁੱਖੀ ਰਿਸ਼ਤਿਆਂ ਨਾਲ ਕਰਦੇ ਹਨ ਜੋ ਕਿ ਇਹਨਾਂ ਦੀ ਅਹਿਮੀਅਤ ਦੀ ਪ੍ਰਤੱਖ ਮਿਸਾਲ ਹੈ। ਗੁਰੂ ਸਾਹਿਬ ਦੇ ਜੀਵਨ ਵਿੱਚ ਈਮਾਨਦਾਰੀ ਦੀ ਅਹਿਮਤ ਅਧਾਰਿਤ ਅਨੇਕਾਂ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰੂ ਸਾਹਿਬ ਅਨੁਸਾਰ ਭਾਈ ਲਾਲੋ ਗਰੀਬ ਹੋ ਕੇ ਵੀ ਈਮਾਨਦਾਰੀ ਕਾਰਨ ਗਰੀਬ ਨਾ ਰਿਹਾ ਸਗੋਂ ਉਹ ਮਲਿਕ ਭਾਗੋ ਜੋ ਕਿ ਦੂਜਿਆਂ ਦਾ ਸ਼ੋਸ਼ਣ ਕਰਦਾ ਅਤੇ ਈਮਾਨਦਾਰੀ ਅਧਾਰਿਤ ਜੀਵਨ ਲਈ ਸਮਰਪਿਤ ਨਹੀਂ ਸੀ ਅਮੀਰ ਹੋ ਕੇ ਵੀ ਗੁਰੂ ਸਾਹਿਬ ਅਨੁਸਾਰ ਗਰੀਬ ਸੀ। ਇਸ ਪ੍ਰਕਾਰ ਸਮਾਜਿਕ ਜੀਵਨ ਅਤੇ ਅਧਿਆਤਮਿਕ ਜੀਵਨ ਦੋਹਾਂ ਵਿੱਚ ਗੁਰੂ ਸਾਹਿਬ ਅਨੁਸਾਰ ਈਮਾਨਦਾਰੀ ਅਹਿਮ ਹੈ।

3.1.7 **ਸ਼ਖ਼ਸ਼ੀਅਤ ਦੀ ਮੁੜ ਉਸਾਰੀ** (**Re-engineering of Personality**) : ਗੁਰੂ ਨਾਨਕ ਦੇਵ ਜੀ ਨੇ ਜਾਤੀ ਅਧਾਰਿਤ ਗੁਣਾਂ ਦੀ ਪਰੰਪਰਾ ਨੂੰ ਤੋੜਿਆ ਅਤੇ ਸਖ਼ਸ਼ੀਅਤ ਦੀ ਮੁੜ ਉਸਾਰੀ ਲਈ ਪ੍ਰਭਾਵਸ਼ਾਲੀ ਮਾਡਲ ਪੇਸ਼ ਕੀਤਾ। ਗੁਰੂ ਨਾਨਕ ਸਾਹਿਬ ਨੇ ਵੱਖ-ਵੱਖ ਸਥਾਨਾ ਨਾਲ ਸਬੰਧਿਤ ਲੋਕਾਂ ਦੇ ਜੀਵਨ ਵਿੱਚ ਸਮਾਜਿਕ ਮੁੱਲਾਂ ਦੀ ਅਹਿਮੀਅਤ ਨੂੰ ਉਜਾਗਰ ਕੀਤਾ, ਜੋ ਕਿ ਉੱਚ ਪ੍ਰਬੰਧਕੀ ਕੁਸ਼ਲਤਾ ਦਾ ਅਹਿਮ ਅੰਗ ਹੈ। ਸੱਜਣ ਠੱਗ ਅਤੇ ਮਲਿਕ ਭਾਗੋ ਜਿਹੜੇ ਕਿ ਗਰੀਬਾਂ ਤੇ ਅੱਤਿਆਚਾਰ ਕਰਦੇ ਅਤੇ ਅਨੈਤਿਕ ਵਸੀਲਿਆਂ ਰਾਹੀਂ ਧਨ ਇਕੱਠਾ ਕਰਦੇ ਸਨ ਨੂੰ ਮਾਨਵਤਾ ਦੀ ਸੋਝੀ ਕਰਵਾਈ। ਇਸ ਤੋਂ ਇਲਾਵਾ ਨੂਰ ਸ਼ਾਹ ਜੋ

ਕਿ ਕਾਲੇ ਜਾਦੂ ਵਿੱਚ ਮਾਹਿਰ ਸੀ, ਕੌਡਾ ਰਾਸ ਜੋ ਕਿ ਲੋਕਾਂ ਦੇ ਸਿਰ ਵੱਢਦਾ ਸੀ, ਅਤੇ ਦੁਨੀ ਚੰਦ ਜਿਸ ਨੂੰ ਧਨ ਦੌਲਤ ਦਾ ਹੰਕਾਰ ਸੀ ਨੂੰ ਨੈਤਿਕ ਅਧਾਰਿਤ ਮਾਰਗ ਦਾ ਗਿਆਨ ਦਿੱਤਾ। ਇਸ ਤੋਂ ਇਲਾਵਾ ਭਾਈ ਸੰਤੋਖ ਸਿੰਘ ਰਚਿਤ, ਸ਼੍ਰੀ ਗੁਰਪਰਤਾਪ ਸੂਰਜ ਗ੍ਰੰਥ ਵਿੱਚ ਅਨੇਕਾਂ ਹੀ ਪਰਮਾਣ ਮਿਲਦੇ ਹਨ ਕਿ ਗੁਰੂ ਸਾਹਿਬ ਨੇ ਸ੍ਰੀਲੰਕਾ, ਕਾਮਰੂਪ ਆਦਿ ਇਲਾਕਿਆਂ ਵਿੱਚ ਅਨੇਕਾਂ ਮਨੁੱਖਾਂ ਦੀ ਸਖ਼ਸ਼ੀਅਤ ਨੂੰ ਸੱਚਾਈ ਅਤੇ ਤਰਕ ਦੇ ਅਧਾਰ ਤੇ ਬਦਲਿਆ। ਗੁਰੂ ਨਾਨਕ ਦੇਵ ਜੀ ਆਪਣੀ ਰਚਨਾ ਸਿੱਧ ਗੋਸ਼ਟਿ ਜਿਸ ਵਿੱਚ ਗੁਰੂ ਸਾਹਿਬ ਨੇ ਪ੍ਰਭਾਵਸ਼ਾਲੀ ਸੰਵਾਦ ਰਾਹੀਂ , ਸਿੱਧ ਜੋ ਰੂੜੀਵਾਦੀ ਵਿਚਾਰਾਂ ਦੇ ਸਮਰਥਕ ਸਨ ਅਤੇ ਸਮਾਜਿਕ ਰਿਸ਼ਤਿਆਂ ਨੂੰ ਅਧਿਆਤਮ ਦੀ ਰੁਕਾਵਟ ਸਮਝਦੇ ਸਨ ਨੂੰ ਗਿਆਨ ਅਤੇ ਤਰਕ ਦੇ ਅਧਾਰ ਤੇ ਸਖ਼ਸ਼ੀਅਤ ਦੀ ਮੁੜ ਉਸਾਰੀ ਲਈ ਪ੍ਰਭਾਵਸ਼ਾਲੀ ਮਾਡਲ ਦਿੱਤਾ।

**3.1.8 ਮਨੁੱਖਤਾ ਅਤੇ ਸਮਾਨਤਾ ਦਾ ਸੰਕਲਪ** (**Concept of Humanism and Equality**) : ਗੁਰੂ ਨਾਨਕ ਦੇਵ ਜੀ ਜਦੋਂ ਵੇਈਂ ਨਦੀ ਵਿੱਚੋਂ ਤਿੰਨ ਦਿਨਾਂ ਬਾਅਦ ਬਾਹਰ ਨਿਕਲਦੇ ਹਨ ਤਾਂ ਉਹ ਨਾ ਕੋ ਹਿੰਦੂ ਨਾ ਮੁਸਲਮਾਨ ਭਾਵ ਸਭ ਦੀ ਸਮਾਨਤਾ ਦਾ ਉਪਦੇਸ਼ ਦਿੰਦੇ ਹਨ ਜੋ ਕਿ ਅਮੀਰ ਗਰੀਬ, ਔਰਤ ਮਰਦ ਸਭ ਲਈ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਅੰਕਿਤ ਕਰਦੇ ਹਨ ਕਿ ਸਭ ਜੀਵਾਂ ਨੂੰ ਪਰਮਾਤਮਾ ਨੇ ਹੀ ਇਸ ਧਰਤੀ ਤੇ ਭੇਜਿਆ ਹੈ ਅਤੇ ਅਸੀਂ ਸਾਰੇ ਉਸ ਪਿਤਾ ਪਰਮਾਤਮਾ ਦੇ ਹੀ ਬੱਚੇ ਹਾਂ। ਪਰਮਾਤਮਾ ਸਾਰੀ ਕਾਇਨਾਤ ਵਿੱਚ ਬਿਰਾਜਮਾਨ ਹੈ, ਗੁਰੂ ਸਾਹਿਬ ਦਾ ਕਥਨ ਹੈ:-

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥[20]

ਲੰਗਰ ਦੀ ਪਰੰਪਰਾ ਜੋ ਕਿ ਸਮਾਨਤਾ ਦੇ ਸਿਧਾਂਤ ਦਾ ਪ੍ਰਤੱਖ ਰੂਪ ਹੈ ਜਿਸ ਵਿੱਚ ਸਾਰੇ ਇੱਕ ਸਮਾਨ, ਬਿਨਾਂ ਕਿਸੇ ਜਾਤਪਾਤ, ਊਚ ਨੀਚ ਅਤੇ ਭੇਦ ਭਾਵ ਤੋ ਰਹਿਤ ਹੋ ਕੇ ਇੱਕ ਪੰਕਤ ਵਿੱਚ ਲੰਗਰ ਛੱਕਦੇ ਹਨ ਸਮਾਨਤਾ ਦੇ ਨਾਲ ਨਾਲ ਭਾਈਚਾਰਕ ਪ੍ਰੇਮ ਭਾਵਨਾ ਨੂੰ ਵੀ

ਵਧਾਉਂਦੀ ਹੈ। ਗੁਰੂ ਸਾਹਿਬ ਅਨੁਸਾਰ ਮਨੁੱਖੀ ਹੰਕਾਰ ਦਾ ਖਾਤਮਾ ਹੀ ਮਨੁੱਖਤਾ ਲਈ ਸਮਾਨਤਾ ਦਾ ਅਧਾਰ ਬਣਦਾ ਹੈ।

3.1.9 **ਅੰਤਰੀਵੀ ਮਨੋਬਲ ਦੀ ਉੱਤਪਤੀ** (**Development of Internal Motivation**)**:** ਗੁਰੂ ਨਾਨਕ ਦੇਵ ਜੀ ਸਦਗੁਣਾਂ ਦੀ ਮਹਾਨਤਾ ਨੂੰ ਉੱਤਮ ਦੱਸਦੇ ਹਨ ਅਤੇ ਮਨੁੱਖ ਨੂੰ ਵਿਸ਼ਿਆਂ ਵਿਕਾਰਾਂ ਦਾ ਤਿਆਗ ਕਰਨ ਲਈ ਪ੍ਰੇਰਦੇ ਹਨ। ਹੰਕਾਰ, ਲਾਲਚ, ਗੁੱਸਾ ਅਤੇ ਮਾਨਸਿਕ ਰੋਗ ਮਨੁੱਖ ਆਤਮ ਚਿੰਤਨ ਰਾਹੀਂ ਖਤਮ ਕਰ ਸਕਦਾ ਹੈ। ਗੁਰੂ ਸਾਹਿਬ ਜਪੁਜੀ ਸਾਹਿਬ ਵਿੱਚ ਮਨ ਨੂੰ ਕਾਬੂ ਕਰਨ ਅਤੇ ਅੰਦਰੂਨੀ ਸੰਤੁਲਨ ਕਾਇਮ ਕਰਨ ਲਈ ਗੁਰੂ ਸਾਹਿਬ ਦਾ ਕਥਨ ਸਟੀਕ ਅਤੇ ਸਪਸ਼ਟ ਹੈ ਜਿਸ ਵਿੱਚ ਜੇਕਰ ਜੋਗੀ ਸੰਤੋਖ ਦੀਆਂ ਮੁਦਰਾਂ, ਮਿਹਨਤ ਦਾ ਖੱਪਰ ਤੇ ਝੋਲੀ ਅਤੇ ਪਰਮਾਤਮਾ ਦੇ ਧਿਆਨ ਦੀ ਸੁਆਹ ਸਮਝੇ ਅਤੇ ਮੌਤ ਦੇ ਭਉ ਨੂੰ ਗੱਠੜੀ ਸਮਝੇ ਅਤੇ ਸਰੀਰ ਨੂੰ ਬੁਰੇ ਕੰਮਾਂ ਤੋ ਵਰਜ ਕੇ ਰੱਖੇ, ਸਾਰੀ ਸ਼੍ਰਿਸਟੀ ਦੇ ਜੀਵਾਂ ਨੂੰ ਆਪਣਾ ਮਿੱਤਰ ਸਮਝੇ ਤਾਂ ਸੰਸਾਰ ਨੂੰ ਜਿੱਤ ਸਕਦਾ ਹੈ:

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥[21]

ਗੁਰੂ ਸਾਹਿਬ ਅਨੁਸਾਰ ਮਨ ਨੂੰ ਜਿੱਤ ਕੇ ਮਾੜੇ ਕੰਮਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਦੁੱਖਾਂ ਦਾ ਕਾਰਨ ਹੀ ਮਨ ਦੀਆਂ ਮਾੜੀਆਂ ਪਰਿਵਿਰਤੀਆਂ ਹਨ। ਅਜਿਹੀ ਪਰਵਿਰਤੀਆਂ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਨੇ ਅੰਤਰੀਵੀ ਮਨੋਬਲ ਨੂੰ ਬਲਵਾਨ ਬਣਾਉਣ ਦਾ ਸੰਦੇਸ਼ ਦਿੱਤਾ ਹੈ।

3.1.10 **ਯੋਗਤਾ ਅਧਾਰਿਤ ਗੁਰਗੱਦੀ** (**Merit-Based Succession**) : ਗੁਰੂ ਨਾਨਕ ਸਾਹਿਬ ਦੀ ਸਸ਼ੀਅਤ ਵਿੱਚ ਜਿੱਥੇ ਨਰਮਦਿਲੀ, ਉਦਾਰਤਾ ਅਤੇ ਸ਼ਹਿਨਸ਼ੀਲਤਾ ਜਿਹੇ ਗੁਣ ਸਨ, ਪਰ ਉਹਨਾ ਦੇ ਨਤੀਜੇ ਹਮੇਸ਼ਾ ਹੀ ਤਰਕਸੰਗਤ ਸਨ ਅਤੇ ਉਹ ਹਮੇਸ਼ਾ ਹੀ ਗੁਣਾਂ ਤੇ ਅਧਾਰਿਤ ਫ਼ੈਸਲਿਆਂ ਨੂੰ ਤਰਜੀਹ ਦਿੰਦੇ ਹਨ। ਇਹ ਸੰਕਲਪ ਭਾਈ ਲਹਿਣਾ ਜੀ ਨੂੰ ਗੁਰਗੱਦੀ

ਦਾ ਉੱਤਰਾਅਧਿਕਾਰੀ ਘੋਸ਼ਿਤ ਕਰਨ ਸਮੇਂ ਸਾਹਮਣੇ ਆਉਂਦਾ ਹੈ। ਬਾਬਾ ਸ਼੍ਰੀ ਚੰਦ ਅਤੇ ਬਾਬਾ ਲਖਮੀ ਦਾਸ ਗੁਰੂ ਨਾਨਕ ਸਾਹਿਬ ਅਨੁਸਾਰ ਗੁਰਗੱਦੀ ਦੇ ਯੋਗ ਨਹੀਂ ਭਾਵੇਂ ਉਹ ਸਪੁੱਤਰ ਹੀ ਕਿਉਂ ਨਾ ਸਨ। ਗੁਰੂ ਸਾਹਿਬ ਦਾ ਇਹ ਫੈਸਲਾ ਇਹ ਦਰਸਾਉਂਦਾ ਹੈ ਕਿ ਗੁਰਗੱਦੀ ਪਰਿਵਾਰਵਾਦੀ ਨਹੀਂ ਸਗੋਂ ਗੁਣਾਂ ਤੇ ਅਧਾਰਿਤ ਹੈ। ਭਾਈ ਲਹਿਣਾ ਸਾਹਿਬ ਦੀ ਚੋਣ ਕਰਨ ਸਮੇਂ ਪ੍ਰਬੰਧਕੀ ਮਾਪ ਦੰਡ ਜਿਵੇ ਕਿ ਪ੍ਰੋਤਸਾਹਨ (Motivation), ਵਿਵਹਾਰ (Attitude) ਸੰਗਠਨ ਦੇ ਗੁਣ (Organizational skill) ਆਦਿ ਨੂੰ ਗੁਰੂ ਨਾਨਕ ਸਾਹਿਬ ਨੇ ਵਰਤਿਆ।

**3.1.11 ਨੈਤਿਕ ਜੀਵਨ ਦਾ ਮਾਡਲ (Model of Ethical Living)** : ਗੁਰੂ ਨਾਨਕ ਸਾਹਿਬ ਨੇ ਆਪਣੀ ਉਦਾਸੀਆਂ ਰਾਹੀਂ ਮਾਨਵਤਾ ਨੂੰ ਪਰਚਾਰਿਆ ਜੋ ਕਿ ਨੈਤਿਕਤਾ ਤੇ ਅਧਾਰਿਤ ਸੀ। ਗੁਰੂ ਸਾਹਿਬ ਸੱਚ ਤੇ ਅਧਾਰਿਤ ਜੀਵਨ ਨੂੰ ਉੱਤਮ ਗਿਣਦੇ ਹਨ ਜਿਸ ਵਿੱਚ ਪਰਿਵਾਰਿਕ ਅਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣ ਵਿੱਚ ਈਮਾਨਦਾਰੀ ਮੌਜੂਦ ਹੋਵੇ। ਗ੍ਰਹਿਸਥੀ ਜੀਵਨ ਦਾ ਤਿਆਗ ਕਰਕੇ ਜੰਗਲਾਂ ਵਿੱਚ ਚਲੇ ਜਾਣਾ ਅਤੇ ਮਨ ਨੂੰ ਇਕਾਗਰ ਕਰਨ ਦਾ ਯਤਨ ਕਰਨਾ ਆਦਿ ਗੁਰੂ ਸਾਹਿਬ ਦੇ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਉੱਲਟ ਹੈ। ਗੁਰੂ ਸਾਹਿਬ ਅਨੁਸਾਰ ਕੇਵਲ ਮੌਨ ਧਾਰਨ ਕਰਨ ਨਾਲ ਅੰਦਰ ਦੇ ਫ਼ੁਰਨਿਆਂ ਨੂੰ ਸ਼ਾਂਤ ਨਹੀਂ ਕੀਤਾ ਜਾ ਸਕਦਾ ਉਸੇ ਪ੍ਰਕਾਰ ਨੈਤਿਕਤਾ ਨੂੰ ਵਿਚਾਰ ਤੋਂ ਵਿਵਹਾਰ ਤੱਕ ਲੈ ਕੇ ਜਾਣਾ ਅਤਿ ਜ਼ਰੂਰੀ ਹੈ। ਅਤੇ ਗੁਰੂ ਸਾਹਿਬ ਇਸ ਲਈ ਹੁਕਮ ਦੇ ਸਿਧਾਂਤ ਨੂੰ ਤਰਜੀਹ ਦਿੰਦੇ ਹਨ ਜਿਸ ਰਾਹੀਂ ਨੈਤਿਕਤਾ ਨੂੰ ਵਿਵਹਾਰਿਕ ਜੀਵਨ ਵਿੱਚ ਢਾਲਿਆ ਜਾ ਸਕਦਾ ਹੈ। ਗੁਰੂ ਸਾਹਿਬ ਦੇ ਇਹ ਵਿਚਾਰ ਉਹਨਾਂ ਦੀ ਸ਼ਾਹਕਾਰ ਰਚਨਾ ਜਪੁਜੀ ਸਾਹਿਬ ਵਿੱਚ ਸਪਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ।

ਸੋਚੈ ਸੋਚਿ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[22]

ਜੇਕਰ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਦੇ ਕਾਰਜਾਂ ਵਿੱਚ ਨੈਤਿਕਤਾ ਹੈ ਸੱਚਾਈ ਹੈ ਤਾਂ ਸਚਿਆਰ ਮਨੁੱਖ ਦੀ ਪਦਵੀ ਉਸ ਤੋਂ ਦੂਰ ਨਹੀਂ। ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਨੈਤਿਕਤਾ ਦੇ ਮਾਡਲ ਵਿੱਚ ਤਿੰਨ ਮੁੱਖ ਸਿਧਾਂਤ ਸਾਹਮਣੇ ਆਉਂਦੇ ਹਨ।

| | |
|---|---|
| ਕਿਰਤ ਕਰੋ | ਈਮਾਨਦਾਰੀ ਦੀ ਕਮਾਈ ਤੇ ਜੀਵਨ ਨਿਰਵਾਹ ਕਰਨਾ |
| ਨਾਮ ਜਪੋ | ਪਰਮਾਤਮਾ ਨੂੰ ਹਰ ਸਮੇਂ ਯਾਦ ਰੱਖਣਾ |
| ਵੰਡ ਛਕੋ | ਕਿਰਤ ਕਮਾਈ ਨੂੰ ਦੂਸਰਿਆਂ ਨਾਲ ਸਾਂਝਾ ਕਰਨਾ |

ਇਸ ਪ੍ਰਕਾਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਬਹੁਪੱਖੀ ਸਖ਼ਸ਼ੀਅਤ ਸਨ ਜਿਸ ਵਿੱਚ ਨੈਤਿਕਤਾ ਦਾ ਸਿਖ਼ਰ ਦ੍ਰਿਸ਼ਟਮਾਨ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜਿਥੇ ਪ੍ਰਬੰਧਕੀ ਸਿਧਾਂਤਾਂ ਰਾਹੀਂ ਪ੍ਰਭਾਵਸ਼ਾਲੀ ਪ੍ਰਬੰਧਨ ਦਾ ਮਾਡਲ ਪੇਸ਼ ਕਰਦੇ ਹਨ ਉਥੇ ਨਾਲ ਹੀ ਵਿਵਹਾਰਿਕ ਪੱਧਰ ਤੇ ਇਸ ਨੂੰ ਸਰਲ ਅਤੇ ਸਪੱਸ਼ਟ ਬਣਾਉਂਦੇ ਹਨ।

## 3.2 ਗੁਰੂ ਅੰਗਦ ਦੇਵ ਜੀ ਦਾ ਫ਼ਲਸਫ਼ਾ (Philosophy of Guru Angad Dev Ji)

ਗੁਰੂ ਸਾਹਿਬ ਦੇ ਜੀਵਨ ਸ੍ਰੋਤਾਂ ਵਿਚੋਂ ਉਨ੍ਹਾਂ ਦੇ ਉੱਭਰਦੇ ਬਿੰਬ ਅਨੁਸਾਰ ਉਹ ਦਿੱਬ-ਦ੍ਰਿਸ਼ਟੀ ਦੇ ਮਾਲਕ, ਪ੍ਰਮਾਤਮਾ ਦੇ ਨਾਮ ਦੇ ਆਸ਼ਕ, ਸੱਚੇ ਕਿਰਤੀ ਤੇ ਗ੍ਰਹਿਸਤੀ ਜੀਵਨ ਵਾਲੇ ਸਭ ਗੁਣ ਸੰਪੂਰਨ ਸਨ। ਭਾਈ ਸੰਤੋਖ ਸਿੰਘ ਚੂੜਾਮਣਿ, ਗੁਰੂ ਸਾਹਿਬ ਦੇ ਜੀਵਨ ਦੇ ਸੰਬੰਧ ਵਿੱਚ ਲਿਖਦੇ ਹਨ-

ਤਿਹਣ ਗੋਤ ਛਤ੍ਰੀ ਜਿਹ ਜਾਤੀ।
ਕਰਮ ਧਰਮ ਮਹਿ ਸਭ ਬਿਖਯਾਤੀ।
ਤਿਹ ਘਰ ਜਨਮਯੋ ਸੁਤ ਸੁਖਦਾਈ।
ਲਹਿਣਾ ਨਾਮ ਧਰਯੋ ਹਿਦਲਾਈ।
ਧੀਰਜ ਖਿੰਮਾਂ ਭੁਜਾ ਜਿਹ ਸੋਹੈ।
ਅਜਰ ਜਰਨ ਸ਼ੁਭ ਰਿਦਾ ਭਯੋ ਹੈ।[23]

ਗੁਰੂ ਸਾਹਿਬ ਦੀ ਆਕਰਸ਼ਕ ਸ਼ਖ਼ਸ਼ੀਅਤ ਦੇ ਸਬੰਧ ਵਿੱਚ ਪ੍ਰਿੰ. ਸਤਬੀਰ ਸਿੰਘ ਦਾ ਕਥਨ ਬਹੁਤ ਢੁੱਕਵਾਂ ਪ੍ਰਤੀਤ ਹੁੰਦਾ ਹੈ-

> ਸਧਾਰਨ ਰੂਪ ਵਿੱਚ ਵਿਚਰਦਿਆਂ ਗੁਰੂ ਅੰਗਦ ਸਾਹਿਬ ਦਾ ਭਾਈ ਲਹਿਣਾ ਜੀ, ਵਜੋਂ ਜੀਵਨ ਅਨੇਕਾਂ ਗੁਣਾਂ ਨਾਲ ਭਰਪੂਰ ਹੈ। ਪਵਿੱਤਰ ਸੁਭਾਅ, ਪੁੰਨ ਕਰਮਾ ਵਾਲੀ ਰੂਹ, ਦਯਾਵਾਨ, ਸਰਬ-ਸ੍ਰੇਸ਼ਟ ਧਰਮ-ਕਰਮ ਵਾਲੇ ਤੇ ਸਿਮਰਨ ਬੰਦਗੀ ਵਾਲੇ ਆਦਿ ਅਨੇਕਾਂ ਹੀ ਗੁਣ ਉਨ੍ਹਾਂ ਦੀ ਸਰਬ-ਪੱਖੀ ਸ਼ਖ਼ਸ਼ੀਅਤ ਵਿੱਚ ਵੇਖਣ ਨੂੰ ਮਿਲਦੇ ਹਨ। ਪਿਤਾ ਫੇਰੂ ਮੱਲ ਦੇ ਘਰ ਜਨਮ ਲੈਣ ਤੋਂ ਹੀ ਆਪ ਜੀ ਦੈਵੀ ਗੁਣਾਂ ਦੇ ਮਾਲਕ ਸਨ।[24]

ਸੇਵਕ ਰੂਪ ਵਿੱਚ 1532-1539 ਤੱਕ ਕੁੱਲ 7 ਸਾਲ ਦਾ ਸਮਾਂ ਜੋ ਉਨ੍ਹਾਂ ਨੇ ਗੁਰੂ ਨਾਨਕ ਦੇਵ ਕੋਲ ਬਿਤਾਇਆ ਇਸ ਸਮ੍ਹੇ ਦੌਰਾਨ ਉਨ੍ਹਾਂ ਦਾ ਨਵਾ ਵਿਅਕਤਿਤਵ ਸਿਰਜਿਆ ਗਿਆ। ਕਿਰਤ ਕਰਨੀ, ਸੇਵਾ-ਸਿਮਰਨ, ਸਬਰ-ਸੰਤੋਖ ਅਤੇ ਹਉਮੈ ਤੋਂ ਨਿਰਲੇਪਤਾ ਜਿਹੇ ਗੁਣ ਉਹਨਾਂ ਦੇ ਜੀਵਨ ਦਾ ਅਹਿਮ ਅੰਗ ਬਣ ਗਏ। ਸੇਵਕ ਰੂਪ ਵਿੱਚ ਗੁਰੂ ਅੰਗਦ ਦੇਵ ਜੀ ਇੱਕ ਜਾਗ੍ਰਿਤ ਗੁਰਸਿੱਖ ਸਨ। ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਉਹਨਾਂ ਦੇ ਅਨੇਕਾਂ ਹੀ ਗੁਣਾਂ ਦਾ ਵਰਣਨ ਮਿਲਦਾ ਹੈ-

> ਇਕ ਮਨ ਵੈ ਪਢਿਹੈ ਗੁਰਬਾਣੀ।
> ਸੁਨਹਿ ਗੁਨਹਿ ਕੀਰਤਿ ਚਿਨ ਮਾਨੀ।
> ਵਾਹਿਗੁਰੂ ਕੋ ਸਿਮਰਨ ਕਰਿਹੀ।
> ਉਮਗਿ ਉਮਗ ਮੁਖ ਸੁਜਸੁ, ਉਚਰਿਹੀ।।[25]

ਗੁਰੂ ਨਾਨਕ ਸਾਹਿਬ ਦੇ ਉੱਤਰਾਅਧਿਕਾਰੀ ਵਜੋਂ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਦਿੱਤੀਆਂ ਸਿੱਖਿਆਵਾਂ ਦੇ ਪ੍ਰਚਾਰ ਦੇ ਨਾਲ-ਨਾਲ ਉਨ੍ਹਾਂ ਦੀ ਬਾਣੀ

ਨੂੰ ਇੱਕਤਰ ਵੀ ਕੀਤਾ ਅਤੇ ਉਹਨਾਂ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਦਸਤਾਵੇਜ ਜਿਸ ਨੂੰ ਜਨਮ ਸਾਖੀ ਕਿਹਾ ਜਾਂਦਾ ਹੈ, ਨੂੰ ਵੀ ਇਕੱਠਾ ਕੀਤਾ। ਗੁਰੂ ਅੰਗਦ ਦੇਵ ਜੀ ਨੇ ਲੋਕ ਭਾਸ਼ਾ ਜੋ ਉਸ ਸਮੇਂ ਪੰਜਾਬੀ ਸੀ, ਦੀ ਗੁਰਮੁਖੀ ਲਿਪੀ ਦਾ ਨਿਰਮਾਣ ਕੀਤਾ। ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਰਾਹੀਂ  ਵਰਤੇ ਜਾਣ ਨਾਲ ਇਸ ਦਾ ਦਰਜਾ ਕਾਫ਼ੀ ਉੱਚਾ ਹੋ ਗਿਆ ਕਿਉਂਕਿ ਪਹਿਲਾ ਵੇਦ ਭਾਸ਼ਾ ਨੂੰ ਹੀ ਸ੍ਰੇਸ਼ਠ ਸਮਝਿਆ ਜਾਂਦਾ ਸੀ। ਬੱਚਿਆਂ ਨੂੰ ਗੁਰਮੁਖੀ ਦਾ ਗਿਆਨ ਦੇਣ ਲਈ ਖਡੂਰ ਸਾਹਿਬ ਉਹਨਾਂ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਗੁਰਮੁਖੀ ਲਿਪੀ ਵਿੱਚ ਬਾਣੀ ਦਰਜ ਕਰਨ ਦਾ ਮੂਲ ਕਾਰਨ ਇਹ ਸੀ ਕਿ ਆਮ ਲੋਕ ਵੀ ਬਾਣੀ ਪੜ੍ਹ ਅਤੇ ਵਿਚਾਰ ਸਕਣ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਪ੍ਰਸਾਰ ਆਮ ਲੋਕਾਂ ਦੀ ਭਾਸ਼ਾ ਅਤੇ ਸਮਾਜਿਕ ਮੁਹਾਵਰੇ ਵਿੱਚ ਕੀਤਾ।

ਗੁਰੂ ਅੰਗਦ ਦੇਵ ਜੀ ਨੇ ਆਪਣੀ ਪ੍ਰਬੰਧਕੀ ਕੁਸ਼ਲਤਾ ਅਤੇ ਦੂਰ ਅੰਦੇਸਤਾ ਰਾਹੀਂ  ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਸਰਬੱਤ ਦਾ ਭਲਾ ਗੁਰੂ ਸਾਹਿਬ ਦੀਆਂ ਸਿੱਖਿਆਵਾ ਦਾ ਧੁਰਾ ਹੈ। ਗੁਰੂ ਸਾਹਿਬ ਸਖ਼ਸ਼ੀਅਤ ਦੇ ਨਿਰਮਾਣ ਤੇ ਵਿਸ਼ੇਸ਼ ਜੋਰ ਦਿੰਤੇ ਸਨ ਅਤੇ ਕਰਮ ਕਾਂਡਾਂ ਦਾ ਖੰਡਨ ਕਰਦੇ ਸਨ। ਗੁਰੂ ਸਾਹਿਬ ਅਜਿਹੇ ਮਾਰਗ ਲਈ ਉਤਸ਼ਾਹਿਤ ਕਰਦੇ ਸਨ ਜਿਥੇ ਸੇਵਾ-ਭਾਵਨਾ ਅਤੇ ਇੱਕ ਪਰਮਾਤਮਾ ਦੀ ਗੱਲ ਹੋਵੇ ਤਾਂ ਜੋ ਮਨੁੱਖ ਦਾ ਸਰਬ-ਪੱਖੀ ਵਿਕਾਸ ਸੰਭਵ ਹੋ ਸਕੇ। ਗੁਰੂ ਅੰਗਦ ਦੇਵ ਜੀ ਦੇ ਜੀਵਨ ਕਾਲ ਦੌਰਾਨ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ ਜੋ ਉਨ੍ਹਾਂ ਦੀ ਪ੍ਰਬੰਧਕੀ ਕੁਸ਼ਲਤਾ, ਨਿਰਣਾਇਕ ਲੀਡਰ ਅਤੇ ਇੱਕ ਅਨੁਭਵੀ ਪ੍ਰਬੰਧਕ ਦੇ ਪੱਖ ਨੂੰ ਸਪੱਸ਼ਟ ਕਰਦੇ ਹਨ:-

3.2.1. **ਕਹਿਣੀ ਅਤੇ ਕਰਣੀ ਵਿੱਚ ਏਕਤਾ (Unity in Action and Direction)**: ਗੁਰੂ ਅੰਗਦ ਦੇਵ ਜੀ ਉਦਾਰਚਿੱਤ ਵਿਅਕਤਿਤਵ ਦੇ ਮਾਲਕ ਹਨ। ਗੁਰੂ ਸਾਹਿਬ ਜਿੱਥੇ

ਅਧਿਆਤਮਿਕ ਲੀਡਰ ਸਨ ਉੱਥੇ ਉਹਨਾਂ ਦੇ ਕਾਰਜਾਂ ਵਿੱਚ ਮਨੁੱਖਤਾ ਦੀ ਭਲਾਈ ਦੇ ਅਨੇਕਾਂ ਪਹਿਲੂ ਮੌਜ਼ੂਦ ਹਨ। ਗੁਰੂ ਸਾਹਿਬ ਦੇ ਕਾਰਜਕਰਣੀ ਵਿੱਚ ਇਕਸਾਰਤਾ ਦੇ ਨਾਲ ਨਤੀਜਿਆਂ ਵਿੱਚ ਨਿਪੁੰਨਤਾ ਦੇਖਣ ਨੂੰ ਮਿਲਦੀ ਹੈ। ਗੁਰੂ ਸਾਹਿਬ ਅਨੁਸਾਰ ਕੰਮ ਵਿੱਚ ਸ਼ਾਮਿਲ ਅਧਿਆਤਮਿਕ ਨਜ਼ਰੀਆ ਟੀਚਿਆਂ ਨੂੰ ਆਸਾਨ ਕਰ ਦਿੰਦਾ ਹੈ ਅਤੇ ਨਤੀਜਿਆ ਨੂੰ ਅਸਾਨੀ ਨਾਲ ਹਾਂਸਿਲ ਕੀਤਾ ਜਾ ਸਕਦਾ ਹੈ। ਇਸ ਸਬੰਧ ਵਿਚ ਗੁਰੂ ਸਾਹਿਬ ਲਿਖਦੇ ਹਨ-

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ।।
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ।।[26]

ਗੁਰੂ ਸਾਹਿਬ ਅਨੁਸਾਰ ਗੁਰਮੁਖਿ ਦੀ ਪਛਾਣ ਉਸ ਦੇ ਕੰਮਾਂ ਤੋਂ ਹੁੰਦੀ ਹੈ ਅਤੇ ਚੰਗੇ ਮਨੁੱਖਾਂ ਦੇ ਕੰਮਾਂ ਵਿੱਚ ਬੁਰਿਆਈਆਂ ਨਹੀਂ ਸਗੋਂ ਚੰਗਿਆਈਆਂ ਸ਼ਾਮਿਲ ਹੁੰਦੀਆਂ ਹਨ। ਚੰਗੇ ਗੁਣ ਹੀ ਗੁਰਮੁਖਿ ਦਾ ਨਿਰਣਾ ਕਰਨ ਦਾ ਅਧਾਰ ਹਨ ਵਪਾਰਿਕ ਸਮੂਹਾਂ ਵਿੱਚ ਵੀ ਅਜਿਹੇ ਮਨੁੱਖ ਸਾਰਥਕ ਨਤੀਜਿਆਂ ਦਾ ਕਾਰਨ ਬਣਦੇ ਹਨ ਜਿਹਨਾਂ ਦੀ ਕਹਿਣੀ ਅਤੇ ਕਰਣੀ ਵਿਚ ਇਕਸਾਰਤਾ ਹੁੰਦੀ ਹੈ।

3.2.2. **ਸਮਾਜਿਕ ਸ਼ਸਕਤੀਕਰਨ** (**Social Empowerment**) : ਗੁਰੂ ਸਾਹਿਬ ਦੇ ਸਮੇਂ ਸੰਸਕ੍ਰਿਤ ਭਾਸ਼ਾ ਨੂੰ ਉੱਚ ਜਾਤੀ ਨਾਲ ਸਬੰਧਿਤ ਮੰਨਿਆ ਜਾਂਦਾ ਸੀ ਅਤੇ ਗਿਆਨ ਵੀ ਉਹਨਾਂ ਤੱਕ ਹੀ ਮਹਿਦੂਦ ਸੀ। ਗੁਰੂ ਸਾਹਿਬ ਨੇ ਗੁਰਮੁਖੀ ਨੂੰ ਆਮ ਲੋਕਾਂ ਦੀ ਭਾਸ਼ਾ ਦੇ ਤੌਰ ਤੇ ਵਿਕਸਿਤ ਕੀਤਾ। ਗੁਰੂ ਜੀ ਨੇ ਇਸ ਭਾਸ਼ਾ ਦਾ ਵਿਕਾਸ ਕਰਕੇ ਲੋਕਾਂ ਲਈ ਗਿਆਨ ਪ੍ਰਾਪਤ ਕਰਨ ਦਾ ਆਸਾਨ ਰਸਤਾ ਤਿਆਰ ਕਰ ਦਿੱਤਾ। ਜਿੱਥੇ ਉਹ ਗਿਆਨਵਾਨ ਬਣਦੇ ਸਨ ਉਥੇ ਨਾਲ ਹੀ ਉਹਨਾਂ ਦਾ ਬੌਧਿਕ ਵਿਕਾਸ ਨਿਰੰਤਰਤਾ ਵਿੱਚ ਕਾਰਜਸ਼ੀਲ ਹੋ ਗਿਆ। ਇਸ ਕਾਰਜ ਨਾਲ ਜਿੱਥੇ ਸਿੱਖ ਮੱਤ ਦਾ ਵਿਕਾਸ ਹੋਇਆ ਉਥੇ ਦੱਬੇ ਕੁਚਲੇ ਲੋਕਾਂ ਨੂੰ ਅਵਾਜ ਮਿਲੀ। ਹੁਣ ਧਰਮ ਦੀ ਭਾਸ਼ਾ ਸਰਲ ਅਤੇ ਸਪੱਸ਼ਟ ਸੀ, ਧਰਮ ਦੀ ਵਿਆਖਿਆ ਲਈ ਕਿਸੇ ਹੋਰ ਤੇ ਨਿਰਭਰ ਰਹਿਣ ਦੀ ਲੋੜ ਨਹੀਂ ਸੀ। ਡਾ. ਸਤਿੰਦਰ ਸਿੰਘ ਨੂਰ ਦੇ ਅਨੁਸਾਰ-

ਗੁਰੂ ਸਾਹਿਬ ਨੇ ਭਾਸ਼ਾ ਦੇ ਵਿਕਾਸ ਰਾਹੀਂ ਮਨੁੱਖਤਾ ਦੇ ਸ਼ਸਕਤੀਕਰਨ ਲਈ ਵਿਸ਼ੇਸ਼ ਕਾਰਜ ਕੀਤੇ ਕਿਉਂਕਿ ਭਾਸ਼ਾ ਤੋਂ ਬਗੈਰ ਕਿਸੇ ਵੀ ਸਮਾਜ ਦੇ ਵਿਕਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।[27]

**3.2.3. ਸਰੀਰਿਕ ਅਤੇ ਅਧਿਆਤਮਿਕ ਵਿਕਾਸ(Physical and Spiritual Upliftment):-** ਗੁਰੂ ਅੰਗਦ ਦੇਵ ਜੀ ਨੇ ਸਮਾਜਿਕ ਸਮੱਸਿਆਵਾਂ ਨੂੰ ਦੂਰ ਕਰਨ ਲਈ ਸਿਧਾਂਤਕ ਅਤੇ ਵਿਵਹਾਰਿਕ ਉਪਰਾਲੇ ਕੀਤੇ। ਗੁਰੂ ਸਾਹਿਬ ਨੇ ਅਧਿਆਤਮਿਕ ਤੇ ਸਮਾਜਿਕ ਗਿਆਨ ਦੇ ਵਿਕਾਸ ਲਈ ਅਨੇਕਾਂ ਸਕੂਲਾਂ ਦਾ ਨਿਰਮਾਣ ਕਰਵਾਇਆ, ਲੋਕਾਂ ਦੀ ਆਮ ਭਾਸ਼ਾ ਦਾ ਵਿਕਾਸ ਕੀਤਾ ਅਤੇ ਨਾਲ ਹੀ ਸਰੀਰਿਕ ਤੰਦਰੁਸਤੀ ਬਾਰੇ ਵੀ ਪ੍ਰੇਰਿਆ। ਗੁਰੂ ਸਾਹਿਬ ਇਸ ਗੱਲ ਦੇ ਮੁਦੱਈ ਸਨ ਕਿ ਜ਼ਿੰਦਗੀ ਵਿੱਚ ਵੱਡੇ ਉਦੇਸ਼ ਫਿਰ ਹੀ ਹਾਂਸਿਲ ਕੀਤੇ ਜਾ ਸਕਦੇ ਹਨ ਜੇਕਰ ਮਨੁੱਖ ਸਰੀਰਿਕ ਤੌਰ ਤੇ ਤੰਦਰੁਸਤ ਹੋਵੇ ਕਿਉਂਕਿ ਸਵੱਸਥ ਸਰੀਰ ਵਿੱਚ ਹੀ ਸਵੱਸਥ ਦਿਮਾਗ ਦਾ ਵਿਕਾਸ ਹੁੰਦਾ ਹੈ। ਉਹਨਾਂ ਨੇ ਮੱਲ੍ਹ ਅਖਾੜਿਆਂ ਦਾ ਨਿਰਮਾਣ ਕਰਵਾਇਆ, ਜਿੱਥੇ ਸਰੀਰਿਕ ਅਤੇ ਅਧਿਆਤਮਿਕ ਕਿਰਿਆਵਾਂ ਕਰਵਾਈਆਂ ਜਾਂਦੀਆਂ ਸਨ। ਗੁਰੂ ਸਾਹਿਬ ਸਖ਼ਤ ਅਨੁਸ਼ਾਸਨ ਦੇ ਪੱਖ ਵਿੱਚ ਸਨ।

**3.2.4. ਔਰਤਾਂ ਦਾ ਸ਼ਸਕਤੀਕਰਨ(Empowerment of Women):-** ਗੁਰੂ ਅੰਗਦ ਦੇਵ ਜੀ ਦੀ ਕਾਰਜਕਰਣੀ ਵਿਚ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਂਵਾ ਦਾ ਹੀ ਵਿਸਥਾਰ ਦੇਖਣ ਨੂੰ ਮਿਲਦਾ ਹੈ। ਇਸੇ ਪ੍ਰਸੰਗ ਵਿਚ ਡਾ. ਜੋਸੰਫ਼ ਕਨਿੰਘਮ ਦੇ ਵਿਚਾਰ ਸਾਰਥਕ ਪ੍ਰਤੀਤ ਹੁੰਦੇ ਹਨ- 'Angad was true to the principles of his great teacher'.[28] ਗੁਰੂ ਨਾਨਕ ਦੇਵ ਜੀ ਨੇ ਜਿੱਥੇ ਔਰਤ ਨੂੰ ਰਾਜਿਆਂ ਦੀ ਜਨਣੀ ਕਹਿ ਕੇ ਸਤਿਕਾਰਿਆ ਅਤੇ ਉਸ ਨੂੰ ਮੰਦਾ ਕਹਿਣ ਤੋਂ ਵਰਜਿਆ ਉਸੇ ਤਰਸ਼ਾਂ ਗੁਰੂ ਅੰਗਦ ਦੇਵ ਜੀ ਨੇ ਵੀ ਔਰਤਾਂ ਦੇ ਸਥਾਨ ਨੂੰ ਉੱਚਾ ਚੁੱਕਣ ਲਈ ਅਨੇਕਾਂ ਕਾਰਜ ਕੀਤੇ ਜਿਵੇਂ ਨਾਰੀ ਦਾ ਸਤਿਕਾਰ ਵਧਾਉਣ ਲਈ ਧਾਰਮਿਕ ਕੰਮਾਂ ਦੀ ਸੇਵਾ ਵਿਚ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਆਦਿ ਪਰ ਗੁਰੂ ਸਾਹਿਬ

ਦੇ ਸਮੇਂ ਸਮਾਜ ਵਿੱਚ ਔਰਤਾਂ ਨੂੰ ਘਰੋਂ ਬਾਹਰ ਨਿਕਲਣ ਦੀ ਅਜ਼ਾਦੀ ਨਹੀਂ ਸੀ। ਗੁਰੂ ਸਾਹਿਬ ਨੇ ਔਰਤਾਂ ਨੂੰ ਮਰਦਾਂ ਦੇ ਸਮਾਨ ਸਥਾਨ ਦੇਣ ਅਤੇ ਸਮਾਨ ਅਧਿਕਾਰਾਂ ਦੀ ਗੱਲ ਕੀਤੀ। ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਨੂੰ ਲੰਗਰ ਦੇ ਅਨੇਕਾਂ ਪ੍ਰਬੰਧਕੀ ਕਾਰਜਾਂ ਵਿਚ ਸ਼ਾਮਿਲ ਕੀਤਾ। ਇਹ ਕ੍ਾਂਤੀਕਾਰੀ ਕਾਰਜ ਸੀ ਕਿਉਂਕਿ ਇਸ ਤੋਂ ਪਹਿਲਾਂ ਧਰਮ ਦੇ ਕਾਰਜਾਂ ਵਿੱਚ ਔਰਤ ਦੀ ਸ਼ਮੂਲੀਅਤ ਨਾ ਮਾਤਰ ਹੀ ਸੀ। ਗੁਰੂ ਸਾਹਿਬ ਨੇ ਗੁਰੂ ਗ੍ੰਥ ਸਾਹਿਬ ਵਿੱਚ ਨਾਰੀ ਨੂੰ ਸਿਧਾਂਤਕ ਤੌਰ ਤੇ ਵਿਸ਼ੇਸ਼ ਦਰਜਾ ਦਿੱਤਾ ਇਸੇ ਸਬੰਧ ਵਿਚ ਮਹਿੰਦਰ ਕੌਰ ਗਿੱਲ ਲਿਖਦੇ ਹਨ

> ਗੁਰਬਾਣੀ ਸਕੂਲ ਵਿੱਚ ਸਾਧਕ ਵਧੇਰੇ ਕਰਕੇ ਇਸਤਰੀ ਰੂਪ ਵਿੱਚ ਪੇਸ਼ ਹੋਇਆ ਹੈ। ਇਹ ਜੁਗਤ ਨਾ ਕੇਵਲ ਅਨੁਭਵ ਰੁਪਾਂਤਰਣ ਦੀ ਪ੍ਕਿਰਿਆ ਮਾਤਰ ਹੀ ਹੈ, ਸਗੋਂ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਮਹਲਾ ਰੂਪ ਵਿੱਚ ਹੀ ਆਂਕਿਆ ਹੈ। ਗੁਰੂ ਗ੍ੰਥ ਸਾਹਿਬ ਦੀ ਮਹਲਾ ਜੁਗਤ ਇਸ ਤੱਥ ਦਾ ਪੁਸ਼ਟ ਪਰਿਣਾਮ ਹੈ।[29]

ਗੁਰੂ ਅੰਗਦ ਦੇਵ ਜੀ ਨੇ ਵਿਵਹਾਰਿਕ ਪੱਧਰ ਤੇ ਮਾਤਾ ਖੀਵੀ ਦਾ ਨਾਮ ਸ਼੍ਰੀ ਗੁਰੂ ਗ੍ੰਥ ਸਾਹਿਬ ਵਿਚ ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਾਲੀ ਕਰਕੇ ਦਰਜ ਕੀਤਾ ਹੈ, ਜੋ ਕਿ ਨਾਰੀ ਸ਼ਸਕਤੀਕਰਨ ਦੀ ਪ੍ਤੱਖ ਮਿਸਾਲ ਹੈ।

**3.2.5. ਜਾਤ-ਪਾਤ ਦਾ ਵਿਰੋਧ(Resistance to caste based discrimination):-**
ਗੁਰੂ ਅੰਗਦ ਦੇਵ ਜੀ ਨੇ ਅਜਿਹੇ ਸਮਾਜ ਦੀ ਸਿਰਜਣਾ ਤੇ ਜ਼ੋਰ ਦਿੱਤਾ ਜੋ ਜਾਤ ਅਧਾਰਿਤ ਵਿਤਕਰਿਆਂ ਤੋਂ ਮੁਕਤ ਹੋਵੇ। ਗੁਰੂ ਸਾਹਿਬ ਦਾ ਮਾਨਵ ਹਿਤਕਾਰੀ ਵਿਅਕਤਿਤਵ ਸਮੁੱਚੀ ਲੋਕਾਈ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਵਾਲਾ ਹੈ। ਗੁਰੂ ਸਾਹਿਬ ਨੇ ਅਮੀਰ ਅਤੇ ਗਰੀਬ ਦੇ ਭੇਦ ਭਾਵ ਨੂੰ ਖਤਮ ਕਰਨ ਲਈ ਲੰਗਰ ਸਿਸਟਮ ਨੂੰ ਹੋਰ ਵੀ ਮਜ਼ਬੂਤ ਕੀਤਾ। ਲੰਗਰ ਦੀ ਮਹੱਤਤਾ ਅਤੇ ਮਾਤਾ ਖੀਵੀ ਦਾ ਜ਼ਿਕਰ ਸ਼੍ਰੀ ਗੁਰੂ ਗ੍ੰਥ ਸਾਹਿਬ ਵਿੱਚ ਵੀ ਦੇਖਣ ਨੂੰ ਮਿਲਦਾ ਹੈ-

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥[30]

ਗੁਰੂ ਸਾਹਿਬ ਨੇ ਉਨਾਂ ਅਸੂਲਾਂ ਨੂੰ ਨਕਾਰਿਆ ਹੈ ਜੋ ਮਾਨਵ ਹਿਤੈਸ਼ੀ ਨਹੀਂ ਸਨ ਅਤੇ ਉਨਾਂ ਅਸੂਲਾਂ ਦੀ ਸਿਰਜਣਾਂ ਕੀਤੀ ਹੈ ਜਿਸ ਵਿਚ ਭਾਈਚਾਰਕ ਸਾਂਝ ਸੁਹਿਰਦਤਾ ਅਤੇ ਭੇਦ-ਭਾਵ ਰਹਿਤ ਸਮਾਜ ਦੀ ਸਿਰਜਣਾ ਦਾ ਸੰਕਲਪ ਹੈ।

3.2.6. **ਨਿਡਰਤਾ(Fearless):-** ਗੁਰੂ ਸਾਹਿਬ ਮਨ, ਬਚਨ ਅਤੇ ਕਰਮ ਕਰਕੇ ਸੱਚੇ ਵਿਵਹਾਰਿਕ ਜੀਵਨ ਵਾਲੇ ਸਨ। ਬਾਣੀਕਾਰ ਵਜੋਂ ਗੁਰੂ ਸਾਹਿਬ ਨੇ ਹਰ ਉਸ ਕੁਰੀਤੀ ਦਾ ਖੰਡਨ ਕੀਤਾ ਜੋ ਮਾਨਵਤਾ ਦੇ ਫਲਸਫ਼ੇ ਤੋਂ ਉਲਟ ਹੈ। ਗੁਰੂ ਅੰਗਦ ਦੇਵ ਜੀ ਅਨੁਸਾਰ ਮਨੁੱਖ ਨੂੰ ਕੇਵਲ ਸਰਵ-ਵਿਆਪਕ ਪਰਮਾਤਮਾ ਤੋਂ ਹੀ ਡਰਨਾ ਚਾਹੀਦਾ ਹੈ। ਗੁਰੂ ਸਾਹਿਬ ਖ਼ੁਦ ਨੂੰ ਨੀਵਿੰਆ ਤੋਂ ਨੀਵਾਂ ਗਿਣਦੇ ਸਨ। ਉਹਨਾਂ ਅਨੁਸਾਰ ਜਿਹਨਾਂ ਅੰਦਰ ਪਰਮਾਤਮਾ ਦਾ ਡਰ ਹੁੰਦਾ ਹੈ ਉਹਨਾਂ ਨੂੰ ਹੋਰ ਕੋਈ ਵੀ ਡਰ ਸਤਾਉਂਦਾ ਨਹੀਂ ਅਤੇ ਜਿਹਨਾਂ ਅੰਦਰ ਪਰਮਾਤਮਾ ਦਾ ਡਰ ਨਹੀਂ ਉਹ ਸਾਰੀ ਜ਼ਿੰਦਗੀ ਡਰ ਵਿੱਚ ਹੀ ਬਿਤਾਉਂਦੇ ਹਨ। ਗੁਰੂ ਸਾਹਿਬ ਅਨੁਸਾਰ ਸ਼ਬਦ ਰਾਹੀਂ ਮਨੁੱਖ ਦਿਨ ਰਾਤ ਪਰਮਾਤਮਾ ਦੇ ਰਸ ਵਿਚ ਮਗਨ ਹੋ ਕੇ ਭਉ ਤੋਂ ਅਚਿੰਤ ਹੋ ਜਾਂਦਾ ਹੈ। ਇਸ ਸਬੰਧ ਵਿਚ ਗੁਰੂ ਸਾਹਿਬ ਦਾ ਕਥਨ ਬੜਾ ਸਪਸ਼ਟ ਹੈ-

ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥[31]

3.2.7. **ਨੈਤਿਕਤਾ ਅਤੇ ਈਮਾਨਦਾਰੀ(Ethics and Honesty):-** ਗੁਰੂ ਸਾਹਿਬ ਕੇਵਲ ਸਿੱਖਾਂ ਵੱਲੋਂ ਦਿੱਤੀ ਮਾਇਆ ਤੇ ਜੀਵਨ ਬਸਰ ਲਈ ਨਿਰਭਰ ਨਹੀਂ ਸਨ ਸਗੋਂ ਖ਼ੁਦ ਮਿਹਨਤ ਕਰਕੇ ਜੀਵਨ ਨਿਰਵਾਹ ਕਰਦੇ ਸਨ। ਗੁਰੂ ਸਾਹਿਬ ਦੀ ਬਾਣੀ ਵਿਚ ਕਰਮ ਪ੍ਰਧਾਨ ਵਿਅਕਤਿਤਵ ਦਾ ਜ਼ਿਕਰ ਆਉਦਾ ਹੈ। ਸ਼ਰਧਾਲੂ ਜੋ ਵੀ ਭੇਟਾ ਕਰਦੇ ਸਨ ਉਸ ਨੂੰ ਸੰਗਤ ਲਈ ਹੀ ਵਰਤਿਆ ਜਾਂਦਾ ਸੀ। ਗੁਰੂ ਸਾਹਿਬ ਦਾ ਜੀਵਨ ਈਮਾਨਦਾਰੀ ਅਤੇ ਨੈਤਿਕਤਾ ਤੇ

ਅਧਾਰਿਤ ਹੈ। ਗੁਰੂ ਸਾਹਿਬ ਅਨੁਸਾਰ ਪਾਪ-ਪੁੰਨ ਦੀ ਵਿਚਾਰ ਤੋਂ ਹੀ ਖੋਟੇ-ਖਰੇ ਦੀ ਪਰõਹੋਣੀ ਚਾਹੀਦੀ ਹੈ, ਫ਼ਲ ਨੀਅਤ ਅਨੁਸਾਰ ਹੀ ਪ੍ਰਾਪਤ ਹੁੰਦਾ ਹੈ। ਜ਼ਹਿਰ ਬੀਜ ਕੇ ਅੰਮ੍ਰਿਤ ਦੀ ਇੱਛਾ ਕਰਨੀ ਮੂਰਖਤਾ ਹੈ-

> ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ।।
> ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ।।[32]

3.2.8. **ਟਿਕਾਊ ਮਿਸ਼ਨ(Sustainable Mission)**:- ਗੁਰੂ ਸਾਹਿਬ ਦੇ ਮਿਸ਼ਨ ਵਿੱਚ ਨਿਰੰਤਰਤਾ ਹੈ। ਗੁਰੂ ਸਾਹਿਬ ਜਿੱਥੇ ਪਹਿਲੇ ਗੁਰੂ ਦੀਆਂ ਸਿੱਖਿਆਵਾਂ ਤੇ ਪਹਿਰਾ ਦੇ ਰਹੇ ਸੀ ਉਥੇ ਨਾਲ ਹੀ ਸਮਾਜ ਭਲਾਈ ਦੇ ਕਾਰਜਾਂ ਲਈ ਤਤਪਰ ਹਨ। ਗੁਰੂ ਸਾਹਿਬ ਨੇ ਸਿੱਖੀ ਦੇ ਪ੍ਰਚਾਰ ਲਈ ਵੱਖ ਵੱਖ ਥਾਵਾਂ ਤੇ ਅਨੇਕਾਂ ਹੀ ਕੇਂਦਰ ਸਥਾਪਿਤ ਕੀਤੇ। ਇਸ ਸਮੇਂ ਸਿੱਖ ਮਤ ਇੱਕ ਵਿਲੱਖਣ ਪਹਿਚਾਣ ਧਾਰਣ ਕਰਦਾ ਹੈ। ਗੁਰੂ ਸਾਹਿਬ ਨੇ ਭਾਈ ਬਾਲੇ ਕੋਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਅਨੇਕਾਂ ਤੱਥ ਇਕੱਤਰ ਕੀਤੇ ਅਤੇ ਉਹਨਾਂ ਉੱਤੇ ਪਹਿਲੀ ਜੀਵਨੀ ਲਿਖ ਕੇ ਇਕ ਮਹਾਨ ਸਾਹਿਤਕ ਦੇਣ ਦਿੱਤੀ। ਗੁਰੂ ਸਾਹਿਬ ਨੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਹਰ ਪੱਖ ਤੋਂ ਸਿੱਖ ਧਰਮ ਦੇ ਵਿਕਾਸ ਲਈ ਅਨੇਕਾਂ ਕਾਰਜ ਕੀਤੇ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਅੰਤਰਯਾਮੀ, ਸਰਬ ਕਲਾ ਸਮਰੱਥ ਅਤੇ ਸਰਬ-ਵਿਆਪਕ ਹੈ। ਜਗਤ ਦੀ ਸਿਰਜਣਾ ਅਤੇ ਇਸ ਦੀ ਨਿਰੰਤਰਤਾ ਪਰਮਾਤਮਾ ਦੇ ਹੁਕਮ ਦਾ ਹੀ ਅੰਗ ਹੈ। ਇਸ ਸਬੰਧ ਵਿਚ ਗੁਰੂ ਸਾਹਿਬ ਬਾਣੀ ਵਿਚ ਅੰਕਿਤ ਕਰਦੇ ਹਨ-

> ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ।।
> ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ।।[33]

3.2.9. **ਨਿਰ-ਸੁਆਰਥ ਭਗਤੀ(Selfless Devotion)**:- ਗੁਰੂ ਅੰਗਦ ਦੇਵ ਜੀ ਨਿਰ-ਸੁਆਰਥ ਭਗਤੀ ਅਤੇ ਸੇਵਾ ਦੇ ਮੁਜੱਸਮੇ ਸਨ। ਗੁਰੂ ਨਾਨਕ ਦੇਵ ਜੀ ਨ ਗੁਰੂ ਅੰਗਦ ਦੇਵ ਜੀ ਨੂੰ ਅਨੇਕਾਂ ਵਾਰ ਪਰਖਿਆ ਅਤੇ ਗੁਰੂ ਅੰਗਦ ਦੇਵ ਜੀ ਹਰ ਵਾਰ ਸਫ਼ਲ ਹੋਣਾ

ਉਹਨਾਂ ਦੀ ਸਹਿਜਤਾ ਅਤੇ ਨਿਰਸੁਆਰਥ ਭਗਤੀ ਦਾ ਪ੍ਰਮਾਣ ਹੈ। ਗੁਰੂ ਸਾਹਿਬ ਹੁਕਮ ਮੰਨਣ ਵਿੱਚ ਅਤੇ ਸੇਵਾ ਵਿੱਚ ਮੋਹਰੀ ਸਨ ਅਤੇ ਉਹਨਾਂ ਦੇ ਅੰਦਰ ਦਾ ਠਹਿਰਾਅ ਵੀ ਬੇਮਿਸਾਲ ਸੀ। ਜਦੋਂ ਗੁਰੂ ਨਾਨਕ ਦੇਵ ਜੀ ਵੱਲੋਂ ਪਸ਼ੂਆਂ ਲਈ ਗਿੱਲੇ ਅਤੇ ਚਿੱਕੜ ਨਾਲ ਭਰੇ ਤਿੰਨ ਘਾਹ ਦੇ ਪੂਲੇ ਲੈ ਕੇ ਆਉਣ ਦਾ ਹੁਕਮ ਕੀਤਾ ਤਾਂ ਕੇਵਲ ਗੁਰੂ ਅੰਗਦ ਦੇਵ ਜੀ ਨੇ ਹੀ ਪੂਰਾ ਕੀਤਾ। ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਹਲੀਮੀ, ਭਗਤੀ ਨੂੰ ਦੇਖ ਕੇ ਉਹਨਾਂ ਨੂੰ ਗੁਰਗੱਦੀ ਬਖ਼ਸ਼ੀ। ਗੁਰੂ ਸਾਹਿਬ ਨੇ ਪ੍ਰਤਿਭਾਵਾਨ ਆਗੂ ਦੀ ਤਰ੍ਹਾਂ ਬਹੁਤ ਸੁਘੜਤਾ ਨਾਲ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਮਿਸ਼ਨ ਲਈ ਜ਼ਿਮੇਵਾਰੀਆਂ ਨੂੰ ਸਾਤਵਿਕ ਰੂਪ ਵਿਚ ਨਿਭਾਇਆ ਅਤੇ ਨਿਰਸੁਆਰਥ ਭਗਤੀ ਦਾ ਉੱਤਮ ਨਮੂਨਾ ਪੇਸ਼ ਕੀਤਾ।

ਬਾਣੀ ਦੇ ਵਿਸ਼ਲੇਸ਼ਣਾਤਮਕ ਅਧਿਐਨ ਅਤੇ ਗੁਰੂ ਅੰਗਦ ਦੇਵ ਜੀ ਦੇ ਜੀਵਨ ਇਤਿਹਾਸ ਨੂੰ ਵਾਚਣ ਤੋਂ ਬਾਅਦ ਇਹ ਸਪਸ਼ਟ ਹੈ ਕਿ ਗੁਰੂ ਸਾਹਿਬ ਇੱਕ ਪ੍ਰਤਿਭਾਵਾਨ ਪ੍ਰਬੰਧਕ ਅਤੇ ਬੇਮਿਸਾਲ ਆਗੂ ਹਨ। ਗੁਰੂ ਸਾਹਿਬ ਪੂਰਨ ਸਹਿਜ ਤੇ ਸੁਹਜ ਵਿਚ ਗੁਰੂ ਨਾਨਕ ਸਮਰੂਪ ਵਿਅਕਤਿਤਵ ਅਤੇ ਅਥਾਹ ਗੁਣਾਂ ਦੇ ਮਾਲਕ ਹਨ।

### 3.3 ਗੁਰੂ ਅਰਮਦਾਸ ਜੀ ਦਾ ਫ਼ਲਸਫ਼ਾ (Philosophy of Guru Amardas Ji)

ਗੁਰੂ ਅਮਰਦਾਸ ਜੀ ਸੇਵਾ ਦੇ ਪੁੰਜ ਅਤੇ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਸਨ। ਗੁਰੂ ਸਾਹਿਬ ਦਿਆਲਤਾ ਅਤੇ ਨਿਮਰਤਾ ਦੇ ਮੁੱਜਸਮੇ ਸਨ। ਗੁਰੂ ਅਮਰਦਾਸ ਜੀ ਦੇ ਜੀਵਨ ਕਾਲ ਵਿਚ ਲੀਡਰਸ਼ਿਪ ਦੇ ਅਨੇਕ ਗੁਣ ਦ੍ਰਿਸ਼ਟਮਾਨ ਹੁੰਦੇ ਹਨ। ਉਹਨਾਂ ਅਨੁਸਾਰ ਆਪਣੇ ਮਾਲਕ ਦੇ ਭਰੋਸੇ ਨਾਲ ਲਏ ਗਏ ਫੈਸਲੇ ਹਮੇਸ਼ਾਂ ਹੀ ਸਰਬੱਤ ਦੇ ਭਲੇ ਵੱਲ ਪ੍ਰੇਰਿਤ ਹੁੰਦੇ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਉਹਨਾਂ ਦੇ ਅਨੇਕ ਗੁਣ ਦ੍ਰਿਸ਼ਟਮਾਨ ਹੁੰਦੇ ਹਨ। ਗੁਰੂ ਸਾਹਿਬ ਨੇ ਵਰਣ ਵਿਵਸਥਾ ਦਾ ਜ਼ੋਰਦਾਰ ਖੰਡਨ ਕੀਤਾ ਅਤੇ ਉਚ-ਨੀਚ, ਜਾਤ-ਪਾਤ ਦੇ ਭੇਦ-ਭਾਵ ਤੋਂ ਰਹਿਤ ਇੱਕ ਉੱਤਮ ਸਮਾਜ ਦੀ ਸਿਰਜਣਾ ਦਾ ਸੰਕਲਪ ਪੇਸ਼ ਕੀਤਾ। ਗੁਰੂ ਸਾਹਿਬ ਦੇ ਜੀਵਨ ਤੇ ਬਾਣੀ ਦੇ ਸਮਾਜਿਕ, ਸੱਭਿਆਚਾਰਕ, ਮਾਨਵੀ ਅਤੇ ਨੈਤਿਕ ਸਰੋਕਾਰਾਂ ਨਾਲ ਅਨੇਕਾਂ ਹੀ

ਪ੍ਰਬੰਧਕੀ ਗੁਣ ਸਾਹਮਣੇ ਆਉਂਦੇ ਹਨ। ਗੁਰੂ ਅਮਰਦਾਸ ਜੀ ਦਾ ਜੀਵਨ ਅਨੇਕਾਂ ਪ੍ਰਬੰਧਕੀ ਗੁਣਾਂ ਦੇ ਗਿਆਨ ਨਾਲ ਸਮੋਇਆ ਪਿਆ ਹੈ। ਉਹਨਾਂ ਦੇ ਜੀਵਨ ਵਿੱਚ ਪ੍ਰਬੰਧਕੀ ਗੁਣਾਂ ਨੂੰ ਹੇਠਾਂ ਲਿਖੇ ਅਨੁਸਾਰ ਦੇਖਿਆ ਜਾ ਸਕਦਾ ਹੈ:-

**3.3.1 ਪੰਗਤ ਅਤੇ ਸੰਗਤ ਦਾ ਸੰਕਲਪ(Concept of Pangat and Sangat)**:- ਗੁਰੂ ਅਮਰਦਾਸ ਜੀ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ ਦੇ ਸੰਦਰਭ ਵਿਚ ਗੂੜ ਗਿਆਨ ਰੱਖਦੇ ਸਨ। ਗੁਰੂ ਸਾਹਿਬ ਨੇ ਜਾਤ-ਪਾਤ ਦੀ ਨਿੰਦਿਆ ਕੀਤੀ ਅਤੇ ਸਮਾਜ ਵਿਚ ਸਮਾਨਤਾ ਲਿਆਉਣ ਦੇ ਅਨੇਕ ਯਤਨ ਕੀਤੇ। ਇਸ ਦਿਸ਼ਾ ਵਿਚ ਗੁਰੂ ਸਾਹਿਬ ਦੁਆਰਾ ਚਲਾਈ ਰੀਤਪਹਿਲਾ ਪੰਗਤ ਪਾਛੇ ਸੰਗਤ ਇਕ ਕ੍ਰਾਤੀਕਾਰੀ ਕਦਮ ਸੀ। ਇਸ ਤਰਸ਼ਾਂ ਇਕੋ ਪੰਗਤ ਵਿਚ ਬਿਨਸ਼ਾਂ ਕਿਸੇ ਭੇਦ-ਭਾਵ ਤੋਂ ਲੰਗਰ ਛੱਕਣ ਨੂੰ ਨਾ ਸਿਰੰ ਉਚ-ਨੀਚ ਦੀ ਕੁਰੀਤੀ ਨੂੰ ਦੂਰ ਕਰਨ ਦਾ ਯਤਨ ਕੀਤਾ ਸਗੋਂ ਸਰਬ-ਸਾਂਝੀਵਾਲਤਾ ਦੀ ਇਕ ਉੱਤਮ ਮਿਸਾਲ ਪੇਸ਼ ਕੀਤੀ। ਗੁਰੂ ਸਾਹਿਬ ਨੇ ਪੰਗਤ ਅਤੇ ਸੰਗਤ ਦੇ ਸੰਕਲਪ ਵਿਚ ਜਿੱਥੇ ਉੱਚ ਪੱਧਰੀ ਪ੍ਰਬੰਧਕੀ ਕੁਸ਼ਲਤਾ ਜਿਵੇਂ ਕਿ ਸੰਗਤ ਦਾ ਪੂਰਵ ਅਨੁਮਾਨ ਅਤੇ ਸਮਾਂ ਸਾਰਣੀ ਨਿਰਧਾਰਿਤ ਕਰਨਾ ਗੁਰੂ ਸਾਹਿਬ ਦੀ ਪ੍ਰਭਾਵੀ ਕਾਰਜਕੁਸ਼ਲਤਾ ਦਾ ਇਕ ਉੱਤਮ ਨਮੂਨਾ ਹੈ। ਪ੍ਰਸਿੱਧ ਇਤਿਹਾਸਕਾਰ ਕਿਰਪਾਲ ਸਿੰਘ ਅਨੁਸਾਰ -

> ਲੰਗਰ ਸਿਸਟਮ ਤੋਂ ਪ੍ਰਭਾਵਿਤ ਹੋ ਕੇ ਬਾਦਸ਼ਾਹ ਅਕਬਰ ਨੇ ਯਮੁਨਾ ਅਤੇ ਗੰਗਾ ਨੂੰ ਲੰਘਣ ਸਮੇਂ ਜਿਹੜੇ ਟੈਕਸ ਹਿੰਦੂਆਂ ਤੇ ਲਗਾਏ ਜਾਂਦੇ ਸਨ ਉਹਨਾਂ ਨੂੰ ਮੁਆਫ਼ ਕਰ ਦਿੱਤਾ।[34]

**3.3.2. ਮੰਜੀ ਸਿਸਟਮ ਦੀ ਸਥਾਪਨਾ(Establishment of Manjhi System)**:- ਸਿੱਖ ਮਤ ਦਾ ਯੋਜਨਾਬਧ ਤਰੀਕੇ ਨਾਲ ਪ੍ਰਚਾਰ ਕਰਨ ਲਈ ਗੁਰੂ ਅਰਮਦਾਸ ਜੀ ਨੇ ਮੰਜੀ ਸਿਸਟਮ ਸਥਾਪਿਤ ਕੀਤਾ। ਇਸ ਸਿਸਟਮ ਵਿੱਚ ਕੁਲ 22 ਮੰਜੀਆਂ ਸਨ ਅਤੇ ਹਰ ਇੱਕ ਮੰਜੀ ਦਾ ਪ੍ਰਮੁੱਖ ਪ੍ਰਬੰਧਕ ਨਿਯੁਕਤ ਕੀਤਾ ਗਿਆ। ਹਰ ਮੰਜੀ ਦੇ ਮੁਖੀ ਦੀ ਸਿਖਲਾਈ ਲਈ ਨੈਤਿਕਤਾ ਅਧਾਰਿਤ

ਪ੍ਰੋਤਸਾਹਨ ਦੇ ਨਾਲ ਨਾਲ ਪ੍ਰਭਾਵਸ਼ਾਲੀ ਸੰਚਾਰ ਤੇ ਵੀ ਖਾਸ ਧਿਆਨ ਦਿੱਤਾ ਗਿਆ। ਇਤਿਹਾਸਿਕ ਹਵਾਲਿਆਂ ਤੋਂ ਇਹ ਸਰੋਤ ਮਿਲਦੇ ਹਨ ਕਿ ਇਹਨਾਂ ਮੁਖੀਆਂ ਵਿਚ ਔਰਤਾਂ ਵੀ ਸਨ। ਗੁਰੂ ਸਾਹਿਬ ਨੇ ਇਹਨਾਂ ਲਈ ਸੰਪੂਰਣ ਸਮਾਂ ਸਾਰਣੀ ਤਿਆਰ ਕੀਤੀ ਜਿਸ ਵਿੱਚ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਕੰਮ ਕਰਨ ਦੀ ਸਿੱਖਿਆ ਸ਼ਾਮਿਲ ਸੀ। ਸਮਾਂ ਸਾਰਣੀ ਅਨੁਸਾਰ ਹਰ ਇੱਕ ਪ੍ਰਬੰਧਕ ਕਾਰਜ ਕਰਦਾ ਅਤੇ ਕਾਰਜਾਂ ਦੀ ਰਿਪੋਰਟ ਨੂੰ ਵੀ ਨਿਸਚਿਤ ਕੀਤਾ ਜਾਂਦਾ ਸੀ। ਮੰਜੀ ਦੇ ਮੁਖੀ ਨੂੰ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਸੀ। ਇਸ ਪ੍ਰਕਾਰ ਗੁਰੂ ਸਾਹਿਬ **ਨੇ** ਜ਼ਿਮੇਵਾਰੀ(Responsibility) ਅਤੇ ਜਵਾਬਦੇਹੀ(Accountability) ਦੇ ਵਿਚਕਾਰ ਸੰਤੁਲਨ ਬਣਾ ਕੇ ਮੰਜੀ ਸਿਸਟਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਿਸ ਵਿੱਚ ਉੱਤਮ ਪ੍ਰਬੰਧਕੀ ਸਿਸਟਮ(Efficient Managerial System) ਦੇ ਸਾਰੇ ਗੁਣ ਸ਼ਾਮਿਲ ਸਨ।

**3.3.3. ਤਰਕਹੀਣ ਕਰਮ ਕਾਂਡਾਂ ਦੀ ਮਨਾਹੀ(Prohibition of Baseless Rituals)**:- ਗੁਰੂ ਅਮਰਦਾਸ ਜੀ ਨੇ ਔਰਤਾਂ ਦੇ ਸਸ਼ਕਤੀਕਰਣ ਲਈ ਅਨੇਕਾਂ ਕਾਰਜ ਕੀਤੇ। ਗੁਰੂ ਸਾਹਿਬ ਨੇ ਸਤੀ ਵਰਗੀ ਤਰਕਹੀਣ ਪ੍ਰਥਾ ਜਿਸ ਵਿੱਚ ਔਰਤ ਨੂੰ ਪਤੀ ਦੀ ਮੌਤ ਤੇ ਉਸ ਨਾਲ ਹੀ ਸੜ੍ਹ ਜਾਣਾ ਪੈਂਦਾ ਸੀ, ਦਾ ਖੰਡਨ ਕੀਤਾ। ਇਸ ਤੋਂ ਇਲਾਵਾ ਪਰਦੇ ਦੀ ਰਸਮ, ਭਰੂਣ ਹੱਤਿਆ ਵਰਗੀਆਂ ਭੈੜੀਆਂ ਅਲਾਮਤਾਂ ਦਾ ਵੀ ਖੰਡਨ ਕੀਤਾ। ਗੁਰੂ ਸਾਹਿਬ ਨੇ ਵਿਧਵਾ ਵਿਆਹ ਦੇ ਹੱਕ ਵਿੱਚ ਅਵਾਜ਼÷ਚੁੱਕੀ। ਗੁਰੂ ਸਾਹਿਬ ਅਨੁਸਾਰ ਇਸਤਰੀ ਦਾ ਪਤੀ ਦੀ ਚਿਤਾ ਵਿਚ ਮਰ ਜਾਣਾ ਸਤੀ ਹੋਣਾ ਨਹੀਂ ਸਗੋਂ ਅਸਲ ਸਤੀਆਂ ਤਾਂ ਉਹ ਹਨ ਜੋ ਪਰਮਾਤਮਾ ਦੀ ਯਾਦ ਵਿਚ ਸੜ ਜਾਣ। ਇਸ ਸਬੰਧ ਵਿਚ ਗੁਰੂ ਸਾਹਿਬ ਬਾਣੀ ਵਿੱਚ ਲਿਖਦੇ ਹਨ-

ਸਤੀਆ ਏਹਿ ਨ ਆਖੀਅਨ ਜੋ ਮੜਿਆ ਲਗਿ ਜਲੰਨ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥[35]

**3.3.4. ਸਹਿਜ ਅਤੇ ਨਿਮਰਤਾ(Manifestation of Compassion)**:-ਗੁਰੂ ਅਮਰਦਾਸ ਜੀ ਦੀ ਸਖ਼ਸ਼ੀਅਤ ਵਿਚ ਆਦਰਸ਼ ਗੁਣਾਂ ਦੀ ਭਰਮਾਰ ਹੈ। ਗੁਰੂ ਸਾਹਿਬ ਕਠਿਨ ਪ੍ਰਸਥਿਤੀਆਂ

ਦੇ ਸਮੇਂ ਵੀ ਸਹਿਜ ਅਤੇ ਨਿਮਰਤਾ ਵਿੱਚ ਵਿਚਰਦੇ ਸਨ। ਗੁਰੂ ਸਾਹਿਬ ਦੇ ਜੀਵਨ ਵਿਚ ਅਨੇਕਾਂ ਹੀ ਅਜਿਹੇ ਪ੍ਰਮਾਣ ਮਿਲਦੇ ਹਨ ਜਿਸ ਵਿਚ ਸਹਿਜ ਸੁਭਾਅ ਝਲਕਦਾ ਹੈ ਜਿਵੇਂ ਗੁਰੂ ਅੰਗਦ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਦਾਤੂ ਜੋ ਖ਼ੁਦ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ ਅਤੇ ਗੁਰੂ ਅਰਮਦਾਸ ਸਾਹਿਬ ਨੂੰ ਪਰੇਸ਼ਾਨ ਵੀ ਕਰਦਾ ਸੀ ਪਰ ਗੁਰੂ ਅਰਮਦਾਸ ਜੀ ਦਾ ਰਵੱਈਆ ਨਿਮਰਤਾ ਭਰਭੂਰ ਅਤੇ ਸਹਿਜ ਸੀ। ਪ੍ਰਸਿੱਧ ਇਤਿਹਾਸਕਾਰ ਕਿਰਪਾਲ ਸਿੰਘ ਇਸ ਸਬੰਧ ਵਿਚ ਲਿਖਦਾ ਹੈ-

> 'Datu sat on his father's chair in Khadoor. He had proclaimed himself the guru but found no following and so burned with rage. 'Amru is an old man, my servent! Yesterday he was a water carrier in my house and today sits as a guru' with these thoughts he went to Goindwal. Seeing the master, his anger burst and he kicked him off his chair. From the floor, Amardas pressed the feet of his offender. 'o great king, please forgive me. I am old with bones that are hard and dry. Your feet must have be hurt by them.'[36]

**3.3.5. ਉਤਸ਼ਾਹਿਤ ਸੇਵਕ (Motivated Servant):-** ਗੁਰੂ ਅਮਰਦਾਸ ਜੀ ਨਿਰਸੁਆਰਥ ਸੇਵਾ ਅਤੇ ਅਣਥੱਕ ਮਿਹਨਤ ਰਾਹੀਂ ਸੇਵਕ ਦੀ ਭਾਸ਼ਾ ਦਾ ਹੋਰ ਵਿਸਥਾਰ ਕਰਦੇ ਹਨ। 12 ਸਾਲ ਗੁਰੂ ਅੰਗਦ ਦੇਵ ਜੀ ਦੇ ਹੁਕਮ ਵਿਚ ਗੁਰੂ ਸਾਹਿਬ ਦੇ ਜੀਵਨ ਦਰਸ਼ਨ ਵਿਚ ਅਨੇਕਾਂ ਹੀ ਆਦਰਸ਼ਕ ਗੁਣਾਂ ਦੀ ਪੇਸ਼ਕਾਰੀ ਹੁੰਦੀ ਹੈ। ਅਨੇਕਾਂ ਸਾਖੀਆਂ ਵਿਚ ਗੁਰੂ ਸਾਹਿਬ ਦੇ ਗੁਰੂ ਅੰਗਦ ਦੇਵ ਜੀ ਪ੍ਰਤੀ ਸਤਿਕਾਰ ਅਤੇ ਨਿਰਸੁਆਰਥ ਦੀਆਂ ਵਭਿੰਨ ਉਦਾਹਰਣਾਂ ਮਿਲਦੀਆਂ ਹਨਜਿਵੇਂ ਰੋਜ਼ਾਨਾਂ ਅੰਮ੍ਰਿਤ ਵੇਲੇ ਬਿਆਸ ਦਰਿਆ ਤੋਂ ਗੁਰੂ ਅੰਗਦ ਦੇਵ ਜੀਦੇ ਇਸ਼ਨਾਨ ਲਈ ਪਾਣੀ ਢੋਣ ਦੀ ਦ੍ਰਿੜ ਸੇਵਾ ਅਤੇ ਗੁਰੂ ਹੁਕਮ ਅਨੁਸਾਰ ਕਾਰਜ ਕਰਨ ਦੀ ਨਿਪੁੰਨਤਾ ਆਦਿ।

**3.3.6. ਸਮਾਜਿਕ ਜ਼ਿੰਮੇਵਾਰੀ (Social Responsibility):-** ਸਮਾਜਿਕ ਜ਼ਿੰਮੇਵਾਰੀ ਦਾ ਸੰਕਲਪ ਸਿਧਾਂਤਕ ਅਤੇ ਵਿਵਹਾਰਿਕ ਦੋਹਾਂ ਰੂਪਾਂ ਵਿਚ ਹੀ ਸਿੱਖ ਦਰਸ਼ਨ ਸ਼ਾਸ਼ਤਰ ਵਿਚ ਦ੍ਰਿਸ਼ਟਮਾਨ ਹੁੰਦਾ ਹੈ। ਗੁਰੂ ਅਰਮਦਾਸ ਜੀ ਦੇ ਕਾਰਜਾਂ ਵਿਚ ਵਿਵਹਾਰਿਕਤਾ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਦਇਆ ਭਾਵਨਾ ਦੀ ਵਿਸ਼ਾਲ ਮੂਰਤ ਵਜੋਂ ਵਿਚਰਦੇ ਹਨ, ਗੌਇੰਦਵਾਲ ਵਿਖੇ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਬਾਉਲੀ ਦਾ ਨਿਰਮਾਣ, ਯਾਤਰੀ ਨਿਵਾਸ ਸਥਾਨਾਂ ਦੀ ਉਸਾਰੀ ਆਦਿ ਵਿਚ ਜਿੱਥੇ ਉਹਨਾਂ ਦੀ ਸਮਾਜਿਕ ਪ੍ਰਤੀਬੱਧਤਾ ਦੀ ਝਲਕ ਪੈਂਦੀ ਹੈ ਉੱਥੇ ਨਾਲ ਹੀ ਪ੍ਰਬੰਧਕੀ ਕੁਸ਼ਲਤਾ ਵੀ ਉੱਘੜਦੀ ਹੈ।

ਉਪਰੋਕਤ ਵਿਚਾਰ ਚਰਚਾ ਉਪਰੰਤ ਗੁਰੂ ਅਰਮਦਾਸ ਜੀ ਇੱਕ ਬਹੁਪੱਖੀ ਸਖ਼ਸ਼ੀਅਤ ਵਜੋਂ ਉੱਭਰਦੇ ਹਨ। ਗੁਰੂ ਸਾਹਿਬ ਦੇ ਜੀਵਨ ਵਿੱਚ ਪ੍ਰਬੰਧਕੀ ਗੁਣਾਂ ਦੀ ਭਰਮਾਰ ਹੈ ਜਿਹਨਾਂ ਦਾ ਵਪਾਰਿਕ ਕਾਰਜਕਰਣੀ ਵਿਚ ਅਹਿਮ ਸਥਾਨਾਂ ਤੇ ਰੂਪਮਾਨ ਹੋਇਆ ਹੈ। ਗੁਰੂ ਸਾਹਿਬ ਦੁਆਰਾ ਦਰਸਾਇਆ ਗਿਆ ਨੈਤਿਕਤਾ ਦਾ ਮਾਰਗ ਵਪਾਰਿਕ ਸਮੱਸਿਆਂਵਾ ਦੇ ਹੱਲ ਵਿਚ ਅਹਿਮ ਭੂਕਿਮਾ ਅਦਾ ਕਰ ਸਕਦਾ ਹੈ।

### 3.4 ਗੁਰੂ ਰਾਮਦਾਸ ਜੀ ਦਾ ਫ਼ਲਸਫ਼ਾ (Philosophy of Guru Ramdas Ji)

ਗੁਰੂ ਰਾਮਦਾਸ ਜੀ ਆਕਰਸ਼ਕ ਸਖ਼ਸ਼ੀਅਤ ਅਤੇ ਨਿਮਰਤਾ ਦੀ ਮਿਸਾਲ ਸਨ। ਗੁਰੂ ਸਾਹਿਬ ਨੇ ਸਮਾਜ ਭਲਾਈ ਨਾਲ ਸਬੰਧਿਤ ਅਨੇਕਾਂ ਕਾਰਜ ਕੀਤੇ। ਗੁਰੂ ਰਾਮਦਾਸ ਜੀ ਦੁਆਰਾ 1574 ਵਿੱਚ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਇੱਕ ਮਹਾਨ ਕਾਰਜ ਹੈ ਜਿਸ ਰਾਹੀਂ ਉਹਨਾਂ ਦੀ ਨਿਰਮਾਣ ਕਲਾ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਉਹਨਾਂ ਨੇ ਸਿੱਖ ਵਿਆਹ ਪ੍ਰਥਾ ਵਿੱਚ ਆਨੰਦ ਕਾਰਜ ਦੀ ਮਰਿਯਾਦਾ ਅਰੰਭ ਕਰਕੇ ਸ਼ਬਦ ਸਾਂਝ ਨੂੰ ਹੋਰ ਵੀ ਪਕੇਰਾ ਕੀਤਾ। ਗੁਰੂ ਸਾਹਿਬ ਨੇ ਮਾਨਵਤਾ ਦੇ ਪ੍ਰਚਾਰ ਅਤੇ ਪਾਸਾਰ ਲਈ ਬੇਮਿਸਾਲ ਕਾਰਜ ਕੀਤੇ। ਗੁਰੂ ਸਾਹਿਬ ਦੀ ਸੰਗਠਨਾਤਮਕ ਵਿਵਸਥਾ ਵਿਚ ਵਪਾਰਿਕ ਅਤੇ ਆਰਥਿਕ ਪ੍ਰਬੰਧ ਦੀ ਉੱਤਮ ਮਿਸਾਲ ਦੇਖਣ ਨੂੰ ਮਿਲਦੀ ਹੈ। ਗੁਰੂ ਰਾਮਦਾਸ ਜੀ ਦਾ ਜੀਵਨ ਪ੍ਰਬੰਧਕੀ ਉਦਾਹਰਣਾਂ ਨਾਲ ਭਰਪੂਰ ਹੈ। ਗੁਰੂ

ਰਾਮਦਾਸ ਬਚਪਨ ਤੋਂ ਹੀ ਧਾਰਮਿਕ ਬਿਰਤੀ ਵਾਲੇ ਸਨ ਅਤੇ ਸਾਧੂ ਸੰਤਾਂ ਦੀ ਸੰਗਤ ਵਿੱਚ ਵਧੇਰੇ ਸਮਾਂ ਬਤੀਤ ਕਰਦੇ ਸਨ। ਗੁਰੂ ਸਾਹਿਬ ਅੰਦਰ ਸੇਵਾ ਭਾਵਨਾ ਪ੍ਰਬਲ ਸੀ। ਸ਼ਬਦਾਂ ਵਿੱਚ ਮਿਠਾਸ ਅਤੇ ਵੈਰ ਵਿਰੋਧ ਦੀ ਭਾਵਨਾ ਨਹੀਂ ਸੀ ਇਸ ਕਰਕੇ ਜੋ ਵੀ ਗੁਰੂ ਰਾਮਦਾਸ ਜੀ ਦੇ ਸੰਪਰਕ ਵਿੱਚ ਆਉਂਦਾ ਸੀ ਉਹਨਾਂ ਦੇ ਨਿੱਘੇ ਸੁਭਾਅ ਦਾ ਕਾਇਲ ਹੋ ਜਾਂਦਾ ਸੀ। ਗੁਰੂ ਸਾਹਿਬ ਦੇ ਜੀਵਨ ਦੇ ਪ੍ਰਬੰਧਕੀ ਗੁਣ ਇਸ ਪ੍ਰਕਾਰ ਹਨ:-

3.4.1. **ਅਧਿਆਤਮਿਕ ਅਤੇ ਵਪਾਰਿਕ ਕੇਂਦਰ ਦੀ ਸਥਾਪਨਾ (Establishment of Spiritual and Trade centre):-** ਸ਼੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਸਿੱਖ ਇਤਿਹਾਸ ਦਾ ਸੁਨਹਿਰੀ ਅੰਗ ਹੈ। ਹਰਿਮੰਦਰ ਸਾਹਿਬ ਸਰਬ ਸਾਂਝੀਵਾਲਤਾ, ਅਧਿਆਤਮਿਕ ਖੁਰਾਕ ਅਤੇ ਉੱਤਮ ਕਲਾ ਦਾ ਪ੍ਰਮੁੱਖ ਸਰੋਤ ਹੈ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿਚ ਪਵਿੱਤਰ ਸਰੋਵਰ ਤੇ ਲੰਗਰ ਵਿਵਸਥਾ ਸ਼ੁਰੂ ਕਰਕੇ ਇਕ ਵਿਲੱਖਣ ਕਾਰਜ ਕੀਤਾ ਅਤੇ ਇਸੇ ਵਿਚਾਰਧਾਰਾ ਨੂੰ ਹੋਰ ਪਕੇਰਾ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਹਰਿਮੰਦਰ ਸਾਹਿਬ ਸਰੋਵਰ ਦੇ ਵਿਚਕਾਰ ਸਥਾਪਿਤ ਕਰਕੇ ਸਿੱਖ ਸਿਧਾਂਤਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ। ਗੁਰੂ ਰਾਮਦਾਸ ਜੀ ਨੇ ਵਪਾਰੀਆਂ ਨੂੰ ਅੰਮ੍ਰਿਤਸਰ ਵਿਖੇ ਵਪਾਰ ਕਰਨ ਲਈ ਸੱਦੇ ਭੇਜੇ ਅਤੇ ਜ਼ਰੂਰੀ ਵਸੀਲਿਆਂ ਦਾ ਪ੍ਰਬੰਧ ਕੀਤਾ। ਇਤਿਹਾਸਿਕ ਸਰੋਤਾਂ ਵਿਚ ਇਹ ਵੀ ਪ੍ਰਮਾਣ ਮਿਲਦੇ ਹਨ ਕਿ ਅੰਮ੍ਰਿਤਸਰ ਅਤੇ ਲਾਹੌਰ ਦੇ ਵਿਚਕਾਰ ਮਜ਼ਬੂਤ ਵਪਾਰਿਕ ਰਿਸ਼ਤੇ ਸਥਾਪਿਤ ਸਨ।

3.4.2. **ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨਾ (Strenthened the Sikh Institutions):-** ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਵੱਲੋਂ ਸ਼ੁਰੂ ਕੀਤੀ ਮੰਜੀ ਪ੍ਰਥਾ ਨੂੰ ਹੋਰ ਮਜਬੂਤ ਕੀਤਾ। ਗੁਰੂ ਰਾਮਦਾਸ ਜੀ ਵੱਲੋਂ ਅੰਮ੍ਰਿਤਸਰ ਨੂੰ ਸਿੱਖ ਕੇਂਦਰ ਵਜੋਂ ਸਥਾਪਿਤ ਕਰਨ ਨਾਲ ਸੰਗਤਾਂ ਦੇ ਉਤਸ਼ਾਹ ਵਿਚ ਭਾਰੀ ਵਾਧਾ ਹੋਇਆ। ਇਸ ਸਬੰਧ ਮਹਾਨ ਵਿਦਵਾਨ ਸਾਹਿਬ ਸਿੰਘ ਲਿਖਦੇ ਹਨ ਕਿ-

ਜਦੋ ਸੰਗਤਾਂ ਨੂੰ ਦੂਰ-ਦੂਰ ਥਾਂਵਾਂ ਤੇ ਖ਼ਬਰਾਂ ਮਿਲੀਆਂ ਕਿ ਬੜਾ ਸ਼ਾਨਦਾਰ ਨਵਾਂ ਸਿੱਖ ਕੇਂਦਰ ਮਾਝੇ ਦੇ ਵਿਚਕਾਰ ਬਣ ਰਿਹਾ ਹੈ ਤਾਂ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਆਪ ਮੁਹਾਰੇ ਹੀ ਸਿੱਖਾਂ ਅੰਦਰ ਪਿਆਰ, ਸੇਵਾ ਅਤੇ ਕੁਰਬਾਨੀ ਦੀ ਲਹਿਰ ਚੱਲ ਪਈ।[37]

3.4.3. **ਦਿਆਲੂ ਸੁਭਾਅ (Kind Heartedness)**:- ਗੁਰੂ ਰਾਮਦਾਸ ਜੀ ਲਾਹੌਰ ਵਿਚ ਕਿਰਤ ਵਜੋਂ ਘੁੱਙਣੀਆਂ ਵੇਚਦੇ ਸਨ। ਗੁਰੂ ਸਾਹਿਬ ਦੀ ਇਸੇ ਵਿਸ਼ੇਸ਼ਤਾ ਨੇ ਗੁਰੂ ਅਮਰਦਾਸ ਜੀ ਨੂੰ ਕਾਫੀ ਪ੍ਰਭਾਵਿਤ ਕੀਤਾ। ਗੁਰੂ ਸਾਹਿਬ ਸਭ ਪ੍ਰਤੀ ਦਿਆਲੂ ਸੁਭਾਅ ਰੱਖਦੇ ਸਨ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਗੁਰੂ ਸਾਹਿਬ ਦੀ ਅਜਿਹੀ ਮਨੋਬਿਰਤੀ ਦੇ ਬਾਣੀ ਵਿਚ ਵੀ ਪ੍ਰਤੱਖ ਦਰਸ਼ਨ ਹੁੰਦੇ ਹਨ-

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਨਾਨਕ ਜਨ ਕੇਰਾ ਜਿਤੁ ਮਿਲੀਐ
ਚੂਕੇ ਸਭਿ ਸੋਗ ਸੰਤਾਪੇ॥[38]

3.4.4. **ਸਤਿਕਾਰ ਅਤੇ ਨਿਮਰਤਾ(Reverence and Modesty)**:- ਗੁਰੂ ਰਾਮਦਾਸ ਜੀ ਸ਼ਾਂਤ ਅਤੇ ਨਿਮਰ ਸੁਭਾਅ ਵਾਲੇ ਸਨ। ਜਦੋਂ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸ਼੍ਰੀਚੰਦ ਜੀ ਗੁਰੂ ਰਾਮਦਾਸ ਜੀ ਕੋਲ ਆਉਦੇ ਹਨ ਤਾਂ ਗੁਰੂ ਸਾਹਿਬ ਦੀ ਨਿਮਰਤਾ ਕਰਕੇ ਸ਼੍ਰੀ ਚੰਦ ਜੀ ਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਲਾਰਡ ਮੈਕਾਲੇ ਨੂੰ ਉਪਰੋਕਤ ਦ੍ਰਿਸ਼ ਬਹੁਤ ਹੀ ਸਰਲ ਢੰਗ ਨਾਲ ਪੇਸ਼ ਕੀਤਾ ਹੈ-

> 'Sri chand on beholding Guru Ramdas, thought him the very image of Guru Nanak. In the course of conversation Sri Chand reminded to him that he had grown a long beard. The guru replied 'yes I have grown a long beard that I may wipe the feet therewith.'[39]

ਇਸ ਪ੍ਰਕਾਰ ਗੁਰੂ ਸਾਹਿਬ ਸਤਿਕਾਰ ਅਤੇ ਨਿਮਰਤਾ ਦੇ ਸੁਮੇਲ ਦੀ ਇੱਕ ਉੱਤਮ ਮਿਸਾਲ ਪੇਸ਼ ਕਰਦੇ ਹਨ।

3.4.5. **ਸਚਾਈ ਅਤੇ ਈਮਾਨਦਾਰੀ (Truthfulness and Righteousness):-** ਗੁਰੂ ਰਾਮਦਾਸ ਜੀ ਦਾ ਵਿਅਕਤਿਤਵ ਸਚਾਈ ਅਤੇ ਈਮਾਨਦਾਰੀ ਵਾਲਾ ਹੈ। ਗੁਰੂ ਸਾਹਿਬ ਦੇ ਜੀਵਨ ਵਿੱਚ ਤੱਤਪਰਤਾ ਉਨਾਂ ਦੇ ਗੁਣਾਂ ਦਾ ਅਨਿੱਖੜਵਾਂ ਅੰਗ ਹੈ। ਗੁਰੂ ਸਾਹਿਬ ਦੀ ਸੇਵਾ ਭਾਵਨਾ, ਤਿਆਗ ਬਿਰਤੀ ਅਤੇ ਉੱਚੇ ਕਿਰਦਾਰ ਕਰਕੇ ਗੁਰੂ ਅਮਰਦਾਸ ਜੀ ਨੇ ਆਪਣੀ ਸੁਪੱਤਰੀ ਬੀਬੀ ਭਾਨੀ ਦਾ ਵਿਆਹ ਗੁਰੂ ਜੀ ਨਾਲ ਕਰ ਦਿੱਤਾ ਪਰ ਗੁਰੂ ਅਮਰਦਾਸ ਜੀ ਦੇ ਜਵਾਈ ਬਣਨ ਤੋਂ ਬਾਅਦ ਵੀ ਉਹ ਨਿਮਰਤਾ ਅਤੇ ਈਮਾਨਦਾਰੀ ਨਾਲ ਸੇਵਾ ਕਰਦੇ ਹਨ ਅਤੇ ਸੇਵਕ ਦੀ ਪਰਿਭਾਸ਼ਾ ਨੂੰ ਮੁੜ ਪਰਿਭਾਸ਼ਿਤ ਕਰਦੇ ਹੋਏ ਇੱਕ ਉੱਤਮ ਮਿਸਾਲ ਪੇਸ਼ ਕੀਤੀ।

3.4.6. **ਸਮਾਜ ਸੁਧਾਰਕ (Social Reformer):-** ਗੁਰੂ ਸਾਹਿਬਾਨ ਨੇ ਸਮਾਜਿਕ ਕਰਮ ਕਾਂਡਾਂ ਅਤੇ ਵਹਿਮ ਭਰਮਾਂ ਦਾ ਪੁਰਜ਼ੋਰ ਖੰਡਨ ਕੀਤਾ। ਵਹਿਮਾਂ ਭਰਮਾਂ ਕਰਕੇ ਪੂਜਾਰੀ ਵਰਗ ਆਮ ਲੋਕਾਂ ਦਾ ਦਾ ਲਗਾਤਾਰ ਸ਼ੋਸਣ ਕਰਦਾ ਆ ਰਿਹਾ ਸੀ। ਗੁਰੂ ਰਾਮਦਾਸ ਜੀ ਨੇ ਅਨੇਕਾਂ ਸੁਧਾਰ ਕੀਤੇ ਜਿਵੇਂ ਕਿ ਵਿਆਹ ਸੰਸਕਾਰ ਦੇ ਵਿੱਚੋਂ ਕਰਮ ਕਾਂਡਾਂ ਦਾ ਖਾਤਮਾ ਕੀਤਾ ਅਤੇ ਆਨੰਦ ਕਾਰਜ ਦੀ ਰੀਤ ਚਲਾਈ। ਇਸੇ ਸਬੰਧ ਵਿੱਚ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿੱਚ ਲਾਂਵਾਂ ਦਾ ਪਾਠ ਵੀ ਉਚਾਰਿਆ।

ਜੇਕਰ ਗੁਰੂ ਰਾਮਦਾਸ ਜੀ ਦਾ ਜੀਵਨ ਗਹੁ ਨਾਲ ਪੜਿਸ਼ਆ ਜਾਵੇ ਤਾਂ ਉਹਨਾਂ ਦੀ ਉਮਰ ਇੱਕ ਉੱਚ ਕੋਟੀ ਦੇ ਪ੍ਰਬੰਧਕ ਦੇ ਤੌਰ ਤੇ ਬੀਤਦੀ ਹੈ। ਗੁਰੂ ਸਾਹਿਬ ਦੀਆਂ ਸਿੱਖਿਆਂਵਾਂ ਅਤੇ ਵਿਚਾਰਧਾਰਾ ਵਪਾਰਿਕ ਸਮੱਸਿਆਂਵਾਂ ਦਾ ਸੰਭਾਵਿਤ ਹੱਲ ਹਨ।

## 3.5 ਗੁਰੂ ਅਰਜਨ ਦੇਵ ਜੀ ਦਾ ਫ਼ਲਸਫ਼ਾ (Philosophy of Guru Arajan Dev Ji)

ਗੁਰੂ ਅਰਜਨ ਦੇਵ ਜੀ ਤਿਆਗ, ਬਲਿਦਾਨ ਤੇ ਨਿਮਰਤਾ ਦੇ ਪੁੰਜ, ਸਿਰਜਣਹਾਰ ਕਵੀ ਅਤੇ ਧਰਮ ਦੇ ਰੱਖਿਅਕ ਹਨ। ਗੁਰੂ ਸਾਹਿਬ ਦੀ ਸਖ਼ਸ਼ੀਅਤ ਬਹੁਪੱਖੀ ਹੈ ਅਤੇ ਉਹਨਾਂ ਦੁਆਰਾ ਕੀਤੇ ਕਾਰਜਾਂ ਵਿਚ ਦੂਰ ਅੰਦੇਸ਼ੀ(Forecasting), ਪ੍ਰਭਾਵਸ਼ਾਲੀ ਯੋਜਨਾਬੰਦੀ(Efficient Planning), ਪ੍ਰਭਾਵੀ ਕੰਟਰੋਲ(Effective Control) ਅਤੇ ਚੰਗੇ ਸੰਚਾਲਨ(Good Governance) ਜਿਹੇ ਅਨੇਕ ਗੁਣ ਸਾਹਮਣੇ ਆਉਂਦੇ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਗੁਰਬਾਣੀ ਦਾ ਸੰਕਲਨ ਕਰਨਾ ਅਤੇ ਉਸ ਨੂੰ ਰਾਗ-ਬੱਧ ਵਿਵਸਥਾ ਰਾਹੀਂ ਪੇਸ਼ ਕਰਨਾ ਆਪਣੇ ਆਪ ਵਿਚ ਹੀ ਮਹਾਨ ਕਾਰਜ ਹੈ। ਬਾਣੀ ਦੀ ਸੰਪਾਦਨਾ ਦੇ ਸਬੰਧ ਵਿਚ ਪ੍ਰਸਿੱਧ ਸਿੱਖ ਚਿੰਤਕ ਸਤਿਬੀਰ ਸਿੰਘ ਦਾ ਕਥਨ ਸਾਰਥਕ ਜਾਪਦਾ ਹੈ-

> ਬੀੜ ਬੰਨਣ ਦੇ ਮਨੋਰਥਾਂ ਵਿੱਚ ਗੁਰੂ ਜੀ ਦਾ ਇੱਕ ਇਹ ਵੀ ਸੀ ਕਿ ਦੁਨੀਆਂ ਨੂੰ ਦੱਸਿਆ ਜਾਵੇ ਕਿ ਸਿੱਖ ਧਰਮ ਵਿਚ ਇਹੋ ਜਿਹਾ ਕੋਈ ਭਰਮ ਨਹੀਂ ਅਤੇ ਹਰ ਨੇਕ ਪੁਰਸ਼ ਭਾਵੇਂ ਉਹ ਕਿਸੇ ਜਾਤ ਅਤੇ ਮੱਤ ਦਾ ਹੈ, ਸੱਚ ਪਛਾਣ ਸਕਦਾ ਹੈ ਅਤੇ ਵਡਿਆਈ ਤੇ ਸਨਮਾਨ ਯੋਗ ਹੈ।[40]

ਗੁਰਬਾਣੀ ਦੀ ਸੰਪਾਦਨਾ ਰਾਹੀਂ ਗੁਰੂ ਸਾਹਿਬ ਦੇ ਯੋਜਨਾਬੰਦੀ, ਸੰਗਠਨ ਅਤੇ ਕੰਟਰੋਲ ਜਿਹੇ ਅਨੇਕਾਂ ਹੀ ਪ੍ਰਬੰਧਕੀ ਗੁਣ(Managerial Qualities) ਝਲਕਦੇ ਹਨ, ਹੁਣ ਓਹਨਾਂ ਗੁਣਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ-

**3.5.1. ਹਰਮੰਦਿਰ ਸਾਹਿਬ – ਸਭ ਦਾ ਸਾਂਝਾ ਸਥਾਨ(Harmandir Sahib-Inclusive place for all):–** ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਅਜਿਹੇ ਸਥਾਨ ਦੀ ਕਲਪਨਾ ਸੀ ਜੋ ਲਾਸਾਨੀ ਹੋਵੇ। ਪ੍ਰਸਿੱਧ ਇਤਿਹਾਸਕਾਰ ਐੱਸ.ਐੱਮ. ਲਤੀਫ ਹਰਿਮੰਦਰ ਸਾਹਿਬ ਦੀ ਸਥਾਪਨਾ ਬਾਰ ਲਿਖਦੇ ਹਨ ਕਿ–

> Øਜਿਸ ਸਰੋਵਰ ਵਿਚ ਹਰਿਮੰਦਰ ਉਸਾਰਿਆ ਗਿਆ, ਉਸ ਦਾ ਇਕ ਟੱਕ ਗੁਰੂ ਰਾਮਦਾਸ ਜੀ ਨੇ ਸੰਨ 1573 ਵਿਚ ਲਾਇਆ ਸੀ ਪਰ ਅਜੇ ਸਰੋਵਰ ਦਾ ਕੰਮ ਮੁਕੰਮਲ ਨਹੀਂ ਸੀ ਹੋਇਆ ਕਿ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ। ਫਿਰ ਇਹ ਕੰਮ ਕੁਝ ਚਿਰ ਲਈ ਰੁਕ ਗਿਆ, ਜੋ ਅਰਜਨ ਦੇਵ ਜੀ ਨੇ ਮੁੜ ਅਰੰਭਿਆ।Ó[41]

ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਰਮ–ਮਿੱਤਰ ਸੂਫ਼ੀ ਫ਼ਕੀਰ ਮੀਆਂ ਮੀਰ ਜੀ ਨੂੰ ਚੁਣਿਆ। ਗੁਰੂ ਸਾਹਿਬ ਹਰਿਮੰਦਰ ਬਾਬਤ ਲਿਖਦੇ ਹਨ ਕਿ ਇੱਕ ਅਜਿਹੇ ਘਰ ਦੀ ਸਥਾਪਨਾ ਹੋਈ ਹੈ ਜੋ ਸਿਧਾਂਤ ਅਤੇ ਵਿਹਾਰ ਨੂੰ ਆਪਸ ਵਿਚ ਜੋੜੇਗਾ ਅਤੇ ਸੁੱਖਾਂ ਦੀ ਸਥਾਪਨਾਂ ਕਰੇਗਾ–

> ਜਿਤੁ ਪਾਰਬ੍ਰਹਮੁ ਚਿਤਿ ਆਇਆ।। ਸੋ ਘਰੁ ਦਯਿ ਵਸਾਇਆ।।
> ਸੁਖ ਸਾਗਰੁ ਗੁਰੁ ਪਾਇਆ।। ਤਾ ਸਹਸਾ ਸਗਲ ਮਿਟਾਇਆ।।[42]

ਹਰਿਮੰਦਰ ਸਾਹਿਬ ਜਿੱਥੇ ਸਰਬ–ਸਾਂਝੀਵਾਲਤਾ ਦਾ ਮੁਜੱਸਮਾ ਹੈ ਉੱਥੇ ਨਾਲ ਹੀ ਇਸ ਦੀ ਸਥਾਪਨਾ ਨਿਮਰਤਾ, ਸਮਾਨਤਾ ਅਤੇ ਉੱਚ ਅਧਿਆਤਮਿਕ ਜੀਵਨ ਵੱਲ ਸੰਕੇਤ ਹੈ।

**3.5.2. ਬਾਣੀ ਦੀ ਸੰਪਾਦਨਾ(Compilation of Bani)–** ਗੁਰੂ ਅਰਜਨ ਦੇਵ ਜੀ ਨੇ ਸ਼੍ਰੀਆਦਿ ਗ੍ਰੰਥ ਦੇ ਰੂਪ ਵਿੱਚ ਇੱਕ ਵਡਮੁੱਲਾ ਖਜ਼ਾਨਾ ਦਿੱਤਾ ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗਦਰਸ਼ਕ ਹੈ। ਸ਼੍ਰੀ ਆਦਿ ਗ੍ਰੰਥ ਵਿੱਚ ਸ਼ਾਮਿਲ ਬਾਣੀ ਨਿਰੋਲ ਸੱਚ ਤੇ

ਅਧਾਰਿਤ ਹੈ। ਗੁਰੂ ਸਾਹਿਬ ਨੇ ਆਪਣੀ ਦੂਰ ਅੰਦੇਸ਼ੀ ਅਤੇ ਕਲਪਨਾ ਦੀ ਉਡਾਰੀ ਨਾਲ ਸਿੱਖ ਕੌਮ ਦੀਆਂ ਨੀਹਾਂ ਪੱਕੀਆਂ ਕੀਤੀਆਂ। ਗੁਰੂ ਸਾਹਿਬ ਦੁਆਰਾ ਬਾਣੀ ਦਾ ਸੰਕਲਨ ਇੱਕ ਵਡਮੁੱਲਾ ਕਾਰਜ ਸੀ। ਜਾਤ-ਪਾਤ, ਊਚ-ਨੀਚ ਤੋਂ ਬਿਨਾਂ ਇਕੱਤਰ ਕੀਤੀ ਗਈ ਬਾਣੀ ਦੇ ਸੰਕਲਨ ਦੇ ਸਬੰਧ ਵਿਚ ਪ੍ਰੋ.ਪੂਰਨ ਸਿੰਘ ਲਿਖਦੇ ਹਨ-

> ਮੁਗਲ ਬਾਦਸ਼ਾਹ ਜਹਾਂਗੀਰ ਦੇ ਕਹਿਣ ਤੇ ਗੁਰੂ ਸਾਹਿਬ ਨੇ ਉਸ ਦੀ ਉਸਤਤ ਦਰਜ ਕਰਨ ਤੋਂ ਨਾਂਹ ਕਰ ਦਿੱਤੀ ਭਾਵੇ ਇਹ ਉਹਨਾਂ ਦੀ ਸ਼ਹੀਦੀ ਦਾ ਕਾਰਨ ਬਣਿਆ।[43]

ਸ਼੍ਰੀਆਦਿ ਗ੍ਰੰਥ ਦੀ ਬਾਣੀ ਮਨੁੱਖ ਲਈ ਨੈਤਿਕ ਕਦਰਾਂ ਕੀਮਤਾਂ, ਸੰਮਲਿਤ ਨਿਯਮਾਂਵਲੀ ਤੇ ਵਿਧਾਨ ਦੇ ਤੌਰ ਤੇ ਕਾਰਜਸ਼ੀਲ ਹੋਈ। ਸ਼੍ਰੀਆਦਿ ਗ੍ਰੰਥ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਇੱਕ ਕ੍ਰਾਂਤੀਕਾਰੀ ਕਦਮ ਸਾਬਿਤ ਹੋਇਆ ਜਿਸ ਨੇ ਅੱਜ ਅਜੋਕੇ ਸਮੇਂ ਮਨੁੱਖ ਨੂੰ ਅਨੇਕਤਾ ਦੇ ਬਾਵਜ਼ੂਦ ਵੀ ਏਕਤਾ ਵਿੱਚ ਬੰਨਿਸ਼ਆ ਹੋਇਆ ਹੈ। ਗੁਰੂ ਸਾਹਿਬ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ, ਸੇਜ਼ ਫਰੀਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਧੰਨਾ, ਭਗਤ ਨਾਮਦੇਵ, ਭਗਤ ਜੈਦੇਵ, ਭਗਤ ਤ੍ਰਿਲੋਚਨ, ਭਗਤ ਬੇਣੀ, ਭਗਤ ਪੀਪਾ, ਭਗਤ ਸੂਰਦਾਸ ਹੋਰ ਸਿੱਖਾਂ ਦੀ ਬਾਣੀ ਅਤੇ ਆਪਣੀ ਖ਼ੁਦ ਦੀ ਬਾਣੀ ਵੀ ਸ਼੍ਰੀਆਦਿ ਗ੍ਰੰਥ ਵਿੱਚ ਦਰਜ ਕੀਤੀ। ਬਾਣੀ ਦੇ ਰਚਨਾਹਾਰੇ ਅਲੱਗ-ਅਲੱਗ ਜਾਤਾਂ, ਅਲੱਗ-ਅਲੱਗ ਇਲਾਕਿਆਂ ਅਤੇ ਵੱਖ ਵੱਖ ਕੰਮਾਂ ਨਾਲ ਸਬੰਧਿਤ ਸਨ ਜੋ ਕਿ ਇੱਕ ਅਨੋਖੀ ਗੱਲ ਹੈ।

**3.5.3. ਗਿਆਨ ਦਾ ਭੰਡਾਰ (Ocean of Knowledge):-** ਗੁਰੂ ਅਰਜਨ ਦੇਵ ਜੀ ਕੋਲ ਅਥਾਹ ਗਿਆਨ ਦਾ ਭੰਡਾਰ ਸੀ, ਇਸ ਦਾ ਪ੍ਰਤੱਖ ਪ੍ਰਮਾਣ ਸ਼੍ਰੀਆਦਿ ਗ੍ਰੰਥ ਦੀ ਸਥਾਪਨਾ ਸੀ। ਗੁਰੂ ਸਾਹਿਬ ਨੂੰ ਜਿੱਥੇ ਅਨੇਕਾ ਭਾਸ਼ਾਵਾਂ ਦੇ ਗਿਆਤਾ ਸਨ, ਉਨਾਂ ਦਾ ਰਾਗਾਂ ਪ੍ਰਤੀ ਪ੍ਰੇਮ ਗੁਰੂ ਗ੍ਰੰਥ ਸਾਹਿਬ ਵਿਚ ਦੇਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸ਼ੈਲੀ ਵਿਲੱਖਣ ਹੈ ਜਿਸ ਦਾ ਮੁੱਢ ਗੁਰੂ ਅਰਜਨ ਦੇਵ ਜੀ ਨੇ ਹੀ ਬੰਨ੍ਹਿਆ ਸੀ। ਗੁਰੂ ਸਾਹਿਬ ਦੁਆਰਾ ਸਮੇਂ ਦੀਆਂ

ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਪਰਿਸਥਿਤੀਆਂ ਦੇ ਅਨੁਸਾਰ ਸ਼੍ਰੀਆਦਿ ਗ੍ਰੰਥ ਦੀ ਸੰਪਾਦਨਾ ਕਰਨੀ ਇੱਕ ਇਤਿਹਾਸਿਕ ਕਾਰਜ ਹੈ। ਗੁਰੂ ਸਾਹਿਬ ਵੱਲੋਂ ਹਰਿਮੰਦਰ ਸਾਹਿਬ ਦੀ ਇਮਾਰਤ ਦਾ ਨਿਰਮਾਣ ਉਹਨਾਂ ਦੀ ਪਰਪੱਕ ਨਿਰਮਾਣ ਕਲਾ ਦਾ ਨਮੂਨਾ ਹੈ, ਇਸੇ ਕਰਕੇ ਗੁਰੂ ਸਾਹਿਬ ਨੂੰ ਬੇਮਿਸਾਲ ਆਰਕੀਟੈਕਟ(Architect) ਕਿਹਾ ਜਾ ਜਾਂਦਾ ਹੈ।

3.5.4. **ਪ੍ਰਭਾਵੀ ਪ੍ਰੋਤਸਾਹਨ ਨੀਤੀ (Efficient Motivational Policy)**– ਗੁਰੂ ਸਾਹਿਬ ਦੀ ਪ੍ਰੋਤਸਾਹਨ ਕਲਾ ਅਸਧਾਰਣ ਸੀ। ਪ੍ਰੋ. ਪੂਰਨ ਸਿੰਘ ਗੁਰੂ ਸਾਹਿਬ ਦੀ ਪ੍ਰੋਤਸਾਹਨ ਨੀਤੀ ਦੇ ਸੰਬੰਧ ਵਿਚ ਲਿਖਦੇ ਹਨ–

> ਜਦੋਂ ਸ਼੍ਰੀ ਹਰਮੰਦਿਰ ਸਾਹਿਬ ਦੇ ਨਿਰਮਾਣ ਦਾ ਕੰਮ ਸੰਪੂਰਣ ਹੁੰਦਾ ਹੈ ਤਾਂ ਭਾਈ ਬੰਨੋ ਜੋ ਗੁਰੂ ਘਰ ਦਾ ਪੁਰਾਣਾ ਸੇਵਕ ਸੀ ਅਤੇ ਜਿਸ ਦੀਆਂ ਸੇਵਾਵਾਂ ਹੰਕਾਰ ਤੇ ਲੋਭ ਤੋਂ ਰਹਿਤ ਸਨ, ਦਾ ਸਨਮਾਨ ਸਾਰੀਆਂ ਸੰਗਤਾਂ ਦੇ ਸਾਹਮਣੇ ਕੀਤਾ। ਭਾਈ ਬੰਨੋ ਸਮਾਜਿਕ ਤੌਰ ਤੇ ਭਾਵੇਂ ਨੀਂਵੀ ਜਾਤ ਨਾਲ ਸਬੰਧਿਤ ਸੀ ਪਰ ਗੁਰੂ ਘਰ ਉਹ ਪਹਿਲੀ ਕਤਾਰ ਵਿੱਚ ਸੀ।[44]

ਗੁਰੂ ਅਰਜਨ ਦੇਵ ਜੀ ਦੀ ਪ੍ਰੋਤਸਾਹਨ ਨੀਤੀ ਜਾਤ ਜਾਂ ਨਸਲ ਤੇ ਅਧਾਰਿਤ ਨਹੀਂ ਸਗੋਂ ਗੁਣਾਂ ਤੇ ਅਧਾਰਿਤ ਸੀ।

3.5.5. **ਚੰਗੀ ਸੰਗਤ ਦੀ ਮਹਾਨਤਾ(Importance of Good Company)**:– ਗੁਰੂ ਸਾਹਿਬ ਅਨੁਸਾਰ ਚੰਗੀ ਸੰਗਤ ਸਦਗੁਣਾਂ ਦਾ ਅਧਾਰ ਹੈ, ਭਾਵ ਮਨੁੱਖ ਚੰਗੀ ਸੰਗਤ ਰਾਹੀਂ ਉੱਤਮ ਪਦਵੀ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਬਾਣੀ ਵਿਚ ਵੀ ਅੰਕਿਤ ਕਰਦੇ ਹਨ ਕਿ ਚੰਗੀ ਸਿਹਤ ਵਿਚ ਹੀ ਪਰਮਾਤਮਾ ਦਾ ਵਾਸ ਹੈ–

> ਸਪਤਮਿ ਸੰਚਹੁ ਨਾਮ ਧਨ ਟੂਟਿ ਨ ਜਾਹਿ ਭੰਡਾਰ ॥
> ਸੰਤਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ॥[45]

ਗੁਰੂ ਸਾਹਿਬ ਅਨੁਸਾਰ ਜੋ ਮਨੁੱਖ ਚੰਗੀ ਸੰਗਤ ਨਹੀਂ ਕਰਦਾ ਉਸ ਅੰਦਰ ਵਿਕਾਰ ਪੈਦਾ ਹੋਣੇ ਸੁਭਾਵਿਕ ਹਨ। ਸੁਖਮਨੀ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਸੰਗਤ ਦੀ ਮਹਾਨਤਾ ਵੱਲ ਸੰਕੇਤ ਕਰਦੇ ਹੋਏ ਚੰਗੀ ਸੰਗਤ ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਚੰਗੀ ਸੰਗਤ ਵਿੱਚ ਹੀ ਸੰਪੂਰਨ ਪਵਿੱਤਰਤਾ ਹਾਂਸਿਲ ਹੁੰਦੀ ਹੈ, ਵੈਰ-ਵਿਰੋਧ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ ਅਤੇ ਪਰਮ ਅਨੰਦ ਦੀ ਸਥਿਤੀ ਬਣ ਜਾਂਦੀ ਹੈ-

ਸਾਧਸੰਗਿ ਦੁਸਮਨ ਸਭਿ ਮੀਤ।।
ਸਾਧੂ ਕੈ ਸੰਗਿ ਮਹਾ ਪੁਨੀਤ।।
ਸਾਧਸੰਗਿ ਕਿਸ ਸਿਉ ਨਹੀ ਬੈਰੁ।।
ਸਾਧ ਕੈ ਸੰਗਿ ਨ ਬੀਗਾ ਪੈਰੁ।।
ਸਾਧ ਕੈ ਸੰਗਿ ਨਾਹੀ ਕੋ ਮੰਦਾ।।
ਸਾਧਸੰਗਿ ਜਾਨੇ ਪਰਮਾਨੰਦਾ।।
ਸਾਧ ਕੈ ਸੰਗਿ ਨਾਹੀ ਹਉ ਤਾਪੁ।।
ਸਾਧ ਕੈ ਸੰਗਿ ਤਜੈ ਸਭੁ ਆਪੁ।।
ਆਪੇ ਜਾਨੈ ਸਾਧ ਬਡਾਈ।।
ਨਾਨਕ ਸਾਧ ਪ੍ਰਭੂ ਬਨਿ ਆਈ।।[46]

**3.5.6. ਲੋੜਵੰਦ ਅਤੇ ਬੇਸਹਾਰਿਆਂ ਦੇ ਆਸਰਾ(Companion for needy and helpless):-** ਗੁਰੂ ਅਰਜਨ ਦੇਵ ਜੀ ਦੂਸਰਿਆਂ ਪ੍ਰਤੀ ਹਮੇਸ਼ਾਂ ਤੋਂ ਹੀ ਉਦਾਰਵਾਦੀ ਸਨ। ਉਹਨਾਂ ਲਈ ਵੈਰੀ-ਮਿੱਤਰ ਇੱਕ ਸਮਾਨ ਸਨ। ਗੁਰੂ ਸਾਹਿਬ-ਗਰੀਬਾਂ ਬੇਸਹਾਰਿਆਂ ਦੀ ਮੱਦਦ ਲਈ ਤਤਪਰ ਸਨ ਅਤੇ ਉਹਨਾਂ ਦੇ ਅਧਿਆਤਮਕ ਤੇ ਸਮਾਜਿਕ ਵਿਕਾਸ ਲਈ ਕਾਰਜਸ਼ੀਲ ਰਹਿੰਦੇ ਸਨ। ਪ੍ਰੋ. ਕਰਤਾਰ ਸਿੰਘ ਐੱਮ.ਏ. ਗੁਰੂ ਸਾਹਿਬ ਦੀ ਦੂਜਿਆਂ ਪ੍ਰਤੀ ਉਦਾਰਤਾ ਦੇ ਸਬੰਧ ਵਿੱਚ ਲਿਖਦੇ ਹਨ-

> ਗੁਰੂ ਅਰਜਨ ਦੇਵ ਜੀ ਨੇ ਕੁਸ਼ਟੀਆਂ(ਕੋੜ੍ਹਿਆਂ) ਲਈ ਇੱਕ ਆਸ਼ਰਮ ਬਣਾਇਆ, ਜਿਸ ਵਿਚ ਕੋੜ੍ਹਿਆਂ ਦੇ ਰਹਿਣ ਲਈ ਥਾਂ ਸੀ ਤੇ ਉਨਾਂ ਦੀ ਟਹਿਲ ਸੇਵਾ ਤੇ ਦਵਾ ਦਾਰੂ ਦਾ ਪ੍ਰਬੰਧ ਸੀ। ਗੁਰੂ ਜੀ ਆਪ ਅਤੇ ਮਾਤਾ ਗੰਗਾ ਜੀ ਕੋੜ੍ਹਿਆਂ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ।[47]

ਇਸ ਪ੍ਰਕਾਰ ਗੁਰੂ ਸਾਹਿਬ ਨਿਓਟਿਆਂ ਦੀ ਓਟ ਅਤੇ ਨਿਆਸਰਿਆਂ ਦਾ ਆਸਰਾ ਸਨ।

**3.5.7. ਦਸਵੰਧ ਦਾ ਸੰਕਲਪ (Concept of Daswand):**- ਗੁਰੂ ਸਾਹਿਬ ਨੇ ਜਿੱਥੇ ਮਸੰਦ ਸਿਸਟਮ ਨੂੰ ਹੋਰ ਵੀ ਵਿਕਸਿਤ ਕੀਤਾ ਉਥੇ ਸੰਗਤਾਂ ਨੂੰ ਆਪਣੀ ਆਮਦਨ ਦਾ 10ਵਾਂ ਹਿੱਸਾ ਧਾਰਮਿਕ ਕੰਮਾਂ ਅਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਦੇਣ ਲਈ ਕਿਹਾ ਜਿਸ ਨੂੰ ਮਸੰਦ ਹੀ ਇਕੱਠਾ ਕਰਦੇ ਸਨ। ਇਹਨਾਂ ਨਾਲ ਜਿੱਥੇ ਸਿੱਖੀ ਦਾ ਪ੍ਰਚਾਰ ਹੁੰਦਾ ਸੀ ਉਥੇ ਸਮਾਜ ਵਿੱਚ ਸਮਾਨਤਾ ਵਧਦੀ ਸੀ। ਸੰਗਤ ਵੱਧਣ ਕਰਕੇ ਦਸਵੰਧ ਵਿੱਚ ਵੀ ਵਾਧਾ ਹੁੰਦਾਂ ਹੈ। ਪ੍ਰੋ. ਕਰਤਾਰ ਸਿੰਘ ਐੱਮ.ਏ. ਅਨੁਸਾਰ -

> ਗੁਰਸਿੱਖੀ ਦਾ ਪ੍ਰਚਾਰ ਚੋਖੀ ਦੂਰ ਤੀਕ ਹੋ ਗਿਆ ਸੀ। ਪੰਜਾਬ ਵਿੱਚ ਤੇ ਪੰਜਾਬ ਦੇ ਬਾਹਰੋਂ ਕੋਈ ਵਿਰਲਾ ਹੀ ਅਜਿਹਾ ਨਗਰ ਜਾਂ ਸ਼ਹਿਰ ਹੋਵੇਗਾ ਜਿੱਥੇ ਸਿੱਖ ਸੰਗਤ ਕਾਇਮ ਨਾ ਹੋਵੇ।[48]

**3.5.8. ਹੁਨਰ ਦਾ ਵਿਕਾਸ(Skill Development:**- ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਅਲੱਗ ਅਲੱਗ ਕਿਤਿਆਂ ਨੂੰ ਪ੍ਰੋਤਸਾਹਿਤ ਕੀਤਾ। ਜਿਸ ਨਾਲ ਵਪਾਰ ਵਿੱਚ ਵਾਧਾ ਹੋਇਆ ਅਤੇ ਲੋਕਾਂ ਵਿੱਚ ਖੁਸ਼ਹਾਲੀ ਵਧੀ। ਸਮੇਂ ਦੀ ਲੋੜ ਅਨੁਸਾਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਲਈ ਵੀ ਪ੍ਰੇਰਿਆ। ਗੁਰੂ ਸਾਹਿਬ ਸਿੱਖਾਂ ਨੂੰ ਹਰ ਤਰ੍ਹਾਂ ਦੇ ਹਲਾਤਾਂ ਅਤੇ ਭਵਿੱਖੀ ਖ਼ਤਰਿਆਂ ਲਈ ਤਿਆਰ ਰੱਖਣਾ ਚਾਹੁੰਦੇ ਸਨ।

**3.5.9. ਨਿਮਰਤਾ ਦੇ ਪੁੰਜ(Modest Personality):-** ਗੁਰੂ ਸਾਹਿਬ ਅਨੁਸਾਰ ਮਨੁੱਖ ਦਾ ਨਿਮਰਤਾ ਵਿੱਚ ਰਹਿਣਾ ਹੀ ਉੱਤਮ ਹੈ। ਪੰਜ ਵਿਕਾਰ ਮਨੁੱਖੀ ਕਾਰਜ ਕੁਸ਼ਲਤਾ ਨੂੰ ਪ੍ਰਭਾਵਿਤ ਕਰਦੇ ਹਨ। ਗੁਰੂ ਸਾਹਿਬ ਅਨੁਸਾਰ ਸ਼੍ਰੇਸਠ ਮਨੁੱਖ ਉਹ ਹੈ ਜੋ ਆਪਣੇ ਹੰਕਾਰ ਦਾ ਤਿਆਗ ਕਰ ਦਿੰਦਾ ਹੈ ਅਤੇ ਚੰਗੀ ਸੰਗਤ ਵਿੱਚ ਸਮਾਂ ਬਤੀਤ ਕਰਦਾ ਹੈ। ਜੋ ਮਨੁੱਖ ਆਪਣੇ ਆਪ ਨੂੰ ਸਭ ਤੋਂ ਨੀਵਾਂ ਗਿਣਦਾ ਹੈ ਅਸਲ ਵਿੱਚ ਉਹ ਹੀ ਸਭ ਤੋਂ ਉੱਚਾ ਹੈ। ਗੁਰੂ ਸਾਹਿਬ ਇਸ ਸਬੰਧ ਵਿੱਚ ਉਚਾਰਦੇ ਹਨ:-

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥
ਸਾਧਸੰਗਿ ਜਾ ਕਾ ਮਿਟੈ ਅਭਿਮਾਨੁ॥
ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
ਮਨ ਅਪੁਨੇ ਤੇ ਬੁਰਾ ਮਿਟਾਨਾ॥
ਪੇਖੈ ਸਗਲ ਸ੍ਰਿਸਟਿ ਸਾਜਨਾ॥[49]

**3.5.10. ਸਹਿਣਸ਼ੀਲਤਾ ਅਤੇ ਬਹਾਦਰੀ ਦਾ ਸਿਖ਼ਰ(Epitome of Courage and Tolerance)-** ਗੁਰੂ ਅਰਜਨ ਦੇਵ ਜੀ ਸਹਿਣਸ਼ੀਲਤਾ ਦੇ ਪੁੰਜ ਅਤੇ ਨਿਮਰਤਾ ਦੀ ਮਿਸਾਲ ਅਤੇ ਉਨਾਂ ਦੇ ਕਾਰਜਾਂ ਵਿਚ ਬੇਬਾਕੀ ਰੂਪਮਾਨ ਹੁੰਦੀ ਹੈ। ਗੁਰੂ ਸਾਹਿਬ ਦੀ ਨਿਮਰਤਾ ਅਤੇ ਬਹਾਦਰੀ ਦੇ ਪ੍ਰਮਾਣ ਉਨਾਂ ਦੇ ਜੀਵਨ ਕਾਲ ਵਿਚ ਅਨੇਕਾਂ ਥਾਂਵਾ ਤੇ ਪ੍ਰਾਪਤ ਹੁੰਦੇ ਹਨ। ਪ੍ਰਸਿੱਧ ਸਮਾਜ ਸ਼ਾਸ਼ਤਰੀ ਹਰਨਾਮ ਦਾਸ ਸਹਿਰਾਹੀਂ ਗੁਰੂ ਸਾਹਿਬ ਦੀ ਬਹਾਦਰੀ ਦੇ ਪ੍ਰਸੰਗ ਵਿਚ ਲਿਖਦੇ ਹਨ-

> ਮੁਗਲ ਬਾਦਸ਼ਾਹ ਜਹਾਂਗੀਰ ਜੋ ਕਿ ਸ਼੍ਰੀਆਦਿ ਗ੍ਰੰਥ ਵਿੱਚ ਗੁਰੂ ਸਾਹਿਬ ਨੂੰ ਆਪਣੀ ਉਸਤਤ ਲਿਖਣ ਲਈ ਕਹਿੰਦਾ ਸੀ ਤਾਂ ਗੁਰੂ ਸਾਹਿਬ ਨੇ ਨਿਮਰਤਾ ਵਿੱਚ ਉੱਤਰ ਦਿੱਤਾ ਕਿ ਇਹ ਬਾਣੀ ਕਿਸੇ ਵਿਅਕਤੀ ਵਿਸ਼ੇਸ਼ ਦੀ ਉਸਤਤ ਲਈ ਨਹੀਂ ਸਗੋਂ ਸਰਵਵਿਆਪਕ ਪਰਮਾਤਮਾ ਦੀ ਉਸਤਤ ਕਰਦੀ ਹੈ।[50]

ਉਪਰੋਕਤ ਘਟਨਾ ਗੁਰੂ ਸਾਹਿਬ ਦੀ ਸ਼ਹੀਦੀ ਦੇ ਕਾਰਨਾਂ ਵਿਚੋਂ ਇਕ ਕਾਰਨ ਸੀ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਅਸਹਿ ਤਸੀਹੇ ਦਿੱਤੇ, ਪਰ ਗੁਰੂ ਸਾਹਿਬ ਨੇ ਇੱਕ ਵੀ ਸ਼ਬਦ ਉਲਾਮੇ ਵਿੱਚ ਨਹੀਂ ਉਚਾਰਿਆ ਅਤੇ ਭਾਣਾ ਮਿੱਠਾ ਕਰਕੇ ਮੰਨਿਆ। ਗੁਰੂ ਸਾਹਿਬ ਨੇ ਕਠਿਨ ਪ੍ਰਸਥਿਤੀਆਂ ਵਿੱਚ ਵੀ ਪਰਮਾਤਮਾ ਦਾ ਭਾਣਾ ਮੰਨਣ ਦੀ ਨਸੀਹਤ ਦਿੰਦੇ ਹਨ-

> ਤੇਰਾ ਕੀਆ ਮੀਠਾ ਲਾਗੈ।।
> ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।।[51]

## 3.6 **ਗੁਰੂ ਹਰਗੋਬਿੰਦ ਜੀ ਦਾ ਫ਼ਲਸਫ਼ਾ (Philosophy of Guru Hargobind Ji)**

ਗੁਰੂ ਅਰਜਨ ਦੇਵ ਜੀ ਤੋਂ ਬਾਅਦ ਰਾਜਨੀਤਿਕ ਹਲਾਤਾਂ ਵਿੱਚ ਵੱਡੇ ਪਰਿਵਰਤਨ ਆਏ। ਗੁਰੂ ਹਰਗੋਬਿੰਦ ਜੀ ਨੇ ਇਹਨਾਂ ਪਰਿਵਰਤਨਾਂ ਨੂੰ ਦੇਖਦਿਆਂ ਹੋਇਆਂ ਸਿੱਖਾਂ ਨੂੰ ਸ਼ਸਤਰ ਵਿਦਿਆ, ਘੋੜ ਸਵਾਰੀ, ਆਦਿ ਸਿਖਾਉਣਾ ਸ਼ੁਰੂ ਕੀਤਾ। ਗੁਰੂ ਹਰਗੋਬਿੰਦ ਸਾਹਿਬ ਜਿਥੇ ਸ਼ਾਹੀ ਠਾਠ ਨਾਲ ਵਿਚਰਦੇ ਭਾਵ ਸਿੰਘਾਸਣ ਤੇ ਬਿਰਾਜਮਾਨ ਹੁੰਦੇ, ਦਰਬਾਰ ਲਗਾਉਂਦੇ ਅਤੇ ਕਲਗੀ ਲਗਾਉਂਦੇ ਉਥੇ ਨਾਲ ਹੀ ਉਹਨਾਂ ਨੇ ਮੀਰੀ ਅਤੇ ਪੀਰੀ ਨਾਮੀ ਦੋ ਕ੍ਰਿਪਾਨਾਂ ਵੀ ਧਾਰਨ ਕੀਤੀਆਂ। ਮੀਰੀ ਜਿੱਥੇ ਰਾਜਨੀਤਿਕ ਸ਼ਕਤੀ ਦਾ ਪ੍ਰਤੀਕ ਸੀ, ਪੀਰੀ ਅਧਿਆਤਮਿਕ ਸ਼ਕਤੀ ਦਾ ਪ੍ਰਤੀਕ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੁਗਲਾਂ ਖਿਲਾਫ ਚਾਰ ਲੜਾਈਆਂ ਲੜੀਆਂ ਜਿਹਨਾਂ ਰਾਹੀਂ ਮੁਗਲ ਆਮ ਲੋਕਾਂ ਨੂੰ ਜਬਰੀ ਧਰਮ ਪਰਵਰਤਿਤ ਕਰਨ ਲਈ ਮਜ਼ਬੂਰ ਕਰਨਾ

ਚਾਹੁੰਦੇ ਸਨ। ਗੁਰੂ ਸਾਹਿਬ ਨੂੰ ਮੁਗਲ ਬਾਦਸ਼ਾਹ ਦੁਆਰਾ ਕੈਦ ਵਿੱਚ ਵੀ ਰੱਖਿਆ ਗਿਆ। ਇਸ ਸਬੰਧ ਵਿਚ ਪ੍ਰੋ. ਕਰਤਾਰ ਸਿੰਘ ਐੱਮ.ਏ. ਲਿਖਦੇ ਹਨ

> ਬਾਦਸ਼ਸਹ ਨੇ ਦੋ ਕੁ ਸਾਲ ਦੀ ਕੈਦ ਮਗਰੋਂ ਗੁਰੂ ਜੀ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਗੁਰੂ ਜੀ ਦੀ ਰਿਹਾਈ ਦਾ ਹੁਕਮ ਸੁਣ ਕੇ ਕੈਦੀ ਰਾਜਿਆਂ ਨੂੰ ਬੜਾ ਦੁੱਖ ਹੋਇਆ, ਪਰ ਗੁਰੂ ਜੀ ਨੇ ਵਜ਼ੀਰ ਖਾਂ ਨੂੰ ਕਹਿ ਦਿੱਤਾ ਕਿ ਅਸੀਂ ਇਕੱਲੇ ਨਹੀਂ ਜਾਵਾਂਗੇ ਸਗੋਂ ਆਪਣੇ 52 ਸਾਥੀ ਕੈਦੀਆਂ ਨੂੰ ਨਾਲ ਲੈ ਕੇ ਜਾਵਾਂਗੇ।[52]

ਇਸ ਪ੍ਰਕਾਰ ਗੁਰੂ ਸਾਹਿਬ ਦੀ ਸਖ਼ਸ਼ੀਅਤ ਵਿਚ ਤਿਆਗ ਨਿਮਰਤਾ ਅਤੇ ਦਿਆਲਤਾ ਜਿਹੇ ਗੁਣ ਸਾਹਮਣੇ ਆਉਂਦੇ ਹਨ।

ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਵਿੱਚੋਂ ਪ੍ਰਬੰਧਕੀ ਕੁਸ਼ਲਤਾ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ। ਗੁਰੂ ਜੀ ਬਹਾਦਰੀ ਅਤੇ ਦਿਆਲਤਾ ਦੀ ਮਿਸਾਲ ਸਨ ਅਤੇ ਉਹਨਾਂ ਦੇ ਕੰਮਾਂ ਵਿੱਚ ਨਵੀਨਤਾ ਸੀ ਉਹਨਾਂ ਦਾ ਸੰਤ-ਸਿਪਾਹੀ ਦਾ ਸੰਕਲਪ ਬੇਮਿਸਾਲ ਸੀ, ਇਸੇ ਲਈ ਉਹਨਾਂ ਨੂੰ ਸੱਚਾ ਪਾਤਸ਼ਾਹ ਕਿਹਾ ਜਾਂਦਾ ਸੀ। ਬਚਪਨ ਵਿੱਚ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਭਾਸ਼ਾ, ਦਰਸ਼ਨ ਸ਼ਾਸਤਰ, ਖਗੋਲ ਵਿਗਿਆਨ, ਸਾਇੰਸ ਅਤੇ ਲੋਕ ਪ੍ਰਸ਼ਾਸਨ ਦੇ ਖੇਤਰਾਂ ਦਾ ਅਹਿਮ ਗਿਆਨ ਸਿਖਾਇਆ ਸੀ। ਗੁਰੂ ਹਰਗੋਬਿੰਦ ਸਾਹਿਬ ਆਪਣੇ ਨਰਮ ਦਿਲ ਅਤੇ ਦਿਆਲੂ ਸੁਭਾਅ ਕਾਰਨ ਆਮ ਲੋਕਾਂ ਵਿੱਚ ਸਤਿਕਾਰਤ ਸਨ। ਗੁਰੂ ਸਾਹਿਬ ਦੇ ਜੀਵਨ ਵਿੱਚ ਵਿੱਚ ਮੌਜੂਦ ਪ੍ਰਬੰਧਕੀ ਗੁਣਾਂ ਦਾ ਜ਼ਿਕਰ ਇੱਥੇ ਕੀਤਾ ਜਾ ਰਿਹਾ ਹੈ-

**3.6.1. ਸਿੱਖ ਜੀਵਨ ਜਾਂਚ ਵਿੱਚ ਨਵਾਂ ਮੋੜ(New chapter in Sikh way of Living):-** ਗੁਰੂ ਹਰਗੋਬਿੰਦ ਸਾਹਿਬ ਨੇ ਸਮੇਂ ਦੇ ਅਨੁਸਾਰ ਅਨੇਕਾਂ ਬਦਲਾਵ ਲਿਆਂਦੇ। ਉਹਨਾਂ ਨੇ ਸੰਤ ਤੇ ਸਿਪਾਹੀ ਦੇ ਗੁਣਾਂ ਦੀ ਸੰਮਲਿਤ ਉਦਾਹਰਣ ਪੇਸ਼ ਕੀਤੀ ਅਤੇ ਇੱਕ ਨਵਾਂ ਮੋੜ ਲਿਆਂਦਾ। ਜਿੱਥੇ ਸਿੱਖ ਲਈ ਸ਼ਸਤਰ ਵਿਦਿਆ ਦੇ ਨਾਲ-ਨਾਲ ਰਾਜਨੀਤਿਕ ਗਿਆਨ

ਨੂੰ ਵੀ ਲਾਜ਼ਮੀ ਕੀਤਾ। ਗੁਰੂ ਸਾਹਿਬ ਅਨੁਸਾਰ ਜ਼ੁਲਮ ਦੇ ਖਿਲਾਫ਼ ਅਵਾਜ ਚੁੱਕਣੀ ਅਤੇ ਲੋੜ ਪੈਣ ਤੇ ਵੱਡੀਆਂ ਕੁਰਬਾਨੀਆਂ ਦੇਣ ਲਈ ਤਿਆਰ ਰਹਿਣਾ ਇੱਕ ਸਿੱਖ ਲਈ ਨੈਤਿਕ ਗੁਣ ਹੋਣਾ ਚਾਹੀਦਾ ਹੈ। ਮੀਰੀ-ਪੀਰੀ ਦਾ ਸੰਕਲਪ ਅਨੋਖਾ ਅਤੇ ਬੇਮਿਸਾਲ ਹੈ। ਗੁਰੂ ਸਾਹਿਬ ਨੇ ਜੰਗ ਨੂੰ ਧਰਮ ਦੀ ਰੱਖਿਆ ਅਤੇ ਬੇਸਹਾਰਿਆਂ ਦਾ ਸਹਾਰਾ ਦੱਸ ਕੇ ਇਸ ਨੂੰ ਮੁੜ ਪ੍ਰਭਾਸ਼ਿਤ ਕੀਤਾ। ਉੱਘੇ ਇਤਿਹਾਸਕਾਰ ਜੀ.ਸੀ ਨਾਰੰਗ ਗੁਰੂ ਸਾਹਿਬ ਵੱਲੋਂ ਦੱਸੇ ਮੀਰੀ-ਪੀਰੀ ਦੇ ਸਿਧਾਂਤ ਦੇ ਸਬੰਧ ਵਿਚ ਲਿਖਦੇ ਹਨ-

> It was new development of momentous importance, pregnant with great possibilities for the future. He decided to use force against mighty Mughal power and unlike the previous Sikh Gurus. He attired himself in to avenge his father and the other to destroy the Mughal power.[53]

**3.6.2. ਅਕਾਲ ਤਖ਼ਤ ਦੀ ਸਥਾਪਨਾ (Foundation of Akaal Takhat):-** ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਮੱਤ ਵਿੱਚ ਸੰਸਥਾਗਤ ਵਿਕਾਸ ਕੀਤਾ। ਸ਼੍ਰੀਹਰਮੰਦਿਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਦੀ ਸਥਾਪਨਾ ਉਹਨਾਂ ਦੀ ਦੂਰ-ਅੰਦੇਸ਼ੀ ਦੀ ਮਿਸਾਲ ਹੈ। ਸ਼੍ਰੀ ਹਰਮੰਦਿਰ ਸਾਹਿਬ ਤੋਂ ਜਿੱਥੇ ਅਧਿਆਤਮਿਕ ਸੇਧ ਮਿਲਦੀ ਸੀ, ਅਕਾਲ ਤਖ਼ਤ ਵਿੱਚ ਸਮਾਜਿਕ ਮਸਲਿਆਂ ਦਾ ਹੱਲ ਮਿਲਦਾ ਹੈ। ਅਕਾਲ ਤਖ਼ਤ ਦੀ ਮਹੱਤਤਾ ਦੇ ਸੰਬੰਧ ਵਿੱਚ ਪ੍ਰੋ. ਕਰਤਾਰ ਸਿੰਘ ਐੱਮ.ਏ. ਲਿਖਦੇ ਹਨ-

> ਜਹਾਂਗੀਰ ਨੇ ਗੁਰੂ ਜੀ ਨੂੰ ਕਿਹਾ-ਜੇ ਆਗਿਆ ਕਰੋ ਤਾਂ ਸ਼੍ਰੀ ਅਕਾਲ ਤਖ਼ਤ ਦੀ ਇਮਾਰਤ ਸ਼ਾਹੀ ਖ਼ਰਚ ਤੇ ਮੁਕੰਮਲ ਕਰਵਾ ਦਿੱਤੀ ਜਾਵੇ। ਗੁਰੂ ਜੀ ਨੇ ਉੱਤਰ ਦਿਤਾ-ਇਹ ਧਰਮ ਤੇ ਨਿਆਂ ਦਾ ਤਖ਼ਤ ਹੈ। ਇਸ ਦੀ ਇਮਾਰਤ ਸਿੱਖਾਂ ਦੀ ਮਿਹਨਤ ਤੇ ਧਰਮ-ਕਿਰਤ ਨਾਲ ਹੀ ਬਣਨੀ ਚਾਹੀਦੀ ਹੈ।[54]

**3.6.3. ਜ਼ਬਰ ਅਤੇ  ਜ਼ੁਲਮ ਦਾ ਵਿਰੋਧ(Resistance to oppression)**:- ਗੁਰੂ ਹਰਗੋਬਿੰਦ ਸਾਹਿਬ ਅਨੁਸਾਰ ਜੰਗ ਦੀ ਸ਼ੁਰੂਆਤ ਆਮ ਹਾਲਾਤਾਂ ਵਿੱਚ ਨਹੀਂ ਹੋਣੀ ਚਾਹੀਦੀ, ਸਗੋਂ ਇਸ ਦੀ ਵਰਤੋਂ ਕੇਵਲ ਅਨਿਆਂ ਅਤੇ ਜ਼ਬਰ-ਜ਼ੁਲਮ ਨੂੰ ਰੋਕਣ ਲਈ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਅਨੁਸਾਰ ਗਰੀਬ ਬੇਸਹਾਰਿਆਂ ਦੇ ਹੱਕਾਂ ਦੀ ਰਾਖੀ ਲਈ ਰਾਜਨੀਤਿਕ ਸ਼ਕਤੀ ਵੀ ਜ਼ਰੂਰੀ ਹੈ। ਗੁਰੂ ਸਾਹਿਬ ਦੇ ਸਮੇਂ ਮੁਗਲ ਬਾਦਸ਼ਾਹ ਸਿੱਖੀ ਦੀ ਚੜ੍ਹਦੀ ਕਲਾ ਤੋਂ ਪਰੇਸ਼ਾਨ ਸੀ ਅਤੇ ਅਲੱਗ ਅਲੱਗ ਤਰੀਕਿਆਂ ਨਾਲ ਸਿੱਖਾਂ ਨੂੰ ਪਰੇਸ਼ਾਨ ਕਰਨ ਦਾ ਯਤਨ ਕਰਦਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਪ੍ਰਭਾਵਸ਼ਾਲੀ ਯੋਜਨਾ ਪ੍ਰਣਾਲੀ ਰਾਹੀਂ ਉਸ ਦਾ ਵਿਰੋਧ ਕੀਤਾ।

**3.6.4. ਸਿਖਲਾਈ ਅਤੇ ਵਿਕਾਸ(Trainning and Development)**:- ਗੁਰੂ ਹਰਗੋਬਿੰਦ ਸਾਹਿਬ ਨੇ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੂੰ ਹਰ ਤਰ੍ਹਾਂ ਨਾਲ ਤਿਆਰ ਕਰਨਾ ਆਰੰਭ ਕੀਤਾ। ਇਸ ਤਹਿਤ ਜੰਗ ਦੇ ਮੈਦਾਨ ਲਈ ਘੋੜ ਸਵਾਰੀ, ਯੁੱਧ ਅਭਿਆਸ ਤੇ ਗਤਕੇ ਦੀ ਸਿਖਲਾਈ ਸ਼ਾਮਿਲ ਸੀ ਅਤੇ ਸੰਸਾਰਿਕ ਜੀਵਨ ਦੇ ਵਿਕਾਸ ਲਈ ਵੇਦ-ਗ੍ਰੰਥਾਂ ਦੀ ਸਿੱਖਿਆ ਸ਼ਾਮਿਲ ਸੀ। ਗੁਰੂ ਸਾਹਿਬ ਨੇ ਸਿੱਖਾਂ ਵਿੱਚ ਸਖ਼ਤ ਅਨੁਸ਼ਾਸਨ ਲਾਗੂ ਕੀਤਾ। ਸਿਖਲਾਈ ਲਈ ਯੋਗ ਵਿਅਕਤੀਆਂ ਨੂੰ ਨਿਯੁਕਤ ਕੀਤਾ ਗਿਆ। ਇਸ ਦੌਰਾਨ ਨਿਗਰਾਨ(Inspector) ਵੀ ਨਿਯੁਕਤ ਕੀਤੇ ਗਏ।

**3.6.5. ਪਿਆਰ ਅਤੇ ਹਮਦਰਦੀ(Love and Sympathy)**:- ਗੁਰੂ ਹਰਗੋਬਿੰਦ ਸਾਹਿਬ ਨੈਤਿਕ ਕਦਰਾਂ ਕੀਮਤਾਂ ਦੀ ਮਿਸਾਲ ਸਨ। ਜਦੋਂ ਗੁਰੂ ਜੀ ਨੇ ਸਿੱਖਾਂ ਨੂੰ ਯੁੱਧ ਵਿਦਿਆ ਸਿਖਾਉਣੀ ਸ਼ੁਰੂ ਕੀਤੀ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਕੈਦ ਕਰਨ ਦਾ ਹੁਕਮ ਦਿੱਤਾ। ਜਦੋਂ ਜਹਾਂਗੀਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਗੁਰੂ ਸਾਹਿਬਨੂੰ ਰਿਹਾਅ ਕਰਨ ਦਾ ਫੈਸਲਾ ਲਿਆ ਪਰ ਗੁਰੂ ਸਾਹਿਬ ਨੇ ਆਪਣੇ ਸਾਥੀ ਕੈਦੀਆਂ ਜਿਹਨਾਂ ਨੂੰ ਮੁਗਲ ਸ਼ਾਸਕ ਨੇ ਬਿਨਾਂ ਕਾਰਨ ਕੈਦ ਕੀਤਾ ਹੋਇਆ ਸੀ, ਦੀ ਰਿਹਾਈ ਲਈ ਕਿਹਾ ਅਤੇ ਰਿਹਾਅ ਕਰਨ ਲਈ ਜਹਾਂਗੀਰ ਨੂੰ ਮਜਬੂਰ ਕੀਤਾ। ਗੁਰੂ ਸਾਹਿਬ ਅੰਦਰ ਜੰਗ ਦੇ

ਮੈਦਾਨ ਵਿਚ ਵੀ ਪਿਆਰ ਅਤੇ ਹਮਦਰਦੀ ਦੀ ਭਾਵਨਾ ਪ੍ਰਬਲ ਰਹਿੰਦੀ ਸੀ। ਪ੍ਰਸਿੱਧ ਇਤਿਹਾਸਕਾਰ ਪ੍ਰੋ. ਕਰਤਾਰ ਸਿੰਘ ਐੱਮ.ਏ. ਲਿਖਦੇ ਹਨ–

> ਗੁਰੂ ਹਰਗੋਬਿੰਦ ਸਿੰਘ ਨੇ ਚਾਰ ਜੁੱਧ ਲੜੇ ਤੇ ਚਾਰੇ ਜਿੱਤੇ। ਚਹੁੰਆ ਹੀ ਮੌਕਿਆ ਤੇ ਆਪ ਨੂੰ ਆਪਣੀ ਰੱਖਿਆ ਲਈ ਲੜਨਾ ਪਿਆ। ਆਪ ਨੇ ਪਹਿਲ ਕਿਤੇ ਨਹੀਂ ਸੀ ਕੀਤੀ। ਜਿੱਤਾਂ ਪ੍ਰਾਪਤ ਕਰਕੇ ਉਨਾਂ ਨੇ ਇੰਚ ਭਰ ਇਲਾਕਾ ਨਾ ਮੱਲਿਆ ਅਤੇ ਨਾ ਹੀ ਉਨਾਂ ਦੀ ਫ਼ੌਜ ਨੇ ਲੁੱਟ ਮਾਰ ਹੀ ਮਚਾਈ।[55]

### 3.7. ਗੁਰੂ ਹਰਿ ਰਾਏ ਜੀ ਦਾ ਫ਼ਲਸਫ਼ਾ (Philosophy of Guru Har Rai Ji)

ਗੁਰੂ ਸਾਹਿਬ ਦਾ ਵਿਅਕਤਿਤਵ ਨਿਮਰਤਾ, ਪਿਆਰ ਅਤੇ ਵਾਤਾਵਰਣ ਦੇ ਨਾਲ ਪ੍ਰੇਮ ਵਰਗੇ ਅਨੇਕਾਂ ਗੁਣਾਂ ਨਾਲ ਭਰਪੂਰ ਹੈ। ਗੁਰੂ ਹਰਿ ਰਾਇ ਜੀ ਨੇ ਗੁਰੂ ਹਰਗੋਬਿੰਦ ਜੀ ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਜਾਰੀ ਰੱਖਿਆ। ਗੁਰੂ ਹਰਿ ਰਾਇ ਸਾਹਿਬ ਨੇ ਵੀ ਸ਼੍ਰੀਆਦਿ ਗ੍ਰੰਥ ਦੀ ਵਿਚਾਰਧਾਰਾ ਔਰੰਗਜੇਬ ਦੇ ਕਹਿਣ ਤੇ ਬਦਲੀ ਨਹੀਂ। ਇਸ ਸਮੇਂ ਸਿੱਖ ਮਤ ਵਿਸ਼ਾਲ ਅਤੇ ਮਜ਼ਬੂਤ ਰੂਪ ਧਾਰਨ ਕਰ ਚੁੱਕਾ ਸੀ। ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਵਿੱਚੋਂ ਅਨਕਾਂ ਪ੍ਰਬੰਧਕੀ ਗੁਣਾਂ ਦਾ ਉਲੇਖ ਮਿਲਦਾ ਹੈ। ਗੁਰੂ ਸਾਹਿਬ ਦਿਆਲਤਾ ਦੀ ਅਸੀਮ ਮੂਰਤ ਸਨ। ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਸੁਭਾਅ ਅਨੁਸਾਰ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਦੇਣ ਲਈ ਅਨੇਕਾਂ ਸਾਰਥਕ ਯਤਨ ਕੀਤੇ ਜਿਸ ਵਿਚ ਮੁਫ਼ਤ ਇਲਾਜ ਦੀ ਸਹੂਲਤ ਵੀ ਸ਼ਾਮਿਲ ਸੀ ਜਿਸ ਵਿਚ ਵਿਤਕਰਿਆਂ ਤੋਂ ਉੱਪਰ ਉੱਠ ਕੇ ਸੇਵਾਵਾਂ ਦਿੱਤੀਆਂ ਜਾਂਦੀਆਂ ਸਨ। ਗੁਰੂ ਸਾਹਿਬ ਦੇ ਵਿਅਕਤਿਤਵ ਰਾਹੀਂ ਅਨੇਕ ਪ੍ਰਬੰਧਕੀ ਗੁਣਾਂ ਦ੍ਰਿਸ਼ਟਮਾਨ ਹੁੰਦੇ ਹਨ ਜਿਨਾਂ ਦਾ ਸੰਖੇਪ ਵੇਰਵਾ ਦਿੱਤਾ ਜਾ ਰਿਹਾ ਹੈ–

**3.7.1. ਵਾਤਾਵਰਣ ਦਾ ਸੁਰੱਖਿਅਣ(Preservation of Environment):–** ਗੁਰੂ ਸਾਹਿਬ ਦਾ ਵਾਤਾਵਰਣ ਪ੍ਰਤੀ ਪਿਆਰ ਅਸਧਾਰਨ ਸੀ। ਗੁਰੂ ਸਾਹਿਬ ਦਾ ਬਚਪਨ ਤੋਂ ਹੀ

ਵਾਤਾਵਰਣ ਸੰਭਾਲ ਪ੍ਰਤੀ ਸੁਚੇਤ ਸਨ ਅਤੇ ਰੁੱਖ ਲਗਾਉਣ ਦਾ ਕਾਰਜ ਕਰਦੇ ਸਨ। ਗੁਰੂ ਸਾਹਿਬ ਜੰਗਲੀ ਉਤਪਾਦਾਂ ਦਾ ਖ਼ਾਸ ਗਿਆਨ ਰੱਖਦੇ ਸਨ। ਗੁਰੂ ਸਾਹਿਬ ਨੇ ਇਸੇ ਪ੍ਰੇਮ ਕਰਕੇ ਰੋਗੀਆਂ ਦੇ ਦੁੱਖ ਨਿਵਾਰਣ ਲਈ ਦਵਾਖਾਨਾਂ ਵੀ ਸਥਾਪਿਤ ਕੀਤਾ।

**3.7.2. ਮਨੁੱਖਤਾ ਦੀ ਸੇਵਾ(Service to Humanity):-** ਗੁਰੂ ਹਰਿ ਰਾਇ ਜੀ ਦਾ ਵਿਅਕਤਿਤਵ ਦਿਆਲਤਾ, ਮਾਨਵਤਾ ਦੀ ਸੇਵਾ ਅਤੇ ਪਰਉਪਕਾਰੀ ਬਿਰਤੀ ਵਾਲਾ ਸੀ। ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤੇ ਦਵਾਖਾਨੇ ਦੀ ਸਹੂਲਤ ਸਭ ਲਈ ਬਿਨਾਂ ਕਿਸੇ ਭੇਦ ਭਾਵ ਦੇ ਮੁਫ਼ਤ ਦਿੱਤੀ ਜਾਂਦੀ ਸੀ। ਇਤਿਹਾਸਿਕ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਜਦੋਂ ਮੁਗਲ ਬਾਦਸ਼ਾਹ ਸ਼ਾਹਜਹਾਂ ਦਾ ਪੁੱਤਰ ਦਾਰਾ ਸ਼ਿਕੋਹ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਦੇ ਦਵਾਖਾਨੇ ਵਿਚ ਉਸ ਦਾ ਇਲਾਜ ਕੀਤਾ ਗਿਆ। ਗੁਰੂ ਸਾਹਿਸ ਅਧਿਆਤਮਿਕ ਕਾਰਜਾਂ ਦੇ ਨਾਲ-ਨਾਲ ਮਾਨਵਤਾ ਦੀ ਸੇਵਾ ਲਈ ਵੀ ਤੱਤਪਰ ਸਨ।

**3.7.3. ਆਤਮ-ਨਿਰਭਰਤਾ(Self Sufficiency):-** ਗੁਰੂ ਹਰਿ ਰਾਇ ਜੀ ਆਪਣੇ ਮਿਸ਼ਨ ਵਿੱਚ ਆਤਮ ਵਿਸ਼ਵਾਸ ਅਤੇ ਆਤਮ ਨਿਰਭਰਤਾ ਦੇ ਹਾਮੀ ਸਨ। ਗੁਰੂ ਸਾਹਿਬ ਅਨੁਸਾਰ ਸਮਾਜ ਦੇ ਸੰਤੁਲਿਤ ਅਤੇ ਸੰਮਲਿਤ ਵਿਕਾਸ ਲਈ ਆਤਮ ਨਿਰਭਰਤਾ ਬਹੁਤ ਜ਼ਰੂਰੀ ਹੈ, ਇਸ ਨਾਲ ਜਿੱਥੇ ਕਾਰਜਾਂ ਵਿੱਚ ਸੁਤੰਤਰਤਾ ਆਉਂਦੀ ਹੈ, ਸਗੋਂ ਕਾਰਜਾਂ ਦੀ ਪੂਰਤੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਨੂੰ ਜਦੋਂ ਮੁਗਲ ਸ਼ਾਸ਼ਕ ਦਾਰਾ ਸ਼ਿਕੋਹ ਨੇ ਲੰਗਰ ਤਿਆਰ ਕਰਨ ਲਈ ਆਪਣੀ ਜਗ੍ਹਾਂ ਦੀ ਪੇਸ਼ਕਸ ਕੀਤੀ ਤਾਂ ਗੁਰੂ ਸਾਹਿਬ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਸੰਗਤ ਦਾ ਕਾਰਜ ਸੰਗਤ ਆਪ ਹੀ ਕਰਨ ਦੇ ਯੋਗ ਹੈ ਅਤੇ ਪਰਮਾਤਮਾ ਦੀ ਕਿਰਪਾ ਨਾਲ ਗੁਰੂ ਘਰ ਵਿੱਚ ਕਿਸੇ ਵਸਤੂ ਦੀ ਕਮੀ ਨਹੀਂ ਹੈ।

**3.7.4. ਚੰਗੀ ਪ੍ਰਸ਼ਾਸਨਿਕ ਵਿਧੀ(Efficient System of Governance):-** ਗੁਰੂ ਸਾਹਿਬ ਜਿਸ ਸਮੇਂ ਪਹਾੜੀ ਰਾਜਿਆਂ ਦੀ ਮਦਦ ਕਰ ਰਹੇ ਸਨ ਤਾਂ ਉਹਨਾਂ ਨੂੰ ਚੰਗੀ ਪ੍ਰਸ਼ਾਸਨਿਕ ਵਿਧੀ ਅਪਨਾਉਣ ਲਈ ਪ੍ਰੇਰਿਆ। ਗੁਰੂ ਸਾਹਿਬ ਅਨੁਸਾਰ ਕਦੇ ਵੀ ਇਹ ਹੰਕਾਰ

ਨਹੀਂ ਕਰਨਾ ਚਾਹੀਦਾ ਕਿ ਤੁਸੀਂ ਰਾਜੇ ਹੋ, ਦੂਸਰੇ ਨੂੰ ਦੁੱਖ ਦੇਣਾ ਚੰਗੀ ਗੱਲ ਨਹੀਂ, ਕਦੇ ਵੀ ਸ਼ਕਤੀਆਂ ਦਾ ਗ਼ਲਤ ਇਸਤੇਮਾਲ ਨਹੀਂ ਕਰਨਾ ਚਾਹੀਦਾ। ਆਪਣੇ ਲਾਲਚ ਤਹਿਤ ਤਬਾਹੀ ਨਹੀਂ ਕਰਨੀ ਚਾਹੀਦੀ, ਜੇਕਰ ਕੋਈ ਰਾਜਾ ਆਪਣੀ ਪਰਜਾ ਨੂੰ ਪਰੇਸ਼ਾਨ ਕਰਦਾ ਹੈ ਤਾਂ ਉਹ ਆਪਣੀਆਂ ਹੀ ਜੜ੍ਹਾ ਨੂੰ ਕੱਟ ਰਿਹਾ ਹੁੰਦਾ ਹੈ। ਗੁਰੂ ਸਾਹਿਬ ਅਨੁਸਾਰ ਰਾਜੇ ਦਾ ਇਹ ਫ਼ਰਜ ਹੈ ਕਿ ਉਹ ਰਾਜ ਦੀ ਆਮਦਨ ਦਾ ਖਰਚ ਲੋਕ ਭਲਾਈ ਦੇ ਕਾਰਜਾਂ ਲਈ ਕਰੇ। ਖੂਹ ਪੁਟਵਾਏ ਜਾਣੇ ਚਾਹੀਦੇ ਹਨ, ਸਕੂਲ , ਸਿਹਤ ਕੇਂਦਰਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਅਤੇ ਧਰਮ ਚੰਗੀ ਪ੍ਰਸ਼ਾਸਨਿਕ ਪ੍ਰਣਾਲੀ ਦਾ ਅਤੁਟ ਅੰਗ ਹੈ।

**3.7.5. ਜੀਵਨ ਜਿਊਣ ਦਾ ਅਨੁਸ਼ਾਸਨਿਕ ਢੰਗ(Disciplined way of life):-** ਗੁਰੂ ਹਰਿ ਰਾਇ ਸਾਹਿਬ ਅਨੁਸਾਰ ਅਨੁਸ਼ਾਸਨ ਸਮਾਜਿਕ ਅਤੇ ਅਧਿਆਤਮਿਕ ਦੋਨਾਂ ਖੇਤਰਾਂ ਲਈ ਜ਼ਰੂਰੀ ਹੈ। ਪ੍ਰੋ. ਕਰਤਾਰ ਸਿੰਘ ਐੱਮ.ਏ. ਗੁਰੂ ਸਾਹਿਬ ਦੇ ਅਨੁਸ਼ਾਸ਼ਨ ਪ੍ਰਤੀ ਸਮਰਪਣ ਦੇ ਸਬੰਧ ਵਿਚ ਲਿਖਦੇ ਹਨ-

> ਗੁਰੂ ਸਾਹਿਬ ਨਾਮ-ਦਾਨ ਤੇ ਇਸ਼ਨਾਨ ਦੇ ਨਿੱਤਨੇਮ ਵਿੱਚ ਪੱਕੇ ਸਨ ਤੇ ਦੂਜਿਆਂ ਨੂੰ ਪੱਕੇ ਰਹਿਣ ਦਾ ਉਪਦੇਸ਼ ਦਿਆ ਕਰਦੇ ਸਨ। ਇਸ ਸਬੰਧ ਵਿੱਚ ਭਾਈ ਗੁਰਦਾਸ ਜੀ ਦੇ ਕਥਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ ਅਤੇ ਗੁਰਸਿੱਖ ਨੂੰ ਅਜਿਹਾ ਕਰਨ ਦੀ ਪ੍ਰੇਰਣਾ ਕਰਦੇ ਸਨ-
>
> ਪਿਛਲੇ ਰਾਤੀ ਜਾਗਣਾ ਨਾਮ ਦਾਨੁ ਇਸਨਾਨ ਦਿੜਾਏ।
> ਮਿੱਠਾ ਬੋਲਣਾ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
> ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
> ਧਾਅਿ ਖਾਇ ਸੁਕ੍ਰਿਤ ਕਰੇ ਵੱਡਾ ਹੋਇ ਨ ਆਪੁ ਗਣਾਏ।
> ਸਾਧਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ।
> ਸਬਦ ਸੁਰਤਿ ਪਰਚਾ ਕਰੈ ਸਤਿਗੁਰ ਪਰਚੈ ਮਨ ਪਰਚਾਏ।
> ਆਸਾ ਵਿਚਿ ਨਿਰਾਸੁ ਵਲਾਏ।[56] (ਵਾਰ 29)

**3.7.6. ਸੰਗਤ ਪ੍ਰਤੀ ਵਿਸ਼ਵਾਸ(Confidence towards Sangat):-** ਗੁਰੂ ਸਾਹਿਬ ਜਦੋਂ ਵੀ ਕੋਈ ਕੰਮ ਸੰਗਤ ਨੂੰ ਸੌਂਪਦੇ ਤਾਂ ਉਹਨਾਂ ਉੱਤੇ ਪੂਰਣ ਭਰੋਸਾ ਰੱਖਦੇ ਸਨ। ਕੰਮ ਸੌਂਪਣ ਤੋਂ ਪਹਿਲਾਂ ਕੰਮ ਸਬੰਧੀ ਜ਼ਰੂਰੀ ਹਦਾਇਤਾਂ ਦਿੰਦੇ ਸਨ ਤਾਂ ਕਿ ਕੰਮ ਨੂੰ ਨਿਰਧਾਰਿਤ ਮਾਪਦੰਡਾਂ(Standards) ਅਨੁਸਾਰ ਹੀ ਪੂਰਾ ਕੀਤਾ ਜਾ ਸਕੇ। ਇਸ ਸਬੰਧ ਵਿੱਚ ਪ੍ਰਸਿੱਧ ਇਤਿਹਾਸਕਾਰ ਖੁਸ਼ਵੰਤ ਸਿੰਘ ਲਿਖਦਾ ਹੈ-

> ਜਦੋਂ ਗੁਰੂ ਘਰ ਦੇ ਅਨਿਨ ਸੇਵਕ ਭਾਈ ਗੌਂਡਾ ਜੀ ਨੂੰ ਗੁਰੂ ਸਾਹਿਬ ਕੰਮ ਲਈ ਭੇਜਣ ਲੱਗੇ ਤਾਂ ਕਿਹਾ ਭਾਈ ਗੌਂਡਾ, ਕਾਬੁਲ ਦੇ ਸਿੱਖਾਂ ਕੋਲ ਜਾਉ ਅਤੇ ਉਹਨਾਂ ਨੂੰ ਪ੍ਰਭੂ ਦੇ ਸੱਚੇ ਨਾਮ ਦੀ ਭਗਤੀ ਲਈ ਪ੍ਰੇਰੋ ਅਤੇ ਸਿੱਖ ਮਤ ਦਾ ਪ੍ਰਚਾਰ ਕਰੋ। ਜੋ ਧਨ ਤੁਹਾਨੂੰ ਪ੍ਰਾਪਤ ਹੋਵੇ ਉਸ ਨਾਲ ਲੋੜਵੰਦਾਂ ਨੂੰ ਲੰਗ ਛਕਾਉ। ਇਹ ਤੁਹਾਡੀਆਂ ਜ਼ਿਮੇਵਾਰੀਆਂ ਹਨ ਅਤੇ ਮੈਨੂੰ ਸੰਤੁਸ਼ਟੀ ਹੈ ਕਿ ਤੁਸੀਂ ਇਹਨਾਂ ਨੂੰ ਸਫ਼ਲਤਾਪੂਰਵਕ ਪੂਰਾ ਕਰੋਗੇ।[57]

## 3.8 ਗੁਰੂ ਹਰਕ੍ਰਿਸ਼ਨ ਜੀ ਦਾ ਫ਼ਲਸਫ਼ਾ (Philosophy of Guru Harkrishan Ji)

ਗੁਰੂ ਹਰਕ੍ਰਿਸ਼ਨ ਜੀ ਨਿਮਰਤਾ, ਤਿਆਗ ਤੇ ਬਲਿਦਾਨ ਰੂਪੀ ਗੁਣਾਂ ਵਾਲੀ ਆਕਰਸ਼ਕ ਸਖ਼ਸ਼ੀਅਤ ਸਨ। ਕੇਵਲ 5 ਸਾਲ ਦੀ ਸੰਸਾਰਿਕ ਉਮਰ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਣਾ ਇੱਕ ਅਸਧਾਰਣ ਮਿਸਾਲ ਹੈ। ਗੁਰੂ ਸਾਹਿਬ ਦੇ ਅਸਧਾਰਣ ਗੁਣਾਂ ਬਾਰੇ ਪ੍ਰਸਿੱਧ ਅੰਗਰੇ÷ ਇਤਿਹਾਸਕਾਰ ਆਰਥਰ ਮੈਕਾਲੇ ਲਿਖਦਾ ਹੈ-

> 'According to hindustani proverb, the nature and ultimate size of tree can be judged by its sprouting leaves, so this child gave early indications of being worthy to succeed to the high dignity of his line. It is said that even at that early age Guru Harkrishan used

to give his Sikhs instructions, resolve their doubts and lead them on the way to salvation.'[58]

ਗੁਰੂ ਸਾਹਿਬ ਦੇ ਅਸਧਾਰਨ ਗੁਣਾਂ ਵਿਚ ਉਮਰ ਨਾਲ ਸਬੰਧਿਤ ਨਹੀਂ ਸਨ। ਉਹਨਾਂ ਦੇ ਪ੍ਰਬੰਧਕੀ ਗੁਣਾਂ ਵਿੱਚ ਪ੍ਰੋਤਸਾਹਨ, ਦ੍ਰਿੜਤਾ ਅਤੇ ਕੰਮਾਂ ਵਿੱਚ ਤੀਬਰਤਾ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਗੁਰੂ ਸਾਹਿਬ ਸੰਗਤ ਵਿੱਚ ਸਤਿਕਾਰਯੋਗ ਅਤੇ ਹਰਮਨ ਪਿਆਰੇ ਸਨ। ਗੁਰੂ ਸਾਹਿਬ ਦੇ ਜੀਵਨ ਵਿਚਲੇ ਪ੍ਰਬੰਧਕੀ ਗੁਣਾਂ ਦਾ ਵਿਸਤ੍ਰਿਤ ਵੇਰਵਾ ਇਸ ਪ੍ਰਕਾਰ ਹੈ:-

**3.8.1. ਪ੍ਰਭਾਵੀ ਲੀਡਰਸ਼ਿਪ ਅਤੇ ਅਲੌਕਿਕ ਖਿੱਚ(Effective Leadership with Charismatic Personality):-** ਗੁਰੂ ਸਾਹਿਬ ਬਚਪਨ ਤੋਂ ਹੀ ਦ੍ਰਿੜ ਇਰਾਦੇ, ਪ੍ਰਭਾਵਸ਼ਾਲੀ ਸਦਾਚਾਰਤਾ ਅਤੇ ਦੂਸਰਿਆਂ ਦੇ ਦੁੱਖਾਂ ਨੂੰ ਆਪਣਾ ਕਰਕੇ ਜਾਨਣ ਵਾਲੇ ਸਨ। ਭਾਈ ਸੰਤੋਖ ਸਿੰਘ ਜੀ ਗੁਰੂ ਜੀ ਦੀ ਸਖ਼ਸ਼ੀਅਤ ਬਾਰੇ ਲਿਖਦੇ ਹਨ -

> ਭਾਵੇਂ ਗੁਰੂ ਜੀ ਦੀ ਉਮਰ ਛੋਟੀ ਹੈ ਪਰ ਉਹਨਾਂ ਦੇ ਚਿਹਰੇ ਦਾ ਤੇਜ ਸੂਰਜ ਦੀ ਤਰ੍ਹਾਂ ਹੈ, ਜਿਹੜਾ ਕਿ ਪਹਿਲਾਂ ਪਹਿਲ ਘੱਟ ਹੁੰਦਾ ਹੈ ਪਰ ਫਿਰ ਵੀ ਸਾਰੇ ਪਾਸੇ ਰੋਸ਼ਨੀ ਕਰ ਦਿੰਦਾ ਹੈ।[59]

ਇਤਿਹਾਸਿਕ ਸਰੋਤਾਂ ਤੋਂ ਪ੍ਰਮਾਣ ਮਿਲਦੇ ਹਨ ਕਿ ਜਦੋਂ ਗੁਰੂ ਜੀ ਰਾਜਾ ਜੈ ਸਿੰਘ ਦੇ ਮਹਿਮਾਨ ਵਜੋਂ ਦਿੱਲੀ ਗਏ ਸਨ ਤਾਂ ਰਾਜੇ ਨੇ ਗੁਰੂ ਜੀ ਨੂੰ ਪਰਖਣਾ ਚਾਹਿਆ ਅਤੇ ਗੁਰੂ ਜੀ ਨੂੰ ਦੋ ਥਾਲੀਆਂ ਦਿੱਤੀਆਂ ਇੱਕ ਵਿੱਚ ਕੱਪੜੇ, ਹੀਰੇ, ਮੋਤੀ, ਗਹਿਣੇ ਆਦਿ ਸਨ ਅਤੇ ਦੂਸਰੀ ਵਿੱਚ ਮਾਲਾਵਾਂ ਸਨ ਅਤੇ ਗੁਰੂ ਸਾਹਿਬ ਨੂੰ ਕੋਈ ਇੱਕ ਸਵੀਕਾਰ ਕਰਨ ਲਈ ਕਿਹਾ ਤਾਂ ਗੁਰੂ ਜੀ ਨੇ ਗਹਿਣਿਆਂ, ਖਡੌਣਿਆਂ ਦੀ ਜਗ੍ਹਾਂ ਮਾਲਾਵਾਂ ਨੂੰ ਸਵੀਕਾਰ ਕੀਤਾ। ਫਿਰ ਰਾਜੇ ਨੂੰ ਪੂਰਣ ਭਰੋਸਾ ਹੋ ਗਿਆ ਕਿ ਗੁਰੂ ਜੀ ਕੋਈ ਸਧਾਰਣ ਪੁਰਸ਼ ਨਹੀਂ ਸਗੋਂ ਅਧਿਆਤਮਿਕ ਰੂਹ ਹਨ ਅਤੇ ਉਹਨਾਂ ਦੀ ਅਲੌਕਿਕ ਖਿੱਚ ਸੰਪਰਕ ਵਿਚ ਆਏ ਹਰ ਵਿਅਕਤੀ ਨੂੰ ਪ੍ਰਭਾਵਿਤ ਕਰਦੀ ਸੀ।

**3.8.2. ਸਿਆਣਪ ਅਤੇ ਸਾਦਗੀ(Wisdom with Simplicity):-** ਗੁਰੂ ਸਾਹਿਬ ਦਾ ਅਸਧਾਰਨ ਗਿਆਨ ਤੇ ਸਾਦਗੀ ਕਾਰਜਾਂ ਵਿਚ ਬੇਮਿਸਾਲ ਸੰਤੁਲਨ ਰਾਹੀਂ ਕਾਰਜਾਂ ਨੂੰ ਅਸਾਨੀ ਨਾਲ ਪੂਰਾ ਕਰ ਦਿੰਦੀ ਸੀ। ਇਤਿਹਾਸਿਕ ਸਾਖੀ ਅਨੁਸਾਰ ਜਦੋਂ ਰਾਜਾ ਜੈ ਸਿੰਘ ਅਤੇ ਉਸ ਦੀ ਪਤਨੀ ਨੇ ਗੁਰੂ ਸਾਹਿਬ ਨੂੰ ਪਰਖਣਾ ਚਾਹਿਆ ਤਾਂ ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਅਲੱਗ ਅਲੱਗ ਪਹਿਰਾਵੇ ਵਾਲੀਆਂ ਔਰਤਾਂ ਵਿੱਚੋਂ ਅਸਲ ਰਾਣੀ ਦੀ ਪਹਿਚਾਣ ਕਰੋ। ਗੁਰੂ ਸਾਹਿਬ ਨੇ ਆਪਣੀ ਤੇ÷ਦਿਮਾਗੀ ਸਮਝ ਰਾਹੀਂ ਤੁਰੰਤ ਹੀ ਅਸਲ ਰਾਣੀ ਦੀ ਪਛਾਣ ਕਰ ਲਈ। ਜਿਸ ਰਾਹੀਂ ਗੁਰੂ ਸਾਹਿਬ ਦੀ ਤਰਕ ਅਧਾਰਿਤ ਸੋਚ ਅਤੇ ਸਿਆਣਪ ਦਾ ਪ੍ਰਤੱਖ ਪ੍ਰਮਾਣ ਦ੍ਰਿਸ਼ਟਮਾਨ ਹੁੰਦਾ ਹੈ।

**3.8.3. ਆਤਮ ਵਿਸ਼ਵਾਸ(Self Confidence):-** ਗੁਰੂ ਸਾਹਿਬ ਦੀ ਸੰਸਾਰਿਕ ਉਮਰ ਭਾਵੇਂ ਕਾਫ਼ੀ ਘੱਟ ਸੀ ਪਰ ਉਹਨਾਂ ਅੰਦਰ ਪ੍ਰਭਾਵੀ ਆਤਮ ਵਿਸ਼ਵਾਸ ਮੌਜੂਦ ਸੀ। ਉਹ ਜਿੱਥੇ ਵੀ ਜਾਂਦੇ ਸੰਗਤਾਂ ਨੂੰ ਪਿਆਰ ਨਾਲ ਮਿਲਦੇ ਅਤੇ ਮਾਨਵਤਾ ਦਾ ਪ੍ਰਚਾਰ ਕਰਦੇ। ਗੁਰੂ ਸਾਹਿਬ ਲਈ ਸੰਗਤਾਂ ਵਿੱਚ ਸਤਿਕਾਰ ਅਤੇ ਸ਼ਰਧਾ ਸੀ।

**3.8.4. ਸੇਵਾ ਅਤੇ ਸਮਰਪਣ ਦੀ ਭਾਵਨਾ(Spirit of Selfless Service):-** ਗੁਰੂ ਸਾਹਿਬ ਅੰਦਰ ਸੇਵਾ ਅਤੇ ਪੂਰਣ ਸਮਰਪਣ ਦੀ ਭਾਵਨਾ ਸੀ। ਉਹ ਰੋਗੀਆਂ ਦਾ ਬਿਨਾਂ ਭੇਦ ਭਾਵ ਇਲਾਜ ਕਰਦੇ ਸਨ। ਗੁਰੂ ਸਾਹਿਬ ਨੇ ਦਿੱਲੀ ਜਾ ਕੇ ਲੋਕਾਂ ਦੀ ਅਣਥੱਕ ਸੇਵਾ ਕੀਤੀ ਅਤੇ ਦੁਖੀਆਂ ਦੇ ਦੁੱਖਾਂ ਦਾ ਨਿਵਾਰਣ ਕੀਤਾ। ਇਸੇ ਦੌਰਾਨ ਚੇਚਕ ਦੀ ਬਿਮਾਰੀ ਗੁਰੂ ਸਾਹਿਬ ਨੂੰ ਵੀ ਹੋ ਗਈ, ਪਰ ਅਕਾਲ ਪੁਰਖ ਦੇ ਭਾਣੇ ਵਿੱਚ ਰਹਿੰਦਿਆਂ ਸਮਾਜ ਭਲਾਈ ਲਈ ਇੱਕ ਉੱਤਮ ਨਮੂਨਾ ਪੇਸ਼ ਕੀਤਾ।

**3.8.5. ਹਿੰਮਤ ਅਤੇ ਸੰਵੇਦਨਸ਼ੀਲਤਾ (Courage and Sence of Belongingness):-** ਗੁਰੂ ਜੀ ਸੰਵੇਦਨਸ਼ੀਲਤਾ ਅਤੇ ਹਿੰਮਤੀ ਗੁਣਾਂ ਦੇ ਥੰਭ ਸਨ। ਇਸੇ ਸਾਹਸ ਅਤੇ ਸੰਵੇਦਨਸ਼ੀਲਤਾ ਦੀ ਇੱਕ ਘਟਨਾ ਉਹਨਾਂ ਦੇ ਜੀਵਨ ਨਾਲ ਸਬੰਧਿਤ ਹੈ।

ਹੰਕਾਰੀ ਪੰਡਿਤ ਲਾਲ ਚੰਦ ਨੇ ਕਿਹਾ ਕਿ ਤੁਹਾਡਾ ਨਾਂ ਕ੍ਰਿਸ਼ਨ ਜੀ ਦੇ ਨਾਮ ਨਾਲ ਮਿਲਦਾ ਹੈ। ਸਿਰੰ ਨਾਮ ਹੀ ਮਿਲਦਾ ਹੈ ਜਾਂ ਗੁਣ ਵੀ ਮਿਲਦੇ ਹਨ। ਉਸ ਨੇ ਕਿਹਾ ਮੈਂ ਮੰਨ ਲਵੇਗਾ ਜੇਕਰ ਤੁਸੀਂ ਮੈਨੂੰ ਗੀਤਾ ਦੇ ਕੁਝ ਸਲੋਕਾਂ ਦੇ ਅਰਥ ਕਰੇ ਦੇਵੋ। ਗੁਰੂ ਸਾਹਿਬ ਨੇ ਸਹਿਜ ਸੁਭਾਅ ਵਿਚ ਉਸ ਨੂੰ ਆਪਣੀ ਇੱਛਾ ਅਨੁਸਾਰ ਕਿਸੇ ਵਿਅਕਤੀ ਨੂੰ ਗੀਤਾ ਦੇ ਅਰਥ ਕਰਨ ਲਈ ਲਿਆਉਣ ਲਈ ਕਿਹਾ। ਅੰਗਰੇ÷ ਇਤਿਹਾਸਕਾਰ ਲਾਰਡ ਮੈਕਾਲੇ ਨੇ ਇਸ ਦ੍ਰਿਸ਼ ਨੂੰ ਬਹੁਤ ਰੋਚਕ ਢੰਗ ਨਾਲ ਪੇਸ਼ ਕਰਦਾ ਹੈ-

> The Brahmin went and brought an ignorant water carrier called Chajju from the nearest village. Thou hast become a great divinity scholar. The Brahmin and the water carrier begun to discuss and the water carrier gave such a learned replies, that the Brahmin stood in astonished silence.'[60]

ਉਪਰੋਕਤ ਦ੍ਰਿਸ਼ਟੀ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਿਆਣਪ ਅਤੇ ਤਰਕ ਦ੍ਰਿਸ਼ਟੀ ਦਾ ਸਬੰਧ ਉਮਰ ਨਾਲ ਨਹੀਂ ਸਗੋਂ ਗੁਣਾਂ ਨਾਲ ਹੈ, ਜਿਸ ਰਾਹੀਂ ਗੁਰੂ ਸਾਹਿਬ ਨੇ ਮਹਾਨ ਪ੍ਰਬੰਧਕ ਦੇ ਗੁਣਾਂ ਨੂੰ ਦ੍ਰਿਸ਼ਟਮਾਨ ਕੀਤਾ ਹੈ।

### 3.9 ਗੁਰੂ ਤੇਗ ਬਹਾਦਰ ਜੀ ਦਾ ਫ਼ਲਸਫ਼ਾ (Philosophy of Guru Teg Bahadur Ji)

ਗੁਰੂ ਤੇਗ ਬਹਾਦਰ ਜੀ ਆਪਣੇ ਪੂਰਵਜ ਗੁਰੂ ਸਾਹਿਬਾਨ ਦੀ ਨਿਆਂਈ ਉੱਚ ਵਿਅਕਤਿਤਵ ਵਾਲੇ ਸਨ ਜਿਸ ਵਿਚ ਤਿਆਗ, ਸੇਵਾ ਅਤੇ ਨਿਮਰਤਾ ਵਰਗੇ ਗੁਣ ਸਨ। ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਗੁਰੂ ਸਾਹਿਬ ਨੇ ਅਨੇਕਾਂ ਯਾਤਰਾਵਾਂ ਕੀਤੀਆਂ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਉਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਿੱਖਾਂ ਨੂੰ ਵੀ ਮਿਲੇ ਅਤੇ ਉਹਨਾਂ ਨੂੰ ਸੱਚ ਦੇ ਮਾਰਗ ਲਈ ਉਤਸ਼ਾਹਿਤ ਕੀਤਾ। ਗੁਰੂ ਸਾਹਿਬ ਦੀ ਬਾਣੀ ਵਿੱਚ ਜਿਥੇ ਵੈਰਾਗ ਦਾ

ਸੰਕਲਪ ਪ੍ਰਧਾਨ ਹੈ ਉਥੇ ਗੁਰੂ ਜੀ ਨੇ ਜੀਵਨ ਦੇ ਪੜ੍ਹਾਵਾਂ ਦੀ ਵਿਆਖਿਆ ਕਰਦਿਆਂ ਮਨੁੱਖ ਨੂੰ ਅਧਿਆਤਮਿਕ ਅਤੇ ਸਮਾਜਿਕ ਪੱਖ ਤੋਂ ਬਿਹਤਰ ਬਣਨ ਲਈ ਪ੍ਰੇਰਿਆ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਮਨੁੱਖਤਾ ਦੀ ਭਲਾਈ ਲਈ ਅਨੇਕਾਂ ਕਾਰਜ ਕੀਤੇ ਜੋ ਕਿ ਇਤਿਹਾਸ ਦੇ ਰੂਪ ਵਿਚ ਅੱਜ ਵੀ ਪੰਥ-ਪ੍ਰਦਰਸ਼ਕ ਦੇ ਵਜਸ਼ੋਂ ਕਾਰਜਸ਼ੀਲ ਹਨ। ਗੁਰੂ ਸਾਹਿਬ ਦੀ ਵਿਲੱਖਣ ਸਖ਼ਸ਼ੀਅਤ ਦੇ ਸੰਦਰਭ ਵਿਚ ਸ. ਧਰਮ ਸਿੰਘ ਦਾ ਕਥਨ ਸਾਰਥਕ ਪ੍ਰਤੀਤ ਹੁੰਦਾ ਹੈ-

> ਦੁਨੀਆ ਦੇ ਇਤਿਹਾਸ ਦੇ ਪੱਤ੍ਰ ਫਰੋਲਣ ਤੋਂ ਪਤਾ ਲਗਦਾ ਹੈ ਕਿ ਜੇ ਕਿਸੇ ਸੰਤ ਭਗਤ ਨੇ ਕੋਈ ਕੁਰਬਾਨੀ ਦਿੱਤੀ ਹੈ ਤਾਂ ਕੇਵਲ ਆਪਣੀਆਂ ਹੀ ਨਿੱਜੀ, ਧਾਰਮਿਕ ਜਾਂ ਸਮਾਜਿਕ ਮਾਨਤਾਵਾਂ ਨੂੰ ਬਚਾਉਣ ਲਈ ਹੀ ਪਰ ਕਦੀ ਇਹ ਨਹੀਂ ਸੁਣਿਆ ਕਿ ਕਿਸੇ ਵਿਅਕਤੀ ਨੇ ਉਨਸ਼ਾਂ ਲੋਕਾਂ ਲਈ ਕੁਰਬਾਨੀ ਦਿੱਤੀ ਹੋਵੇ ਜਿਨਾਂ ਦੇ ਧਰਮ ਦਰਸ਼ਨ ਅਤੇ ਕਰਮਕਾਂਡ ਦਾ ਉਹ ਦਿਲੋਂ ਵਿਰੋਧੀ ਹੋਵੇ। ਅਜਿਹੀ ਇੱਕ ਅਦੁੱਤੀ ਮਿਸਾਲ ਗੁਰੂ ਤੇਗ ਬਹਾਦਰ ਜੀ ਦੀ ਹੈ।[61]

ਉਪਰੋਕਤ ਕਥਨ ਰਾਹੀਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਤਿਆਗ ਦਾ ਸਿਖ਼ਰ ਸਨ ਅਤੇ ਪਹਿਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦੇ ਅਸਲ ਪ੍ਰਚਾਰਕ ਸਨ। ਗੁਰੂ ਸਾਹਿਬ ਦਾ ਜੀਵਨ ਪ੍ਰਬੰਧਕੀ ਗੁਣਾਂ ਦਾ ਖ਼ਜ਼ਾਨਾ ਹੈ ਜਿਨਾਂ ਵਿਚੋਂ ਕੁਝ ਗੁਣਾਂ ਦਾ ਇੱਥੇ ਜ਼ਿਕਰ ਕੀਤਾ ਜਾ ਰਿਹਾ ਹੈ-

### 3.9.1. ਮਨੁੱਖੀ ਅਧਿਕਾਰਾਂ ਲਈ ਆਵਾਜ ਚੁੱਕਣੀ(Defender of Human Rights):-

ਗੁਰੂ ਸਾਹਿਬ ਨੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਅਵਾਜ਼÷ਬੁਲੰਦ ਕੀਤੀ। ਗੁਰੂ ਸਾਹਿਬ ਨੇ ਧਾਰਮਿਕ ਸਹਿਣਸ਼ੀਲਤਾ, ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਇੱਕ ਵਿਲੱਖਣ ਉਦਾਹਰਣ ਪੇਸ਼ ਕੀਤੀ। ਗੁਰੂ ਸਾਹਿਬ ਨੇ ਧਰਮ ਵਿੱਚ ਬਲੀ ਪ੍ਰਥਾ ਦੀ ਜਗ੍ਹਾ ਸ਼ਹੀਦੀ ਦੀ ਪ੍ਰਥਾ ਚਲਾਈ ਅਤੇ ਅਨੇਕਾਂ ਹੀ ਵਹਿਮਾਂ ਭਰਮਾਂ ਦਾ ਖੰਡਨ ਕੀਤਾ। ਜਦੋਂ ਕਸ਼ਮੀਰੀ ਪੰਡਿਤ ਮੁਗਲ

ਹਾਕਮਾਂ ਤੋਂ ਤੰਗ ਹੋ ਕੇ ਗੁਰੂ ਜੀ ਪਾਸ ਮੱਦਦ ਲਈ ਪਹੁੰਚੇ ਤਾਂ ਗੁਰੂ ਸਾਹਿਬ ਨੇ ਬਿਨ੍ਹਾਂ ਭੇਦ-ਭਾਵ ਉਹਨਾਂ ਦੀ ਮੱਦਦ ਲਈ ਹਾਮੀ ਭਰ ਦਿੱਤੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਨੁੱਖਤਾ ਦੇ ਇਤਿਹਾਸ ਵਿੱਚ ਮਨੁੱਖੀ ਅਧਿਕਾਰਾਂ ਲਈ ਇੱਕ ਕ੍ਰਾਂਤੀਕਾਰੀ ਕਦਮ ਸੀ। ਗੁਰੂ ਸਾਹਿਬ ਦਾ ਪਿਆਰ ਹੱਦ ਬੰਦੀਆਂ ਤੋਂ ਰਹਿਤ ਅਤੇ ਸਭ ਦੀ ਖੁਸ਼ਹਾਲੀ ਦੇ ਲਈ ਹੈ। ਤਿਲਕ ਅਤੇ ਜੰਞੂ ਦੀ ਰੱਖਿਆ ਦਾ ਅਰਥ ਹੀ ਇਹ ਸੀ ਕਿ ਹਰ ਕਿਸੇ ਨੂੰ ਆਪਣਾ ਧਰਮ ਮੰਨਣ ਅਤੇ ਪ੍ਰਚਾਰਨ ਦੀ ਸੁਤੰਤਰਤਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਇਸ ਸਬੰਧੀ ਉਚਾਰਦੇ ਹਨਃ-

ਤੇਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥[62]

ਇਸ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਇੱਕ ਵੱਡਾ ਸੰਕਲਪ ਸਮੋਇਆ ਪਿਆ ਹੈ। ਗੁਰੂ ਗੋਬਿੰਦ ਸਿੰਘ ਜੀ ਗੁਰੂ ਸਾਹਿਬ ਦੇ ਬਲਿਦਾਨ ਨੂੰ ਇੱਕ ਵੱਡੇ ਸਾਕੇ ਵਜੋਂ ਸੰਬੋਧਿਤ ਕਰਦੇ ਹਨ।

**3.9.2. ਧਾਰਮਿਕ ਸੁਤੰਤਰਤਾ(Religious Freedom) :-** ਗੁਰੂ ਸਾਹਿਬ ਨੇ ਸਹਿਣਸ਼ੀਲਤਾ ਅਤੇ ਧਾਰਮਿਕ ਸੁਤੰਤਰਾ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਅਨੁਸਾਰ ਹਰ ਇੱਕ ਪ੍ਰਾਣੀ ਨੂੰ ਕਿਸੇ ਵੀ ਧਰਮ ਨੂੰ ਅਪਨਾਉਣ ਅਤੇ ਮੰਨਣ ਦੀ ਅਜ਼ਾਦੀ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਹਰ ਕਿਸੇ ਦੀ ਸਮਾਜਿਕ ਅਤੇ ਧਾਰਮਿਕ ਸੁਤੰਤਰਤਾ ਦੇ ਹੱਕ ਵਿੱਚ ਸਨ। ਗੁਰੂ ਜੀ ਦੀ ਸ਼ਹਿਦੀ ਵੀ ਧਾਰਮਿਕ ਸੁਤੰਤਰਤਾ ਦੀ ਰਾਖੀ ਦੇ ਲਈ ਹੀ ਸੀ। ਗੁਰੂ ਸਾਹਿਬ ਧਾਰਮਿਕ ਸੁਤੰਤਰਤਾ ਦੇ ਮੁਦੱਈ ਸਨ, ਇਸੇ ਸਬੰਧ ਵਿੱਚ ਪ੍ਰੋ. ਕਰਤਾਰ ਸਿੰਘ ਐੱਮ.ਏ. ਲਿਖਦੇ ਹਨ-

> ਧਾਰਮਿਕ ਸੁਤੰਤਰਤਾ ਦੇ ਸੰਦਰਭ ਵਿਚ ਗੁਰੂ ਤੇਗ ਬਹਾਦਰ ਜੀ ਨੇ ਨਿਡਰਤਾ ਨਾਲ ਕਿਹਾ ਧਨ ਪਦਾਰਥ, ਸੰਸਾਰਿਕ ਸੁੱਖ, ਆਰਾਮ ਅਤੇ ਮਾਣ ਵਡਿਆਈਆਂ ਅਜਿਹੀਆਂ ਵਸਤਾਂ ਨਹੀਂ, ਜਿਨਾਂ ਦੀ ਖਾਤਰ ਧਰਮੋਂ ਬੇ-ਧਰਮ ਹੋਇਆ ਜਾਵੇ। ਜੀਕੁਰ ਤਹਾਨੂੰ ਤੁਹਾਡਾ ਦੀਨ

> ਪਿਆਰਾ ਹੈ, ਈਕੁਰ ਹੀ ਸਾਨੂੰ ਆਪਣਾ ਧਰਮ ਪਿਆਰਾ ਹੈ। ਕਿਸੇ ਨੂੰ ਮਜ਼ਬੂਰ ਕਿਉਂ ਕੀਤਾ ਜਾਵੇ ਕਿ ਉਹ ਆਪਣਾ ਦੀਨ ਤਿਆਗ ਕੇ ਹੋਰ ਦੀਨ ਧਰਮ ਧਾਰਨ ਕਰੇ? ਇਹ ਧੱਕਾ ਹੈ, ਬੇ-ਇਨਸਾਫ਼ੀ ਹੈ ਅਤੇ ਰੱਬ ਦੀਆਂ ਨਜ਼ਰਾਂ ਵਿੱਚ ਪਾਪ ਹੈ।[63]

3.9.3. **ਸਮਾਜਿਕ ਵਿਕਾਸ (Social Upliftment):-** ਗੁਰੂ ਸਾਹਿਬ ਅਨੇਕਾਂ ਸਥਾਨਾਂ ਤੇ ਸਿੱਖ ਮਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗਏ ਪਰ ਮੁਗਲ ਸ਼ਾਸਕਾਂ ਦੇ ਗ਼ਲਤ ਵਿਵਹਾਰ ਦਾ ਸਾਹਮਣਾ ਗੁਰੂ ਜੀ ਨੂੰ ਵੀ ਅਨੇਕਾਂ ਹੀ ਸਥਾਨਾਂ ਤੇ ਕਰਨਾ ਪਿਆ। ਅਸਿਹਣਸ਼ੀਲਤਾ (Intolerance) ਦੇ ਮਾਹੌਲ ਵਿੱਚ ਗੁਰੂ ਸਾਹਿਬ ਲੋਕਾਈ ਲਈ ਰਾਹ-ਦਸੇਰੇ ਦੇ ਰੂਪ ਵਿੱਚ ਸਾਹਮਣੇ ਆਏ। ਗੁਰੂ ਸਾਹਿਬ ਨੇ ਸਮਾਜ ਦੇ ਸੰਮਲਿਤ ਵਿਕਾਸ ਲਈ ਅਨੇਕਾਂ ਯਤਨ ਕੀਤੇ। ਗੁਰੂ ਸਾਹਿਬ ਦੇ ਸਮੇਂ ਲੋਕ ਮੁਗਲ ਹਾਕਮਾਂ ਦੇ ਅੱਤਿਆਚਾਰਾਂ ਤੋਂ ਇਲਾਵਾ ਗਰੀਬੀ ਅਤੇ ਭੁੱਖਮਰੀ ਤੋਂ ਵੀ ਪੀੜਤ ਸਨ। ਗੁਰੂ ਸਾਹਿਬ ਨੇ ਜੋ ਧਨ ਅਸਾਮ ਤੋਂ ਵਪਾਰ ਰਾਹੀਂ ਇਕੱਤਰ ਕੀਤਾ ਸੀ ਉਹ ਧਨ ਸਮਾਜ ਦੇ ਕਲਿਆਣ ਲਈ ਖਰਚ ਕਰ ਦਿੱਤਾ। ਗੁਰੂ ਜੀ ਨੇ ਲੋਕਾਂ ਦੀ ਮੱਦਦ ਨਾਲ ਅਨੇਕਾਂ ਜਲ ਸਰੋਤਾਂ ਦਾ ਨਿਰਮਾਣ ਕੀਤਾ ਤਾਂ ਕਿ ਪਾਣੀ ਨੂੰ ਨਿੱਜੀ ਵਰਤੋਂ ਅਤੇ ਖੇਤੀ ਦੇ ਕੰਮਾਂ ਵਿੱਚ ਵਰਤਿਆ ਜਾ ਸਕੇ। ਇਸ ਦੇ ਨਾਲ ਹੀ ਮੀਂਹ ਦੇ ਪਾਣੀ ਭੰਡਾਰਨ ਲਈ ਤਲਾਬਾਂ ਦਾ ਨਿਰਮਾਣ ਵੀ ਕਰਵਾਇਆ ਗਿਆ। ਗੁਰੂ ਜੀ ਨੇ ਮੱਝਾਂ, ਗਾਵਾਂ ਅਤੇ ਹੋਰ ਪਸ਼ੂਆਂ ਨੂੰ ਖਰੀਦ ਕੇ ਲੋਕਾਂ ਨੂੰ ਦਿੱਤੇ ਤਾਂ ਜੋ ਉਹ ਆਤਮ ਨਿਰਭਰ ਬਣ ਸਕਣ। ਗੁਰੂ ਜੀ ਨੇ ਅਨੇਕਾਂ ਹੀ ਥਾਂਵਾਂ ਤੇ ਦਰੱਖਤ ਵੀ ਲਗਵਾਏ।

3.9.4. **ਸੰਵਾਦ ਦੀ ਮਹੱਤਤਾ(Importance of Discourse)-** ਗੁਰੂ ਤੇਗ ਬਹਾਦਰ ਜੀ ਭਰਾਤਰੀ ਭਾਂਵ ਅਤੇ ਪ੍ਰੇਮ ਭਾਵਨਾ ਵਿੱਚ ਵਿਸ਼ਵਾਸ ਰੱਖਦੇ ਸਨ, ਗੁਰੂ ਸਾਹਿਬ ਨੇ ਇਸੇ ਤਹਿਤ ਅਸਾਮ ਦੇ ਰਾਜੇ ਅਤੇ ਰਾਜਾ ਰਾਮ ਸਿੰਘ ਦਰਮਿਆਨ ਸ਼ਾਂਤੀ ਕਾਇਮ ਕੀਤੀ ਸੀ। ਗੁਰੂ ਸਾਹਿਬ ਨੇ ਦੋਹਾਂ ਵਿਚਾਲੇ ਗੱਲਬਾਤ ਰਾਹੀਂ ਜੰਗ ਦੇ ਖ਼ੂਨ ਖਰਾਬੇ ਨੂੰ ਰੋਕਿਆ। ਰਾਜਾ ਰਾਮ ਸਿੰਘ

ਔਰੰਗਜੇਬ ਦੇ ਨੁਮਾਇੰਦੇ ਦੇ ਤੌਰ ਤੇ ਫੌਜਾਂ ਨਾਲ ਅਸਾਮ ਨੂੰ ਫਤਿਹ ਕਰਨ ਦੇ ਮਨੋਰਥ ਨਾਲ ਪਹੁੰਚਿਆ, ਪਰ ਗੁਰੂ ਸਾਹਿਬ ਨੇ ਦੋਹਾਂ ਰਾਜਿਆਂ ਨੂੰ ਸੰਵਾਦ ਰਾਹੀਂ ਸਹਿਮਤ ਕੀਤਾ ਜਿਸ ਦੀ ਮਿਸਾਲ ਦੁਬਰੀ(ਅਸਾਮ) ਨਾਮਕ ਸਥਾਨ ਜੋ ਕਿ ਬ੍ਰਹਮ ਪੁੱਤਰ ਨਦੀ ਦੇ ਕੰਢੇ ਤੇ ਹੈ ਉਤੇ ਸ਼ਾਂਤੀ ਸਮਾਰਕ ਦੇ ਰੂਪ ਵਿਚ ਅੱਜ ਵੀ ਮੌਜ਼ੂਦ ਹੈ। ਗੁਰੂ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੁਆਰਾ ਰਚੀ ਸੰਵਾਦ ਦੀ ਯੁਗਤ ਦਾ ਪ੍ਰਯੋਗ ਅਨੇਕਾਂ ਮਸਲਿਆਂ ਦੇ ਹੱਲ ਵਜਸ਼ੋਂ ਪੇਸ਼ ਕੀਤਾ ਹੈ ਜੋ ਕਿ ਵਰਤਮਾਨ ਸਮੇਂ ਵੀ ਅਨੇਕਾਂ ਸੰਸਥਾਵਾਂ ਦੀ ਕਾਰਜ ਵਿਧੀ ਦਾ ਅਹਿਮ ਅੰਗ ਹੈ।

**3.9.5. ਦਇਆ ਅਤੇ ਖ਼ਿਮਾਂ(Compassion and Forgiveness):-** ਗੁਰ ਤੇਗ ਬਹਾਦਰ ਜੀ ਦੇ ਬਾਣੀ ਸੰਸਾਰ ਵਿਚ ਦਇਆ ਅਤੇ ਖ਼ਿਮਾਂ ਦੇ ਅਨੇਕਾਂ ਹਵਾਲੇ ਮਿਲਦੇ ਹਨ। ਗੁਰੂ ਸਾਹਿਬ ਅਨੁਸਾਰ ਧਨ ਪਦਾਰਥ ਆਦਿ ਤਾਂ ਸੁਪਨੇ ਦੀ ਨਿਆਂਈ ਹਨ ਇਹਨਾਂ ਤੇ ਹੰਕਾਰ ਕਰਨ ਦਾ ਕੋਈ ਲਾਭ ਨਹੀਂ। ਇਹ ਰੇਤ ਦੇ ਢੇਰ ਦੀ ਨਿਆਂਈ ਹਨ ਅਤੇ ਹੰਕਾਰ ਦੇ ਵੱਸ ਰਹਿਣਾਂ ਯੋਗ ਨਹੀਂ। ਬਾਣੀ ਵਿੱਚ ਗੁਰੂ ਸਾਹਿਬ ਦਾ ਕਥਨ ਹੈ-

ਸੁਪਨੇ ਜਿਉ ਧਨ ਪਛਾਨੁ ਕਾਹੇ ਪਰਿ ਕਰਤ ਮਾਨੁ।।
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ।।[64]

ਇਤਿਹਾਸਿਕ ਸਰੋਤਾਂ ਤੋਂ ਵੀ ਤੱਥ ਮਿਲਦੇ ਹਨ ਕਿ ਧੀਰ ਮੱਲ ਨੇ ਲੁੱਟ ਖਸੁੱਟ ਕੀਤੀ,ਮੰਦੇ ਬੋਲ ਬੋਲੇ ਤਾਂ ਵੀ ਗੁਰੂ ਸਾਹਿਬ ਸ਼ਾਂਤ ਰਹੇ ਮੰਦਾ ਬੋਲ ਨਾ ਬੋਲਿਆ ਸਗੋਂ ਦਇਆਵਾਨ ਹੋ ਕੇ ਖ਼ਿਮਾਂ ਕੀਤੀ। ਸਿੱਖ ਵਿਚਾਰਧਾਰਾ ਵਿਚ ਦਇਆ ਨੂੰ ਉੱਤਮ ਗੁਣ ਵਜੋਂ ਗ੍ਰਹਿਣ ਕਰਨ ਦਾ ਹੁਕਮ ਹੈ।

**3.9.6. ਸਾਹਸ ਅਤੇ ਨਿਡਰਤਾ(Courage and Fearlessness):-** ਗੁਰੂ ਤੇਗ ਬਹਾਦਰ ਜੀ ਨੂੰ ਸਾਹਸ ਅਤੇ ਬਹਾਦਰੀ ਦਾ ਥੰਮ੍ਹ ਕਿਹਾ ਜਾ ਸਕਦਾ ਹੈ। ਗੁਰੂ ਜੀ ਨੇ ਆਪਣੀ ਇੱਛਾ ਅਨੁਸਾਰ ਮਨੁੱਖਤਾ ਦੇ ਭਲੇ ਲਈ ਬਿਨ੍ਹਾਂ ਕਿਸੇ ਡਰ ਦੇ ਸ਼ਹੀਦੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਸ਼ਹੀਦੀ ਦੇ ਸੰਬੰਧ ਵਿੱਚ ਲਿਖਦੇ ਹਨ- ਗੁਰੂ ਜੀ ਨੇ ਕਲਯੁਗ ਦੇ ਸਮੇਂ ਇੱਕ ਵੱਡਾ ਕੰਮ

ਕੀਤਾ ਹੈ, ਚੰਗੇ ਮਨੁੱਖਾਂ ਦੀ ਰੱਖਿਆ ਲਈ ਸਿਰ ਤਾਂ ਦੇ ਦਿੱਤਾ ਪਰ ਝੁਕਣਾ ਸਵੀਕਾਰ ਨਹੀਂ ਕੀਤਾ। ਧਰਮ ਦੇ ਹਿੱਤ ਵਿੱਚ ਇਹ ਇੱਕ ਉੱਤਮ ਕਾਰਜ ਹੈ। ਜਿਸ ਦੇ ਪ੍ਰਮਾਣ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਂਵਾਂ ਵਿੱਚ ਦੇਖੇ ਜਾ ਸਕਦੇ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾਂਕਾ।।
ਕੀਨੋ ਬਡੋ ਕਲੂ ਮਹਿ ਸਾਕਾ।।
ਸਾਧਨ ਹੇਤਿ ਇਤੀ ਜਿਨਿ ਕਰੀ।।
ਸੀਸ ਦੀਯਾ ਪਰੁ ਸੀ ਨ ਉਚਰੀ।।
ਧਰਮ ਹੇਤ ਸਾਕਾ ਜਿਨਿ ਕੀਆ।।
ਸੀਸੁ ਦੀਆ ਪਰੁ ਸਿਰਰੁ ਨ ਦੀਆ।।[65]

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿੱਚ ਅਨੇਕਾਂ ਪ੍ਰਬੰਧਕੀ ਕੁਸ਼ਲਤਾਵਾਂ ਮੌਜੂਦ ਹਨ ਜਿਨਾਂ ਦੇ ਅਧਾਰ ਤੇ ਵਪਾਰਿਕ ਸੰਸਥਾਂਵਾ ਇੱਕ ਨਵੀਨ ਪ੍ਰਬੰਧਕੀ ਮਾਡਲ ਦੀ ਸਿਰਜਣਾ ਕਰ ਸਕਦੀਆਂ ਹਨ।

## 3.10 ਗੁਰੂ ਗੋਬਿੰਦ ਸਿੰਘ ਜੀ ਦਾ ਫ਼ਲਸਫ਼ਾ(Philosophy of Guru Gobind Singh Ji)

ਗੁਰੂ ਗੋਬਿੰਦ ਸਿੰਘ ਜੀ ਵਿਲੱਖਣ ਵਿਅਕਤਿਤਵ ਦੇ ਮਾਲਕ ਸਨ। ਬਾਦਸ਼ਾਹ ਦਰਵੇਸ਼, ਮਾਨਵਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਪ੍ਰਤਿਭਾ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਕਠਿਨ ਹੈ। ਗੁਰੂ ਸਾਹਿਬ ਨੇ ਸਮਾਜ ਵਿੱਚ ਅਨੇਕਾਂ ਕ੍ਰਾਂਤੀਕਾਰੀ ਤਬਦੀਲੀਆਂ ਲਿਆਦੀਆਂ ਜਿਸ ਬਾਬਤ ਉਹਨਾਂ ਨੇ ਮੀਰੀ-ਪੀਰੀ, ਭਗਤੀ-ਸ਼ਕਤੀ, ਗਿਆਨ ਅਤੇ ਸੱਤਾ ਦੇ ਪਰਸਪਰ ਸੁਮੇਲ ਤੇ ਜ਼ੋਰ ਦਿੱਤਾ। ਗੁਰੂ ਸਾਹਿਬ ਦੇ ਵਿਅਕਤਿਤਵ ਦੇ ਸਬੰਧ ਵਿੱਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ-

> ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟਾਇਨਬੀ ਨੇ ਆਪਣੇ ਮਹਾਂ ਗ੍ਰੰਥ ਹਿਸਟਰੀ ਆੱਫ ਦ ਵਰਲਡ ਵਿੱਚ ਲਿਖਿਆ ਹੈ ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ , ਗੁਰੂ ਗੋਬਿੰਦ ਸਿੰਘ ਦਾ ਖਾਲਸਾ ਹੈ ਅਤੇਇਹ ਪਾਰਟੀ ਸਵੈ ਉਤਪੱਤੀ ਦੀ ਪੱਦਵੀ ਦੀ ਅਧਿਕਾਰੀ ਨਾਹੀ।[66]

ਇਸ ਪ੍ਰਕਾਰ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਸਖ਼ਸ਼ੀਅਤ ਅਨੇਕਾਂ ਕ੍ਰਾਂਤੀਕਾਰੀ ਤਬਦੀਲੀਆਂ ਦਾ ਮੁੱਢ ਬੰਨ੍ਹਦੀ ਹੈ। ਗੁਰੂ ਸਾਹਿਬ ਦੀ ਪ੍ਰਬੰਧਕੀ ਕਾਰਜਕੁਸ਼ਲਤਾ(Managerial Efficiency) ਬਾਕਮਾਲ ਸੀ। ਗੁਰੂ ਸਾਹਿਬ ਦੀ ਸੋਚ ਵਿੱਚ ਜਿੱਥੇ ਅਧਿਆਤਮਿਕ ਵਿਕਾਸ ਦਾ ਉੱਚ ਮਾਡਲ ਝਲਕਦਾ ਹੈ ਉੱਥੇ ਨਾਲ ਹੀ ਉਹਨਾਂ ਨੇ ਸਮਾਜਿਕ ਵਿਕਾਸ ਲਈ ਵਹਿਮਾਂ ਭਰਮਾਂ ਦਾ ਖੰਡਨ ਕੀਤਾ ਅਤੇ ਸਮਾਨਤਾ, ਸੁਤੰਤਰਤਾ ਅਤੇ ਭਰਾਤਰੀ ਭਾਵ ਜਿਹੇ ਸਿਧਾਂਤਾਂ ਤੇ ਜ਼ੋਰ ਦਿੱਤਾ। ਗੁਰੂ ਸਾਹਿਬ ਨੇ ਅਕਾਲ ਉਸਤਤ ਵਿੱਚ ਬਿਆਨ ਕੀਤਾ ਹੈ ਕਿ ਕਿਵੇਂ ਮੰਦਰਾਂ ਨੂੰ ਤੋੜਿਆ ਜਾ ਰਿਹਾ ਸੀ, ਮਸਜ਼ਿਦਾਂ ਉਸਾਰੀਆਂ ਜਾ ਰਹੀਆਂ ਸੀ, ਮੂਰਤੀਆਂ ਦੇ ਵੱਟੇ ਭਾਰ ਤੋਲਣ ਲਈ ਵਰਤੇ ਜਾ ਰਹੇ ਸੀ, ਦਸਤਾਰ ਦੀ ਮਨਸ਼ਾਹੀ ਸੀ, ਮੰਦਰ ਤੇ ਮਸਜ਼ਿਦ ਨੂੰ ਇੱਕ ਕਹਿਣਾ, ਪੂਜਾ ਤੇ ਨਮਾਜ਼÷ਨੂੰ ਇੱਕ ਮੰਨਣਾ ਕਰਾਮਾਤ ਤੋਂ ਘੱਟ ਨਹੀਂ ਸੀ। ਗੁਰੂ ਸਾਹਿਬ ਨੇ ਉਪਰੋਕਤ ਵਰਤਾਰੇ ਵਿੱਚ ਵੀ ਇੱਕ ਪਰਮਾਤਮਾ ਦੇ ਪਰਮਾਤਮਾ ਦੇ ਵਿਚਾਰ ਨੂੰ ਹੀ ਪ੍ਰਚਾਰਿਆ–

> ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
> ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।।
> ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
> ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।।
> ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
> ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।।
> ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
> ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ।।[67]

ਉਪਰੋਕਤ ਰਚਨਾ ਵਿੱਚ ਗੁਰੂ ਸਾਹਿਬ ਦੀ ਸਮਾਜ ਸ਼ਾਸ਼ਤਰੀ ਦੇ ਰੂਪ ਵਿੱਚ ਸੂਝ-ਬੂਝ ਦੀ ਸੰਪੂਸ਼ਰਨ ਪੇਸ਼ਕਾਰੀ ਸਾਹਮਣੇ ਆਉਂਦੀ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਮੰਨਿਆ ਜਾਵੇ। ਗੁਰੂ ਸਾਹਿਬ ਨੇ ਬਾਣੀ ਗੁਰੂ ਦੇ ਸੰਕਲਪ ਨੂੰ ਅਮਲੀ ਰੂਪ ਵਿੱਚ ਸਾਹਮਣੇ ਲਿਆਂਦਾ, ਜਿਸ ਬਾਬਤ ਗੁਰੂ ਰਾਮਦਾਸ ਸਾਹਿਬ ਬਾਣੀ ਭਾਵ ਗਿਆਨ ਨੂੰ ਹੀ ਮਨੁੱਖ ਦੇ ਸਰਬ-ਪੱਖੀ ਵਿਕਾਸ ਦਾ ਸਰੋਤ ਦੱਸਦੇ ਹੋਏ ਲਿਖਦੇ ਹਨ-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।।
ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।[68]

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਪ੍ਰਬੰਧਕੀ ਗੁਣਾਂ ਦਾ ਖਜ਼ਾਨਾ ਹੈ। ਇਹ ਮਨੁੱਖਤਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ ਜਦੋਂ ਪ੍ਰੋਤਸਾਹਨ(Motivation) ਰਾਹੀਂ ਲੋਕਾਂ ਦੀਆਂ ਮਨੋਬਿਰਤੀਆਂ ਵਿੱਚ ਇੰਨੀ ਵਿਸ਼ਾਲਤਾ ਆਈ ਹੋਵੇ। ਗੁਰੂ ਸਾਹਿਬ ਨੇ ਜਿੱਥੇ ਦੱਬੇ ਕੁਚਲੇ ਵਰਗਾਂ ਨੂੰ ਅਵਾਜ਼÷ਦਿੱਤੀ ਉੱਥੇ ਨਾਲ ਹੀ ਉਹਨਾਂ ਵਿੱਚ ਨਾ ਜ਼ੁਲਮ ਕਰਨਾ ਅਤੇ ਨਾ ਜ਼ੁਲਮ ਸਹਿਣ ਦੇ ਸੰਕਲਪ ਨੂੰ ਉਜਾਗਰ ਕਰ ਦਿੱਤਾ। ਗੁਰੂ ਸਾਹਿਬ ਦੇ ਪ੍ਰਬੰਧਕੀ ਗੁਣ ਜੋ ਕਿ ਵਪਾਰਿਕ ਕਾਰਜਕਰਣੀ ਵਿੱਚ ਅਹਿਮ ਰੋਲ ਅਦਾ ਕਰ ਸਕਦੇ ਹਨ ਦਾ ਵਿਸਤ੍ਰਿਤ ਵੇਰਵਾ ਇਸ ਪ੍ਰਕਾਰ ਹੈ-

### 3.10.1. ਪ੍ਰਬੰਧਕੀ ਗੁਣਾਂ ਦੇ ਖ਼ਜ਼ਾਨੇ(Treasures of Managerial Qualities)

ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ ਦੇ ਮੈਦਾਨ ਵਿੱਚ ਪ੍ਰਬੰਧਕੀ ਗੁਣਾਂ ਨੂੰ ਵਾਚਿਆ ਜਾਵੇ ਤਾਂ ਉਹਨਾਂ ਦੀ ਕਿਸੇ ਵਿਅਕਤੀ ਦੇ ਪ੍ਰਤੀ ਨਿੱਜੀ ਤੌਰ ਤੇ ਵੈਰ ਭਾਵਨਾ ਨਹੀਂ ਸੀ, ਸਗੋਂ ਉਹਨਾਂ ਅਨੁਸਾਰ ਵਿਅਕਤੀ ਆਪਣੇ ਮਾੜੇ ਕਰਮਾਂ ਅਨੁਸਾਰ ਫ਼ਲ ਪ੍ਰਾਪਤ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਮੇਰੀ ਕ੍ਰਿਪਾਨ ਕਿਸੇ ਨਿੱਜੀ ਸੁਆਰਥ ਲਈ ਨਹੀਂ ਸਗੋਂ ਮਨੁੱਖਤਾ ਦੀ ਭਲਾਈ ਲਈ ਹੀ ਕਾਰਜ ਕਰਦੀ ਹੈ। ਜੇਕਰ ਪੂਰੀ ਦੁਨੀਆਂ ਦੇ ਇਤਿਹਾਸ ਵਿੱਚ ਨਜ਼ਰ ਮਾਰੀ ਜਾਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਵਰਗਾ ਯੋਗ ਲੀਡਰ ਅਤੇ ਪ੍ਰਬੰਧਕ ਦੇ ਰੂਪ ਵਿੱਚ ਵਿਲੱਖਣ ਸਖ਼ਸ਼ੀਅਤ ਦੀ ਖੋਜ ਕਰਨੀ ਬਹੁਤ ਮੁਸ਼ਕਿਲ ਹੈ ਅਤੇ ਉਹਨਾਂ ਦਾ ਜੀਵਨ ਪ੍ਰੋਤਸਾਹਨ ਦਾ

ਵਿਲੱਖਣ ਸਰੋਤ ਹੈ। ਗੁਰੂ ਸਾਹਿਬ ਦਾ ਜੀਵਨ ਪ੍ਰਬੰਧਕੀ ਗੁਣਾਂ ਦੀ ਵਿਵਹਾਰਿਕ ਕੁਸ਼ਲਤਾ ਦਾ ਪ੍ਰਮਾਣ ਹੈ ਜਿਸ ਰਾਹੀਂ ਉਨਾਂ ਦੀ ਬਹੁਪੱਖੀ ਸਖ਼ਸ਼ੀਅਤ ਵਿੱਚ ਅਨੇਕਾਂ ਗੁਣਾਂ ਦੀ ਝਲਕ ਪੈਂਦੀ ਹੈ। ਗੁਰੂ ਸਾਹਿਬ ਪੁਰਾਤਨ ਸੰਗੀਤ ਦੇ ਵਿਦਵਾਨ ਅਤੇ ਅਨੇਕਾਂ ਹੀ ਸਾਜਾਂ ਵਿੱਚ ਨਿਪੁੰਨ ਸਨ। ਗੁਰੂ ਸਾਹਿਬ ਨੇ ਆਪਣੀ ਜੀਵਨ ਗਾਥਾ ਨੂੰ ਕਵਿਕ ਸ਼ੈਲੀ ਰਾਹੀਂ ਲਿਖਿਆ ਹੈ ਅਤੇ ਉਹਨਾਂ ਦੀ ਬਾਣੀ ਵਿੱਚ ਅਨੇਕਾਂ ਹੀ ਭਾਸ਼ਾਵਾਂ ਦਾ ਪ੍ਰਯੋਗ ਹੋਇਆ ਹੈ। ਗੁਰੂ ਜੀ ਸੰਖਿਅਕੀ, ਸੰਗੀਤ ਅਤੇ ਮਾਰਸ਼ਲ ਆਰਟ ਜਿਹੀਆਂ ਅਨੇਕਾਂ ਕਲਾਂਵਾਂ ਵਿੱਚ ਨਿਪੁੰਨ ਸਨ। ਗੁਰੂ ਜੀ ਮਹਾਨ ਯੋਧੇ ਅਤੇ ਪ੍ਰਭਾਵਸ਼ਾਲੀ ਨੀਤੀ ਘਾੜੇ ਵੀ ਸਨ। ਗੁਰੂ ਸਾਹਿਬ ਜਿੱਥੇ ਪ੍ਰਭਾਵਸ਼ਾਲੀ ਅਧਿਆਤਮਕ ਲੀਡਰ ਸਨ ਉਥੇ ਉਹਨਾਂ ਦੀ ਰਾਜਨੀਤਿਕ  ਸੂਝ ਬੂਝ, ਦੇਸ਼ ਪ੍ਰੇਮ, ਦ੍ਰਿੜ ਨਿਸ਼ਚਾ ਅਤੇ ਅਕਾਲ ਪੁਰਖ ਪ੍ਰਤੀ ਉੱਚ ਦਰਜੇ ਦਾ ਪਿਆਰ ਵੀ ਵਿਲੱਖਣ ਸੀ। ਗੁਰੂ ਸਾਹਿਬ ਦੀ ਸਖ਼ਸ਼ੀਅਤ ਵਿੱਚ ਜਿੱਥੇ ਕ੍ਰਾਂਤੀਕਾਰੀ ਗੁਣਾਂ ਦੀ ਭਰਮਾਰ ਸੀ ਉਥੇ ਉਹਨਾਂ ਨੇ ਸਮਾਜ ਦੀ ਉੱਨਤੀ ਅਤੇ ਵਿਕਾਸ ਲਈ ਅਨੇਕਾਂ ਹੀ ਕਾਰਜਾਂ ਨੂੰ ਸੰਲਤਾਪੂਰਵਕ ਸੰਪੂਰਨ ਕੀਤਾ।

**3.10.2. ਚੜ੍ਹਦੀ ਕਲਾ ਦਾ ਸੰਕਲਪ(Concept of Chardikala)** :- ਗੁਰੂ ਸਾਹਿਬ ਨੇ ਜੀਵਨ ਦੇ ਕਿਸੇ ਵੀ ਮੋੜ ਤੇ ਮਨੋਬਲ ਵਿੱਚ ਕਮੀ ਨਹੀਂ ਆਉਣ ਦਿੱਤੀ ਸਗੋਂ ਔਖੇ ਸਮਿਆਂ ਵਿੱਚ ਵੀ ਚੜ੍ਹਦੀਕਲਾ ਦਾ ਸਬੂਤ ਦਿੱਤਾ ਹੈ। ਪਿਤਾ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕੇਵਲ 9 ਸਾਲਾਂ ਦੀ ਹੀ ਸੀ ਪਰ ਗੁਰੂ ਸਾਹਿਬ ਨੇ ਆਤਮ ਮਨੋਬਲ ਰਾਹੀਂ ਸਥਿਤੀਆਂ ਦਾ ਚੜ੍ਹਦੀ ਕਲਾ ਵਿੱਚ ਸਾਹਮਣਾ ਕੀਤਾ। ਗੁਰੂ ਸਾਹਿਬ ਦੇ ਸਾਹਸੀ ਕੌਤਕ  ਪ੍ਰੋਤਸਾਹਨ ਦਾ ਸਰੋਤ ਸਨ। ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਪੁੱਤਰ ਅਤੇ ਮਾਤਾ ਜੀ ਸ਼ਹੀਦੀ ਨੂੰ ਪ੍ਰਾਪਤ ਕਰਦੇ ਹਨ ਉਸ ਸਮੇਂ ਵੀ ਗੁਰੂ ਜੀ ਦੇ ਅੰਦਰ ਪ੍ਰਮਾਤਮਾ ਪ੍ਰਤੀ ਦ੍ਰਿੜ ਨਿਸ਼ਚਾ ਹੈ ਅਤੇ ਗੁਰੂ ਸਾਹਿਬ ਮਾਛੀਵਾੜੇ ਦੇ ਜੰਗਲਾਂ ਵਿੱਚ ਅਕਾਲ ਪੁਰਖ ਦੀ ਉਸਤਤ ਕਰਦੇ ਉਚਾਰਦੇ ਹਨ:-

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ॥
ਤੁਧੁ ਬਿਨੁ ਰੋਗੁ ਰਜਾਈਆ ਦਾ ਓਢਣ ਨਾਗੁ ਨਿਵਾਸਾ ਦੇ ਰਹਿਣਾ॥
ਸੂਲ ਸੁਰਾਹੀਂ  ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥[69]

ਚੜ੍ਹਦੀਕਲਾ ਦੇ ਸਬੰਧ ਵਿੱਚ ਗੁਰੂ ਸਾਹਿਬ ਲਿਖਦੇ ਹਨ ਕਿ ਉਹ ਮਨੁੱਖ ਹੀ ਧੰਨ ਹੈ ਜੋ ਔਖੇ ਸਮੇਂ ਵੀ ਪਰਮਾਤਮਾ ਵਿੱਚ ਲੀਨ ਰਹਿੰਦਾ ਹੈ ਤੇ ਕਾਰਜਾਂ ਪ੍ਰਤੀ ਸੁਚੇਤ ਰਹਿੰਦਾ ਹੈ। ਮਨੁੱਖੀ ਸਰੀਰ ਨਾਸ਼ਵੰਤ ਹੈ ਪਰ ਚੜ੍ਹਦੀਕਲਾ ਰਾਹੀਂ ਸੰਸਾਰ ਰੂਪੀ ਸਾਗਰ ਤੋਂ ਪਾਰ ਲੰਘਿਆ ਜਾ ਸਕਦਾ ਹੈ-

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥[70]

**3.10.3. ਪ੍ਰਭਾਵਸ਼ਾਲੀ ਸਖ਼ਸ਼ੀਅਤ(Charismatic Personality)**:- ਇਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੋਤਸਾਹਨ ਸੀ ਜਿਸ ਨੇ ਖਾਲਸੇ ਦੇ ਰੂਪ ਵਿੱਚ ਵਿਲੱਖਣ ਫੌਜ ਤਿਆਰ ਕਰ ਦਿੱਤੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇੱਕ ਅਲੱਗ ਪਹਿਚਾਣ ਅਤੇ ਨਿਆਰਾਪਣ ਦੇ ਕੇ ਉਹਨਾਂ ਅੰਦਰ ਆਤਮਕ ਸਨਮਾਨ ਅਤੇ ਏਕਤਾ ਦੇ ਗੁਣ ਭਰ ਦਿੱਤੇ। ਗੁਰੂ ਸਾਹਿਬ ਦੀ ਪ੍ਰੋਤਸਾਹਨ ਵਿਧੀਆਂ ਇੰਨੀਆਂ ਪ੍ਰਭਾਵਸ਼ਾਲੀ ਸਨ ਕਿ ਇਕੱਲਾ ਸਿੱਖ ਲੱਖਾਂ ਦੀ ਫੌਜ ਨਾਲ ਲੜ੍ਹਨ ਲਈ ਤਿਆਰ ਸੀ ਅਤੇ ਅਜਿਹੇ ਸਿੱਖਾਂ ਨੂੰ ਗੁਰੂ ਸਾਹਿਬ ਆਪਣਾ ਰੂਪ ਹੀ ਦੱਸਦੇ ਸਨ। ਖਾਲਸੇ ਪ੍ਰਤੀ ਪਿਆਰ ਅਤੇ ਖਾਲਸੇ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ-

ਖ਼ਾਲਸਾ ਮੇਰੋ ਰੂਪ ਹੈ ਖਾਸ॥
ਖ਼ਾਲਸਹ ਮਹਿ ਹਉ ਕਰਹੁੰ ਨਿਵਾਸ॥
ਖ਼ਾਲਸਾ ਮੇਰੋ ਮੁਖ ਹੈ ਅੰਗਾ॥
ਖ਼ਾਲਸੇ ਕੇ ਹਉ ਬਸਤਿ ਸਦ ਸੰਗਾ॥[71]

**3.10.4. ਗਿਆਨ ਅਤੇ ਸਿਖਲਾਈ(Wisdom and Trainning):-** ਗੁਰੂ ਸਾਹਿਬ ਜਦੋਂ ਪਾਉਂਟਾ ਸਾਹਿਬ ਦੇ ਸਥਾਨ ਤੇ ਠਹਿਰੇ ਜੋ ਕਿ ਹਿਮਾਚਲ ਪ੍ਰਦੇਸ਼ ਵਿੱਚ ਹੈ, ਵਿਖੇ ਗੁਰੂ ਸਾਹਿਬ ਨੇ ਆਪ ਵੀ ਅਤੇ ਸਿੱਖਾਂ ਨੂੰ ਗ੍ਰੰਥਾਂ ਦੇ ਗਿਆਨ ਰਾਹੀਂ ਸਿੱਖਿਅਤ ਕੀਤਾ। ਜਿੱਥੇ ਸਿੱਖ ਮਾਨਸਿਕ ਤੌਰ ਤੇ ਤੰਦਰੁਸਤ ਹੋਏ ਉੱਥੇ ਨਾਲ ਹੀ ਸਰੀਰਿਕ ਕਿਰਿਆਵਾਂ ਰਾਹੀਂ ਉਹਨਾਂ ਨੇ ਅਨੇਕਾਂ ਗੁਣ ਜਿਵੇਂ ਯੁੱਧ ਕਲਾ, ਯੁੱਧ ਦੇ ਸਮੇਂ ਨੀਤੀ ਨਿਰਮਾਣ ਕਰਨਾ, ਆਦਿ ਨੂੰ ਗ੍ਰਹਿਣ ਕੀਤਾ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਦੌਰਾਨ ਜਿੱਥੇ ਵੀ ਠਹਿਰਾਅ ਕੀਤਾ ਗਿਆਨ ਅਤੇ ਸਿਖਲਾਈ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ।

**3.10.5. ਨਿਮਰਤਾ(Modesty):-** ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਣਾ ਰਾਹੀਂ ਗੁਰੂ ਚੇਲੇ ਦੀ ਪਰੰਪਰਾ ਵਿੱਚ ਅਨੇਕਾਂ ਬਦਲਾਵ ਲਿਆਂਦੇ। ਗੁਰੂ ਸਾਹਿਬ ਨੇ ਪਹਿਲਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਉਹਨਾਂ ਤੋਂ ਨਿਮਰਤਾ ਸਹਿਤ ਅੰਮ੍ਰਿਤ ਦੀ ਮੰਗ ਕੀਤੀ। ਇਸ ਪ੍ਰਕਾਰ ਗੁਰੂ ਸਾਹਿਬ ਨੇ ਦੇਹ ਦੇ ਸੰਕਲਪ ਵਿੱਚ ਵੱਡਾ ਬਦਲਾਵ ਲਿਆਂਦਾ। ਇਸੇ ਗੁਰੂ ਚੇਲੇ ਦੇ ਪਰੰਪਰਾ ਬਾਬਤ ਭਾਈ ਗੁਰਦਾਸ ਜੀ ਦੀ ਰਚਨਾ ਬੜੀ ਪ੍ਰਸੰਗਿਕ ਜਾਪਦੀ ਹੈ:-

ਵਹੁ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।।[72]

ਗੁਰੂ ਸਾਹਿਬ ਨੇ ਪੰਚ ਪਰਧਾਨਤਾ ਦੀ ਪ੍ਰਥਾ ਨੂੰ ਹੋਰ ਵੀ ਪਕੇਰਾ ਕੀਤਾ ਅਤੇ ਕਿਹਾ ਕਿ ਪੰਜ ਸਿੰਘਾਂ ਦਾ ਹੁਕਮ ਸੰਗਤ ਲਈ ਵੀ ਅਤੇ ਮੇਰੇ ਲਈ ਵੀ ਜ਼ਰੂਰੀ ਹੋਵੇਗਾ। ਗੁਰੂ ਸਾਹਿਬ ਨੇ ਗੁਰੂ ਚੇਲੇ ਦੇ ਰਿਸ਼ਤੇ ਨੂੰ ਮੁੜ ਪ੍ਰਭਾਸ਼ਿਤ ਕੀਤਾ।

**3.10.6. ਸ਼ਕਤੀਆਂ ਦਾ ਵਿਕੇਂਦਰੀਕਰਨ(Decentralisation of Authority):-** ਗੁਰੂ ਸਾਹਿਬ ਨੇ ਜਦੋਂ ਖਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਖੁਦ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ। ਭਾਵ ਗੁਰੂ ਸਾਹਿਬ ਨੇ ਗੁਰੂ ਚੇਲੇ ਦੇ ਵਿਚਕਾਰ ਸ਼ਕਤੀਆਂ ਦੇ ਵਿਕੇਂਦਰੀਕਰਨ ਰਾਹੀਂ ਅਹਿਮ ਸਬੰਧ ਕਾਇਮ ਕਰ ਦਿੱਤਾ। ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਪ੍ਰਾਪਤ ਕਰਨ ਲਈ

ਗੁਰੂ ਸਾਹਿਬ ਨੇ ਆਪਣਾ ਧਨ, ਮਨ ਅਤੇ ਤਨ ਵਾਰਨ ਦਾ ਪ੍ਰਣ ਕੀਤਾ ਸੀ, ਜਿਸ ਦਾ ਹਵਾਲਾ ਗੁਰ ਸਾਹਿਬ ਦੀ ਬਾਣੀ ਵਿੱਚ ਵੀ ਮਿਲਦਾ ਹੈ-

ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ।।[73]

ਗੁਰੂ ਸਾਹਿਬ ਦੀ ਸੋਚ ਜਾਤ-ਪਾਤ, ਉਚ-ਨੀਚ ਅਤੇ ਅਮੀਰ-ਗਰੀਬ ਦੀ ਅਖੌਤੀ ਵੰਡ ਤੋਂ ਉੱਪਰ ਸੀ। ਉਦਾਹਰਣ ਵਜੋਂ ਪੰਜ ਪਿਆਰਿਆਂ ਦੀ ਜਾਤ-ਵਰਨ, ਸਮਾਜਿਕ ਰੁਤਬਾ ਆਦਿ ਨਾ ਵਿਚਾਰਦਿਆਂ ਹੋਇਆਂ ਗੁਰੂ ਜੀ ਨੇ ਉਹਨਾਂ ਨੂੰ ਆਪਣੇ ਸਮਾਨ ਸਥਾਨ ਬਖਸ਼ਿਸ਼ ਕਰ ਦਿੱਤਾ । ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਇਥੋਂ ਤੱਕ ਕਹਿ ਦਿੱਤਾ ਕਿ ਜੇਕਰ ਕੋਈ ਭੁੱਲ ਮੇਰੇ ਕੋਲੋ ਵੀ ਹੋਵੇਗੀ ਤਾਂ ਮੈਂ ਵੀ ਸਜ਼ਾ ਦਾ ਹੱਕਦਾਰ ਹੋਵਾਂਗਾ। ਗੁਰੂ ਸਾਹਿਬ ਦੇ ਅਨੁਸਾਰ ਖਾਲਸੇ ਦਾ ਸੰਕਲਪ ਇਸ ਤਰ੍ਹਾਂ ਦਾ ਹੈ:-

ਖਾਲਸਾ ਮੇਰੋ ਰੂਪ ਹੈ ਖਾਸ।।
ਖਾਲਸੇ ਮਹਿ ਹੌਂ ਕਰੌਂ ਨਿਵਾਸ।।
ਖਾਲਸਾ ਮੇਰੋ ਮੁੱਖ ਹੈ ਅੰਗਾ।।
ਖਾਲਸਾ ਕੇ ਹੌਂ ਸਦ ਸਦ ਸੰਗਾ।।
ਖਾਲਸਾ ਮੇਰੋ ਮਿਤ੍ਰ ਸਖਾਈ।।
ਖਾਲਸਾ ਮਾਤ ਪਿਤਾ ਸੁਖਦਾਈ।।[74]

**3.10.7. ਇਖ਼ਲਾਕੀ ਗੁਣਾਂ ਨੂੰ ਮੁੜ-ਪ੍ਰਭਾਸ਼ਿਤ ਕਰਨਾ(Redefine the Moral code of Conduct):-** ਗੁਰੂ ਸਾਹਿਬ ਨੇ ਸਿੱਖਾਂ ਦੇ ਮਨਾਂ ਅੰਦਰ ਬਹਾਦਰੀ ਅਤੇ ਭਾਣਾ ਮੰਨਣ ਦੇ ਗੁਣਾਂ ਨੂੰ ਮੁੜ ਪ੍ਰਭਾਸ਼ਿਤ ਕੀਤਾ। ਗੁਰੂ ਸਾਹਿਬ ਨੇ ਜਿੱਥੇ ਖਾਲਸੇ ਨੂੰ ਇੱਕ ਅਲੱਗ ਪਹਿਚਾਣ ਦਿੱਤੀ ਉਥੇ ਨਾਲ ਹੀ ਖਾਲਸੇ ਨੂੰ ਸਮਾਜ ਵਿੱਚ ਪ੍ਰਭਾਵਸ਼ਾਲੀ ਵਤੀਰਾ ਰੱਖਣ ਲਈ ਹੁਕਮ ਕੀਤਾ। ਗੁਰੂ ਸਾਹਿਬ ਨੇ ਜਿੱਥੇ ਜ਼ੁਲਮ ਦਾ ਟਾਕਰਾ ਕਰਨ ਲਈ ਸਿੱਖਾਂ ਨੂੰ ਪ੍ਰੇਰਣਾ ਦਿੱਤੀ ਤੇ ਸਿੱਖ ਨੂੰ ਆਚਰਣ ਉੱਚਾ ਰੱਖਣ ਦੀ ਨਸੀਹਤ ਦਿੱਤੀ। ਕਿਸੇ ਨਾਲ ਧੋਖਾ ਨਹੀਂ ਕਰਨਾ,

ਮਿਹਨਤ ਦੀ ਕਮਾਈ ਨਾਲ ਜੀਵਨ ਬਤੀਤ ਕਰਨਾ ਅਤੇ ਔਰਤ ਦਾ ਸ਼ੋਸ਼ਣ ਨਹੀਂ ਕਰਨਾ ਆਦਿ ਗੁਣਾਂ ਨੂੰ ਜੀਵਨ ਵਿੱਚ ਧਾਰਨ ਕਰਨ ਲਈ ਪ੍ਰੇਰਿਆ ਹੈ, ਜੋ ਕਿ ਚੰਗੇ ਇਖ਼ਲਾਕ ਦਾ ਅਧਾਰ ਹਨ।

**3.10.8. ਸਰਬੱਤ ਦਾ ਭਲਾ(Well being of All):-** ਗੁਰੂ ਗੋਬਿੰਦ ਸਿੰਘ ਸਭ ਜੀਵਾਂ ਦਾ ਆਪਸੀ ਪਿਆਰ ਅਤੇ ਕੁਦਰਤ ਨਾਲ ਪਰਸਪਰ ਸਹਿਯੋਗ ਦੀ ਗੱਲ ਕਰਦੇ ਹਨ। ਮਹਾਨ ਸਿੱਖ ਚਿੰਤਕ ਪ੍ਰੋ. ਸਾਹਿਬ ਸਿੰਘ ਲਿਖਦੇ ਹਨ-

> ਗੁਰੂ ਸਾਹਿਬ ਕੋਲ ਭਾਈ ਕਨ੍ਹੱਈਆ ਦੀ ਸ਼ਿਕਾਇਤ ਕਰ ਦਿੱਤੀ ਕਿ ਅਸੀਂ ਜੰਗ ਦੇ ਮੈਦਾਨ ਵਿੱਚ ਦੁਸ਼ਮਣਾ ਨੂੰ ਬਹੁਤ ਮੁਸ਼ਕਿਲ ਨਾਲ ਮਾਰਦੇ ਹਾਂ ਪਰ ਭਾਈ ਕਨ੍ਹੱਈਆ ਉਹਨਾਂ ਨੂੰ ਪਾਣੀ ਪਿਲਾ ਕੇ ਫਿਰ ਜੀਵਤ ਕਰ ਦਿੰਦੇ ਹਨ ਤਾਂ ਗੁਰੂ ਸਾਹਿਬ ਭਾਈ ਕਨ੍ਹੱਈਆ ਜੀ ਦੀ ਸੇਵਾ ਤੋਂ ਬਹੁਤ ਖੁਸ਼ ਹੋਏ ਅਤੇ ਉਹਨਾਂ ਨੂੰ ਇੱਕ ਮਲ੍ਹਮ ਦੀ ਡੱਬੀ ਦਿੰਦਿਆਂ ਕਿਹਾ ਕਿ ਜਿੱਥੇ ਪਿਆਸਿਆਂ ਨੂੰ ਪਾਣੀ ਪਿਲਾਉਂਦੇ ਹੋ ਉੱਥੇ ਨਾਲ ਹੀ ਜਖ਼ਮੀਆਂ ਦੇ ਜਖ਼ਮਾਂ ਤੇ ਮਲ੍ਹਮ ਵੀ ਲਾ ਦਿਆ ਕਰੋ।[75]

ਗੁਰੂ ਸਾਹਿਬ ਜੰਗ ਦੇ ਮੈਦਾਨ ਵਿੱਚ ਵੀ ਦੁਸ਼ਮਣ ਦਾ ਹੀ ਭਲਾ ਹੀ ਚਾਹੁੰਦੇ ਸਨ ਇਸੇ ਕਰਕੇ ਗੁਰੂ ਸਾਹਿਬ ਦੀਆਂ ਜੰਗਾਂ ਕਿਸੇ ਲਾਲਚ ਲਈ ਨਹੀਂ ਸਗੋਂ ਉਹ ਵੀ ਅਨਿਆਂ, ਜ਼ਬਰ ਜ਼ੁਲਮ ਦੇ ਖਿਲਾਫ਼ ਹੀ ਸਨ ਜਿਸ ਰਾਹੀਂ ਸਰਬੱਤ ਦੇ ਭਲੇ ਦਾ ਸੰਕਲਪ ਦ੍ਰਿਸ਼ਟਮਾਨ ਹੁੰਦਾ ਹੈ।

**3.10.9. ਦੂਰਅੰਦੇਸ਼ਤਾ ਅਤੇ ਪ੍ਰਭਾਵੀ ਨਿਰੀਖਣ(Forecasting and Effective Supervision):-** ਗੁਰੂ ਗੋਬਿੰਦ ਸਿੰਘ ਜੀ ਮਸੰਦਾਂ ਦੇ ਕੰਮਾਂ ਅਤੇ ਸੰਗਤਾਂ ਦੀਆਂ ਸੇਵਾਵਾਂ ਦਾ ਪੂਰਨ ਨਿਰੀਖਣ ਕਰਦੇ ਸਨ। ਗੁਰੂ ਸਾਹਿਬ ਅਨੁਸਾਸ਼ਨ ਨੂੰ ਕਾਇਮ ਰੱਖਦੇ ਅਤੇ ਗ਼ਲਤ ਗਤੀਵਿਧੀਆਂ ਦੇ ਖਿਲਾਫ਼ ਯੋਗ ਸਮੇਂ ਤੇ ਕਾਰਵਾਈ ਕਰਦੇ ਸਨ। ਮਸੰਦਾਂ ਦੀ ਮਾੜੀ ਕਾਰਗੁਜ਼ਾਰੀ ਕਾਰਨ ਗੁਰੂ ਸਾਹਿਬ ਨੇ ਖਾਲਸੇ ਦੀ ਸਾਜਨਾ ਤੋਂ ਬਾਅਦ ਮਸੰਦ ਪ੍ਰਥਾ ਦਾ ਅੰਤ

ਕਰ ਦਿੱਤਾ। ਗੁਰੂ ਸਾਹਿਬ ਨੇ ਭਵਿਖੀ ਸਮੀਕਰਣਾਂ ਨੂੰ ਵਾਚਦਿਆਂ ਹੋਇਆਂ ਅਨੇਕਾਂ ਕਿਲ੍ਹੇ ਬਣਵਾਏ ਅਤੇ ਇਹਨਾਂ ਦੀ ਬਣਾਵਟ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਇਹਨਾਂ ਨੂੰ ਬਾਹਰੀ ਹਮਲਿਆਂ ਸਮੇਂ ਇੱਕ ਸੁਰੱਖਿਆ ਕਵਚ ਦੇ ਰੂਪ ਵਿੱਚ ਬਣਵਾਇਆ।

3.10.10. **ਦ੍ਰਿੜ ਨਿਸ਼ਚਾ ਅਤੇ ਆਤਮ ਵਿਸ਼ਵਾਸ(Dermination and Self Cinfidence)-** ਗੁਰੂ ਗੋਬਿੰਦ ਸਿੰਘ ਜੀ ਦੀ ਸਖ਼ਸ਼ੀਅਤ ਅਨੇਕਾਂ ਹੀ ਬਹੁਮੁੱਲੇ ਗੁਣਾਂ ਦਾ ਖ਼ਜ਼ਾਨਾ ਹੈ। ਗੁਰੂ ਸਾਹਿਬ ਦਾ ਦ੍ਰਿੜ ਨਿਸ਼ਚਾ ਜਿੱਥੇ ਪ੍ਰੋਤਸਾਹਨ ਦਾ ਕਾਰਜ ਕਰਦਾ ਹੈ, ਉੱਥੇ ਗੁਰੂ ਸਾਹਿਬ ਦਾ ਆਤਮ ਵਿਸ਼ਵਾਸ ਸਿੱਖਾਂ ਅੰਦਰ ਫ਼ਤਿਹ ਦੀ ਭਾਵਨਾ ਨੂੰ ਵਿਗਾਸ ਕਰਦਾ ਹੈ। ਗੁਰੂ ਸਾਹਿਬ ਦੇ ਔਰੰਗਜੇਬ ਨੂੰ ਲਿਖੇ ਜ਼ਫ਼ਰਨਾਮੇ ਵਿੱਚ ਗੁਰੂ ਸਾਹਿਬ ਦੇ ਇਹ ਦੋਵੇਂ ਗੁਣ ਦੇਖੇ ਜਾ ਸਕਦੇ ਹਨ। ਗੁਰੂ ਸਾਹਿਬ ਨੇ ਔਰੰਗਜੇਬ ਨੂੰ ਜਿਥੇ ਦ੍ਰਿੜਤਾ ਨਾਲ ਉਸੇ ਦੇ ਮੰਦੇ ਕਰਮਾਂ ਦਾ ਅਹਿਸਾਸ ਕਰਵਾਇਆ ਉਥੇ ਨਾਲ ਹੀ ਗੁਰੂ ਸਾਹਿਬ ਨੇ ਆਪਣੇ ਉਦੇਸ਼ ਅਤੇ ਔਰੰਗਜੇਬ ਦੇ ਉਦੇਸ਼ਾਂ ਵਿਚਕਾਰ ਅੰਤਰ ਸਪੱਸ਼ਟ ਕਰ ਦਿੱਤਾ। ਗੁਰੂ ਸਾਹਿਬ ਨੇ ਔਰੰਗਜੇਬ ਦੇ ਔਗੁਣਾਂ ਨੂੰ ਦੱਸਦਿਆਂ ਕਿਹਾ ਕਿ ਹੁਣ ਤੇਰਾ ਪਾਪਾਂ ਦਾ ਘੜਾ ਭਰ ਚੁੱਕਾ ਹੈ ਅਤੇ ਹੁਣ ਤੇਰਾ ਅੰਤ ਨੇੜਾ ਆ ਗਿਆ ਹੈ, ਇਸ ਲਈ ਸ਼ਸਤਰ ਹੀ ਮੇਰੇ ਸਾਹਮਣੇ ਆਖਰੀ ਰਾਹ ਹੈ। ਇਸ ਸਬੰਧ ਵਿੱਚ ਗੁਰੂ ਸਾਹਿਬ ਨੇ ਆਪਣੀ ਰਚਨਾ ਜ਼ਫ਼ਰਨਾਮੇ ਵਿੱਚ ਅੰਕਿਤ ਕੀਤਾ ਹੈ-

ਬ ਲਾਚਾਰਗੀ ਦਰਮਿਯਾ ਆਮਦਮ।।
ਬ ਤਦਬੀਰ ਤੀਰੋ ਤੁਫ਼ੰਗ ਆਮਦਮ।।
ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।[76]

3.10.11. **ਸ੍ਵੈ ਅਨੁਸ਼ਾਸਨ (Self Discipline):-** ਗੁਰੂ ਗੋਬਿੰਦ ਸਿੰਘ ਜੀ ਸ੍ਵੈ ਅਨੁਸ਼ਾਸਨ ਦਾ ਮਾਡਲ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਮਨ ਤੇ ਕਾਬੂ ਪਾਉਣ ਲਈ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਰੂਪੀ ਵਿਕਾਰਾਂ ਤੇ ਜਿੱਤ ਹਾਸਿਲ ਕਰਨੀ ਜ਼ਰੂਰੀ ਹੈ। ਗੁਰੂ ਸਾਹਿਬ ਘੱਟ ਖਾਣ, ਘੱਟ

ਸੌਣ, ਸਿੱਖਣ ਨੂੰ ਪਹਿਲ, ਹਲੀਮੀ ਅਤੇ ਧੀਰਜ ਜਿਹੇ ਗੁਣਾਂ ਨੂੰ ਅਪਨਾਉਣ ਲਈ ਪ੍ਰੇਰਦੇ ਹਨ। ਗੁਰੂ ਸਾਹਿਬ ਦੀ ਉੱਤਮ ਯੁੱਧ ਕਲਾ ਦੇ ਅਨੇਕਾਂ ਪ੍ਰਮਾਣ ਮਿਲਦੇ ਜਿਸ ਦਾ ਅਧਾਰ ਧੀਰਜ ਅਤੇ ਅਨੁਸ਼ਾਸਨ ਹੀ ਸੀ।

3.10.12.**ਵੱਖਰੀ ਪਹਿਚਾਣ(Unique Identity):-** ਅਨੇਕਾਂ ਧਰਮਾਂ ਨੂੰ ਆਪਣੇ ਨਿਯਮਾਂ ਅਨੁਸਾਰ ਮਨੁੱਖ ਦੀ ਦਿੱਖ ਨੂੰ ਬਦਲਿਆ ਹੈ। ਖਾਲਸੇ ਪੰਥ ਦੀ ਸਿਰਜਣਾ ਨਾਲ ਸਿੱਖ ਨੂੰ ਸੰਸਾਰ ਵਿੱਚ ਇੱਕ ਵੱਖਰੀ ਪਹਿਚਾਣ ਮਿਲੀ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਖਾਲਸਾ ਸਰੀਰਿਕ ਰੂਪ ਵਿੱਚ, ਦਿਮਾਗੀ ਪੱਧਰ ਤੇ ਅਤੇ ਅਧਿਆਤਮਿਕ ਪੱਧਰ ਤੇ ਵਿਕਸਿਤ ਮਨੁੱਖ ਹੈ। ਗੁਰੂ ਸਾਹਿਬ ਨੇ ਇਹਨਾਂ ਗੁਣਾਂ ਕਾਰਨ ਸਿੱਖ ਨੂੰ ਸੰਤ ਸਿਪਾਹੀ ਆਖਿਆ ਹੈ। ਖਾਲਸੇ ਦੀ ਦਿੱਖ ਜਿੱਥੇ ਸੰਤ ਨਾਲ ਮਿਲਦੀ ਹੈ ਉਥੇ ਖਾਲਸੇ ਦਾ ਸ਼ਸ਼ਤਧਾਰੀ ਹੋਣਾ ਉਸ ਦੇ ਸਿਪਾਹੀ ਹੋਣ ਦਾ ਸੂਚਕ ਹੈ। ਵਿਸ਼ਵ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ ਜਦੋਂ ਮਨੁੱਖ ਨੂੰ ਅਜਿਹੇ ਗੁਣਾਂ ਦਾ ਧਾਰਣੀ ਬਣਾਇਆ ਗਿਆ ਸੀ।

3.10.13. **ਸਾਂਝੀਵਾਲਤਾ(Brotherhood):-** ਨੈਤਿਕਤਾ ਅਧਾਰਿਤ ਪ੍ਰਬੰਧਕੀ ਕਾਰਜਕਰਣੀ ਵਿੱਚ ਸਾਂਝੀਵਾਲਤਾ ਦਾ ਅਹਿਮ ਰੋਲ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਸਾਂਝੀਵਾਲਤਾ ਦੇ ਮਹੱਤਵ ਦੇ ਸਬੰਧ ਵਿੱਚ ਲਿਖਦੇ ਹਨ-

ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰ ਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥[77]

ਗੁਰੂ ਗੋਬਿੰਦ ਸਿੰਘ ਜੀ ਨੇ ਉਪਰੋਕਤ ਵਿਚਾਰਧਾਰਾ ਨੂੰ ਵਿਵਹਾਰਿਕ ਪੱਧਰ ਤੇ ਲਿਆਂਦਾ ਅਤੇ ਪ੍ਰਚਾਰਿਆ। ਗੁਰੂ ਸਾਹਿਬ ਵਿਸ਼ਵ ਸ਼ਾਂਤੀ ਅਤੇ ਸਾਂਝੀਵਾਲਤਾ ਵਿੱਚ ਵਿਸ਼ਵਾਸ ਕਰਦੇ ਸਨ। ਗੁਰੂ ਸਾਹਿਬ ਨੇ ਖਾਲਸੇ ਨੂੰ ਜਾਤ-ਪਾਤ, ਰੂਪ-ਰੰਗ, ਉਚ-ਨੀਚ ਦੇ ਵਿਤਕਰਿਆਂ ਤੋਂ ਮੁਕਤ ਕਰ ਦਿੱਤਾ ਅਤੇ ਸਭੇ ਸਾਂਝੀਵਾਲ ਸਦਾਇਨਿ ਦਾ ਉਪਦੇਸ਼ ਦਿੱਤਾ।

3.10.14. **ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਦੇ ਰੂਪ ਵਿੱਚ(Shri Guru Granth Sahib: as Eternal Guru)**:- ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਦੇ ਇਤਿਹਾਸ ਵਿੱਚ ਸ਼ਬਦ ਨੂੰ ਸਦੀਵੀ ਗੁਰੂ ਦਾ ਸਥਾਨ ਦੇ ਕੇ ਇੱਕ ਨਵਾਂ ਕ੍ਰਾਂਤੀਕਾਰੀ ਕਦਮ ਚੁੱਕਿਆ। ਗੁਰੂ ਸਾਹਿਬ ਨੇ 1708 ਈਸਵੀ ਵਿੱਚ ਸਿੱਖਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਕੋਈ ਮਨੁੱਖ ਗੁਰੂ ਨਹੀਂ ਹੋਵੇਗਾ ਸਗੋਂ ਸ਼ਬਦ ਹੀ ਸਦੀਵੀ ਗੁਰੂ ਹੋਵੇਗਾ ਅਤੇ ਅੱਜ ਤੋਂ ਬਾਅਦ ਸਿੱਖ ਲਈ ਗੁਰੂ ਗ੍ਰੰਥ ਹੀ ਮਾਰਗ ਦਰਸ਼ਕ ਹੈ। ਤਵਾਰੀਖ ਗੁਰੂ ਖਾਲਸਾ ਵਿੱਚ ਗਿਆਨੀ ਗਿਆਨ ਸਿੰਘ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਦੀ ਗੁਰਤਾਗੱਦੀ ਦੇ ਸਬੰਧ ਵਿੱਚ ਸਾਰਥਕ ਜਾਪਦੀ ਹੈ-

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿੱਖਨਿ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਭੋ ਚਹੈ ਖੋਜ ਸ਼ਬਦ ਮੈਂ ਲੇਹ।[78]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਅਨੇਕਾਂ ਮਹੱਤਵਪੂਰਨ ਕਾਰਜ ਕੀਤੇ। ਉਹਨਾਂ ਦੇ ਕੰਮਾਂ ਵਿੱਚ ਪ੍ਰਬੰਧਕੀ ਗੁਣਾਂ ਨੂੰ ਸਪੱਸ਼ਟ ਤੌਰ ਤੇ ਦੇਖਿਆ ਜਾ ਸਕਦਾ ਹੈ। ਗੁਰੂ ਜੀ ਨੇ ਸੰਸਾਰਿਕ ਜੀਵਨ ਅਤੇ ਅਧਿਆਤਮਿਕ ਜੀਵਨ ਦੇ ਵਿਕਾਸ ਲਈ ਇੱਕ ਪ੍ਰਬੰਧਕੀ ਮਾਡਲ ਦਿੱਤਾ ਹੈ ਜੋ ਕਿ ਅੱਜ ਵੀ ਪੂਰਨ ਤੌਰ ਤੇ ਸਾਰਥਕ ਪ੍ਰਤੀਤ ਹੁੰਦਾ ਹੈ।

ਉਪਰੋਕਤ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੌਰਾਨ ਪ੍ਰਬੰਧਕੀ ਗੁਣਾਂ ਨੂੰ ਧਾਰਣ ਵੀ ਕੀਤਾ ਹੈ ਅਤੇ ਵਭਿੰਨ ਵਿਧੀਆਂ ਰਾਹੀਂ ਮਨੁੱਖ ਤੱਕ ਪਹੁੰਚਾਇਆ। ਗੁਰੂ ਸਾਹਿਬ ਨੇ ਸਿਧਾਂਤ ਨੂੰ ਵਿਵਹਾਰਿਕ ਰੂਪ ਦੇਣ ਦਾ ਸਫ਼ਲ ਯਤਨ ਕੀਤਾ। ਗੁਰੂ ਸਾਹਿਬਾਨ ਮਨੁੱਖਤਾ ਦੇ ਥੰਭ ਦੇ ਤੌਰ ਤੇ ਸੰਸਾਰ ਵਿੱਚ ਵਿਚਰਦੇ ਹਨ ਅਤੇ ਨੈਤਿਕਤਾ, ਕਦਰਾਂ ਕੀਮਤਾਂ ਤੇ ਮੁੱਲ ਪ੍ਰਬੰਧ ਉਹਨਾਂ ਦੀਆਂ ਨੀਤੀਆਂ ਦਾ ਵਿਸ਼ੇਸ਼ ਹਿੱਸਾ ਰਹੇ

ਹਨ। ਗੁਰੂ ਸਾਹਿਬਾਨ ਦੇ ਜੀਵਨ ਵਿੱਚ ਮੌਜੂਦ ਪ੍ਰਬੰਧਕੀ ਗੁਣ ਅੰਤਰਰਾਸ਼ਟਰੀ ਪੱਧਰ ਤੇ ਲੀਡਰਾਂ ਨੂੰ ਮੁੱਲਾਂ(Values) ਤੇ ਅਧਾਰਿਤ ਪ੍ਰਬੰਧਕੀ ਸਿਸਟਮ ਅਖ਼ਤਿਆਰ ਕਰਨ ਲਈ ਪ੍ਰੇਰਦੇ ਹਨ ਅਤੇ ਇਹ ਹੀ ਟਿਕਾਊ ਵਪਾਰ(Sustainable Trade) ਅਤੇ ਸਫ਼ਲਤਾ ਦਾ ਅਧਾਰ ਹੈ। ਗੁਰੂ ਸਾਹਿਬ ਅਨੁਸਾਰ ਵਪਾਰਿਕ ਨੀਤੀਆਂ ਜਿਹੜੀਆਂ ਸਾਂਝੇ ਤਰੀਕਿਆਂ ਰਾਹੀਂ ਜੋ ਕਿ ਨੈਤਿਕਤਾ ਅਤੇ ਚੰਗੀਆਂ ਕਦਰਾਂ ਕੀਮਤਾਂ ਨੂੰ ਮੁੱਖ ਰੱਖ ਕੇ ਅਪਣਾਈਆਂ ਜਾਣ ਉਹ ਹੀ ਸਰਬੱਤ ਦੇ ਭਲੇ ਤੇ ਅਧਾਰਿਤ ਹੋ ਸਕਦੀਆਂ ਹਨ। ਗੁਰੂ ਸਾਹਿਬ ਜਿੱਥੇ ਵਿਕਾਰਾਂ ਤੋਂ ਰਹਿਤ ਜੀਵਨ ਲਈ ਪ੍ਰੇਰਦੇ ਹਨ ਉਥੇ ਨਾਲ ਹੀ ਪ੍ਰੋਤਸਾਹਨ ਲਈ ਪ੍ਰਭਾਵਸ਼ਾਲੀ ਮਾਡਲ ਪੇਸ਼ ਕਰਦੇ ਹਨ। ਨੈਤਿਕਤਾ ਦਾ ਸਿੱਖ ਮਾਡਲ ਮੌਜੂਦਾ ਵਿਸ਼ਵੀਕਰਨ ਦੇ ਸਮੇਂ ਦੌਰਾਨ ਪ੍ਰਬੰਧਕਾਂ ਲਈ ਸਮਾਜਿਕ ਤੌਰ ਤੇ ਜ਼ਿੰਮੇਵਾਰ ਸੰਸਥਾ ਦਾ ਅਧਾਰ ਹੋ ਸਕਦਾ ਹੈ। ਗੁਰੂ ਸਾਹਿਬ ਦੇ ਸਿਧਾਂਤਾਂ ਰਾਹੀਂ ਜਿਵੇਂ ਕਮਲ ਗੰਦੇ ਪਾਣੀ ਵਿੱਚ ਰਹਿ ਕੇ ਵੀ ਨਿਰਲੇਪ ਰਹਿੰਦਾ ਹੈ ਅਤੇ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ ਉਸੇ ਤਰ੍ਹਾਂ ਸੰਸਥਾਵਾਂ ਵੀ ਵਿਸ਼ਵੀਕਰਨ ਦੇ ਸਮੇਂ ਆਪਣੀ ਵਿਲੱਖਣ ਪਹਿਚਾਣ ਕਾਇਮ ਕਰ ਸਕਦੀਆਂ ਹਨ।

<u>**ਹਵਾਲੇ ਅਤੇ ਟਿੱਪਣੀਆਂ**</u>


1. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ-463
2. ਉਹੀ, ਅੰਗ- 409
3. ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖਾਲਸਾ*, ਪੰਨਾ 964
4. ਸ਼੍ਰੀਦਸਮ ਗ੍ਰੰਥ, ਪੰਨਾ-58
5. ਉਹੀ, ਪੰਨਾ-708
6. ਡਾ. ਜਸਪਾਲ ਕੌਰ ਕਾਂਗ ਅਤੇ ਬਲਜੀਤ ਕੌਰ, *ਬਾਣੀ ਸੰਵੇਦਨਾ*, ਪੰਨਾ-18
7. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ-471
8. ਉਹੀ, ਅੰਗ-473
9. ਉਹੀ, ਅੰਗ-462
10. ਡਾ. ਜਗਬੀਰ ਸਿੰਘ, *ਗੁਰਮਤਿ ਕਾਵਿ ਦਾ ਇਤਿਹਾਸ (ਆਦਿ ਕਾਲ- ਭਗਤੀ ਕਾਲ)* ਪੰਨਾ-7
11. ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਪੰਨਾ 351
12. ਸ਼੍ਰੀਦਸਮ ਗ੍ਰੰਥ 119
13. ਡਾ. ਜਸਪਾਲ ਕੌਰ ਕਾਂਗ ਅਤੇ ਬਲਜੀਤ ਕੌਰ, *ਬਾਣੀ ਸੰਵੇਦਨਾ*, ਪੰਨਾ-18
14. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ 1142
15. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 15
16. Prof. Teja Singh ,*Sikhism : His Ideal and Institutions,* P-39
17. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 992
18. ਉਹੀ, ਅੰਗ 332
19. ਉਹੀ, ਅੰਗ 8
20. ਉਹੀ, ਅੰਗ 596

21. ਉਹੀ, ਅੰਗ 6

22. ਉਹੀ, ਅੰਗ 1

23. ਭਾਈ ਸੰਤੋਖ ਸਿੰਘ, ਸ਼੍ਰੀ ਗੁਰੂ ਨਾਨਕ ਪ੍ਰਕਾਸ਼(ਉਤਰਾਰਧ), ਪੰਨਾ 1152

24. ਪ੍ਰਿੰ. ਸਤਬੀਰ ਸਿੰਘ, ਕੁਦਰਤੀ ਨੂਰ, ਪੰਨਾ 11

25. ਭਾਈ ਸੰਤੋਖ ਸਿੰਘ, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ(ਜ਼ਿਲਦ ਚੌਥੀ), ਪੰਨਾ 1164

26. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 787

27. ਡਾ. ਸੁਤਿੰਦਰ ਸਿੰਘ ਨੂਰ, ਗੁਰੂ ਅੰਗਦ ਦੇਵ ਜੀ ਦੀ ਬਾਣੀ ਸਰੰਚਨਾ, ਪੰਨਾ 8-9

28. Joseph David Cunningham, A History of the Sikhs, Page-44

29. ਡਾ. ਮਹਿੰਦਰ ਕੌਰ ਗਿੱਲ, ਬਾਣੀ ਬਿਬੇਕ, ਪੰਨਾ 17

30. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 966

31. ਉਹੀ, ਅੰਗ 146

32. ਉਹੀ, ਅੰਗ 474

33 ਉਹੀ, ਅੰਗ 1243

34. Kirpal Singh, Perspective on Sikh Gurus, Page 120

35. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 787

36. Kirpal Singh, Sat Sandesh, Vol 4, No. 1, Page 66

37. ਪ੍ਰੋ. ਸਾਹਿਬ ਸਿੰਘ, ਜੀਵਨ ਬ੍ਰਿਤਾਂਤ ਸ਼੍ਰੀ ਗੁਰੂ ਰਾਮਦਾਸ ਜੀ, ਪੰਨਾ 20

38. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 167

39. Max Arther Macauliffe, The Sikh Religion: Its Gurus Sacered Writings and Authors, Page 407

40. ਸਤਿਬੀਰ ਸਿੰਘ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ, ਪੰਨਾ 244

41. SM Latif, A history of Punjab, page 247

42. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 626
43. ਪ੍ਰੋ. ਪੂਰਨ ਸਿੰਘ, ਦਸ ਗੁਰੂ ਦਰਸ਼ਨ, ਪੰਨਾ-74
44. ਉਹੀ, ਪੰਨਾ 77
45. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 298
46. ਉਹੀ, ਅੰਗ 271
47. ਪ੍ਰੋ. ਕਰਤਾਰ ਸਿੰਘ ਐਮ.ਏ., ਸਿੱਖ ਇਤਿਹਾਸ ਭਾਗ 1, ਪੰਨਾ 261
48. ਉਹੀ, ਪੰਨਾ 199
49. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 265
50. ਹਰਨਾਮ ਦਾਸ ਸਹਿਰਾਹੀਂ , ਸਿੱਖੀ ਦਾ ਧੁਰਾ, ਪੰਨਾ 238
51. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 394
52. ਪ੍ਰੋ. ਕਰਤਾਰ ਸਿੰਘ ਐਮ.ਏ., ਸਿੱਖ ਇਤਿਹਾਸ ਭਾਗ 1, ਪੰਨਾ 207
53. GC Narang, Glorious Historty of Sikhism, page 75
54. ਪ੍ਰੋ. ਕਰਤਾਰ ਸਿੰਘ ਐਮ.ਏ., ਸਿੱਖ ਇਤਿਹਾਸ ਭਾਗ 1, ਪੰਨਾ 240
55. ਉਹੀ, ਪੰਨਾ 261
56. ਉਹੀ, ਪੰਨਾ 275-76
57. ਖੁਸ਼ਵੰਤ ਸਿੰਘ, ਸਿੱਖ ਇਤਿਹਾਸ, ਪੰਨਾ 109
58. Max Arther Macauliffe, The Sikh Religion: Its Gurus Sacered Writings and Authors, Page 315
59. ਭਾਈ ਸੰਤੋਖ ਸਿੰਘ, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ(ਜ਼ਿਲਦ ਚੌਥੀ), ਪੰਨਾ 406
60. Max Arther Macauliffe, The Sikh Religion: Its Gurus Sacered Writings and Authors, Page 315
61. ਸ. ਧਰਮ ਸਿੰਘ, ਗੁਰੂ ਤੇਗ ਬਹਾਦਰ ਚਿੰਤਨ ਕਲਾ ਤੇ ਬਾਣੀ, ਪੰਨਾ 371
62. ਬਚਿੱਤਰ ਨਾਟਕ, ਸ਼੍ਰੀਦਸ਼ਮ ਗ੍ਰੰਥ, ਪੰਨਾ 54

63. ਪ੍ਰੋ. ਕਰਤਾਰ ਸਿੰਘ ਐਮ.ਏ., ਸਿੱਖ ਇਤਿਹਾਸ ਭਾਗ 1, ਪੰਨਾ

64. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1352

65. ਬਚਿੱਤਰ ਨਾਟਕ, ਸ਼੍ਰੀਦਸ਼ਮ ਗ੍ਰੰਥ, ਪੰਨਾ 53-54

66. ਸਿਰਦਾਰ ਕਪੂਰ ਸਿੰਘ, ਰਾਜ ਕਰੇਗਾ ਖਾਲਸਾ, ਪੰਨਾ 66

67. ਸ਼੍ਰੀਦਸ਼ਮ ਗ੍ਰੰਥ, ਪੰਨਾ 20

68. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 982

69. ਸ਼੍ਰੀਦਸ਼ਮ ਗ੍ਰੰਥ, ਪੰਨਾ 57

70. ਉਹੀ, ਪੰਨਾ 709

71. ਉਹੀ, ਪੰਨਾ 716

72. ਭਾਈ ਗੁਰਦਾਸ, ਵਾਰ 41

73. ਸ਼੍ਰੀਦਸ਼ਮ ਗ੍ਰੰਥ, ਪੰਨਾ 716

74. ਸ਼੍ਰੀਸਰਬਲੋਹ ਗ੍ਰੰਥ, ਪੰਨਾ 1

75. ਪ੍ਰੋਫੈਸਰ ਸਾਹਿਬ ਸਿੰਘ, ਜੀਵਨ ਬ੍ਰਿਤਾਂਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ 112

76. ਸ਼੍ਰੀਦਸ਼ਮ ਗ੍ਰੰਥ, ਪੰਨਾ 1388

77. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 97

78. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ 1142

# ਅਧਿਆਇ 4

## ਵਪਾਰਿਕ ਨੈਤਿਕਤਾ ਦੇ ਵਭਿੰਨ ਪਹਿਲੂਆਂ ਦਾ ਅਧਿਐਨ: ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿੱਚ (Analysis of the elements of Business Ethics: A perspective of Shri Guru Granth Sahib)

ਨੈਤਿਕਤਾ ਮਨੁੱਖੀ ਵਿਵਹਾਰ ਅਤੇ ਸੁਭਾਅ ਨੂੰ ਸਿੱਧੇ ਅਤੇ ਅਸਿੱਧੇ ਦੋਹਾਂ ਰੂਪਾਂ ਵਿੱਚ ਪ੍ਰਭਾਵਿਤ ਕਰਦੀ ਹੈ। ਇਸ ਰਾਹੀਂ ਸਹੀ-ਗ਼ਲਤ, ਯੋਗ-ਅਯੋਗ, ਨਿਆਂ-ਅਨਿਆਂ ਅਤੇ ਪੂਰਣ-ਅਪੂਰਨ ਦੇ ਮਾਪਦੰਡ ਨਿਸ਼ਚਿਤ ਕੀਤੇ ਜਾਂਦੇ ਹਨ ਅਤੇ ਇਹਨਾਂ ਮਾਪਦੰਡਾਂ ਨੂੰ ਮਨੁੱਖੀ ਕਾਰਜ ਸ਼ੈਲੀ ਵਿੱਚ ਉਦੇਸ਼ਾਂ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ। ਇਹ ਮਾਪਦੰਡ ਆਮ ਤੌਰ ਤੇ ਈਮਾਨਦਾਰੀ, ਇਕਸਾਰਤਾ, ਵਿਸ਼ਵਾਸ, ਜ਼ਿੰਮੇਵਾਰੀ, ਪਾਰਦਰਸ਼ਿਤਾ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਸਬੰਧਿਤ ਹੁੰਦੇ ਹਨ। ਜੇਕਰ ਇੱਕ ਸੱਭਿਅਕ ਸਮਾਜ ਦੀ ਗੱਲ ਕੀਤੀ ਜਾਵੇ ਤਾਂ ਨੈਤਿਕ ਸਿਧਾਂਤ ਕਾਨੂੰਨ ਦੇ ਪਰਸਪਰ ਹਿਤਵਾਦ ਰਾਹੀਂ ਅੱਗੇ ਵੱਧਦੇ ਹਨ ਜਿਸ ਵਿੱਚ ਲੋਕਾਂ ਦੇ ਹੱਕਾਂ ਅਤੇ ਭਾਵਨਾਵਾਂ ਦਾ ਸਨਮਾਨ ਵਿਸ਼ੇਸ਼ ਹੁੰਦਾ ਹੈ। ਇਹਨਾਂ ਸਿਧਾਂਤਾਂ ਵਿੱਚ ਸਮਾਜ ਦੇ ਸੱਭਿਆਚਾਰਕ ਗੁਣਾਂ ਤੋਂ ਇਲਾਵਾਂ ਸਮਾਜਕ ਨੀਤੀਆਂ ਅਤੇ ਸਰਬੱਤ ਦਾ ਭਲਾ ਮੁੱਖ ਹੁੰਦਾ ਹੈ। ਜਦੋਂ ਇਹਨਾਂ ਸਿਧਾਂਤਾਂ ਬਾਰੇ ਸਮਾਜ ਵਿੱਚ ਸਹਿਮਤੀ ਬਣ ਜਾਂਦੀ ਹੈ ਤਾਂ ਕਿਸੇ ਵੀ ਕੰਮ ਦੀ ਤਰਕਸੰਗਕਤਾ, ਯੋਗ-ਅਯੋਗ ਦਾ ਨਿਰਣਾ ਨੈਤਿਕ ਸਿਧਾਂਤਾਂ ਅਨੁਸਾਰ ਕੀਤਾ ਜਾਂਦਾ ਹੈ। ਨੈਤਿਕਤਾ ਹਰ ਇੱਕ ਵਿਅਕਤੀ ਦੇ ਗੁਣਾਂ ਦਾ ਅਹਿਮ ਹਿੱਸਾ ਹੁੰਦੀ ਹੈ ਜੋ ਕਿ ਜਨਮ ਤੋਂ ਹੀ ਅਨੇਕਾਂ ਸਰੋਤਾਂ ਜਿਵੇਂ ਕਿ ਪਰਿਵਾਰ, ਸਮਾਜ ਆਦਿ ਦੀ ਮੱਦਦ ਨਾਲ ਵਿਕਸਿਤ ਹੁੰਦੇ ਹਨ। ਨੈਤਿਕ ਗੁਣ ਸਦੀਵੀ ਵਿਸ਼ੇਸਤਾਂ ਨਹੀਂ ਰੱਖਦੇ ਸਗੋਂ ਇਹ ਸਥਾਨ ਅਤੇ ਸਮੇਂ ਅਨੁਸਾਰ ਨਵੀਨਤਾ ਨੂੰ ਧਾਰਣ ਕਰਦੇ ਹਨ। ਨੈਤਿਕਤਾ ਮਨੁੱਖੀ ਵਿਵਹਾਰ ਵਿੱਚ ਪਛਾਣ ਚਿੰਨ੍ਹ ਵਜੋਂ

ਕਾਰਜ ਕਰਦੀ ਹੈ। ਮਨੁੱਖੀ ਕਾਰਜਾਂ ਵਿਚ ਭਾਵਨਾਵਾਂ, ਧਰਮ ਅਤੇ ਤਰਕ ਦੇ ਅਧਾਰ ਤੇ ਨੈਤਿਕਤਾ ਦਾ ਵਿਕਾਸ ਹੁੰਦਾ ਹੈ ਅਤੇ ਮਨੁੱਖ ਇਸੇ ਅਨੁਸਾਰ ਹੀ ਕਾਰਜਸ਼ੀਲ ਰਹਿੰਦਾ ਹੈ।

ਨੈਤਿਕਤਾ ਨੂੰ ਮਨੁੱਖ ਦੇ ਅੰਤਹਕਰਨ ਦੀ ਅਵਾਜ਼ਜ਼÷ਵੀ ਕਿਹਾ ਜਾ ਸਕਦਾ ਹੈ। ਇਸ ਵਿੱਚ ਕੇਵਲ ਮਨੁੱਖੀ ਸੋਚ ਹੀ ਸ਼ਾਮਿਲ ਨਹੀਂ ਹੁੰਦੀ ਸਗੋਂ ਭਾਵਨਾਵਾਂ ਵੀ ਸ਼ਾਮਿਲ ਹੁੰਦੀਆਂ ਹਨ। ਇਹ (ਦੂਜਿਆਂ ਅੰਦਰ) ਨਿਸ਼ਕਾਮ ਸੇਵਾ ਅਤੇ ਸਮਰਪਣ ਦੀ ਭਾਵਨਾ ਪੈਦਾ ਕਰਦੀ ਹੈ। ਨੈਤਿਕ ਸਿਧਾਂਤ ਸੰਪੂਰਣ ਨਹੀਂ ਹੁੰਦੇ ਸਗੋਂ ਇਹ ਮਨੁੱਖ ਨੂੰ ਜਨਮ ਤੋਂ ਵੀ ਮਿਲਦੇ ਹਨ ਅਤੇ ਮਨੁੱਖ ਆਪਣੇ ਨਿੱਜੀ ਸੁੱਖਾਂ ਲਈ ਇਹਨਾਂ ਵਿੱਚ ਪਰਿਵਰਤਨ ਵੀ ਕਰਦਾ ਹੈ। ਜਦੋਂ ਨੈਤਿਕ ਵਿਵਹਾਰ ਵਿੱਚ ਹੋਰ ਵਾਧਾ ਹੁੰਦਾ ਹੈ ਤਾਂ ਮਨੁੱਖ ਸਭ ਦੀ ਭਲਾਈ ਲਈ ਤਤਪਰ ਰਹਿੰਦਾ ਹੈ ਜਿਸ ਨੂੰ ਗੁਰੂ ਸਾਹਿਬਾਨ Ôਸੇਰਬੱਤ ਦਾ ਭਲਾÓਕਹਿੰਦੇ ਹਨ।

ਵਪਾਰਿਕ ਨੈਤਿਕਤਾ ਵਿਵਹਾਰਿਕ ਨੈਤਿਕਤਾ ਦੀ ਕਿਸਮ ਹੈ ਜਿਸ ਵਿਚ ਨੈਤਿਕਤਾ ਦੇ ਸਿਧਾਤਾਂ ਰਾਹੀਂ ਵਪਾਰਿਕ ਸਮੱਸਿਆਵਾਂ ਦਾ ਹੱਲ ਕੀਤਾ ਜਾਂਦਾ ਹੈ। ਇਸ ਵਿੱਚ ਹਰ ਤਰ੍ਹਾਂ ਦੀਆਂ ਵਪਾਰਿਕ ਗਤੀਵਿਧੀਆਂ ਸ਼ਾਮਿਲ ਹੁੰਦੀਆਂ ਹਨ ਜੋ ਵਪਾਰ ਦੇ ਅੰਦਰੂਨੀ ਅਤੇ ਬਾਹਰੀ ਵਾਤਾਵਰਣ ਨਾਲ ਸਬੰਧਿਤ ਹੁੰਦੀਆਂ ਹਨ। ਵਿਵਹਾਰਿਕ ਨੈਤਿਕਤਾ ਦਾ ਘੇਰਾ ਵਿਸ਼ਾਲ ਹੈ ਇਸ ਵਿੱਚ ਨੈਤਿਕ ਸਮੱਸਿਆਵਾਂ ਜੋ ਕਿਸੇ ਵੀ ਖੇਤਰ ਭਾਵ ਮੈਡੀਕਲ, ਤਕਨੀਕੀ, ਕਾਨੂੰਨੀ ਜਾਂ ਵਪਾਰ ਨਾਲ ਸਬੰਧਿਤ ਹੁੰਦੀਆਂ ਹਨ, ਦੇ ਹੱਲ ਦੀ ਗੱਲ ਕੀਤੀ ਜਾਂਦੀ ਹੈ। ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਡਾ. ਵੀ.ਕੇ. ਸ਼ਰਮਾਂ ਆਧੁਨਿਕ ਸਮੇਂ ਦੇ ਪ੍ਰਸੰਗ ਲਿਖਦਾ ਹੈ –À

> ਮੁਕਾਬਲੇ ਦੇ ਯੁੱਗ ਵਿੱਚ ਸੇਵਾਂ ਤੋਂ ਬਿਨਾਂ ਲਾਭ ਕਮਾਉਣ ਦੀ ਗੱਲ ਇੱਕ ਆਤਮਘਾਤੀ ਕਦਮ ਕਹੀ ਜਾ ਸਕਦੀ ਹੈ। ਆਧੁਨਿਕ ਕਾਰੋਬਾਰੀ ਰਸਕਿਨ ਬਾਂਡ ਦੇ ਅਨੁਸਾਰ Service First and Fee Second ਨੂੰ ਮੂਲ ਮੰਤਰ ਹੋਣਾ ਚਾਹੀਦਾ ਹੈ।Ó

ਮੌਜ਼ੂਦਾ ਸਮੇਂ ਵਪਾਰਿਕ ਨੈਤਿਕਤਾ ਨੂੰ ਵੱਖ ਵੱਖ ਵਿਦਵਾਨਾਂ ਤੇ ਖੋਜਾਰਥੀਆਂ ਦੁਆਰਾ ਨਿੱਜੀ ਅਤੇ ਸਾਰਵਜਨਿਕ ਖੇਤਰਾਂ ਵਿੱਚ ਲਗਾਤਾਰ ਵਿਚਾਰਿਆ ਜਾ ਰਿਹਾ ਹੈ। ਇਸ ਦੇ ਮਹੱਤਵ ਵਿੱਚ ਵਾਧੇ ਦਾ ਅਹਿਮ ਕਾਰਨ ਵਿਸ਼ਵੀਕਰਨ ਰਾਹੀਂ ਨਿਤ ਪ੍ਰਤੀ ਦਿਨ ਪੈਦਾ ਹੁੰਦੀਆਂ ਨਵੀਆਂ ਚੁਣੌਤੀਆਂ ਹਨ ਜਿਹਨਾਂ ਵਿੱਚ ਆਯੋਗ ਅੰਤਰਰਾਸ਼ਟਰੀ ਵਪਾਰਿਕ ਨੀਤੀਆਂ(Wrong International Trade Practices) ਵਿੱਚ ਵਾਧਾ ਸ਼ਾਮਿਲ ਹੈ। ਵਪਾਰਿਕ ਅਦਾਰਿਆਂ ਵਿੱਚ ਰਿਸ਼ਵਤ-ਖੋਰੀ, ਵੱਡੇ ਘੁਟਾਲੇ ਅਤੇ ਗੈਰ ਸੰਵਿਧਾਨਿਕ ਲਾਭ ਕਮਾਉਣ ਦੇ ਤਰੀਕੇ ਇਸ ਦੀ ਮਹੱਤਤਾ ਵਿੱਚ ਲਗਾਤਾਰ ਵਾਧਾ ਕਰ ਰਹੇ ਹਨ। ਸੱਤਿਅਮ ਘੁਟਾਲਾ, 2ਜੀ ਘੁਟਾਲਾ ਆਦਿ ਨੇ ਅੰਸ਼ਧਾਰਕਾਂ ਦੇ ਵਿਸ਼ਵਾਸ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ। ਅਜਿਹੀਆਂ ਗਤੀਵਿਧੀਆਂ ਦੇ ਲਗਾਤਾਰ ਵਾਧੇ ਨੇ ਸੁਧਾਰ ਨਾਲ ਸਬੰਧਿਤ ਨਿਯਮਾਂ ਅਤੇ ਵਪਾਰਿਕ ਨੈਤਿਕਤਾ ਨੂੰ ਵਧਾਉਣ ਲਈ ਸਿੱਖਆ ਸ਼ਾਸਤਰੀਆਂ, ਖੋਜਾਰਥੀਆਂ ਦਾ ਧਿਆਨ ਇਸ ਪਾਸੇ ਲਿਆਂਦਾ ਹੈ। 21ਵੀਂ ਸਦੀ ਵਿੱਚ ਕੇਵਲ ਨੈਤਿਕਤਾ ਅਧਾਰਿਤ ਵਪਾਰਿਕ ਅਦਾਰਿਆਂ ਦੀ ਸਾਖ਼ ਵਿੱਚ ਲਗਾਤਾਰ ਵਾਧਾ ਹੋਇਆ ਹੈ। ਅਜਿਹੀਆਂ ਘਟਨਾਵਾਂ ਕਾਰਨ ਵਪਾਰ ਦੇ ਹਿੱਸੇਦਾਰਾਂ ਦਾ ਮਨੋਬਲ ਡਿੱਗਦਾ ਹੈ ਕਿਉਂਕਿ ਵਪਾਰ ਦੇ ਲੰਬੇ ਸਮੇਂ ਦੇ ਵਿਕਾਸ ਨੂੰ ਇਹਨਾਂ ਤੋਂ ਬਿਨ੍ਹਾਂ ਸੁਨਿਸਚਿਤ ਨਹੀਂ ਕੀਤਾ ਜਾ ਸਕਦਾ ਹੈ। ਇਸੇ ਸੰਦਰਭ ਵਿੱਚ ਪ੍ਰਸਿੱਧ ਪ੍ਰਬੰਧ ਵਿਗਿਆਨੀ ਆਰ.ਕੇ. ਸ਼ਰਮਾਂ ਦੇ ਵਿਚਾਰ ਸਾਰਥਕ ਪ੍ਰਤੀਤ ਹੁੰਦੇ ਹਨ-

> ਪ੍ਰਬੰਧ ਦੁਆਰਾ ਹਿੱਸੇਦਾਰਾਂ ਤੋਂ ਕੋਈ ਸੂਚਨਾ ਛਿਪਾਉਣ ਦਾ ਯਤਨ ਕਰਨਾ ਵਿਉਪਾਰ ਦੇ ਵਿਕਾਸ ਤੇ ਬੁਰਾ ਪ੍ਰਭਾਵ ਪਾਉਣਾ ਹੈ। ਲੋਕ ਪ੍ਰਬੰਧ ਦੀਆਂ ਗੱਲਾਂ ਤੇ ਵਿਸ਼ਵਾਸ਼ ਕਰਨਾ ਛੱਡਣ ਲੱਗ ਜਾਂਦੇ ਹਨ। ਉੱਦਮ ਦੇ ਸਵਸੱਥ ਵਿਕਾਸ ਦੇ ਲਈ ਹਿੱਸੇਦਾਰਾਂ ਨੂੰ ਵਿਉਪਾਰ ਦੇ ਕੰਮ-ਕਾਜ ਦੀ ਪੂਰੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।[8]

ਬੁੱਧੀਜੀਵੀਆਂ ਦੁਆਰਾ ਧਰਮ ਅਤੇ ਅਧਿਆਤਮਿਕਤਾ ਦੇ ਸਬੰਧ ਨੂੰ ਵਪਾਰਿਕ ਕਾਰਜ ਪ੍ਣਾਲੀ ਵਿਚ ਦਰਸਾਉਣ ਲਈ ਅਨੇਕਾਂ ਕਾਰਜ ਕੀਤੇ ਗਏ ਹਨ ਜੋ ਕਿ ਤਰਕਸੰਗਤ ਵੀ ਹਨ। ਭਵਿੱਖੀ ਸਮੇਂ ਦੌਰਾਨ ਇਸ ਦੀ ਮਹੱਤਤਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਸਗੋਂ ਇਹ ਵਪਾਰਿਕ ਨੀਤੀ ਘਾੜਿਆਂ ਲਈ ਵਪਾਰਿਕ ਉਪਲੱਬਧੀਆਂ ਦਾ ਅਧਾਰ ਬਣ ਸਕਦੇ ਹਨ। ਧਰਮ ਅਤੇ ਵਪਾਰ ਦੇ ਵਿੱਚ ਸਬੰਧ ਸਥਾਪਿਤ ਕਰਕੇ ਵਪਾਰਿਕ ਨੈਤਿਕਤਾ ਰਾਹੀਂ ਜਿੱਥੇ ਨਿਵੇਸ਼ਕਾਂ ਦੇ ਮਨੋਬਲ ਵਿੱਚ ਵਾਧਾ ਹੋਵੇਗਾ ਉੱਥੇ ਨਾਲ ਹੀ ਇੱਕ ਟਿਕਾਊ ਵਪਾਰਿਕ ਵਾਤਾਵਰਣ ਨੂੰ ਸਿਰਜਿਆ ਜਾ ਸਕਦਾ ਹੈ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਵਿਸ਼ਵ ਦੇ ਵੱਖ-ਵੱਖ ਧਰਮ ਗ੍ਰੰਥਾਂ ਅੰਦਰ ਨੈਤਿਕਤਾ ਤੇ ਅਧਾਰਿਤ ਨੀਤੀਆਂ ਨੂੰ ਸਮਰਥਨ ਦਿੱਤਾ ਗਿਆ ਜੋ ਕਿ ਵਪਾਰਿਕ ਕਦਰਾਂ ਕੀਮਤਾਂ ਦਾ ਅਧਾਰ ਬਣ ਸਕਦੀਆਂ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਨੈਤਿਕਤਾ ਤੇ ਅਧਾਰਿਤ ਵਪਾਰਿਕ ਮਾਹੌਲ ਸਿਰਜਣ ਦੀ ਗੱਲ ਕੀਤੀ ਗਈ ਹੈ ਸੱਚੇ ਵਪਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਉਨਾਂ ਨੂੰ ਮਿਲਣ ਵਾਲੇ ਲਾਭਾਂ ਦੀ ਗੱਲ ਕੀਤੀ ਗਈ ਹੈ ਇਸੇ ਪ੍ਰਸੰਗ ਵਿਚ ਗੁਰੂ ਸਾਹਿਬ ਲਿਖਦੇ ਹਨ-

ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ॥[3]

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਪਾਰਿਕ ਨੈਤਿਕਤਾ ਨਾਲ ਸਬੰਧਿਤ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ, ਬਾਣੀ ਦੇ ਰਚਣਹਾਰੇ ਜਿੱਥੇ ਮਨੁੱਖ ਨੂੰ ਜੀਵਨ ਵਿੱਚ ਨੈਤਿਕਤਾ ਧਾਰਣ ਕਰਨ ਲਈ ਪ੍ਰੇਰਦੇ ਹਨ ਉੱਥੇ ਨਾਲ ਹੀ ਕੰਮ ਦੇ ਸਥਾਨ ਤੇ ਵੀ ਨੈਤਿਕਤਾ ਨੂੰ ਅਪਨਾਉਣ ਤੇ ਵਿਸ਼ੇਸ ਜ਼ੋਰ ਦਿੰਦੇ ਹਨ। ਇਸ ਸਬੰਧੀ ਅਨੇਕਾਂ ਹੀ ਉਦਾਹਰਣਾਂ ਗੁਰੂ ਸਹਿਬਾਨ ਦੇ ਸੰਸਾਰਿਕ ਜੀਵਨ ਤੋਂ ਵੀ ਮਿਲਦੀਆਂ ਹਨ ਜੋ ਕਿ ਪਿੱਛਲੇ ਅਧਿਆਇ ਵਿੱਚ ਵਿਸਥਾਰਪੂਰਵਕ ਵਰਣਨ ਕੀਤੀਆਂ ਗਈਆਂ ਹਨ। ਇਸ ਅਧਿਆਇ ਵਿੱਚ ਨੈਤਿਕਤਾ ਦੇ ਸਿਧਾਂਤਾਂ ਦਾ ਸੂਖ਼ਮ ਵਰਣਨ ਸ਼ਾਮਿਲ ਹੈ ਜੋ ਕਿ ਸਿੱਧੇ ਅਤੇ ਅਸਿੱਧੇ ਦੋਹਾਂ ਰੂਪਾਂ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੈ।

### 4.1 ਭਰੋਸੇਯੋਗਤਾ (Trustworthiness)

ਭਰੋਸੇਯੋਗਤਾ ਨੂੰ ਵਪਾਰਿਕ ਨੈਤਿਕਤਾ ਦੀ ਕੁੰਜੀ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਆਕਸਫੋਰਡ ਡਿਕਸ਼ਨਰੀ ਅਨੁਸਾਰ "Trustworthiness is the ability to be relied on as honest or Truthfull"[4] ਭਰੋਸੇਯੋਗਤਾ ਸਦਾਚਾਰਕ ਗੁਣਾਂ ਉੱਤੇ ਅਧਾਰਿਤ ਇੱਕ ਵਿਸ਼ੇਸ਼ ਗੁਣ ਹੈ ਜਿਸ ਰਾਹੀਂ ਸੱਚਾਈ ਨੂੰ ਮੁੱਖ ਰੱਖ ਕੇ ਨੈਤਿਕਤਾ ਨੂੰ ਕੰਮ ਦੇ ਸਥਾਨ ਤੇ ਲਾਗੂ ਕੀਤਾ ਜਾ ਸਕਦਾ ਹੈ। ਭਰੋਸੇਯੋਗਤਾ ਨੂੰ ਸੱਚਾਈ, ਨਿਰਭਰਤਾ, ਜ਼ਿੰਮੇਵਾਰੀ ਅਤੇ ਉੱਚਤਤਾ ਦੇ ਸਮਾਨਆਰਥਕ ਵਜੋਂ ਲਿਆ ਜਾ ਸਕਦਾ ਹੈ। ਭਰੋਸੇਯੋਗਤਾ ਦੀ ਕਮੀ ਉੱਥੇ ਹੁੰਦੀ ਹੈ ਜਿੱਥੇ ਕਹੇ ਗਏ ਕੰਮ ਦੀ ਜਗ੍ਹਾ ਦੂਜਾ ਕੰਮ ਕੀਤਾ ਜਾਵੇ ਭਾਵ ਜਿੱਥੇ ਸਿਧਾਂਤ ਅਤੇ ਵਿਵਹਾਰਿਕਤਾ ਵਿੱਚ ਅੰਤਰ ਹੋਵੇ। ਸਚਾਈ ਦੇ ਮਹੱਤਵ ਤੋਂ ਮੌਜੂਦਾ ਸਮੇਂ ਮੁਨਕਰ ਨਹੀਂ ਹੋਇਆ ਜਾ ਸਕਦਾ ਜੋ ਕਿ ਪੁਰਾਤਨ ਸਮੇਂ ਤੋਂ ਹੀ ਇਹ ਵਪਾਰ ਵਿੱਚ ਪ੍ਰਧਾਨ ਗੁਣ ਲਾਗੂ ਕੀਤੀ ਗਈ ਹੈ। ਵਪਾਰ ਵਿੱਚ ਭਰੋਸੇਯੋਗਤਾ ਤੋਂ ਬਿਨ੍ਹਾਂ ਵਪਾਰਿਕ ਕੰਮਾਂ ਦੀ ਕੁਸ਼ਲਤਾ ਵਿੱਚ ਕਮੀ ਆਉਂਦੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੰਮ ਪ੍ਰਤੀ ਈਮਾਨਦਾਰੀ ਦਾ ਜ਼ਿਕਰ ਅਨੇਕਾਂ ਵਾਰ ਹੋਇਆ ਹੈ:-

ਸਚੁ ਵਾਪਾਰੁ ਕਰਹੁ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥[5]

ਭਾਵ ਅਸਲੀ ਅਤੇ ਸੱਚੇ ਵਪਾਰੀ ਉਹ ਹਨ ਜਿਨ੍ਹਾਂ ਦੇ ਵਪਾਰ ਵਿੱਚ ਸੱਚ ਦਾ ਸੰਕਲਪ ਮੌਜੂਦਾ ਹੈ ਭਾਵ ਜੋ ਦੂਜਿਆਂ ਦੇ ਭਰੋਸੇ ਨੂੰ ਬਣਾ ਕੇ ਰੱਖਦੇ ਹੋਏ ਵਪਾਰ ਕਰਦਾ ਹੈ ਗੁਰੂ ਸਾਹਿਬ ਦਾ ਕਥਨ ਹੈ-

ਧਨੁ ਵਾਪਰੀ ਨਾਨਕਾ ਜਿਨਾ ਨਾਮ ਧਨੁ ਖਟਿਆ ਆਇ॥[6]

ਗੁਰਬਾਣੀ ਅਨੁਸਾਰ ਅਜਿਹੇ ਮਨੁੱਖ ਜਿਹਨਾਂ ਦਾ ਵਪਾਰ ਸੱਚ ਤੇ ਅਧਾਰਿਤ ਹੈ ਭਾਵ ਸਦਾਚਾਰਤਾ ਅਤੇ ਜ਼ਿੰਮੇਵਾਰੀ ਦੇ ਸਿਧਾਂਤਾਂ ਅਨੁਸਾਰ ਹੈ ਉਨਾਂ ਨੂੰ ਕਦੇ ਵੀ ਘਾਟਾ ਨਹੀਂ ਹੁੰਦਾ ਸਗੋਂ ਵਪਾਰਿਕ ਸਥਿਰਤਾ ਵਿਚ ਵਾਧਾ ਹੁੰਦਾ ਹੈ ਜਿਸ ਦਾ ਅਧਾਰ ਭਰੋਸੇਯੋਗਤਾ ਹੀ ਹੈ।

ਇਸ ਪ੍ਰਕਾਰ ਗੁਰੂ ਸਾਹਿਬਾਨ ਜਿੱਥੇ ਚੰਗੇ ਵਿਵਹਾਰ ਅਤੇ ਜੀਵਨ ਵਿੱਚ ਸੱਚ ਨੂੰ ਧਾਰਣ ਕਰਨ ਲਈ ਪ੍ਰੇਰਦੇ ਹਨ ਉੱਥੇ ਨਾਲ ਹੀ ਇਹ ਵੀ ਸਪਸ਼ਟ ਕਰਦੇ ਹਨ ਕਿ ਭਰੋਸੇਯੋਗਤਾ ਸੱਚੇ ਵਪਾਰ ਵਿੱਚ ਸੰਭਵ ਹੈ ਅਤੇ ਚੰਗਾ ਵਪਾਰ ਸੱਚਿਆਰ ਮਨੁੱਖਾਂ ਤੋਂ ਬਿਨ੍ਹਾਂ ਸੰਭਵ ਨਹੀਂ। ਕਾਰਪੋਰੇਟ ਸੈਕਟਰ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਭਰੋਸੇਯੋਗਤਾ ਨੂੰ ਕਾਇਮ ਰੱਖਣ ਲਈ ਈਮਾਨਦਾਰੀ ਸਹਿਤ ਵਪਾਰਿਕ ਸੰਸਥਾ ਦੀ ਅਸਲ ਤਸਵੀਰ ਦੂਜਿਆਂ ਦੇ ਸਾਹਮਣੇ ਪੇਸ਼ ਕਰਨ, ਟੈਕਸ ਦਾ ਭੁਗਤਾਨ ਕਰਨ, ਅੰਸ਼ਧਾਰਕਾਂ ਦਾ ਬਣਦਾ ਹੱਕ ਦੇਣ,ਅਤੇ ਕਰਮਚਾਰੀਆਂ ਦੀ ਤਨਖਾਹ ਸਮੇਂ ਸਿਰ ਦੇਣ। ਗੁਰੂ ਸਾਹਿਬ ਅਨੁਸਾਰ ਮਾਇਆ ਜਾਂ ਧਨ ਪਦਾਰਥਾਂ ਨੂੰ ਦੂਸਰਿਆਂ ਵਿੱਚ ਵੰਡਿਆ ਘਟਦਾ ਨਹੀਂ ਸਗੋਂ ਜਿੱਥੇ ਦੂਜਿਆਂ ਨਾਲ ਵੰਡਣ ਦੀ ਪ੍ਰਵਿਰਤੀ ਮੌਜੂਦਾ ਹੋਵੇ ਉੱਥੇ ਹਮੇਸ਼ਾਂ ਵਾਧਾ ਹੀ ਹੁੰਦਾ ਹੈ ਜਿਵੇਂ ਕਿ ਗੁਰੂ ਲਿਖਦੇ ਹਨ-

ਖਾਵਹਿ ਖਰਚਹਿ ਰਲਿ ਮਿਲਿ ਭਾਈ।।
ਤੋਟਿ ਨ ਆਵੈ ਵਧਦੋ ਜਾਈ।।[7]

ਦੂਸਰੇ ਦਾ ਹੱਕ ਮਾਰਨਾ ਜਾਂ ਚੋਰੀ ਕਰਨ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅਨੈਤਿਕਾ ਦਾ ਅਧਾਰ ਦੱਸਿਆ ਗਿਆ ਹੈ, ਗੁਰੂ ਸਾਹਿਬ ਅਨੁਸਾਰ ਕਿਸੇ ਦੂਜੇ ਦਾ ਹੱਕ ਖਾਣ ਉਸੇ ਤਰ੍ਹਾਂ ਹੀ ਹੈ ਜਿਵੇਂ ਮੁਸਲਮਾਨ ਲਈ ਸੂਰ ਦਾ ਅਤੇ ਹਿੰਦੂ ਲਈ ਗਊ ਦਾ ਮਾਸ ਖਾਣਾ, ਪਰਮਾਤਮਾ ਮਨੁੱਖ ਦੀ ਸਹਾਇਤਾ ਫਿਰ ਹੀ ਕਰਦਾ ਹੈ ਜਦੋਂ ਦੂਜਿਆਂ ਦਾ ਸ਼ੋਸ਼ਣ ਨਾ ਕੀਤਾ ਜਾਵੇ। ਇਸ ਸੰਦਰਭ ਵਿਚ ਗੁਰੂ ਸਾਹਿਬ ਲਿਖਦੇ ਹਨ-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।[8].

ਜੇਕਰ ਵਪਾਰ ਵਿੱਚ ਅਨੈਤਿਕ ਗਤੀਵਿਧੀਆਂ ਇੱਕ ਲੰਬੇ ਸਮੇਂ ਤੱਕ ਚਲਦੀਆਂ ਰਹਿੰਦੀਆਂ ਹਨ ਅਤੇ ਜੇਕਰ ਇਨਾਂ ਨੂੰ ਖ਼ਤਮ ਕਰਨ ਦਾ ਯਤਨ ਨਹੀਂ ਕੀਤਾ ਜਾਂਦਾ ਤਾਂ ਸੰਸਥਾ ਦੀ ਸਾਖ (Goodwill) ਖ਼ਤਮ ਹੋ ਜਾਂਦੀ ਹੈ। ਗੁਰੂ ਸਾਹਿਬ ਅਨੁਸਾਰ ਮਨਮੁੱਖ ਭਾਵ ਜਿਸ ਤੇ ਕੋਈ ਭਰੋਸਾ ਨਹੀਂ ਕਰਦਾ, ਕੋਈ ਵਿਸ਼ਵਾਸ ਨਹੀਂ ਕਰਦਾ ਤੇ ਨਾ ਹੀ ਉਸ ਦਾ ਕੋਈ ਮਾਣ ਸਨਮਾਨ ਕਰਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਕਾਲ ਪੁਰਖ (ਪ੍ਰਭੂ) ਦੇ ਦਰਬਾਰ ਵਿੱਚ ਸਭ ਦਾ ਲੇਖਾ ਜੋਖਾ ਹੁੰਦਾ ਹੈ। ਜਿਹਨਾਂ ਦੇ ਕਰਮ ਹੀ ਮਾੜੇ ਹਨ ਉਹਨਾਂ ਨੂੰ ਉੱਥੇ ਸ਼ਰਮਿੰਦਗੀ ਹੀ ਹਾਂਸਿਲ ਹੁੰਦੀ ਹੈ।

## 4.2 ਲੋਕ, ਧਰਤੀ ਅਤੇ ਲਾਭ ਦਾ ਸੰਕਲਪ (People, Planet and profit paradigm)

ਮਨੁੱਖ ਹਮੇਸ਼ਾਂ ਹੀ ਆਪਣੇ ਕੰਮਾਂ ਵਿੱਚ ਉਦੇਸ਼ ਅਤੇ ਅਰਥ ਰਾਹੀਂ ਕੁਝ ਨਾ ਕੁਝ ਹਾਂਸਿਲ ਕਰਨ ਦਾ ਯਤਨ ਕਰਦਾ ਰਹਿੰਦਾ ਹੈ। ਕੰਮਾਂ ਰਾਹੀਂ ਨਿੱਜੀ ਉਦੇਸ਼ਾਂ ਦੀ ਪੂਰਤੀ ਕਰਨਾ ਮਨੁੱਖ ਦਾ ਸੁਭਾਅ ਹੈ। ਜੇਕਰ ਮਨੁੱਖੀ ਕੁਸ਼ਲਤਾ ਨੂੰ ਪੂਰੀ ਤਰ੍ਹਾਂ ਵਰਤਿਆ ਜਾਵੇ ਤਾਂ ਵੱਡੇ ਵੱਡੇ ਉਦੇਸ਼ ਸੌਖ ਨਾਲ ਪੂਰੇ ਕੀਤੇ ਜਾ ਸਕਦੇ ਹਨ। ਵਪਾਰਿਕ ਕਿਰਿਆਵਾਂ ਵਿੱਚ ਕਰਮਚਾਰੀ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਯੋਗ ਕਰਮਚਾਰੀਆਂ ਦੀ ਮੱਦਦ ਨਾਲ ਵਪਾਰਿਕ ਇਕਸੁਰਤਾ ਵਿੱਚ ਵਾਧਾ ਹੁੰਦਾ ਹੈ। ਪ੍ਰਬੰਧਕਾਂ ਨੂੰ ਪਹਿਲਾਂ ਖ਼ੁਦ ਨੂੰ ਯੋਗ ਕਰਨਾ ਪੈਦਾ ਹੈ ਫਿਰ ਹੀ ਦੂਜਿਆਂ ਨੂੰ ਕੰਟਰੋਲ ਕਰਕੇ ਅਨੁਸ਼ਾਸਨ ਅਤੇ ਨੈਤਿਕਤਾ ਨੂੰ ਲਾਗੂ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਅਨੁਸਾਰ ਜਦੋਂ ਮਨੁੱਖ ਨੂੰ ਖ਼ੁਦ ਦੀ ਪਹਿਚਾਣ ਹੁੰਦੀ ਹੈ ਤਾਂ ਹੀ ਉਹ ਦੂਜਿਆਂ ਨੂੰ ਜਾਣ ਸਕਦਾ ਹੈ, ਗੁਰੂ ਸਾਹਿਬ ਬਾਣੀ ਵਿਚ ਲਿਖਦੇ ਹਨ-

ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥[9]

ਜਦੋਂ ਲੀਡਰ ਦੀ ਗੱਲ ਕੀਤੀ ਜਾਂਦੀ ਹੈ ਤਾਂ ਲੀਡਰ ਅੰਦਰ ਅਜਿਹੇ ਗੁਣ ਹੋਣੇ ਚਾਹੀਦੇ ਹਨ ਕਿ ਦੂਜੇ ਵੀ ਉਸ ਤੇ ਵਿਸ਼ਵਾਸ ਕਰ ਸਕਣ। ਚੇਲਾ ਜਿੱਥੇ ਗੁਰੂ ਦੇ ਦੱਸੇ ਰਸਤੇ ਤੇ

ਚਲਦਾ ਹੈ ਉੱਥੇ ਨਾਲ ਹੀ ਉਸ ਅੰਦਰ ਗੁਰੂ ਵਰਗਾ ਬਣਨ ਦੀ ਤਾਂਘ ਵੀ ਪੈਦਾ ਹੋ ਜਾਂਦੀ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਸ੍ਰੇਸ਼ਠ ਮਨੁੱਖ ਦੀ ਤਸਵੀਰ ਬਾਣੀ ਵਿੱਚ ਇਸ ਪ੍ਰਕਾਰ ਪੇਸ਼ ਕਰਦੇ ਹਨ:-

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥
ਸਾਧਸੰਗਿ ਜਾ ਕਾ ਮਿਟੈ ਅਭਿਮਾਨੁ॥
ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
ਮਨ ਅਪੁਨੇ ਤੇ ਬੁਰਾ ਮਿਟਾਨਾ॥
ਪੇਖੈ ਸਗਲ ਸ੍ਰਿਸਟਿ ਸਾਜਨਾ॥
ਸੂਖ ਦੂਖ ਜਨ ਸਮ ਦ੍ਰਿਸਟੇਤਾ॥
ਨਾਨਕ ਪਾਪ ਪੁੰਨ ਨਹੀ ਲੇਪਾ॥[10]

ਵਾਤਾਵਰਣ ਅੱਜ ਦੇ ਸਮੇਂ ਅਲੱਗ ਅਲੱਗ ਤਰੀਕਿਆਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਅੱਜ ਦੇ ਸਮੇਂ ਵਾਤਾਵਰਣ ਉੱਤੇ ਬੁਰੇ ਪ੍ਰਭਾਵ ਸਾਰੀ ਮਨੁੱਖਤਾ ਲਈ ਚਿੰਤਾ ਦਾ ਕਾਰਣ ਬਣੇ ਹੋਏ ਧਰਤੀ ਦੇ ਅਨੇਕਾਂ ਹੀ ਸੋਮੇਂ ਜੋ ਮਨੁੱਖ ਨੂੰ ਕੁਦਰਤ ਵੱਲੋਂ ਤੋਹਫੇ ਵਜੋਂ ਮਿਲੇ ਹਨ ਪਰ ਕੁਦਰਤ ਦੇ ਨਿਯਮਾਂ ਦੇ ਵਿਰੁੱਧ ਹੋ ਕੇ ਮਨੁੱਖ ਨੇ ਨਿੱਜੀ ਸੁਆਰਥਾਂ ਲਈ ਉਹਨਾਂ ਦਾ ਵੱਡੇ ਪੱਧਰ ਤੇ ਘਾਣ ਕੀਤਾ ਹੈ ਅਤੇ ਇਹ ਵਰਤਾਰਾ ਹੁਣ ਵੀ ਲਗਾਤਾਰ ਜਾਰੀ ਹੈ। ਅਜੋਕੇ ਸਮੇਂ ਵਿੱਚ ਨਵੀਆਂ ਤਕਨੀਕਾਂ ਰਾਹੀਂ ਮਨੁੱਖ ਨੇ ਲਾਭ ਹਾਂਸਿਲ ਕਰਨ ਦੇ ਨਵੇਂ ਨਵੇਂ ਤਰੀਕੇ ਜ਼ੂਰ ਲੱਭ ਲਏ ਹਨ ਪਰ ਵਾਤਾਵਰਣ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਸ਼੍ਰੀ ਗੁਰੂ ਗ੍ਰੰਥ

ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਵਾਤਾਵਰਣ ਅਤੇ ਇਸ ਦੇ ਤੱਤਾਂ ਨੂੰ ਮਨੁੱਖ ਦੀ ਜ਼ਿੰਦਗੀ ਦਾ ਮਹੱਤਵਪੂਰਣ ਅੰਗ ਦੱਸਦੇ ਹੋਏ ਲਿਖਦੇ ਹਨ:-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥[11]

ਜੇਕਰ ਅਜੋਕੇ ਸਮੇਂ ਵਿੱਚ ਕੁਦਰਤੀ ਸਰੋਤਾਂ ਨੂੰ ਲੋੜ ਤੋਂ ਵੱਧ ਵਰਤਿਆ ਜਾਵੇ ਜਾਂ ਪ੍ਰਦੂਸ਼ਿਤ ਕੀਤਾ ਜਾਵੇ ਤਾਂ ਇਸ ਦੇ ਭਵਿੱਖਮੁਖੀ ਨਤੀਜੇ ਖ਼ਤਰਨਾਕ ਹੋਣੇ ਸੁਭਾਵਿਕ ਹੀ ਹਨ। ਗੁਰੂ ਸਹਿਬਾਨ ਨੇ ਕੁਦਰਤ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਅਨੇਕਾਂ ਹੀ ਵਾਰ ਜੰਗਲਾਂ, ਪਰਬਤਾਂ, ਪਾਣੀ ਦੇ ਝਰਨਿਆਂ ਅਤੇ ਜੀਵ ਜੰਤੂਆਂ ਦਾ ਜ਼ਿਕਰ ਬਾਣੀ ਵਿੱਚ ਕੀਤਾ ਹੈ। ਗੁਰੂ ਸਾਹਿਬ ਨੇ ਕੁਦਰਤੀ ਤੱਤਾਂ, ਰਾਤਾਂ, ਰੁੱਤਾਂ, ਥਿਤਾਂ, ਹਵਾ, ਪਾਣੀ, ਅੱਗ ਆਦਿ ਦਾ ਜ਼ਿਕਰ ਕਰਦਿਆਂ ਧਰਮ ਅਤੇ ਕੁਦਰਤ ਦੇ ਅਨਿੱਖੜਵੇਂ ਸਬੰਧ ਨੂੰ ਇਉਂ ਪੇਸ਼ ਕੀਤਾ ਹੈ:-

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥[12]

ਗੁਰੂ ਸਾਹਿਬ ਨੇ ਜਿੱਥੇ ਧਰਤੀ ਨੂੰ ਧਰਮ ਦਾ ਘਰ ਦੱਸਿਆ ਹੈ ਉੱਥੇ ਨਾਲ ਗੁਰੂ ਸਾਹਿਬ ਜੀਵਨ ਵਿੱਚ ਨੈਤਿਕਤਾ ਭਾਵ ਚੰਗੇ ਗੁਣਾਂ ਦੀ ਪ੍ਰਾਪਤੀ ਲਈ ਮਨੁੱਖ ਦੇ ਕਾਰਜਾਂ ਨੂੰ ਕੁਦਰਤੀ ਪ੍ਰਤੀਬਿੰਬਾਂ ਰਾਹੀਂ ਸਮਝਾਉਂਦੇ ਹਨ। ਗੁਰੂ ਜੀ ਸਮਝਾਉਂਦੇ ਹਨ ਕਿ ਹੇ ਮਨੁੱਖ ਤੂੰ ਆਪਣੀ ਸਰੀਰ ਨੂੰ ਪੈਲੀ ਸਮਝ ਅਤੇ ਚੰਗੇ ਕਰਮਾਂ ਰੂਪੀ ਫ਼ਸਲ ਬੀਜ ਅਤੇ ਪਰਮਾਤਮਾ ਦਾ ਨਾਮ ਰੂਪੀ ਪਾਣੀ ਦੇ, ਆਪਣੇ ਦਿਮਾਗ ਨੂੰ ਕਿਸਾਨ ਸਮਝ ਅਜਿਹਾ ਕਰਨ ਨਾਲ ਮਨੁੱਖ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਵੇਗਾ ਅਤੇ ਨੈਤਿਕ ਗੁਣਾਂ ਦੀ ਪ੍ਰਾਪਤੀ ਇਉਂ ਹੋਵੇਗੀ-

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆ ਪਾਉ ਸਾਰਿੰਗਪਾਣੀ॥

ਮਨੁ ਕਿਰਸਾਣੁ ਹਰਿ ਰਿਦੈ ਜੰਮਾਇਲੈ ਇਉ ਪਾਵਸਿ ਪਦੁ ਨਿਰਬਾਣੀ॥[13]

ਅੱਜ ਤੋਂ ਕੁਝ ਦਹਾਕੇ ਪਹਿਲਾ ਲਾਭ ਹਾਂਸਿਲ ਕਰਨ ਨੂੰ ਹੀ ਵਪਾਰ ਦਾ ਮੁੱਖ ਮਕਸਦ ਸਮਝਿਆ ਜਾਂਦਾ ਸੀ। ਲਾਭ ਹਾਂਸਿਲ ਕਰਨ ਸਮੇਂ ਨੈਤਿਕਤਾ ਨੂੰ ਨਹੀਂ ਸਗੋਂ ਹਰ ਹੀਲੇ ਲਾਭ ਵਧਾਉਣ ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਸੀ ਪਰ ਅਜੋਕੇ ਸਮੇਂ ਵਿੱਚ ਇਹ ਧਾਰਣਾ ਸਫ਼ਲ ਹੋ ਚੁੱਕੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਾਭ ਹਾਂਸਿਲ ਕਰਨ ਲਈ ਗ਼ਲਤ ਤਰੀਕਿਆਂ ਦੀ ਵਰਤੋਂ ਦਾ ਪੂਰੀ ਤਰ੍ਹਾਂ ਨਾਲ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬ ਬਾਣੀ ਵਿੱਚ ਸਮਝਾਉਂਦੇ ਹਨ ਕਿ ਵਪਾਰੀ ਨਿਸਚਿਤ ਲਾਭਾਂ ਨੂੰ ਹਾਂਸਿਲ ਕਰਨ ਲਈ ਇੱਕਠੇ ਹੁੰਦੇ ਹਨ ਪਰ ਜੋ ਵਪਾਰੀ ਸੱਚ ਨੂੰ ਅਧਾਰ ਬਣਾਉਂਦਾ ਹੈ ਉਸ ਨੂੰ ਯੋਗ ਲਾਭ ਹਾਂਸਿਲ ਹੁੰਦਾ ਹੈ। ਗੁਰੂ ਨੂੰ ਮਿਲਣ ਕਾਰਨ ਉਸ ਅੰਦਰੋਂ ਲਾਲਚ ਖ਼ਤਮ ਹੋ ਜਾਂਦੇ ਹਨ ਜਿਸ ਦਾ ਪ੍ਰਮਾਣ ਬਾਣੀ ਵਿੱਚ ਵੀ ਪ੍ਰਾਪਤ ਹੁੰਦਾ ਹੈ-

ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥

ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥

ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ॥[14]

ਗੁਰੂ ਸਾਹਿਬ ਅਨੁਸਾਰ ਗੁਰੂ ਦੀਆਂ ਨੈਤਿਕ ਸਿੱਖਿਆਵਾਂ ਕਾਰਨ ਅਜਿਹਾ ਸੁੱਖ ਮਿਲਦਾ ਹੈ ਕਿ ਦੁੱਖ-ਸੁੱਖ, ਲਾਭ-ਹਾਨੀ ਸਭ ਬਰਾਬਰ ਪ੍ਰਤੀਤ ਹੁੰਦੇ ਹੈ:-

ਪਾਇਓ ਬਾਲ ਬੁਧਿ ਸੁਖੁ ਰੇ॥

ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ॥[15]

ਗੁਰੂ ਸਾਹਿਬ ਜੀਵਨ ਦੇ ਵਿੱਚ ਅਸਲ ਲਾਭ ਬਾਰੇ ਲਿਖਦੇ ਹਨ ਕਿ ਗੁਰੂ ਨੂੰ ਮਿਲ ਕੇ ਸਹਿਣਸ਼ੀਲਤਾ, ਸੱਚਾਈ, ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਨਾਲ ਸਦੀਵੀ ਸ਼ਾਂਤੀ ਪ੍ਰਾਪਤ

ਹੋਈ ਹੈ ਜਿਸ ਕਰਕੇ ਵਪਾਰ ਸਫ਼ਲ ਹੋ ਗਿਆ ਹੈ, ਵੱਡਾ ਮੁਨਾਫ਼ਾ ਪ੍ਰਾਪਤ ਹੋਇਆ ਹੈ ਅਤੇ ਮੁੜ ਘਰ ਵਿੱਚ ਸਤਿਕਾਰ ਮਿਲਿਆ ਹੈ-

ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥
ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ॥
ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ॥
ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ॥[16]

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੈ ਕਿ ਧਰਤੀ ਅਤੇ ਲੋਕਾਈ ਦਾ ਟਿਕਾਊ ਵਿਕਾਸ ਵਿੱਚ ਅਹਿਮ ਸਥਾਨ ਹੈ। ਜਦੋਂ ਵਪਾਰ ਵਿੱਚ ਲਾਭ ਨੂੰ ਪ੍ਰਾਪਤ ਕਰਨ ਸਮੇਂ ਧਰਤੀ ਅਤੇ ਲੋਕਾਈ ਨੂੰ ਸਾਹਮਣੇ ਰੱਖਿਆ ਜਾਂਦਾ ਹੈ ਤਾਂ ਨੈਤਿਕ ਸਿਧਾਂਤਾਂ ਰਾਹੀਂ ਇੱਕ ਪ੍ਰਭਾਵੀ ਵਪਾਰ ਮਾਡਲ ਦ੍ਰਿਸ਼ਟੀਗੋਚਰ ਹੁੰਦਾ ਹੈ।

4.3 **ਨਿਆਂ ਅਤੇ ਨਿਰਪੱਖਤਾ (Justice and Fairness)**:- ਨਿਆਂ ਦਾ ਅਰਥ ਹੈ ਹਰ ਇੱਕ ਵਿਅਕਤੀ ਨੂੰ ਉਸ ਦਾ ਬਣਦਾ ਹੱਕ ਦੇਣਾ ਜਾਂ ਹਰ ਇੱਕ ਵਿਅਕਤੀ ਨੂੰ ਉਸ ਦੀ ਕਾਬਲੀਅਤ ਅਨੁਸਾਰ ਅਧਿਕਾਰ ਪ੍ਰਦਾਨ ਕਰਨੇ। ਮਹਾਨ ਸਮਾਜ ਸ਼ਾਸ਼ਤਰੀ ਯੋਂਗ ਕਿਮ ਅਨੁਸਾਰ :-

> "Social justice encompasses the just relationship between individuals and their society, often consistering how privileges, opportunities and wealth ought to be distributed among individuals."[17]

ਨਿਆਂ ਅਤੇ ਨਿਰਪੱਖਤਾ ਦੇ ਅਰਥਾਂ ਦੀ ਨੇੜਤਾ ਕਾਰਨ ਇਹਨਾਂ ਦੀ ਵਰਤੋਂ ਇੱਕ ਦੂਸਰੇ ਦੀ ਜਗ੍ਹਾਂ ਤੇ ਵੀ ਕੀਤੀ ਜਾਂਦੀ ਹੈ। ਅੱਜ ਤੋਂ ਲਗਭਗ 2000 ਸਾਲ ਪਹਿਲਾਂ ਅਰਸਤੂ ਨੇ ਨਿਆਂ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਸੀ ਕਿ "ਬਰਾਬਰੀ ਨੂੰ ਬਰਾਬਰੀ ਵਾਂਗ ਅਤੇ ਨਾ ਬਰਾਬਰੀ ਨੂੰ

ਨਾ ਬਰਾਬਰੀ ਦੀ ਤਰ੍ਹਾਂ ਹੀ ਲਿਆ ਜਾਵੇ।O[1੭] ਗੁਰੂ ਸਾਹਿਬਾਨ ਵੀ ਉੱਤਮ ਨਿਆਂਇਕ ਪ੍ਰਣਾਲੀ ਦੇ ਸਮਰਥਕ ਸਨ। ਉਹਨਾਂ ਅਨੁਸਾਰ ਵਿਅਕਤੀ ਨੂੰ ਉਸ ਦੇ ਗੁਣਾਂ ਦੇ ਅਧਾਰ ਤੇ ਹੀ ਜਾਨਣਾ ਚਾਹੀਦਾ ਹੈ। ਗ਼ਲਤ ਨੂੰ ਗ਼ਲਤ ਅਤੇ ਠੀਕ ਨੂੰ ਠੀਕ ਬਿਨ੍ਹਾਂ ਕਿਸੇ ਫੇਰਬਦਲ ਤੋਂ ਘੋਸ਼ਿਤ ਕੀਤਾ ਜਾਵੇ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜਿਵੇਂ ਰਾਜਾ ਤਖ਼ਤ ਤੇ ਬੈਠ ਕੇ ਨਿਆਂ ਕਰਦਾ ਹੈ ਪਰ ਪਰਮਾਤਮਾ ਦੀ ਅਦਾਲਤ ਵਿੱਚ ਨਿਆਂ ਸ਼ਬਦ ਪ੍ਰਭੂ ਦੇ ਨਾਮ ਦੇ ਅਧਾਰ ਤੇ ਹੁੰਦਾ ਹੈ। ਉੱਥੇ ਮਨੁੱਖ ਰੂਪੀ ਸਿੱਕਿਆਂ ਦੀ ਪਹਿਚਾਣ ਕੀਤੀ ਜਾਂਦੀ ਹੈ ਅਤੇ ਪ੍ਰਭੂ ਦੇ ਨਾਮ ਤੋਂ ਵਿਹੂਣੇ ਖੋਟੇ ਸਿੱਕੇ ਕਿਸੇ ਕੰਮ ਨਹੀਂ ਆਉਂਦੇ ਅਤੇ ਪ੍ਰਭੂ ਦੇ ਨਾਮ ਵਾਲੇ ਅਸਲੀ ਸਿੱਕੇ ਹੀ ਚਲਦੇ ਹਨ ਅਤੇ ਪ੍ਰਭੂ ਦਾ ਨਿਆਂ ਸਦਾ ਹੀ ਸੱਚਾ ਹੈ:-

ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥
ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ॥
ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ॥[18]

ਇਸ ਪ੍ਰਕਾਰ ਗੁਰੂ ਸਾਹਿਬ ਹਰ ਇੱਕ ਮਨੁੱਖ ਨੂੰ ਉਸ ਦੇ ਆਪਣੇ ਕਰਮਾਂ ਅਨੁਸਾਰ ਨਿਆਂ ਮਿਲਣ ਦੀ ਗੱਲ ਦੱਸਦੇ ਹਨ। ਸੰਸਾਰ ਵਿੱਚ ਮਨੁੱਖ ਦੇ ਤਰੀਕੇ ਅਲੱਗ ਅਲੱਗ ਹੋ ਸਕਦੇ ਹਨ ਪਰ ਨਿਆਂਇਕ ਸਿਸਟਮ ਇੱਕ ਹੀ ਹੈ। ਗੁਰੂ ਸਾਹਿਬ ਅਨੁਸਾਰ ਯੋਗ ਨਿਆਂ ਉਦੋਂ ਹੀ ਸੰਭਵ ਹੈ ਜਦੋਂ ਲੀਡਰ ਨਿਰਪੱਖ ਹੈ ਭਾਵ ਜੋ ਸੱਚ ਜਾਂ ਝੂਠ ਦਾ ਫੈਸਲਾ ਕਰਨ ਲਈ ਸੁਤੰਤਰ ਹੈ:-

ਸਦਾ ਧਰਮੁ ਜਾ ਕੈ ਦੀਬਾਨਿ॥
ਬੇਮੁਹਤਾਜ ਨਹੀ ਕਿਛੁ ਕਾਨਿ॥[19]

ਨਿਆਂਇਕ ਪ੍ਰਣਾਲੀ ਵਿੱਚ ਯੋਗ ਪੱਧਰ ਉਹ ਹੈ ਜਿਥੇ ਨੈਤਿਕ ਕਦਰਾਂ ਕੀਮਤਾਂ ਅਤੇ ਵਪਾਰਿਕ ਨੈਤਿਕਤਾ ਵਿਚਕਾਰ ਵਿਰੋਧ ਨਾ ਹੋਵੇ। ਗੁਰੂ ਸਾਹਿਬ ਪ੍ਰਭੂ ਦੀ ਨਿਆਂ ਪ੍ਰਣਾਲੀ ਬਾਰੇ

ਸਮਝਾਉਂਦੇ ਹਨ ਕਿ ਪ੍ਰਭੂ ਆਪ ਇੱਕ ਹੈ, ਉਸ ਦਾ ਨਾਮ ਵੀ ਇੱਕ ਹੈ, ਉਸ ਦੇ ਦਰਬਾਰ ਵਿੱਚ ਸੱਚਾ ਨਿਆਂ ਹੈ ਜੋ ਸੱਚ ਨੂੰ ਮੰਨਦੇ ਅਤੇ ਜੀਵਨ ਵਿੱਚ ਧਾਰਨ ਕਰਦੇ ਹਨ ਉੱਥੇ ਉਹਨਾਂ ਦਾ ਸਤਿਕਾਰ ਹੁੰਦਾ ਹੈ। ਉਹਨਾਂ ਨੂੰ ਸਾਰੇ ਸੰਸਾਰ ਤੋਂ ਸੋਭਾ ਪ੍ਰਾਪਤ ਹੁੰਦੀ ਹੈ ਉਹਨਾਂ ਨੂੰ ਅਸਲ ਸੱਚ ਦਾ ਗਿਆਨ ਹੋ ਜਾਂਦਾ ਹੈ ਪਰਮਾਤਮਾ ਦਾ ਨਿਆਂ ਹਰ ਸਮੇਂ ਹਰ ਵਾਰ ਸੱਚਾ ਰਹਿੰਦਾ ਹੈ।

ਅਜੋਕੇ ਸਮੇਂ ਵਿੱਚ ਵਪਾਰਿਕ ਲੀਡਰ ਨਿਆਂ ਨੂੰ ਸੰਸਥਾ ਦੀ ਕਾਰਜ ਕਰਣੀ ਵਿੱਚ ਸ਼ਾਮਿਲ ਨਹੀਂ ਕਰਦੇ ਅਤੇ ਵੱਧ ਤੋਂ ਵੱਧ ਲਾਭ ਕਮਾਉਣ ਦੇ ਲਾਲਚ ਵੱਸ ਹੋ ਕੇ ਅਨੇਕਾਂ ਵਾਰ ਨਿਆਂ ਪ੍ਰਣਾਲੀ ਦਾ ਘਾਣ ਕਰਦੇ ਹਨ। ਗੁਰੂ ਸਾਹਿਬ ਇਸ ਸਥਿਤੀ ਨੂੰ ਬਿਆਨ ਕਰਦਿਆਂ ਫਰਮਾਉਂਦੇ ਹਨ ਕਿ ਗ਼ਲਤ ਲੋਕ ਲੀਡਰ ਬਣ ਗਏ ਹਨ ਅਤੇ ਝੂਠੇ ਸਭ ਤੋਂ ਉੱਪਰ ਨਿਆਂ ਕਰਨ ਦੇ ਜਗ੍ਹਾਂ ਤੇ ਜਾ ਬੈਠੇ ਹਨ ਅਤੇ ਕਲਯੁਗ ਦੇ ਸਮੇਂ ਦਾ ਇਹ ਹੀ ਨਿਆਂ ਹੈ।

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥[20]

ਗੁਰੂ ਸਾਹਿਬ ਅਨੁਸਾਰ ਅਨੈਤਿਕ ਵਿਵਹਾਰ ਅਤੇ ਬੁਰਾ ਰਾਜ ਹਮੇਸ਼ਾਂ ਅਨਿਆਂ ਨੂੰ ਜਨਮ ਦਿੰਦਾ ਹੈ। ਗਿਆਨ ਰੂਪੀ ਰਤਨ ਅਨਮੋਲ ਹੈ ਇਹ ਕਿਸੇ ਦੁਕਾਨ ਤੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਨੂੰ ਤਾਂ ਚੰਗੇ ਵਿਅਕਤੀਆਂ ਦੀ ਸੰਗਤ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਅਨੁਸਾਰ ਲਾਭ ਚੰਗੇ ਸਾਧਨਾਂ ਰਾਹੀਂ ਹੀ ਹਾਂਸਿਲ ਕੀਤਾ ਜਾਣਾ ਚਾਹੀਦਾ ਹੈ। ਪ੍ਰਮਾਤਮਾ ਦੀ ਪ੍ਰਾਪਤੀ ਲਈ ਸਭ ਤੋਂ ਉੱਤਮ ਰਸਤਾ ਨਿਆਂ ਅਤੇ ਨਿਰਪੱਖਤਾ ਦਾ ਹੈ। ਇਸ ਨਾਲ ਸੰਸਾਰਿਕ ਉਦੇਸ਼ਾਂ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ ਅਤੇ ਸਰਵ ਵਿਆਪਕ ਪ੍ਰਮਾਤਮਾ ਨਾਲ ਵੀ ਮਿਲਿਆ ਜਾ ਸਕਦਾ ਹੈ, ਗੁਰਬਾਣੀ ਅਨੁਸਾਰ–

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥[21]

## 4.4 ਸਮਾਜਿਕ ਵਿਕਾਸ (Community Development)

ਵਪਾਰਿਕ ਸੰਸਥਾਵਾਂ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਜਿਸ ਖੇਤਰ ਵਿੱਚ ਸੰਸਥਾ ਕੰਮ ਕਰ ਰਹੀ ਹੋਵੇ ਜਾਂ ਸਥਿਤ ਹੋਵੇ ਉੱਥੋਂ ਦੇ ਲੋਕਾਂ ਲਈ ਵਿਕਾਸ ਦੇ ਨਵੇਂ ਰਾਹ ਖੋਲੇ ਜਾਣ। ਜਿਵੇਂ ਕਿ ਗਰੀਬੀ ਨੂੰ ਖ਼ਤਮ ਕਰਨ ਦੇ ਯਤਨ ਕਰਨੇ, ਭੁੱਖਮਰੀ, ਅਨਪੜ੍ਹਤਾ ਅਤੇ ਬਿਮਾਰੀਆਂ ਆਦਿ ਨੂੰ ਖਤਮ ਕਰਨ ਲਈ ਯਤਨ ਸ਼ਾਮਿਲ ਹੋ ਸਕਦੇ ਹਨ। ਕੀਥ ਡੇਵਿਸ ਅਤੇ ਰਾਬਰਟ ਥਾਮਸਟਰੋਮ ਸਮਾਜਿਕ ਵਿਕਾਸ ਦੇ ਅਰਥਾਂ ਨੂੰ ਸਪੱਸ਼ਟ ਕਰਦੇ ਹੋਏ ਲਿਖਦੇ ਹਨ- À

> ਸਮਾਜਿਕ ਜ਼ਿੰਮੇਵਾਰੀ ਅਜਿਹੇ ਕੰਮ ਕਰਨ ਦੇ ਫੈਸਲੇ ਲੈਣ ਦੀ ਜ਼ਿੰਮੇਵਾਰੀ ਹੈ ਜਿਸ ਨਾਲ ਸਮਾਜ ਭਲਾਈ ਦੇ ਕੰਮਾਂ ਨੂੰ ਉਤਸ਼ਾਹ ਮਿਲੇ ਤੇ ਉਸ ਵਿੱਚ ਸੁਧਾਰ ਹੋਵੇ ਤੇ ਨਾਲ ਹੀ ਆਪਣੇ ਹਿੱਤਾਂ ਦੀ ਪੂਰਤੀ ਵੀ ਹੋਵੇ।[22]

ਇਹ ਗੱਲ ਸਪੱਸ਼ਟ ਹੈ ਕਿ ਕੋਈ ਵਪਾਰਿਕ ਸੰਸਥਾ ਉੱਥੇ ਹੀ ਵਧੇਰੇ ਕਾਮਯਾਬ ਹੁੰਦੀ ਹੈ ਜਿੱਥੇ ਦੇ ਲੋਕਾਂ ਵਿੱਚ ਖੁਸ਼ਹਾਲੀ ਪਾਈ ਜਾਂਦੀ ਹੈ। ਸਮਾਜਿਕ ਵਿਕਾਸ ਦਾ ਕਾਰਜ ਵਪਾਰਿਕ ਸੰਸਥਾਵਾਂ ਦੁਆਰਾ ਆਪਣੇ ਲਾਭ ਦਾ ਬਣਦਾ ਹਿੱਸਾ ਸਮਾਜ ਭਲਾਈ ਦੇ ਕਾਰਜਾਂ ਤੇ ਖਰਚ ਕਰਕੇ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਬਾਣੀ ਵਿੱਚ ਸਮਝਾਉਂਦੇ ਹਨ ਕਿ ਜਦੋਂ ਵਰਖਾ ਹੁੰਦੀ ਹੈ ਤਾਂ ਸਾਰੇ ਪਾਸੇ ਖੁਸ਼ੀ ਪਸਰ ਜਾਂਦੀ ਹੈ। ਪਾਣੀ ਸਭ ਦੇ ਜੀਵਨ ਦਾ ਅਧਾਰ ਹੈ ਜਿਸ ਰਾਹੀਂ ਸਭ ਲੋਕਾਂ ਨੂੰ ਫਸਲਾਂ ਉਗਾ ਕੇ ਅਨੇਕਾਂ ਲਾਭ ਮਿਲਦੇ ਹਨ ਭਾਵ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਨੂੰ ਪਾਣੀ ਦੀ ਤਰ੍ਹਾਂ ਸਰਬੱਤ ਦੇ ਭਲੇ ਲਈ ਸੰਪਤੀ ਦੀ ਵਰਤੋਂ ਕਰਨੀ ਚਾਹਦੀ ਹੈ।

ਜੇਕਰ ਮਨੁੱਖ ਦੇ ਜੀਵਨ ਵਿੱਚ ਪਿਆਰ, ਸਦਭਾਵਨਾ, ਸਾਂਝੀਵਾਲਤਾ ਅਤੇ ਦਿਆਲਤਾ ਦੇ ਗੁਣ ਆ ਜਾਂਦੇ ਹਨ ਤਾਂ ਇਸ ਨਾਲ ਜੀਵਨ ਵਿੱਚ ਇੱਕ ਮਕਸਦ ਬਣ ਜਾਂਦਾ ਹੈ। ਦੂਸਰਿਆਂ ਪ੍ਰਤੀ ਦਿਆਲਤਾ ਅਤੇ ਭਲਾਈ ਦੀ ਭਾਵਨਾ ਰੱਖਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ

ਸਿੱਖਿਆਵਾਂ ਵਿੱਚ ਸ਼ਾਮਿਲ ਹੈ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਜੋ ਲੋਕ ਆਪਣੀ ਮਿਹਨਤ ਦੀ ਕਮਾਈ ਨਾਲ ਆਪਣਾ ਜੀਵਨ ਬਸਰ ਕਰਦੇ ਹਨ ਅਤੇ ਦਾਨ ਵੀ ਕਰਦੇ ਹਨ, ਪਰਮਾਤਮਾ ਉਹਨਾਂ ਤੇ ਖੁਸ਼ ਹੁੰਦਾ ਹੈ:-

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥[23]

ਗੁਰੂ ਸਾਹਿਬਾਨ ਕੰਮ ਹੀ ਪੂਜਾ ਹੈ, ਦੇ ਸਿਧਾਂਤ ਨੂੰ ਪ੍ਰਚਾਰਦੇ ਹਨ ਅਤੇ ਮਾਨਵਤਾ ਨੂੰ ਵੀ ਮਿਹਨਤ ਕਰਨ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ ਉਹ ਪਰਮਾਤਮਾ ਦੁਆਰਾ ਦੱਸੇ ਮਾਰਗ ਅਨੁਸਾਰ ਮਿਹਨਤ ਵਿੱਚ ਹੀ ਖੁਸ਼ੀ ਸਮਝਦੇ ਹਨ।, ਉਨਾਂ ਅਨੁਸਾਰ ਪਰਮਾਤਮਾ ਦਾ ਹੁਕਮ ਮੰਨ ਕੇ, ਨਾਮ ਜੱਪ ਕੇ ਸਾਰੀਆਂ ਦੁਬਿਧਾਵਾਂ ਦੂਰ ਹੋ ਜਾਂਦੀ ਹੈ ਇਸੇ ਵਿਚਾਰ ਨੂੰ ਚਿੰਤਾਵਾਂ ਤੋਂ ਮੁਕਤੀ ਦੀ ਜੁੱਗਤ ਦੱਸਦੇ ਹੋਏ ਗੁਰੂ ਸਾਹਿਬ ਲਿਖਦੇ ਹਨ-

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[26]

ਕੇਵਲ ਮਾਇਆ ਇਕੱਠੀ ਕਰਨੀ ਹੀ ਸਭ ਕੁਝ  ਨਹੀਂ ਹੈ, ਗੁਰੂ ਸਾਹਿਬ ਸੁਚੇਤ ਕਰਦੇ ਹਨ ਕਿ ਜਿਸ ਮਾਇਆ ਕਾਰਨ ਮਨੁੱਖ ਸਾਰੀ ਉਮਰ ਠੱਗੀਆਂ ਰਾਹੀਂ ਭਾਵ ਗ਼ਲਤ ਵਸੀਲਿਆਂ ਰਾਹੀਂ ਧਨ ਇਕੱਠਾ ਕਰਦਾ ਹੈ ਪਰ ਇਹ ਧਨ ਪਦਾਰਥ ਮਨੁੱਖ ਨੂੰ ਹੰਕਾਰ ਨਾਲ ਭਰ ਦਿੰਦੇ ਹਨ। ਮਾਇਕ ਪਦਾਰਥਾਂ ਦੇ ਲਾਲਚ ਵੱਸ ਮਨੁੱਖ ਪਾਪ ਕਰਨ ਤੋਂ ਵੀ ਗੁਰੇਜ਼÷ਨਹੀਂ ਕਰਦਾ ਅਤੇ ਅੰਤ ਸਮੇਂ ਇਹ ਜੀਵ ਦੇ ਨਾਲ ਵੀ ਨਹੀਂ ਜਾਂਦੀ । ਪ੍ਰਮਾਣ ਵਜੋਂ ਗੁਰੂ ਸਾਹਿਬ ਲਿਖਦੇ ਹਨ-

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥[21]

ਕੁਦਰਤ ਵੀ ਜਿਸ ਤਰਾਂ ਮਨੁੱਖ ਨੂੰ ਸਾਂਝੀਵਾਲਤਾ ਦਾ ਸਬਕ ਸਿਖਾਉਂਦੀ ਹੈ। ਉਸੇ ਪ੍ਰਕਾਰ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸਾਰੀ ਮਨੁੱਖਤਾ ਦੀ ਭਲਾਈ ਵਿੱਚ ਹੀ ਲਾਭ ਹੈ ਪਰਮਾਤਮਾ ਵੀ ਉੱਥੇ ਪ੍ਰਸੰਨ ਹੁੰਦਾ ਹੈ। ਗੁਰੂ ਸਾਹਿਬ ਉਦਾਹਰਣ ਦਿੰਦਿਆਂ ਸਮਝਾਉਂਦੇ ਹਨ ਕਿ ਜੇਕਰ ਅਸੀਂ ਪੰਜ ਨਮਾਜ਼ਾਂ ਅਦਾ ਕਰਦੇ ਹਾਂ ਤਾਂ ਪਹਿਲੀ ਵਿੱਚ ਸਚਾਈ, ਦੂਜੀ ਵਿੱਚ ਈਮਾਨਦਾਰੀ, ਤੀਜੀ ਵਿੱਚ ਦਾਨ, ਚੌਥੀ ਵਿੱਚ ਸਰਬੱਤ ਦਾ ਭਲਾ ਅਤੇ ਪੰਜਵੀਂ ਵਿੱਚ ਪਰਮਾਤਮਾ ਦੀ ਸਿਫਤ ਸ਼ਾਮਿਲ ਹੋਵੇ। ਜਦੋਂ ਅਜਿਹੇ ਚੰਗੇ ਕਰਮਾਂ ਦੀ ਅਰਦਾਸ ਵਾਰ ਵਾਰ ਕੀਤੀ ਜਾਵੇ ਤਾਂ ਉਹ ਹੀ ਅਸਲ ਸੱਚਿਆਰ ਮਨੁੱਖ ਹੈ, ਸੱਚਾ ਮੁਸਲਮਾਨ ਹੈ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।।
ਚਉੱਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।।[28]

ਇਸ ਪਕਾਰ ਗੁਰੂ ਸਾਹਿਬ ਸਰਬੱਤ ਦੇ ਭਲੇ ਦੀ ਭਾਵ ਸਮਾਜਿਕ ਵਿਕਾਸ ਦੀ ਗੱਲ ਕਰਦੇ ਹਨ। ਉਹਨਾਂ ਅਨੁਸਾਰ ਜੇਕਰ ਵਪਾਰਿਕ ਨੀਤੀਆਂ ਵਿੱਚ ਸਮਾਜ ਦੇ ਭਲੇ ਦੀ ਗੱਲ ਹੋਵੇ ਤਾਂ ਕੋਈ ਵੀ ਬੇਗਾਨਾ ਨਾ ਰਹੇ। ਸਾਰੇ ਪਾਸੇ ਖੁਸ਼ਹਾਲੀ ਪਸਰੇਗੀ। ਜਿੱਥੇ ਖੁਸ਼ਹਾਲੀ ਹੈ, ਮਨੁੱਖ ਖੁਸ਼ ਹਨ ਉੱਥੇ ਪਰਮਾਤਮਾ ਵੀ ਪ੍ਰਸੰਨ ਹੁੰਦਾ ਹੈ।

## 4.5 **ਸਮਾਜਿਕ ਜ਼ਿੰਮੇਵਾਰੀ (Social Responsibility)**

ਸਮਾਜ ਸੇਵਾ ਅਧਿਅਤਮਿਕ ਪ੍ਰੋਤਸਾਹਨ ਦੇ ਸਰੋਤ ਵਜੋਂ ਕੰਮ ਕਰਦੀ ਹੈ। ਭਾਰਤੀ ਗ੍ਰੰਥਾਂ ਵਿੱਚ ਇਹ ਹਵਾਲਾ ਮਿਲਦਾ ਹੈ ਕਿ ਸਮਾਜ ਸੇਵਾ ਦਾ ਸੰਕਲਪ ਪੁਰਾਣੇ ਸਮਿਆਂ ਵਿੱਚ ਵੀ ਵੱਡੇ ਪੱਧਰ ਤੇ ਮੰਨਿਆ ਜਾਂਦਾ ਸੀ ਅਤੇ ਵਪਾਰਿਕ ਨੀਤੀਆਂ ਦਾ ਵੀ ਇੱਕ ਅਹਿਮ ਹਿੱਸਾ ਸੀ। ਅਧਿਆਤਮਿਕ ਸਿਧਾਂਤ ਜਾਂ ਵਿਸ਼ਵਾਸ ਦੇ ਅਧਾਰ ਤੇ ਦਾਨ ਪੁੰਨ ਦਾ ਕਾਰਜ ਵਪਾਰ ਦੀ ਸਮਾਜ ਪ੍ਰਤੀ ਜਵਾਬਦੇਹੀ ਦਾ ਵੱਡਾ ਸਬੂਤ ਹੈ ਜਿਸ ਦਾ ਜ਼ਿਕਰ ਸਿੱਖ ਮਤ ਵਿੱਚ ਦਸਵੰਧ

ਵਜੋਂ ਹੋਇਆ ਹੈ ਅਤੇ ਇਹ ਅੱਜ ਵੀ ਸਿੱਖ ਦੇ ਜੀਵਨ ਦਾ ਮਹੱਤਵਪੂਰਣ ਹਿੱਸਾ ਹੈ। ਸਮਾਜ ਪ੍ਰਤੀ ਜ਼ਿੰਮੇਵਾਰੀ ਇੱਕ ਮਹੱਤਵਪੂਰਣ ਅਤੇ ਜਰੂਰੀ ਕੰਮ ਹੈ ਪਰ ਅੱਜ ਵੀ ਸਾਰੀਆਂ ਵਪਾਰਿਕ ਸੰਸਥਾਵਾਂ ਇਸ ਪ੍ਰਤੀ ਉਨੀਆਂ ਸੁਚੇਤ ਨਹੀਂ ਜਿੰਨਾ ਹੋਣ ਦੀ ਜ਼ਰੂਰਤਹੈ। ਕੁਝ ਕੁ ਸੰਸਥਾਵਾਂ ਨੂੰ ਛੱਡ ਕੇ ਹੋਰ ਸੰਸਥਾਵਾਂ ਇਸ ਲਈ ਕੋਈ ਵਿਸ਼ੇਸ਼ ਨੀਤੀ ਦਾ ਨਿਰਮਾਣ ਨਹੀਂ ਕਰਦੀਆਂ। ਰਿਗ ਵੇਦ ਜੋ ਪੁਰਾਤਨ ਭਾਰਤੀ ਗ੍ਰੰਥ ਹੈ ਵਿੱਚ ਅਨੇਕਾਂ ਹੀ ਵਾਰ ਦਾਨ ਦੀ ਮਹੱਤਤਾ ਦਾ ਜ਼ਿਕਰ ਮਿਲਦਾ ਹੈ ਅਤੇ ਨਾਲ ਹੀ ਸਮਾਜ ਨੂੰ ਦਿੱਤੇ ਗਏ ਦਾਨ ਦਾ ਲਾਭ ਵੀ ਦੱਸਿਆ ਗਿਆ ਹੈ। ਸਮਾਜਿਕ ਜ਼ਿੰਮੇਵਾਰੀ ਦੀ ਮਹੱਤਤਾ ਦੇ ਸੰਦਰਭ ਵਿੱਚ ਪ੍ਰਸਿੱਧ ਪ੍ਰਬੰਧ ਅਚਾਰੀਆ ਐੱਸ ਕੇ ਭਾਟੀਆ ਦੇ ਵਿਚਾਰ  ਸਾਰਥਕ ਹਨ–

> The Social Responsibility of Business involves ethics which must be reflected in the philosophy of business organization."[29]

ਸਮਾਜਿਕ ਜ਼ਿੰਮੇਵਾਰੀ ਕੇਵਲ ਬਹਿਸ ਦਾ ਹੀ ਵਿਸ਼ਾ ਨਹੀਂ ਸਗੋਂ ਇਹ ਪ੍ਰੋਤਸਾਹਨ, ਗਿਆਨ, ਅਤੇ ਕੰਟਰੋਲ ਰਾਹੀਂ ਸੰਸਥਾ ਨੂੰ ਨੈਤਿਕਤਾ ਦੇ ਦ੍ਰਿਸ਼ਟੀਕੋਣ ਤੋਂ ਵੀ ਠੀਕ ਸੇਧ ਦਿੰਦਾ ਹੈ। ਜੇਕਰ ਮਨੁੱਖੀ ਵਿਵਹਾਰ ਦਾ ਅਧਿਐਨ ਕੀਤਾ ਜਾਵੇ ਤਾਂ ਇਸ ਦੀ ਹੋਂਦ ਕੁਦਰਤੀ ਹੀ ਹੈ, ਪਰ ਸਮਾਜਿਕ ਜ਼ਿੰਮੇਵਾਰੀ ਤੇ ਜਵਾਬਦੇਹੀ ਇੱਕ ਜ਼ਰੂਰੀ ਦਿਮਾਗੀ ਮਨੋਦਸ਼ਾ ਹੈ ਅਤੇ ਸਿਧਾਂਤਾਂ ਦਾ ਸਮੂਹ ਹੈ ਜਿਸ ਦਾ ਵਿਕਾਸ ਸਮਾਜ ਨਾਲ ਸਬੰਧਾਂ ਦੇ ਅਧਾਰ ਤੇ ਹੁੰਦਾ ਹੈ। ਸਮਾਜਿਕ ਜ਼ਿੰਮੇਵਾਰੀ ਦੇ ਸੰਕਲਪ ਦੀ ਭਰੋਸੇਯੋਗਤਾ ਮਨੁੱਖੀ ਵਿਵਹਾਰ ਤੇ ਨਿਰਭਰ ਕਰਦੀ ਹੈ ਕਿ ਉਹਨਾਂ ਲਈ ਇਹ ਕਦਰਾਂ ਕੀਮਤਾਂ ਵਿੱਚ ਸ਼ਾਮਿਲ ਹੈ ਜਾਂ ਫਿਰ ਕੁਝ ਕੁ ਸਿਧਾਂਤਾਂ ਦਾ ਸਮੂਹ ਹੀ ਹੈ।

ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਸਮਾਜ ਪ੍ਰਤੀ ਆਰਥਿਕ ਤੌਰ ਤੇ, ਸਮਾਜਿਕ ਅਤੇ ਵਾਤਾਵਰਣ ਦੇ ਪੱਖ ਤੋਂ ਇੱਕ ਟਿਕਾਊ ਵਿਕਾਸ ਦਾ ਅਹਿਦ ਹੈ ਜਿਸ ਨਾਲ ਵਪਾਰ ਦੇ ਹਿੱਸੇਦਾਰਾਂ ਅੰਦਰ ਸੰਸਥਾ ਪ੍ਰਤੀ ਸਾਂਝ ਦੀ ਭਾਵਨਾ ਦਾ ਉੱਥਾਨ ਹੁੰਦਾ ਹੈ। ਇਸ ਪ੍ਰਕਾਰ ਇਹ ਅਜਿਹੀ ਧਾਰਣਾ ਹੈ ਜੋ ਆਰਥਿਕ, ਸਮਾਜਿਕ ਅਤੇ ਵਾਤਾਵਰਣ ਦੇ ਮਸਲਿਆਂ ਨੂੰ ਅਜਿਹੇ

ਤਰੀਕਿਆਂ ਨਾਲ ਜਿਸ ਰਾਹੀਂ ਸਮਾਜ ਦਾ ਹਰ ਸੰਭਵ ਵਿਕਾਸ ਸੰਭਵ ਹੋ ਸਕੇ ਨੂੰ ਹੱਲ ਕਰਨ ਦਾ ਢੰਗ ਹੈ। 1992 ਵਿੱਚ ਕੈਡਬਰੀ ਦੀ ਯੂ.ਕੇ. ਵਿੱਚ ਵਪਾਰਿਕ ਗਵਰਨੈਂਸ ਦੀ ਰਿਪੋਰਟ ਮੁਤਾਬਿਕ-ਹਰ ਇੱਕ ਸਮਾਜ ਵਿੱਚ ਕੁਝ ਨੈਤਿਕ ਸਿਧਾਤਾਂ ਨੂੰ ਦੇਖਿਆ ਜਾ ਸਕਦਾ ਹੈ ਅਤੇ ਸੰਸਥਾ ਨੂੰ ਉਹਨਾਂ ਦੀ ਮੱਦਦ ਨਾਲ ਹੀ ਨੀਤੀਆਂ ਦਾ ਨਿਰਮਾਣ ਕਰਨਾ ਚਾਹੀਦਾ ਹੈ। ਇਸ ਵਿੱਚ ਸੰਸਥਾ ਦੇ ਨਿਰਣੇ ਸੰਸਥਾ ਅਤੇ ਸਮਾਜ ਦੋਹਾਂ ਨੂੰ ਹੀ ਪ੍ਰਭਾਵਿਤ ਕਰਦੇ ਹਨ। ਵਪਾਰਿਕ ਸੰਸਥਾ ਨੂੰ ਜਿੱਥੇ ਸਮਾਜਿਕ ਸਿਧਾਂਤਾਂ ਅਨੁਸਾਰ ਨੀਤੀ ਨਿਰਮਾਣ ਦੀ ਜ਼ਿੰਮੇਵਾਰੀ ਹੁੰਦੀ ਹੈ ਉੱਥੇ ਸਮਾਜ ਦੀ ਵੀ ਸੰਸਥਾ ਲਈ ਜਰੂਰੀ ਟੀਚੇ ਨਿਰਧਾਰਿਤ ਕਰਨਾ ਸਾਂਝੀ ਜ਼ਿੰਮੇਵਾਰੀ(Collective Responsibility) ਦਾ ਹਿੱਸਾ ਹੁੰਦੇ ਹਨ।

ਵਪਾਰਿਕ ਸਮੂਹ ਅਨੇਕਾਂ ਤਰੀਕਿਆਂ ਨਾਲ ਆਪਣੀ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਨਿਭਾ ਸਕਦੇ ਹਨ ਜਿਵੇਂ ਗ੍ਰਾਹਕ ਨੂੰ ਪੂਰੀ ਤਰ੍ਹਾਂ ਨਾਲ ਸਹਿਯੋਗ ਦੇ ਕੇ, ਗਰੀਬ ਲੋਕਾਂ ਦੀ ਮੱਦਦ ਕਰਕੇ, ਚੰਗੇ ਢਾਂਚੇ ਦਾ ਨਿਰਮਾਣ ਕਰਕੇ, ਵਾਤਾਵਰਣ ਸੁਰੱਖਿਆ ਵਜੋਂ, ਪ੍ਰਦੂਸਣ ਕੰਟਰੋਲ ਰਾਹੀਂ, ਰੁੱਖ ਲਗਾ ਕੇ, ਸਮਾਜ ਸੇਵੀ ਸੰਸਥਾਵਾਂ ਨੂੰ ਸਹਿਯੋਗ ਦੇ ਕੇ, ਲੋਕਾਂ ਨੂੰ ਮੈਡੀਕਲ ਸਹੂਲਤਾਂ ਦੇ ਕੇ, ਸਿੱਖਿਆ ਨੂੰ ਉਤਸ਼ਾਹਿਤ ਕਰਕੇ, ਸਕੂਲ, ਕਾਲਜ, ਹਸਪਤਾਲਾਂ ਦਾ ਨਿਰਮਾਣ ਕਰਕੇ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਕੇ ਆਦਿ। ਇਸ ਪ੍ਰਕਾਰ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਸੰਸਥਾ ਦੀਆਂ ਮੁੱਖ ਨੀਤੀਆਂ ਦਾ ਹਿੱਸਾ ਹੈ, ਜਿਸ ਨੂੰ ਕੇਵਲ ਲਾਭ ਕਮਾਉਣ ਦੀ ਧਾਰਨਾ ਤੋਂ ਉੱਪਰ ਉਠ ਕੇ ਲਾਗੂ ਕੀਤਾ ਜਾ ਸਕਦਾ ਹੈ। ਇਹ ਵਪਾਰ ਦੇ ਟਿਕਾਊ ਵਿਕਾਸ ਦੀ ਅਜਿਹੀ ਧਾਰਣਾ ਦਾ ਹਿੱਸਾ ਹੈ ਜਿਸ ਵਿੱਚ ਵਪਾਰਿਕ ਸੰਸਥਾ ਅਤੇ ਇਸ ਦੇ ਹਿੱਸੇਦਾਰਾਂ ਦੇ ਲਾਭਾਂ ਵਿਚਕਾਰ ਸੰਤੁਲਨ ਬਣਾਇਆ ਜਾਂਦਾ ਹੈ। ਇਹ ਕੇਵਲ ਕੋਈ ਵਿਸ਼ੇਸ਼ ਕਾਨੂੰਨ ਬਣਾਉਣ ਦਾ ਵਿਸ਼ਾ ਨਹੀਂ ਸਗੋਂ ਇਸ ਰਾਹੀਂ ਅਜਿਹਾ ਵਪਾਰਿਕ ਸਲੀਕਾ ਤਿਆਰ ਕੀਤਾ ਜਾਵੇ ਜਿਸ ਵਿੱਚ ਵਿਸ਼ਵਾਸ ਅਤੇ ਮਾਨਤਾਵਾਂ ਦੇ ਅਧਾਰ ਤੇ ਫੈਸਲੇ ਲਏ ਜਾਣ। ਇਸ ਦਾ ਉਦੇਸ਼ ਰਿਸ਼ਵਤ ਖੋਰੀ, ਗ਼ਲਤ ਤਰੀਕਿਆਂ, ਵਿੱਤੀ ਹੇਰਾ ਫੇਰੀ ਅਤੇ ਗ਼ਲਤ ਪ੍ਰਬੰਧਕੀ ਧਾਰਣਾਵਾਂ ਨੂੰ ਖ਼ਤਮ ਕਰਨਾ ਹੈ। ਇਸ ਵਿੱਚ ਚੰਗੇ ਵਿਵਹਾਰ ਨਾਲ ਸਬੰਧਿਤ ਨੈਤਿਕਤਾ ਦੇ

ਸਿਧਾਂਤ ਹੁੰਦੇ ਹਨ। ਇਹਨਾਂ ਨੂੰ ਚੰਗੇ ਵਿਵਹਾਰ ਲਈ ਸਰਵੋਤਮ ਟੀਚੇ ਵੀ ਕਿਹਾ ਜਾ ਸਕਦਾ ਹੈ, ਜੋ ਅਲੱਗ ਅਲੱਗ ਖੇਤਰਾਂ ਦੀਆਂ ਗਤੀਵਿਧੀਆਂ ਵਿੱਚ ਕੰਮ ਆਉਂਦੇ ਹਨ। ਇਸ ਨਾਲ ਠੀਕ ਗ਼ਲਤ, ਯੋਗ-ਅਯੋਗ, ਚੰਗਾ ਮਾੜਾ, ਨਿਆਂ-ਅਨਿਆਂ ਦੀ ਸੋਝੀ ਆ ਜਾਂਦੀ ਹੈ। ਵਪਾਰਿਕ ਜ਼ਿੰਮੇਵਾਰੀ ਆਮ ਤੌਰ ਤੇ ਕਾਨੂੰਨਾਂ ਦੇ ਨਾਲ ਨਾਲ ਚਲਦੀ ਹੈ ਅਤੇ ਸਮਾਜ ਦੀ ਭਲਾਈ ਵਿੱਚ ਯੋਗਦਾਨ ਪਾਉਂਦੀ ਹੈ। ਟਿਕਾਊ ਵਿਕਾਸ ਦੀ ਵਿਸ਼ਵ ਵਪਾਰਿਕ ਕੌਂਸਲ(WTO) ਅਨੁਸਾਰ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਵਪਾਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਨਿਰੰਤਰ ਯਤਨ ਕਰਦੀ ਹੈ ਇਸ ਵਿੱਚ ਜਿਥੇ ਵਪਾਰਿਕ ਕਿਰਿਆਵਾਂ ਵਿੱਚ ਨੈਤਿਕ ਕਦਰਾਂ ਕੀਮਤਾਂ ਨੂੰ ਲਿਆਇਆ ਜਾਂਦਾ ਹੈ, ਉੱਥੇ ਨਾਲ ਹੀ ਸਮਾਜ ਭਲਾਈ ਦੇ ਕਾਰਜ ਅਤੇ ਸੰਸਥਾਵਾਂ ਦੇ ਕਰਮਚਾਰੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਇਸ ਦਾ ਯੋਗਦਾਨ ਵੀ ਸ੍ਰੇਸ਼ਠ ਹੈ। ਧਰਮ, ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਦੇ ਖੇਤਰ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਇਸ ਨਾਲ ਮਨੁੱਖ ਦੀ ਮਨੋਬਿਰਤੀ ਵਿੱਚ ਬਦਲਾਵ ਆਉਂਦਾ ਹੈ ਭਾਵ ਵਿਅਕਤੀ ਸਮਾਜ ਭਲਾਈ ਦੇ ਕਾਰਜਾਂ ਲਈ ਤਿਆਰ ਹੋ ਜਾਂਦਾ ਹੈ। ਮੌਜੂਦਾ ਸਮੇਂ ਵਿੱਚ ਵਪਾਰਿਕ ਕਾਰਜਕਰਣੀ ਵਿੱਚ ਪਾਰਦਰਸ਼ਿਤਾ ਦੀ ਕਮੀ ਵੱਡੇ ਘੁਟਾਲਿਆਂ ਨੂੰ ਜਨਮ ਦੇ ਰਹੀ ਹੈ। ਇਸ ਨਾਲ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨ ਦੀ ਲੋੜ ਹੈ, ਜਿਸ ਵਿਚ ਧਰਮ ਦੇ ਨੈਤਿਕ ਸਿਧਾਂਤ ਇਸ ਵਿੱਚ ਮਹੱਤਵਪੂਰਣ ਰੋਲ ਅਦਾ ਕਰ ਸਕਦੇ ਹਨ।

ਸਿੱਖ ਮੱਤ ਵਿੱਚ ਗੁਰੂ ਸਾਹਿਬਾਨ ਨੇ ਸੰਸਾਰ ਵਿੱਚ ਵਿਚਰਦਿਆਂ Óਕਿਰਤ ਕਰੋÓਦੇ ਸੰਕਲਪ ਨੂੰ ਖ਼ੁਦ ਜੀਵਨ ਵਿੱਚ ਲਾਗੂ ਕਰਕੇ ਦੱਸਿਆ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਜਦੋਂ ਨਵਾਬ ਲੋਧੀ ਦੇ ਮੋਦੀ ਖਾਨੇ ਵਿੱਚ ਹੱਟ ਤੇ ਵਪਾਰ ਕਰਦੇ ਸਨ ਤਾਂ ਉਹ ਲੋਕਾਂ ਦੀ ਜ਼ਰੂਰਤ ਅਨੁਸਾਰ ਅਨੇਕਾਂ ਹੀ ਵਾਰ ਉਹਨਾਂ ਨੂੰ ਵੱਧ ਲਾਭ ਦੇਣ ਦਾ ਯਤਨ ਕਰਦੇ ਸਨ। ਤੇਰਾ ਤੇਰਾ ਤੋਲਣ ਤੋਂ ਭਾਵ ਹੀ ਅਜਿਹੀ ਨੈਤਿਕ ਵਿਵਸਥਾ ਤੋਂ ਸੀ ਜਿਸ ਰਾਹੀਂ ਸਮਾਜ ਦਾ ਭਲਾ ਹੋ ਸਕੇ। ਵਪਾਰਿਕ ਗਤੀਵਿਧੀਆਂ ਅਨੇਕਾਂ ਹੀ ਪਾਸਿਆਂ ਤੋਂ ਸਮਾਜ ਨੂੰ ਪ੍ਰਭਾਵਿਤ ਕਰਦੀਆਂ ਹਨ। ਵਪਾਰਿਕ ਕਿਰਿਆਵਾਂ ਵਿੱਚ ਜਿਹੜੇ ਸਰੋਤਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹ

ਕੇਵਲ ਵਪਾਰਿਕ ਸੰਸਥਾ ਦੇ ਨਹੀਂ ਹੁੰਦੇ ਬਲਕਿ ਸਮਾਜ ਦੇ ਵੀ ਹੁੰਦੇ ਹਨ। ਜਦੋਂ ਵਪਾਰਿਕ ਸੰਸਥਾਵਾਂ ਉਹਨਾਂ ਦੀ ਵਰਤੋਂ ਕਰਦੀਆਂ ਹਨ ਤਾਂ ਪ੍ਰਭਾਵ ਸਮਾਜ ਤੇ ਵੀ ਪੈਂਦਾ ਹੈ। ਕਿਸੇ ਵੀ ਸੰਸਥਾ ਦਾ ਟਿਕਾਊ ਵਿਕਾਸ, ਸੰਸਥਾ ਅਤੇ ਸਮਾਜ ਦੇ ਵਿਚਕਾਰ ਸਬੰਧਾਂ ਤੇ ਵੀ ਨਿਰਭਰ ਕਰਦਾ ਹੈ। ਕਿਸੇ ਵੀ ਸਫ਼ਲ ਸੰਸਥਾ ਦਾ ਮਹੱਤਵਪੂਰਨ ਮਿਸ਼ਨ ਸਮਾਜ ਨਾਲ ਵਧੀਆ ਸਬੰਧ ਸਥਾਪਿਤ ਕਰਨਾ ਹੁੰਦਾ ਹੈ। ਭਾਰਤ ਵਿੱਚ ਅਨੇਕਾਂ ਹੀ ਸਮਾਜ ਸੇਵੀ ਸੰਸਥਾਵਾਂ ਵਪਾਰ ਲਈ ਸਮੇਂ ਸਮੇਂ ਤੇ ਸਮਾਜ ਪ੍ਰਤੀ ਸੇਵਾ ਦੇ ਸੰਕਲਪ ਦੀ ਮਹੱਤਤਾ ਲਈ ਕਾਰਜਸ਼ੀਲ ਹਨ। ਸੰਸਾਰੀਕਰਣ, ਨਿਜੀਕਰਣ ਅਤੇ ਉਦਾਰੀਕਰਣ ਦੀਆਂ ਨੀਤੀਆਂ ਨੇ ਜਿੱਥੇ ਵਪਾਰ ਵਿੱਚ ਨਵੀਆਂ ਚੁਣੌਤੀਆਂ ਨੂੰ ਪੈਦਾ ਕੀਤਾ ਹੈ ਉੱਥੇ ਨਾਲ ਹੀ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਹੋਰ ਵੀ ਜ਼ਰੂਰੀ ਬਣਾਇਆ ਹੈ। ਵਿਦੇਸ਼ੀ ਨਿਵੇਸ਼ ਅਤੇ ਵਿਦੇਸ਼ੀ ਸੰਸਥਾਵਾਂ ਦੇ ਆਉਣ ਨਾਲ ਹਰ ਇੱਕ ਸੰਸਥਾ ਆਪਣੇ ਅਤੇ ਸਮਾਜ ਨਾਲ ਵਧੀਆ ਸਬੰਧ ਸਥਾਪਿਤ ਕਰਕੇ ਆਪਣੀ ਸਾਖ (Goodwill) ਵਿੱਚ ਵਾਧਾ ਕਰਦੀ ਹੈ। ਜਿਹੜੀਆਂ ਕੰਪਨੀਆਂ ਭਾਰਤ ਵਿੱਚ ਕਾਰਜਸ਼ੀਲ ਹਨ ਉਹਨਾਂ ਦਾ ਮਕਸਦ ਵਪਾਰ ਵਿੱਚ ਵਾਧਾ ਕਰਨ ਦੇ ਨਾਲ-ਨਾਲ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਵੀ ਹੋਣਾ ਚਾਹੀਦਾ ਹੈ। ਕਾਰਪੋਰੇਟ ਸ਼ੋਸ਼ਲ ਰਿਸਪਾਂਸੀਬਿਲਟੀ (CSR) ਦਾ ਸਿਧਾਂਤ ਕੰਪਨਆਂ ਲਈ ਮਸ਼ਹੂਰੀ(Advertisement) ਦਾ ਵੀ ਸਾਧਨ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਸਮਾਜਿਕ ਜ਼ਿੰਮੇਵਾਰੀ ਦੇ ਪ੍ਰਸੰਗ ਵਿੱਚ ਅਨੇਕਾਂ ਹੀ ਥਾਵਾਂ ਤੇ ਸਿੱਧੇ ਅਤੇ ਅਸਿੱਧੇ ਦੋਵੇਂ ਤਰੀਕਿਆਂ ਰਾਹੀਂ ਸਿੱਖਿਆ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਜੇਕਰ ਵਪਾਰ ਖੋਟਾ ਹੋਵੇ ਭਾਵ ਦੂਸਰਿਆਂ ਨੂੰ ਧੋਖਾ ਦੇ ਕੇ ਕੀਤਾ ਜਾਵੇ ਜਾਂ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਮੌਜੂਦਾ ਨਾ ਹੋਵੇ ਤਾਂ ਵਪਾਰੀ ਨੂੰ ਲੰਬੇ ਸਮੇਂ ਦਾ ਲਾਭ ਨਹੀਂ ਹੁੰਦਾ ਸਗੋਂ ਉਹ ਹੋਰ ਵੀ ਦੁਖੀ ਹੋ ਜਾਂਦਾ ਹੈ। ਗੁਰੂ ਸਾਹਿਬ ਇਸ ਸਬੰਧ ਵਿਚ ਲਿਖਦੇ ਹਨ-

ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।।
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।।[30]

ਗੁਰੂ ਸਹਿਬਾਨ ਸਰਬੱਤ ਦੇ ਭਲੇ ਦਾ ਉਪਦੇਸ਼ ਦਿੰਦੇ ਹਨ, ਭਾਵ ਕਿ ਕਾਰਜ ਇਸ ਤਰੀਕੇ ਨਾਲ ਕੀਤੇ ਜਾਣ ਕਿ ਕਿਸੇ ਦਾ ਕੋਈ ਨੁਕਸਾਨ ਨਾ ਹੋਵੇ। ਗੁਰੂ ਸਾਹਿਬ ਅਨੁਸਾਰ ਸੱਚਾ ਵਪਾਰ ਕਰੋ ਜਿਸ ਨਾਲ ਕਿਸੇ ਦਾ ਨੁਕਸਾਨ ਨਾ ਹੋਵੇ ਸਗੋਂ ਇਸ ਨਾਲ ਸ਼ੋਭਾ ਵਧਦੀ ਹੈ। ਗੁਰੂ ਅਰਜਨ ਦੇਵ ਜੀ ਇਸ ਸਬੰਧ ਵਿਚ ਲਿਖਦੇ ਹਨ-

ਸਚੁ ਵਾਪਾਰੁ ਕਰਹੁ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥[31]

ਉਪਰੋਕਤ ਚਰਚਾ ਰਾਹੀਂ ਸਪੱਸ਼ਟ ਹੈ ਕਿ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਅੱਜ ਦੇ ਸਮੇਂ ਇੱਕ ਅਹਿਮ ਕਾਰਜ ਹੈ। ਵਿਸ਼ਵੀਕਰਣ ਕਾਰਨ ਜਿੱਥੇ ਸਾਰਾ ਸੰਸਾਰ ਇੱਕ ਗਲੋਬਲ ਪਿੰਡ ਵਜੋਂ ਦਿਖਾਈ ਦਿੰਦਾ ਹੈ ਉੱਥੇ ਨਾਲ ਹੀ ਇਸ ਕਾਰਨ ਵਪਾਰ ਵਿੱਚ ਮੁਕਾਬਲੇ ਦੀ ਭਾਵਨਾ ਵੀ ਵਧੀ ਹੈ। ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਜਿੱਥੇ ਸਮਾਜ ਨਾਲ ਵਪਾਰਿਕ ਸੰਸਥਾ ਦੇ ਚੰਗੇ ਸਬੰਧ ਬਣਾਉਣ ਵਿੱਚ ਮੱਦਦਗਾਰ ਹੈ ਉੱਥੇ ਇਹ ਸੰਸਥਾ ਦੀ ਸਾਖ (Goodwill) ਦਾ ਵੀ ਹਿੱਸਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਵਪਾਰਿਕ ਜ਼ਿੰਮੇਵਾਰੀ ਦੇ ਸਬੰਧੀ ਅਨੇਕਾਂ ਸਿਧਾਂਤਾਂ ਦਾ ਜ਼ਿਕਰ ਮਿਲਦਾ ਹੈ। ਜੇਕਰ ਗੁਰਬਾਣੀ ਅਨੁਸਾਰ ਨੈਤਿਕ ਵਪਾਰ ਦੀ ਗੱਲ ਕੀਤੀ ਜਾਵੇ ਤਾਂ ਇਸ ਵਿੱਚ ਵਪਾਰਿਕ ਜ਼ਿੰਮੇਵਾਰੀ ਅਹਿਮ ਸਥਾਨ ਰੱਖਦੀ ਹੈ।

### 4.6 ਪਾਰਦਰਸ਼ਿਤਾ ਅਤੇ ਜਵਾਬਦੇਹੀ (Transparency and Accountability)

ਪਾਰਦਰਸ਼ਿਤਾ ਅਤੇ ਜਵਾਬਦੇਹੀ ਵਪਾਰਿਕ ਨੈਤਿਕਤਾ ਦੇ ਪ੍ਰਸੰਗ ਵਿੱਚ ਅਹਿਮ ਸਥਾਨ ਰੱਖਦੀ ਹੈ। ਪਾਰਦਰਸ਼ਿਤਾ ਮੁੱਲ ਪ੍ਰਬੰਧਾਂ ਦੀ ਦ੍ਰਿਸ਼ਟੀ ਤੋਂ ਵੀ ਜਰੂਰੀ ਹੈ ਕਿਉਂਕਿ ਇਸ ਨਾਲ ਸੱਚਾਈ, ਈਮਾਨਦਾਰੀ ਅਤੇ ਵਪਾਰਿਕ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਮੱਦਦ ਮਿਲਦੀ ਹੈ। ਉੱਘੇ ਸਮਾਜ ਸ਼ਾਸ਼ਤਰੀ ਐਲ.ਐਮ. ਪ੍ਰਸਾਦ ਅਨੁਸਾਰ

> Accountability creates the obligation for the maintenance of responsibility by the superior and an

accompanying insistence that the work performed must meet his expectation.[32]

ਗੁਰਬਾਣੀ ਮਨੁੱਖ ਨੂੰ ਆਪਣੇ ਕੰਮਾਂ ਪ੍ਰਤੀ ਈਮਾਨਦਾਰੀ ਅਤੇ ਸਚਾਈ ਰੱਖਣ ਲਈ ਪ੍ਰੇਰਿਤ ਕਰਦੀ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਪ੍ਰਭੂ ਦੇ ਪਿਆਰ ਨੂੰ ਆਪਣੀ ਕਲਮ ਸਮਝ ਅਤੇ ਆਪਣੀ ਸੁਰਤ ਨੂੰ ਹੀ ਕਾਗਜ਼÷ ਸਮਝ ਅਤੇ ਫਿਰ ਗੁਰੂ ਨੂੰ ਪੁੱਛ ਕੇ ਸਮੱਸਿਆ ਦਾ ਹੱਲ ਲੱਭਣ ਦਾ ਯਤਨ ਕਰ–

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥

ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥[33]

ਗੁਰੂ ਸਾਹਿਬ ਸਿਰਫ਼ ਵਪਾਰੀ ਵਰਗ ਨੂੰ ਹੀ ਨਹੀਂ ਸਗੋਂ ਸਭ ਨੂੰ ਆਪਣੇ ਕੰਮਾਂ ਦਾ ਚੰਗਾ ਲੇਖਾ ਤਿਆਰ ਕਰਨ ਲਈ ਪ੍ਰੇਰਦੇ ਹਨ। ਗੁਰੂ ਸਾਹਿਬ ਅਨੁਸਾਰ ਹਉਮੈ ਨੂੰ ਖ਼ਤਮ ਕਰਨ ਲਈ ਹਰ ਇੱਕ ਨੂੰ ਆਪਣੇ ਕੰਮਾਂ ਬਾਰੇ ਸੁਚੇਤ ਹੋਣਾ ਪਵੇਗਾ। ਇਸ ਲੇਖੇ ਜੋਖੇ ਵਿੱਚ ਵੀ ਸ਼ਾਂਤੀ ਨਹੀਂ। ਜਦੋਂ ਵਿਅਕਤੀ ਬੁਰੇ ਕੰਮਾਂ ਨਾਲ ਸਬੰਧ ਜੋੜਦਾ ਹੈ ਵਿਅਕਤੀ ਅੰਦਰ ਵੀ ਉਹੋ ਗੁਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸੇ ਸਬੰਧ ਵਿਚ ਗੁਰੂ ਸਾਹਿਬ ਲਿਖਦੇ ਹਨ–

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ॥

ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ॥[34]

ਗੁਰੂ ਸਾਹਿਬ ਅਨੁਸਾਰ ਜਿਹੜੇ ਮਨੁੱਖ ਮਾੜੇ ਕੰਮਾਂ ਵਿੱਚ ਪੈ ਜਾਂਦੇ ਹਨ ਉਹਨਾਂ ਦਾ ਸਮਾਜਿਕ ਅਕਸ ਵੀ ਵਧੀਆ ਨਹੀਂ ਰਹਿੰਦਾ ਸਗੋਂ ਕੰਮਾਂ ਦੇ ਵਾਂਗ ਹੋ ਜਾਂਦਾ ਹੈ। ਖੋਟੇ ਬੰਦਿਆਂ ਦੀ ਨਾ ਤਾਂ ਸੰਸਾਰ ਵਿੱਚ ਹੀ ਇੱਜ਼ਤ ਰਹਿੰਦੀ ਹੈ ਅਤੇ ਨਾ ਹੀ ਅਧਿਆਤਮਕ ਸਫ਼ਲਤਾ ਹਾਂਸਿਲ ਹੁੰਦੀ ਹੈ। ਉਹਨਾਂ ਨੂੰ ਚੰਗੇ ਮਾੜੇ ਦੀ ਪਛਾਣ ਵੀ ਭੁੱਲ ਜਾਂਦੀ ਹੈ। ਉਹ ਆਪਣੇ ਮਾੜੇ ਕੰਮਾਂ ਕਾਰਨ ਸੰਸਾਰ ਵਿੱਚ ਹੀ ਭਟਕਦੇ ਰਹਿੰਦੇ ਹਨ, ਜਿਸ ਬਾਬਤ ਗੁਰੂ ਸਾਹਿਬ ਲਿਖਦੇ ਹਨ–

ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ॥

ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ॥

ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ॥[35]

ਮਾਇਆ ਦੇ ਲਾਲਚ ਕਾਰਨ ਵਿਅਕਤੀ ਗ਼ਲਤ ਤਰੀਕਿਆਂ ਰਾਹੀਂ ਧਨ ਇਕੱਠਾ ਕਰਦਾ ਹੈ। ਧਨ ਦੌਲਤ ਦੇ ਲਾਲਚ ਵਿੱਚ ਅੰਨਾ ਹੋਇਆ ਮਨੁੱਖ ਠੀਕ ਗ਼ਲਤ ਦੀ ਪਛਾਣ ਵੀ ਭੁਲਾ ਦਿੰਦਾ ਹੈ। ਗੁਰੂ ਸਾਹਿਬ ਅਨੁਸਾਰ-

ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ॥

ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ॥[36]

ਗੁਰੂ ਸਾਹਿਬ ਅਨੁਸਾਰ ਜਦੋਂ ਵਿਅਕਤੀ ਇਹ ਸੋਚਦਾ ਹੈ ਕਿ ਬੁਰੇ ਕੰਮ ਕਰਦਿਆਂ ਉਸ ਨੂੰ ਕੋਈ ਵੀ ਦੇਖ ਨਹੀਂ ਰਿਹਾ ਅਤੇ ਅਨੈਤਿਕ ਕੰਮਾਂ ਰਾਹੀਂ ਧਨ ਇਕੱਤਰ ਕਰਕੇ ਥੋੜੇ ਸਮੇਂ ਵਿੱਚ ਅਮੀਰ ਹੋ ਜਾਵੇਗਾ ਤਾਂ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅੱਜ ਦੇ ਕੀਤੇ ਕੰਮ ਕੱਲ੍ਹ ਲਈ ਸਵਾਲ ਹਨ, ਭਾਵ ਮਨੁੱਖ ਲਈ ਪਾਰਦਰਸ਼ਿਤਾ ਵੀ ਜਰੂਰੀ ਹੈ ਅਤੇ ਜਵਾਬਦੇਹੀ ਵੀ ਲਾਜ਼ਮੀ ਹੈ, ਇਸੇ ਸਬੰਧ ਵਿਚ ਗੁਰੂ ਸਾਹਿਬ ਦਾ ਕਥਨ ਹੈ-

ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥

ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥[37]

ਉੱਦਮੀ ਜੋ ਆਪਣੇ ਕੰਮ ਪ੍ਰਤੀ ਈਮਾਨਦਾਰ ਨਹੀਂ ਹੈ ਭਾਵ ਵਪਾਰ ਦੇ ਹਿੱਸੇਦਾਰਾਂ (Stakeholders) ਨੂੰ ਪੂਰੀ ਜਾਣਕਾਰੀ ਨਹੀਂ ਦਿੰਦੇ ਅਤੇ ਲਾਲਚੀ ਪ੍ਰਵਿਰਤੀਆਂ ਵਿੱਚ ਗ਼ਲਤਾਨ ਰਹਿੰਦੇ ਹਨ ਉਹ ਕਦੇ ਖੁਸ਼ ਨਹੀਂ ਰਹਿ ਸਕਦੇ ਕਿਉਂਕਿ ਇੱਕ ਪਾਸੇ ਉਹ ਆਪਣੇ ਗਾਹਕ(Client) ਤੋਂ ਵੱਧ ਲਾਭ ਕਮਾਉਣ ਲਈ ਧੋਖਾ ਕਰਦੇ ਹਨ ਤੇ ਦੂਜੇ ਪਾਸੇ ਪ੍ਰਮਾਤਮਾ ਨੂੰ

ਕਦੇ ਵੀ ਮਨ ਵਿੱਚ ਨਹੀਂ ਸਿਮਰਦੇ। ਉਹ ਮਾਨਸਿਕ ਤੌਰ ਤੇ ਅਸ਼ਾਂਤ ਰਹਿੰਦਾ ਹੈ, ਉਨਾਂ ਦਾ ਸਾਰਾ ਜੀਵਨ ਭਟਕਣਾ ਵਿੱਚ ਬੀਤਦਾ ਹੈ-

ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ॥

ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ॥

ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ॥[38]

ਗੁਰੂ ਸਾਹਿਬ ਅਨੁਸਾਰ ਕੋਈ ਵੀ ਵਿਅਕਤੀ ਗ਼ਲਤ ਮਾਰਗ ਤੇ ਚੱਲ ਕੇ ਸਫ਼ਲਤਾ ਹਾਂਸਿਲ ਨਹੀਂ ਕਰ ਸਕਦਾ। ਜਿਨ੍ਹਾਂ ਦੀ ਬਿਰਤੀ ਲਾਲਚ ਵੱਸ ਹੈ, ਜੋ ਪ੍ਰਮਾਤਮਾ ਨੂੰ ਯਾਦ ਨਹੀਂ ਕਰਦੇ, ਜੋ ਦਾਨ ਪੁੰਨ ਨਹੀਂ ਕਰਦੇ, ਉਹਨਾਂ ਨੂੰ ਧੋਖੇ ਹੀ ਨਸੀਬ ਹੁੰਦੇ ਹਨ। ਜੋ ਲੋਕ ਗ਼ਲਤ ਨੂੰ ਹੀ ਸੱਚ ਸਮਝਦੇ ਹਨ ਉਹ ਕੁੱਤਿਆਂ ਦੇ ਸਮਾਨ ਹਨ ਅਤੇ ਆਪਣਾ ਜੀਵਨ ਵਿਅਰਥ ਹੀ ਗਵਾ ਦਿੰਦੇ ਹਨਃ-

ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥

ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥[39]

ਸੋ ਗੁਰੂ ਸਾਹਿਬ ਅਨੁਸਾਰ ਕਿਸੇ ਵੀ ਤਰੀਕੇ ਨਾਲ ਕੇਵਲ ਤੇ ਕੇਵਲ ਲਾਭ ਕਮਾਉਣ ਦੇ ਟੀਚੇ ਨੂੰ ਯੋਗ ਨਹੀਂ ਠਹਿਰਾਇਆ ਜਾ ਸਕਦਾ। ਜੇਕਰ ਤਰੀਕਾ ਗ਼ਲਤ ਹੈ ਤਾਂ ਉਹ ਕੰਮ ਵੀ ਗ਼ਲਤ ਹੀ ਹੋਵੇਗਾ ਚਾਹੇ ਉਹ ਕੰਮ ਨੂੰ ਲੱਖਾਂ ਵਾਰ ਹੀ ਕਿਉਂ ਨਾ ਕੀਤਾ ਜਾਵੇ। ਗੁਰੂ ਜੀ ਇਸੇ ਸਬੰਧ ਵਿੱਚ ਲਿਖਦੇ ਹਨਃ-

ਬਾਬਾ ਹੋਰ ਮਤਿ ਹੋਰ ਹੋਰ॥
ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜ਼ੋਰੁ॥

ਲਾਲਚੀ ਪ੍ਰਬੰਧਕਾਂ ਦੀਆਂ ਗ਼ਲਤਨੀਤੀਆਂ ਕਾਰਨ ਸੰਸਥਾਵਾਂ ਪਤਨ ਵੱਲ ਅਗਰਸਰ ਹੋ ਜਾਂਦੀਆਂ ਹਨ। ਇਸ ਕਰਕੇ ਮਨੁੱਖ ਜੋ ਵੀ ਬੀਜਦਾ ਹੈ ਉਸ ਨੂੰ ਉਹ ਹੀ ਪ੍ਰਾਪਤ ਹੁੰਦਾ ਹੈਃ-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।[41]

ਅਨੇਕਾਂ ਹੀ ਵਾਰ ਪ੍ਰਬੰਧਕ ਇਹ ਸੋਚਦੇ ਹਨ ਕਿ ਉਹਨਾਂ ਦੁਆਰਾ ਕੀਤੇ ਗ਼ਲਤ ਕੰਮਾਂ ਦਾ ਗਿਆਨ ਕਿਸੇ ਹੋਰ ਨੂੰ ਨਹੀਂ ਤੇ ਉਹ ਆਪਣੇ ਗ਼ਲਤ ਕੰਮਾਂ ਨੂੰ ਛੁਪਾ ਸਕਦੇ ਹਨ ਪਰ ਅੰਤ ਸਮੇਂ ਅਜਿਹੀਆਂ ਸੰਸਥਾਵਾਂ ਜਲਦੀ ਹੀ ਖ਼ਤਮ ਹੋ ਜਾਂਦੀਆਂ ਹਨ। ਗੁਰੂ ਸਾਹਿਬ ਵੀ ਸਮਝਾਉਂਦੇ ਹਨ ਕਿ ਮਾੜੇ ਕੰਮਾਂ ਨੂੰ ਲੁਕਾਇਆ ਨਹੀਂ ਜਾ ਸਕਦਾ। ਕਈ ਵਾਰ ਅਜਿਹੇ ਗ਼ਲਤ ਵਿਅਕਤੀ ਭਾਵੇਂ ਵਪਾਰਿਕ ਰਸਾਲਿਆਂ ਦੇ ਪਹਿਲੇ ਪੰਨੇ ਤੇ ਨਜ਼ਰ ਆਉਂਦੇ ਹਨ ਪਰ ਉਹਨਾਂ ਦੀ ਸੋਭਾ ਆਰਜ਼ੀ ਰੂਪ ਵਿਚ ਭਾਵ ਕੁਝ ਕੁ ਦਿਨਾਂ ਦੀ ਹੁੰਦੀ ਹੈ। ਗੁਰੂ ਸਾਹਿਬ ਇਸੇ ਸਬੰਧ ਵਿਚ ਲਿਖਦੇ ਹਨ-

ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ।।

ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ।।[42]

ਅਜੋਕੇ ਸਮੇਂ ਵਪਾਰ ਵਿਚ ਨੈਤਿਕਤਾ, ਪਾਰਦਰਸ਼ਿਤਾ ਅਤੇ ਜਵਾਬਦੇਹੀ ਬਣਾ ਕੇ ਰੱਖਣੀ ਬਹੁਤ ਜ਼ਰੂਰੀ ਹੈ। ਪਾਰਦਰਸ਼ਿਤਾ ਤੋਂ ਬਿਨਾਂ ਵਪਾਰਿਕ ਨੀਤੀਆਂ ਸਵਾਲਾਂ ਦੇ ਘੇਰੇ ਵਿੱਚ ਆਉਣੀਆਂ ਸੁਭਾਵਿਕ ਹੀ ਹਨ। ਗੁਰੂ ਸਾਹਿਬ ਵਾਰ ਵਾਰ ਹਲੂਣਦੇ ਹਨ ਕਿ ਮਾੜੇ ਕੰਮਾਂ ਨੂੰ ਤਿਆਗ ਦਿਉ ਅਤੇ ਗ਼ਲਤ ਖਿਆਲਾਂ ਦਾ ਤਿਆਗ ਕਰੋ ਅਤੇ ਨਿਰਮਲ ਮਨ ਨਾਲ ਚੰਗੇ ਉਦੇਸ਼ਾਂ ਵੱਲ ਧਿਆਨ ਕਰੋ, ਜਿਸ ਦਾ ਪ੍ਰਮਾਣ ਗੁਰਬਾਣੀ ਵਿੱਚ ਇਉਂ ਪ੍ਰਾਪਤ ਹੁੰਦਾ ਹੈ-

ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬਿਸਾਰਿਓ ਰੇ।।
ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ।[43]

ਗੁਰੂ ਸਾਹਿਬ ਅਨੁਸਾਰ ਚੰਗੇ ਗੁਣਾਂ ਦੀ ਪ੍ਰਾਪਤੀ ਉਦੋਂ ਹੀ ਸੰਭਵ ਹੈ ਜੇਕਰ ਸੰਗਤ ਚੰਗੇ ਮਨੁੱਖਾਂ ਦੀ ਕੀਤੀ ਜਾਵੇ। ਜੇਕਰ ਮਨੁੱਖ ਦੇ ਮਨ ਵਿੱਚ ਮੈਲ ਹੈ ਤਾਂ ਕੰਮਾਂ ਨੂੰ ਸ਼ੁੱਧ ਕਰਨਾ

ਕਠਿਨ ਕਾਰਜ ਹੈ। ਪਰ ਸੰਗਤ ਵਿੱਚ ਇਸ ਜੰਗਾਲੇ ਹੋਏ ਮਨ ਨੂੰ ਵੀ ਸ਼ੁੱਧ ਕੀਤਾ ਜਾ ਸਕਦਾ ਹੈ-

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ॥
ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ॥[44]

ਗੁਰੂ ਸਾਹਿਬ ਅਨੁਸਾਰ ਸੱਚੇ ਮਨੁੱਖ ਜਿਹਨਾਂ ਦਾ ਅਧਾਰ ਹੀ ਸੱਚਾ ਹੈ ਉਹ ਹਰ ਪਾਸੇ ਜਿੱਤ ਹਾਂਸਿਲ ਕਰਦੇ ਹਨ। ਸੱਚ ਦੇ ਮਾਰਗ ਤੇ ਚਲਦਿਆਂ ਉਹਨਾਂ ਦੀ ਸੋਭਾ ਹੁੰਦੀ ਹੈ ਭਾਵੇ ਕਿੰਨੇ ਵੀ ਗ਼ਲਤ ਵਿਅਕਤੀ ਉਹਨਾਂ ਦੇ ਆਸ ਪਾਸ ਕਿਉਂ ਨ ਹੋਣ ਪਰ ਅਸਲ ਜਿੱਤ ਸੱਚ ਦੀ ਹੀ ਹੁੰਦੀ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੋ ਮਨੁੱਖ ਗ਼ਲਤ ਰਸਤੇ ਤੇ ਚੱਲ ਪੈਂਦਾ ਹੈ ਕਈ ਵਾਰ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸ ਦੀਆਂ ਗ਼ਲਤ ਇਛਾਵਾਂ ਸਹੀ ਹਨ ਪਰ ਜੋ ਵਿਅਕਤੀ ਸਹੀ ਗਿਆਨ ਨੂੰ ਪ੍ਰਾਪਤ ਕਰ ਲੈਂਦਾ ਹੈ ਉਹ ਹਮੇਸ਼ਾਂ ਹੀ ਗ਼ਲਤ ਸਹੀ ਦੀ ਯੋਗ ਪਹਿਚਾਣ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਜਦੋਂ ਵਿਅਕਤੀ ਹੰਕਾਰ ਨੂੰ ਤਿਆਗ ਕੇ ਆਪਣੇ ਵਿਚਾਰਾਂ ਨੂੰ ਛੱਡ ਕੇ ਪਰਮਾਤਮਾ ਵਿੱਚ ਹੀ ਲੀਨ ਹੋ ਜਾਂਦਾ ਹੈ ਤਾਂ ਉਸ ਦੀ ਸੋਚ ਪਾਰਦਰਸ਼ੀ ਅਤੇ ਸੁਤੰਤਰ ਹੋ ਜਾਂਦੀ ਹੈ। ਉਹ ਸਮੁੰਦਰ ਦੀਆਂ ਲਹਿਰਾਂ ਵਾਂਗ ਸਮੁੰਦਰ ਵਿੱਚ ਹੀ ਸਮਾ ਜਾਂਦਾ ਹੈ ਭਾਵ ਲਾਲਚ ਹੰਕਾਰ ਤਿਆਗ ਦਿੰਦਾ ਹੈਃ-

ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ॥[45]

ਭਾਵ ਜਦੋਂ ਮਨੁੱਖ ਆਪਣੇ ਆਪ ਨੂੰ ਪਰਮਾਤਮਾ ਨਾਲ ਜੋੜ ਲੈਂਦਾ ਹੈ ਤਾਂ ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਲਾਲਚ, ਝੂਠ, ਹੰਕਾਰ ਆਦਿ ਉਸ ਦੇ ਲਈ ਪਾਪ ਹੁੰਦਾ ਹੈ। ਜੋ ਮਨੁੱਖ ਮਨ ਨੂੰ ਹੀ ਸੰਬੋਧਿਤ ਹੁੰਦਾ ਹੈ ਭਾਵ ਮਨ ਅਨੁਸਾਰ ਹੀ ਚਲਦਾ ਹੈ, ਗੁਰੂ ਸਾਹਿਬ ਅਨੁਸਾਰ ਉਹ ਅੰਤ ਸਮੇਂ ਜ਼ਰੂਰ ਪਛਤਾਉਂਦਾ ਹੈ।

ਪਾਰਦਰਸ਼ਿਤਾ ਨਾਲ ਜ਼ਿੰਮੇਵਾਰੀ ਅਤੇ ਜਵਾਬਦੇਹੀ ਦੋਹਾਂ ਵਿੱਚ ਹੀ ਵਾਧਾ ਹੁੰਦਾ ਹੈ। ਜਦੋਂ ਕੋਈ ਵੀ ਵਪਾਰਿਕ ਸੰਸਥਾ ਅਜਿਹੇ ਗੁਣਾਂ ਨੂੰ ਧਾਰਣ ਕਰਦੀ ਹੈ ਤਾਂ ਅਜਿਹੀਆਂ ਸੰਸਥਾਵਾਂ ਨੈਤਿਕ ਅਧਾਰ ਕਾਰਣ ਬਾਕੀ ਸੰਸਥਾਵਾਂ ਤੋਂ ਅਲੱਗ ਹੋ ਜਾਂਦੀਆਂ ਹਨ, ਜਿੱਥੇ ਅਜਿਹੇ ਗੁਣ ਉਹਨਾਂ ਲਈ ਲੰਬੇ ਸਮੇਂ ਦੀ ਸਾਖ (Goodwill) ਦਾ ਕੰਮ ਕਰਦੇ ਹਨ ਅਤੇ ਇਸਦੇ ਨਾਲ ਉਪਭੋਗਤਾਵਾਂ ਦੇ ਵਿਸ਼ਵਾਸ ਕਾਰਨ ਵੀ ਉਹਨਾਂ ਦਾ ਲਾਭ ਵੱਧਦਾ ਹੈ।

### 4.7 ਦਸਵੰਧ (Co-Sharing)

ਗੁਰਮਤਿ ਵਿਚਾਰਧਾਰਾ ਹਰ ਇੱਕ ਸਿੱਖ ਨੂੰ ਆਪਣੀ ਆਮਦਨ ਦਾ ਦੱਸਵਾਂ ਹਿੱਸਾ ਲੋੜਵੰਦਾਂ ਦੀ ਮੱਦਦ ਜਾਂ ਕਿਸੇ ਸਮਾਜ ਭਲਾਈ ਦੇ ਕਾਰਜ ਲਈ ਕੱਢਣ ਦਾ ਹੁਕਮ ਹੈ, ਏਸ ਨੂੰ ਹੀ ਦਸਵੰਧ ਕਿਹਾ ਜਾਂਦਾ ਹੈ। ਇਹ ਸੰਕਲਪ ਇਸ ਗੱਲ ਦਾ ਵੀ ਸੂਚਕ ਹੈ ਕਿ ਵਿਅਕਤੀ ਨੂੰ ਜੋ ਵੀ ਮਿਲਦਾ ਹੈ ਪਰਮਾਤਮਾ ਦੀ ਮਰਜ਼ੀ ਅਨੁਸਾਰ ਹੀ ਮਿਲਦਾ ਹੈ। ਜਦੋਂ ਕਿਸੇ ਵਿਅਕਤੀ ਨੂੰ ਆਪਣੀ ਲੋੜ ਤੋਂ ਵੱਧ ਪ੍ਰਾਪਤ ਹੋ ਜਾਵੇ ਤਾਂ ਇਹ ਉਸ ਦਾ ਫ਼ਰਜ ਹੈ ਕਿ ਉਹ ਸਮਾਜ ਵਿਚ ਲੋੜਵੰਦਾਂ ਨੂੰ ਵੀ ਕੁਝ ਹਿੱਸਾ ਜਰੂਰ ਦੇਵੇ। ਗੁਰੂ ਨਾਨਕ ਦੇਵ ਜੀ ਜਿੱਥੇ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿੰਦੇ ਹਨ ਉੱਥੇ ਨਾਲ ਹੀ ਸੱਚੀ ਕਿਰਤ ਜਿਸ ਵਿੱਚ ਕਿਸੇ ਦਾ ਸ਼ੋਸ਼ਣ ਨਾ ਕੀਤਾ ਗਿਆ ਹੋਵੇ, ਸਚਾਈ ਤੇ ਅਧਾਰਿਤ ਹੋਵੇ, ਅਤੇ ਈਮਾਨਦਾਰੀ ਨਾਲ ਹਾਂਸਿਲ ਕੀਤੀ ਗਈ ਹੋਵੇ, ਨੂੰ ਹੀ ਉੱਤਮ ਕਿਰਤ ਦੱਸਦੇ ਹਨ। ਗੁਰੂ ਨਾਨਕ ਦੇਵ ਜੀ ਬਾਣੀ ਵਿੱਚ ਸਮਝਾਉਂਦੇ ਹਨ ਕਿ ਵਿਅਕਤੀ ਨੂੰ ਅਸਲ ਵਿੱਚ ਉਹ ਹੀ ਪ੍ਰਾਪਤ ਹੁੰਦਾ ਹੈ ਜੋ ਮਿਹਨਤ ਨਾਲ ਇਕੱਤਰ ਕੀਤਾ ਹੋਵੇ ਅਤੇ ਦੂਜਿਆਂ ਨਾਲ ਵੀ ਵੰਡਿਆ ਹੋਵੇ–

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ (ਅੰਗ 472)

ਗੁਰੂ ਸਾਹਿਬ ਦਸਵੰਧ ਤੇ ਇਸ ਲਈ ਵੀਜ਼ੋਰ ਦਿੰਦੇ ਹਨ ਕਿਉਂਕਿ ਜਦੋਂ ਮਨੁੱਖ ਦੂਜੇ ਨਾਲ ਆਪਣੀ ਕਿਰਤ ਕਮਾਈ ਵੰਡਦਾ ਹੈ ਤਾਂ ਪਿਆਰ ਅਤੇ ਹਮਦਰਦੀ ਵਿੱਚ ਵਾਧਾ ਹੁੰਦਾ ਹੈ। ਜੇਕਰ ਨਾਮ ਜੱਪਣ ਨਾਲ ਦਾਨ ਵੀ ਕੀਤਾ ਜਾਵੇ ਤਾਂ ਆਤਮਿਕ ਸੰਤੁਸ਼ਟੀ ਪ੍ਰਾਪਤ

ਹੁੰਦੀ ਹੈ। ਦੂਸਰਿਆਂ ਦਾ ਭਲਾ ਕਰਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਅਹਿਮ ਹਿੱਸਾ ਹੈ। ਗੁਰੂ ਸਾਹਿਬ ਅਨੁਸਾਰ ਜੇਕਰ ਸਰੋਤਾਂ ਨੂੰ ਦੂਜਿਆਂ ਨਾਲ ਵੰਡਿਆ ਜਾਵੇ ਤਾਂ ਅਜਿਹਾ ਕਰਨ ਨਾਲ ਇਹ ਘੱਟਦੇ ਨਹੀਂ , ਸਗੋਂ ਇਨਾਂ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਜੋ ਵਿਅਕਤੀ ਪਰਮਾਤਮਾ ਦੀਆਂ ਦਾਤਾਂ ਦੂਜਿਆਂ ਨਾਲ ਵੰਡਦੇ ਹਨ ਉਹਨਾਂ ਦੇ ਮਨ-ਅੰਦਰ ਤ੍ਰਿਪਤੀ ਦਾ ਭਾਵ ਪੈਦਾ ਹੋ ਜਾਂਦਾ ਹੈ। ਗੁਰੂ ਸਾਹਿਬ ਲਿਖਦੇ ਹਨ-

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥[48]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸਾਡਾ ਕੀਤਾ ਗਿਆ ਦਾਨ ਵੀ ਚੰਗੀ ਦਿਸ਼ਾ ਵੱਲ ਹੋਣਾ ਚਾਹੀਦਾ ਹੈ, ਜੇਕਰ ਅਜਿਹਾ ਨਹੀਂ ਤਾਂ ਇਸ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਗੁਰੂ ਸਾਹਿਬਾਨ ਦੇ ਸ਼ਬਦਾਂ ਵਿੱਚ ਜੇਕਰ ਸਾਡੇ ਮਨਾਂ ਵਿੱਚ ਦੁਬਿਧਾ ਹੈ ਤਾਂ ਤੀਰਥ ਅਸਥਾਨਾਂ ਤੇ ਫਿਰਨ ਦਾ ਕੋਈ ਲਾਭ ਨਹੀਂ। ਜੇਕਰ ਕੋਈ ਰੱਬ ਦੇ ਨਾਂ ਤੇ ਮੰਗਦਾ ਹੈ ਤਾਂ ਜ਼ਰੂਰੀ ਨਹੀਂ ਕਿ ਉਹ ਧਾਰਮਿਕ ਹੀ ਹੋਵੇ। ਨਿਰਣਾ ਗੁਣਾਂ ਦੇ ਅਧਾਰ ਤੇ ਹੀ ਹੋਣਾ ਚਾਹੀਦਾ ਹੈ। ਜੋ ਵਿਅਕਤੀ ਪਰਮਾਤਮਾ ਦੇ ਨਾਮ ਕਾਰਨ ਨਿਡਰ ਹੈ ਜਾਂ ਜੋ ਪ੍ਰਮਾਤਮਾ ਪ੍ਰਤੀ ਵੀ ਸੱਚਾ ਹੈ, ਦਾਨ ਕੇਵਲ ਉਸ ਨੂੰ ਕਰਨਾ ਹੀ ਉੱਤਮ ਕਾਰਜ ਹੈ, ਇਸ ਸੰਦਰਭ ਵਿਚ ਗੁਰੂ ਸਾਹਿਬ ਲਿਖਦੇ ਹਨ-

ਅਭਿਆਗਤ ਏਹਿ ਨ ਆਖੀਅਨਿ ਕੇ ਚਿਤ ਮਹਿ ਭਰਮੁ॥
ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ॥
ਅਭੈ ਨਿਰੰਜਨ ਪਰਮ ਪਦ ਤਾ ਕਾ ਭੂਖਾ ਹੋਇ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥[49]

ਗੁਰੂ ਸਾਹਿਬ ਅਨੁਸਾਰ ਜਦੋਂ ਮਨੁੱਖ ਪੰਜ ਵਿਕਾਰ ਦੇ ਅਧੀਨ ਹੋ ਕੇ ਮਾਇਆ ਇਕੱਤਰ ਕਰਦਾ ਹੈ ਭਾਵ ਉਸ ਵੱਲੋਂ ਕੀਤਾ ਗਿਆ ਦਾਨ ਵੀ ਸਫ਼ਲ ਨਹੀਂ ਹੁੰਦਾ। ਉਹਨਾਂ ਦੁਆਰਾ

ਕੀਤਾ ਗਿਆ ਦਾਨ ਵੀ ਹਉਮੈ ਅਧੀਨ ਹੋ ਕੇ ਦਿਖਾਵਾ ਬਣ ਜਾਂਦਾ ਹੈ। ਉਸ ਵੱਲੋਂ ਇਕੱਤਰ ਕੀਤੀ ਮਾਇਆ ਦਾ ਹੋਰ ਕਿਸੇ ਨੂੰ ਕੋਈ ਲਾਭ ਨਹੀਂ-

ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ।।
ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ।।[50]

ਗੁਰੂ ਸਾਹਿਬਾਨ ਮਨੁੱਖ ਨੂੰ ਪੰਜ ਵਿਕਾਰ ਭਾਵ ਕਾਮ, ਕ੍ਰੋਧ, ਲੋਹ, ਮੋਹ ਤੇ ਹੰਕਾਰ ਪ੍ਰਤੀ ਵੀ ਸੁਚੇਤ ਰਹਿਣ ਲਈ ਕਹਿੰਦੇ ਹਨ ਕਿਉਂਕਿ ਗੁਰਬਾਣੀ ਅਨੁਸਾਰ ਇਹ ਪੰਜ ਵਿਕਾਰ ਕਈ ਵਾਰ ਦੁਸ਼ਮਣਾਂ ਦੇ ਵਾਂਗ ਮਨੁੱਖ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਠੀਕ-ਗ਼ਲਤਦੇ ਨਿਰਣੇ ਨੂੰ ਵੀ ਪ੍ਰਭਾਵਿਤ ਕਰਦੇ ਹਨ-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।।
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ।।[51]

ਉਪਰੋਕਤ ਚਰਚਾ ਰਾਹੀਂ ਇਹ ਸਪਸ਼ਟ ਹੈ ਕਿ ਜੋ ਮਨੁੱਖ ਦੂਜਿਆਂ ਨਾਲ ਵੰਡ ਕੇ ਛੱਕਣ ਦੀ ਪਰਵਿਰਤੀ ਰੱਖਦਾ ਹੈ ਅਤੇ ਜੋ ਦੂਜਿਆਂ ਪ੍ਰਤੀ ਉਦਾਰਵਾਦੀ ਹੈ, ਉਹ ਕਦੇ ਵੀ ਗ਼ਲਤ ਤਰੀਕਿਆਂ ਨਾਲ ਧਨ ਇਕੱਠਾ ਕਰਨ ਦਾ ਲਾਲਚ ਆਪਣੇ ਅੰਦਰ ਨਹੀਂ ਰੱਖਦਾ। ਉਹ ਧਨ ਨਾਲ ਜ਼ਿਆਦਾ ਪਿਆਰ ਨਹੀਂ ਕਰਦਾ ਸਗੋਂ ਲੋੜ ਪੈਣ ਤੇ ਲੋੜਵੰਦਾਂ ਦੀ ਮੱਦਦ ਵੀ ਕਰਦਾ ਹੈ। ਜੋ ਮਨੁੱਖ ਦੂਜਿਆਂ ਦੀ ਮੱਦਦ ਨਹੀਂ ਕਰਦਾ ਉਸ ਦਾ ਜੀਵਨ ਵਿਅਰਥ ਹੈ, ਗੁਰਬਾਣੀ ਦਾ ਇਹੀ ਫੈਸਲਾ ਹੈ। ਮੌਜੂਦਾ ਵਪਾਰਿਕ ਕਾਰਜਕਰਣੀ ਵਿਚ ਦਸਵੰਧ ਦੇ ਸਥਾਨ ਤੇ ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਨੂੰ ਦੇਖਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਵੱਲੋਂ ਹਰ ਸਿੱਖ ਲਈ ਦਸਵੰਧ ਦੇਣਾ ਲਾਜ਼ਮੀ ਕੀਤਾ ਗਿਆ ਪਰ ਇਸ ਨਾਲ ਹੀ ਦਸਵੰਧ ਨੂੰ ਯੋਗ ਸਮੇਂ ਤੇ ਯੋਗ ਸਥਾਨ ਤੇ ਵਰਤਣ ਦੀ ਨਸੀਹਤ ਦਿੱਤੀ ਹੈ। ਜੇਕਰ ਸੰਸਥਾਵਾਂ ਸਮਾਜ ਭਲਾਈ ਦੇ ਕਾਰਜਾਂ ਵਿਚ ਗੁਰੂ ਸਾਹਿਬ ਦੁਆਰਾ ਦੱਸੇ ਦਸਵੰਧ ਦੇ ਸੰਦਰਭ ਵਿਚ ਨੈਤਿਕਤਾ ਦੇ ਸਿਧਾਂਤਾਂ ਨੂੰ ਲਾਗੂ ਕਰਨ ਇੱਕ ਉੱਤਮ ਮਿਸਾਲ ਦ੍ਰਿਸ਼ਟਮਾਨ ਹੁੰਦੀ ਹੈ।

## 4.8. ਵਾਤਾਵਰਣ ਸੁਰੱਖਿਅਣ (Preservation & Environment)

ਵਾਤਾਵਰਣ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਬਾਹਰੀ ਪਰਸਥਿਤੀਆਂ ਦੇ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਜੀਵਨ ਜਿਊਣ ਲਈ ਜਰੂਰੀ ਹਨ ਇਸ ਵਿੱਚ –ਹਵਾ, ਪਾਣੀ, ਮਿੱਟੀ ਅਤੇ ਦਰੱਖਤ ਆਦਿ ਸ਼ਾਮਿਲ ਹਨ। ਵਾਤਾਵਰਣ ਮਨੁੱਖ ਅਤੇ ਕੁਦਰਤ ਦੇ ਵਿਚਕਾਰ ਸਬੰਧਾਂ ਦਾ ਹੀ ਨਤੀਜਾ ਹੁੰਦਾ ਹੈਂ। ਜੇਕਰ ਮਨੁੱਖ ਕੁਦਰਤੀ ਸਾਧਨਾਂ ਦੀ ਯੋਗ ਵਰਤੋਂ ਕਰਦਾ ਹੈ ਅਤੇ ਇੱਕ ਟਿਕਾਊ ਵਿਕਾਸ ਦੀ ਪ੍ਰਵਿਰਤੀ ਤੇ ਕੇਂਦਰਿਤ ਰਹਿੰਦਾ ਹੈ ਤਾਂ ਠੀਕ ਸਬੰਧ ਕਾਇਮ ਰਹਿੰਦਾ ਹੈ। ਪਰ ਜੇਕਰ ਮਨੁੱਖ ਆਪਣੇ ਲਾਲਚ ਦੇ ਕਾਰਂਨ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ ਕਰਦਾ ਹੈ ਤਾਂ ਸਮੱਸਿਆਵਾਂ ਉਪਜਣ ਦੇ ਅਸਾਰ ਵੱਧ ਜਾਂਦੇ ਹਨ। Theatre Roosevelt ਦੀ ਗੱਲ ਵਾਤਾਵਰਣ ਸੁਰੱਖਿਅਣ ਦੇ ਸੰਦਰਭ ਵਿਚ ਸਾਰਥਕ ਪ੍ਰਤੀਤ ਹੁੰਦੀ ਹੈ–

> 'The Conservation of National resnerces is the fundamental problem. Unless we solve that problem, it will avail a little to solve all others.'[52]

ਵਾਤਾਵਰਣ ਸੁਰੱਖਿਅਣ ਦੇ ਸੰਦਰਭ ਵਿਚ ਗੁਰੂ ਸਾਹਿਬ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਮਨੁੱਖ ਤੂੰ ਆਪਣੇ ਵਿਕਾਰਾਂ ਦੇ ਅਧੀਨ ਹੋ ਕੇ ਕੁਦਰਤੀ ਸੰਤੁਲਨ ਨੂੰ ਵਿਗਾੜਨਾ ਨਹੀਂ ਚਾਹੀਦਾ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੇਕਰ ਅਗਨੀ, ਹਵਾ ਅਤੇ ਪਾਣੀ ਆਦਿ ਪ੍ਰਦੂਸ਼ਿਤ ਹੋ ਗਏ ਜੇਕਰ ਖਾਣ ਵਾਲੇ ਪਦਾਰਥ ਵੀ ਪ੍ਰਦੂਸ਼ਿਤ ਹੋ ਗਏ ਤਾਂ ਅਜਿਹੇ ਮਾਹੌਲ ਵਿੱਚ ਪ੍ਰਭੂ ਭਗਤੀ ਵੀ ਕਠਿਨ ਹੋ ਜਾਂਦੀ ਹੈ, ਕੇਵਲ ਨਾਮ ਦੀ ਸੋਝੀ ਰਾਹੀਂ ਹੀ ਇਸ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ ਹੈ:–

> ਸੂਤਕੁ ਅਗਨਿ ਪਉਣੈ ਪਾਣੀ ਮਾਹਿ॥
> ਸੂਤਕੁ ਭੋਜਨੁ ਜੇਤਾ ਕਿਛੁ ਖਾਹਿ॥
> ਸੂਤਕਿ ਕਰਮ ਨ ਪੂਜਾ ਹੋਇ॥
> ਨਾਮਿ ਰਤੇ ਮਨੁ ਨਿਰਮਲੁ ਹੋਇ॥[53]

ਗੁਰੂ ਸਾਹਿਬ ਵਾਤਾਵਰਣ ਅਸਥਿਰਤਾ ਦੀ ਵਿਕਰਾਲ ਸਮੱਸਿਆ ਨੂੰ ਸਮਝਾਉਣ ਦਾ ਯਤਨ ਕਰਦੇ ਹਨ ਕਿ ਇਸ ਕਾਰਨ ਜਿੱਥੇ ਕੁਦਰਤੀ ਸਰੋਤਾਂ ਦਾ ਨਾਸ਼ ਹੋਵੇਗਾ ਉੱਥੇ ਮਨੁੱਖ ਦੇ ਸੰਸਾਰਿਕ ਅਤੇ ਅਧਿਆਤਮਿਕ ਜੀਵਨ ਦੋਹਾਂ ਤੇ ਅਸਰ ਦੇਖਿਆ ਜਾ ਸਕਦਾ ਹੈ। ਵਾਤਾਵਰਣ ਦੀ ਸੁਰੱਖਿਆ ਇੱਕ ਗਲੋਬਲ ਵਿਸ਼ਾ ਹੈ। ਇਹ ਰਾਸ਼ਟਰੀ, ਧਾਰਮਿਕ, ਸੱਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਤੱਤਾਂ ਤੋਂ ਵੀ ਉੱਪਰ ਹੈ। ਅੱਜ ਦੇ ਸਮੇਂ ਨੈਤਿਕਤਾ ਦੀ ਕਮੀ ਕਾਰਨ ਮਨੁੱਖ ਨੇ ਆਪਣੇ ਲਾਲਚ ਨੂੰ ਪੂਰਾ ਕਰਨ ਲਈ ਅਨੇਕ ਤਰ੍ਹਾਂ ਨਾਲ ਵਾਤਾਵਰਣ ਨੂੰ ਨੁਕਸਾਨ ਪਹੁੰਚਾਇਆ ਹੈ। ਜਦੋਂ ਵਪਾਰ ਦਾ ਮੁੱਖ ਮੰਤਵ ਕੇਵਲ ਲਾਭ ਕਮਾਉਣਾ ਹੀ ਬਣ ਜਾਂਦਾ ਹੈ ਤਾਂ ਅਜਿਹੀਆਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਹਨ। ਜਿਸ ਨਾਲ ਜਿੱਥੇ ਕੁਦਰਤੀ ਸਰੋਤਾਂ ਦਾ ਖਾਤਮਾ ਤੇਜ਼ੀ ਨਾਲ ਹੁੰਦਾ ਹੈ ਉੱਥੇ ਨਾਲ ਹੀ ਦੂਜੇ ਮਨੁੱਖਾਂ ਤੇ ਵੀ ਗ਼ਲਤਪ੍ਰਭਾਵ ਪੈਦੇ ਹਨ।

ਗੁਰੂ ਸਾਹਿਬਾਨ ਨੇ ਕੁਦਰਤ ਅਤੇ ਧਰਮ ਵਿੱਚ ਇੱਕ ਅਹਿਮ ਰਿਸ਼ਤਾ ਦੱਸਿਆ ਹੈ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦਾ ਵਾਸਾ ਤਾਂ ਕੁਦਰਤ ਵਿੱਚ ਹੀ ਹੈ ਅਤੇ ਉਸ ਦੇ ਇਹਨਾਂ ਗੁਣਾਂ ਕਾਰਨ ਹੀ ਪਾਰ ਨਹੀਂ ਪਾਇਆ ਜਾ ਸਕਦਾ:-

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥[54]

ਮਨੁੱਖ ਪੁਰਾਣੇ ਸਮਿਆਂ ਤੋਂ ਹੀ ਇਸ ਧਰਤੀ ਤੇ ਰਹਿ ਰਿਹਾ ਹੈ। ਮਨੁੱਖ ਨੇ ਕੁਦਰਤੀ ਸਰੋਤਾਂ ਦੀ ਵਰਤੋਂ ਕਰਕੇ ਅਨੇਕਾਂ ਹੀ ਲਾਭ ਹਾਂਸਿਲ ਕੀਤੇ ਹਨ ਅਤੇ ਅੱਜ ਦੇ ਸਮੇਂ ਇਹ ਡਿਊਟੀ ਬਣਦੀ ਹੈ ਕਿ ਮਨੁੱਖ ਕੁਦਰਤ ਦੀ ਸਾਂਭ ਸੰਭਾਲ ਲਈ ਯਤਨ ਕਰੇ। ਕੁਦਰਤੀ ਸਰੋਤ ਮਨੁੱਖ ਨੂੰ ਪਰਮਾਤਮਾ ਵੱਲੋਂ ਦਿੱਤੇ ਗਏ ਅਮੁੱਲ ਤੋਹਫ਼ੇ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਨੇਕਾਂ ਹੀ ਬ੍ਰਹਮੰਡਾਂ ਵਿੱਚ ਮੌਜੂਦ ਜੀਵ ਤੇ ਵੀ ਹਨ ਅਤੇ ਜਲ ਵਿੱਚ ਵੀ ਮੌਜੂਦ ਹਨ,ਉਹਨਾਂ

ਦੇ ਚੰਗੇ ਮਾੜੇ ਬਾਰੇ ਕੇਵਲ ਪਰਮਾਤਮਾ ਨੂੰ ਹੀ ਪਤਾ ਹੈ ਅਤੇ ਕੇਵਲ ਪਰਮਾਤਮਾ ਹੀ ਉਹਨਾਂ ਦਾ ਰਾਖਾ ਹੈ, ਇਸ ਬਾਬਤ ਗੁਰੂ ਸਾਹਿਬ ਲਿਖਦੇ ਹਨ-

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ।।

ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ।।[55]

ਉਪਰੋਕਤ ਪੰਕਤੀਆਂ ਰਾਹੀਂ ਗੁਰੂ ਸਾਹਿਬ ਕੁਦਰਤੀ ਪਰਿਸਥਿਤੀਆਂ ਉੱਤੇ ਪਰਮਾਤਮਾ ਦੇ ਹੁਕਮ ਬਾਰੇ ਦੱਸਦੇ ਹਨ ਕਿ ਸਭ ਜੀਵਾਂ ਦਾ ਰਾਖਾ ਕੇਵਲ ਪਰਮਾਤਮਾ ਹੀ ਹੈ ਕਿਸੇ ਮਨੁੱਖ ਨੂੰ ਦਖਲ ਦੇਣ ਦੀ ਕੋਈ ਜ਼ਰੂਰਤ ਨਹੀ। ਗੁਰੂ ਸਾਹਿਬ ਸਾਰੇ ਜੀਵਾਂ ਦੇ ਵਿਚਕਾਰ ਸ਼ਾਂਤੀ ਪੂਰਵਕ ਆਪਸੀ ਸਮਝ ਰਾਹੀਂ ਜੀਵਨ ਬਤੀਤ ਕਰਨ ਦੀ ਗੱਲ ਕਰਦੇ ਹਨ। ਪਰਮਾਤਮਾ ਦਾ ਮੌਜੂਦਗੀ ਹਰ ਜਗ੍ਹਾ ਤੇ ਹੈ ਅਤੇ ਉਹ ਸਭ ਦੀ ਪਾਲਣਾ ਮਾਤਾ ਪਿਤਾ ਵਾਂਗ ਕਰਦਾ ਹੈ ਅਤੇ ਉਹ ਸਭ ਦੀ ਜਰੂਰਤ ਅਨੁਸਾਰ ਉਹਨਾਂ ਦੀਆਂ ਲੋੜਾਂ ਵੀ ਪੂਰੀਆਂ ਕਰਦਾ ਹੈ। ਗੁਰੂ ਸਾਹਬਿ ਦਾ ਕਥਨ ਹੈ-

ਅਪੁਨੇ ਜੀਅ ਜੰਤ ਪ੍ਰਤਿਪਾਰੇ।।

ਜਿਉ ਬਾਰਿਕ ਮਾਤਾ ਸੰਮਾਰੇ।।

ਦੁਖ ਭੰਜਨ ਸੁਖ ਸਾਗਰ ਸੁਆਮੀ

ਦੇਤ ਸਗਲ ਆਹਾਰੇ ਜੀਉ।।[56]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪਰਮਾਤਮਾ ਅਤੇ ਕੁਦਰਤ ਦੇ ਵਿਚਕਾਰ ਇੱਕ ਅਹਿਮ ਰਿਸ਼ਤਾ ਹੈ ਜਿਸ ਵਿੱਚ ਸਾਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਕੁਦਰਤੀ ਸਰੋਤ ਜਿਵੇਂ ਕਿ ਪਾਣੀ, ਧਰਤੀ, ਹਵਾ, ਅਕਾਸ਼ ਆਦਿ ਸਰੋਤ ਪੂਰੀ ਮਨੁੱਖਤਾ ਨੂੰ ਮੁਫ਼ਤ ਮਿਲੇ ਹਨ ਸੋ ਇਹਨਾਂ ਦਾ ਪ੍ਰਯੋਗ ਸੋਚ ਸਮਝ ਕੇ ਕਰਨਾ ਚਾਹੀਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਕੁਦਰਤੀ ਸਰੋਤਾਂ ਨੂੰ ਸਾਨੂੰ ਉਸੇ ਤਰ੍ਹਾਂ ਹੀ ਰਹਿਣ ਦੇਣਾ ਚਾਹੀਦਾ ਹੈ ਜਿਵੇਂ ਪਰਮਾਤਮਾ ਦਾ ਹੁਕਮ ਹੈ ਭਾਵ ਪ੍ਰਦੂਸ਼ਣ ਰਹਿਤ, ਗੁਰੂ ਸਾਹਿਬ ਅਨੁਸਾਰ ਇਹ ਸਾਰੇ ਸਰੋਤ ਕਿਸੇ ਕੀਮਤ ਤੋਂ ਬਿਨਾਂ ਹਨ

ਭਾਵ ਅਮੁੱਲ ਹਨ ਪਰ ਇਹਨਾਂ ਦਾ ਦੂਜਾ ਹੋਰ ਕੋਈ ਸਮਾਨ ਸਰੋਤ ਖੋਜਣਾ ਅਤਿ ਕਠਿਨ ਹੈ। ਕੀਮਤੀ ਹਵਾ, ਅਮੁੱਲ ਪਾਣੀ ਅਤੇ ਅਗਨੀ ਆਦਿਕ ਪਰਮਾਤਮਾ ਦੀ ਕੁਦਰਤ ਦਾ ਹੀ ਹਿੱਸਾ ਹੈ ਜਿਸ ਬਾਬਤ ਗੁਰੂ ਸਾਹਿਬ ਲਿਖਦੇ ਹਨ–

ਜਿਨਿ ਦੀਆ ਤੁਧੁ ਪਵਨੁ ਅਮੋਲਾ॥
ਜਿਨਿ ਦੀਆ ਤੁਧੁ ਨੀਰੁ ਨਿਰਮੋਲਾ॥
ਜਿਨਿ ਦੀਆ ਤੁਧੁ ਪਾਵਕੁ ਬਲਨਾ॥
ਤਿਸੁ ਠਾਕੁਰ ਕੀ ਰਹੁ ਮਨ ਸਰਨਾ॥[57]

ਇਸ ਪ੍ਰਕਾਰ ਅਨੇਕਾਂ ਹੀ ਕੁਦਰਤੀ ਸਰੋਤ ਹਨ ਜੋ ਕਿ ਸਾਨੂੰ ਬਿਨ੍ਹਾਂ ਕਿਸੇ ਕੀਮਤ ਦੇ ਪ੍ਰਾਪਤ ਹੁੰਦੇ ਹਨ ਪਰ ਉਹਨਾਂ ਤੋਂ ਬਿਨ੍ਹਾਂ ਜੀਵਨ ਸੰਭਵ ਨਹੀਂ। ਗੁਰੂ ਸਾਹਿਬਾਨ ਨੇ ਮਨੁੱਖ ਅਤੇ ਪਰਮਾਤਮਾ ਦੇ ਸਬੰਧਾਂ ਨੂੰ ਦਰਸਾਉਣ ਲਈ ਅਨੇਕਾਂ ਵਾਰ ਕੁਦਰਤੀ ਸਰੋਤਾਂ ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਕੁਦਰਤੀ ਸਰੋਤਾਂ ਦੀ ਮਹਾਨਤਾ ਨੂੰ ਦਰਸਾਉਂਦੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ, ਧਰਤੀ ਨੂੰ ਮਾਤਾ ਦਾ ਦਰਜਾ ਦਿੰਦੇ ਹੋਏ ਲਿਖਦੇ ਹਨ–

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਗੁਰੂ ਸਾਹਿਬਾਨ ਨੇ ਮਨੁੱਖ ਅਤੇ ਕੁਦਰਤ ਦੇ ਵਿਚਕਾਰ ਇੱਕ ਅਤੁੱਟ ਅਤੇ ਅਹਿਮ ਰਿਸ਼ਤੇ ਦੀ ਗੱਲ ਕੀਤੀ ਹੈ, ਪ੍ਰੰਤੂ ਮ'ਜੂਦਾ ਪਰਿਸਥਿਤੀਆਂ ਵਿੱਚ ਇਹਨਾਂ ਸਮੀਕਰਣਾਂ ਵਿੱਚ ਤੇਜ਼ੀ ਨਾਲ ਬਦਲਾਵ ਆਏ ਹਨ। ਮ'ਜੂਦਾ ਸਮੇਂ ਧਨ ਕਮਾਉਣ ਦੀ ਹੋੜ ਨੇ ਮਨੁੱਖ ਦੀ ਸੋਝੀ ਹੀ ਬਦਲ ਦਿੱਤੀ ਹੈ। ਪੰਜਾਬੀ ਕਹਾਵਤ Ḷਏਹ ਜਗੁ ਮਿੱਠਾ ਅਗਲਾ ਕੀਹਨੇ ਡਿੱਠਾÓਵਾਂਗ ਮਨੁੱਖ ਅਗਲੀਆਂ ਪੀੜੀਆਂ ਬਾਰੇ ਸੋਚੇ ਸਮਝੇ ਬਗੈਰ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ ਕਰ ਰਿਹਾ ਹੈ। ਵਪਾਰੀ ਵਰਗ ਜੰਗਲਾਂ ਦੀ ਕਟਾਈ ਕਰਕੇ ਵਪਾਰਿਕ ਫੈਲਾਉ ਲਈ ਨਵੀਆਂ ਯੋਜਨਾਂਵਾ ਲਾਗੂ ਕਰ ਰਿਹਾ ਹੈ, ਜਿਸ ਨਾਲ ਜੈਵ ਵਭਿੰਨਤਾ(Bio diversity)

ਪ੍ਰਭਾਵਿਤ ਹੋ ਰਹੀ ਹੈ। ਵਪਾਰਿਕ ਇਕਾਈਆਂ ਦੇ ਵਿਚੋਂ ਨਿਕਲਣ ਵਾਲੇ ਗੰਦੇ ਪਾਣੀਆਂ ਨੂੰ ਟਰੀਟਮੈਂਟ ਤੋਂ ਬਿਨ੍ਹਾਂ ਹੀ ਛੱਡਣਾ ਕੁਦਰਤ ਨੂੰ ਸਿੱਧੀ ਹੀ ਚੁਣੌਤੀ ਹੈ। ਮੌਜੂਦਾ ਸਮੇਂ ਹੜ੍ਹ, ਸੁਨਾਮੀ, ਭੁਚਾਲ ਆਦਿ ਮਨੁੱਖ ਅਤੇ ਕੁਦਰਤ ਦੇ ਵਿਗੜੇ ਹੋਏ ਸਬੰਧਾਂ ਦਾ ਹੀ ਨਤੀਜਾ ਹੈ।

ਵਪਾਰਿਕ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਜੇਕਰ ਦੇਖਿਆ ਜਾਵੇ ਤਾਂ ਨੈਤਿਕ ਸੰਸਥਾਵਾਂ ਜਿੱਥੇ ਸਮਾਜ ਪ੍ਰਤੀ ਪੂਰਣ ਜ਼ਿੰਮੇਵਾਰੀ ਨਾਲ ਕਾਰਜ ਕਰਦੀਆਂ ਹਨ ਉੱਥੇ ਨਾਲ ਹੀ ਵਾਤਾਵਰਣ ਪ੍ਰਤੀ ਵੀ ਸੁਚੇਤ ਰਹਿੰਦੀਆਂ ਹਨ। ਸਰਕਾਰ ਵੱਲੋਂ ਅਨੇਕਾਂ ਹੀ ਵਾਤਾਵਰਣ ਸੁਰੱਖਿਆ ਦੇ ਕਾਨੂੰਨ ਮੌਜੂਦਾ ਹਨ। ਭਾਰਤੀ ਸੰਵਿਧਾਨ ਵਿੱਚ ਨਾਗਰਿਕਾਂ ਨੂੰ ਜਿੱਥੇ ਮੌਲਿਕ ਅਧਿਕਾਰਾਂ ਬਾਰੇ ਦੱਸਿਆ ਗਿਆ ਹੈ ਉੱਥੇ ਨਾਲ ਮੌਲਿਕ ਕਰਤੱਵਾਂ ਦਾ ਵੀ ਜ਼ਿਕਰ ਹੈ। ਗੁਰਬਾਣੀ ਅਨੁਸਾਰ ਵੀ ਜੇਕਰ ਮਨੁੱਖ ਕੁਦਰਤ ਨਾਲ ਯੋਗ ਸਬੰਧ ਬਣਾਉਂਦਾ ਹੈ ਤਾਂ ਲਾਭ ਸਭ ਨੂੰ ਹੀ ਹੋਵੇਗਾ। ਜੇਕਰ ਟਿਕਾਊ ਵਿਕਾਸ ਦੀ ਪਰਿਭਾਸ਼ਾ ਵਿੱਚ ਵਾਤਾਵਰਣ ਸ਼ਾਮਿਲ ਨਹੀਂ ਤਾਂ ਨਤੀਜੇ ਅਰਥਹੀਣ ਹੀ ਹੋਣਗੇ। ਭਾਈ ਗੁਰਦਾਸ ਜੀ ਨੇ ਟਿਕਾਊ ਵਿਕਾਸ ਦੀ ਪਰਿਭਾਸ਼ਾ ਵਿਚ ਕੁਦਰਤੀ ਚਿੰਨਾਂ ਦੀ ਵਰਤੋਂ ਕਰਦਿਆਂ ਮਨੁੱਖ ਨੂੰ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਪਰਿਭਾਸ਼ਾ ਜਿੱਥੇ ਮਨੁੱਖ ਨੂੰ ਨੈਤਿਕਤਾ ਲਈ ਪ੍ਰੇਰਦੀ ਹੈ ਉੱਥੇ ਨਾਲ ਹੀ ਇਸ ਤੋਂ ਅਧਿਆਤਮਿਕਤਾ ਅਤੇ ਕੁਦਰਤ ਦਾ ਸਬੰਧ ਸਪਸ਼ਟ ਹੁੰਦਾ ਹੈ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਜੇਕਰ ਸੱਚ ਰੂਪੀ ਪ੍ਰਕਾਸ਼ ਸੂਰਜ ਵਿੱਚ ਹੋਵੇ ਤਾਂ ਅਗਿਆਨੀ ਮਨੁੱਖ ਨੂੰ ਉੱਲੂ ਦੇ ਵਾਂਗ ਹਨ੍ਹੇਰਾ ਹੀ ਜਾਪਦਾ ਹੈ। ਮੂਰਖ ਵਿਅਕਤੀ ਭਾਵੇਂ ਸਾਰੀ ਬਨਸਪਤੀ ਨੂੰ ਛਾਣ ਮਾਰੇ ਪਰ ਚੰਦਨ ਹੀ ਸੁਗੰਧੀ ਦਾ ਸਰੋਤ ਹੈ ਉਸ ਨੂੰ ਪਤਾ ਨਹੀਂ ਲਗਦਾ। ਇਸ ਪ੍ਰਕਾਰ ਭਾਈ ਗੁਰਦਾਸ ਜੀ ਵੀ ਵਾਤਾਵਰਣ ਦੇ ਤੱਤਾਂ ਦਾ ਜਿਕਰ ਅਨੇਕਾਂ ਹੀ ਵਾਰ ਕਰਦੇ ਹਨ-

ਸਚੁ ਸੂਰਜੁ ਪਰਗਾਸੁ ਹੈ ਕੂੜਹੁ ਘੁਘੂ ਕੁਝੁ ਨ ਸੁਝੈ॥
ਸਚ ਵਣਸਪਤਿ ਬੋਹੀਐ ਕੂੜਹੁ ਵਾਸ ਨ ਚੰਦਨ ਬੂਝੈ॥[59]

ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਹਰ ਜਗ੍ਹਾਂ ਹੋਂਦ ਨੂੰ ਬਿਆਨ ਕਰਦੇ ਹੋਏ ਫਰਮਾਉਂਦੇ ਹਨ ਕਿ ਜੋ ਪਾਣੀ ਅਤੇ ਹਵਾ ਨੂੰ ਵੀ ਆਪਸ ਵਿੱਚ ਜੋੜ ਕੇ ਰੱਖਦਾ ਹੈ ਜੋ ਹਵਾ ਨੂੰ ਮਨੁੱਖ ਦੇ ਸਰੀਰ ਵਿੱਚ ਵੀ ਭੇਜਦਾ ਹੈ ਅਤੇ ਜਿਸ ਨੇ ਸੂਰਜ ਅਤੇ ਚੰਦਰਮੇ ਰੂਪੀ ਦੋ ਦੀਵਿਆਂ ਨਾਲ ਹਰ ਪਾਸੇ ਚਾਨਣ ਕੀਤਾ ਹੋਇਆ ਹੈ-

ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥[60]

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੈ ਕਿ ਵਾਤਾਵਰਣ ਸੁਰੱਖਿਅਣ ਦਾ ਵਿਸ਼ਾ ਅੱਜ ਦੇ ਸਮੇਂ ਇੱਕ ਚੁਣੌਤੀ ਹੈ। ਗੁਰੂ ਸਾਹਿਬਾਨ ਨੇ ਮਨੁੱਖ ਅਤੇ ਵਾਤਾਵਰਣ, ਪਰਮਾਤਮਾ ਅਤੇ ਵਾਤਾਵਰਣ ਦੇ ਅਤੁੱਟ ਸਬੰਧਾਂ ਨੂੰ ਅਨੇਕਾਂ ਹੀ ਵਾਰ ਪਰਿਭਾਸ਼ਿਤ ਕੀਤਾ ਹੈ। ਜਿਸ ਤੋਂ ਵਾਤਾਵਰਣ ਦੀ ਅਹਿਮੀਅਤ ਉੱਭਰ ਕੇ ਸਾਹਮਣੇ ਆਉਂਦੀ ਹੈ। ਮੌਜੂਦਾ ਸਮੇਂ ਵਪਾਰਿਕ ਮਾਹੌਲ ਵਿੱਚ ਨੈਤਿਕਤਾ ਦੀ ਕਮੀ ਕਾਰਣ ਮਨੁੱਖ ਨੇ ਆਪਣੇ ਲਾਲਚ ਅਧੀਨ ਹੋ ਕੇ ਵਾਤਾਵਰਣ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਲਗਾਤਾਰ ਕਰਦਾ ਜਾ ਰਿਹਾ ਹੈ। ਅਜੋਕੇ ਸਮੇਂ ਮਨੁੱਖ ਨੂੰ ਗੁਰਬਾਣੀ ਦੀ ਮੱਦਦ ਰਾਹੀਂ ਵਾਤਾਵਰਣ ਦੀ ਮਹੱਤਤਾ ਨੂੰ ਪਛਾਨਣ ਦੀ ਲੋੜ ਹੈ। ਜੇਕਰ ਅਜੋਕੇ ਸਮੇਂ ਵਾਤਾਵਰਣ ਦਾ ਸੁਰੱਖਿਅਣ ਨਾ ਕੀਤਾ ਗਿਆ ਤਾਂ ਵਾਤਾਵਰਣ ਬਦਲਾਵ, ਆਲਮੀ ਤਪਸ਼ ਵਰਗੀਆਂ ਸਮੱਸਿਆਂਵਾਂ ਤਿਆਰ ਹਨ। ਅੱਜ ਦੇ ਵਪਾਰਿਕ ਲੀਡਰਾਂ ਨੂੰ ਨੈਤਿਕਤਾ ਦੇ ਅਧਾਰ ਤੇ ਇਸ ਪਾਸੇ ਧਿਆਨ ਦੇਣ ਦੀ ਸਖ਼ਤ ਜ਼ਰੂਰਤਹੈ।

## 4.9 ਮਨੁੱਖੀ ਅਧਿਕਾਰ (Human Rights)

ਮਨੁੱਖੀ ਅਧਿਕਾਰਾਂ ਵਿਚ ਸਮਾਨਤਾ, ਨਿਆਂ, ਸਤਿਕਾਰ, ਆਤਮ ਸਨਮਾਨ ਜਿਹੇ ਤੱਤ ਸ਼ਾਮਿਲ ਹੁੰਦੇ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੇ ਅਨੁਛੇਦ ਅਨੁਸਾਰ-

> All human beings are born free and equall in dignity and Rights. They are endowed with reasons and conscience and should act toward one another in a spirit of brotherhood.[61]

ਸਮਾਜਿਕ ਤਾਣੇ ਬਾਣੇ ਵਿੱਚ ਮਨੁੱਖੀ ਸਬੰਧਾਂ ਨੂੰ ਵਧੀਆ ਬਣਾਉਣ ਲਈ ਸਮਾਜ ਦੇ ਭਲੇ ਲਈ ਮਨੁੱਖੀ ਅਧਿਕਾਰਾਂ ਦਾ ਸੁਰੱਖਿਅਣ ਇੱਕ ਅਹਿਮ ਗੁਣ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਂਵਾਂ ਦੇ ਅਨੁਸਾਰ ਹਰ ਇੱਕ ਮਨੁੱਖ ਨੂੰ ਦੂਸਰਿਆਂ ਨਾਲ ਵਧੀਆ ਵਿਵਹਾਰ ਕਰਨਾ ਚਾਹੀਦਾ ਹੈ ਭਾਵ ਜਾਤ, ਨਸਲ, ਧਰਮ ਅਤੇ ਦਰਜਾ ਕੁਝ ਵੀ ਕਿਉਂ ਨਾ ਹੋਵੇ। ਗੁਰੂ ਸਾਹਿਬਾਨ ਮਨੁੱਖ ਨੂੰ ਇਸ ਸਬੰਧ ਵਿਚ ਨਿਸਚਿਤ ਮੁੱਲ ਪ੍ਰਬੰਧਾਂ ਨੂੰ ਧਾਰਣ ਕਰਨ ਦਾ ਉਪਦੇਸ਼ ਦਿੰਦੇ ਹਨ, ਜਿਵੇਂ ਕਿ-

> ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ।।
> ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ।।[62]

ਗੁਰੂ ਸਾਹਿਬਾਨ ਅਨੁਸਾਰ ਜਦੋਂ ਮਨੁੱਖ ਹਰ ਥਾਂ, ਹਰ ਇੱਕ ਜੀਵ ਵਿੱਚ ਪਰਮਾਤਮਾ ਨੂੰ ਦੇਖਦਾ ਹੈ ਤਾਂ ਭੇਦ-ਭਾਵ ਤੋਂ ਉੱਪਰ ਉੱਠ ਜਾਂਦਾ ਹੈ। ਕਿਸੇ ਦੇ ਅਧਿਕਾਰਾਂ ਦੀ ਹਾਨੀ ਉਸ ਸਮੇਂ ਹੁੰਦੀ ਹੈ ਜਦੋਂ ਸਾਰੇ ਜੀਵਾਂ ਵਿੱਚ ਚੰਗੇ ਮਾੜੇ ਦਾ ਨਿਰਣਾ ਕਰ ਲਿਆ ਜਾਂਦਾ ਹੈ। ਜਾਤ-ਪਾਤ ਦੀ ਪਰੰਪਰਾ ਦਾ ਸਿੱਖ ਮਤ ਵਿੱਚ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਬ੍ਰਾਹਮਣ, ਖੱਤਰੀ, ਸ਼ੂਦਰ ਅਤੇ ਵੈਸ਼ ਲਈ ਪਰਮਾਤਮਾ ਦੇ ਸਾਂਝੇ ਉਪਦੇਸ਼ ਦੀ ਗਲ ਕੀਤੀ ਹੈਃ-

> ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।।[63]

ਜੇਕਰ ਵਪਾਰਿਕ ਮਾਹੌਲ ਦੀ ਗੱਲ ਕੀਤੀ ਜਾਵੇ ਤਾਂ ਜਿਸ ਸੰਸਥਾ ਵਿੱਚ ਨੈਤਿਕਤਾ ਦੀ ਕਮੀ ਹੋਵੇ ਉੱਥੇ ਮਨੁੱਖੀ ਅਧਿਕਾਰਾਂ ਦਾ ਅਨੇਕਾਂ ਵਾਰ ਘਾਣ ਕੀਤਾ ਜਾਂਦਾ ਹੈ। ਜੇਕਰ

ਅੰਦਰੂਨੀ ਵਪਾਰਿਕ ਵਾਤਾਵਰਣ ਦੀ ਗੱਲ ਕੀਤੀ ਜਾਵੇ ਤਾਂ ਅਨੇਕਾਂ ਹੀ ਤਰ੍ਹਾਂ ਨਾਲ ਮਨੁੱਖੀ ਅਧਿਕਾਰਾਂ ਦੀ ਹਾਨੀ ਹੋ ਸਕਦੀ ਹੈ, ਜਿਵੇਂ ਕਰਮਚਾਰੀਆਂ ਨਾਲ ਮਾੜਾ ਵਿਵਹਾਰ, ਘੱਟ ਤਨਖਾਹਾਂ, ਵਪਾਰਿਕ ਮਾਹੌਲ ਦਾ ਯੋਗ ਨਾ ਹੋਣਾ, ਸਰਕਾਰ ਵੱਲੋਂ ਬਣਾਏ ਗਏ ਕਾਨੂੰਨਾਂ ਦਾ ਲਾਭ ਕਰਮਚਾਰੀਆਂ ਨੂੰ ਨਾ ਦੇਣਾ, ਬਾਲ ਮਜ਼ਦੂਰੀ ਦਾ ਪ੍ਰਚੱਲਨ, ਵਪਾਰਿਕ ਸੰਸਥਾ ਦੇ ਵਿਧਾਨ ਅਨੁਸਾਰ ਕਾਰਜ ਨਾ ਕਰਨਾ ਅਤੇ ਵੱਧ ਲਾਭ ਕਮਾਉਣ ਲਈ ਮਰਜ਼ੀ ਅਨੁਸਾਰ ਬਦਲਾਵ ਕਰਨੇ ਆਦਿ। ਬਾਹਰੀ ਵਪਾਰਿਕ ਵਾਤਾਵਰਣ ਵਿੱਚ ਅਨੇਕਾਂ ਵਾਰ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਮਮਲਾ ਸਾਹਮਣੇ ਆਉਂਦਾ ਹੈ ਜਿਵੇਂ ਉਪਭੋਗਤਾ ਨੂੰ ਮਾੜੀ ਗੁਣਵੱਤਾ, ਵੱਧ ਕੀਮਤਾਂ ਅਤੇ ਧੋਖੇਧੜੀ ਰਾਹੀਂ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨੀ, ਗ਼ਲਤਵਪਾਰਿਕ ਨੀਤੀਆਂ ਰਾਹੀਂ ਬਜ਼ਾਰ ਵਿੱਚੋਂ ਮੁਕਾਬਲੇ ਦੀ ਭਾਵਨਾ ਨੂੰ ਖਤਮ ਕਰਨਾ ਅਤੇ ਦੂਜੇ ਵਪਾਰੀਆਂ ਨੂੰ ਤਬਾਹ ਕਰਨ ਦਾ ਯਤਨ ਕਰਨਾ, ਵਾਤਾਵਰਣ ਨੂੰ ਖ਼ਰਾਬ ਕਰਕੇ ਸਾਰੇ ਨਾਗਰਿਕਾਂ ਦੇ ਅਧਿਕਾਰਾਂ ਦੀ ਹਾਨੀ ਕਰਨੀ ਆਦਿ।

ਉਪਰੋਕਤ ਦਰਸਾਈਆਂ ਸਮੱਸਿਆ ਦਾ ਹੱਲ ਉਦੋਂ ਹੀ ਸੰਭਵ ਹੈ ਜੇਕਰ ਵਪਾਰਿਕ ਨੀਤੀਆਂ ਤਿਆਰ ਕਰਨ ਸਮੇਂ ਨੈਤਿਕਤਾ ਦੇ ਸਿਧਾਂਤਾਂ ਨੂੰ ਸਾਹਮਣੇ ਰੱਖਿਆ ਜਾਵੇ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬ ਦੇ ਜੀਵਨ ਵਿੱਚ ਵੀ ਮ'ਜੂਦਾ ਹਨ। ਪ੍ਰਬੰਧਕ ਨੂੰ ਉਦੋਂ ਹੀ ਗੁਣਵਾਨ ਕਿਹਾ ਜਾ ਸਕਦਾ ਹੈ ਜਦੋਂ ਉਸ ਦੇ ਜੀਵਨ ਵਿੱਚ ਨਿਮਰਤਾ, ਆਦਰ ਸਤਿਕਾਰ ਦੇ ਗੁਣ ਆ ਜਾਂਦੇ ਹਨ, ਜਿਨਾਂ ਦੀ ਉਦਾਹਰਣ ਗੁਰੂ ਗ੍ਰੰਥ ਸਾਹਿਬ ਵਿਚ ਮ'ਜੂਦਾ ਹੈ-

ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ॥[64]

ਗੁਰੂ ਸਾਹਿਬ ਅਨੁਸਾਰ ਜਦੋਂ ਕਿਸੇ ਨੂੰ ਮਾਣ ਦਿੱਤਾ ਜਾਵੇ ਤਾਂ ਖ਼ੁਦ ਨੂੰ ਵੀ ਮਾਣ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਅਨੁਸਾਰ ਜੇਕਰ ਕੋਈ ਮਨੁੱਖ ਸਚਿਆਰ ਮਨੁੱਖ ਨਾਲ ਮਾੜਾ ਕਰਦਾ ਹੈ ਤਾਂ ਉਸ ਦੇ ਆਪਣੇ ਕੰਮ ਹੀ ਵਿਗੜ ਜਾਂਦੇ ਹਨ:-

ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ॥

ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੇ ਦੀਏ ਰੁੜਾਈ॥[65]

ਵਪਾਰ ਵਿੱਚ ਪ੍ਰਬੰਧਕਾਂ ਨੂੰ ਇੱਕ ਸਮਾਨ ਅਹੁਦੇ ਤੇ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਇੱਕੋ ਜਿਹੇ ਨਿਯਮਾਂ ਨੂੰ ਅਪਨਾਉਣਾ ਚਾਹੀਦਾ ਹੈ ਅਤੇ ਕਰਮਚਾਰੀਆਂ ਵਿਚਕਾਰ ਸਹਿਯੋਗ ਅਤੇ ਸਹਿਣਸ਼ੀਲਤਾ ਦੀ ਭਾਵਨਾ ਦਾ ਵਿਕਾਸ ਕਰਨਾ ਚਾਹੀਦਾ ਹੈ। ਮੌਜੂਦਾ ਸਮੇਂ ਵਿੱਚ ਅਨੇਕਾਂ ਹੀ ਵਾਰ ਭੇਦ-ਭਾਵ ਹੀ ਵੱਡੀਆਂ ਸਮੱਸਿਆਵਾਂ ਦਾ ਕਾਰਨ ਬਣ ਜਾਂਦਾ ਹੈ। ਗੁਰੂ ਸਾਹਿਬਾਨ ਚੰਗੇ ਮਾੜੇ ਤੋਂ ਉੱਪਰ ਉੱਠ ਕੇ ਇੱਕ ਸਮਾਨ ਦ੍ਰਿਸ਼ਟੀ ਰੱਖਣ ਦੀ ਗੱਲ ਕਰਦੇ ਹਨ:-

ਧਨੁ ਧੰਨੁ ਗੁਰੂ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ॥[66]

ਇੱਕ ਸੰਸਥਾ ਵਿੱਚ ਪ੍ਰਬੰਧਕ ਦਾ ਮਹੱਤਵਪੂਰਨ ਰੋਲ ਹੁੰਦਾ ਹੈ, ਉਹ ਜਿੱਥੇ ਦੂਸਰੇ ਕਰਮਚਾਰੀਆਂ ਦੀ ਵਿਅਕਤੀਗਤ ਤੌਰ ਤੇ ਮੱਦਦ ਕਰਦਾ ਹੈ ਉੱਥੇ ਨਾਲ ਹੀ ਸਮੂਹਿਕ ਰੂਪ ਵਿੱਚ ਪ੍ਰੋਤਸਾਹਨ ਦਾ ਸਰੋਤ ਵੀ ਹੁੰਦਾ ਹੈ। ਪ੍ਰਬੰਧਕ ਨੇ ਜਿੱਥੇ ਵਪਾਰਿਕ ਉਦੇਸ਼ਾਂ ਨੂੰ ਪੂਰਾ ਕਰਨ ਲਈ ਨਿਰੰਤਰ ਕਾਰਜਸ਼ੀਲ ਰਹਿਣਾ ਹੁੰਦਾ ਹੈ ਉੱਥੇ ਨਾਲ ਹੀ ਸੰਸਥਾ ਵਿੱਚ ਸਮੱਸਿਆਵਾਂ ਦੇ ਨਿਵਾਰਣ ਲਈ ਵੀ ਕੰਮ ਕਰਨਾ ਹੁੰਦਾ ਹੈ। ਗੁਰੂ ਸਾਹਿਬ ਅਜਿਹੇ ਗੁਣਾਂ ਨੂੰ ਧਾਰਣ ਕਰਨ ਸਬੰਧੀ ਲਿਖਦੇ ਹਨ ਕਿ ਸੂਝਵਾਨ ਮਨੁੱਖ ਹਮੇਸ਼ਾਂ ਹੀ ਦੂਜਿਆਂ ਦੀ ਮੱਦਦ ਲਈ ਤਿਆਰ ਰਹਿੰਦੇ ਹਨ। ਉਹ ਸਦਾ ਹੀ ਭੇਦ ਭਾਵ ਤੋਂ ਰਹਿਤ ਅਤੇ ਸਾਰਿਆਂ ਨੂੰ ਇੱਕ ਸਮਾਨ ਨਜ਼ਰ ਨਾਲ ਵੇਖਦੇ ਹਨ:

ਬ੍ਰਹਮ ਗਿਆਨੀ ਸਗਲ ਕੀ ਰੀਨਾ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥[67]

ਪ੍ਰਬੰਧਕ ਨੇ ਜਿੱਥੇ ਸਾਰੇ ਕਰਮਚਾਰੀਆਂ ਨਾਲ ਵਧੀਆ ਸਬੰਧ ਬਣਾਉਣੇ ਹੁੰਦੇ ਹਨ ਉੱਥੇ ਨਾਲ ਹੀ ਵਪਾਰਿਕ ਉਦੇਸ਼ਾਂ ਦੀ ਪੂਰਤੀ ਲਈ ਉਹਨਾਂ ਕੋਲੋਂ ਕੰਮ ਵੀ ਲੈਣਾ ਹੁੰਦਾ ਹੈ। ਇਸ ਲਈ ਇਹ ਅਤਿ ਜਰੂਰੀ ਹੈ ਕਿ ਲੋੜ ਪੈਣ ਤੇ ਉਹ ਕਰਮਚਾਰੀ ਦੀ ਪਹੁੰਚ ਵਿੱਚ ਹੋਵੇ ਕਿਉਂਕਿ ਗੁਰੂ ਸਾਹਿਬ ਵੀ ਫਰਮਾਉਂਦੇ ਹਨ ਕਿ ਜੇਕਰ ਵਿਅਕਤੀ ਕਿਸੇ ਦੂਸਰੇ ਦੀ ਮਦਦ ਕਰਦਾ ਹੈ ਤਾਂ ਉਹ ਅਜਿਹੀ ਇੱਛਾ ਦੂਜੇ ਤੋਂ ਵੀ ਕਰ ਸਕਦਾ ਹੈ।

ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਫੁਨਿ ਜਾਈਐ।।[68]

ਇਹ ਵੱਡੇ ਵਪਾਰਿਕ ਸਮੂਹਾਂ ਅਤੇ ਪ੍ਰਬੰਧਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹਨਾਂ ਦੀ ਗਤੀਵਿਧੀਆਂ ਦੇ ਕਾਰਨ ਛੋਟੇ ਵਪਾਰੀਆਂ ਦੇ ਅਧਿਕਾਰਾਂ ਦੀ ਹਾਨੀ ਨਾ ਹੋਵੇ ਕਿਉਂਕਿ ਗੁਰੂ ਸਾਹਿਬ ਵੀ ਸਮਝਾਉਂਦੇ ਹਨ ਕਿ ਜੇਕਰ ਕੋਈ ਗਰੀਬ ਹੈ ਤਾਂ ਇਸ ਦਾ ਕਦੇ ਵੀ ਇਹ ਅਰਥ ਨਹੀਂ ਕਿ ਉਸ ਦਾ ਸ਼ੋਸ਼ਣ ਕੀਤਾ ਜਾਵੇ।

ਅਲਹ ਅਵਲਿ ਦੀਨ ਕੋ ਸਾਹਿਬ ਜ਼ੋਰੁ ਨਹੀ ਫੁਰਮਾਵੈ।।[69]

ਸਿੱਖ ਮਤ ਅਨੁਸਾਰ ਇੱਕ ਉੱਤਮ ਸਮਾਜ, ਸਹਿਯੋਗੀ ਸਮਾਜ ਉਹ ਹੀ ਹੋ ਸਕਦਾ ਹੈ ਜਿੱਥੇ ਧਾਰਮਿਕ ਕਦਰਾਂ ਕੀਮਤਾਂ ਨੂੰ ਅਪਣਾਇਆ ਗਿਆ ਹੋਵੇ ਅਤੇ  ਹਰੇਕ ਵਿਅਕਤੀ ਦੇ ਅਧਿਕਾਰ ਸੁਰੱਖਿਅਤ ਹੋਣ। ਗੁਰੂ ਸਾਹਿਬ ਦੁਆਰਾ ਦਿੱਤਾ ਗਿਆ Ôਅਬਿਚਲ ਨਗਰÓਅਤੇ ÔਬੇਗਮਪੁਰਾÓਦਾ ਸੰਕਲਪ ਹੀ ਮਨੁੱਖੀ ਅਧਿਕਾਰਾਂ ਦੇ ਸਨਮਾਨ ਤੇ ਅਧਾਰਿਤ ਹੈ। ਭਾਵ ਅਜਿਹਾ ਦੇਸ਼ ਜਿੱਥੇ ਹਰ ਕੋਈ ਬਿਨ੍ਹਾਂ ਭੇਦ ਭਾਵ ਦੇ ਰਹੇ, ਜਿੱਥੇ ਸਾਰੇ ਬਰਾਬਰ ਹੋਣ, ਕੋਈ ਜਾਤ-ਪਾਤ ਜਾਂ ਵੱਡਾ-ਛੋਟਾ ਨਾ ਹੋਵੇ, ਕੋਈ ਵੀ ਵਿਅਕਤੀ ਅਜਿਹੇ ਸਮਾਜ ਲਈ ਓਪਰਾ ਨਹੀਂ ਹੋਵੇਗਾ ਸਗੋਂ ਸਾਰੇ ਸਬੰਧੀ ਹੋਣਗੇ। ਗੁਰੂ ਸਾਹਿਬ ਵੀ ਫਰਮਾਉਂਦੇ ਹਨ ਕਿ ਮਨੁੱਖ ਜੇਕਰ ਜੀਵਨ ਵਿੱਚ ਖੁਸ਼ੀਆਂ ਚਾਹੁੰਦਾ ਹੈ ਤਾਂ ਕਿਸੇ ਵੀ ਜੀਵ ਦੀਆਂ ਭਾਵਨਾਵਾਂ, ਉਸ ਦੇ ਅਧਿਕਾਰਾਂ ਦਾ ਸ਼ੋਸਣ ਨਾ ਕਰੇ। ਇਸ ਸਬੰਧ ਵਿਚ ਸ਼ੇਖ ਫ਼ਰੀਦ ਜੀ ਲਿਖਦੇ ਹਨ-

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[70]

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਰਾਹੀਂ, ਮ'ਜ਼ੂਦਾ ਸਮੇਂ ਵਿੱਚ ਵਪਾਰਿਕ ਸੰਸਥਾਵਾਂ ਅਤੇ ਪ੍ਰਬੰਧਕ ਇੱਕ ਅਜਿਹਾ ਮਾਹੌਲ ਸਿਰਜ ਸਕਦੇ ਹਨ ਜਿਸ ਨਾਲ ਸਾਰੇ ਸਮਾਜ ਦਾ ਭਲਾ ਸੰਭਵ ਹੈ। ਮਨੁੱਖੀ ਅਧਿਕਾਰ ਜੋ ਕਿ ਮਨੁੱਖ ਦੇ ਜੀਵਨ ਦਾ ਅਹਿਮ ਹਿੱਸਾ ਹਨ, ਦਾ ਸਨਮਾਨ ਅਤਿ ਜ਼ਰੂਰੀ ਹੈ। ਜੇਕਰ ਗੁਰੂ ਸਾਹਿਬਾਨ ਦੇ ਜੀਵਨ ਵੱਲ ਦੇਖਿਆ ਜਾਵੇ ਤਾਂ ਉਨਾਂ ਨੇ ਮਨੁੱਖ ਦੇ ਅਧਿਕਾਰਾਂ ਦੀ ਰਾਖੀ ਲਈ ਹਰ ਸੰਭਵ ਯਤਨ ਕੀਤਾ ਹੈ। ਜਦੋਂ ਬਾਬਰ ਵਰਗੇ ਜ਼ਾਲਮ ਰਾਜੇ ਪੰਜਾਬ ਆਉਂਦੇ ਹਨ ਤਾਂ ਕੋਈ ਵੀ ਉਸ ਖਿਲਾਫ਼ ਅਵਾਜ਼÷ਨਹੀਂ ਉਠਾਉਂਦਾ ਪਰ ਸਿਰਫ਼ ਗੁਰੂ ਨਾਨਕ ਦੇਵ ਜੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਜਿਹਾ ਕਰਦੇ ਹਨ। ਗੁਰੂ ਤੇਗ ਬਹਾਦਰ ਜੀ, ਜਿਹਨਾਂ ਨੂੰ ਮਨੁੱਖੀ ਅਧਿਕਾਰਾਂ ਦੇ ਰਾਖੇ ਵੀ ਕਿਹਾ ਜਾਂਦਾ ਹੈ, ਦੀ ਸ਼ਹਾਦਤ ਲਾਸਾਨੀ ਹੈ। ਗੁਰੂ ਜੀ ਵੱਲੋਂ ਦਿੱਤੀ ਸ਼ਹਾਦਤ ਜਿੱਥੇ ਸਮੇਂ ਦੀ ਹਕੂਮਤ ਨੂੰ ਸਿੱਧੀ ਚੁਣੌਤੀ ਸੀ ਉੱਥੇ ਨਾਲ ਧਰਮ ਦੀ ਪਰਿਭਾਸ਼ਾ ਵਿੱਚ ਇੱਕ ਵਿਲੱਖਣ ਵਾਧਾ ਵੀ ਸੀ। ਗੁਰੂ ਸਾਹਿਬਾਨ ਨੇ ਆਪ ਸੰਸਾਰਿਕ ਕਾਰਜ ਕਰਦਿਆਂ ਆਪਣੇ ਜੀਵਨ ਕਾਲ ਦੌਰਾਨ ਕਿਸੇ ਦੇ ਵੀ ਅਧਿਕਾਰ ਦਾ ਸ਼ੋਸਣ ਨਹੀਂ ਕੀਤਾ ਸਗੋਂ ਦਇਆ ਭਾਵਨਾ ਦੀ ਬਿਰਤੀ ਅਨੁਸਾਰ ਕਾਰਜਸ਼ੀਲ ਰਹੇ।

ਇਸ ਵਿੱਚ ਕੋਈ ਦੁਬਿਧਾ ਨਹੀਂ ਹੈ ਕਿ ਹਰ ਇੱਕ ਪਹਿਲੂ ਦੂਜੇ ਤੇ ਨਿਰਭਰ ਕਰਦਾ ਹੈ ਭਾਵ ਆਪਸ ਵਿੱਚ ਇਹਨਾਂ ਦਾ ਗੂੜਾ ਸਬੰਧ ਹੈ ਉਸ ਤਰ੍ਹਾਂ ਹੀ ਵਪਾਰ ਨੂੰ ਮਨੁੱਖ ਤੋਂ ਨਖੇੜ ਕੇ ਦੇਖਣਾ ਅਸੰਭਵ ਹੈ। ਵਪਾਰ ਕਦੇ ਵੀ ਖਲਾਅ ਵਿੱਚ ਪੈਦਾ ਨਹੀਂ ਹੁੰਦਾ ਸਗੋਂ ਇਹ ਮਨੁੱਖੀ ਕਦਰਾਂ ਕੀਮਤਾਂ ਅਨੁਸਾਰ ਇੱਕ ਨਿਰੰਤਰ ਵਰਤਾਰਾ ਹੈ। ਮ'ਜ਼ੂਦਾ ਸਮੇਂ ਵਿੱਚ ਉਪਭੋਗਤਾਵਾਦ ਆਪਣੀ ਚਰਮ ਸੀਮਾ ਉੱਤੇ ਹੈ। ਉਪਭੋਗਤਾ ਨੂੰ ਹੀ ਬਾ÷ਰ ਦਾ ਰਾਜਾ ਸਮਝਿਆ ਜਾਂਦਾ ਹੈ ਜਿਸ ਅਨੁਸਾਰ ਸਾਰੀਆਂ ਵਪਾਰਿਕ ਨੀਤੀਆਂ ਉਪਭੋਗਤਾ ਦੇ ਅਨੁਸਾਰ ਹੀ ਬਣਾਈਆਂ ਜਾਂਦੀਆਂ ਹਨ, ਪਰੰਤੂ ਨੈਤਿਕਤਾ ਦੀ ਕਮੀ ਕਾਰਨ ਕਈ ਵਾਰ ਵਪਾਰੀ ਵਰਗ ਉਪਭੋਗਤਾ ਦੇ ਅਧਿਕਾਰਾਂ

ਨੂੰ ਨਜ਼ਰ ਅੰਦਾਜ ਕਰ ਜਾਂਦਾ ਹੈ। ਜਿਸ ਕਾਰਨ ਸੰਸਥਾ ਦੀ ਸਾਖ (Goodwill) ਨੂੰ ਨੁਕਸਾਨ ਪਹੁੰਚਦਾ ਹੈ। ਅਜਿਹੇ ਫੈਸਲੇ ਭਾਵੇਂ ਕੁਝ ਸਮੇਂ ਲਈ ਲਾਭਦਾਇਕ ਪ੍ਰਤੀਤ ਹੁੰਦੇ ਹਨ ਪਰ ਲੰਬੇ ਸਮੇਂ ਦੌਰਾਨ ਇਹਨਾਂ ਦੇ ਮਾੜੇ ਪ੍ਰਭਾਵ ਸਾਹਮਣੇ ਆ ਜਾਂਦੇ ਹਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਮਨੁੱਖ ਅਤੇ ਧਰਤੀ ਤੇ ਮੌਜੂਦਾ ਵੱਖ ਵੱਖ ਆਕ੍ਰਿਤੀਆਂ, ਸਰੋਤਾਂ ਅਤੇ ਜੀਵ ਜੰਤੂਆਂ ਵਿਚਕਾਰ ਅਹਿਮ ਸਬੰਧ ਹੈ। ਪਰ ਮੌਜੂਦਾ ਸਮੇਂ ਅਨੇਕਾਂ ਹੀ ਕਾਰਨਾਂ ਕਰਕੇ ਇਹਨਾਂ ਦੇ ਨੁਕਸਾਨ ਕਾਰਨ ਮਨੁੱਖੀ ਅਧਿਕਾਰ ਪ੍ਰਭਾਵਿਤ ਹੋ ਰਹੇ ਹਨ। ਵਪਾਰਿਕ ਸੰਸਥਾਵਾਂ ਨੇ ਜਿੱਥੇ ਵਪਾਰਿਕ ਕਿਰਿਆਵਾਂ ਲਈ ਕੁਦਰਤੀ ਸਰੋਤਾਂ ਦੀ ਵਰਤੋਂ ਕਰਨੀ ਹੈ ਉੱਥੇ ਨਾਲ ਹੀ ਇਹਨਾਂ ਸਰੋਤਾਂ ਦੀ ਮੁੜ ਉਸਾਰੀ ਲਈ ਵੀ ਕਾਰਜ ਕਰਨੇ ਹਨ ਜਿਸ ਨਾਲ ਟਿਕਾਊ ਵਿਕਾਸ (Sustainable Devlopment.) ਸੰਭਵ ਹੁੰਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵੰਡ ਕੇ ਛੱਕਣ, ਅਤੇ ਵਪਾਰਿਕ ਕਿਰਿਆਵਾਂ ਨੂੰ ਈਮਾਨਦਾਰੀ ਨਾਲ ਕਰਨ ਦੀ ਸਿੱਖਿਆ ਦਿੰਦੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਪਾਰ ਵਿੱਚ ਲਾਭ ਦੀ ਪ੍ਰਵਿਰਤੀ ਦਾ ਖੰਡਨ ਨਹੀਂ ਕਰਦੇ ਪਰ ਇਸ ਨਾਲ ਵਪਾਰ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਵੀ ਅਹਿਮ ਸਥਾਨ ਦਿੰਦੇ ਹਨ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਵਪਾਰਿਕ ਸੰਸਥਾ ਸਮਾਜ ਨਾਲ ਚੰਗੇ ਸਬੰਧਾਂ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਦੀ। ਇਸ ਲਈ ਜਿੱਥੇ ਵਪਾਰਿਕ ਨੀਤੀਆਂ ਵਿੱਚ ਯੋਗ ਮੁੱਲ ਪ੍ਰਬੰਧਾਂ ਦੀ ਜਰੂਰਤ ਹੁੰਦੀ ਹੈ ਉੱਥੇ ਨਾਲ ਹੀ ਮਨੁੱਖੀ ਅਧਿਕਾਰਾਂ ਦਾ ਸੁਰੱਖਿਅਣ ਵੀ ਅਹਿਮ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਇਸ ਵਿੱਚ ਯੋਗ ਦਿਸ਼ਾ ਦੇ ਸਕਦੇ ਹਨ ਕਿਉਂਕਿ ਗੁਰੂ ਸਾਹਿਬ ਸੱਚੇ ਵਪਾਰ ਦੀ ਗੱਲ ਕਰਦੇ ਹਨ ਜਿਸ ਨਾਲ ਮਨੁੱਖੀ ਅਧਿਕਾਰਾਂ ਦਾ ਸ਼ੋਸਣ ਨਹੀਂ ਸਗੋਂ ਸਤਿਕਾਰ ਹੁੰਦਾ ਹੈ ਅਤੇ ਅਜਿਹੇ ਵਪਾਰ ਵਿੱਚ ਕਦੇ ਵੀ ਘਾਟਾ ਨਹੀਂ ਹੁੰਦਾ। ਗੁਰੂ ਸਾਹਿਬ ਦਾ ਕਥਨ ਹੈ-

ਸਚੁ ਵਾਪਾਰੁ ਕਰਹੁ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥[71]

### 4.10 ਪ੍ਰੋਤਸਾਹਨ (Motivation)

ਉਦੇਸ਼ ਵਿਅਕਤੀ ਦੀ ਅੰਦਰੂਨੀ ਤਾਕਤ ਦਾ ਅਹਿਮ ਸਰੋਤ ਹੁੰਦੇ ਹਨ ਜਿਹਨਾਂ ਨੂੰ ਪੂਰਾ ਕਰਨ ਲਈ ਸਿੱਧੇ ਜਾਂ ਅਸਿੱਧੇ ਤੌਰ ਤੇ ਯੋਗ ਪ੍ਰੋਤਸਾਹਨ ਦੀ ਜ਼ਰੂਰਤ ਹੁੰਦੀ ਹੈ। ਕੋਈ ਉਦੇਸ਼ ਨਿਰਧਾਰਿਤ ਕਰਨਾ ਅਤੇ ਉਸ ਦੀ ਪ੍ਰਾਪਤੀ ਤੱਕ ਆਪਣੇ ਆਪ ਨੂੰ ਪ੍ਰੋਤਸਾਹਨ ਦਿੰਦੇ ਰਹਿਣਾ ਇੱਕ ਅਹਿਮ ਅਤੇ ਜਰੂਰੀ ਕਾਰਜ ਹੈ। ਉੱਘੇ ਪ੍ਰਬੰਧ ਅਚਾਰੀਆ Martand T. Telsang ਪ੍ਰੋਤਸਾਹਨ ਦੀ ਪਰਿਭਾਸ਼ਾ ਨੂੰ ਸਰਲ ਸ਼ਬਦਾਂ ਵਿਚ ਇਉਂ ਪੇਸ਼ ਕਰਦੇ ਹਨ–

> Motivation is the term Derived from the word 'Motive! Motive refers to an impulse or inner drive causing a man to act. Basically a person works to satisfy his need and thus, human needs or the course of action.[72]

ਪ੍ਰੋਤਸਾਹਨ ਅਜਿਹੇ ਮਾਧਿਅਮਾਂ ਰਾਹੀਂ ਹੋਣਾ ਜਰੂਰੀ ਹੈ ਜਿਸ ਨਾਲ ਵਿਅਕਤੀ ਦਾ ਮਨ ਖੁਸ਼ ਰਹੇ, ਭਾਵ ਅਜਿਹੇ ਸਰੋਤ ਜੋ ਨੈਤਿਕਤਾ ਦੀ ਗਵਾਹੀ ਭਰਦੇ ਹੋਣ। ਜਦੋਂ ਵਿਅਕਤੀ ਦੀ ਸੋਚ ਅਜਿਹੇ ਮਾਪਦੰਡਾਂ ਤੇ ਅਧਾਰਿਤ ਹੋਵੇਗੀ ਤਾਂ ਅੰਦਰੂਨੀ ਵਿਕਾਸ ਵਿੱਚ ਤੱਤਪਰਤਾ, ਵਿਕਾਸ ਅਤੇ ਜੀਵਨ ਵਿੱਚ ਸਫ਼ਲਤਾ, ਧਨ-ਦੌਲਤ ਅਤੇ ਖੁਸ਼ੀਆਂ ਦੇ ਨਾਲ ਨਾਲ ਅਸੰਭਵ ਉਦੇਸ਼ ਵੀ ਪੂਰੇ ਹੋ ਜਾਂਦੇ ਹਨ। ਜਦੋਂ ਵਿਅਕਤੀ ਦੀ ਸੋਚ ਹੀ ਲਾਲਚ, ਝੂਠ ਅਤੇ ਧੋਖਿਆਂ ਤੇ ਅਧਾਰਿਤ ਹੁੰਦੀ ਹੈ ਤਾਂ ਜੀਵਨ ਵਿੱਚ ਚਿੰਤਾਵਾਂ, ਡਰ, ਉਦੇਸ਼ਾਂ ਦਾ ਪੂਰਾ ਨਾ ਹੋਣਾ, ਜ਼ਿੰਦਗੀ ਦਾ ਅੰਗ ਹੀ ਬਣ ਜਾਂਦੇ ਹਨ। ਜੇਕਰ ਵਿਅਕਤੀ ਆਪਣੇ ਉਦੇਸ਼ਾਂ ਪ੍ਰਤੀ ਸੁਚੇਤ ਹੁੰਦਾ ਹੈ ਤਾਂ ਉਸ ਦੀ ਸੋਚਣ ਸ਼ਕਤੀ ਵਿੱਚ ਹੀ ਪ੍ਰੋਤਸਾਹਨ ਉਤਪੰਨ ਹੋ ਜਾਂਦਾ ਹੈ ਅਤੇ ਜੇਕਰ ਉਦੇਸ਼ ਸੋਚ ਤੇ ਅਧਾਰਿਤ ਹੋਣ ਤਾਂ ਪ੍ਰੋਤਸਾਹਨ ਸਦੀਵੀ ਬਣ ਜਾਂਦਾ ਹੈ। ਅਨੇਕਾਂ ਹੀ ਵਾਰ ਮਨੁੱਖਾਂ ਅੰਦਰ ਆਪਣੇ ਉਦੇਸ਼ਾਂ ਪ੍ਰਤੀ ਉਤਸ਼ਾਹ ਦੀ ਕਮੀ ਹੁੰਦੀ ਹੈ ਜਿਸ ਕਾਰਨ ਸੰਸਥਾ ਇਨਾਮ, ਤੋਹਫੇ ਆਦਿ ਦੇ ਕੇ ਉਹਨਾਂ ਨੂੰ ਪ੍ਰੋਤਸਾਹਿਤ ਕਰਨ ਦਾ ਯਤਨ ਕਰਦੀ ਹੈ। ਕਈ ਵਾਰ ਇਸ ਤਰ੍ਹਾਂ ਦੇ ਇਨਾਮਾਂ

ਵਿੱਚ ਰਾਸ਼ੀ ਦੀ ਸੰਖਿਆਂ ਨਹੀਂ ਬਲਕਿ ਅਜਿਹੇ ਇਨਾਮਾਂ ਦਾ ਮਿਲਣਾ ਜਾਂ ਨਾ ਮਿਲਣਾ ਹੀ ਪ੍ਰਭਾਵਿਤ ਕਰਦਾ ਹੈ। ਦੂਸਰੇ ਪਾਸੇ ਜੇਕਰ ਸੰਸਥਾ ਕਰਮਚਾਰੀਆਂ ਨੂੰ ਉਹਨਾਂ ਦੀ ਇੱਛਾ ਅਨੁਸਾਰ ਕੰਮ ਕਰਨ ਦੀ ਖੁੱਲ ਦਿੰਦੀ ਹੈ ਤਾਂ ਇਹ ਵੀ ਪ੍ਰੋਤਸਾਹਨ ਦਾ ਕਾਰਜ ਕਰਦਾ ਹੈ।

ਮ'ਜੂਦਾ ਸਮੇਂ ਵਿੱਚ ਲੋੜ ਇਹ ਹੈ ਕਿ ਕਰਮਚਾਰੀਆਂ ਨੂੰ ਪਰਿਵਾਰ ਜਿਹਾ ਮਾਹੌਲ ਦਿੱਤਾ ਜਾਵੇ ਤਾਂ ਜੋ ਉਹ ਕੰਮਾਂ ਨਾਲ, ਆਪਣੇ ਸਹਿਕਰਮੀਆਂ ਅਤੇ ਸੰਸਥਾ ਨਾਲ ਵਧੀਆ ਸਬੰਧ ਬਣਾ ਸਕਣ। ਇਸ ਪ੍ਰਕਾਰ ਦਾ ਮਾਹੌਲ ਤਿਆਰ ਕਰਨ ਲਈ ਪ੍ਰਬੰਧਕਾਂ ਨੂੰ ਕਰਮਚਾਰੀਆਂ ਦੀਆਂ -ਜ਼ਰੂਰਤਾਂ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ ਜਿਸ ਵਿੱਚ ਉਹਨਾਂ ਦੀਆਂ ਨਿੱਜੀ ਜਰੂਰਤਾਂ ਅਤੇ ਪੇਸ਼ੇ ਨਾਲ ਸਬੰਧਿਤ -ਜ਼ਰੂਰਤਾਂ ਹੁੰਦੀਆਂ ਹਨ। ਮਨੁੱਖੀ ਵਿਵਹਾਰ, ਨੈਤਿਕਤਾ ਅਤੇ ਅਧਿਆਤਮ ਦੇ ਦ੍ਰਿਸ਼ਟੀਕੋਣ ਤੋਂ ਪ੍ਰੋਤਸਾਹਨ ਜ਼ਰੂਰੀ ਹੈ। ਜੇਕਰ ਪ੍ਰੋਤਸਾਹਨ ਦੇ ਦ੍ਰਿਸ਼ਟੀਕੋਣ ਅਤੇ ਕਾਰਜ ਖੇਤਰ ਵੱਲ ਦੇਖਿਆ ਜਾਵੇ ਤਾਂ ਇਹ ਪਦਾਰਥਵਾਦੀ, ਬੌਧਿਕ, ਭਾਵਨਾਤਮਕ ਅਤੇ ਅਧਿਆਤਮਿਕ ਲੋੜਾਂ ਲਈ ਅਹਿਮ ਹੈ। ਸੰਸਥਾਗਤ ਪੱਧਰ ਤੇ ਕਰਮਚਾਰੀਆਂ ਨੂੰ ਕੰਮ ਕਰਨ ਲਈ ਵਧੀਆ ਹਾਲਾਤ ਅਤੇ ਫੈਸਲਾ ਲੈਣ ਵਿੱਚ ਖੁੱਲ੍ਹ ਦੇਣ ਦੀ ਜ਼ਰੂਰਤ ਹੁੰਦੀ ਹੈ ਤਾਂ ਹੀ ਉਹ ਸਮਾਜ ਦੀ ਭਲਾਈ ਅਤੇ ਵਪਾਰਿਕ ਸੰਸਥਾ ਦੀ ਬਿਹਤਰੀ ਲਈ ਕੰਮ ਕਰ ਸਕਦੇ ਹਨ।

ਕਰਮਚਾਰੀਆਂ ਦੇ ਪ੍ਰੋਤਸਾਹਨ ਲਈ ਜਿੱਥੇ ਸੰਸਥਾਵਾਂ ਅਨੇਕਾਂ ਹੀ ਤਰੀਕੇ ਅਪਣਾਉਂਦੀਆਂ ਹਨ ਉੱਥੇ ਉਹਨਾਂ ਦੀ ਯੋਗਤਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤਹੁੰਦੀ ਹੈ। ਪ੍ਰੋਤਸਾਹਨ ਦੀਆਂ ਤਕਨੀਕਾਂ ਨੂੰ ਦੋ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ:-

- ਅੰਦਰੂਨੀ ਪ੍ਰੋਤਸਾਹਨ ਵਿਧੀਆਂ (Internal Motivational Techniques)
- ਬਾਹਰੀ ਪ੍ਰੋਤਸਾਹਨ ਵਿਧੀਆਂ (Exernal Motivation Techniques)

ਇਹਨਾਂ ਦੋਹਾਂ ਵਿਧੀਆਂ ਦੀ ਭਰੋਸੇਯੋਗਤਾ ਸੰਸਥਾ ਦੀ ਸਥਿਤੀਆਂ ਤੇ ਨਿਰਭਰ ਕਰਦੀ ਹੈ। ਅੰਦਰੂਨੀ ਪ੍ਰੋਤਸਾਹਨ ਵਿਧੀਆਂ ਵਿੱਚ ਕਰਮਚਾਰੀਆਂ ਦੇ ਮਨੋਵਿਗਿਆਨਿਕ ਪਹਿਲੂਆਂ

ਜਿਵੇਂ ਕਿ ਕਰਮਚਾਰੀਆਂ ਨੂੰ ਨਵਾਂ ਜਾਂ ਚੁਣੌਤੀਆਂ ਵਾਲਾ ਕੰਮ ਦੇਣਾ, ਕੰਮ ਦੇ ਸਥਾਨ ਤੇ ਵਧੇਰੇ ਖੁੱਲ੍ਹ ਦੇਣੀ, ਕਰਮਚਾਰੀ ਦੇ ਪਰਿਵਾਰ ਨਾਲ ਸਬੰਧਿਤ ਸਹੂਲਤਾਂ ਵਿੱਚ ਵਾਧਾ ਕਰਨਾ, ਕਰਮਚਾਰੀ ਨੂੰ ਤਰੱਕੀ ਦੇਣਾ ਜਾਂ ਸਨਮਾਨਿਤ ਕਰਨਾ ਆਦਿ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਇਸ ਤਕਨੀਕ ਰਾਹੀਂ ਪੁਰਾਣੀਆਂ ਸਮੱਸਿਆਵਾਂ ਨੂੰ ਵੀ ਹੱਲ ਕੀਤਾ ਜਾ ਸਕਦਾ ਹੈ। ਬਾਹਰੀ ਪ੍ਰੋਤਸਾਹਨ ਵਿਧੀਆਂ ਵਿੱਚ ਕਰਮਚਾਰੀਆਂ ਨੂੰ ਵਿੱਤੀ ਸਹੂਲਤਾਂ ਦਿੱਤੀਆਂ ਜਾਂਦੀਆਂ ਜੋ ਤਨਖ਼ਾਹ ਤੋਂ ਅਲੱਗ ਹੁੰਦੀਆਂ ਹਨ। ਇਹ ਵਿਧੀਆਂ ਉੱਥੇ ਜਿਆਦਾ ਪ੍ਰਭਾਵਸ਼ਾਲੀ ਹੁੰਦੀਆਂ ਹਨ ਜਿੱਥੇ ਕੰਮ ਦਾ ਸਥਾਨ ਜੋਖ਼ਮ ਵਾਲਾ ਜਾਂ ਜਿੱਥੇ ਥੋੜੇ ਸਮੇਂ ਦੇ ਨਤੀਜ਼ਿਆਂ ਤੇ ਧਿਆਨ ਕੇਂਦਰਿਤ ਹੋਵੇ। ਬਾਹਰੀ ਪ੍ਰੋਤਸਾਹਨ ਵਿਧੀਆਂ ਵਿੱਚ ਤਨਖਾਹ ਵਿੱਚ ਵਾਧਾ ਕਰਨਾ, ਜ਼ਿਆਦਾ ਕੰਮ ਕਰਨ ਦੀ ਸਹੂਲਤਾਂ, ਰਿਵਾਰਡ(Rewards) ਇੰਨਸੈਂਟਿਵ(Incentives) ਆਦਿ ਦੀ ਸਹੂਲਤ ਸ਼ਾਮਿਲ ਹੁੰਦੀ ਹੈ। ਜੇਕਰ ਉਪਰੋਕਤ ਵਿਧੀਆਂ ਦਾ ਗਹਿਨ ਅਧਿਐਨ ਕੀਤਾ ਜਾਵੇ ਤਾਂ ਇਹ ਵਿਧੀਆਂ ਮਨੁੱਖ ਦੇ ਮਨ ਤੇ ਹੀ ਕੇਂਦਰਿਤ ਹਨ ਅਤੇ ਗੁਰਬਾਣੀ ਦਾ ਗਿਆਨ ਵੀ ਮਨ ਨੂੰ ਹੀ ਸੰਬੋਧਿਤ ਹੈ।

ਅਨੇਕਾਂ ਹੀ ਵਾਰ ਸੰਸਥਾਵਾਂ ਵਪਾਰਿਕ ਉਦੇਸ਼ਾਂ ਦੀ ਪੂਰਤੀ ਲਈ ਗ਼ਲਤ ਪ੍ਰੋਤਸਾਹਨ ਦੇ ਤਰੀਕਿਆਂ ਦੀ ਵਰਤੋਂ ਕਰਦੀਆਂ ਹਨ ਜਿਨਾਂ ਵਿੱਚ ਲਾਲਚ ਪ੍ਰਮੁੱਖ ਹੁੰਦਾ ਹੈ। ਨੈਤਿਕਤਾ ਦੀ ਕਮੀ ਦੇ ਕਾਰਨ ਕਰਮਚਾਰੀ ਗ਼ਲਤ ਮਾਪਦੰਡਾਂ ਦੇ ਅਧਾਰ ਤੇ ਉਦੇਸ਼ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਨਾਲ ਸਮਾਜ ਅਤੇ ਸੰਸਥਾ ਦੀ ਕਾਰਜਕੁਸ਼ਲਤਾ ਅਤੇ ਭਲਾਈ ਲੰਬੇ ਸਮੇਂ ਲਈ ਯਕੀਨੀ ਨਹੀਂ ਬਣਾਈ ਜਾ ਸਕਦੀ। ਅਨੇਕਾਂ ਹੀ ਵਾਰ ਸੰਸਥਾਵਾਂ ਵੱਧ ਤੋਂ ਵੱਧ ਲਾਭ ਕਮਾਉਣ ਲਈ ਜਾਂ ਉਦੇਸ਼ਾਂ ਦੀ ਪੂਰਤੀ ਲਈ ਕਰਮਚਾਰੀਆਂ ਤੋਂ ਵਧੇਰੇ ਕੰਮ ਕਰਵਾਉਂਦੇ ਹਨ ਜਿਸ ਵਿਚ ਨਤੀਜਿਆਂ ਦੀ ਘਟੀਆ ਗੁਣਵੱਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਨੇਕਾਂ ਹੀ ਵਾਰ ਕਰਮਚਾਰੀ ਜ਼ਿਆਦਾ ਵਿੱਤੀ ਸਰੋਤਾਂ ਲਈ ਗ਼ਲਤ ਕੰਮ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ ਜਿਸ ਨਾਲ ਕਰਮਚਾਰੀਆਂ ਦੀ ਸਿਹਤ ਅਤੇ ਅਧਿਕਾਰਾਂ ਤੇ ਵੀ ਮਾੜਾ ਅਸਰ ਪੈਂਦਾ ਹੈ। ਨੈਤਿਕਤਾ ਤੋਂ ਸੱਖਣੇ ਕੰਮ ਦੇ ਸੱਭਿਆਚਾਰ ਵਿੱਚ ਟਿਕਾਊ ਵਪਾਰਿਕ ਵਿਕਾਸ

ਸੰਭਵ ਨਹੀਂ ਹੋ ਸਕਦਾ ਹੈ ਸਗੋਂ ਭਰੋਸੇਯੋਗ ਪ੍ਰੋਤਸਾਹਨ ਦੇ ਤਰੀਕਿਆਂ ਰਾਹੀਂ ਕਰਮਚਾਰੀਆਂ ਦੀ ਕੁਸ਼ਲਤਾ ਵਿੱਚ ਵਾਧਾ ਕਰਨਾ ਹੀ ਉੱਤਮ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਸੰਸਾਰ ਵਿੱਚ ਵਿਚਰਨ ਲਈ ਜੀਵਨ ਜਾਂਚ ਸਿਖਾਉਂਦੇ ਹਨ ਅਤੇ ਜੀਵਨ ਦੀ ਬਿਹਤਰੀ ਲਈ ਮਾਰਗ ਦਰਸ਼ਕ ਵੀ ਬਣਦੇ ਹਨ। ਵਿਅਕਤੀ ਦਾ ਨੈਤਿਕ ਆਚਰਣ ਹੀ ਉਸ ਨੂੰ ਚੰਗੇ ਕੰਮ ਕਰਨ ਲਈ ਰਾਹ ਦਸੇਰਾ ਬਣਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਵੱਡੇ ਪੱਧਰ ਤੇ ਜਾ ਕੇ ਚੰਗੀ ਸੋਚ ਰੱਖਣ ਦਾ ਉਪਦੇਸ਼ ਦਿੰਦੇ ਹਨ ਭਾਵੇਂ ਇਸ ਲਈ ਕੋਈ ਵੀ ਕੁਰਬਾਨੀ ਕਿਉਂ ਨਾ ਕਰਨੀ ਪਵੇ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਤੇ ਭਰੋਸਾ ਰੱਖਣ ਵਾਲਾ ਵਿਅਕਤੀ ਹਮੇਸ਼ਾ ਸੰਤੁਸ਼ਟ ਰਹਿੰਦਾ ਹੈ ਅਤੇ ਗੁਰੂ ਹਮੇਸ਼ਾਂ ਹੀ ਉਸ ਦੇ ਉਦੇਸ਼ਾਂ ਦੀ ਪੂਰਤੀ ਕਰਦਾ ਹੈ ਜੋ ਕਿ ਪ੍ਰੋਤਸਾਹਨ ਦਾ ਅਹਿਮ ਅੰਗ ਹੈ,ਇਸ ਬਾਬਤ ਗੁਰੂ ਸਾਹਿਬ ਲਿਖਦੇ ਹਨ-

ਤੇਰੀ ਸਰਣਿ ਮੇਰੇ ਦੀਨ ਦਇਆਲਾ।।
ਸੁਖ ਸਾਗਰ ਮੇਰੇ ਗੁਰ ਗੋਪਾਲਾ।।
ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ।।[73]

ਗੁਰੂ ਸਾਹਿਬ ਮਨੁੱਖ ਨੂੰ ਜੀਵਨ ਵਿੱਚ ਸਥਿਰਤਾ ਅਤੇ ਆਤਮਕ ਵਿਸ਼ਵਾਸ ਧਾਰਣ ਕਰਨ ਦਾ ਉਪਦੇਸ਼ ਦਿੰਦੇ ਹਨ, ਆਤਮਕ ਵਿਸ਼ਵਾਸ ਅਤੇ ਸਥਿਰਤਾ ਪ੍ਰੋਤਸਾਹਨ ਦਾ ਅਧਾਰ ਹਨ। ਗੁਰੂ ਸਾਹਿਬ ਅਨੁਸਾਰ ਮਾਲਕ ਸਦਾ ਹੀ ਅਮੀਰ ਹੈ ਅਤੇ ਖੁਸ਼ਹਾਲ ਹੈ ਅਤੇ ਉਸ ਦਾ ਸੇਵਕ ਸਦਾ ਹੀ ਸੁਰੱਖਿਅਤ ਰਹਿੰਦਾ ਹੈ:-

ਪ੍ਰਭੁ ਅਬਿਨਾਸੀ ਤਾ ਕਿਆ ਕਾੜਾ।।
ਹਰਿ ਭਗਵੰਤਾ ਤਾ ਜਨੁ ਖਰਾ ਸੁਖਾਲਾ।।
ਜੀਅ ਪ੍ਰਾਨ ਮਾਨ ਸੁਖਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ।।[74]

ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਪਰਮਾਤਮਾ ਸਦਾ ਹੀ ਦਿਆਲੂ ਹੈ ਉਹ ਕਦੇ ਵੀ ਥੱਕਦਾ ਨਹੀਂ ਅਤੇ ਆਪਣੇ ਕੰਮਾਂ ਨੂੰ ਠੀਕ ਸਮੇਂ ਸਾਧਨਾਂ ਰਾਹੀਂ ਸੰਪੂਰਨ ਕਰਦਾ ਹੈ। ਗੁਰੂ ਸਾਹਿਬ ਅਨੁਸਾਰ ਪ੍ਰਮਾਤਮਾ ਸਚਿਆਰ, ਦਿਆਲ, ਨਿਰਮਲ, ਸ਼ੁੱਧ ਅਤੇ ਸੁੰਦਰ ਹੈ, ਉਸ ਵਰਗਾ ਹੋਰ ਕੋਈ ਵੀ ਨਹੀਂ ਹੈ। ਉਹ ਹੀ ਸੁੱਖਾਂ ਦਾ ਖ਼ਜਾਨਾ ਹੈ ਉਸ ਦੇ ਰੰਗਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ ਅਤੇ ਅਜਿਹੇ ਗੁਣ ਪ੍ਰੋਤਸਾਹਨ ਲਈ ਵੀ ਜ਼ਰੂਰੀ ਹਨ, ਇਨਾਂ ਗੁਣਾਂ ਦੇ ਸਬੰਧ ਵਿਚ ਗੁਰੂ ਸਾਹਿਬ ਲਿਖਦੇ ਹਨ-

ਭਗਤ ਜਨਾ ਕਉ ਰਖਦਾ ਆਪਣੀ ਕਿਰਪਾ ਧਾਰਿ॥
ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ॥
ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ॥
ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ॥[75]

ਉਪਰੋਕਤ ਪੰਕਤੀਆਂ ਰਾਹੀਂ ਗੁਰੂ ਸਾਹਿਬ ਦਿਆਲਤਾ, ਸਥਿਰਤਾ, ਸਚਿਆਰ ਜੀਵਨ, ਸ਼ੁੱਧਤਾ, ਸਚਾਈ, ਗੁਣਾਂ ਨੂੰ ਧਾਰਣ ਕਰਨ ਜਿਹੇ ਗੁਣ ਪ੍ਰਗਟ ਹੁੰਦੇ ਹਨ। ਜੇਕਰ ਨੈਤਿਕਤਾ ਦੇ ਪ੍ਰਸੰਗ ਤੋਂ ਗੱਲ ਕੀਤੀ ਜਾਵੇ ਤਾਂ ਪ੍ਰੋਤਸਾਹਨ ਲਈ ਉਪਰੋਕਤ ਦਰਸਾਏ ਗੁਣ ਹੋਣੇ ਲਾਜ਼ਮੀ ਹਨ ਅਤੇ ਪ੍ਰੋਤਸਾਹਨ ਦੀਆਂ ਨੀਤੀਆਂ ਨੈਤਿਕਤਾ ਅਧਾਰਿਤ ਹੋ ਸਕਦੀਆਂ ਹਨ। ਜਦੋਂ ਪ੍ਰੋਤਸਾਹਨ ਦੀ ਗੱਲ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਨੈਤਿਕਤਾ ਤੇ ਅਧਾਰਿਤ ਪ੍ਰੋਤਸਾਹਨ ਦੀ ਗੱਲ ਕਰਦੇ ਹਨ। ਅਨੇਕਾਂ ਹੀ ਲੋੜਾਂ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰੋਤਸਾਹਨ ਲਈ ਪਿੱਠ ਭੂਮੀ ਤਿਆਰ ਕਰਦੀਆਂ ਹਨ, ਉਹਨਾਂ ਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜ਼ਿਕਰ ਕਰਨਾ ਲਾਜਮੀ ਹੈ ਕਿਉਂਕਿ ਫਿਰ ਹੀ ਨੈਤਿਕਤਾ ਤੇ ਅਧਾਰਿਤ ਪ੍ਰੋਤਸਾਹਨ ਸੰਭਵ ਹੈ, ਇਨਾਂ ਲੋੜਾਂ ਦਾ ਵਰਗੀਕਰਣ ਇਸ ਪ੍ਰਕਾਰ ਹੈ-

I. ਪਦਾਰਥਿਕ ਲੋੜਾਂ (Material Needds):- ਮਨੁੱਖ ਦੀਆਂ ਜ਼ਰੂਰੀ ਲੋੜਾਂ ਰੋਟੀ ਕੱਪੜਾ, ਮਕਾਨ ਹਨ ਪਰ ਇਹਨਾਂ ਦੀ ਪੂਰਤੀ ਦਾ ਅਰਥ ਮਨੁੱਖ ਦੀ ਸੰਤੁਸ਼ਟੀ ਨਹੀਂ ਹੈ। ਇਹ

ਜ਼ਰੂਰੀ ਨਹੀਂ ਇਹਨਾਂ ਲੋੜਾਂ ਦੀ ਪੂਰਤੀ ਨਾਲ ਮਨੁੱਖ ਖੁਸ਼ ਹੋ ਜਾਂਦਾ ਹੈ ਜਾਂ ਕਰਮਚਾਰੀ ਇਹਨਾਂ ਲੋੜਾਂ ਦੀ ਪੂਰਤੀ ਕਰਕੇ ਸੰਸਥਾ ਦੀ ਬਿਹਤਰੀ ਲਈ ਕਾਰਜ ਕਰਨ ਲੱਗ ਪਵੇ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਜਮੀ ਜੀਵਨ ਬਤੀਤ ਕਰਨ ਨੂੰ ਉੱਤਮ ਦੱਸਿਆ ਗਿਆ ਹੈ। ਗੁਰੂ ਸਾਹਿਬ ਅਨੁਸਾਰ ਘੱਟ ਖਾਣਾ ਘੱਟ ਸੌਣਾਂ ਵੀ ਗਿਆਨਵਾਨ ਹੋਣ ਦਾ ਪ੍ਰਮਾਣ ਹੈ ਅਤੇ ਚੰਗੇ ਵਪਾਰੀ ਲਈ ਸਹਿਜ ਦਾ ਮਾਰਗ ਹੀ ਉੱਤਮ ਹੈ-

ਹਾਣ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ।।
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ।।[76]

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜ਼ਿਆਦਾ ਖਾਣਾ ਅਤੇ ਜ਼ਿਆਦਾ ਬੋਲਣ ਨਾਲ ਸਮੱਸਿਆਵਾਂ ਵੱਧਦੀਆਂ ਹਨ। ਵਿਕਾਰਾਂ ਦੇ ਪ੍ਰਭਾਵ ਕਾਰਨ ਸੁਭਾਅ ਵਿੱਚ ਗੁੱਸਾ ਅਤੇ ਬੇਲੋੜੀ ਬਹਿਸ ਦੀ ਪ੍ਰਵਿਰਤੀ ਵੱਧਦੀ ਹੈ ਭਾਵ ਪਦਾਰਿਥਕ ਕੰਟਰੋਲ ਹੋਣਾ ਲਾਜ਼ਮੀ ਹੈ:-

ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ।।
ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ।।[77]

ਇਹ ਧਾਰਣਾ ਬਿਲਕੁਲ ਗ਼ਲਤਹੈ ਕਿ ਕਰਮਚਾਰੀਆਂ ਦੀਆਂ ਪਦਾਰਥਿਕ ਜ਼ਰੂਰਤਾਂ ਪੂਰੀਆਂ ਕਰਨ ਤੋਂ ਬਾਅਦ ਉਹ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦੇ ਹਨ ਅਤੇ ਸੰਸਥਾ ਦੇ ਉਦੇਸ਼ਾਂ ਦੀ ਪੂਰਤੀ ਲਈ ਕਾਰਜ ਕਰਦੇ ਹਨ। ਮੁੱਢਲੀਆਂ ਲੋੜਾਂ ਤੋਂ ਇਲਾਵਾ ਵੀ ਅਨੇਕਾਂ ਹੀ ਅਜਿਹੀਆਂ ਲੋੜਾਂ ਹਨ ਜਿਹਨਾਂ ਦੀ ਪੂਰਤੀ ਲਈ ਮਨੁੱਖ ਅੰਦਰ ਤਾਂਘ ਉਪਜਦੀ ਹੈ। ਗੁਰੂ ਸਾਹਿਬ ਅਨਸਾਰ ਸੋਨਾ, ਹੀਰੇ, ਜਵਾਹਰਾਤ, ਮਖ਼ਮਲੀ ਬਿਸਤਰੇ ਵੀ ਜ਼ਰੂਰੀ ਨਹੀਂ ਸਗੋਂ ਇਹਨਾਂ ਨਾਲੋਂ ਵੀ ਜ਼ਰੂਰੀ ਪਰਮਾਤਮਾ ਦੀ ਯਾਦ ਹੈ ਭਾਵ ਜੀਵਨ ਵਿੱਚ ਸੰਜਮ ਅਤੇ ਸਥਿਰਤਾ ਹੈ, ਇਸ ਤੋਂ ਬਿਨਾਂ ਸਾਰਾ ਜੀਵਨ, ਸਾਰੇ ਸਰੋਤ ਹੀ ਨਾਸ਼ਵੰਤ ਹਨ, ਇਸ ਬਾਬਤ ਗੁਰੂ ਸਾਹਿਬ ਲਿਖਦੇ ਹਨ-

ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ।।[78]

ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਧਨ ਦੌਲਤ ਨਾਲ ਕਿਸੇ ਵਿਅਕਤੀ ਨੂੰ ਕੁਝ ਸਮੇਂ ਦਾ ਪ੍ਰੋਤਸਾਹਨ ਦਿੱਤਾ ਜਾ ਸਕਦਾ ਹੈ ਪਰ ਇਸ ਨਾਲ ਲਾਲਚੀ ਪ੍ਰਵਿਰਤੀ ਜਨਮ ਲੈ ਲੈਂਦੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਗੁਰੂ ਭਾਵ ਪ੍ਰਬੰਧਕ ਹੀ ਅਜਿਹਾ ਹੋਵੇ ਕਿ ਆਪਣੇ ਕਰਮਚਾਰੀਆਂ ਨਾਲ ਫ਼ਲ ਰੂਪੀ ਸਾਂਝ ਬਣਾ ਦੇਵੇ, ਸੰਜਮ ਰੂਪੀ ਪਾਣੀ ਨਾਲ ਇਹ ਸੰਸਥਾ ਰੂਪੀ ਰੁੱਖ ਸਦਾ ਹੀ ਹਰਾ ਰਹਿੰਦਾ ਹੈ। ਚੰਗੇ ਕਰਮਾਂ ਕਰਕੇ ਇਸ ਦੇ ਫ਼ਲ ਵੀ ਪੱਕਣਗੇ। ਇਸ ਨਾਲ ਸੰਸਥਾ ਦੇ ਉਦੇਸ਼ ਵੀ ਪੂਰੇ ਹੋਣਗੇ ਅਤੇ ਨੈਤਿਕ ਕਦਰਾਂ ਕੀਮਤਾਂ ਵੀ ਬਣੀਆ ਰਹਿੰਦੀਆਂ ਹਨ-

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥[79]

II. ਬੌਧਿਕ ਲੋੜਾਂ (Intellectual Nedds):- ਮੂਲ ਲੋੜਾਂ ਦੇ ਨਾਲ ਨਾਲ ਮਨੁੱਖ ਦੀਆਂ ਬੌਧਿਕ ਲੋੜਾਂ ਦੀ ਪੂਰਤੀ ਵੀ ਵਿਅਕਤੀ ਦੇ ਪ੍ਰੋਤਸਾਹਨ ਦਾ ਕਾਰਨ ਬਣਦੀਆਂ ਹਨ ਜਿਵੇਂ ਕਿ –ਗਿਆਨ ਦੀ ਲੋੜ, ਚੋਣ ਦੀ ਸੁਤੰਤਰਤਾ ਅਤੇ ਪ੍ਰਾਪਤੀ ਦੀਆਂ ਲੋੜਾਂ ਆਦਿ। ਗੁਰੂ ਸਾਹਿਬ ਅਨੁਸਾਰ ਜੋ ਵੀ ਪਰਮਾਤਮਾ ਦੀ ਸ਼ਰਣ ਵਿੱਚ ਆ ਜਾਂਦਾ ਹੈ ਉਸ ਅੰਦਰ ਆਤਮ ਸ਼ਕਤੀ, ਗਿਆਨ ਅਤੇ ਧਿਆਨ ਜਿਹੇ ਗੁਣ ਪੈਦਾ ਹੋ ਜਾਂਦੇ ਹਨ। ਉਸ ਅੰਦਰ ਪ੍ਰਮਾਤਮਾ ਦੇ ਨਾਮ ਨੂੰ ਜੱਪਣ ਦਾ ਬਲ ਪੈਦਾ ਹੋ ਜਾਂਦਾ ਹੈ।

ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ॥[20]

ਕਿਸੇ ਵੀ ਸੰਸਥਾ ਵਿੱਚ ਇਹ ਅਤਿ ਜਰੂਰੀ ਹੋ ਜਾਂਦਾ ਹੈ ਕਿ ਕਰਮਚਾਰੀਆਂ ਨੂੰ ਉਹਨਾਂ ਦੇ ਕੰਮਾਂ ਬਾਰੇ ਪੂਰੀ ਜਾਣਕਾਰੀ ਹਾਂਸਿਲ ਹੋਵੇ। ਜੇਕਰ ਕਰਮਚਾਰੀਆਂ ਨੂੰ ਸੰਸਥਾ ਦੇ ਮਿਸ਼ਨ ਅਤੇ ਟੀਚਿਆਂ ਬਾਰੇ ਪੂਰੀ ਜਾਣਕਾਰੀ ਹੋਵੇ ਤਾਂ ਉਹ ਆਪਣੇ ਗਿਆਨ ਦੀ ਮੱਦਦ ਨਾਲ ਉਹਨਾਂ ਨੂੰ ਹਾਂਸਿਲ ਕਰਨ ਵਿੱਚ ਬਣਦਾ ਯੋਗਦਾਨ ਪਾ ਸਕਦੇ ਹਨ। ਜੇਕਰ ਉਹਨਾਂ ਦੇ ਗਿਆਨ ਦਾ ਸਰੋਤ

ਯੋਗ ਹੋਵੇਗਾ ਤਾਂ ਉਹ ਸਹਜੇ ਹੀ ਸੰਸਥਾ ਦਾ ਸਰਮਾਇਆ ਬਣ ਜਾਂਦੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਾਡਾ ਮਨ ਹਾਥੀ ਦੇ ਸਮਾਨ ਹੈ ਤੇ ਗੁਰੂ ਇਸ ਦਾ ਚਾਲਕ ਹੈ ਅਤੇ ਗੁਰੂ ਤੋਂ ਮਿਲਿਆ ਗਿਆਨ ਇਸ ਦਾ ਤੇਲ ਹੈ। ਬਿਨ੍ਹਾਂ ਗਿਆਨ ਤੋਂ ਹਾਥੀ ਜਿਵੇਂ ਜੰਗਲ ਵਿੱਚ ਭਟਕਦਾ ਹੈ ਉਸੇ ਤਰ੍ਹਾਂ ਮਨੁੱਖੀ ਵੀ ਗਿਆਨ ਤੋਂ ਬਿਨਾਂ ਸੱਖਣਾ ਹੁੰਦਾ ਹੈ, ਇਸ ਬਾਬਤ ਗੁਰੂ ਸਾਹਿਬ ਉਚਾਰਦੇ ਹਨ-

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥[81]

ਗੁਰੂ ਸਾਹਿਬ ਅਨੁਸਾਰ ਇਸ ਮਨ ਨੂੰ ਕੰਟਰੋਲ ਕਰਨ ਲਈ ਗੁਰੂ ਦਾ ਅਹਿਮ ਸਥਾਨ ਹੁੰਦਾ ਹੈ। ਸੰਸਥਾ ਵਿੱਚ ਯੋਗ ਗਿਆਨ ਨਾਲ ਹੀ ਚੰਗਾ ਵਾਤਾਵਰਣ ਸਿਰਜਿਆ ਜਾ ਸਕਦਾ ਹੈ। ਜੇਕਰ ਕਰਮਚਾਰੀ ਆਪਣੀ ਉਦੇਸ਼ ਤੇ ਇਕਾਗਰਤਾ ਨਾਲ ਕੰਮ ਨਹੀਂ ਕਰਦੇ ਤਾਂ ਨਿਸ਼ਚਿਤ ਉਦੇਸ਼ਾਂ ਦੀ ਪੂਰਤੀ ਮੁਸ਼ਕਿਲ ਹੋ ਜਾਂਦੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਯੋਗ ਗੁਰੂ ਭਾਵ ਲੀਡਰ ਦੀ ਮੱਦਦ ਨਾਲ ਬੌਧਿਕ ਲੋੜਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਇਸ ਨਾਲ ਇੱਕ ਨਹੀਂ ਅਨੇਕਾਂ ਲਾਭ ਪ੍ਰਾਪਤ ਹੁੰਦੇ ਹਨ-

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥[82]

ਨਿਰਮਲ ਬੁੱਧੀ ਦੀ ਪ੍ਰਾਪਤੀ ਦੇ ਪ੍ਰਸੰਗ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਜਦੋਂ ਯੋਗ ਗਿਆਨ, ਚੰਗੇ ਕਰਮ ਅਤੇ ਪਰਮਾਤਮਾ ਦੀ ਭਗਤੀ ਰੂਪੀ ਤਿੰਨ ਨਦੀਆਂ ਇਕੱਠੀਆਂ ਹੋ ਜਾਣ ਤਾਂ ਮਾੜੇ ਕਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਨਿਰਮਲ ਬੁੱਧੀ ਪੈਦਾ ਹੋ ਜਾਂਦੀ ਹੈ -

ਬ੍ਰਿਹਸਪਤਿ ਬਿਖਿਆ ਦੇਇ ਬਹਾਇ॥
ਤੀਨਿ ਦੇਵ ਏਕ ਸੰਗਿ ਲਾਇ॥
ਤੀਨਿ ਨਦੀ ਤਹ ਤ੍ਰਿਕੁਟੀ ਮਾਹਿ॥
ਅਹਿਨਿਸਿ ਕਸਮਲ ਧੋਵਹਿ ਨਾਹਿ॥[83]

ਜਦੋਂ ਵਿਅਕਤੀ ਨੂੰ ਯੋਗ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਇਹ ਹੀ ਪ੍ਰੋਤਸਾਹਨ ਦਾ ਸਰੋਤ ਬਣ ਜਾਂਦਾ ਹੈ। ਸੁਤੰਤਰਤਾ ਅਤੇ ਆਤਮ ਸ਼ਕਤੀ ਕਾਰਨ ਕੰਮਾਂ ਵਿੱਚ ਬਿਹਤਰੀ ਆਉਂਦੀ ਹੈ। ਗੁਰੂ ਸਾਹਿਬ ਅਨੁਸਾਰ ਨੈਤਿਕਤਾ ਤੇ ਅਧਾਰਿਤ ਗਿਆਨ ਨਾਲ ਵਿਅਕਤੀ ਸੰਸਾਰਿਕ ਅਤੇ ਅਧਿਆਤਮਿਕ ਪੱਧਰ ਦੋਹਾਂ ਵਿੱਚ ਹੀ ਸ੍ਰੇਸ਼ਠ ਪੱਦਵੀ ਹਾਂਸਿਲ ਕਰਦਾ ਹੈ। ਕਰਮਚਾਰੀ ਜਦੋਂ ਅਧਿਆਤਮਿਕ ਪੱਧਰ ਤੇ ਵੀ ਗਿਆਨਵਾਨ ਹੋ ਜਾਂਦੇ ਹਨ ਤਾਂ ਸੰਸਥਾ ਦੇ ਉਦੇਸ਼ਾਂ ਦੀ ਪੂਰਤੀ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬਾਨ ਅਨੁਸਾਰ ਕਿਸੇ ਵੀ ਕੰਮ ਨੂੰ ਕਰਨ ਦਾ ਯੋਗ ਤਰੀਕਾ ਉਹ ਹੈ ਜਿਸ ਵਿੱਚ ਸੱਚ, ਚੰਗਾ ਜੀਵਨ ਪੱਧਰ, ਦੂਜਿਆਂ ਦੀ ਮੱਦਦ ਅਤੇ ਚੰਗੇ ਕਰਮਾਂ ਲਈ ਦ੍ਰਿੜ ਨਿਸ਼ਚਾ ਹੁੰਦਾ ਹੈ। ਇਸ ਪ੍ਰਕਾਰ ਪ੍ਰੋਤਸਾਹਨ ਲਈ ਬੌਧਿਕ ਲੋੜਾਂ ਦੀ ਵੀ ਜ਼ਰੂਰਤ ਹੁੰਦੀ ਹੈ। ਪਰ ਜੇਕਰ ਬੌਧਿਕ ਪੱਧਰ ਦਾ ਵਿਕਾਸ ਨੈਤਿਕ ਕਦਰਾਂ ਕੀਮਤਾਂ ਤੇ ਅਧਾਰਿਤ ਹੋਵੇ ਤਾਂ ਵਪਾਰਿਕ ਉਦੇਸ਼ਾਂ ਦੀ ਪੂਰਤੀ ਇੱਕ ਸਰਲ ਕਾਰਜ ਬਣ ਜਾਂਦਾ ਹੈ।

III. ਭਾਵਨਾਤਮਕ ਲੋੜਾਂ:- (Emotional Needs):- ਹਰ ਇੱਕ ਵਿਅਕਤੀ ਪਿਆਰ, ਸਤਿਕਾਰ ਅਤੇ ਤਰੀਫ਼ ਆਦਿ ਕਾਰਨ ਭਾਵਨਾਤਮਕ ਪੱਧਰ ਤੇ ਦੂਸਰਿਆਂ ਨਾਲ ਜੁੜਦਾ ਹੈ। ਜਦੋਂ ਸੰਸਥਾ ਦੇ ਉਦੇਸ਼ਾਂ ਨੂੰ ਇਹਨਾਂ ਭਾਵਨਾਤਮਕ ਤੱਤਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਇਹ ਵੀ ਪ੍ਰੋਤਸਾਹਨ ਦਾ ਅਧਾਰ ਬਣ ਸਕਦੇ ਹਨ। ਪਰ ਮ'ਜੂਦਾ ਸਮੇਂ ਦੌਰਾਨ ਇਹ ਬਹੁਤ ਜ਼ਰੂਰੀ ਹੈ ਕਿ ਸੰਸਥਾ ਦੇ ਉਦੇਸ਼ਾਂ ਵਿੱਚ ਇਹਨਾਂ ਨੂੰ ਇਸ ਤਰੀਕੇ ਨਾਲ ਜੋੜਿਆ ਜਾਵੇ ਕਿ ਨੈਤਿਕਤਾ ਦੇ ਸਿਧਾਤ ਖੰਡਿਤ ਨਾ ਹੋਣ। ਗੁਰੂ ਸਾਹਿਬਾਨ ਅਨੁਸਾਰ ਜਦੋਂ ਮਨੁੱਖ ਦਾ ਪਿਆਰ ਕਿਸੇ ਖਾਸ ਦਿਸ਼ਾ ਵਿੱਚ ਵੱਧ ਜਾਂਦਾ ਹੈ ਤਾਂ ਮਨੁੱਖ ਹਰ ਹੀਲੇ ਵਸੀਲੇ ਉਸ ਨੂੰ ਹਾਂਸਿਲ ਕਰਨ ਦਾ ਯਤਨ ਕਰਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਦੋਂ ਮਨੁੱਖ ਪੂਰੇ ਗੁਰੂ ਨੂੰ ਸਮਰਪਣ ਕਰ ਦਿੰਦਾ ਹੈ ਤਾਂ ਸਾਰੇ ਕਾਰਜ ਰਾਸ ਆ ਜਾਂਦੇ ਹਨ:-

ਗੁਨ ਗਾਵਤ ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ।[84]

ਜਦੋਂ ਕਿਸੇ ਵੀ ਸੰਸਥਾ ਵਿੱਚ ਕਰਮਚਾਰੀਆਂ ਦੀ ਭਾਵਨਾਤਮਕ ਇੱਛਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਤਾਂ ਕਰਮਚਾਰੀ ਅਜਿਹੀ ਸੰਸਥਾ ਨਾਲ ਲੰਬੇ ਸਮੇਂ ਦਾ ਸਬੰਧ ਬਣਾਉਣਾ ਚਾਹੁੰਦੇ ਹਨ ਅਤੇ ਇਹ ਵੀ ਉਹਨਾਂ ਦਾ ਸੰਸਥਾ ਪ੍ਰਤੀ ਪ੍ਰੋਤਸਾਹਨ ਦਾ ਜ਼ਰੀਆ ਹੁੰਦਾ ਹੈ।

ਗੁਰੂ ਸਾਹਿਬ ਅਨੁਸਾਰ ਜਿਸ ਵਿਅਕਤੀ ਦੀਆਂ ਭਾਵਨਾਵਾਂ ਵਿੱਚ ਸ਼ੁੱਧਤਾ ਹੈ ਭਾਵ ਸੱਚਾਈ ਹੈ ਤਾਂ ਉਹ ਹਮੇਸ਼ਾਂ ਹੀ ਠੀਕ ਰਸਤੇ ਤੇ ਚਲਦਾ ਹੈ। ਉਸ ਮਨੁੱਖ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ, ਉਸ ਨੂੰ ਕੋਈ ਵੀ ਬੇਗਾਨਾ ਨਹੀਂ ਲਗਦਾ ਸਗੋਂ ਆਪਣੇ ਹੀ ਪ੍ਰਤੀਤ ਹੁੰਦੇ ਹਨ। ਅਜਿਹੀ ਬਿਰਤੀ ਵਾਲੇ ਮਨੁੱਖ ਹਰ ਪਾਸੇ ਸੋਭਾ ਪ੍ਰਾਪਤ ਕਰਦੇ ਹਨ–

ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ।।
ਪ੍ਰਭ ਤੁਧਹੁ ਖਾਲੀ ਕੋ ਨਹੀ। ਦਰਿ ਗੁਰਮੁਖਾ ਨੋ ਸਾਬਾਸਿ।।

ਇਸ ਪ੍ਰਕਾਰ ਭਾਵਨਾਤਮਕ ਲੋੜਾਂ ਦੀ ਪੂਰਤੀ ਮਨੁੱਖ ਲਈ ਪ੍ਰੋਤਸਾਹਨ ਦਾ ਸਰੋਤ ਬਣ ਜਾਂਦੀਆਂ ਹੈ। ਜੇਕਰ ਇਹਨਾਂ ਭਾਵਨਾਵਾਂ ਦੀ ਅਣਹੋਂਦ ਹੋਵੇਗੀ ਤਾਂ ਕਰਮਚਾਰੀਆਂ ਦੇ ਵਿਕਾਸ ਵਿੱਚ ਮੁਸ਼ਕਿਲ ਆਉਂਦੀ ਹੈ। ਜਦੋਂ ਸੰਸਥਾ ਕਰਮਚਾਰੀਆਂ ਦੇ ਇਹਨਾਂ ਗੁਣਾਂ ਨੂੰ ਸਨਮਾਨਿਤ ਕਰਦੀ ਹੈ ਤਾਂ ਸੰਸਥਾ ਲਈ ਭਵਿਖਮੁਖੀ ਯੋਜਨਾਵਾਂ ਨੂੰ ਪੂਰਾ ਕਰਨ ਲਈ ਇੱਕ ਰਸਤਾ ਤਿਆਰ ਹੋ ਜਾਂਦਾ ਹੈ, ਭਰੋਸੇਯੋਗਤਾ ਨੂੰ ਅਧਾਰ ਬਣਾ ਕੇ ਮੁਸ਼ਕਿਲ ਕਾਰਜਾਂ ਨੂੰ ਹੱਲ ਕੀਤਾ ਜਾ ਸਕਦਾ ਹੈ।

IV. ਅਧਿਆਤਮਿਕ ਲੋੜਾਂ (Spritual Needs) ਜਦੋਂ ਸੰਸਥਾ ਵਿੱਚ ਕੋਈ ਵੀ ਵਿਅਕਤੀ ਪ੍ਰਵੇਸ਼ ਕਰਦਾ ਹੈ ਤਾਂ ਉਹ ਆਪਣੇ ਕੰਮ ਸਬੰਧੀ ਗਿਆਨ ਦੇ ਨਾਲ ਨਾਲ ਸੱਭਿਆਚਾਰ ਦੇ ਅੰਗਾਂ, ਮੁੱਲ ਪ੍ਰਬੰਧਾਂ ਅਤੇ ਧਾਰਮਿਕ ਮਾਨਤਾਵਾਂ ਨੂੰ ਵੀ ਨਾਲ ਲਿਆਉਂਦਾ ਹੈ। ਜਦੋਂ ਉਹ ਕੰਮ ਕਰਦਾ ਹੈ ਤਾਂ ਉਸ ਸਮੇਂ ਵੀ ਇਹਨਾਂ ਧਾਰਮਿਕ ਮਾਨਤਾਵਾਂ ਨਾਲ ਜੁੜਿਆ ਰਹਿੰਦਾ ਹੈ। ਧਾਰਮਿਕ ਪ੍ਰਭਾਵ ਬਾਰੇ ਗੁਰੂ ਸਾਹਿਬ ਵੀ ਸਮਝਾਉਂਦੇ ਹਨ ਕਿ ਜੁੜਿਆ

ਹੋਇਆ ਵਿਅਕਤੀ ਉੱਠਦਾ, ਬਹਿੰਦਾ ਸੌਂਦਾ ਹਰ ਸਮੇਂ ਪਰਮਾਤਮਾ ਨੂੰ ਯਾਦ ਰੱਖਦਾ ਹੈ:-

ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ।।[86]

ਸੰਸਥਾ ਨੂੰ ਅਜਿਹੇ ਕਰਮਚਾਰੀਆਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਅਧਿਆਤਮਿਕ ਮਾਨਤਾਵਾਂ ਵਾਲੇ ਵਿਅਕਤੀ ਹਮੇਸ਼ਾਂ ਹੀ ਸੰਸਥਾ ਲਈ ਸਰਮਾਏ ਦੇ ਤੌਰ ਤੇ ਕਾਰਜ ਕਰਦੇ ਹਨ ਕਿਉਂਕਿ ਉਹਨਾਂ ਵਿੱਚ ਸਚਾਈ ਅਤੇ ਈਮਾਨਦਾਰੀ ਦੇ ਗੁਣ ਸਹਿਜੇ ਹੀ ਆ ਜਾਂਦੇ ਹਨ ਜੋ ਕਿ ਨੈਤਿਕਤਾ ਦਾ ਅਧਾਰ ਹਨ। ਸਗੋਂ ਸੰਸਥਾ ਉਹਨਾਂ ਨੂੰ ਉਤਸ਼ਾਹਿਤ ਕਰ ਸਕਦੀ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਗੁਰੂ ਦੀਆਂ ਸਿੱਖਿਆਵਾਂ ਰਾਹੀਂ ਮਨ ਵਿੱਚੋਂ ਬੁਰੇ ਵਿਚਾਰ ਬੁਰੀਆਂ ਪ੍ਰਵਿਰਤੀਆਂ ਖ਼ਤਮ ਹੋ ਜਾਂਦੀਆਂ ਹਨ, ਦਿਮਾਗ ਵਿੱਚ ਵਿਕਾਰਾਂ ਦੀ ਮੈਲ ਖ਼ਤਮ ਹੋ ਜਾਂਦੀ ਹੈ, ਦੁਚਿੱਤੀ ਮੁੱਕਦੀ ਹੈ, ਸੱਚ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਨਿਰਮਲ ਪਿਆਰ ਦੀ ਉਤਪੱਤੀ ਹੁੰਦੀ ਹੈ।

ਉਪਰੋਕਤ ਅਧਿਐਨ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵਪਾਰਿਕ ਸੰਸਥਾ ਵਿੱਚ ਕਰਮਚਾਰੀਆਂ ਨੂੰ ਅਧਿਆਤਮਿਕ ਲੋੜਾਂ ਅਨੁਸਾਰ ਵੀ ਉਤਸ਼ਾਹਿਤ ਕੀਤਾ ਜਾ ਸਕਦਾ ਹੈ ਕਿਉਂਕਿ ਗੁਰੂ ਸਾਹਿਬ ਫਰਮਾਉਂਦੇ ਹਨ ਜਿਸ ਮਨੁੱਖ ਕੋਲ ਪਰਮਾਤਮਾ ਦੀ ਓਟ ਰੂਪੀ ਖ਼ਜ਼ਾਨਾ ਹੁੰਦਾ ਹੈ ਉਸ ਨੂੰ ਹੋਰ ਕੋਈ ਲਾਲਚ ਨਹੀਂ ਰਹਿ ਜਾਂਦਾ। ਈਮਾਨਦਾਰੀ ਸਚਾਈ ਉਸ ਲਈ ਪੂਰੇ ਪਰਮਾਤਮਾ ਨੂੰ ਲੱਭਣ ਦਾ ਸਾਧਨ ਹੁੰਦੇ ਹਨ, ਇਸ ਪੱਖ ਨੂੰ ਗੁਰੂ ਸਾਹਿਬ ਇਉਂ ਬਿਆਨ ਕਰਦੇ ਹਨ-

ਨਾਮ ਰਤਨੁ ਜਿਨਿ ਪਾਇਆ ਦਾਨੁ।।
ਤਿਸੁ ਜਨ ਹੋਏ ਸਗਲ ਨਿਧਾਨ।।
ਸੰਤੋਖੁ ਆਇਆ ਮਨਿ ਪੂਰਾ ਪਾਇ।।
ਫਿਰਿ ਫਿਰਿ ਮਾਗਨ ਕਾਹੇ ਜਾਇ।।[87]

### 4.11 ਅਗਵਾਈ (Leadership)

ਲੀਡਰ ਵਪਾਰ ਵਿੱਚ ਸੰਸਥਾ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਅਹਿਮ ਯੋਗਦਾਨ ਨਿਭਾਉਂਦਾ ਹੈ। ਉਹ ਜਿੱਥੇ ਸੰਸਥਾ ਦੇ ਕਾਰਜਾਂ ਦੀ ਬਿਹਤਰੀ ਲਈ ਤੱਤਪਰ ਹੁੰਦਾ ਹੈ ਉੱਥੇ ਨਾਲ ਹੀ ਕੰਮਾਂ ਵਿੱਚ ਨੈਤਿਕਤਾ ਨੂੰ ਸ਼ਾਮਿਲ ਕਰਨਾ ਉਸ ਦੇ ਕਾਰਜਾਂ ਵਿੱਚ ਅਹਿਮ ਹੈ। ਇੱਕ ਚੰਗਾ ਲੀਡਰ ਆਪਣੇ ਸਹਾਇਕ ਕਰਮਚਾਰੀਆਂ ਨੂੰ ਬੋਲਣ ਦਾ ਮੌਕਾ ਦਿੰਦਾ ਹੈ ਭਾਵ ਉਹਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਨੀਤੀ ਨਿਰਮਾਣ ਵਿੱਚ ਹਿੱਸਾ ਪਾਉਂਦਾ ਹੈ। ਚੈਸਟਰ ਬਰਨਾਰਡ ਅਗਵਾਈ ਦੀ ਮਹੱਤਤਾ ਦੇ ਸੰਦਰਭ ਵਿਚ ਲਿਖਦਾ ਹੈ-

> Leadership reffer to to the qulity for the behaviour of the individuals where by, they guide people on their activities in organizes effort.[88]

ਲੀਡਰ ਜੋ ਨੈਤਿਕ ਕਦਰਾਂ ਕੀਮਤਾਂ ਵਿੱਚ ਵਿਸ਼ਵਾਸ ਰੱਖਦਾ ਹੈ, ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਦੂਜਿਆਂ ਦੇ ਹਿੱਤ ਨੂੰ ਪਹਿਲ ਦਿੰਦਾ ਹੈ, ਜਿਸ ਨਾਲ ਸੰਸਥਾ, ਸਮਾਜ ਅਤੇ ਕਰਮਚਾਰੀਆਂ ਦਾ ਵੱਡਾ ਲਾਭ ਹੋ ਸਕੇ, ਅਜਿਹੇ ਲੀਡਰ ਸੰਸਥਾ ਪ੍ਰਤੀ ਵਾਫ਼ਦਾਰ, ਸੰਚਾਰ ਵਿੱਚ ਪਾਰਦਰਸ਼ਿਤਾ ਅਤੇ ਜਵਾਬਦੇਹੀ ਅਤੇ ਉਦੇਸ਼ਾਂ ਦੀ ਪੂਰਤੀ ਲਈ ਤੱਤਪਰ ਰਹਿੰਦੇ ਹਨ। ਮੌਜੂਦਾ ਸਮੇਂ ਹਰ ਇੱਕ ਸੰਸਥਾ ਦਾ ਪ੍ਰਬੰਧਕੀ ਵਿਭਾਗ ਨੈਤਿਕਤਾ ਤੇ ਅਧਾਰਿਤ ਅਗਵਾਈ ਨੂੰ ਹੀ ਪਹਿਲ ਦਿੰਦਾ ਹੈ ਤਾਂ ਕਿ ਸੰਸਥਾ ਦਾ ਹਰ ਸੰਭਵ ਵਿਕਾਸ ਸੰਭਵ ਹੋ ਸਕੇ। ਇੱਕ ਚੰਗਾ ਲੀਡਰ ਹੀ ਸੰਸਥਾ ਦੇ ਵੱਖ ਵੱਖ ਭਾਗਾਂ ਵਿੱਚ ਕੰਮ ਦੇ ਸੱਭਿਆਚਾਰ ਵਿੱਚ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਕਰ ਸਕਦਾ ਹੈ। ਨੈਤਿਕਤਾ ਤੇ ਅਧਾਰਿਤ ਅਗਵਾਈ ਇੱਕ ਅਜਿਹਾ ਵਾਤਾਵਰਣ ਤਿਆਰ ਕਰਦੀ ਹੈ ਜਿਸ ਨਾਲ ਸੰਸਥਾ ਵਿੱਚ ਕਰਮਚਾਰੀਆਂ ਦੇ ਆਪਸ ਵਿੱਚ ਅਤੇ ਸੰਸਥਾ ਨਾਲ ਸਬੰਧ ਮਜ਼ਬੂਤ ਹੁੰਦੇ ਹਨ। ਅਜਿਹੇ ਮਾਹੌਲ ਵਿੱਚ ਪ੍ਰਬੰਧਕੀ ਨੀਤੀਆਂ ਪ੍ਰਭਾਵਸ਼ਾਲੀ ਅਤੇ ਸੰਸਥਾ ਦੇ ਸਿਧਾਂਤਾਂ ਤੇ ਅਧਾਰਿਤ ਹੁੰਦੀਆਂ ਹਨ, ਲੀਡਰ ਪ੍ਰਭਾਵਸ਼ਾਲੀ

ਟੀਚੇ ਨਿਰਧਾਰਿਤ ਕਰਦਾ ਹੈ ਅਤੇ ਖ਼ੁਦ ਚੰਗੀਆਂ ਉਦਾਹਰਣਾ ਪੇਸ਼ ਕਰਦਾ ਹੋਇਆ ਸੰਸਥਾ ਵਿੱਚ ਨੈਤਿਕਤਾ ਤੇ ਅਧਾਰਿਤ ਵਾਤਾਵਰਣ ਤਿਆਰ ਕਰਦਾ ਹੈ।

ਪਿੱਛਲੇ ਸਮ੍ਰਿਆਂ ਦੌਰਾਨ ਵਪਾਰਿਕ ਸੰਸਥਾਵਾਂ ਵਿੱਚ ਘਟੀ ਪਾਰਦਰਸ਼ਿਤਾ ਕਾਰਨ ਵੱਧਦੇ ਹੋਏ ਘੁਟਾਲਿਆਂ(Scams) ਅਤੇ ਅੰਤਰਰਾਸ਼ਟਰੀ ਪੱਧਰ ਤੇ ਘਟੀ ਸਾਖ (Goodwill) ਕਾਰਨ ਲੀਡਰ ਦੀ ਜ਼ਿੰਮੇਵਾਰੀ ਵਿੱਚ ਵੱਡਾ ਬਦਲਾਵ ਆਇਆ ਹੈ। ਇਸ ਨਾਲ ਪ੍ਰਬੰਧਕਾਂ ਤੇ ਦਬਾਅ ਵੀ ਵਧਿਆ ਹੈ ਕਿ ਵਪਾਰਿਕ ਭਾਈਵਾਲਾਂ ਦੇ ਅਧਿਕਾਰਾਂ ਦੀ ਰੱਖਿਆ ਕਿਵੇਂ ਕੀਤੀ ਜਾਵੇ ਅਤੇ ਨੈਤਿਕਤਾ ਤੇ ਅਧਾਰਿਤ ਫ਼ੈਸਲਿਆਂ ਨੂੰ ਕਿਵੇਂ ਵਧਾਇਆ ਜਾਵੇ। ਇਸ ਸਬੰਧੀ ਅਨੇਕਾਂ ਹੀ ਮਾਨਤਾਵਾਂ ਅਤੇ ਧਾਰਣਾਵਾਂ ਮ'ਜ਼ੂਦਾ ਹਨ ਜੋ ਨੈਤਿਕਤਾ ਤੇ ਅਧਾਰਿਤ ਵਪਾਰਿਕ ਮਾਡਲ ਦੀ ਗੱਲ ਕਰਦੀਆਂ ਹਨ ਪਰ ਇਹਨਾਂ ਦੇ ਪ੍ਰਤੀ ਪ੍ਰਭਾਵਸ਼ਾਲੀ ਨੀਤੀ ਦੀ ਕਮੀ ਚਿੰਤਾ ਦਾ ਵਿਸ਼ਾ ਹੈ। ਇਸ ਸਮੱਸਿਆ ਦੇ ਹੱਲ ਲਈ ਪ੍ਰਬੰਧਕਾਂ ਨੂੰ ਆਪ ਮਿਸਾਲ ਵਜੋਂ ਕਾਰਜ ਕਰਨਾ ਪਵੇਗਾ, ਉਹਨਾਂ ਦੁਆਰਾ ਜੇਕਰ ਉੱਤਮ ਟੀਚੇ ਨਿਰਧਾਰਿਤ ਕੀਤੇ ਜਾਂਦੇ ਹਨ ਅਤੇ ਉਹਨਾਂ ਨੂੰ ਪੂਰਾ ਕਰਨ ਵਿੱਚ ਪ੍ਰਬੰਧਕ ਖ਼ੁਦ ਯੋਗਦਾਨ ਪਾਉਂਦੇ ਹਨ ਤਾਂ ਸੰਸਥਾ ਵਿੱਚ ਨੈਤਿਕਤਾ ਤੇ ਅਧਾਰਿਤ ਵਾਤਾਵਰਣ ਤਿਆਰ ਕੀਤਾ ਜਾ ਸਕਦਾ ਹੈ।

ਵਪਾਰਿਕ ਸਮੂਹਾਂ ਵਿੱਚ ਵੱਧ ਰਹੇ ਘੁਟਾਲਿਆਂ ਨੇ ਵਪਾਰਿਕ ਵਾਤਾਵਰਣ ਨੂੰ ਹੀ ਨਹੀਂ ਸਗੋਂ ਪ੍ਰਬੰਧਕਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਵੇਂ ਸਿਰੇ ਤੋਂ ਪ੍ਰਭਾਸ਼ਿਤ ਕਰਨ ਦੀ ਗੱਲ ਸਾਹਮਣੇ ਲਿਆਂਦੀ ਹੈ। ਪ੍ਰਬੰਧਕਾਂ ਨੂੰ ਨੈਤਿਕਤਾ ਤੇ ਅਧਾਰਿਤ ਮਾਪਦੰਡਾਂ, ਨੀਤੀ ਨਿਰਮਾਣ ਅਤੇ ਵਿਵਹਾਰ ਨੂੰ ਪ੍ਰਫੁੱਲਿਤ ਕਰਨ ਅਤੇ ਵਪਾਰਿਕ ਭਾਈਵਾਲਾਂ ਦੇ ਵਿਸ਼ਿਆਂ ਨੂੰ ਸੰਜ਼ੀਦਗੀ ਨਾਲ ਵਿਚਾਰਨ ਦਾ ਸੱਦਾ ਦਿੱਤਾ ਹੈ। ਭਾਰਤੀ ਦਰਸ਼ਨ ਸ਼ਾਸਤਰ ਵਿਚ ਵੀ ਅਜਿਹੀਆਂ ਸਮੱਸਿਆਵਾਂ ਦੀ ਵਿਚਾਰ ਸੰਜ਼ੀਦਗੀ ਨਾਲ ਕੀਤਾ ਗਿਆ ਹੈ, ਜਿਵੇਂ ਕਿ ਰਿਗ ਵੇਦ, ਮੰਨੂ ਸਮ੍ਰਿਤੀ, ਯਜੁਰ ਵੇਦ,ਅੱਥਰ ਵੇਦ,ਮਹਾਂਭਾਰਤ,ਰਮਾਇਣ,ਭਗਵਤ ਗੀਤਾ ਅਤੇ ਅਰਥ ਸ਼ਾਸਤਰ ਵਿੱਚ ਇਸ ਸਬੰਧੀ ਜ਼ਿਕਰਕੀਤਾ ਗਿਆਹੈ। ਜੈਨਸਮੁਦਾਇ ਵਿੱਚ ਵਪਾਰਿਕ ਉਪਲੱਭਧੀਆਂਦਾਵੱਡਾ ਕਾਰਨ

ਉਹਨਾਂ ਦਾ ਸੱਭਿਆਚਾਰਕ ਅਤੇ ਅਧਿਆਤਮਿਕ ਖ਼ਜਾਨੇ ਨੂੰ ਮੰਨਿਆ ਗਿਆ ਹੈ। ਜੈਨ ਸਮੁਦਾਇ ਨੇ ਆਪਣੀਆਂ ਲਿਖਤਾਂ ਨੂੰ ਨੈਤਿਕ ਸਿਧਾਂਤਾਂ ਦੇ ਅਧਾਰ ਵਜੋਂ ਵਪਾਰ ਵਿੱਚ ਧਾਰਣ ਕੀਤਾ ਗਿਆ ਹੈ। ਇਸਲਾਮ ਵਿੱਚ ਵਧੀਆ ਗੁਣਾਂ ਤੇ ਅਧਾਰਿਤ ਅਗਵਾਈ ਦੀ ਗੱਲ ਕੀਤੀ ਗਈ ਹੈ। ਉਹਨਾਂ ਅਨੁਸਾਰ ਇਹਨਾਂ ਗੁਣਾਂ ਦੀ ਪ੍ਰਾਪਤੀ ਪੈਗੰਬਰ ਹਜ਼ਰਤ ਮੁਹੰਮਦ ਅਤੇ ਉਹਨਾਂ ਦੀਆਂ ਸਿੱਖਿਆਵਾਂ ਤੋਂ ਸੇਧ ਲੈ ਕੇ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਇਹ ਸਪੱਸ਼ਟ ਹੈ ਕਿ ਧਰਮ ਅਤੇ ਅਧਿਆਤਮਿਕਤਾ ਨੈਤਿਕਤਾ ਤੇ ਅਧਾਰਿਤ ਪ੍ਰਬੰਧ ਅਤੇ ਅਗਵਾਈ ਲਈ ਅਤਿ ਜਰੂਰੀ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲੀਡਰਾਂ ਦੇ ਇਹਨਾਂ ਗੁਣਾਂ ਦਾ ਅਨੇਕਾਂ ਹੀ ਵਾਰ ਜ਼ਿਕਰ ਆਉਂਦਾ ਹੈ ਅਤੇ ਇਹਨਾਂ ਗੁਣਾਂ ਨੂੰ ਅਧਿਆਤਮਿਕ ਪੱਧਰ ਤੋਂ ਵੀ ਲਾਗੂ ਕੀਤਾ ਜਾ ਸਕਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੇ ਅਧਾਰ ਤੇ ਹੀ ਸੰਸਥਾ ਦੇ ਪ੍ਰਬੰਧਕਾਂ ਨੂੰ ਅਗਵਾਈ ਦੇ ਇਹਨਾਂ ਗੁਣਾਂ ਨੂੰ ਧਾਰਣ ਕਰਨ ਲਈ ਪ੍ਰੇਰਿਆ ਜਾ ਸਕਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਉੱਤਮ ਵਿਚਾਰ, ਅਤੇ ਇਕਸੁਰਤਾ ਦੀ ਗੱਲ ਕਰਦੇ ਹਨ ਜੋ ਕਿ ਯੋਗ ਅਤੇ ਪ੍ਰਭਾਵਸ਼ਾਲੀ ਮੁੱਲ ਪ੍ਰਬੰਧ ਦਾ ਅਧਾਰ ਹਨ। ਕਿਸੇ ਵੀ ਲੀਡਰ ਦੀ ਵਿਚਾਰਧਾਰਾ ਭਵਿੱਖਮੁੱਖੀ ਹੋਣੀ ਚਾਹੀਦੀ ਹੈ, ਫਿਰ ਹੀ ਉਸ ਨੂੰ ਸਾਕਾਰ ਕੀਤਾ ਜਾ ਸਕਦਾ ਹੈ। ਲੀਡਰ ਰਚਨਾਤਮਕ ਕੁਸ਼ਲਤਾ ਅਤੇ ਭਰੋਸੇਯੋਗਤਾ ਰਾਹੀਂ ਸੰਸਥਾਗਤ ਸਿਸਟਮ ਵਿੱਚ ਨਵੀਨਤਾ ਅਤੇ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਚੱਲ ਸਕਦਾ ਹੈ। ਭਵਿੱਖਮੁਖੀ ਲੀਡਰ ਦੂਜਿਆਂ ਨੂੰ ਉਤਸ਼ਾਹਿਤ ਕਰਕੇ ਸੰਸਥਾਂ ਦੀ ਸੋਚ ਨੂੰ ਅਸਲੀਅਤ ਵਿੱਚ ਬਦਲ ਸਕਦਾ ਹੈ। ਪਰ ਲੀਡਰ ਜਦੋਂ ਯੋਗ ਰਚਨਾਤਮਕ ਪੱਖ ਨੂੰ ਉਸਾਰਨ ਅਤੇ ਕਰਮਚਾਰੀਆਂ ਤੱਕ ਇਸ ਨੂੰ ਪਹੁੰਚਾਉਣ ਵਿੱਚ ਸਫ਼ਲ ਹੋਵੇ ਇਹ ਫਿਰ ਹੀ ਇਹ ਸੰਭਵ ਹੈ। ਇਸ ਵਿੱਚ ਯੋਗ ਸੰਚਾਰ ਸਾਧਨਾਂ (Effective Communication Channels) ਦਾ ਹੋਣਾ ਅਤਿ ਜ਼ਰੂਰੀ ਹੈ। ਗੁਰੂ ਸਾਹਿਬ ਨਿਰਣਾ ਕਰਦੇ

ਹਨ ਕਿ ਜਦੋਂ ਕੋਈ ਇਕਸੁਰਤਾ ਰਾਹੀਂ ਭਵਿੱਖ ਨੂੰ ਦੇਖਦਾ ਹੈ ਤਾਂ ਉਸ ਨੂੰ ਬਹੁਤ ਦੂਰ ਤੱਕ ਦੀ ਸੋਝੀ ਹੋ ਜਾਂਦੀ ਹੈ:-

ਤਤ ਸਮਦਾਰਸੀ ਸੰਤਹੁ ਕੋਈ ਕੋਟਿ ਮੰਧਾਹੀ।।[89]

ਜਦੋਂ ਵਿਚਾਰ ਭਵਿੱਖੀ ਨਤੀਜਿਆਂ ਨੂੰ ਦੇਖਦੇ ਹੋਏ ਬਣਨਗੇ ਤਾਂ ਉਤਸ਼ਾਹ ਪੈਦਾ ਹੁੰਦਾ ਹੈ ਜਿਸ ਨਾਲ ਵਪਾਰ ਦੇ ਭਾਈਵਾਲਾਂ ਦਾ ਕਲਿਆਣ ਸੰਭਵ ਹੁੰਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ-ਗਿਆਨ, ਸਚਾਈ, ਨਿਆਂ ਹੌਸਲਾ, ਨਿਮਰਤਾ, ਦੂਰਅੰਦੇਸੀ ਅਤੇ ਦੂਜਿਆਂ ਲਈ ਪਿਆਰ ਜਿਹੇ ਗੁਣਾਂ ਤੇ ਵਿਸ਼ੇਸ਼ਜ਼ੋਰ ਦਿੰਦੇ ਹਨ, ਜੋ ਕਿ ਅਗਵਾਈ ਦੇ ਗੁਣਾਂ ਦਾ ਅਤੁੱਟ ਹਿੱਸਾ ਹਨ। ਜਦੋਂ ਇਹਨਾਂ ਗੁਣਾਂ ਨੂੰ ਕੋਈ ਵੀ ਪ੍ਰਬੰਧਕ ਧਾਰਣ ਕਰਦਾ ਹੈ ਤਾਂ ਇਸ ਨੂੰ ਨੈਤਿਕ ਲੀਡਰਸ਼ਿਪ (Ethical Leadership) ਕਿਹਾ ਜਾਂਦਾ ਹੈ। ਵਿਸ਼ੇ ਵਿਕਾਰਾਂ ਦੀ ਭੁੱਖ, ਹੰਕਾਰ, ਲਾਲਚ, ਝੂਠ ਆਦਿ ਦੇ ਕਾਰਣ ਅਨੈਤਿਕ ਲੀਡਰਸ਼ਿਪ ਦਾ ਹੀ ਨਿਰਮਾਣ ਹੁੰਦਾ ਹੈ। ਲੀਡਰ ਦੇ ਕੰਮ ਅਤੇ ਭਾਸ਼ਾ ਅਜਿਹੇ ਅਨੈਤਿਕ ਗੁਣਾਂ ਤੋਂ ਮੁਕਤ ਹੋਣੇ ਚਾਹੀਦੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਜਦੋਂ ਵਿਅਕਤੀ ਆਪਣੇ ਅੰਤਹਕਰਣ ਵਿੱਚ ਪਰਮਾਤਮਾ ਨੂੰ ਮਹਿਸੂਸ ਕਰਨ ਲਗਦਾ ਹੈ ਤਾਂ ਉਸ ਦੇ ਕੰਮ ਠੀਕ ਹੋ ਜਾਂਦੇ ਹਨ, ਉਹਨਾਂ ਨੂੰ ਕਰਨ ਦੇ ਤਰੀਕੇ ਵਿਸ਼ੇ-ਵਿਕਾਰਾਂ ਤੋਂ ਰਹਿਤ ਹੋ ਜਾਂਦੇ ਹਨ, ਉਸ ਦਾ ਹਿਰਦਾ ਸ਼ੁੱਧ ਹੋ ਜਾਂਦਾ ਹੈ ਅਤੇ ਬਾਣੀ ਨਿਰਮਲ ਅਤੇ ਮਿਠੀ ਹੋ ਜਾਂਦੀ ਹੈ।

ਭਗਤੁ ਭਗਤੁ ਸੁਨੀਐ ਤਿਹੁ ਲੋਇ।।
ਜਾ ਕੈ ਹਿਰਦੈ ਏਕੋ ਹੋਇ।।
ਸਚੁ ਕਰਣੀ ਸਚੁ ਤਾ ਕੀ ਰਹਤ।।
ਸਚੁ ਹਿਰਦੈ ਸਤਿ ਮੁਖਿ ਕਹਤ।।[90]

ਉਪਰੋਕਤ ਦਰਸਾਏ ਗੁਣਾਂ ਰਾਹੀਂ ਨੈਤਿਕਤਾ ਨੂੰ ਹੋਰ ਬੱਲ ਮਿਲਦਾ ਹੈ। ਭਰੋਸਾ ਅਤੇ ਦ੍ਰਿੜ ਨਿਸ਼ਚਾ ਲੀਡਰ ਦਾ ਇੱਕ ਗਹਿਣਾ ਹੈ ਜੋ ਕਿ ਚੰਗੇ ਗੁਣਾਂ ਨਾਲ ਹੀ ਆਉਂਦਾ ਹੈ। ਜੇਕਰ ਅਧਾਰ ਹੀ ਗ਼ਲਤ ਹੋਵੇ ਤਾਂ  ਡਰ ਬਣਿਆ ਰਹਿੰਦਾ ਹੈ। ਗੁਰੂ ਸਾਹਿਬ ਵੀ ਸਮਝਾਉਂਦੇ ਹਨ ਕਿ

ਜਿਨ੍ਹਾਂ ਦੇ ਹਰਿਦੇ ਵਿੱਚ ਵਿਸ਼ਵਾਸ ਨਹੀਂ ਹੁੰਦਾ ਉਹ ਅਧਿਆਤਮਿਕ ਗਿਆਨ ਲਈ ਕਿਵੇਂ ਬੋਲ ਸਕਦੇ ਹਨ-

> ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ।।[91]

ਲੀਡਰ ਦੀ ਭਾਸ਼ਾ, ਬੋਲਣ ਦਾ ਤਰੀਕਾ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਹੋਣਾ ਜ਼ਰੂਰੀ ਹੈ। ਹਰ ਇੱਕ ਵਿਚਾਰ ਦੇ ਪਿੱਛੇ ਯੋਗ ਵਿਚਾਰਧਾਰਾ ਹੋਣੀ ਜਰੂਰੀ ਹੈ। ਫਿਰ ਹੀ ਗਿਆਨ ਇੰਦ੍ਰੀਆਂ ਸਾਥ ਦਿੰਦੀਆਂ ਹਨ। ਗੁਰੂ ਸਾਹਿਬ ਅਨੁਸਾਰ ਪ੍ਰਭਾਵਸ਼ਾਲੀ ਸੰਚਾਰ ਉੱਥੇ ਹੀ ਸੰਭਵ ਹੈ ਜਦੋਂ ਜੀਭ ਬੋਲਦੀ ਹੈ ਅਤੇ ਕੰਨ ਸੁਣਦੇ ਹਨ ਅਤੇ ਮਨ ਵਿੱਚ ਉਸ ਦੀ ਵਿਚਾਰ ਨਿਰੰਤਰ ਹੁੰਦੀ ਹੈ ਫਿਰ ਹੀ ਸ਼ਾਂਤੀ ਅਤੇ ਅਸਲ ਮਨੋਰਥ ਨੂੰ ਪੂਰਾ ਕੀਤਾ ਜਾ ਸਕਦਾ ਹੈ:-

> ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ।।[92]

ਗੁਰੂ ਸਾਹਿਬ ਜ਼ੋਰ ਦਿੰਦੇ ਹਨ ਕਿ ਜੇਕਰ ਮਨੁੱਖ ਦੇ ਹਿਰਦੇ ਅਤੇ ਮਨ ਵਿੱਚ ਪਰਮਾਤਮਾ ਦਾ ਧਿਆਨ ਹੋਵੇ ਤਾਂ ਮਨੁੱਖ ਪਰਮਾਤਮਾ ਦੇ ਹੁਕਮ ਭਾਵ ਸਿੱਖਿਆ ਅਨੁਸਾਰ ਕਾਰਜ ਕਰਦਾ ਹੈ ਜਿਸ ਨਾਲ ਵਤੀਰਾ ਯੋਗ ਅਤੇ ਨੈਤਿਕ ਬਣ ਜਾਂਦਾ ਹੈ। ਇਸ ਤਰੀਕੇ ਨਾਲ ਮਾੜੀਆਂ ਪਰਵਿਰਤੀਆਂ ਦਾ ਨਾਸ਼ ਹੋ ਜਾਂਦਾ ਹੈ, ਚੰਗੇ ਗੁਣਾਂ ਨਾਲ ਲੀਡਰ ਵਿੱਚ ਆਤਮ ਵਿਸ਼ਵਾਸ ਵੱਧਦਾ ਹੈ ਅਤੇ ਬੋਲ ਪ੍ਰਭਾਵਸ਼ਾਲੀ ਹੋ ਜਾਂਦੇ ਹਨ। ਗੁਰੂ ਸਾਹਿਬ ਅਨੁਸਾਰ ਜੇਕਰ ਕਿਸੇ ਵੀ ਮਨੁੱਖ ਦਾ ਅਧਾਰ ਕੇਵਲ ਧਨ ਪਦਾਰਥ ਇਕੱਠੇ ਕਰਨਾ ਹੀ ਹੈ ਤਾਂ ਉਸ ਦੀ ਅਸਫ਼ਲਤਾ ਨਿਸ਼ਚਿਤ ਹੈ। ਗੁਰੂ ਸਾਹਿਬ ਅਨੁਸਾਰ-

> ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ।।[93]

ਵਿਸ਼ਵ ਆਰਥਿਕ ਫੋਰਮ ਨੇ ਅੰਤਰਰਾਸ਼ਟਰੀ ਕਾਨਫਰੰਸ ਰਾਹੀਂ ਅੰਤਰਰਾਸ਼ਟਰੀ ਸੰਸਥਾਵਾਂ ਦੀ ਬਿਹਤਰੀ ਲਈ ਵਪਾਰਿਕ, ਰਾਜਨੀਤਿਕ ਸਿੱਖਿਅਕ ਸੰਸਥਾਵਾਂ ਅਤੇ ਹੋਰਨਾਂ

ਕਿੱਤਿਆਂ ਦੇ ਲੀਡਰਾਂ ਨੂੰ ਨਾਲ ਜੋੜਿਆ ਤਾਂ ਕਿ ਗਲੋਬਲ, ਖੇਤਰੀ ਅਤੇ ਉਦਯੋਗਿਕ ਮਸਲਿਆਂ ਨੂੰ ਹੱਲ ਕੀਤਾ ਜਾ ਸਕੇ। ਇਸ ਸੰਮੇਲਨ ਵਿੱਚ ਵਿਸ਼ਵ ਦੇ ਪ੍ਰਮੁੱਖ ਲੀਡਰਾਂ ਨੇ ਇਸ ਸੰਦਰਭ ਵਿੱਚ ਵੱਖ ਵੱਖ ਤਰਕਾਂ ਦੇ ਅਧਾਰ ਤੇ ਆਪਣਾ ਪੱਖ ਪੇਸ਼ ਕੀਤਾ। ਗਲੋਬਲ ਮਸਲਿਆਂ ਦੇ ਹੱਲ ਲਈ ਇੱਥੋਂ ਹੀ 6 ਮੁੱਖ ਨੁਕਤੇ ਕੱਢੇ ਗਏ। ਇਹਨਾਂ ਵਿੱਚ –ਈਮਾਨਦਾਰੀ, ਦਇਆ, ਸਮਾਨਤਾ, ਸਹਿਣਸ਼ੀਲਤਾ, ਪਰਉਪਕਾਰ ਅਤੇ ਦੇਖ-ਭਾਲ ਜਿਹੇ ਗੁਣ ਸ਼ਾਮਿਲ ਸਨ। ਇਹਨਾਂ ਦਾ ਵਰਣਨ ਨੈਤਿਕਤਾ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ

1. ਇਕਸੁਰਤਾ ਦਾ ਮਹੱਤਵ (Importance of Integrity):- ਸ਼ਬਦ ‘ਇਕਸੁਰਤਾ’ ਦੀ ਉਤਪੱਤੀ ਲੈਟਿਨ ਸ਼ਬਦ 'integer' ਤੋਂ ਹੈ ਜਿਸ ਦਾ ਅਰਥ ਹੈ ਪੂਰਾ ਜਾਂ ਸਮੁੱਚਾ। ਇਸ ਵਿੱਚ ਅੰਦਰੂਨੀ ਤ੍ਰਿਪਤੀ ਦਾ ਪਤਾ ਲੱਗਦਾ ਹੈ ਜੋ ਕਿ ਈਮਾਨਦਾਰੀ, ਪ੍ਰੇਮ ਅਤੇ ਚੰਗੇ ਚਰਿੱਤਰ ਨਾਲ ਮਿਲਦੀ ਹੈ। ਅਮਰੀਕਾ ਦੇ 39ਵੇਂ ਰਾਸ਼ਟਰਪਤੀ ਜਿੰਮੀ ਕਾਰਟਰ ਅਨੁਸਾਰ ਇਕਸੁਰਤਾ ਵਿੱਚ ਤਿੰਨ ਪੌੜੀਆਂ ਹਨ- ਪਹਿਲਾ ਇਹ ਨਿਯਤ ਕਰਨਾ ਕਿ ਕੀ ਠੀਕ ਹੈ ਅਤੇ ਕੀ ਗ਼ਲਤ? ਦੂਜਾ ਆਪਣੇ ਨਿਰਣੇ ਅਨੁਸਾਰ ਠੀਕ ਵੱਲ ਵੱਧਣਾ ਚਾਹੇ ਕੀਮਤ ਕੁਝ ਵੀ ਕਿਉਂ ਨਾ ਹੋਵੇ ਅਤੇ ਤੀਜਾ ਇਸ ਵੱਲ ਨਿਰੰਤਰ ਕਾਰਜ ਕਰਦੇ ਜਾਣਾ। ਇਕਸੁਰਤਾ ਹਰ ਇੱਕ ਲੀਡਰ ਦਾ ਜ਼ਰੂਰੀ ਅੰਗ ਹੋਣੀ ਚਾਹੀਦੀ ਹੈ। ਆਮ ਤੌਰ ਤੇ ਵਪਾਰ ਵਿੱਚ ਘੁਟਾਲਿਆਂ ਦੀ ਵਜ੍ਹਾ ਦਾ ਵੱਡਾ ਕਾਰਨ ਵਪਾਰਿਕ ਲੀਡਰਾਂ ਵਿੱਚ ਇਕਸੁਰਤਾ ਦੀ ਕਮੀ ਹੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸੱਚ ਸਭ ਤੋਂ ਉਪਰ ਹੈ ਪਰ ਇਸ ਤੋਂ ਵੀ ਉੱਪਰ ਸੱਚ ਤੇ ਅਧਾਰਿਤ ਜੀਵਨ ਹੈ-

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[94]

ਗੁਰੂ ਸਾਹਿਬ ਸਵਾਲ ਕਰਦੇ ਹਨ ਕਿ ਜਿਹਨਾਂ ਕੋਲ ਸੱਚ ਦੀ ਸੰਪਤੀ ਹੀ ਨਹੀਂ ਉਹ ਸ਼ਾਂਤੀ ਕਿਵੇਂ ਹਾਂਸਿਲ ਕਰ ਸਕਦੇ ਹਨ। ਗ਼ਲਤ ਕਿਰਿਆਵਾਂ ਰਾਹੀਂ ਉਹਨਾਂ ਦਾ ਮਨ ਅਤੇ

ਸਰੀਰ ਦੋਵੇਂ ਹੀ ਗ਼ਲਤ ਹੋ ਜਾਂਦੇ ਹਨ। ਉਹ ਜਾਲ ਵਿੱਚ ਫਸੇ ਹਿਰਨ ਦੀ ਤਰ੍ਹਾਂ ਹੈ ਜੋ ਦਰਦ ਵਿੱਚ ਤੜਫਦਾ ਰਹਿੰਦਾ ਹੈ-

> ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ।।
> ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।।
> ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।।[95]

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿਨ੍ਹਾਂ ਮਨੁੱਖਾਂ ਅੰਦਰ ਇਕਸੁਰਤਾ ਨਹੀਂ ਉਹਨਾਂ ਵਿੱਚ ਹਮੇਸ਼ਾਂ ਆਤਮ ਵਿਸ਼ਵਾਸ ਦੀ ਕਮੀ ਹੀ ਰਹਿੰਦੀ ਹੈ। ਉਹਨਾਂ ਅੰਦਰ ਈਮਾਨਦਾਰੀ, ਸੱਚਾਈ ਅਤੇ ਆਤਮ ਵਿਸ਼ਵਾਸ ਦੇ ਗੁਣਾਂ ਦਾ ਵਿਕਾਸ ਨਹੀਂ ਹੁੰਦਾ ਜੋ ਕਿ ਪ੍ਰਭਾਵਸ਼ਾਲੀ ਲੀਡਰਸ਼ਿਪ ਲਈ ਜਰੂਰੀ ਹਨ। ਗੁਰੂ ਸਾਹਿਬ ਅਨੁਸਾਰ ਚੰਗੇ ਮਨੁੱਖ ਸੱਚ ਦੇ ਵਪਾਰੀ ਹੁੰਦੇ ਹਨ, ਉਹ ਗੁਰੂ ਦੀ ਮੱਦਦ ਨਾਲ ਸੱਚਾ ਵਪਾਰ ਕਰਦੇ ਹਨ। ਜਦੋਂ ਅਜਿਹਾ ਧਨ ਮਨੁੱਖ ਕੋਲ ਇਕੱਠਾ ਹੋ ਜਾਵੇ ਤਾਂ ਆਤਮਿਕ ਤ੍ਰਿਪਤੀ ਹੋ ਜਾਂਦੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜਿਹੜੇ ਵਪਾਰੀ ਸੱਚਾ ਵਪਾਰ ਨਹੀਂ ਕਰਦੇ ਉਹ ਮਾਇਆ ਦੇ ਲਾਲਚ ਦੀ ਪੀੜਾ ਤੋਂ ਦੁਖੀ ਰਹਿੰਦੇ ਹਨ। ਪਰਮਾਤਮਾ ਉਹਨਾਂ ਨੂੰ ਉਹਨਾਂ ਦੇ ਕਰਮਾਂ ਅਨੁਸਾਰ ਅਜਿਹੀਆਂ ਸਥਿਤੀਆਂ ਦਿੰਦਾ ਹੈ-

> ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ।।
> ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ।।[96]

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਪਾਰ ਵਿੱਚ ਬੇਈਮਾਨ ਅਤੇ ਗ਼ਲਤ ਪ੍ਰਵਿਰਤੀਆਂ ਦਾ ਜ਼ੋਰਦਾਰ ਖੰਡਨ ਕਰਦੇ ਹਨ ਉਹਨਾਂ ਅਨੁਸਾਰ ਇਹ ਮੁਰਦਿਆਂ ਨੂੰ ਖਾਣ ਦੇ ਬਰਾਬਰ ਹੈ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਹਰ ਮਨੁੱਖ ਨੂੰ ਚੰਗੇ ਸਾਧਨਾਂ ਦੁਆਰਾ ਮਿਹਨਤ ਕਰਕੇ ਅਤੇ ਆਪਣੀ ਕਮਾਈ ਦੂਜਿਆਂ ਨਾਲ ਵੰਡ ਕੇ ਜੀਵਨ ਬਸਰ ਕਰਨਾ ਚਾਹੀਦਾ ਹੈ ਅਤੇ ਸਾਰੇ ਸੰਸਾਰ ਦੇ ਸਿਰਜਕ ਨੂੰ ਸਦਾ ਹੀ ਮਨ ਵਿੱਚ ਰੱਖਣਾ ਚਾਹੀਦਾ ਹੈ।

ਝੂਠੇ ਅਤੇ ਲਾਲਚੀ ਵਿਅਕਤੀ ਦਾ ਸੰਸਾਰ ਵਿੱਚ ਕਦੇ ਵੀ ਸਨਮਾਨ ਨਹੀਂ ਹੁੰਦਾ। ਕੋਈ ਵੀ ਮਨੁੱਖ ਗ਼ਲਤ ਤਰੀਕਿਆਂ ਰਾਹੀਂ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਦਾ। ਅਜਿਹਾ ਕਰਨ ਨਾਲ ਕੇਵਲ ਦੁੱਖ ਹੀ ਪ੍ਰਾਪਤ ਹੁੰਦਾ ਹੈ। ਇਸ ਨਾਲ ਇੱਕ ਅਜਿਹਾ ਵਾਤਾਵਰਣ ਬਣ ਜਾਂਦਾ ਹੈ ਜਿਸ ਵਿੱਚ ਗ਼ਲਤ-ਠੀਕ ਅਤੇ ਝੂਠ ਸਹੀ ਲੱਗਣ ਲੱਗਦਾ ਹੈ। ਗੁਰੂ ਸਾਹਿਬ ਅਨੁਸਾਰ ਅਜਿਹੇ ਲੋਕ ਆਪ ਵੀ ਡੁੱਬਦੇ ਹਨ ਅਤੇ ਦੂਜਿਆਂ ਦਾ ਵੀ ਨੁਕਸਾਨ ਕਰਦੇ ਹਨ, ਝੂਠ ਬੋਲਣਾ ਜ਼ਹਿਰ ਖਾਣ ਦੇ ਸਮਾਨ ਹੈ-

ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ॥[97]

ਦੂਸਰੇ ਪਾਸੇ ਜੋ ਮਨੁੱਖ ਸਦਾਚਾਰਤਾ ਤੇ ਅਧਾਰਿਤ ਜੀਵਨ ਬਸਰ ਕਰਦੇ ਹਨ ਉਹਨਾਂ ਨੂੰ ਅਸਲ ਲਾਭ ਪ੍ਰਾਪਤ ਹੁੰਦਾ ਹੈ ਅਤੇ ਪਰਮਾਤਮਾ ਦੇ ਹੁਕਮ ਵਿੱਚ ਆ ਜਾਂਦੇ ਹਨਃ-

ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਏ॥

ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥[98]

ਗੁਰੂ ਸਾਹਿਬ ਅਨੁਸਾਰ ਜੀਵਨ ਜਿਊਣ ਦਾ ਸਭ ਤੋਂ ਉੱਤਮ ਤਰੀਕਾ ਹੈ ਸੱਚ ਨੂੰ ਅਧਾਰ ਬਣਾਉਣਾ ਅਤੇ ਦਇਆ ਭਾਵਨਾ ਨੂੰ ਹਰ ਸਮੇਂ ਮਨ ਵਿੱਚ ਰੱਖਣਾ। ਜਦੋਂ ਮਨ ਵਿੱਚੋਂ ਮਾੜੀਆਂ ਪਰਵਿਰਤੀਆਂ ਖ਼ਤਮ ਹੁੰਦੀਆਂ ਹਨ ਤਾਂ ਮਨੁੱਖ ਆਪਣੇ ਆਪ ਨੂੰ ਹੰਕਾਰ ਤੋਂ ਰਹਿਤ ਹੋ ਕੇ ਨੀਂਵਿਆਂ ਤੋਂ ਵੀ ਨੀਂਵਾ ਗਿਣਦਾ ਹੈ-

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ॥[99]

ਲੀਡਰ ਨੂੰ ਸਦਾ ਹੀ ਮਨ ਵਿੱਚ ਖਿਆਲ ਰੱਖਣਾ ਚਾਹੀਦਾ ਹੈ ਕਿ ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ, ਧਰਮ ਤੋਂ ਬਿਨ੍ਹਾਂ ਧਿਆਨ ਨਹੀਂ ਅਤੇ ਸੱਚ ਤੋਂ ਬਿਨ੍ਹਾਂ ਸੋਭਾ ਨਹੀਂ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਵੇਂ ਜ਼ਿੰਦਗੀ ਦੇ ਉਦੇਸ਼ਾਂ ਦੀ ਪੂਰਤੀ ਲਈ ਸੱਚਾ

ਵਪਾਰ ਜ਼ਰੂਰੀ ਹੈ ਉਸੇ ਪ੍ਰਕਾਰ ਨੈਤਿਕ ਲੀਡਰਸ਼ਿਪ ਲਈ ਇਕਸੁਰਤਾ ਦਾ ਗੁਣ ਅਹਿਮ ਹੈ ਜੋ ਈਮਾਨਦਾਰੀ ਸਹਿਤ ਚੰਗੇ ਕਰਮਾਂ ਅਤੇ ਦਇਆ ਭਾਵਨਾ ਤੇ ਅਧਾਰਿਤ ਹੁੰਦਾ ਹੈ।

2. ਸਰਬੱਤ ਦਾ ਭਲਾ (Compassion):- ਲੀਡਰ ਵਿੱਚ ਦਇਆ ਭਾਵਨਾ ਹੋਣੀ ਚਾਹੀਦੀ ਹੈ। ਦੂਸਰਿਆਂ ਦੀਆਂ ਮੁਸ਼ਕਿਲਾਂ, ਦੁੱਖ-ਦਰਦ ਉਸ ਨੂੰ ਆਪਣੀਆਂ ਕਰ ਕੇ ਜਾਨਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਦੇ ਹੱਲ ਲਈ ਯਤਨ ਕਰਨੇ ਚਾਹੀਦੇ ਹਨ। Compassion ਸ਼ਬਦ ਅੱਖਰੀ ਤੌਰ ਤੇ Passion ਤੋਂ ਬਣਿਆ ਹੈ ਜਿਸ ਦਾ ਅਰਥ ਹੈ ਤੱਤਪਰਤਾ। ਦੂਸਰਿਆਂ ਲਈ ਪਿਆਰ ਉਸੇ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਹੜਾ ਵਿਅਕਤੀ ਨੂੰ ਆਪਣੇ ਆਪ ਨਾਲ ਹੈ। ਦਇਆ ਭਾਵਨਾ ਦੇ ਗੁਣਾਂ ਵਿੱਚ ਕਿਸੇ ਦੀ ਸਹਾਇਤਾ, ਕੁਝ ਪ੍ਰਦਾਨ ਕਰਨਾ, ਵੰਡ ਕੇ ਛੱਕਣਾ, ਆਦਿ ਸ਼ਾਮਿਲ ਹਨ ਜਿਹਨਾਂ ਨਾਲ ਮਨੁੱਖ ਦਾ ਜੀਵਨ ਸੰਵਰਦਾ ਹੀ ਨਹੀਂ ਸਗੋਂ ਜੀਵਨ ਜਿਊਣ ਦੀ ਸੇਧ ਮਿਲ ਜਾਂਦੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਸਰਬੱਤ ਦਾ ਭਲਾ ਅਹਿਮ ਸਥਾਨ ਰੱਖਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸੱਚ, ਦਇਆ ਭਾਵਨਾ, ਧਾਰਮਿਕ ਵਿਸ਼ਵਾਸ ਅਤੇ ਸਵੱਛਤਾ- ਇਹ ਮਹਾਨ ਵਿਅਕਤੀਆਂ ਤੋਂ ਪ੍ਰਾਪਤ ਹੋਣ ਵਾਲੇ ਗੁਣ ਹਨ ਅਤੇ ਜਿਸ ਮਨੁੱਖ ਦੇ ਮਨ ਵਿੱਚ ਇਹਨਾਂ ਦੀ ਸਮਝ ਪੈ ਜਾਂਦੀ ਹੈ ਉਹਨਾਂ ਨੂੰ ਸਭ ਕੁਝ ਸਮਝ ਆ ਜਾਂਦਾ ਹੈ-

> ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥
> ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝੀ ਪਈ।[100]

ਗੁਰੂ ਸਾਹਿਬ ਅਨੁਸਾਰ ਸੱਚਾ ਗੁਰੂ ਸੱਭ ਤੋਂ ਅਲੱਗ ਹੁੰਦਾ ਹੈ ਉਸ ਵਿੱਚ ਦਿਆਲਤਾ ਅਤੇ ਦਇਆ ਭਾਵਨਾ ਹੁੰਦੀ ਹੈ। ਉਹ ਹਰ ਇੱਕ ਨੂੰ ਸਮਾਨ ਨਜਰ ਨਾਲ ਦੇਖਦਾ ਹੈ ਪੂਰੇ ਵਿਸ਼ਵਾਸ ਨਾਲ ਹੀ ਅਜਿਹੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ॥

ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ॥[101]

ਸ਼੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਜਿਹੇ ਮਾਹੌਲ ਦੀ ਗੱਲ ਕਰਦੇ ਹਨ- ਜਿਸ ਵਿੱਚ ਮਨੁੱਖ ਪਰਮਾਤਮਾ ਦੀ ਉਸਤਤ ਕਰਦਾ ਹੈ ਮਨੁੱਖ ਅੰਦਰ ਦਇਆ ਭਾਵਨਾ ਹੈ ਦੂਜਿਆਂ ਲਈ ਪਿਆਰ ਹੈ, ਜੋ ਕੇਵਲ ਪਰਮਾਤਮਾ ਦੇ ਗੁਣ ਗਾ ਕੇ ਹੀ ਪ੍ਰਾਪਤ ਹੁੰਦਾ ਹੈ ਅਤੇ ਕਲਯੁੱਗ ਦੇ ਸਮੇਂ ਇਹ ਸਭ ਤੋਂ ਉੱਤਮ ਅਤੇ ਜ਼ਰੂਰੀ ਕਾਰਜ ਹੈ। ਇਸ ਨਾਲ ਹੀ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ, ਗੁਰੂ ਸਾਹਿਬ ਇਸ ਬਾਬਤ ਲਿਖਦੇ ਹਨ-

ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ॥

ਮਿਟੰਤਿ ਤਤ੍ਰਾਗਤ ਭਰਮ ਮੋਹੰ॥1[02]

ਗੁਰੂ ਸਾਹਿਬ ਦਇਆ ਭਾਵਨਾ, ਸਰਬੱਤ ਦਾ ਭਲਾ ਆਦਿ ਗੁਣਾਂ ਦੀ ਪ੍ਰਾਪਤੀ ਲਈਂ ਅਧਿਆਤਮਿਕ ਸੋਝੀ ਨੂੰ ਆਪਣਾਉਣੀ ਪਵੇਗੀ। ਮਨ ਦੀ ਸ਼ੁੱਧਤਾ, ਈਮਾਨਦਾਰੀ, ਦਇਆ, ਵਿਸ਼ਵਾਸ ਅਤੇ ਸੱਚਾਈ ਜਿਹੇ ਗੁਣਾਂ ਕਾਰਨ ਮਨ ਵਿੱਚ ਪ੍ਰਕਾਸ਼ ਹੋ ਜਾਂਦਾ ਹੈ ਅਤੇ ਸਰਬੱਤ ਦਾ ਭਲਾ ਮਨੁੱਖ ਦੀ ਨਿੱਤ ਦੀ ਅਰਦਾਸ ਦਾ ਹਿੱਸਾ ਬਣ ਜਾਂਦਾ। ਇਹਨਾਂ ਗੁਣਾਂ ਦੇ ਕਾਰਨ ਮਨੁੱਖ ਨੂੰ ਕੋਈ ਬੇਗਾਨਾ ਪ੍ਰਤੀਤ ਹੀ ਨਹੀਂ ਹੁੰਦਾ। ਪੰਚਮ ਗੁਰੂ ਅਰਜਨ ਸਾਹਿਬ ਇਸ ਸੰਦਰਭ ਵਿਚ ਲਿਖਦੇ ਹਨ-

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥[103]

ਕਿਸੇ ਵੀ ਸੰਸਥਾ ਵਿੱਚ ਲੀਡਰਾਂ ਦੀ ਕਾਬਲੀਅਤ ਕਰਮਚਾਰੀਆਂ ਦੇ ਕੰਮ ਕਾਜ ਅਤੇ ਸੰਸਥਾ ਦੀ ਨੀਤੀ ਨਿਰਮਾਣ ਤੇ ਵਿਸ਼ੇਸ਼ ਪ੍ਰਭਾਵ ਪਾਉਂਦੀ ਹੈ। ਸਿੱਖ ਮਤ ਦੇ ਮੂਲ ਸਿਧਾਂਤਾਂ

ਵਿੱਚ ਅਜਿਹੇ ਸਮਾਜ ਦਾ ਸੰਕਲਪ ਹੈ ਜਿੱਥੇ ਹਰ ਕਿਸੇ ਨੂੰ ਆਦਰ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਹਰ ਕਿਸੇ ਨੂੰ ਅਧਿਆਤਮਿਕ ਤਰੱਕੀ ਲਈ ਯੋਗ ਮਾਹੌਲ ਮਿਲਦਾ ਹੈ। ਇਸ ਪ੍ਰਕਾਰ ਕਿਸੇ ਵਿਅਕਤੀ ਦੇ ਮੂਲ ਸਿਧਾਂਤਾਂ ਅਤੇ ਕਦਰਾਂ ਕੀਮਤਾਂ ਨੂੰ ਬਦਲਣ ਦੇ ਮਾੜੇ ਨਤੀਜੇ ਸਾਹਮਣੇ ਆ ਸਕਦੇ ਹਨ। ਬਾਬਾ ਫਰੀਦ ਜੀ ਦੇ ਅਨੁਸਾਰ ਸਾਨੂੰ ਕਿਸੇ ਦੇ ਦਿਲ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ ਅਤੇ ਕਿਸੇ ਨੂੰ ਮਾੜੇ ਬੋਲ ਨਹੀਂ ਬੋਲਣੇ ਚਾਹੀਦੇ। ਇਸ ਸੰਦਰਭ ਵਿਚ ਭਗਤ ਜੀ ਲਿਖਦੇ ਹਨ-

ਇਕੁ ਫਿਕਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[104]

ਉਪਰੋਕਤ ਚਰਚਾ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭਾਵਸ਼ਾਲੀ ਲੀਡਰ ਨੂੰ ਜਿਥੇ ਵਪਾਰਿਕ ਸੂਝ-ਬੂਝ ਹੋਣੀ ਅਤਿ ਜ਼ਰੂਰੀ ਹੈ ਉੱਥੇ ਨਾਲ ਹੀ ਉਸ ਦੇ ਮੁੱਖ ਗੁਣਾਂ ਵਿੱਚ ਦਇਆ ਭਾਵਨਾ, ਦੂਜਿਆਂ ਪ੍ਰਤੀ ਹਮਦਰਦੀ ਹੋਣੀ ਵੀ ਅਹਿਮ ਹੈ, ਇਸ ਰਾਹੀਂ ਜਿੱਥੇ ਦੂਜਿਆਂ ਨਾਲ ਲੰਬੇ ਸਮੇਂ ਦੇ ਸਬੰਧ ਬਣਦੇ ਹਨ ਉੱਥੇ ਨਾਲ ਹੀ ਵਪਾਰਿਕ ਨੈਤਿਕਤਾ ਨੂੰ ਵੀ ਬਲ ਮਿਲਦਾ ਹੈ।

3. ਸਮਾਨਤਾ ਦਾ ਮਹੱਤਵ:- (The Value of Equity):- ਸਮਾਨਤਾ ਦਾ ਅਰਥ ਹਰ ਇੱਕ ਨੂੰ ਉਸ ਦਾ ਬਣਦਾ ਹਿੱਸਾ ਦੇਣਾ ਅਤੇ ਕਿਸੇ ਵੀ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦਾ ਸਤਿਕਾਰ ਕਰਨਾ। ਇਸ ਵਿੱਚ ਭਿੰਨਤਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਇਹ ਕਿਸੇ ਲੀਡਰ ਦੇ ਉਹਨਾਂ ਗੁਣਾਂ ਦੀ ਵਿਆਖਿਆ ਹੈ ਜਿਸ ਤਹਿਤ ਉਹ ਨਿਆਂ ਅਤੇ ਪਾਰਦਰਸ਼ਿਤਾ ਨੂੰ ਸੰਸਥਾ ਵਿੱਚ ਲਾਗੂ ਕਰਦੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਵੀ ਪ੍ਰਕਾਰ ਦੇ ਭੇਦ-ਭਾਵ, ਦਾ ਸਖ਼ਤ ਵਿਰੋਧ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਭ ਨੂੰ ਇੱਕ ਪ੍ਰਮਾਤਮਾ ਦਾ ਅੰਸ਼ ਦੱਸਿਆ ਗਿਆ ਹੈ। ਗੁਰੂ ਸਾਹਿਬ ਅਨੁਸਾਰ ਅਸੀਂ ਸਾਰੇ ਇੱਕ ਹਾਂ, ਸਾਡਾ ਪਿਤਾ ਇੱਕ ਹੈ ਅਤੇ ਅਸੀਂ ਉਸ ਦੇ ਹੀ ਬੱਚੇ ਹਾਂ:-

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।।

ਗੁਰੂ ਸਾਹਿਬ ਅਨੁਸਾਰ ਕਿਸੇ ਨੂੰ ਪਰਾਇਆ ਕਿਹਾ ਨਹੀਂ ਜਾ ਸਕਦਾ ਜਦੋਂ ਮਨੁੱਖ ਗਿਆਨ ਦੀ ਅੱਖ ਨਾਲ ਦੇਖਦਾ ਹੈ ਤਾਂ ਸਾਰੇ ਆਪਣੇ ਪ੍ਰਤੀਤ ਹੁੰਦੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਸਰਬੱਤ ਦੇ ਭਲੇ ਦੀ ਗੱਲ ਕਰਦੇ ਹਨ ਅਤੇ ਇਸ ਵਿੱਚ ਊਚ-ਨੀਚ, ਜਾਤ-ਪਾਤ ਦਾ ਸਖ਼ਤ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬ ਅਨੁਸਾਰ ਕੋਈ ਵੀ ਦੁਸ਼ਮਣ ਨਹੀਂ ਕੋਈ ਵੀ ਬੇਗਾਨਾਂ ਨਹੀਂ, ਸਗੋਂ ਸਾਰੇ ਹੀ ਆਪਣੇ ਹਨ:-

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।।[106]

ਗੁਰੂ ਸਾਹਿਬ ਅਨੁਸਾਰ ਇਸ ਸੰਸਾਰ ਵਿੱਚ ਮਨੁੱਖ ਵੱਖ-ਵੱਖ ਭਰਮਾਂ ਕਾਰਨ ਭੁੱਲਿਆ ਹੋਇਆ ਹੈ। ਪਰ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪਰਮਾਤਮਾ ਇੱਕ ਅਜਿਹਾ ਪ੍ਰਕਾਸ਼ ਹੈ ਜਿਸ ਤੋਂ ਸਾਰੀ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ ਇਸ ਅਧਾਰ ਤੇ ਕੋਈ ਵੱਡਾ ਛੋਟਾ ਕਿਵੇਂ ਹੋ ਸਕਦਾ ਹੈ। ਗੁਰੂ ਸਾਹਿਬ ਸਾਂਝੀਵਾਲਤਾ ਦੇ ਸੰਕਲਪ ਨੂੰ ਇਉਂ ਪੇਸ਼ ਕਰਦੇ ਹਨ-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।

ਸ਼੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਇੱਕ ਚੰਗਾ ਮਨੁੱਖ ਬਣਨ ਦੀ ਨਸੀਹਤ ਦਿੰਦੇ ਹਨ। ਗੁਰੂ ਸਾਹਿਬ ਮਨੁੱਖ ਨੂੰ ਨਸੀਹਤ ਦਿੰਦੇ ਹਨ ਕਿ ਤੇਰਾ ਮਨ ਬਦਲ ਸਕਦਾ ਹੈ ਤੇਰੇ ਅੰਦਰ ਵੀ ਸਮਾਨਤਾ ਦਾ ਸੰਕਲਪ ਜਨਮ ਲੈ ਸਕਦਾ ਹੈ ਪਰ ਜੇਕਰ ਤੂੰ ਆਪਣੇ ਹੰਕਾਰ ਨੂੰ ਖ਼ਤਮ ਕਰ ਦੇਵੇ। ਗੁਰੂ ਸਾਹਿਬ ਸਮਾਨਤਾ ਦੀ ਉੱਤਮ ਉਦਾਹਰਣ ਦਿੰਦੇ ਹਨ ਕਿ ਮਨੁੱਖ ਤੂੰ ਆਪਣੇ ਮਨ ਨੂੰ ਕਿਸਾਨ ਸਮਝ, ਚੰਗੇ ਕਰਮਾਂ ਨੂੰ ਖੇਤੀ ਅਤੇ ਆਪਣੇ ਸਰੀਰ ਨੂੰ ਪੈਲੀ ਸਮਝ, ਤੇਰੀ ਸਖ਼ਤ ਮਿਹਨਤ ਹੀ ਜੇਕਰ ਪਾਣੀ ਹੋਵੇ, ਪਰਮਾਤਮਾ ਦਾ ਨਾਮ ਹੀ ਹੀ ਇਸ ਖੇਤੀ ਲਈ ਬੀਜ÷ਹੈ ਆਪਣੀ ਨਿਮਰਤਾ ਨੂੰ ਇਸ ਖੇਤ ਦੀ ਬਾੜ ਬਣਾ ਅਤੇ ਸੰਤੋਖ ਰੂਪੀ ਸੁਹਾਗਾ ਦੇ। ਇਸ

ਨਾਲ ਪਰਮਾਤਮਾ ਦੀ ਪਿਆਰ ਰੂਪੀ ਫ਼ਸਲ ਪੈਦਾ ਹੋਵੇਗੀ। ਉਹ ਮਨੁੱਖ ਧੰਨ ਹਨ ਜੋ ਅਜਿਹੀ ਫ਼ਸਲ ਬੀਜਦੇ ਹਨ ਅਤੇ ਜਿਹਨਾਂ ਵਿੱਚ ਮੀਨ ਜਿਹੀ ਨਿਮਰਤਾ ਹੁੰਦੀ ਹੈ :-

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵਸੁ॥
ਭਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਲਿੰਗ ਅਧਾਰਿਤ ਅਸਮਾਨਤਾ ਦਾ ਵੀ ਖੰਡਨ ਕਰਦੇ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਇਸਤਰੀ ਨੂੰ ਯੋਗ ਸਥਾਨ ਦੇਣਾ ਅਤਿ ਜ਼ਰੂਰੀ ਹੈ। ਸਿੱਖ ਇਤਿਹਾਸ ਵਿੱਚ ਸਿੱਖ ਬੀਬੀਆਂ ਨੇ ਲੀਡਰਾਂ ਦੇ ਰੂਪ ਵਿੱਚ ਅਹਿਮ ਰੋਲ ਅਦਾ ਕੀਤੇ ਹਨ। ਗੁਰੂ ਨਾਨਕ ਸਾਹਿਬ ਔਰਤ ਦੀ ਮਹਾਨਤਾ ਦੇ ਬਾਰੇ ਲਿਖਦੇ ਹਨ ਕਿ ਰਾਜਿਆਂ ਦੀ ਜਨਣੀ ਦਾ ਅਪਮਾਨ ਕਰਨਾ ਚੰਗੀ ਗੱਲ ਨਹੀਂ -

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[109]

ਗੁਰੂ ਸਾਹਿਬ ਇਸ ਗੱਲ ਤੇ ਅਨੇਕਾਂ ਹੀ ਵਾਰ ਜ਼ੋਰ ਦਿੰਦੇ ਹਨ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਇੱਕ ਯੋਗ ਲੀਡਰ ਵੀ ਉਹ ਹੈ ਜੋ ਸਮਾਨ ਪਰਸਥਿਤੀਆਂ ਵਿੱਚ ਸਭ ਨਾਲ ਸਮਾਨ ਵਿਵਹਾਰ ਕਰੇ।

4. ਸਹਿਣਸ਼ੀਲਤਾ ਦਾ ਮਹੱਤਵ (The Value of Tolerance):- ਸਹਿਣਸ਼ੀਲਤਾ ਵੱਖ ਵੱਖ ਵਿਚਾਰ ਜਿਨ੍ਹਾਂ ਵਿੱਚ ਸਮਾਜਿਕ, ਸੱਭਿਆਚਾਰਕ ਅਤੇ ਅਧਿਆਤਮਿਕ ਭਿੰਨਤਾਂਵਾ ਹੋਣ ਨੂੰ ਮੰਨਣ ਤੋਂ ਹੈ। ਇਹ ਇੱਕ ਅਜਿਹੀ ਸ਼ਕਤੀ ਹੈ ਜਿਸ ਤਹਿਤ ਦੂਜਿਆਂ ਦੀਆਂ ਗ਼ਲਤ ਅਤੇ ਠੀਕ ਦੋਵੇਂ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਫੈਸਲੇ ਲਏ ਜਾਂਦੇ ਹਨ। ਜੇਕਰ ਕੋਈ ਵੀ ਲੀਡਰ ਇਸ ਦੇ ਕਾਬਿਲ ਹੋਵੇ ਕਿ ਦੂਜਿਆਂ ਦੀ ਗੱਲ ਸੁਣੇ ਵੀ ਅਤੇ ਵੱਖ ਵੱਖ ਪ੍ਰਤੀਕਿਰਿਆਵਾਂ ਸਾਹਿਤ ਉਸ

ਉੱਪਰ ਵਿਚਾਰ ਵੀ ਕਰੇ ਤਾਂ ਇਹ ਉਸ ਦੀ ਸਖ਼ਸ਼ੀਅਤ ਦਾ ਅਨਿੱਖੜਵਾਂ ਅੰਗ ਬਣ ਜਾਂਦਾ ਹੈ। ਸਿੱਖ ਮੱਤ ਦੇ ਸੰਸਥਾਪਕ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਪਿਆਰ ਦੇ ਸੁਨੇਹੇ ਨੂੰ ਪ੍ਰਚਾਰਿਆ ਅਤੇ ਸਹਿਣਸ਼ੀਲਤਾ ਦੇ ਨਾਲ ਨਾਲ ਸਮਾਜਿਕ ਕੁਰੀਤੀਆਂ ਜਿਵੇਂ ਜਾਤ ਅਧਾਰਿਤ ਵਿਤਕਰਾ, ਸਮਾਜਿਕ ਅਨਿਆਂ ਦੇ ਵਿਰੁੱਧ ਅਵਾਜ਼ ਉਠਾਈ ਅਤੇ ਵਿਸ਼ਵ ਪੱਧਰ ਤੇ ਸ਼ਾਂਤੀ ਦੀ ਗੱਲ ਕੀਤੀ। ਸਿੱਖ ਮੱਤ ਨੂੰ ਪਿਆਰ, ਸਹਿਣਸ਼ੀਲਤਾ, ਅਤੇ ਭਾਈਚਾਰਕ ਸਾਂਝ ਤੇ ਅਧਾਰਿਤ ਧਰਮ ਵੀ ਕਿਹਾ ਜਾਂਦਾ ਹੈ। ਸ਼੍ਰੀ ਹਰਿਮੰਦਿਰ ਸਾਹਿਬ ਦੀ ਇਮਾਰਤ ਦਾ ਨਿਰਮਾਣ ਨੀਵੀਂ ਜਗ੍ਹਾਂ ਤੇ ਹੋਣਾ ਅਤੇ ਇਸ ਦੀਆਂ ਚਾਰੋਂ ਦਿਸ਼ਾਵਾਂ ਵਿੱਚ ਚਾਰ ਦਰਵਾਜੇ ਸਹਿਣਸ਼ੀਲਤਾ ਦਾ ਪ੍ਰੀਤਕ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਨਿਮਰਤਾ, ਸਹਿਣਸ਼ੀਲਤਾ ਚੰਗੇ ਗੁਣਾਂ ਨੂੰ ਧਾਰਣ ਕਰਕੇ ਹੀ ਗੁਣਾਂ ਦੇ ਖ਼ਜ਼ਾਨੇ ਨੂੰ ਹਾਂਸਿਲ ਕੀਤਾ ਜਾ ਸਕਦਾ ਹੈ, ਇਸ ਬਾਬਤ ਗੁਰੂ ਸਾਹਿਬ ਲਿਖਦੇ ਹਨ–

ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ॥[110]

ਲੀਡਰ ਲਈ ਇਹ ਜ਼ਰੂਰੀ ਹੈ ਕਿ ਉਹ ਚੰਗੇ ਗੁਣਾਂ ਨੂੰ ਧਾਰਣ ਕਰਦਾ ਹੋਇਆ ਦੂਜਿਆਂ ਨਾਲ ਵਧੀਆ ਵਿਵਹਾਰ ਕਰੇ ਇਹਨਾਂ ਵਿੱਚ ਸਹਿਣਸ਼ੀਲਤਾ, ਦੂਜਿਆਂ ਨੂੰ ਮੁਆਫ਼ ਕਰਨ ਦਾ ਸਾਹਸ ਵੀ ਅਹਿਮ ਹੈ। ਕੁਦਰਤ ਤੋਂ ਵੀ ਸਹਿਣਸ਼ੀਲਤਾ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਗੁਰੂ ਸਾਹਿਬ ਅਨੁਸਾਰ ਹਵਾ ਅਤੇ ਪਾਣੀ ਵਿੱਚ ਸਹਿਜ ਵੀ ਹੈ ਅਤੇ ਸਹਿਣਸ਼ੀਲਤਾ ਵੀ, ਧਰਤੀ ਕੋਲ ਨਿਮਰਤਾ ਵੀ ਹੈ ਅਤੇ ਮੁਆਫ਼ ਕਰਨ ਦੀ ਸ਼ਕਤੀ ਵੀ। ਗੁਰੂ ਸਾਹਿਬ ਲਿਖਦੇ ਹਨ–

ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ॥[111]

ਭਗਤ ਕਬੀਰ ਜੀ ਸਹਿਣਸ਼ੀਲਤਾ ਦੇ ਅਰਥਾਂ ਨੂੰ ਸਪਸ਼ਟ ਕਰਦੇ ਹੋਏ ਲਿਖਦੇ ਹਨ ਕਿ ਮਨੁੱਖ ਵਿੱਚ ਦਰਖਤ ਦੀ ਤਰ੍ਹਾਂ ਸਥਿਰਤਾ ਦਾ ਗੁਣ ਹੋਣਾ ਚਾਹੀਦਾ ਹੈ ਜੋ ਕਿ ਫ਼ਲ ਦੇ ਸਮੇਂ ਹੋਰ ਵੀ ਝੁਕ ਜਾਂਦਾ ਹੈ, ਜੋ ਕਿ ਨਿਮਰਤਾ ਦਾ ਸੂਚਕ ਹੈ-

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥[112]

ਸ਼੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਉੱਚ ਦਰਜੇ ਦੀ ਸਹਿਣਸ਼ੀਲਤਾ ਧਾਰਣ ਕਰਨ ਦਾ ਉਪਦੇਸ਼ ਦਿੰਦੇ ਹਨ। ਜੇਕਰ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਵੀ ਵਾਚਿਆ ਜਾਵੇ ਤਾਂ ਉਹਨਾਂ ਦੇ ਜੀਵਨ ਵਿੱਚ ਸਹਿਣਸ਼ੀਲਤਾ ਇੱਕ ਅਤੁੱਟ ਹਿੱਸਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਸਹਿਣਸ਼ੀਲਤਾ ਦੀ ਮਿਸਾਲ ਕਿਹਾ ਜਾਂਦਾ ਹੈ। ਵਪਾਰਿਕ ਸੰਸਥਾਨਾਂ ਵਿੱਚ ਲੀਡਰਾਂ ਲਈ ਸਹਿਣਸ਼ੀਲਤਾ ਹੋਣੀ ਜਰੂਰੀ ਹੈ ਫਿਰ ਹੀ ਨੈਤਿਕ ਕਦਰਾਂ ਕੀਮਤਾਂ ਨੂੰ ਕੰਮ ਦੇ ਸਥਾਨ ਤੇ ਲਿਆਇਆ ਜਾ ਸਕਦਾ ਹੈ।

5. ਨਿਸ਼ਕਾਮ ਸੇਵਾ ਦਾ ਸੰਕਲਪ(Concept of Selfless Service):- ਨਿਰਸੁਆਰਥ ਸੇਵਾ ਤੋਂ ਭਾਵ ਨਿਮਰਤਾ ਸਹਿਤ ਅਤੇ ਲਾਲਚ ਰਹਿਤ ਕਾਰਜ ਕਰਨਾ। ਇਸ ਵਿੱਚ ਲੀਡਰ ਪਹਿਲਾਂ ਦੂਜੇ ਦੇ ਨਜ਼ਰੀਏ ਤੋਂ ਸੋਚਦਾ ਹੈ, ਅਤੇ ਕਾਰਜਾਂ ਦੀ ਸੰਪੂਰਨਤਾ ਤੱਕ ਨਿੱਜੀ ਸਰੋਤਾਂ ਦੀ ਪਰਵਾਹ ਨਹੀਂ ਕਰਦਾ। ਇਸ ਅਨੁਸਾਰ ਦੂਜਿਆਂ ਦੀਆਂ ਭਾਵਨਾਵਾਂ ਨੂੰ ਆਪਣੇ ਤੋਂ ਪਹਿਲਾਂ ਤਰਜੀਹ ਦੇਣੀ ਪੈਂਦੀ ਹੈ। ਇਸ ਵਿੱਚ ਇੱਕ ਅਜਿਹੇ ਪ੍ਰੋਤਸਾਹਨ ਦੀ ਜ਼ਰੂਰਤਹੁੰਦੀ ਹੈ ਜੋ ਕਿ ਕਿਸੇ ਲਾਭ ਤੋਂ ਬਿਨ੍ਹਾਂ ਦੂਜਿਆਂ ਦੀ ਭਲਾਈ ਲਈ ਤੱਤਪਰਤਾ ਦਾ ਅੰਸ਼ ਪੈਦਾ ਕਰਦਾ ਹੋਵੇ। ਸਿੱਖ ਮੱਤ ਵਿੱਚ ਹਉਮੈ ਤੋਂ ਰਹਿਤ ਅਜਿਹੀ ਸੇਵਾ ਦਾ ਅਨੇਕਾਂ ਹੀ ਵਾਰ ਜ਼ਿਕਰ ਆਇਆ ਹੈ ਜਿਸ ਨੂੰ ਨਿਸ਼ਕਾਮ ਸੇਵਾ ਕਿਹਾ ਗਿਆ ਹੈ। ਨਿਸ਼ਕਾਮ ਸੇਵਾ ਵਿੱਚ ਮੈਂ ਦੀ ਭਾਵਨਾ ਨੂੰ ਤਿਆਗਦੇ ਹੋਇਆਂ ਸਰਬੱਤ ਦੇ ਭਲੇ ਲਈ ਪਿਆਰ ਅਤੇ ਭਰੋਸੇ ਸਹਿਤ ਕਾਰਜ ਕੀਤਾ ਜਾਂਦਾ ਹੈ।

ਸਿੱਖ ਮਤ ਵਿੱਚ ਨਿਸ਼ਕਾਮ ਸੇਵਾ ਪਰਮਾਤਮਾ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸਾਧਨ ਹੈ। ਇਸ ਸੇਵਾ ਰਾਹੀਂ ਮਨੁੱਖ ਦੇ ਅੰਦਰ ਹਉਮੈ ਦੀ ਬਿਰਤੀ ਖ਼ਤਮ ਹੋ ਜਾਂਦੀ ਹੈ। ਗੁਰੂ ਸਾਹਿਬਾਨ ਅਨੁਸਾਰ ਜੋ ਮਨੁੱਖ ਫ਼ਲ ਦੀ ਇੱਛਾ ਤੋਂ ਬਿਨਾਂ ਅਤੇ ਲਾਲਚ ਰਹਿਤ ਹੋ ਕੇ ਸੇਵਾ ਕਰਦਾ ਹੈ ਤਾਂ ਉਸ ਨੂੰ ਪਰਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ-

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥[113]

ਗੁਰੂ ਸਾਹਿਬ ਅਨੁਸਾਰ ਨਿਸ਼ਕਾਮ ਸੇਵਾ ਰਾਹੀਂ ਅੰਦਰੂਨੀ ਸ਼ਾਂਤੀ ਮਿਲਦੀ ਹੈ ਜੋ ਕਿ ਸਭ ਸੁੱਖਾਂ ਦਾ ਅਧਾਰ ਹੈ-

ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ।[114]

ਗੁਰੂ ਸਾਹਿਬ ਅਨੁਸਾਰ ਨਿਸ਼ਕਾਮ ਸੇਵਾ ਉਹ ਹੈ ਜਿਸ ਨਾਲ ਪਰਮਾਤਮਾ ਖੁਸ਼ ਹੁੰਦਾ ਹੈ ਅਤੇ ਜਿਸ ਦੀ ਗੱਲ ਪਰਮਾਤਮਾ ਦੇ ਘਰ ਵਿੱਚ ਪਰਵਾਣ ਹੈ-

ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ॥[115]

ਸੇਵਾ ਦੀ ਮਹੱਤਤਾ ਦੇ ਸਬੰਧ ਵਿਚ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪ੍ਰਭੂ ਦਾ ਪਿਆਰਾ ਸੇਵਾ ਨਾਲ ਹੀ ਜਿਉਂਦਾ ਹੈ, ਸੇਵਾ ਹੀ ਉਸ ਦੇ ਪ੍ਰਾਣਾਂ ਦਾ ਅਧਾਰ ਹੁੰਦੀ ਹੈ-

ਗੁਰਮੁਖਿ ਸੇਵਾ ਪ੍ਰਾਨ ਅਧਾਰਾ॥[116]

ਗੁਰੂ ਸਾਹਿਬ ਮਨੁੱਖ ਨੂੰ ਸੁਚੇਤ ਵੀ ਕਰਦੇ ਹਨ ਕਿ ਹਉਮੈ ਦੇ ਅਧੀਨ ਰਹਿ ਕੇ ਸੇਵਾ ਨਹੀਂ ਕੀਤੀ ਜਾ ਸਕਦੀ, ਪਰ ਨਿਸ਼ਕਾਮ ਸੇਵਾ ਦੀ ਇੰਨੀ ਮਹਾਨਤਾ ਹੈ ਕਿ ਇਸ ਨਾਲ ਹਉਮੈ ਦੇ ਰੋਗ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ-

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥

ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥[117]

ਗੁਰੂ ਸਾਹਿਬ ਨਿਸ਼ਕਾਮ ਸੇਵਾ ਦੀ ਮਹਾਨਤਾ ਬਾਰੇ ਅਨੇਕਾਂ ਵਾਰ ਉਤਸ਼ਾਹਿਤ ਕਰਦੇ ਹਨ। ਜਦੋਂ ਕੋਈ ਵੀ ਮਨੁੱਖ ਇਸ ਗੁਣ ਨੂੰ ਧਾਰਣ ਕਰਦਾ ਹੈ ਤਾਂ ਹੋਰ ਅਨੇਕਾਂ ਹੀ ਗੁਣ ਉਸ ਦੀ ਸਖ਼ਸ਼ੀਅਤ ਦਾ ਹਿੱਸਾ ਬਣ ਜਾਂਦੇ ਹਨ। ਜੇਕਰ ਵਪਾਰਿਕ ਲੀਡਰ ਸੰਸਥਾ ਦੇ ਕੰਮਾਂ ਵਿੱਚ ਨਿਸ਼ਕਾਮ ਸੇਵਾ ਦੇ ਸੰਕਲਪ ਨੂੰ ਜੋੜੇ ਤਾਂ ਇਕ ਸਹਿਯੋਗੀ ਮਾਹੌਲ ਸਿਰਜਿਆ ਜਾ ਸਕਦਾ ਹੈ। ਅਜਿਹੇ ਮਾਹੌਲ ਵਿੱਚ ਨੈਤਿਕਤਾ ਨੂੰ ਸਥਾਪਿਤ ਕੀਤਾ ਜਾ ਸਕਦਾ ਹੈ।

6. ਰੱਖਿਆ ਦਾ ਸਿਧਾਂਤ(Concept of Protection):- ਲੀਡਰ ਸੰਸਥਾਂ ਦੀ ਹਰ ਪ੍ਰਕਾਰ ਦੀ ਚੱਲ-ਅਚੱਲ ਸੰਪਤੀ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੁੰਦਾ ਹੈ। ਉਹ ਜਿੱਥੇ ਸੰਸਥਾਗਤ ਕਾਰਜ ਲਈ ਜ਼ਿੰਮੇਵਾਰ ਹੁੰਦਾ ਹੈ ਉੱਥੇ ਨਾਲ ਹੀ ਵਪਾਰ ਦੇ ਹਿੱਸੇਦਾਰ ਨਾਲ ਵਧੀਆ ਸਬੰਧ ਬਣਾਉਂਦਾ ਹੈ। ਉਸ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੰਸਥਾ ਦੇ ਪ੍ਰਬੰਧ ਪ੍ਰਤੀ ਸੁਚੇਤ ਰਹੇ। ਸੰਸਥਾ ਦੇ ਸੰਦਰਭ ਵਿੱਚ ਜ਼ਿੰਮੇਵਾਰੀ ਦੇ ਸੰਕਲਪ ਤੋਂ ਭਾਵ ਇਹ ਵੀ ਹੈ ਕਿ ਸੰਸਥਾ ਕੋਲ ਮ'ਜੂਦਾ ਸਰੋਤਾਂ ਦੀ ਯੋਗ ਵਰਤੋਂ ਕੀਤੀ ਜਾ ਸਕੇ ਇਹ ਭਾਵੇਂ ਵਿੱਤੀ, ਜਾਂ ਮਨੁੱਖੀ ਸੰਪਤੀ ਨਾਲ ਸਬੰਧਿਤ ਹੀ ਕਿਉਂ ਨਾ ਹੋਣ। ਇਸਲਾਮ ਮੱਤ ਵਿੱਚ ਵੀ ਇਹ ਦੱਸਿਆ ਗਿਆ ਹੈ ਕਿ ਪ੍ਰਮਾਤਮਾ ਸਭ ਦਾ ਰੱਖਿਅਕ ਹੈ ਅਤੇ ਸਭ ਦੀ ਸੁਰੱਖਿਆ ਦਾ ਫਿਕਰ ਉਸ ਨੂੰ ਹੈ।[x] ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਪ੍ਰਮਾਤਮਾ ਪੂਰੀ ਕੁਦਰਤ ਅਤੇ ਇਸ ਵਿੱਚ ਵਸਦੇ ਜੀਵਾਂ ਦੀ ਰੱਖਿਆ ਕਰਦਾ ਹੈ। ਉਹ ਸਾਰਿਆਂ ਦੇ ਨੇੜੇ ਪਰ ਸਿਰਫ਼ ਪ੍ਰਤੀਤ ਦੂਰ ਹੁੰਦਾ ਹੈ-

ਨਿਤ ਸਾਰਿ ਸਮਾਲੇ ਸਭਿ ਜੀਅ ਜੰਤ ਹਰਿ ਵਸੈ ਨਿਕਟਿ ਸਭ ਜਉਲਾ॥

ਗੁਰੂ ਸਾਹਿਬ ਫਰਮਾਉਂਦੇ ਹਨ ਪਰਮਾਤਮਾ ਸਭ ਦੀ ਸੰਭਾਲ ਵੀ ਕਰਦਾ ਹੈ ਅਤੇ ਰੱਖਿਆ ਵੀ ਕਰਦਾ ਹੈ। ਉਹ ਸਦਾ ਹੀ ਦਿਆਲ ਹੈ ਅਤੇ ਸਹਾਇਕ ਵੀ। ਸਭ ਜੀਵ ਪ੍ਰਮਾਤਮਾ ਦੀ ਕ੍ਰਿਪਾ ਨਾਲ ਸੰਤੁਸ਼ਟ ਹੋ ਜਾਂਦੇ ਹਨ, ਗੁਰੂ ਸਾਹਿਬ ਇਸ ਬਾਬਤ ਲਿਖਦੇ ਹਨ-

> ਦਇਆ ਧਾਰੀ ਤਿਨਿ ਸਿਰਜਨਹਾਰੇ॥
> ਜੀਅ ਜੰਤ ਸਗਲੇ ਪ੍ਰਤਿਪਾਰੇ॥
> ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ॥[119]

ਇੱਕ ਲੀਡਰ ਵਿੱਚ ਅਜਿਹੇ ਗੁਣਾਂ ਦੀ ਉਮੀਦ ਕੀਤੀ ਜਾਂਦੀ ਹੈ ਜਿਸ ਨਾਲ ਸਮਾਜ ਨੂੰ ਵੀ ਫ਼ਾਇਦਾ ਹੋਵੇ। ਵਪਾਰਿਕ ਗਤੀਵਿਧੀਆਂ ਸਮਾਜ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕਰਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਜਿਹੜੇ ਸਰੋਤਾਂ ਦੀ ਵਰਤੋਂ ਵਪਾਰਿਕ ਸੰਸਥਾ ਕਰਦੀ ਹੈ ਉਹ ਸਿਰੰ ਉਸੇ ਤੱਕ ਹੀ ਸੀਮਿਤ ਹੋਣ, ਸਗੋਂ ਇਹ ਸਰੋਤ ਸਮਾਜ ਦਾ ਵੀ ਹਿੱਸਾ ਹੁੰਦੇ ਹਨ। ਕਿਸੇ ਵੀ ਸਫ਼ਲ ਲੀਡਰ ਦੀ ਪਹਿਚਾਣ ਉਸ ਦੁਆਰਾ ਸਮਾਜ ਵਿੱਚ ਵਧੀਆ ਕਾਰਜ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਇਹ ਨਿਰਣਾ ਕਰਦੇ ਹਨ ਕਿ ਮਨੁੱਖ ਦੇ ਧਰਤੀ ਤੇ ਆਉਣ ਦਾ ਮੂਲ ਮੰਤਵ ਇੱਕ ਅਜਿਹੀ ਸੋਚ ਨੂੰ ਸਮਰਪਿਤ ਹੋਣਾ ਹੈ ਜਿਸ ਰਾਹੀਂ ਕੁਦਰਤੀ ਸੰਪਤੀ ਦੀ ਰੱਖਿਆ ਕੀਤੀ ਜਾ ਸਕੇ। ਗੁਰੂ ਸਾਹਿਬ ਬਾਬਤ ਲਿਖਦੇ ਹਨ ਕਿ ਪਰਮਾਤਮਾ ਨੇ ਹੀ ਮਿੱਟੀ ਵਿੱਚ ਜਾਨ ਪਾ ਕੇ ਇਸ ਸੰਸਾਰ ਨੂੰ ਪੈਦਾ ਕੀਤਾ ਹੈ ਅਤੇ ਇਹ ਧਰਤੀ, ਅਸਮਾਨ, ਦਰੱਖਤ, ਪਾਣੀ ਸਾਰੀ ਰਚਨਾ ਉਸੇ ਦੀ ਹੈ-

> ਖਾਕ ਨੂਰ ਕਰਦੰ ਆਲਮ ਦੁਨੀਆਇ॥
> ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥[120]

ਗੁਰੂ ਸਾਹਿਬ ਮਨੁੱਖ ਨੂੰ ਚੰਗੇ ਕੰਮ ਕਰਨ ਦੀ ਨਸੀਹਤ ਵਾਰ ਵਾਰ ਦੇ ਰਹੇ ਹਨ। ਗੁਰੂ ਸਾਹਿਬ ਅਨੁਸਾਰ ਦਇਆ ਨੂੰ ਆਪਣੀ ਮਸਜਿਦ ਸਮਝ, ਵਿਸ਼ਵਾਸ ਨੂੰ ਆਪਣਾ ਗਲੀਚਾ ਸਮਝ ਅਤੇ ਚੰਗੇ ਕਰਮਾਂ ਨੂੰ ਹੀ ਕੁਰਾਨ ਕਰਕੇ ਜਾਣ। ਚੰਗੇ ਵਰਤਾਵ ਨੂੰ ਹੀ ਆਪਣਾ ਵਰਤ

ਸਮਝ। ਇਸ ਤਰੀਕੇ ਨਾਲ ਹੀ ਸੱਚਾ ਅਤੇ ਜਿੰਮੇਵਾਰ ਮੁਸਲਮਾਨ ਬਣਿਆ ਜਾ ਸਕਦਾ ਹੈ। ਸੱਚ ਨੂੰ ਹੀ ਅਧਿਆਤਮਿਕ ਗੁਰੂ ਸਮਝ ਅਤੇ ਚੰਗੇ ਕਰਮਾਂ ਦੀ ਅਰਦਾਸ ਕਰ। ਪਰਮਾਤਮਾ ਤੇ ਪੂਰਾ ਵਿਸ਼ਵਾਸ ਕਰ ਉਸ ਦੀ ਰਹਿਮਤ ਨਾਲ ਹਰ ਥਾਂ ਤੇਰਾ ਸਤਿਕਾਰ ਹੋਵੇਗਾ-

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥[121]

ਇਸ ਪ੍ਰਕਾਰ ਗੁਰੂ ਸਾਹਿਬ ਲੀਡਰ ਦੇ ਗੁਣਾਂ ਸਬੰਧੀ ਇਹ ਨਿਰਣਾ ਕਰਦੇ ਹਨ ਕਿ ਜੋ ਮਨੁੱਖ ਪਰਮਾਤਮਾ ਦੀ ਸਾਜੀ ਹੋਈ ਕੁਦਰਤ ਦਾ ਸਤਿਕਾਰ ਕਰਦਾ ਹੈ ਤਾਂ ਉਹ ਵਪਾਰਿਕ ਕਾਰਜਾਂ ਨੂੰ ਕਰਦਾ ਹੋਇਆ ਵੀ ਸੰਸਥਾ ਦਾ ਰਖਵਾਲਾ ਬਣ ਜਾਂਦਾ ਹੈ। ਉਹ ਜਿੱਥੇ ਵਪਾਰ ਵਿੱਚ ਲੰਬੇ ਸਮੇਂ ਦੇ ਸਬੰਧਾਂ ਨੂੰ ਮਜਬੂਤ ਕਰਨ ਦਾ ਯਤਨ ਕਰਦਾ ਹੈ ਉੱਥੇ ਨਾਲ ਹੀ ਇਸੇ ਗੁਣ ਕਰਕੇ ਉਹ ਸਮਾਜ ਅਤੇ ਵਪਾਰਿਕ ਹਿੱਸੇਦਾਰਾਂ ਦੇ ਭਰੋਸੇ ਨੂੰ ਪੱਕਾ ਕਰਨ ਦਾ ਸਫ਼ਲ ਯਤਨ ਕਰ ਸਕਦਾ ਹੈ।

ਉਪਰੋਕਤ ਦਰਸਾਏ ਛੇ ਗੁਣਾਂ ਦੇ ਬਾਬਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ। ਇਹਨਾਂ ਗੁਣਾਂ ਨੂੰ ਨੈਤਿਕਤਾ ਤੇ ਅਧਾਰਿਤ ਅਗਵਾਈ ਦਾ ਅਧਾਰ ਵੀ ਕਿਹਾ ਜਾ ਸਕਦਾ ਹੈ। ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਧਰਤੀ ਦੇ ਸਾਰੇ ਜੀਵ ਸਿੱਧੇ ਜਾ ਅਸਿੱਧੇ ਰੂਪ ਵਿੱਚ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਗੁਰੂ ਸਾਹਿਬ ਅਨੁਸਾਰ ਇੱਕ ਪ੍ਰਭਾਵਸ਼ਾਲੀ ਲੀਡਰ ਉਹ ਹੀ ਹੁੰਦਾ ਹੈ ਜੋ ਵਪਾਰਿਕ ਤਰੱਕੀ ਦੇ ਨਾਲ ਨਾਲ ਸਮਾਜ ਦੇ ਭਲੇ ਲਈ ਵੀ ਤਤਪਰ ਹੋਵੇ। ਅਜਿਹੀ ਸੋਚ ਵਾਲੀ ਉਸਾਰੂ ਲੀਡਰਸ਼ਿਪ ਨੈਤਿਕਤਾ ਤੇ ਅਧਾਰਿਤ ਵਪਾਰ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ।

### 4.12 ਯੋਜਨਾ (Planning)

ਯੋਜਨਾ ਦਾ ਅਰਥ ਹੈ ਵਿਊਂਤਬੰਧੀ। ਇਸ ਨੂੰ ਪ੍ਰਬੰਧ ਵਿੱਚ ਮੂਲ ਕੰਮ ਵਜੋਂ ਦੇਖਿਆ ਜਾਂਦਾ ਹੈ। ਇਸ ਵਿੱਚ ਮ'ਜ਼ੂਦਾ ਸਰੋਤਾਂ ਦੀ ਮੱਦਦ ਨਾਲ ਵਪਾਰਿਕ ਉਦੇਸ਼ਾਂ ਦੀ ਪੂਰਤੀ ਲਈ ਰਸਤਾ ਅਖਤਿਆਰ ਕੀਤਾ ਜਾਂਦਾ ਹੈ। ਇਸ ਵਿੱਚ ਸਭ ਤੋਂ ਪਹਿਲਾਂ ਉਦੇਸ਼ਾਂ ਨੂੰ ਨਿਰਧਾਰਿਤ ਕੀਤਾ, ਫਿਰ ਉਹਨਾਂ ਦੀ ਪ੍ਰਾਪਤੀ ਲਈ ਨੀਤੀ ਨਿਰਮਾਣ ਕੀਤਾ ਜਾਂਦਾ ਹੈ ਅਤੇ ਨਿਯਮਬੱਧ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ। ਕਿਸੇ ਵੀ ਕੰਮ ਦੀ ਪੂਰਤੀ ਉਸ ਸਬੰਧੀ ਕੀਤੀ ਗਈ ਯੋਜਨਾ ਤੇ ਨਿਰਭਰ ਕਰਦੀ ਹੈ। ਸੰਸਥਾ ਦਾ ਵਿਕਾਸ ਪੜਾਅਵਾਰ ਹੁੰਦਾ ਹੈ ਅਤੇ ਹਰ ਇੱਕ ਕਦਮ ਤੇ ਭਵਿੱਖੀ ਨਤੀਜਿਆਂ ਨੂੰ ਵਿਚਾਰਨਾ ਅਤੇ ਸਮਝਣਾ ਪੈਂਦਾ ਹੈ। ਯੋਜਨਾ ਭਵਿੱਖ ਵਿੱਚ ਦੇਖਣ ਦਾ ਹੀ ਤਰੀਕਾ ਹੈ। ਯੋਜਨਾ ਦਾ ਮੁੱਖ ਕਾਰਜ ਅਸੰਭਵ ਸਮੀਕਰਣਾਂ ਨੂੰ ਸੰਭਵ ਕਰਦੇ ਹੋਇਆਂ ਸੰਸਥਾ ਦੇ ਉਦੇਸ਼ਾਂ ਦੀ ਪੂਰਤੀ ਕਰਨਾ ਹੈ।

ਪ੍ਰਭਾਵਸ਼ਾਲੀ ਯੋਜਨਾ ਪ੍ਰਣਾਲੀ ਤੋਂ ਬਿਨਾਂ ਸਫ਼ਲ ਪ੍ਰਬੰਧਕੀ ਸਿਸਟਮ ਦੀ ਕਲਪਨਾ ਕਰਨੀ ਅਸੰਭਵ ਹੈ। ਯੋਜਨਾਵਾਂ ਤਿਆਰ ਕਰਨੀਆਂ ਇੱਕ ਨਿਰੰਤਰ ਕਾਰਜ ਹੈ। ਜੇਮਜ ਸਟੋਨਰ, ਫ੍ਰੀਮੈਸ ਅਤੇ ਗਿਲਬਰਟ ਦੇ ਅਨੁਸਾਰ

> Planning is not a single event, with a clear beginning and end. It is an ongoing process that reflect and adopts to changes in the environment surrounding each organization.[123]

ਵਪਾਰਿਕ ਸਮੀਕਰਣਾਂ ਦੇ ਨਿਰੰਤਰ ਬਦਲਦੇ ਰੁਝਾਨਾਂ ਕਾਰਨ ਯੋਜਨਾਵਾਂ ਵਿੱਚ ਵੀ ਨਿਰੰਤਰ ਬਦਲਾਵ ਕਰਨੇ ਪੈਂਦੇ ਹਨ। ਪੀਟਰ ਐਫ ਡਰੱਕਰ ਅਨੁਸਾਰ ਕਿਸੇ ਵੀ ਪ੍ਰਬੰਧਕ ਦੇ ਸਮੇਂ ਦੀ ਤਰਤੀਬ ਵਿੱਚ ਯੋਜਨਾ ਅਹਿਮ ਸਥਾਨ ਰੱਖਦੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਗੁਰੂ ਸਾਹਿਬ ਯੋਜਨਾ ਦੀ ਮਹੱਤਤਾ ਤੇ ਵਿਸ਼ੇਸ਼ਜ਼ੋਰ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਜੇਕਰ ਯੋਗ

ਸਮੇਂ ਤੇ ਯੋਜਨਾ ਤਿਆਰ ਨਾ ਕੀਤੀ ਜਾਵੇ ਤਾਂ ਫਿਰ ਬਾਅਦ ਵਿੱਚ ਪਛਤਾਉਣ ਦਾ ਕੋਈ ਲਾਭ ਨਹੀਂ ਸਗੋਂ ਨਿਰਾਸ਼ਾ ਹੀ ਹੱਥ ਲਗਦੀ ਹੈ, ਗੁਰੂ ਸਾਹਿਬ ਲਿਖਦੇ ਹਨ-

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥

ਭਗਤ ਕਬੀਰ ਜੀ ਸਮਝਾਉਂਦੇ ਹਨ ਕਿ ਸਮੁੰਦਰ ਵਿੱਚ ਤੈਰਨ ਲਈ ਜਿਵੇਂ ਬੇੜਾ ਤਿਆਰ ਕਰਨਾ ਪੈਂਦਾ ਹੈ ਫਿਰ ਹੀ ਸਮੁੰਦਰ ਪਾਰ ਕੀਤਾ ਜਾ ਸਕਦਾ ਹੈ। ਉਸੇ ਤਰ੍ਹਾਂ ਸੰਸਾਰ ਦੇ ਦੁੱਖਾਂ ਦਰਦਾਂ ਨੂੰ ਕੱਟਣ ਵਾਸਤੇ ਪਹਿਲਾਂ ਤੋਂ ਹੀ ਯੋਜਨਾ ਤਿਆਰ ਕਰਨ ਦੀ ਜ਼ਰੂਰਤਹੁੰਦੀ ਹੈ। ਗੁਰੂ ਸਾਹਿਬਾਨ ਮਨੁੱਖ ਨੂੰ ਪ੍ਰਭਾਵਸ਼ਾਲੀ ਯੋਜਨਾ ਤੋਂ ਬਿਨਾਂ ਪੈਦਾ ਹੋਣ ਵਾਲੇ ਨਤੀਜਿਆਂ ਤੋਂ ਸੁਚੇਤ ਕਰਦੇ ਹਨ। ਗੁਰੂ ਸਾਹਿਬ ਅਨੁਸਾਰ ਠੀਕ ਸਮੇਂ ਤੇ ਕੀਤਾ ਗਿਆ ਕੰਮ ਹੀ ਲਾਭਕਾਰੀ ਹੁੰਦਾ ਹੈ। ਗੁਰੂ ਸਾਹਿਬ ਮੁਤਾਬਿਕ ਮਨੁੱਖ ਦੀ ਜਿੰਦਗੀ ਕੱਚੇ ਧਾਗੇ ਦੇ ਸਮਾਨ ਹੈ। ਜਦੋਂ ਇਹ ਧਾਗਾ ਟੁੱਟਦਾ ਹੈ ਤਾਂ ਮਨੁੱਖ ਕੋਲ ਪਛਤਾਵਾ ਹੀ ਰਹਿ ਜਾਂਦਾ ਹੈ-

ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ॥

ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ ਪਛੁਤੋਹੀ॥[125]

ਗੁਰੂ ਸਾਹਿਬ ਮਨੁੱਖ ਨੂੰ ਯੋਜਨਾਬੱਧ ਤਰੀਕੇ ਨਾਲ ਸਮੇਂ ਦੀ ਸੰਭਾਲ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਵੀ ਯੋਜਨਾ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਉਲੀਕਣ ਦੇ ਉੱਤਮ ਨਮੂਨੇ ਪੇਸ਼ ਕੀਤੇ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਤਿਆਰ ਕਰਵਾਈਆਂ ਇਮਾਰਤਾਂ ਅਤੇ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵਿੱਚ ਯੋਜਨਾਬੰਧੀ ਦਾ ਸਿਖ਼ਰ ਦੇਖਿਆ ਜਾ ਸਕਦਾ ਹੈ, ਇਸੇ ਕਰਕੇ ਇਹਨਾਂ ਦਾ ਮਹੱਤਵ ਸਮੇਂ ਨਾਲ ਹੋਰ ਵੱਧ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਥੋੜੇ ਸਿੰਘਾਂ ਨਾਲ ਦੁਸ਼ਮਣ ਦੀ ਫੌਜ ਤੇ ਜਿੱਤ ਗੁਰੂ ਸਾਹਿਬ ਦੀ ਯੋਜਨਾਬੰਧੀ ਦਾ ਉੱਤਮ ਨਮੂਨਾ ਹੈ। ਜੇਕਰ ਪ੍ਰਬੰਧਕੀ ਕਾਰਜਪ੍ਰਣਾਲੀ ਵਿੱਚ ਨੈਤਿਕਤਾ ਨੂੰ

ਅਧਾਰ ਬਣਾ ਕੇ ਯੋਜਨਾਵਾਂ ਨੂੰ ਉਲੀਕਿਆ ਜਾਵੇ ਅਸੰਭਵ ਨੂੰ ਸੰਭਵ ਬਣਾਇਆ ਜਾ ਸਕਦਾ ਹੈ।

## 13. ਨਿਯੰਤਰਣ (Control)

ਨਿਯੰਤਰਣ ਪ੍ਰਬੰਧ ਦਾ ਅਹਿਮ ਅੰਗ ਹੈ। ਨਿਯੰਤਰਣ ਤੋਂ ਭਾਵ ਇਹ ਦੇਖਣ ਤੋਂ ਹੈ ਕਿ ਸਾਰਾ ਕੁਝ ਯੋਜਨਾਵਾਂ ਅਨੁਸਾਰ ਹੋ ਰਿਹਾ ਹੈ ਜਾਂ ਨਹੀਂ। ਇਹ ਸੰਸਥਾ ਦੇ ਸਰੋਤਾਂ ਦਾ ਨਿਰੀਖਣ ਕਰਨ ਦਾ ਢੰਗ ਹੈ। ਇਸ ਰਾਹੀਂ ਅਸਲ ਕਾਰਗੁਜ਼ਾਰੀ ਦਾ ਮੁਲਾਂਕਣ ਨਿਸ਼ਚਿਤ ਕੀਤੇ ਗਏ ਉਦੇਸ਼ਾਂ ਨਾਲ ਕੀਤਾ ਜਾਂਦਾ ਹੈ। ਜੇਮਜ ਸਟੋਨਰ, ਫ੍ਰੀਮੈਨ ਅਤੇ ਗਿਲਬਰਟ ਦੇ ਅਨੁਸਾਰ

> Controlling is the process of ensuring that actual activities confirms to planned activities.[126]

ਕਿਸੇ ਵੀ ਪ੍ਰਬੰਧਕ ਦਾ ਸਭ ਤੋਂ ਮਹੱਤਵਪੂਰਣ ਗੁਣ ਇਹ ਹੈ ਕਿ ਉਹ ਕਰਮਚਾਰੀਆਂ ਨੂੰ ਟੀਮ ਦੇ ਰੂਪ ਵਿਚ ਕੰਮ ਕਿਵੇਂ ਸੰਗਠਿਤ ਕਰਦਾ ਹੈ। ਇਸ ਰਾਹੀਂ ਉਹ ਸਾਰੀ ਟੀਮ ਨੂੰ ਸੇਧ ਵੀ ਦਿੰਦਾ ਹੈ ਅਤੇ ਨਿਯੰਤਰਣ ਵੀ ਕਰਦਾ ਹੈ। ਸੰਸਥਾ ਦੇ ਉਦੇਸ਼ਾਂ ਦੀ ਪੂਰਤੀ ਲਈ ਪ੍ਰਭਾਵਸ਼ਾਲੀ ਨਿਯੰਤਰਣ ਪ੍ਰਕਿਰਿਆ ਜਰੂਰੀ ਹੈ। ਨਿਯੰਤਰਣ ਜਿੱਥੇ ਸੰਸਥਾ ਦੀ ਕਾਰਗੁਜ਼ਾਰੀ ਦੇ ਮੁਲਾਂਕਣ ਦਾ ਤਰੀਕਾ ਹੈ ਉੱਥੇ ਨਾਲ ਹੀ ਇਹ ਕਰਮਚਾਰੀਆਂ ਦੇ ਸ਼ਸਕਤੀਕਰਣ ਅਤੇ ਪ੍ਰੋਤਸਾਹਨ ਦਾ ਕਾਰਨ ਵੀ ਬਣਦਾ ਹੈ। ਅਨੇਕਾਂ ਹੀ ਵਾਰ ਕਰਮਚਾਰੀ ਕੰਮ ਨੂੰ ਨਵੇਂ ਢੰਗ ਨਾਲ ਕਰਨ ਤੋਂ ਪਹਿਲਾਂ ਡਰਦੇ ਹਨ ਅਤੇ ਆਪਣੇ ਹੁਨਰ (Skills) ਦੀ ਪੂਰੀ ਵਰਤੋਂ ਨਹੀਂ ਕਰ ਸਕਦੇ। ਪਰ ਪ੍ਰਭਾਵਸ਼ਾਲੀ ਨਿਯੰਤਰਣ ਰਾਹੀਂ ਉਹਨਾਂ ਤੱਕ ਪੂਰੀ ਸੂਚਨਾ ਦੀ ਪਹੁੰਚ ਯਕੀਨੀ ਬਣਾਈ ਜਾਂਦੀ ਹੈ ਅਤੇ ਉਹਨਾਂ ਕੋਲੋਂ ਕੰਮ ਦੀ ਸਥਿਤੀ ਦਾ ਮੁੜ ਜਾਇਜਾ ਵੀ ਲਿਆ ਜਾਂਦਾ ਹੈ। ਨਿਯੰਤਰਣ ਕਿਸੇ ਵੀ ਸੰਸਥਾ ਦੀ ਸੰਪਤੀ ਨੂੰ ਸੁਰੱਖਿਅਤ ਕਰਨ ਵਿੱਚ ਵੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਮੌਜੂਦਾ ਸਮੇਂ ਵਪਾਰ ਦੇ ਅੰਦਰੂਨੀ ਅਤੇ ਬਾਹਰੀ ਵਾਤਾਵਰਣ ਵਿੱਚ ਅਨੇਕਾਂ ਹੀ ਅਨਿਸ਼ਚਿਤਾਵਾਂ ਪੈਦਾ ਹੋ ਗਈਆਂ ਹਨ, ਪਰ ਇਹਨਾਂ ਅਨਿਸ਼ਚਿਤਤਾਵਾਂ ਨੂੰ ਵੱਧਣ ਤੋਂ

ਪਹਿਲਾਂ ਨਿਯੰਤਰਣ ਦੀਆਂ ਵਿਧੀਆਂ ਰਾਹੀਂ ਦੂਰ ਕੀਤਾ ਜਾ ਸਕਦਾ ਹੈ ਜਿਵੇਂ ਕਿ ਮੰਗ ਅਤੇ ਪੂਰਤੀ ਤੇ ਪੂਰਣ ਨਿਯੰਤਰਣ ਰੱਖਣਾ, ਕੁਦਰਤੀ ਆਫਤਾਂ ਦੇ ਸਮੇਂ ਜਰੂਰੀ ਫੈਸਲੇ ਲੈਣੇ ਅਤੇ ਕੰਮ ਦੇ ਸਥਾਨ ਤੇ ਕੰਮ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਨਿਯੰਤਰਣ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਪ੍ਰਭਾਵਸ਼ਾਲੀ ਨਿਯੰਤਰਣ ਰਾਹੀਂ ਕੰਮ ਦੀਆਂ ਰੁਕਾਵਟਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਪਿਛਲੇ ਸਮੇਂ ਵਿੱਚ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੇ ਕਾਰਨ ਬਾਜ਼ਾਰ ਵਿੱਚ ਮੁਕਾਬਲੇ ਦੀ ਭਾਵਨਾ ਵਿੱਚ ਵਾਧਾ ਹੋਇਆਂ ਹੈ ਅਤੇ ਇਹ ਸੂਚਨਾ ਤਕਨੀਕਾਂ ਦੀ ਮੱਦਦ ਨਾਲ ਨਿਰੰਤਰ ਜਾਰੀ ਹੈ, ਪਰ ਅਜਿਹੇ ਮਾਹੌਲ ਵਿੱਚ ਮਨੁੱਖੀ ਕਦਰਾਂ ਕੀਮਤਾਂ, ਸੱਭਿਆਚਾਰਕ ਧਾਰਣਾਵਾਂ ਦਾ ਵਿਕਾਸ ਕਰਨਾ ਵੀ ਜਰੂਰੀ ਹੈ। ਬੇਲੋੜੇ ਨਿਯੰਤਰਣ ਕਾਰਨ ਅਨੇਕਾਂ ਹੀ ਵਾਰ ਮਨੁੱਖੀ ਸਬੰਧਾਂ ਵਿੱਚ ਨਿਘਾਰ ਆਉਂਦਾ ਹੈ। ਇਸ ਨਾਲ ਕਰਮਚਾਰੀ ਦੀ ਨਿੱਜਤਾ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਕੰਮ ਦੇ ਸਥਾਨ ਤੇ ਗ਼ਲਤ ਵਾਤਾਵਰਣ ਬਣ ਜਾਂਦਾ ਹੈ, ਜੋ ਕਿ ਲੰਬੇ ਸਮੇਂ ਲਈ ਵਪਾਰਿਕ ਸੰਸਥਾਂ ਲਈ ਗ਼ਲਤਸਾਬਿਤ ਹੁੰਦਾ ਹੈ। ਸਮੇਂ ਦੀ ਮੰਗ ਇਹ ਹੈ ਕਿ ਨਿਯੰਤਰਣ ਦੇ ਨਿਯਮਾਂ ਨੂੰ ਸੰਸਥਾ ਵਿੱਚ ਲਾਗੂ ਵੀ ਕੀਤਾ ਜਾਵੇ ਪਰ ਨੈਤਿਕ ਕਦਰਾਂ ਕੀਮਤਾਂ ਨੂੰ ਵੀ ਛੱਡਿਆ ਨਾ ਜਾਵੇ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਨਿਯੰਤਰਣ ਦੇ ਅਨੇਕਾਂ ਹੀ ਤਰੀਕਿਆਂ ਦਾ ਵਰਣਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਅਨੁਸਾਰ ਨਿਯੰਤਰਣ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਹੈ। ਗੁਰਬਾਣੀ ਵਿੱਚ ਨਿਯੰਤਰਣ ਨੂੰ ਤਿਆਗ ਨਾਲ ਜੋੜ ਕੇ ਵੀ ਦੇਖਿਆ ਗਿਆ ਹੈ। ਮਾੜੇ ਗੁਣਾਂ ਦਾ ਤਿਆਗ ਕਰਕੇ ਮਨ ਨੂੰ ਨਿਯੰਤਰਣ ਵਿਚ ਲਿਆਉਣ ਦੇ ਅਨੇਕਾਂ ਪ੍ਰਮਾਣ ਗੁਰਬਾਣੀ ਵਿਚ ਮਿਲਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਗੁੱਸੇ ਨੂੰ, ਮਾੜੀ ਪ੍ਰਵਿਰਤੀ ਨੂੰ ਅਤੇ ਭੈੜੀ ਸੰਗਤ ਦਾ ਤਿਆਗ ਮਨ ਨੂੰ ਨਿਯੰਤਰਣ ਕਰਕੇ ਕੀਤਾ ਜਾ ਸਕਦਾ ਹੈ ਅਤੇ ਮਨ ਵਿੱਚੋਂ ਹੰਕਾਰ ਦਾ ਤਿਆਗ ਨਿਯੰਤਰਣ ਤੋਂ ਬਿਨਾਂ ਸੰਭਵ ਨਹੀਂ-

ਸਾਧੋ ਮਨ ਕਾ ਮਾਨੁ ਤਿਆਗਉ॥

ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥[127]

ਜੇਕਰ ਵਪਾਰਿਕ ਕਿਰਿਆਵਾਂ ਦੀ ਵੀ ਗੱਲ ਕੀਤੀ ਜਾਵੇ ਤਾਂ ਮਾੜੀਆਂ ਪਰਵਿਰਤੀਆਂ ਦਾ ਸਮਾਧਾਨ ਨਿਯੰਤਰਣ ਰਾਹੀਂ ਕੀਤਾ ਜਾ ਸਕਦਾ ਹੈ। ਜਿਆਦਾ ਧਨ ਪਦਾਰਥਾਂ ਦਾ ਲਾਲਚ ਵਪਾਰਿਕ ਨੈਤਿਕਤਾ ਨੂੰ ਖ਼ਤਮ ਕਰਦਾ ਹੈ। ਵਪਾਰਿਕ ਨਿਯੰਤਰਣ ਵਿੱਚ ਜਿਵੇਂ ਸਭ ਤੋਂ ਪਹਿਲਾਂ ਮਾਪਦੰਡਾਂ ਨੂੰ ਨਿਸ਼ਚਿਤ ਕੀਤਾ ਜਾਂਦਾ ਹੈ ਉਸੇ ਪ੍ਰਕਾਰ ਗੁਰੂ ਸਾਹਿਬ ਵੀ ਸਚਿਆਰ ਮਨੁੱਖ ਦਾ ਮਾਡਲ ਮਨੁੱਖ ਸਾਹਮਣੇ ਰੱਖਦੇ ਹਨ। ਗੁਰਬਾਣੀ ਅਨੁਸਾਰ ਉਹ ਮਨੁੱਖ ਜੋ ਦੁੱਖਾਂ ਤੋਂ ਘਬਰਾਉਂਦਾ ਨਹੀਂ ਅਤੇ ਸੁੱਖਾਂ ਵਿੱਚ ਡੋਲਦਾ ਨਹੀਂ, ਮਾਇਆ ਨਾਲ ਪਿਆਰ ਨਹੀਂ ਕਰਦਾ, ਉਸ ਲਈ ਨਿੰਦਾ ਤੇ ਉਸਤਤ ਇੱਕ ਸਮਾਨ ਹੁੰਦੀ ਹੈ, ਭਾਵ ਉਸਤਤ ਵਿੱਚ ਅਭਿਮਾਨ ਨਹੀਂ ਉਪਜਦਾ ਅਤੇ ਕ੍ਰੋਧੀ ਤੇ ਕਾਮੀ ਪ੍ਰਵਿਰਤੀਆਂ ਤੋਂ ਵੀ ਪ੍ਰਭਾਵਿਤ ਨਾ ਹੋਵੇ ਅਤੇ ਹਰ ਸਮੇਂ ਪਰਮਾਤਮਾ ਨੂੰ ਅੰਗ ਸੰਗ ਸਮਝੇ, ਗੁਰੂ ਸਾਹਿਬ ਅਨੁਸਾਰ ਅਜਿਹਾ ਮਨੁੱਖ ਹੀ ਅਸਲ ਵਿੱਚ ਗਿਆਨਵਾਨ ਹੈ ਅਤੇ ਉਹ ਪਰਮਾਤਮਾ ਵਿੱਚ ਹੀ ਅਭੇਦ ਹੋ ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ ਇਹ ਵੀ ਸਚਿਆਰ ਮਨੁੱਖ ਦੀ ਪਰਿਭਾਸ਼ਾ ਹੈ ਭਾਵ ਮਾਪਦੰਡ ਹੈ। ਗੁਰੂ ਤੇਗ ਬਹਾਦਰ ਜੀ ਇਸ ਬਾਬਤ ਲਿਖਦੇ ਹਨ-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੇ ਕੰਚਨ ਮਾਟੀ ਮਾਨੈ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕ੍ਰੋਧ ਕ੍ਰੋਧ ਜਿਹ ਸਗਲ ਨਾਹਿਨ ਫਿਹ ਘਟਿ ਬ੍ਰਹਮ ਨਿਵਾਸਾ॥ ੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਕਿਰਪਾ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥

ਉਪਰੋਕਤ ਵਿਧੀ ਵਿੱਚ ਜਿੱਥੇ ਗੁਰੂ ਸਾਹਿਬ ਵੱਲੋਂ ਸਚਿਆਰ ਮਨੁੱਖ ਦਾ ਦ੍ਰਿਸ਼ਟਮਾਨ ਹੁੰਦਾ ਹੈ, ਉੱਥੇ ਨਾਲ ਹੀ ਗੁਰੂ ਸਾਹਿਬ ਕਾਮ ਕ੍ਰੋਧ, ਲੋਭ ਮੋਹ ਆਦਿ ਰਾਹੀਂ ਉਸ ਮਨੁੱਖ ਦੀ ਕਾਰਗੁਜਾਰੀ ਦਾ ਮੁਲਾਂਕਣ ਵੀ ਕਰਦੇ ਹਨ। ਗੁਰੂ ਸਾਹਿਬ ਮਨਮੁੱਖ ਅਤੇ ਗੁਰਮੁੱਖ ਵਿੱਚ ਅੰਤਰ ਇਸੇ ਮੁਲਾਂਕਣ ਵਿਧੀ ਰਾਹੀਂ ਕਰਦੇ ਹਨ। ਗੁਰੂ ਸਾਹਿਬ ਅਨੁਸਾਰ ਸੱਚੀ ਬਿਰਤੀ ਵਾਲੇ ਗੁਰਮੁੱਖ ਲਾਭ ਪ੍ਰਾਪਤੀ ਕਰ ਜਾਂਦੇ ਹਨ ਪਰ ਮਨਮੁੱਖ ਚੰਗੇ ਗੁਣਾਂ ਤੋਂ ਸੱਖਣੇ ਰਹਿ ਜਾਂਦੇ ਹਨ-

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥[129]

ਗੁਰੂ ਸਾਹਿਬ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਉਪਰੰਤ ਇੱਕ ਆਮ ਅਤੇ ਸਚਿਆਰ ਮਨੁੱਖ ਦੇ ਵਿਚਲਾ ਅੰਤਰ ਵੀ ਸਪੱਸ਼ਟ ਕਰਦੇ ਹਨ। ਗੁਰੂ ਸਾਹਿਬ ਅਨੁਸਾਰ ਮਨਮੁੱਖਾਂ ਦਾ ਹਿਰਦਾ ਕਠੋਰ ਹੁੰਦਾ ਹੈ ਅਤੇ ਉਹਨਾਂ ਨੂੰ ਚੰਗੇ ਪੁਰਖਾਂ ਦੀ ਸੰਗਤ ਚੰਗੀ ਨਹੀਂ ਲਗਦੀ ਅਤੇ ਉਹ ਮਾੜੇ ਮਨੁੱਖਾਂ ਕੋਲ ਹੀ ਬੈਠਣਾ ਪਸੰਦ ਕਰਦੇ ਹਨ ਅਤੇ ਦੂਸਰੇ ਪਾਸੇ ਜੋ ਸੱਚੀ ਬਿਰਤੀ ਵਾਲੇ ਮਨੁੱਖ ਹੁੰਦੇ ਹਨ ਉਹ ਸੱਚੇ ਗੁਰੂ ਦੀ ਸੰਗਤ ਲੱਭਦੇ ਹਨ ਅਤੇ ਚੰਗੀਆਂ ਗੱਲਾਂ ਸੁਣਨਾ ਪਸੰਦ ਕਰਦੇ ਹਨ, ਇਸ ਬਾਬਤ ਗੁਰੂ ਸਾਹਿਬ ਲਿਖਦੇ ਹਨ-

ਜਿਨ ਕੇ ਚਿਤ ਕਠੋਰ ਹਰਿ ਸੇ ਬਹਹਿਨ ਸਤਿਗੁਰ ਪਾਸਿ॥
ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥
ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥
ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥
ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥[130]

ਗੁਰੂ ਸਾਹਿਬ ਦੁਆਰਾ ਪ੍ਰਸਤਾਵਿਤ ਨਿਯੰਤਰਣ ਦੇ ਮਾਡਲ ਦਾ ਮੂਲ ਮਨੋਰਥ ਟਿਕਾਊ ਪ੍ਰਬੰਧਕੀ ਸਿਸਟਮ ਦਾ ਨਿਰਮਾਣ ਕਰਨਾ ਹੈ। ਇਸ ਮਾਡਲ ਵਿੱਚ ਹੁਕਮ ਦਾ ਸੰਕਲਪ ਪ੍ਰਧਾਨ ਹੈ ਜੋ ਨੈਤਿਕਤਾ ਤੇ ਅਧਾਰਿਤ ਪ੍ਰਬੰਧ ਕਲਾ ਦਾ ਅਧਾਰ ਹੈ। ਗੁਰੂ ਸਾਹਿਬ ਅਨੁਸਾਰ ਜੇਕਰ

ਮਨੁੱਖ ਆਪਣੇ ਅਸਲ ਉਦੇਸ਼ ਅਨੁਸਾਰ ਸਚਿਆਰ ਮਨੁੱਖ ਨਹੀਂ ਬਣਦਾ ਤਾਂ ਗੁਰੂ ਸਾਹਿਬ ਉਸ ਨੂੰ ਫਿਰ ਤੋਂ ਗੁਰੂ ਦੇ ਦੱਸੇ ਮਾਰਗ ਅਨੁਸਾਰ ਚੱਲਣ ਲਈ ਪ੍ਰੇਰਦੇ ਹਨ ਜਿਸ ਰਾਹੀਂ ਮਾੜੇ ਕੰਮਾਂ ਤੋਂ ਬਿਰਤੀ ਹਟ ਕੇ ਚੰਗੇ ਕੰਮਾਂ ਵਿੱਚ ਲੱਗ ਜਾਂਦੀ ਹੈ-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[131]

ਗੁਰੂ ਸਾਹਿਬ ਅਨੁਸਾਰ ਯੋਗ ਨਿਯੰਤਰਣ ਦਾ ਨਤੀਜਾ ਸਚਿਆਰ ਮਨੁੱਖ ਦੇ ਰੂਪ ਵਿਚ ਸਾਕਾਰ ਹੁੰਦਾ ਹੈ। ਗੁਰੂ ਸਾਹਿਬ ਜੀ ਦੁਆਰਾ ਦਰਸਾਇਆ ਗਿਆ ਮਾਰਗ ਨੈਤਿਕ ਕਦਰਾਂ ਕੀਮਤਾਂ ਤੇ ਅਧਾਰਿਤ ਹੈ। ਅੱਜ ਦੇ ਸਮੇਂ ਵਪਾਰਿਕ ਸੰਸਥਾਵਾਂ ਵਿੱਚ ਵੀ ਨੈਤਿਕ ਕਦਰਾਂ ਕੀਮਤਾਂ ਤੇ ਅਧਾਰਿਤ ਮਾਡਲ ਦੀ ਸਫ਼ਲਤਾ ਯੋਗ ਨਿਯੰਤਰਣ ਤੇ ਵੀ ਨਿਰਭਰ ਕਰਦੀ ਹੈ, ਮੌਜੂਦਾ ਸਮੇਂ ਇਸ ਨੂੰ ਲਾਗੂ ਕਰਨ ਦੀ ਸਖ਼ਤ ਜ਼ਰੂਰਤਹੈ।

ਉਪਰੋਕਤ ਅਧਿਐਨ ਰਾਹੀਂ ਸਪੱਸ਼ਟ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਪਾਰਿਕ ਨੈਤਿਕਤਾ ਬਾਰੇ ਖੁੱਲ੍ਹ ਕੇ ਗੱਲ ਕੀਤੀ ਗਈ ਹੈ। ਵਪਾਰਿਕ ਨੀਤੀਆਂ ਵਿੱਚ ਜੇਕਰ ਇਹਨਾਂ ਕਦਰਾਂ ਕੀਮਤਾਂ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਵਪਾਰ ਵਿੱਚ ਨੈਤਿਕਤਾ ਦੇ ਘਟ ਰਹੇ ਸਤੱਰ ਨੂੰ ਉੱਪਰ ਚੁੱਕਿਆ ਜਾ ਸਕਦਾ ਹੈ। ਗੁਰੂ ਸਾਹਿਬ ਦੁਆਰਾ ਨੈਤਿਕਤਾ ਦੇ ਮੂਲ ਸਿਧਾਂਤਾਂ ਜਿਵੇਂ ਕਿ ਨਿਮਰਤਾ, ਸਮਾਜਿਕ ਜ਼ਿੰਮੇਵਾਰੀ, ਯੋਗ ਅਗਵਾਈ, ਸਚਾਈ, ਪਾਰਦਰਸ਼ਿਤਾ, ਸਮਾਨਤਾ, ਦਇਆ, ਸਹਿਣਸ਼ੀਲਤਾ, ਨਿਆਂ, ਨਿਸ਼ਕਾਮ ਸੇਵਾ, ਯੋਜਨਾਬੰਧੀ ਅਤੇ ਨਿਯੰਤਰਣ ਨੂੰ ਅਲੱਗ ਤਰੀਕਿਆਂ ਰਾਹੀਂ ਅਪਨਾਉਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਜੀ ਦੁਆਰਾ ਦਰਸਾਇਆ ਸੱਚਿਆਰ ਮਨੁੱਖ ਉਸੇ ਸੰਸਥਾ ਦੇ ਵਾਂਗ ਹੀ ਹੈ ਜਿਸ ਨੇ ਵਪਾਰਿਕ ਉਦੇਸ਼ਾਂ ਦੇ ਨਾਲ ਨਾਲ ਧਾਰਮਿਕ ਕਰੱਤਵਾਂ ਨੂੰ ਵੀ ਪੂਰਾ ਕੀਤਾ ਹੋਵੇ। ਮੌਜੂਦਾ ਵਿਸ਼ਵੀਕਰਨ ਦੇ ਸਮੇਂ ਭਵਿੱਖ ਵਿੱਚ ਅਜਿਹੀਆਂ ਸੰਸਥਾਵਾਂ ਹੀ ਵਿਕਾਸ ਕਰ ਸਕਦੀਆਂ ਹਨ ਜੋ ਨੈਤਿਕਤਾ ਦੇ ਇਹਨਾਂ ਸਿਧਾਂਤਾਂ ਨੂੰ ਧਾਰਣ ਕਰਨਗੀਆਂ।

**ਹਵਾਲੇ ਅਤੇ ਟਿੱਪਣੀਆਂ-**


1. ਡਾ. ਵੀ.ਕੇ. ਸ਼ਰਮਾਂ, ਪ੍ਰਬੰਧ ਦੇ ਸਿਧਾਂਤ ਅਤੇ ਵਿਹਾਰ, ਪੰਨਾ 369
2. ਆਰ.ਕੇ. ਸ਼ਰਮਾਂ, ਪ੍ਰਬੰਧ ਦੇ ਮੂਲ ਸਿਧਾਂਤ, ਪੰਨਾ 421
3. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1027
4. Oxford Dictionary (Online)
5. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 292
6. ਉਹੀ, ਅੰਗ 511
7. ਉਹੀ, ਅੰਗ 73
8. ਉਹੀ, ਅੰਗ 185
9. ਉਹੀ, ਅੰਗ 141
10. ਉਹੀ, ਅੰਗ 769
11. ਉਹੀ, ਅੰਗ 265
12. ਉਹੀ, ਅੰਗ 8
13. ਉਹੀ, ਅੰਗ 7
14. ਉਹੀ, ਅੰਗ 23
15. ਉਹੀ, ਅੰਗ 58
16. ਉਹੀ, ਅੰਗ 214
17. Young Kim, Justice as Right Action, P-79
18. ਉਹੀ, ਅੰਗ 261
19. ਉਹੀ, ਅੰਗ 8
20. ਉਹੀ, ਅੰਗ-1092
21. ਉਹੀ, ਅੰਗ 987

22. ਉਹੀ, ਅੰਗ 1288

23. ਉਹੀ, ਅੰਗ 480

24. ਡਾ. ਵੀ.ਕੇ. ਪ੍ਰਬੰਧ ਦੇ ਸਿਧਾਂਤ ਅਤੇ ਵਿਹਾਰ, ਪੰਨਾ 364

25. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1245

26. ਉਹੀ, ਅੰਗ 522

27. ਉਹੀ, ਅੰਗ 417

28. ਉਹੀ, ਅੰਗ 141

29. SK. Bhatia, Business Ethics and Managerial Values, P-145

30. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 22

31. ਉਹੀ, ਅੰਗ 292

32. LM Prasad, Principle & Practice of Management, P-309

33. ਗੁਰੂ ਗ੍ਰੰਥ ਸਾਹਿਬ, ਅੰਗ 16

34. ਉਹੀ, ਅੰਗ 36

35. ਉਹੀ, ਅੰਗ 22

36. ਉਹੀ, ਅੰਗ 36

37. ਉਹੀ, ਅੰਗ 1104

38. ਉਹੀ, ਅੰਗ 122

39. ਉਹੀ, ਅੰਗ 22

40. ਉਹੀ, ਅੰਗ 22

41. ਉਹੀ, ਅੰਗ 17

42. ਉਹੀ, ਅੰਗ 482

43. ਉਹੀ, ਅੰਗ 428

44. ਉਹੀ, ਅੰਗ 335

45. ਉਹੀ, ਅੰਗ 606

46. ਉਹੀ, ਅੰਗ 1103

47 ਉਹੀ, ਅੰਗ 472

48. ਉਹੀ, ਅੰਗ 299

49. ਉਹੀ,ਅੰਗ 185

50. ਉਹੀ, ਅੰਗ 949

51. ਉਹੀ, ਅੰਗ 713

52. Theodore Roosevelt, Address to the Deep water way convention Memphis, TN, Oct. 4, Oct 4, 1907 [Online]

53. ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 229

54. ਉਹੀ, ਅੰਗ 469

55. ਉਹੀ, ਅੰਗ 465

56. ਉਹੀ, ਅੰਗ 105

57. ਉਹੀ, ਅੰਗ 913

58. ਉਹੀ, ਅੰਗ 088

59. ਭਾਈ ਗੁਰਦਾਸ ਜੀ, ਵਾਰ 30, ਪਾਉੜੀ

1. ਧਰਮ ਅਧਾਰਿਤ ਪ੍ਰੋਤਸਾਹਨ ਮਨੁੱਖ ਦੇ ਲਈ ਸਭ ਤੋਂ ਵੱਧ ਪ੍ਰਭਾਵਸ਼ਾਲੀ ਪ੍ਰੋਤਸਾਹਨ ਦਾ ਸਰੋਤ ਹੈ, ਇਸ ਕਥਨ ਨਾਲ 27.7% ਲੀਡਰ ਸਹਿਮਤ ਹਨ ਅਤੇ 32.7% ਪੂਰਨ ਤੌਰ ਤੇ ਸਹਿਮਤ ਹਨ।

2. 10.9% ਉਪਰੋਕਤ ਕਥਨ ਨਾਲ ਅਸਹਿਮਤ ਹਨ ਜਦਕਿ 11.9% ਪੂਰਨ ਤੌਰ ਤੇ ਅਸਹਿਮਤ ਹਨ। 16.8% ਵਪਾਰਿਕ ਨੁਮਾਇੰਦਿਆਂ ਨੇ ਕੋਈ ਵੀ ਨਿਰਣਾ ਕਰਨ ਵਿੱਚ ਅਸਮਰੱਥਾ ਪ੍ਰਗਟਾਈ ਹੈ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.59 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਧਰਮ ਅਧਾਰਿਤ ਭਾਵਨਾ ਰਾਹੀਂ ਮਨੁੱਖ ਉਤਸ਼ਾਹਿਤ ਹੁੰਦਾ ਹੈ ਅਤੇ ਅਜਿਹਾ ਉਤਸ਼ਾਹ ਟਿਕਾਊ ਪ੍ਰੋਤਸਾਹਨ ਦਾ ਰੂਪ ਧਾਰਣ ਕਰ ਜਾਂਦਾ ਹੈ।

### 5.3.4 ਨੈਤਿਕਤਾ ਅਤੇ ਮਨੁੱਖੀ ਕੀਮਤਾਂ ਦਾ ਨਿਰੀਖਣ। (Analysis of Ethics and Human values)

5.3.4.1 ਭਰੋਸੇਯੋਗਤਾ ਨੈਤਿਕਤਾ ਅਧਾਰਿਤ ਮੁੱਲ ਹੈ ਅਤੇ ਈਮਾਨਦਾਰੀ, ਸੱਚਾਈ, ਇਕਸੁਰਤਾ, ਨਿਮਰਤਾ, ਵਾਅਦਾ ਨਿਭਾਉਣਾ, ਵਫ਼ਾਦਾਰੀ ਆਦਿ ਭਰੋਸੇਯੋਗਤਾ ਦੇ ਮਹੱਤਵਪੂਰਨ ਅੰਗ ਹਨ। (Trust is a component of ethics and honesty, truthfulness, stability, modesty, promise keeping and loyality are important components of it).

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 4 | 3.8 | 4.0 | 4.0 |
| | Strongly Disagree | 4 | 3.8 | 4.0 | 7.9 |
| | Neutral | 4 | 3.8 | 4.0 | 11.9 |
| | Agree | 33 | 31.4 | 32.7 | 44.6 |
| | Strongly Agree | 56 | 53.3 | 55.4 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 4.3168 |
| Std. Error of Mean | | .10043 |
| Median | | 5.0000 |
| Mode | | 5.00 |
| Skewness | | -1.866 |
| Std. Error of Skewness | | .240 |
| Kurtosis | | 3.293 |
| Std. Error of Kurtosis | | .476 |
| Sum | | 436.00 |

**Table: 5.34 Statistical interpretations for components of Trust**

**ਵਿਆਖਿਆ (Interpretation)-**

1. 32.7% ਵਪਾਰਿਕ ਨੁਮਾਇੰਦੇ ਇਸ ਕਥਨ ਨਾਲ ਸਹਿਮਤ ਹਨ ਕਿ ਵਪਾਰਿਕ ਨੈਤਿਕਤਾ ਈਮਾਨਦਾਰੀ, ਸੱਚਾਈ, ਇਕਸਾਰਤਾ, ਨਿਰਭਰਤਾ ਅਤੇ ਵਫ਼ਾਦਾਰੀ ਅਧਾਰਿਤ ਮੁੱਲ ਹੈ ਅਤੇ 55.4% ਵਪਾਰਿਕ ਲੀਡਰ ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. 8% ਪੂਰਨ ਤੌਰ ਤੇ ਅਸਹਿਮਤ ਪਾਏ ਗਏ ਜਦਕਿ 4% ਕਿਸੇ ਵੀ ਨਤੀਜੇ ਤੇ ਪਹੁੰਚਣ ਵਿੱਚ ਅਸਮਰੱਥ ਪਾਏ ਗਏ।

3. ਉਪਰੋਕਤ ਡਾਟੇ ਦਾ ਔਸਤ ਅੰਕ (Mean Score) 4.31 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਸਿੱਖ ਵਪਾਰਿਕ ਲੀਡਰ ਈਮਾਨਦਾਰੀ, ਸੱਚ, ਨਿਰਭਰਤਾ, ਵਾਅਦਾ ਨਿਭਾਉਣਾ ਵਫ਼ਾਦਾਰੀ ਅਤੇ ਭਰੋਸੇਯੋਗਤਾ ਅਧਾਰਿਤ ਨੈਤਿਕਤਾ ਵਿੱਚ ਵਿਸ਼ਵਾਸ ਕਰਦੇ ਹਨ।

5.3.4.2 ਪ੍ਰਬੰਧਕੀ ਨੈਤਿਕਤਾ ਰਾਹੀ ਕੰਮ ਪ੍ਰਤੀ ਜਵਾਬਦੇਹੀ, ਸਮਰਪਣ ਅਤੇ ਸੱਚਾਈ ਦੀ ਭਾਵਨਾ ਵਿੱਚ ਵਾਧਾ ਹੁੰਦਾ ਹੈ ਇਸ ਲਈ ਗੁਰੂ ਗ੍ਰੰਥ ਸਾਹਿਬ ਪ੍ਰਬੰਧਕ ਨੂੰ ਵਧੀਆ ਗੁਣ ਦਿੰਦੇ ਹਨ।

(Managerial ethics leads to truthfulness, work accountability and dedication for the Guru Granth Sahib is the great source for these qualities for manager)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 6 | 5.7 | 5.9 | 5.9 |
| | Strongly Disagree | 7 | 6.7 | 6.9 | 12.9 |
| | Neutral | 13 | 12.4 | 12.9 | 25.7 |
| | Agree | 38 | 36.2 | 37.6 | 63.4 |
| | Strongly Agree | 37 | 35.2 | 36.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.9208 |
| Std. Error of Mean | | .11405 |
| Median | | 4.0000 |
| Mode | | 4.00 |
| Skewness | | -1.103 |
| Std. Error of Skewness | | .240 |
| Kurtosis | | .547 |
| Std. Error of Kurtosis | | .476 |
| Sum | | 396.00 |

**Table: 5.35 Statistical interpretations for source of truthfulness, work accountability and dedication**

**ਵਿਆਖਿਆ (Interpretation)-**

1. 37.6% ਸਿੱਖ ਨੁਮਾਇੰਦਿਆਂ ਅਨੁਸਾਰ ਇਸ ਕਥਨ ਨਾਲ ਸਹਿਮਤ ਹਨ ਕਿ ਪ੍ਰਬੰਧਕੀ ਨੈਤਿਕਤਾ ਦੇ ਗੁਣਾਂ ਵਿੱਚ ਗੁਰੂ ਗ੍ਰੰਥ ਸਾਹਿਬ ਪ੍ਰਬੰਧਕ ਨੂੰ ਵਧੀਆ ਪ੍ਰਬੰਧਕੀ ਗੁਣ ਦਿੰਦੇ ਹਨ ਅਤੇ 36.6% respondent ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. 5.9% ਵਪਾਰਿਕ ਨੁਮਾਇੰਦੇ ਉਪਰੋਕਤ ਕਥਨ ਨਾਲ ਅਸਹਿਮਤ ਅਤੇ 6.9% ਪੂਰਨ ਤੌਰ ਤੇ ਅਸਹਿਮਤ ਪਾਏ ਗਏ ਜਦਕਿ 12.9% ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਪਾਏ ਗਏ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.92 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਗੁਰੂ ਗ੍ਰੰਥ ਸਾਹਿਬ ਪ੍ਰਬੰਧਕੀ ਗੁਣਾਂ ਦਾ ਖਜ਼ਾਨਾਂ ਹਨ।

5.3.4.3 ਕੰਮ ਪ੍ਰਤੀ ਨੈਤਿਕਤਾ ਮਨੁੱਖੀ ਵਿਵਹਾਰ ਦਾ ਹੀ ਨਤੀਜਾ ਹੁੰਦੀ ਹੈ। ਪ੍ਰਬੰਧਕ ਵਧੀਆ ਪ੍ਰਬੰਧਕ ਬਣ ਸਕਦੇ ਹਨ ਜੇਕਰ ਸਿੱਖ ਦਰਸ਼ਨ ਸ਼ਾਸਤਰ, ਸਿੱਖ ਨੈਤਿਕਤਾ ਅਤੇ ਸਿੱਖ ਸੱਭਿਆਚਾਰ ਨੂੰ ਅਪਣਾਇਆ ਜਾਵੇ। (Work ethics are result of human attitude. If the Sikh Philosophy, Sikh ethics and Sikh culture espoused by manager, the efficiency can increase manifold).

**ਨਤੀਜੇ (Findings):–**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 1 | 1.0 | 1.0 | 1.0 |
| | Strongly Disagree | 7 | 6.7 | 6.9 | 7.9 |
| | Neutral | 11 | 10.5 | 10.9 | 18.8 |
| | Agree | 28 | 26.7 | 27.7 | 46.5 |
| | Strongly Agree | 54 | 51.4 | 53.5 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 4.2574 |
| Std. Error of Mean | | .09714 |
| Median | | 5.0000 |
| Mode | | 5.00 |
| Skewness | | -1.265 |
| Std. Error of Skewness | | .240 |
| Kurtosis | | .864 |
| Std. Error of Kurtosis | | .476 |
| Sum | | 430.00 |

**Table: 5.36 Statistical interpretations for role of Sikh Philosophy, Sikh ethics and Sikh culture in managerial efficiency**

**ਵਿਆਖਿਆ (Interpretation)-**

1. 27.7% ਵਪਾਰਿਕ ਨੁਮਾਇੰਦਿਆਂ ਅਨੁਸਾਰ ਉਹ ਇਸ ਕਥਨ ਨਾਲ ਸਹਿਮਤ ਹਨ ਕਿ ਵਧੀਆ ਪ੍ਰਬੰਧਕ ਫਿਰ ਵੀ ਬਣਿਆ ਜਾ ਸਕਦਾ ਹੈ ਜੇਕਰ ਸਿੱਖ ਦਰਸ਼ਨ ਸ਼ਾਸਤਰ, ਸਿੱਖ ਨੈਤਿਕਤਾ ਅਤੇ ਸਿੱਖ ਸੱਭਿਆਚਾਰ ਨੂੰ ਅਪਣਾਏ ਜਾਵੇ ਜਦਕਿ 53.5 % respondents ਪੂਰਨ ਤੌਰ ਤੇ ਸਹਿਮਤ ਪਾਏ ਗਏ।

2. 1% ਵਪਾਰਿਕ ਲੀਡਰ ਉਪਰੋਕਤ ਕਥਨ ਨਾਲ ਅਸਹਿਮਤ ਪਾਏ ਗਏ ਜਦਕਿ 6.9% ਪੂਰਨ ਤੌਰ ਤੇ ਅਸਹਿਮਤ ਸਨ। 10.9% respondents ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਰਮਥ ਸਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 4.25 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਸਿੱਖ ਦਰਸ਼ਨ ਸ਼ਾਸਤਰ, ਸਿੱਖ ਨੈਤਿਕਤਾ ਅਤੇ ਸਿੱਖ ਸੱਭਿਆਚਾਰ ਰਾਹੀ ਵਧੀਆ ਪ੍ਰਬੰਧਕਾਂ ਦੀ ਉਸਾਰੀ ਕੀਤੀ ਜਾ ਸਕਦੀ ਹੈ।

5.3.4.4 ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਜੇਕਰ ਵਪਾਰਿਕ ਕਾਰਜਕਰਣੀ ਵਿੱਚ ਅਪਣਾਇਆ ਜਾਵੇ ਤਾਂ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ। (If the teachings of Guru Granth Sahib incorporate in the business practices, it will lead to better quality.)

**ਨਤੀਜੇ (Findings):–**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 2 | 1.9 | 2.0 | 2.0 |
| | Strongly Disagree | 7 | 6.7 | 6.9 | 8.9 |
| | Neutral | 6 | 5.7 | 5.9 | 14.9 |
| | Agree | 38 | 36.2 | 37.6 | 52.5 |
| | Strongly Agree | 48 | 45.7 | 47.5 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 4.2178 |
| Std. Error of Mean | | .09709 |
| Median | | 4.0000 |
| Mode | | 5.00 |
| Skewness | | -1.441 |
| Std. Error of Skewness | | .240 |
| Kurtosis | | 1.770 |
| Std. Error of Kurtosis | | .476 |
| Sum | | 426.00 |

**Table: 5.37 Statistical interpretations for role teachings of Guru Granth Sahib in quality augmentation**

**ਵਿਆਖਿਆ (Interpretation)-**

1. 37.6% ਸਿੱਖ ਲੀਡਰ ਇਸ ਕਥਨ ਨਾਲ ਸਹਿਮਤ ਹਨ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਵਪਾਰਿਕ ਕਾਰਜਕਰਨੀ ਵਿੱਚ ਅਪਣਾਇਆ ਤਾਂ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ ਅਤੇ 47.5% ਲੀਡਰ ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. 2% ਲੀਡਰ ਉਪਰੋਕਤ ਕਥਨ ਨਾਲ ਅਸਹਿਮਤ ਹਨ ਅਤੇ 6.9% ਪੂਰਨ ਤੌਰ ਤੇ ਅਸਹਿਮਤ ਹਨ ਜਦਕਿ 5.9% ਕਿਸੇ ਫ਼ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਹਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 4.21 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਜੇਕਰ ਕਾਰਜ ਕੀਤੇ ਜਾਣ ਤਾਂ ਵਪਾਰਿਕ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ।

5.3.4.5 ਵਪਾਰਿਕ ਸੰਸਥਾਂ ਦਾ ਮਕਸਦ ਕੇਵਲ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਅਤੇ ਵਿਤਰਣ ਹੀ ਨਹੀਂ ਹੁੰਦਾ ਸਗੋਂ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕਰਨਾ ਵੀ ਹੈ। ਗੁਰੂ ਗ੍ਰੰਥ ਸਾਹਿਬ ਇਸ ਉਦੇਸ਼ ਦੀ ਪ੍ਰਾਪਤੀ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ।(Business organisation not only to produce goods and services but it also need to build strong human relations, for this Guru Granth Sahib provide great insights.)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 12 | 11.4 | 11.9 | 11.9 |
| | Strongly Disagree | 13 | 12.4 | 12.9 | 24.8 |
| | Neutral | 5 | 4.8 | 5.0 | 29.7 |
| | Agree | 17 | 16.2 | 16.8 | 46.5 |
| | Strongly Agree | 54 | 51.4 | 53.5 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.8713 |
| Std. Error of Mean | | .14669 |
| Median | | 5.0000 |
| Mode | | 5.00 |
| Skewness | | -.939 |
| Std. Error of Skewness | | .240 |
| Kurtosis | | -.697 |
| Std. Error of Kurtosis | | .476 |
| Sum | | 391.00 |

**Table: 5.38 Statistical interpretations for role of strong human relations in an organization**

**ਵਿਆਖਿਆ (Interpretation)-**

1. 16.8% ਵਪਾਰਿਕ ਨੁਮਾਇੰਦਿਆਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਮਨੁੱਖੀ ਰਿਸ਼ਤਿਆਂ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ ਅਤੇ 53.5% respondent ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. 24.8% ਸਿੱਖ ਲੀਡਰਾਂ ਮੁਤਾਬਕ ਉਪਰੋਕਤ ਕਥਨ ਸਹੀ ਨਹੀ ਹੈ ਜਦਕਿ 5% ਕਿਸੇ ਵੀ ਨਿਰਣੇ ਤੇ ਪਹੁੰਚਣ ਵਿੱਚ ਅਸਮਰੱਥ ਪਾਏ ਗਏ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.87 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਗੁਰੂ ਗ੍ਰੰਥ ਸਾਹਿਬ ਵਪਾਰ ਵਿਚ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ।

5.3.4.6 ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖਤਾ ਦੇ ਸੰਕਲਪ ਦਾ ਅਧਾਰ ਮੌਜੂਦ ਹੈ ਜਿਸ ਅਨੁਸਾਰ ਸਾਰੇ ਮਨੁੱਖ ਅਕਾਲ ਪੁਰਖ ਦੇ ਬੱਚੇ ਹਨ ਅਤੇ ਇਹ ਮਨੁੱਖੀ ਸੁਤੰਤਰਤਾ ਅਤੇ ਸਤਿਕਾਰ ਲਈ ਅਧਾਰ

ਪ੍ਰਦਾਨ ਕਰਦਾ ਹੈ। (Guru Granth Sahib provides the holistic views of humanism, according to it all are children of Akaal Purakh and this is the base for human freedom and dignity.)

**ਨਤੀਜੇ (Findings):–**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 9 | 8.6 | 8.9 | 8.9 |
| | Strongly Disagree | 11 | 10.5 | 10.9 | 19.8 |
| | Neutral | 11 | 10.5 | 10.9 | 30.7 |
| | Agree | 25 | 23.8 | 24.8 | 55.4 |
| | Strongly Agree | 45 | 42.9 | 44.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| SN | Valid | 101 |
| | Missing | 4 |
| Mean | | 3.8515 |
| Std. Error of Mean | | .13304 |
| Median | | 4.0000 |
| Mode | | 5.00 |
| Skewness | | -.926 |
| Std. Error of Skewness | | .240 |
| Kurtosis | | -.406 |
| Std. Error of Kurtosis | | .476 |
| Sum | | 389.00 |

**Table: 5.39 Statistical interpretations for role of humanism of Sikh gurus in an organization**

**ਵਿਆਖਿਆ (Interpretation)-**

1. 24.8% ਵਪਾਰਿਕ ਨੁਮਾਇੰਦੇ ਇਸ ਕਥਨ ਨਾਲ ਸਹਿਮਤ ਹਨ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖਤਾ ਦੇ ਸੰਕਲਪ ਦਾ ਅਧਾਰ ਮੌਜੂਦ ਹੈ ਜਿਸ ਅਨੁਸਾਰ ਸਾਰੇ ਮਨੁੱਖ ਅਕਾਲ ਪੁਰਖ ਦੇ ਬੱਚੇ ਹਨ ਅਤੇ 44.6% ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।
2. 8.9% ਲੀਡਰਾਂ ਅਨੁਸਾਰ ਅਜਿਹੇ ਕਥਨ ਨਾਲ ਉਹ ਸਹਿਮਤ ਨਹੀਂ ਅਤੇ 10.9% ਪੂਰਨ ਤੌਰ ਤੇ ਅਸਹਿਮਤ ਹਨ ਜਦਕਿ 10.9% ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਮੱਰਥ ਪਾਏ ਗਏ।
3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.85 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਸਿੱਖ ਵਪਾਰਿਕ ਲੀਡਰਾਂ ਅਨੁਸਾਰ ਸਾਰੇ ਮਨੁੱਖ ਅਕਾਲ ਪੁਰਖ ਦੇ ਹੀ ਹਨ ਅਤੇ ਇਹ ਮਨੁੱਖਤਾ ਦਾ ਅਧਾਰ ਵੀ ਹੈ।

5.3.4.7 ਸ੍ਰੀ ਗੁਰੂ ਗ੍ਰੰਥ ਵਿੱਚ ਮੌਜੂਦ ਮਾਨਵਤਾ ਦਾ ਸੰਕਲਪ, ਕਰਮਚਾਰੀਆਂ ਦੇ ਸਬੰਧਾਂ ਨਾਲ ਸਬੰਧਿਤ ਵਪਾਰਿਕ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰੱਥ ਹੈ।(Humanism of Guru Granth Sahib is able to solve the business problems related to employee's relations)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 5 | 4.8 | 5.0 | 5.0 |
| | Strongly Disagree | 8 | 7.6 | 7.9 | 12.9 |
| | Neutral | 12 | 11.4 | 11.9 | 24.8 |
| | Agree | 40 | 38.1 | 39.6 | 64.4 |
| | Strongly Agree | 36 | 34.3 | 35.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.9307 |
| Std. Error of Mean | | .11103 |
| Median | | 4.0000 |
| Mode | | 4.00 |
| Skewness | | -1.095 |
| Std. Error of Skewness | | .240 |
| Kurtosis | | .579 |
| Std. Error of Kurtosis | | .476 |
| Sum | | 397.00 |

**Table: 5.40 Statistical interpretations for effect of humanism of Sikh gurus on employees**

**ਵਿਆਖਿਆ (Interpretation)-**

1. 39.6% ਵਪਾਰਿਕ ਲੀਡਰ ਇਸ ਕਥਨ ਨਾਲ ਸਹਿਮਤ ਹਨ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਮਨੁੱਖਤਾ ਦਾ ਸੰਕਲਪ ਮਨੁੱਖੀ ਰਿਸ਼ਤਿਆਂ ਨਾਲ ਸਬੰਧਿਤ ਅਨੇਕਾਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰੱਥ ਹੈ ਅਤੇ 35.6% ਲੀਡਰ ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. 5% ਵਪਾਰਿਕ ਲੀਡਰ ਉਪਰੋਕਤ ਕਥਨ ਨਾਲ ਸਹਿਮਤ ਨਹੀਂ ਹਨ ਅਤੇ 7.9% ਪੂਰਨ ਤੌਰ ਤੇ ਅਸਹਿਮਤ ਪਾਏ ਗਏ। ਜਦਕਿ 11.9% respondents ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਹਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.93 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਮਾਨਵਤਾ ਦਾ ਸੰਕਲਪ ਵਪਾਰਿਕ ਸਮੱਸਿਆਵਾਂ ਨੂੰ ਹੱਲ ਕਰਦਾ ਹੈ।

5.3.4.8 ਅੰਤਰ-ਨਿਰਭਰਤਾ ਦੀ ਸੋਝੀ ਹੀ ਅਨੇਕਾਂ ਮਨੁੱਖੀ ਸਬੰਧਾਂ ਨਾਲ ਸਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰੱਥ ਹਨ। ( Sense of inter-dependence is able to solve the many complications related to human relation)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 5 | 4.8 | 5.0 | 5.0 |
| | Strongly Disagree | 8 | 7.6 | 7.9 | 12.9 |
| | Neutral | 11 | 10.5 | 10.9 | 23.8 |
| | Agree | 38 | 36.2 | 37.6 | 61.4 |
| | Strongly Agree | 39 | 37.1 | 38.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.9703 |
| Std. Error of Mean | | .11210 |
| Median | | 4.0000 |
| Mode | | 5.00 |
| Skewness | | -1.139 |
| Std. Error of Skewness | | .240 |
| Kurtosis | | .622 |
| Std. Error of Kurtosis | | .476 |
| Sum | | 401.00 |

**Table: 5.41 Statistical interpretations for role of inter dependence on organizational working**

**ਵਿਆਖਿਆ (Interpretation)-**

1. 37.6% ਸਿੱਖ ਨੁਮਾਇੰਦੇ ਇਸ ਕਥਨ ਨਾਲ ਸਹਿਮਤ ਪਾਏ ਗਏ ਕਿ ਅੰਤਰ ਨਿਰਭਰਤਾ ਦੀ ਸੋਝੀ ਅਨੇਕਾਂ ਸਮੱਸਿਆਵਾਂ ਦਾ ਹੱਲ ਹੈ ਅਤੇ 38.6% respondents ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਪਾਏ ਗਏ।

2. 5% ਲੀਡਰ ਉਪਰੋਕਤ ਕਥਨ ਨਾਂਲ ਅਸਹਿਮਤ ਅਤੇ 7.9% ਪੂਰਨ ਤੌਰ ਤੇ ਅਸਹਿਮਤ ਪਾਏ ਗਏ ਜਦਕਿ 10.9% ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਸਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.97 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਅੰਤਰ-ਨਿਰਭਰਤਾ ਦੀ ਸੋਝੀ ਨਾਲ ਅਨੇਕਾਂ ਵਪਾਰਿਕ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ।

5.3.4.9 ਨੈਤਿਕਤਾ, ਪਦਾਰਥਾਂ ਅਤੇ ਪੈਸੇ ਤੋਂ ਵੀ ਵਧੇਰੇ ਮਹੱਤਵਪੂਰਨ ਹੈ।(Ethics are more important than money and material.)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 6 | 5.7 | 5.9 | 5.9 |
| | Strongly Disagree | 6 | 5.7 | 5.9 | 11.9 |
| | Neutral | 9 | 8.6 | 8.9 | 20.8 |
| | Agree | 30 | 28.6 | 29.7 | 50.5 |
| | Strongly Agree | 50 | 47.6 | 49.5 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 4.1089 |
| Std. Error of Mean | | .11596 |
| Median | | 4.0000 |
| Mode | | 5.00 |
| Skewness | | -1.376 |
| Std. Error of Skewness | | .240 |
| Kurtosis | | 1.078 |
| Std. Error of Kurtosis | | .476 |
| Sum | | 415.00 |

**Table: 5.42 Statistical interpretations for importance of ethics**

**ਵਿਆਖਿਆ (Interpretation)-**

1. 29.7% ਸਿੱਖ ਵਪਾਰਿਕ ਨੁਮਾਇੰਦੇ ਇਸ ਕਥਨ ਨਾਲ ਸਹਿਮਤ ਹਨ ਕਿ ਨੈਤਿਕਤਾ ਪਦਾਰਥਾਂ ਅਤੇ ਪੈਸੇ ਤੋਂ ਵੀ ਵਧੇਰੇ ਮਹੱਤਵਪੂਰਨ ਹੈ ਅਤੇ 49.5% ਉਪਰੋਕਤ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਹਨ।

2. 5.9% ਵਪਾਰਿਕ ਲੀਡਰ ਉਪਰੋਕਤ ਕਥਨ ਨਾਲ ਅਸਹਿਮਤ ਹਨ ਅਤੇ 5.9% ਪੂਰਨ ਤੌਰ ਤੇ ਅਸਹਿਮਤ ਹਨ ਜਦਕਿ 8.9% ਕਿਸੇ ਵੀ ਨਤੀਜੇ ਤੇ ਪਹੁੰਚਣ ਵਿੱਚ ਅਸਮਰੱਥ ਪਾਏ ਗਏ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 4.11 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਨੈਤਿਕਤਾ ਪਦਾਰਥਾਂ ਅਤੇ ਪੈਸੇ ਤੋਂ ਵਧੇਰੇ ਮਹੱਤਵਪੂਰਨ ਹੈ।

### 5.3.5. ਸਮਾਜਿਕ ਮਸਲਿਆ ਦਾ ਨਿਰੀਖਣ(Analysis of social issues)

5.3.5.1 ਵਾਤਾਵਰਣ ਬਦਲਾਅ ਮ'ਜ਼ੂਦਾ ਸਮੇਂ ਦੀ ਵੱਡੀ ਅਤੇ ਮੁੱਖ ਸਮੱਸਿਆ ਬਣਦੀ ਜਾ ਰਹੀ ਹੈ। ਆਪਣੀ ਸੰਸਥਾ ਵਿਚ ਮੈਂ ਇਸ ਸਬੰਧੀ ਚਿੰਤਾ ਵੀ ਕਰਦਾ ਹਾਂ ਅਤੇ ਯਤਨਸ਼ੀਲ ਹਾਂ।(Climate change is burning issue in present time. At organisational level I am worried and trying for appropriate measures.)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 5 | 4.8 | 5.0 | 5.0 |
| | Strongly Disagree | 6 | 5.7 | 5.9 | 10.9 |
| | Neutral | 7 | 6.7 | 6.9 | 17.8 |
| | Agree | 41 | 39.0 | 40.6 | 58.4 |
| | Strongly Agree | 42 | 40.0 | 41.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 4.0792 |
| Std. Error of Mean | | .10780 |
| Median | | 4.0000 |
| Mode | | 5.00 |
| Skewness | | -1.412 |
| Std. Error of Skewness | | .240 |
| Kurtosis | | 1.543 |
| Std. Error of Kurtosis | | .476 |
| Sum | | 412.00 |

**Table: 5.43 Statistical interpretations for working on environmental issues**

**ਵਿਆਖਿਆ (Interpretation)-**

1. 40.6% ਵਪਾਰਿਕ ਲੀਡਰ ਇਸ ਕਥਨ ਨਾਲ ਸਹਿਮਤ ਹਨ ਕਿ ਵਾਤਾਵਰਣ ਬਦਲਾਵ ਇੱਕ ਵੱਡੀ ਸਮੱਸਿਆ ਹੈ ਅਤੇ ਉਹ ਇਸ ਸਬੰਧੀ ਨਿਰਣੇ ਕਰਦੇ ਹਨ। 41.6% ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਪਾਏ ਗਏ।

2. 5% ਵਪਾਰਿਕ ਨੁਮਾਇੰਦੇ ਉਪਰੋਕਤ ਕਥਨ ਨਾਲ ਅਸਹਿਮਤ ਅਤੇ 5.9% ਪੂਰਨ ਤੌਰ ਤੇ ਅਸਹਿਮਤ ਪਾਏ ਗਏ ਜਦਕਿ 6.9% ਕਿਸੇ ਵੀ ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਸਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 4.07 ਹੈ ਭਾਵ ਵਪਾਰਿਕ ਲੀਡਰ ਪੂਰਨ ਤੌਰ ਤੇ ਸਹਿਮਤ ਹਨ ਕਿ ਸਿੱਖ ਵਪਾਰਿਕ ਲੀਡਰ ਵਾਤਾਵਰਣ ਬਦਲਾਅ ਪ੍ਰਤੀ ਸੁਚੇਤ ਹਨ ਅਤੇ ਇਸ ਸਬੰਧੀ ਸੰਸਥਾਗਤ ਪੱਧਰ ਤੇ ਯਤਨਸ਼ੀਲ ਵੀ ਹਨ।

5.3.5.2 ਸੰਸਥਾਂ ਵਿਚ ਕੋਈ ਵੀ ਨਵਾਂ ਉਤਪਾਦ ਜਾ ਸੇਵਾਵਾਂ ਤਿਆਰ ਕਰਨ ਸਮੇਂ ਵਾਤਾਵਰਣ ਨੂੰ ਸਾਹਮਣੇ ਰੱਖ ਕੇ ਸੋਚਿਆ ਜਾਂਦਾ ਹੈ।(In an organisation when we develop any goods or services, we considered environmental aspects with dedication.)

**ਨਤੀਜੇ (Findings):–**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 9 | 8.6 | 8.9 | 8.9 |
| | Strongly Disagree | 8 | 7.6 | 7.9 | 16.8 |
| | Neutral | 7 | 6.7 | 6.9 | 23.8 |
| | Agree | 23 | 21.9 | 22.8 | 46.5 |
| | Strongly Agree | 53 | 50.5 | 52.5 | 99.0 |
| | 54.00 | 1 | 1.0 | 1.0 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 4.5248 |
| Std. Error of Mean | | .51176 |
| Median | | 5.0000 |
| Mode | | 5.00 |
| Skewness | | 9.041 |
| Std. Error of Skewness | | .240 |
| Kurtosis | | 87.863 |
| Std. Error of Kurtosis | | .476 |
| Sum | | 457.00 |

**Table: 5.44 Statistical interpretations for working on product development**

**ਵਿਆਖਿਆ (Interpretation)-**

1. 22.8% ਵਪਾਰਿਕ ਲੀਡਰ ਇਸ ਕਥਨ ਨਾਲ ਸਹਿਮਤ ਪਾਏ ਗਏ ਕਿ ਕੋਈ ਵੀ ਉਤਪਾਦਨ ਜਾਂ ਸੇਵਾਵਾਂ ਤਿਆਰ ਕਰਦੇ ਸਮੇਂ ਵਾਤਾਵਰਣ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ 52.5% ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਪਾਏ ਗਏ।

2. 8.9% ਸਿੱਖ ਲੀਡਰ ਉਪਰੋਕਤ ਕਥਨ ਨਾਲ ਅਸਹਿਮਤ ਪਾਏ ਗਏ ਜਦਕਿ 7.9% ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਪਾਏ ਗਏ ਜਦਕਿ 6.9% ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਸਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 4.52 ਹੈ ਭਾਵ ਵਪਾਰਿਕ ਲੀਡਰ ਪੂਰਨ ਤੌਰ ਤੇ ਸਹਿਮਤ ਹਨ ਕਿ ਉਹ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ਸਮੇਂ ਵਾਤਾਵਰਣ ਨੂੰ ਸਾਹਮਣੇ ਰੱਖਕੇ ਨੀਤੀਆਂ ਤਿਆਰ ਕਰਦੇ ਹਨ।

5.3.5.3 **ਸੰਸਥਾ ਵੱਲੋਂ ਵਪਾਰਿਕ ਭਾਈਵਾਲਾਂ ਨੂੰ ਵਸਤੂਆਂ ਅਤੇ ਸੇਵਾਵਾਂ ਨਾਲ ਸਬੰਧਿਤ ਵਾਤਾਵਰਣ ਦੇ ਮਸਲਿਆਂ ਦੀ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ।**(Our organisation provide complete information to stakeholder related to environmental concerns of goods and services)

**ਨਤੀਜੇ (Findings):–**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 5 | 4.8 | 5.0 | 5.0 |
| | Strongly Disagree | 5 | 4.8 | 5.0 | 9.9 |
| | Neutral | 21 | 20.0 | 20.8 | 30.7 |
| | Agree | 29 | 27.6 | 28.7 | 59.4 |
| | Strongly Agree | 41 | 39.0 | 40.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.9505 |
| Std. Error of Mean | | .11203 |
| Median | | 4.0000 |
| Mode | | 5.00 |
| Skewness | | -.973 |
| Std. Error of Skewness | | .240 |
| Kurtosis | | .333 |
| Std. Error of Kurtosis | | .476 |
| Sum | | 399.00 |

**Table: 5.45 Statistical interpretations for level of stakeholders' involvements**

**ਵਿਆਖਿਆ (Interpretation)-**

1. 28.7% ਵਪਾਰਿਕ ਨੁਮਾਇੰਦੇ ਇਸ ਕਥਨ ਨਾਲ ਸਹਿਮਤ ਪਾਏ ਗਏ ਕਿ ਵਪਾਰਿਕ ਭਾਈਵਾਲਾਂ ਨੂੰ ਵਸਤੂਆਂ ਅਤੇ ਸੇਵਾਵਾਂ ਨਾਲ ਸਬੰਧਿਤ ਵਾਤਾਵਰਣ ਦੇ ਮਸਲਿਆਂ ਦੀ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ ਅਤੇ 40.6% ਨੁਮਾਇੰਦੇ ਉਪਰੋਕਤ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਪਾਏ ਗਏ।

2. 5% ਵਪਾਰਿਕ ਲੀਡਰ ਉਪਰੋਕਤ ਕਥਨ ਨਾਲ ਅਸਹਿਮਤ ਅਤੇ 5% ਪੂਰਨ ਤੌਰ ਤੇ ਅਸਹਿਮਤ ਪਾਏ ਗਏ ਜਦਕਿ 20.8% ਵਪਾਰਿਕ ਲੀਡਰ ਕਿਸੇ ਵੀ ਫ਼ੈਸਲੇ ਤੇ ਪਹੁੰਚਣ ਵਿੱਚ ਅਸਮਰੱਥ ਪਾਏ ਗਏ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.95 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਉਤਪਾਦਾਂ ਦੇ ਵਾਤਾਵਰਣ ਨਾਲ ਸਬੰਧਿਤ ਮਸਲਿਆਂ ਦੀ ਪੂਰੀ ਜਾਣਕਾਰੀ ਵਪਾਰਿਕ ਭਾਈਵਾਲਾ ਤੱਕ ਪਹੁੰਚਾਉਣੀ ਲਾਜ਼ਮੀ ਹੈ।

5.3.5.4 ਮੇਰੇ ਅਨੁਸਾਰ ਜੋ ਵਿਅਕਤੀ ਸੰਸਥਾ ਵਿਚ ਉੱਚ ਅਹੁਦੇ ਤੇ ਹੋਵੇ ਉਸਨੂੰ ਦੂਸਰਿਆਂ ਨਾਲ ਇੱਕੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਲਾਭ ਨੂੰ ਵੀ ਵੰਡਣਾ ਚਾਹੀਦਾ ਹੈ।(According to me the person who is at higher postion in an organisation he should treat others equally and should share profits with them.)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 11 | 10.5 | 10.9 | 10.9 |
| | Strongly Disagree | 8 | 7.6 | 7.9 | 18.8 |
| | Neutral | 27 | 25.7 | 26.7 | 45.5 |
| | Agree | 20 | 19.0 | 19.8 | 65.3 |
| | Strongly Agree | 35 | 33.3 | 34.7 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.5941 |
| Std. Error of Mean | | .13214 |
| Median | | 4.0000 |
| Mode | | 5.00 |
| Skewness | | -.573 |
| Std. Error of Skewness | | .240 |
| Kurtosis | | -.735 |
| Std. Error of Kurtosis | | .476 |
| Sum | | 363.00 |

**Table: 5.46 Statistical interpretations for level of equality and its outcomes**

**ਵਿਆਖਿਆ (Interpretation)-**

1. 19.8% Respondnets ਅਜਿਹੇ ਹਨ ਜੋ ਕਿ ਇਸ ਕਥਨ ਨਾਲ ਸਹਿਮਤ ਹਨ ਕਿ ਸਭ ਨਾਲ ਇੱਕੋ ਜਿਹੇ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਲਾਭ ਦਾ ਵਿਤਰਣ ਵੀ ਇੱਕ ਸਮਾਨ ਕਰਨਾ ਚਾਹੀਦਾ ਹੈ। ਜਦਕਿ 34.7% ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. 40% Respondents ਅਜਿਹੇ ਪਾਏ ਗਏ ਜੋ ਕਿਸੇ ਵੀ ਨਤੀਜੇ ਤੇ ਪਹੁੰਚਣ ਵਿੱਚ ਅਸਮਰੱਥ ਸਨ ਜਦਕਿ 6% ਉਪਰੋਕਤ ਕਥਨ ਨਾਲ ਅਸਹਿਮਤ ਪਾਏ ਗਏ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.42 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਬਹੁਗਿਣਤੀ ਵਪਾਰਿਕ ਨੁਮਾਇੰਦੇ ਸਮਾਨਤਾ ਤੇ ਅਧਾਰਿਤ ਵਿਵਹਾਰ ਦੇ ਸਮਰਥਕ ਹਨ।

5.3.5.5 ਮੈਂ ਦੂਸਰਿਆਂ ਨਾਲ ਉਸੇ ਤਰ੍ਹਾਂ ਦਾ ਵਿਵਹਾਰ ਕਰਦਾ ਹਾਂ ਜਿਸ ਤਰ੍ਹਾਂ ਦੀ ਆਸ ਮੈਂ ਦੂਜਿਆਂ ਤੋਂ ਕਰਦਾ ਹਾਂ ਅਤੇ ਮੈਂ ਕੋਸ਼ਿਸ਼ ਕਰਦਾ ਹਾਂ ਕਿ ਅਜਿਹੇ ਮਾਪਦੰਡ ਨਿਸਚਿਤ ਕੀਤੇ ਜਾਣ ਜਿਸ ਰਾਂਹੀ ਸਾਰੇ ਖੁਸ਼ ਰਹਿ ਸਕਣ।( I treat other same as I expect from others for myself, I try to set such standard so that all become happy.)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 7 | 6.7 | 6.9 | 6.9 |
| | Strongly Disagree | 6 | 5.7 | 5.9 | 12.9 |
| | Neutral | 8 | 7.6 | 7.9 | 20.8 |
| | Agree | 37 | 35.2 | 36.6 | 57.4 |
| | Strongly Agree | 43 | 41.0 | 42.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 4.0198 |
| Std. Error of Mean | | .11687 |
| Median | | 4.0000 |
| Mode | | 5.00 |
| Skewness | | -1.323 |
| Std. Error of Skewness | | .240 |
| Kurtosis | | .982 |
| Std. Error of Kurtosis | | .476 |
| Sum | | 406.00 |

**Table: 5.47 Statistical interpretations for conduct in an organization**

**ਵਿਆਖਿਆ (Interpretation)-**

1. 36.6% ਵਪਾਰਿਕ ਲੀਡਰ ਅਜਿਹੇ ਮਾਪਦੰਡਾਂ ਨਾਲ ਸਹਿਮਤ ਹਨ ਜਿਸ ਵਿੱਚ ਹਰ ਕੋਈ ਖੁਸ਼ ਰਹੇ ਅਤੇ 42.6% Respondent ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ ।

2. 12.6% Respondent ਅਜਿਹੇ ਪਾਏ ਗਏ ਜੋ ਉਪਰੋਕਤ ਕਥਨ ਨਾਲ ਸਹਿਮਤ ਨਹੀਂ ਹਨ ਜਦਕਿ 7.9% ਕੋਈ ਵੀ ਫ਼ੈਸਲਾ ਲੈਣ ਵਿੱਚ ਅਸਮਰੱਥ ਹਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 4.01 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਉਹ ਦੂਜਿਆਂ ਪ੍ਰਤੀ ਦਇਆ ਦੀ ਭਾਵਨਾ ਰੱਖਦੇ ਹਨ ਅਤੇ ਦੂਸਰਿਆਂ ਨਾਲ ਉਸੇ ਤਰ੍ਹਾਂ ਦਾ ਵਿਵਹਾਰ ਕਰਦਾ ਹਨ ਜਿਸ ਤਰ੍ਹਾਂ ਦੀ ਆਸ ਦੂਜਿਆਂ ਤੋਂ ਰੱਖਦੇ ਹਨ।

5.3.5.6 ਆਮਦਨ ਦਾ 10ਵਾਂ ਹਿੱਸਾ ਸਮਾਜ ਦੇ ਭਲੇ ਤੇ ਖਰਚ ਕੀਤਾ ਜਾਣਾ ਚਾਹੀਦਾ ਹੈ। ਮੈਂ ਵੀ ਅਜਿਹਾ ਕਰਦਾ ਹਾਂ ਅਤੇ ਇਸ ਵਿੱਚ ਵਿਸ਼ਵਾਸ ਕਰਦਾ ਹਾਂ।(1/10$^{th}$ of income should be devote on social welfare. I strongly believe in it and I also do the same)

**ਨਤੀਜੇ (Findings):–**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 8 | 7.6 | 7.9 | 7.9 |
| | Strongly Disagree | 7 | 6.7 | 6.9 | 14.9 |
| | Neutral | 8 | 7.6 | 7.9 | 22.8 |
| | Agree | 50 | 47.6 | 49.5 | 72.3 |
| | Strongly Agree | 28 | 26.7 | 27.7 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.8218 |
| Std. Error of Mean | | .11466 |
| Median | | 4.0000 |
| Mode | | 4.00 |
| Skewness | | -1.203 |
| Std. Error of Skewness | | .240 |
| Kurtosis | | .774 |
| Std. Error of Kurtosis | | .476 |
| Sum | | 386.00 |

**Table: 5.48 Statistical interpretations for spending on social welfare**

**ਵਿਆਖਿਆ (Interpretation)-**

1. 49.5% Respondents ਇਸ ਕਥਨ ਨਾਲ ਸਹਿਮਤ ਹਨ ਕਿ ਆਮਦਨ ਦਾ 10% ਹਿੱਸਾ (ਦਸਵੰਧ) ਸਮਾਜ ਦੇ ਭਲੇ ਲਈ ਖਰਚ ਕੀਤਾ ਜਾਣਾ ਚਾਹੀਦਾ ਹੈ ਜਦਕਿ 27.7% ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. 7.9% ਵਪਾਰਿਕ ਲੀਡਰ ਉਪਰੋਕਤ ਕਥਨ ਨਾਲ ਅਸਹਿਮਤ ਹਨ ਅਤੇ 6.9% ਪੂਰਨ ਤੌਰ ਤੇ ਅਸਹਿਮਤ ਹਨ। ਜਦਕਿ 7.9% Respondents ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕੇ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.82 ਹੈ ਭਾਵ ਬਹੁਗਿਣਤੀ ਵਪਾਰਿਕ ਲੀਡਰ ਦਸਵੰਧ ਕੱਢਦੇ ਵੀ ਹਨ ਅਤੇ ਇਸ ਤੇ ਵਿਸ਼ਵਾਸ਼ ਵੀ ਕਰਦੇ ਹਨ।

5.3.5.7 ਖੁਸ਼ਹਾਲ ਸਮਾਜਿਕ ਵਿਕਾਸ ਸਮਾਜਿਕ ਨਿਆਂ ਦਾ ਅਧਾਰ ਹੈ ਅਤੇ ਕਿਸੇ ਵੀ ਪ੍ਰਕਾਰ ਦਾ ਭੇਦਭਾਵ ਸਮਾਜਿਕ ਨਿਆਂ ਲਈ ਰੁਕਾਵਟ ਹੈ।(Prosperous life is the base for social justice and any form of discrimination is limitation in this process.)

**ਨਤੀਜੇ (Findings):–**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 7 | 6.7 | 6.9 | 6.9 |
| | Strongly Disagree | 8 | 7.6 | 7.9 | 14.9 |
| | Neutral | 7 | 6.7 | 6.9 | 21.8 |
| | Agree | 43 | 41.0 | 42.6 | 64.4 |
| | Strongly Agree | 36 | 34.3 | 35.6 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.9208 |
| Std. Error of Mean | | .11662 |
| Median | | 4.0000 |
| Mode | | 4.00 |
| Skewness | | -1.212 |
| Std. Error of Skewness | | .240 |
| Kurtosis | | .691 |
| Std. Error of Kurtosis | | .476 |
| Sum | | 396.00 |

**Table: 5.49 Statistical interpretations for role Prosperous life**

**ਵਿਆਖਿਆ (Interpretation)-**

1. 42.6% ਵਪਾਰਿਕ ਨੁਮਾਇੰਦਿਆਂ ਦਾ ਮੰਨਣਾ ਹੈ ਕਿ ਖੁਸ਼ਹਾਲ ਸਮਾਜਿਕ ਵਿਕਾਸ, ਸਮਾਜਿਕ ਨਿਆਂ ਦਾ ਅਧਾਰ ਹੈ, 35.6% ਨੁਮਾਇੰਦੇ ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।
2. 14.8% ਅਜਿਹੇ ਨਤੀਜੇ ਪਾਏ ਗਏ ਜੋ ਉਪਰੋਕਤ ਕਥਨ ਨਾਲ ਅਸਹਿਮਤ ਸਨ ਅਤੇ 6.9% ਵਪਾਰਿਕ ਲੀਡਰ ਕੋਈ ਫ਼ੈਸਲਾ ਲੈਣ ਵਿੱਚ ਅਸਮਰੱਥ ਸਨ।
3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.92 ਹੈ ਭਾਵ ਵਪਾਰਿਕ ਲੀਡਰ ਸਹਿਮਤ ਹਨ ਕਿ ਖੁਸ਼ਹਾਲ ਸਮਾਜਿਕ ਵਿਕਾਸ ਹੀ ਸਮਾਜਿਕ ਨਿਆਂ ਦਾ ਅਧਾਰ ਹੁੰਦਾ ਹੈ।

5.3.5.8 **ਸਮਾਜਿਕ ਤੌਰ ਤੇ ਜ਼ਿੰਮੇਵਾਰ ਸੰਸਥਾ ਹਮੇਸ਼ਾਂ ਸਤਿਕਾਰ ਅਤੇ ਸ਼ਲਾਘਾ ਦਾ ਪਾਤਰ ਬਣਦੀ ਹੈ ਜਿਸ ਨਾਲ ਸੰਸਥਾ ਦੀ ਸਾਖ (Goodwill) ਵਿਚ ਵਾਧਾ ਹੁੰਦਾ ਹੈ।** (Socially responsible organisation always earns praise and respect which results in increase in goodwill.)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 6 | 5.7 | 5.9 | 5.9 |
| | Strongly Disagree | 5 | 4.8 | 5.0 | 10.9 |
| | Neutral | 20 | 19.0 | 19.8 | 30.7 |
| | Agree | 37 | 35.2 | 36.6 | 67.3 |
| | Strongly Agree | 33 | 31.4 | 32.7 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.8515 |
| Std. Error of Mean | | .11115 |
| Median | | 4.0000 |
| Mode | | 4.00 |
| Skewness | | -.974 |
| Std. Error of Skewness | | .240 |
| Kurtosis | | .478 |
| Std. Error of Kurtosis | | .476 |
| Sum | | 389.00 |

**Table: 5.50 Statistical interpretations for relation between responsibility and goodwill**

**ਵਿਆਖਿਆ (Interpretation)-**

1. 36.6% ਵਪਾਰਿਕ ਲੀਡਰ ਇਸ ਗੱਲ ਨਾਲ ਸਹਿਮਤ ਹਨ ਕਿ ਸਮਾਜਿਕ ਤੌਰ ਤੇ ਜ਼ਿੰਮੇਵਾਰ ਸੰਸਥਾਵਾਂ ਹਮੇਸ਼ਾਂ ਹੀ ਸ਼ਲਾਘਾ ਦਾ ਪਾਤਰ ਬਣਦੀਆਂ ਹਨ ਜਦਕਿ 32.7% ਇਸ ਨਾਲ ਪੂਰਨ ਤੌਰ ਤੇ ਸਹਿਮਤ ਸਨ।

2. 19.8% ਵਪਾਰਿਕ ਲੀਡਰ ਕੋਈ ਵੀ ਫ਼ੈਸਲਾ ਲੈਣ ਵਿੱਚ ਅਸਮਰੱਥ ਸਨ ਜਦਕਿ 5.9% ਅਸਹਿਮਤ ਸਨ ਅਤੇ 5% ਪੂਰਨ ਤੌਰ ਤੇ ਅਸਹਿਮਤ ਸਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.85 ਹੈ ਭਾਵ ਬਹੁਗਿਣਤੀ ਵਪਾਰਿਕ ਲੀਡਰ ਸਮਾਜਿਕ ਜ਼ਿੰਮੇਵਾਰੀ ਪੂਰੀ ਕਰਨ ਨੂੰ ਵਪਾਰਿਕ ਸਾਖ ਵਿੱਚ ਵਾਧਾ ਕਰਨ ਦੇ ਸਰੋਤ ਵਜੋਂ ਦੇਖਦੇ ਹਨ।

5.3.5.9 ਵਿਸ਼ਵਾਸ, ਪਾਰਦਰਸ਼ਿਤਾ ਅਤੇ ਸੱਚਾਈ, ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਦਾ ਅਧਾਰ ਹਨ।(Trust, transparency and honesty are base for social responsibility of business)

**ਨਤੀਜੇ (Findings):-**

| | | Frequency | Percent | Valid Percent | Cumulative Percent |
|---|---|---|---|---|---|
| Valid | Disagree | 7 | 6.7 | 6.9 | 6.9 |
| | Strongly Disagree | 4 | 3.8 | 4.0 | 10.9 |
| | Neutral | 11 | 10.5 | 10.9 | 21.8 |
| | Agree | 49 | 46.7 | 48.5 | 70.3 |
| | Strongly Agree | 30 | 28.6 | 29.7 | 100.0 |
| | Total | 101 | 96.2 | 100.0 | |
| Missing | System | 4 | 3.8 | | |
| Total | | 105 | 100.0 | | |

**Statistics**

| | | |
|---|---|---|
| N | Valid | 101 |
| | Missing | 4 |
| Mean | | 3.9010 |
| Std. Error of Mean | | .10855 |
| Median | | 4.0000 |
| Mode | | 4.00 |
| Skewness | | -1.309 |
| Std. Error of Skewness | | .240 |
| Kurtosis | | 1.399 |
| Std. Error of Kurtosis | | .476 |
| Sum | | 394.00 |

**Table: 5.51 Statistical interpretations for base for social responsibility of business**

**ਵਿਆਖਿਆ (Interpretation)-**

1. 48.5% ਵਪਾਰਿਕ ਲੀਡਰ ਇਸ ਕਥਨ ਨਾਲ ਸਹਿਮਤ ਹਨ ਕਿ ਵਿਸ਼ਵਾਸ, ਪਾਰਦਰਸ਼ਿਤਾ ਅਤੇ ਸੱਚਾਈ, ਵਪਾਰ ਦੀ ਸਮਾਜਿਕ ਜ਼ਿੰਮੇਵਾਰੀ ਦਾ ਅਧਾਰ ਹਨ ਅਤੇ 29.7% ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਨ।

2. ਉਪਰੋਕਤ ਕਥਨ ਨਾਲ 6.9% ਅਸਹਿਮਤ ਹਨ ਅਤੇ 4% ਪੂਰਨ ਤੌਰ ਤੇ ਅਸਹਿਮਤ ਹਨ, ਜਦਕਿ 10.9% ਹਿੱਸੇਦਾਰ ਕੋਈ ਵੀ ਫ਼ੈਸਲਾ ਲੈਣ ਵਿੱਚ ਅਸਮਰੱਥ ਹਨ।

3. ਉਪਰੋਕਤ ਡਾਟੇ ਦਾ ਔਸਤ ਅੰਕ(Mean Score) 3.90 ਹੈ ਭਾਵ ਉਪਰੋਕਤ ਵਿਸ਼ਲੇਸ਼ਣ ਤੋਂ ਇਹ ਗੱਲ ਸਾਹਮਣੇ ਆਉਦੀ ਹੈ ਕਿ ਬਹੁਗਿਣਤੀ ਲੀਡਰ ਸਮਾਜਿਕ ਜਵਾਬਦੇਹੀ ਦੇ ਅਧਾਰ ਵਜੋਂ ਵਿਸ਼ਵਾਸ, ਪਾਰਦਰਸ਼ਿਤਾ ਅਤੇ ਸੱਚਾਈ ਨੂੰ ਸਵੀਕਾਰ ਕਰਦੇ ਹਨ।

ਇਸ ਅਧਿਆਏ ਵਿੱਚ ਵਪਾਰਿਕ ਨੈਤਿਕਤਾ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੇ ਨਾਲ ਸਬੰਧਿਤ ਵਿਭਿੰਨ ਵਿਸ਼ਿਆਂ ਤੇ ਸਿੱਖ ਵਪਾਰਿਕ ਲੀਡਰਾਂ ਦੇ ਪ੍ਰਤੀਕਰਮਾਂ ਨੂੰ ਪੇਸ਼ ਕੀਤਾ ਗਿਆ ਹੈ। ਡਾਟਾ ਮੁਲਾਂਕਣ ਤੋਂ ਬਾਅਦ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਮ'ਜੂਦਾ ਸਮੇਂ ਵਪਾਰਿਕ ਨੈਤਿਕਤਾ ਨਾਲ ਸਬੰਧਿਤ ਅਨੇਕਾ ਪੱਖ ਰੂਪਮਾਨ ਹੁੰਦੇ ਹਨ ਜਿਹਨਾਂ ਦੀ ਵਿਧੀਬੱਧ ਰੇਖਾਕਾਰੀ ਵਪਾਰਿਕ ਨੁਮਾਇੰਦਿਆਂ ਵੱਲੋਂ ਕੀਤੀ ਗਈ ਹੈ ਜਿਸ ਨੂੰ ਖੋਜ ਕਾਰਜ ਦੀਆਂ ਸਥਾਪਨਾਂਵਾਂ ਦੇ ਰੂਪ ਵਿਚ ਪੇਸ਼ ਕੀਤਾ ਜਾਵੇਗਾ।

# ਅਧਿਆਇ ਛੇਵਾਂ

## ਸਾਰ ਅਤੇ ਸਥਾਪਨਾਵਾਂ

ਖੋਜ ਪ੍ਰਬੰਧ ਦੇ ਮੂਲ ਵਿਸ਼ੇ **ਸਿੱਖ ਗੁਰੂ ਸਾਹਿਬਾਨ ਦਾ ਵਪਾਰਿਕ ਨੈਤਿਕਤਾ ਪ੍ਰਤੀ ਦ੍ਰਿਸ਼ਟੀਕੋਣ** ਦੇ ਅੰਤਰਗਤ ਵਪਾਰਿਕ ਨੈਤਿਕਤਾ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਨੈਤਿਕਤਾ ਦੇ ਪ੍ਰਸੰਗ ਵਿੱਚ ਵਾਚਿਆ ਗਿਆ ਹੈ ਅਤੇ ਨੈਤਿਕਤਾ ਦੇ ਵਭਿੰਨ ਪਹਿਲੂਆਂ ਦੀ ਰੇਖਾਕਾਰੀ ਨੂੰ ਪਰਤ ਦਰ ਪਰਤ ਡੂੰਘਾਈ ਵਿਚ ਜਾ ਕੇ ਸਮਝਿਆ ਅਤੇ ਪੇਸ਼ ਕੀਤਾ ਗਿਆ ਹੈ। ਵਿਸ਼ੇ ਦੇ ਅਧਿਐਨ ਕਰਨ ਉਪਰੰਤ ਵਪਾਰਿਕ ਨੈਤਿਕਤਾ ਦੇ ਪ੍ਰਸੰਗ ਵਿਚ ਸਥਾਪਨਾਵਾਂ ਦੀ ਉਸਾਰੀ ਕੀਤੀ ਗਈ ਹੈ ਜਿਸ ਦੇ ਫਲਸਰੂਪ ਕੁਝ ਸਿੱਟੇ ਪ੍ਰਾਪਤ ਹੋਏ ਹਨ। ਗੁਰੂ ਸਾਹਿਬਾਨ ਨੈਤਿਕਤਾ ਦੀ ਸਿਧਾਂਤਕ ਪੇਸ਼ਕਾਰੀ ਬਾਣੀ ਰਾਹੀਂ ਕਰਦੇ ਹਨ ਅਤੇ ਉਸ ਦੀ ਵਿਵਹਾਰਿਕਤਾ ਨੂੰ ਜੀਵਨ ਕਾਲ ਦੇ ਇਤਿਹਾਸਿਕ ਪਹਿਲੂਆਂ ਵਿਚ ਰੂਪਮਾਨ ਕਰਦੇ ਹਨ। ਖੋਜ ਪ੍ਰਬੰਧ ਦੀਆਂ ਸਥਾਪਨਾਵਾਂ ਗੁਰਬਾਣੀ ਦੇ ਸਿਧਾਂਤਕ ਅਤੇ ਵਿਵਹਾਰਿਕ ਪਹਿਲੂਆਂ ਤੇ ਹੀ ਅਧਾਰਿਤ ਹਨ।

ਅਜੋਕੇ ਸਮੇਂ ਮਨੁੱਖ ਨੇ ਵਿਗਿਆਨ ਅਤੇ ਤਕਨੀਕੀ ਸਰੋਤਾਂ ਦੀ ਭਰਪੂਰ ਵਰਤੋ ਰਾਹੀਂ ਜਿੱਥੇ ਨਵੇਂ ਵਸੀਲਿਆਂ ਦੀ ਤਲਾਸ਼ ਕੀਤੀ ਹੈ ਪਰ ਨਾਲ ਹੀ ਅਨੇਕਾਂ ਚਣੌਤੀਆਂ ਨੂੰ ਉਜਾਗਰ ਕੀਤਾ ਹੈ। ਇਹਨਾਂ ਚਣੌਤੀਆਂ ਦਾ ਪ੍ਰਭਾਵ ਹਰ ਇੱਕ ਖੇਤਰ ਵਿਚ ਪ੍ਰਤੱਖ ਰੂਪ ਵਿਚ ਉਜਾਗਰ ਹੋ ਰਿਹਾ ਹੈ ਅਤੇ ਵਪਾਰਿਕ ਕਾਰਜਕਰਣੀ ਵੀ ਇਹਨਾਂ ਤੋਂ ਮੁਕਤ ਨਹੀਂ ਹੈ। ਅਸਧਾਰਨ ਲਾਭ ਹਾਸਿਲ ਕਰਨ ਦੀ ਲਾਲਸਾ ਨੇ ਮਨੁੱਖ ਦੀ ਸਖ਼ਸ਼ੀਅਤ ਵਿਚ ਅਨੈਤਿਕ ਵਿਵਹਾਰ(Unethical Conduct) ਨੂੰ ਪ੍ਰੋਤਸਾਹਿਤ ਕੀਤਾ ਹੈ। ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਨੈਤਿਕਤਾ ਦੇ ਮਾਡਲ ਜੋ ਮਿਹਨਤ,

ਈਮਾਨਦਾਰੀ, ਸੱਚਾਈ, ਜ਼ਿੰਮੇਵਾਰੀ ਪ੍ਰਤੀਬੱਧਤਾ ਤੇ ਚੰਗੀ ਸ਼ਾਖ਼ ਆਦਿ ਗੁਣਾਂ ਤੇ ਖੜੇ ਹਨ, ਉਹਨਾਂ ਦੀ ਵਪਾਰਿਕ ਖੇਤਰ ਵਿਚ ਪਾਲਣਾ ਹੀ ਇਹਨਾਂ ਚਣੌਤੀਆਂ ਦਾ ਹੱਲ ਹਨ। ਹੱਥਲੇ ਖੋਜ ਪ੍ਰਬੰਧ ਰਾਹੀ ਵਪਾਰਿਕ ਨੈਤਿਕਤਾ (Business Ethics) ਤੇ ਪ੍ਰਬੰਧਕੀ ਖੇਤਰ ਦੀਆਂ ਬਹੁ ਪੱਖੀ ਸਮੱਸਿਆਵਾਂ ਦੇ ਸਮਾਧਾਨ ਹਿੱਤ ਉਹਨਾਂ ਦੇ ਟਿਕਾਊ ਹੱਲ(Sustainable Solution) ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਖੋਜ ਪ੍ਰਬੰਧ ਵਿਚ ਨੈਤਿਕਤਾ ਦੇ ਵਭਿੰਨ ਪਹਿਲੂਆਂ ਦਾ ਅਧਿਐਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੈਤਿਕਤਾ ਨੂੰ ਮਨੁੱਖੀ ਜੀਵਨ ਦੀ ਵੱਡੀ ਪੌੜੀ ਮੰਨਿਆ ਹੈ, ਜਿਸ ਦੀ ਹਰ ਪੌੜੀ ਮਨੁੱਖ ਨੂੰ ਸਚਿਆਰ ਜੀਵਨ ਦੀ ਸਰਵਉੱਚ ਪੱਦਵੀ ਵੱਲ ਪਹੁੰਚਣ ਲਈ ਤਿਆਰ ਕਰਦੀ ਹੈ। ਸਚਿਆਰਤਾ ਦੇ ਇਹੀ ਗੁਣ ਮਨੁੱਖ ਨੂੰ ਵਪਾਰਿਕ ਪ੍ਰਬੰਧ ਦੀਆਂ ਵਾਜ਼ਬ ਨੀਤੀਆਂ ਬਣਾਉਣ ਵਿਚ ਤੇ ਆਪਣੇ ਗਾਹਕਾਂ(Clients) ਦੇ ਮਨ ਵਿਚ ਵਪਾਰਿਕ ਪ੍ਰਬੰਧ ਦੀ ਸਹੀ ਸਾਖ਼ ਬਣਾਉਣ ਵਿਚ ਵੱਡਾ ਰੋਲ ਅਦਾ ਕਰਦੇ ਹਨ। ਗੁਰੂ ਸਾਹਿਬਾਨ ਦੀ ਅਗਵਾਈ 'ਸਚੁ ਵਾਪਾਰੁ ਕਰਹੁ ਵਪਾਰੀ' ਤੇ ਅਧਾਰਿਤ ਹੈ, ਭਾਵੇਂ ਸੱਚੇ ਇੱਥੇ ਸੱਚੇ ਵਪਾਰ ਤੋ ਭਾਵ ਸੱਚੇ ਨਾਮ ਅਰਥਾਤ ਰੂਹਾਨੀ ਅਨੁਭਵ ਦੇ ਅਭਿਆਸ ਕਰਨ ਤੋ ਅਤੇ ਸੱਚੇ ਕਰਮ ਕਰਨ ਤੋ ਪਰ ਇਸ ਦਾ ਅਰਥ ਵਿਸਥਾਰ ਹਰ ਖੇਤਰ ਵਿਚ ਸੱਚਾ ਸੁੱਚਾ ਵਿਵਹਾਰ ਕਰਨ ਤੋ ਹੈ। ਗੁਰਬਾਣੀ ਦੇ ਨੈਤਿਕ ਸਿਧਾਤਾਂ ਰਾਹੀਂ ਕੂੜ ਤੋਂ ਸੱਚ, ਅਗਿਆਨ ਤੋਂ ਗਿਆਨ ਅਤੇ ਅਪੂਰਨ ਤੋਂ ਸੰਪੂਰਨ ਦਾ ਸਫਰ ਤਹਿ ਕਰਨ ਦੇ ਆਦਰਸ ਵੀ ਸਾਹਮਣੇ ਅਉਂਦੇ ਹਨ।

ਹੱਥਲੇ ਖੋਜ ਪ੍ਰਬੰਧ ਵਿਚ ਸਬੰਧਿਤ ਵਿਸੇ ਨੂੰ ਵਿਸਥਾਰ, ਡੂੰਘਾਈ ਤੇ ਨਿਰੰਤਰਤਾ ਪ੍ਰਦਾਨ ਕਰਨ ਲਈ ਇਸ ਨੂੰ ਛੇ ਅਧਿਆਇ ਵਿਚ ਵੰਡਿਆਂ ਗਿਆ ਹੈ, ਜਿਹਨਾਂ ਦਾ ਸਾਰ ਅਤੇ ਖੋਜ ਅਧਾਰਿਤ ਸਥਾਪਨਾਂਵਾਂ ਹੇਠ ਲਿਖੇ ਅਨੁਸਾਰ ਪੇਸ਼ ਕੀਤੀਆਂ ਗਈਆਂ ਹਨ–

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ ਮੂਲ ਵਿਸ਼ੇ ਦੀ ‘ਜਾਣ ਪਛਾਣ’ ਭਾਵ ਪ੍ਰਬੰਧ(Management) ਦੇ ਅਰਥਾਂ ਤੇ ਉਸ ਦੀ ਪਰਿਭਾਸ਼ਾ ਨੂੰ ਨਿਰਧਾਰਿਤ ਕਰਨ ਦੇ ਨਾਲ ਮੁੱਲ ਪ੍ਰਬੰਧ(Value System) ਦੇ ਅਰਥ ਤੇ ਉਸਦੀ ਪਰਿਭਾਸ਼ਾ ਨੂੰ ਵੀ ਪਰਿਭਾਸ਼ਿਤ ਕਰਦਾ ਹੈ। ਇਹ ਅਧਿਆਇ ਪ੍ਰਬੰਧ ਅਤੇ ਸਿੱਖ ਧਰਮ(Management and Sikh Religion), ਸਿੱਖ ਗੁਰੂਆਂ ਦੇ ਪ੍ਰਬੰਧਕੀ ਦ੍ਰਿਸ਼ਟੀਕੋਣ(Management perspective of Sikh Gurus) ਅਤੇ ਸਿੱਖ ਮੁੱਲ ਪ੍ਰਬੰਧਾਂ(Sikh Value System) ਦੇ ਅਰਥਾਂ ਨੂੰ ਵਿਸਥਾਰ ਸਹਿਤ ਉਸਾਰਦਾ ਹੈ। ਨੈਤਿਕਤਾ ਦੇ ਪਰਿਪੇਖ ਵਿਚ ਇਹ ਧਾਰਨਾ ਉੱਘੜਦੀ ਹੈ ਕਿ ਨੈਤਿਕਤਾ ਦਾ ਮੂਲ ਸਰੋਤ ਧਾਰਮਿਕ ਗ੍ਰੰਥ ਅਤੇ ਸਾਹਿਤਕ ਸੋਮੇ ਹਨ ਜਿਨ੍ਹਾਂ ਰਾਹੀਂ ਮਨੁੱਖ ਨੇ ਵਿਵਹਾਰਿਕ ਪੱਧਰ ਤੇ ਇਸ ਦੀ ਪਰਿਭਾਸ਼ਾ ਨੂੰ ਉਕੇਰਿਆ ਹੈ। ਮੂਲ ਰੂਪ ਵਿਚ ਨੈਤਿਕਤਾ ਜੀਵਨ ਜਾਂਚ ਦੀ ਅਹਿਮ ਅੰਗ ਹੈ ਜਿਸ ਰਾਹੀਂ ਮਨੁੱਖ ਸਰਵਉੱਚ ਗੁਣਾਂ ਦੀ ਪ੍ਰਾਪਤੀ ਕਰਦਾ ਹੈ। ਸਿੱਖ ਮੁੱਲ ਪ੍ਰਬੰਧ ਮੂਲ ਰੂਪ ਵਿਚ ਈਮਾਨਦਾਰੀ, ਸੱਚਾਈ, ਭਰੋਸੇਯੋਗਤਾ, ਸਮਾਜਿਕ ਜਿੰਮੇਵਾਰੀ, ਸਰਬੱਤ ਦਾ ਭਲਾ ਅਤੇ ਸਮਾਨਤਾ ਰੂਪੀ ਗੁਣਾਂ ਤੇ ਅਧਾਰਿਤ ਹੈ, ਜਿਸ ਨੂੰ ਗੁਰਬਾਣੀ ਨੇ ‘ਸਰਬੱਤ ਦਾ ਭਲਾ’ਦੇ ਰੂਪ ਵਿਚ ਸਾਕਾਰ ਕੀਤਾ ਹੈ। ਨੈਤਿਕਤਾ ਦੇ ਪ੍ਰਸੰਗ ਵਿਚ ਗੁਰਮਤਿ ਵਿਚਾਰਧਾਰਾ ਵਿਲੱਖਣ ਸੰਦਰਭਾਂ ਨੂੰ ਪੇਸ਼ ਕਰਦੀ ਹੈ ਅਤੇ ਅਸੀਂ ਉਹਨਾਂ ਦਾ ਵਰਣਨ ਵਪਾਰਿਕ ਨੈਤਿਕਤਾ ਦੇ ਪ੍ਰਸੰਗ ਵਿਚ ਕਰਨ ਦਾ ਪਰਿਯਤਨ ਕੀਤਾ ਹੈ।

ਦੂਜੇ ਅਧਿਆਇ ਸਾਹਿਤਕ ਸਮੀਖਿਆ ਅਤੇ ਖੋਜ ਵਿਧੀ ਵਿਚ ਵਿਸ਼ੇ ਨਾਲ ਸਬੰਧਿਤ ਖੋਜ ਕਾਰਜਾਂ ਨੂੰ ਸੰਖੇਪ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਪੂਰਵ ਪ੍ਰਾਪਤ ਖੋਜ ਸਮੱਗਰੀ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਦਿਆਂ ਵਿਸ਼ੇ ਦੀ ਸਾਰਥਿਕਤਾ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ। ਸਾਹਿਤਕ ਸਮੀਖਿਆ ਦੌਰਾਨ ਖੋਜ ਵਿਧੀਆਂ ਦਾ ਅਧਿਐਨ ਕਰਨ ਉਪਰੰਤ ਯੋਗ ਖੋਜ ਵਿਧੀ ਨੂੰ ਨਿਰਧਾਰਿਤ ਕੀਤਾ ਗਿਆ ਹੈ। ਖੋਜ ਵਿਧੀ ਵਿਚ ਪ੍ਰਾਇਮਰੀ ਅਤੇ ਸੰਕੈਡਰੀ ਦੋਹਾਂ ਪ੍ਰਕਾਰ ਦਾ ਡਾਟਾ ਇਕੱਤਰ ਕਰਨ ਅਤੇ ਉਸ ਦਾ

ਵਰਗੀਕਰਣ ਤੋ ਬਾਅਦ ਉਸਨੂੰ ਪ੍ਰਯੋਗ ਵਿਚ ਲਿਆਂਦਾ ਗਿਆ ਹੈ। ਇਕੱਤਰ ਕੀਤੇ ਡਾਟੇ ਦੀ ਭਰੋਸੇਯੋਗਤਾ ਵਧਾਉਣ ਲਈ ਸੰਖਿਅਕੀ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ।

ਪੂਰਵ ਪ੍ਰਾਪਤ ਖੋਜ ਸਮੱਗਰੀ ਦੇ ਅਧਿਐਨ ਦੌਰਾਨ ਪਾਇਆ ਗਿਆ ਕਿ ਨੈਤਿਕਤਾ ਦੇ ਸਬੰਧ ਵਿਚ ਵੱਖ-ਵੱਖ ਧਰਮਾਂ ਦੇ ਦ੍ਰਿਸ਼ਟੀਕੋਣ ਤੋਂ ਕਾਰਜ ਕੀਤਾ ਜਾ ਚੁੱਕਾ ਹੈ, ਪਰ ਵਪਾਰਿਕ ਨੈਤਿਕਤਾ ਦੇ ਸੰਦਰਭ ਵਿਚ ਗੁਰੂ ਸਾਹਿਬਾਨ ਦੇ ਦ੍ਰਿਸ਼ਟੀਕੋਣ ਨੂੰ ਅਜੇ ਨਹੀਂ ਵਾਚਿਆ ਗਿਆ ਜੋ ਸੋ ਇਹ ਖੋਜ ਅੰਤਰਾਲ(Research Gap) ਸਾਡੇ ਲਈ ਉਤਸ਼ਾਹ ਦਾ ਸਰੋਤ ਬਣਿਆ। ਇਸ ਅਧਿਆਇ ਵਿਚ ਖੋਜ ਕਾਰਜ ਦੀ ਮਹੱਤਤਾ, ਲੋੜ, ਉਦੇਸ਼(Objectives) ਅਤੇ ਖੋਜ ਕਾਰਜ ਦੀ ਵਿਧੀ ਤੇ ਇਸ ਦੇ ਸਨਮੁੱਖ ਆਈਆਂ ਚਣੌਤੀਆਂ ਨੂੰ ਵੀ ਪ੍ਰਗਟਾਇਆ ਗਿਆ ਹੈ। ਸਾਡੇ ਖੋਜ ਕਾਰਜ ਵਿਚ ਵਿਧੀਆਂ ਦਾ ਪ੍ਰਯੋਗ ਹੋਇਆ ਹੈ ਜਿਵੇਂ ਕਿ ਡਾਟਾ ਇਕੱਤਰ ਕਰਨ ਲਈ ਪ੍ਰਸ਼ਨਾਵਲੀ ਵਿਧੀ(Questionaire Method) ਅਤੇ ਸੰਖਿਅਕੀ ਵਿਧੀਆਂ(Quantitative Methods) ਨੂੰ ਡਾਟਾ ਵਿਸ਼ਲੇਸ਼ਣ ਲਈ ਵਰਤਿਆ ਗਿਆ ਹੈ ਉਨਾਂ ਸਭ ਦੀ ਮਦਦ ਨਾਲ ਖੋਜ ਕਾਰਜ ਦੀ ਰੂਪ ਰੇਖਾ ਨੂੰ ਨਿਰਧਾਰਿਤ ਕਰਨ ਤੋਂ ਇਲਾਵਾ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਪ੍ਰਾਪਤ ਖੋਜ ਸਮੱਗਰੀ ਦਾ ਅਧਿਐਨ ਕੀਤਾ ਗਿਆ ਹੈ।

ਤੀਜੇ ਅਧਿਆਇ ਸਿੱਖ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਤੋਂ ਵਪਾਰਿਕ ਨੈਤਿਕਤਾ ਦਾ ਅਧਿਐਨ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਫ਼ਲਸਫ਼ੇ, ਕਾਰਜਾਂ ਤੇ ਸਿੱਖਿਆਵਾਂ ਰਾਹੀਂ ਜੀਵਨ ਦੇ ਮੁੱਲ ਵਿਧਾਨਾਂ ਤੇ ਨੇਮ ਪ੍ਰਬੰਧਾਂ ਨੂੰ ਵਾਚਣ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਗੁਰੂ ਸਾਹਿਬਾਨ ਦੇ ਜੀਵਨ ਵਿਚ ਮੌਜ਼ੂਦ ਪ੍ਰਬੰਧਕੀ ਗੁਣ ਜਿਵੇਂ ਕਿ ਯੋਜਨਾ ਨਿਰਮਾਣ, ਅਗਵਾਈ, ਪ੍ਰੋਤਸਾਹਨ, ਭਰੋਸੇਯੋਗਤਾ, ਪ੍ਰਭਾਵਸ਼ਾਲੀ ਸੰਚਾਰ, ਸਮਾਜਿਕ ਜਿੰਮੇਵਾਰੀ, ਸਮਾਨਤਾ ਆਦਿ ਮਹੱਤਵਪੂਰਨ ਪਹਿਲੂਆਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਜਿਸ ਰਾਹੀਂ ਇਹ

ਧਾਰਨਾ ਪ੍ਰਗਟ ਹੋਈ ਹੈ ਕਿ ਗੁਰੂ ਸਾਹਿਬਾਨ ਦਾ ਵਿਸ਼ਾਲ ਜੀਵਨ ਅਨੁਭਵ ਦਾ ਸਿਖ਼ਰ ਸਨ ਅਤੇ ਉਹਨਾਂ ਦੇ ਸੁਚੱਜੇ ਪ੍ਰਬੰਧ ਦੇ ਮਾਡਲ ਨੂੰ 'ਉੱਤਮ ਵਪਾਰ' ਦੇ ਅਧਾਰ ਵਜੋਂ ਪ੍ਰਸਤੁਤ ਕੀਤਾ ਜਾ ਸਕਦਾ ਹੈ। ਇਹ ਅਧਿਆਇ ਵਿਸਥਾਰ ਸਹਿਤ ਦਸ ਗੁਰੂ ਸਾਹਿਬਾਨ ਦੇ ਜੀਵਨ ਫ਼ਲਸਫ਼ੇ ਤੇ ਉਨਾਂ ਦੇ ਆਪਣੇ ਜੀਵਨ ਖੇਤਰ ਵਿਚ ਕੀਤੇ ਕਾਰਜਾਂ ਤੇ ਪ੍ਰਕਾਸ਼ ਪਾਇਆ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਵਿਚਾਰਾਂ ਦੀ ਇਕਸਾਰਤਾ ਤੇ ਨਿਰੰਤਰਤਾ ਰਹੀ ਹੈ ਜਿਨਾਂ ਨੇ ਛੇ ਗੁਰੂ ਸਾਹਿਬਾਨ ਦੀ ਅਤੇ ਹੋਰਨਾਂ ਭਗਤਾਂ ਦੀ ਬਾਣੀ ਸਹਿਤ ਗੁਰੂ ਗੋਬਿੰਦ ਸਿੰਘ ਨੇ ਗੁਰਗੱਦੀ ਦੇ ਕੇ ਸਦੀਵੀ ਗੁਰੂ ਵਜੋਂ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਥਾਪਿਆ ਹੈ।

ਚੌਥੇ ਅਧਿਆਇ ਵਪਾਰਿਕ ਨੈਤਿਕਤਾ ਦੇ ਵਭਿੰਨ ਪਹਿਲੂਆਂ ਦਾ ਅਧਿਐਨ: ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿੱਚ ਰਾਹੀਂ ਪ੍ਰਬੰਧ ਨਾਲ ਸਬੰਧਿਤ ਮਹੱਤਵਪੂਰਨ ਪਹਿਲੂਆਂ ਤੇ ਗੁਰਬਾਣੀ ਦੇ ਪ੍ਰਕਾਸ਼ ਵਿਚ ਚਰਚਾ ਕੀਤੀ ਗਈ ਹੈ। ਭਰੋਸੇਯੋਗਤਾ(Trustworthiness) ਲੋਕ, ਧਰਤੀ ਅਤੇ ਲਾਭ ਦਾ ਸੰਕਲਪ(People, Planet and Profit Paradigm), ਨਿਆਂ ਅਤੇ ਨਿਰਪੱਖਤਾ (Justice and Fairness), ਪ੍ਰੋਤਸਾਹਨ(Motivation), ਅਗਵਾਈ(Leadership), ਸਮਾਜਿਕ ਜਿੰਮੇਵਾਰੀ(Social Responsibility), ਪਾਰਦਰਸ਼ਿਤਾ ਤੇ ਜਬਾਵਦੇਹੀ(Transperency & Accountability), ਦਸਵੰਧ(Co-sharing), ਮਨੁੱਖੀ ਅਧਿਕਾਰ(Human Rights), ਵਾਤਾਵਰਣ ਸੁਰੱਖਿਅਣ(Preservation of Environment), ਯੋਜਨਾ (Planning) ਆਦਿ ਦੇ ਸਿਧਾਂਤ ਜਿੱਥੇ ਪ੍ਰਬੰਧਕੀ ਸਿਸਟਮ ਦਾ ਅਧਾਰ ਹਨ ਉੱਥੇ ਨਾਲ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਹਨਾਂ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ ਹੈ। ਇਸ ਅਧਿਆਇ ਵਿਚ ਪ੍ਰਬੰਧ ਨਾਲ ਸਬੰਧਿਤ ਵਭਿੰਨ ਪਹਿਲੂ ਜੋ ਕਿ ਨੈਤਿਕਤਾ ਦਾ ਅਧਾਰ ਬਣਦੇ ਹਨ, ਦਾ ਵਿਵਹਾਰਿਕ ਅਤੇ ਸਿਧਾਂਤਕ ਪੱਖ ਤੇ ਵਿਚਾਰ ਕੀਤਾ ਗਿਆ ਹੈ। ਖੋਜ ਦੌਰਾਨ ਜੋ ਸਥਾਪਨਾ ਮੂਲ ਰੂਪ ਵਿਚ ਬਣੀ ਹੈ ਉਹ ਇਹ ਹੈ ਕਿ

ਨੈਤਿਕਤਾ ਨਾਲ ਸਬੰਧਿਤ ਬਹੁਤ ਸਾਰੇ ਪਹਿਲੂਆਂ ਦਾ ਅਧਾਰ ਧਰਮ ਅਤੇ ਮਾਨਵਤਾ ਅਧਾਰਿਤ ਦ੍ਰਿਸ਼ਟੀਕੋਣ ਹਨ, ਪਰ ਵਪਾਰਿਕ ਨੈਤਿਕਤਾ ਦੇ ਸੰਦਰਭ ਤੋਂ ਸੀਮਿਤ ਖੋਜ ਕਾਰਜਾਂ ਦੀ ਹੋਂਦ ਇਕ ਚਣੌਤੀ ਹੈ ਜਿਸ ਨੂੰ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ। ਉਪਰੋਕਤ ਅਧਿਆਇ ਦਾ ਸਿੱਟਾ ਇਹ ਵੀ ਨਿੱਕਲਦਾ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਪ੍ਰਭਾਸ਼ਿਤ ਸਚਿਆਰ ਮਨੁੱਖ ਉਸ ਸਦੀਵੀ ਸੰਸਥਾ ਵਾਂਗ ਹੈ ਜਿਸ ਨੇ ਵਪਾਰਿਕ ਉਦੇਸ਼ਾਂ ਨੂੰ ਧਰਮ ਅਧਾਰਿਤ ਮੁੱਲ ਪ੍ਰਬੰਧਾਂ ਅਨੁਸਾਰ ਨਿਰਧਾਰਿਤ ਕੀਤਾ ਹੋਵੇ।

ਪੰਜਵੇਂ ਅਧਿਆਇ, ਸਿੱਖ ਨੈਤਿਕਤਾ ਅਤੇ ਵਪਾਰਿਕ ਲੀਡਰ : ਸੰਖਿਅਕੀ ਅਧਿਐਨ, ਵਿਚ ਨਤੀਜਿਆਂ ਦੀ ਤਰਕਸੰਗਕਤਾ ਵਧਾਉਣ ਅਤੇ ਭਰੋਸੇਯੋਗਤਾ ਵਿਚ ਇਕੱਤਰ ਕੀਤੇ ਡਾਟੇ ਮੁਲਾਂਕਣ ਲਈ ਸੰਖਿਅਕੀ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ ਵਪਾਰਿਕ ਲੀਡਰ ਜੋ ਕਿ ਵੱਖ-ਵੱਖ ਵਪਾਰਿਕ ਖੇਤਰਾਂ ਨਾਲ ਸਬੰਧਿਤ ਹਨ ਤੋਂ ਪ੍ਰਸ਼ਨੋਤਰੀ ਵਿਧੀ(Questionaire Method) ਰਾਹੀਂ ਇਕੱਤਰ ਕੀਤੇ ਡਾਟੇ ਦਾ ਪ੍ਰਯੋਗ ਕੀਤਾ ਗਿਆ ਹੈ। ਅਧਿਐਨ ਉਪਰੰਤ ਸਾਹਮਣੇ ਆਇਆ ਕਿ ਵਪਾਰਿਕ ਲੀਡਰ ਨੈਤਿਕਤਾ ਦੇ ਮਾਡਲਾਂ ਨੂੰ ਵਪਾਰਿਕ ਪ੍ਰਬੰਧ ਦਾ ਅਧਾਰ ਬਣਾਉਦੇ ਹਨ ਉਨਾਂ ਦੀ ਵਪਾਰਿਕ ਸਾਖ਼ ਮਜ਼ਬੂਤ ਬਣਦੀ ਹੈ।। ਅਧਿਆਇ ਵਿਚੋ ਇਹ ਧਾਰਨਾ ਮੁੱਖ ਰੂਪ ਵਿਚ ਉਪਜਦੀ ਹੈ ਕਿ ਵਪਾਰਿਕ ਨੈਤਿਕਤਾ ਦੇ ਸੰਦਰਭ ਵਿਚ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਇਕ ਟਿਕਾਊ ਵਪਾਰਕ ਮਾਡਲ(Sustainable Business Model) ਦਾ ਸਮਰਥਨ ਕਰਦੀਆਂ ਹਨ, ਜਿਨਾਂ ਨੂੰ ਵਪਾਰਿਕ ਕਿਰਿਆਵਾਂ ਵਿਚ ਢਾਲਣ ਦੀ ਜ਼ਰੂਰਤ ਸਮਝੀ ਗਈ ਹੈ।

ਡਾਟਾ ਵਿਸ਼ਲੇਸ਼ਣ ਰਾਂਹੀ ਜੋ ਹੋਰ ਮਹੱਤਵਪੂਰਣ ਪਹਿਲੂ ਦ੍ਰਿਸ਼ਟੀਮਾਨ ਹੋਏ ਹਨ ਉਨਾਂ ਦੀ ਪ੍ਰਸਤੁਤੀ ਇਸੇ ਅਧਿਆਇ ਵਿਚ ਵਿਸਥਾਰ ਸਹਿਤ ਕੀਤੀ ਗਈ ਹੈ ਅਤੇ ਇਸ ਸਿਟੇ ਤੇ

ਪੁੱਜਿਆ ਗਿਆ ਹੈ ਕਿ ਇਹਨਾਂ ਪਹਿਲੂਆਂ ਨੂੰ ਅਧਾਰ ਤੇ ਬਣਾ ਕੇ ਹੀ ਟਿਕਾਊ ਪ੍ਰਬੰਧਕੀ ਵਪਾਰਿਕ ਮਾਡਲ ਦੀ ਸਥਪਨਾ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਵਪਾਰਿਕ ਨੁਮਾਇੰਦਿਆਂ ਤੋਂ ਪ੍ਰਾਪਤ ਜਾਣਕਾਰੀ ਦੇ ਅਧਾਰ ਤੇ ਗੁਰਬਾਣੀ ਦੀ ਰੌਸ਼ਨੀ ਵਿਚ ਪ੍ਰਾਪਤ ਕੀਤੇ ਸਿੱਟਿਆਂ ਤੋ ਉਪਜਦੀਆਂ ਖੋਜ ਧਾਰਨਾਵਾਂ ਇਸ ਪ੍ਰਕਾਰ ਹਨ-

1. ਪ੍ਰਸ਼ਨੋਤਰੀ ਵਿੱਚ ਪਹਿਲੇ ਤਿੰਨ ਪ੍ਰਸ਼ਨ ਸੰਸਥਾਂ ਦੇ ਉਦੇਸ਼ਾਂ ਨਾਲ ਸਬੰਧਿਤ ਸਨ। ਉਨਾਂ ਦੇ ਵਿਸ਼ਲੇਸ਼ਣ ਉਪਰੰਤ ਇਹ ਗੱਲ ਸਾਹਮਣੇ ਆਈ ਕਿ ਸੰਸਥਾਂ ਦੇ ਉਦੇਸ਼ਾਂ ਨੂੰ ਤਿਆਰ ਕਰਨ ਵਿੱਚ ਵਪਾਰਿਕ ਨੁਮਾਇੰਦੇ ਕਰਮਚਾਰੀਆਂ ਨੂੰ ਅਹਿਮ ਸਥਾਨ ਦੇਣਾ ਚਾਹੀਦਾ ਹੈ, ਜਿਵੇਂ ਕਿ ਬਹੁਗਿਣਤੀ ਵਪਾਰਿਕ ਨੁਮਾਇੰਦੇ ਉਦੇਸ਼ਾਂ ਨੂੰ ਤਿਆਰ ਕਰਨ, ਉਦੇਸ਼ਾਂ ਨੂੰ ਲਾਗੂ ਕਰਨ ਅਤੇ ਉਦੇਸ਼ਾਂ ਦੀ ਲੋੜ ਨੂੰ ਨਿਰਧਾਰਿਤ ਕਰਨ ਵਿੱਚ ਆਪਣੇ ਕਰਮਚਾਰੀਆਂ ਦੀ ਰਾਏ ਨੂੰ ਤਵੱਜੋ ਦੇਣੀ ਚਾਹੀਦੀ ਹੈ।

2. ਯੋਜਨਾਵਾਂ ਨੂੰ ਤਿਆਰ ਕਰਨ ਨਾਲ ਸਬੰਧਿਤ ਪ੍ਰਸ਼ਨਾਂ, ਜਿਵੇਂ ਕਿ ਯੋਜਨਾਵਾਂ ਨੂੰ ਕਿਵੇਂ ਤਿਆਰ ਕੀਤਾ ਜਾਂਦਾ ਹੈ?, ਅਤੇ ਕਰਮਚਾਰੀਆਂ ਦਾ ਇਸ ਵਿੱਚ ਕੀ ਰੋਲ ਹੁੰਦਾ ਹੈ?, ਦੇ ਵਿਸ਼ੇ ਤੇ ਵਪਾਰਿਕ ਨੁਮਾਇੰਦਿਆਂ ਦਾ ਸਾਕਾਰਾਤਮਕ ਪੱਖ ਸਾਹਮਣੇ ਆਉਦਾ ਹੈ, ਭਾਵ ਯੋਜਨਾਵਾਂ ਨੂੰ ਤਿਆਰ ਕਰਦਿਆਂ ਕਰਮਚਾਰੀਆਂ ਦੇ ਸੁਝਾਅ ਵੀ ਮੰਗੇ ਜਾਂਦੇ ਹਨ ਅਤੇ ਅਨੇਕਾਂ ਵਾਰ ਯੋਜਨਾਵਾਂ ਦਾ ਨਿਰਮਾਣ ਕਰਮਚਾਰੀਆਂ ਦੁਆਰਾ ਕੀਤਾ ਜਾਣਾ ਚਾਹੀਦਾ ਹੈ।

3. ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨ ਦੇ ਸੰਦਰਭ ਵਿੱਚ ਵਪਾਰਿਕ ਲੀਡਰਾਂ ਦੀ ਇਹ ਰਾਏ ਹੈ ਕਿ, ਸਾਂਝੇ ਫੈਸਲਿਆਂ ਤੇ ਸੁਝਾਅ ਵੀ ਲਏ ਜਾਣੇ ਚਾਹੀਦੇ ਹਨ ਅਤੇ

ਉਨਾਂ ਸੁਝਾਵਾਂ ਤੇ ਅਮਲ ਕਰਨ ਨਾਲ ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ।

4. ਵਪਾਰਿਕ ਨੁਮਾਇੰਦਿਆਂ ਅਨੁਸਾਰ ਵਧੀਆ ਨਤੀਜੇ ਹਾਸਿਲ ਕਰਨ ਦਾ ਪ੍ਰਭਾਵਸ਼ਾਲੀ ਤਰੀਕਾ ਉਹ ਹੈ ਜਿਸ ਵਿੱਚ ਕਰਮਚਾਰੀਆਂ ਦੀ ਸਮਰੱਥਾ ਵਿੱਚ ਯੋਗ ਸਿਖਲਾਈ ਰਾਹੀਂ ਵਾਧਾ ਕੀਤਾ ਜਾਵੇ, ਸਮੇਂ-ਸਮੇਂ ਤੇ ਨੀਤੀ ਨਿਰਦੇਸ਼ ਜਾਰੀ ਕੀਤੇ ਜਾਣ ਅਤੇ ਕਰਮਚਾਰੀਆਂ ਦੀ ਪ੍ਰਤੀਬੱਧਤਾ ਨੂੰ ਨਿਸਚਿਤ ਕੀਤਾ ਜਾਵੇ। ਇਸ ਨਾਲ ਕਰਮਚਾਰੀ ਉਤਸ਼ਾਹਿਤ ਵੀ ਮਹਿਸੂਸ ਕਰਦੇ ਹਨ ਅਤੇ ਸੰਸਥਾਂ ਨੂੰ ਹੋਰ ਵਿਕਾਸ ਤੇ ਨਵੀਨਤਾ ਵੱਲ ਲੈ ਜਾਂਦੇ ਹਨ।

5. ਸਮੱਸਿਆਵਾਂ ਨੂੰ ਹੱਲ ਕਰਨ ਲਈ ਯੋਗ ਤਰੀਕਾ ਦੇ ਸਮਾਧਾਨ ਕਰਨ ਦੇ ਸਬੰਧ ਵਿੱਚ ਵਪਾਰਿਕ ਨੁਮਾਇੰਦਿਆਂ(Business Leaders) ਮੁਤਾਬਿਕ ਅਜਿਹੀ ਵਿਧੀ ਤਿਆਰ ਕੀਤੀ ਜਾਵੇ ਜਿਸ ਰਾਹੀਂ ਸਾਰੇ ਕਰਮਚਾਰੀਆਂ ਦੀ ਸ਼ਮੂਲੀਅਤ ਸ਼ਕਤੀ ਬਣ ਸਕੇ, ਨਿਪੁੰਨ ਪੈਨਲ(Expert Panel) ਦਾ ਗਠਨ ਕੀਤਾ ਜਾਵੇ , ਲੋੜ ਪੈਣ ਤੇ ਸਲਾਹ ਲਈ ਜਾਵੇ ਅਤੇ ਸਮੱਸਿਆਵਾਂ ਨੂੰ ਛੱਡਣ ਦੀ ਜਗ੍ਹਾ ਉਨਾਂ ਦਾ ਹੱਲ ਲੱਭਿਆ ਜਾਵੇ।

6. ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਅਮਲ ਕਰਨ ਵਾਲੇ ਵਪਾਰਿਕ ਨੁਮਾਇੰਦਿਆਂ ਦਾ ਮੰਨਣਾ ਹੈ ਕਿ ਉਹ ਆਪਣੇ ਆਪ ਨੂੰ ਅਕਾਲ ਪੁਰਖ ਨਾਲ ਜੁੜਿਆ ਮਹਿਸੂਸ ਕਰਦੇ ਹਨ, ਉਹਨਾਂ ਅਨੁਸਾਰ ਉਹ ਨਾਲ ਕੰਮ ਕਰਦੇ ਸਹਿਯੋਗੀਆਂ ਨਾਲ ਇੱਕ ਸਾਂਝ ਵੀ ਮਹਿਸੂਸ ਕਰਦੇ ਹਨ। ਅਜਿਹੇ ਲੀਡਰ ਜ਼ਿੰਦਗੀ ਪ੍ਰਤੀ ਆਸ਼ਾਵਾਦੀ(Optimistic) ਪਾਏ ਗਏ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਉਹਨਾਂ ਨੂੰ ਅਜਿਹੇ ਅਮਲ ਤੋਂ ਸ਼ਕਤੀ ਮਿਲਦੀ ਹੈ। ਨੈਤਿਕਤਾ ਤੇ

ਚੱਲਣ ਵਾਲੇ ਵਪਾਰਿਕ ਲੀਡਰਾਂ ਦਾ ਵਿਸ਼ਵਾਸ ਹੈ ਕਿ ਉਹਨਾਂ ਲਈ ਧਾਰਮਿਕਤਾ ਅਸਥਾਈ ਨਹੀਂ ਅਤੇ ਉਹਨਾਂ ਵੱਲੋਂ ਹਰ ਕੰਮ ਦੀ ਸ਼ੁਰੂਆਤ ਵੀ ਅਕਾਲ ਪੁਰਖ ਨੂੰ ਅਰਦਾਸ ਕਰਕੇ ਕੀਤੀ ਜਾਂਦੀ ਹੈ ਅਤੇ ਉਹਨਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਨੈਤਿਕ ਮੁੱਲ ਸਰਬ ਲੋਕਾਈ ਨੂੰ ਮਜ਼ਬੂਤ ਕਰਦੇ ਹਨ।

7. ਵਪਾਰਿਕ ਲੀਡਰਾਂ ਅਨੁਸਾਰ ਅਗਵਾਈ ਦੇ ਗੁਣਾਂ ਦੀ ਪ੍ਰਾਪਤੀ ਵਿੱਚ ਗੁਰੂ ਗ੍ਰੰਥ ਸਾਹਿਬ ਅਹਿਮ ਭੂਮਿਕਾ ਅਦਾ ਕਰਦੇ ਹਨ। ਈਮਾਨਦਾਰੀ, ਸੱਚਾਈ, ਇਕਾਗਰਤਾ ਜਿੱਥੇ ਲੀਡਰ ਦੇ ਮਹੱਤਵਪੂਰਨ ਗੁਣ ਹਨ ਉਥੇ ਨਾਲ ਹੀ ਲੀਡਰ ਵਿੱਚ ਦਇਆ ਭਾਵਨਾਂ ਅਤੇ ਸਰਬੱਤ ਦੇ ਭਲੇ ਜਿਹੇ ਗੁਣ ਹੋਣੇ }ਜ਼ਰੂਰੀ ਹਨ। ਯੋਗ ਅਗਵਾਈ ਫਿਰ ਹੀ ਸੰਭਵ ਹੈ ਜਦੋਂ ਸਿਸਟਮ ਵਿੱਚ ਭੇਦ-ਭਾਵ ਰਹਿਤ ਨਿਰਪੱਖ ਅਤੇ ਨਿਆਂ ਅਧਾਰਿਤ ਸਿਸਟਮ ਦੀ ਸਥਾਪਨਾ ਕੀਤੀ ਜਾਵੇ। ਸਿੱਖ ਲੀਡਰਾਂ ਅਨੁਸਾਰ ਕਰਮਚਾਰੀਆਂ ਦੇ ਵਿਚਾਰਾਂ ਦੇ ਵਖਰੇਵਿਆਂ ਦਾ ਸਨਮਾਨ ਕਰਨਾ ਚਾਹੀਦਾ ਹੈ ਤਾਂ ਹੀ ਪ੍ਰਭਾਵਸ਼ਾਲੀ ਟੀਮ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਸਿੱਖ ਨੁਮਾਇੰਦਿਆਂ ਅਨੁਸਾਰ ਧਰਮ ਤੋਂ ਸੇਧ ਲਈ ਜਾਵੇ ਤਾਂ ਵਧੇਰੇ ਸੰਤੁਸ਼ਟੀ ਹਾਸਿਲ ਹੁੰਦੀ ਹੈ। ਯੋਗ ਵਪਾਰਿਕ ਲੀਡਰ ਉਹ ਹੈ ਜੋ ਕਰਮਚਾਰੀਆਂ ਲਈ ਅਤੇ ਦੂਜੇ ਲੋਕਾਂ ਇੱਕ ਉਚੇਰੇ ਆਦਰਸ਼ ਵਜੋਂ ਵਿਚਰਦਾ ਹੈ।

8. ਪ੍ਰਬੰਧਕੀ ਪ੍ਰੋਤਸਾਹਨ(Managerial Motivation) ਸਬੰਧੀ ਵਪਾਰਿਕ ਲੀਡਰਾਂ ਦਾ ਮੰਨਣਾ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਭਾਵਸ਼ਾਲੀ ਪ੍ਰੋਤਸਾਹਨ ਦਾ ਸਰੋਤ ਮੌਜੂਦ ਹੈ, ਜਿਸ ਵਿਚ ਚੰਗੇ ਅਤੇ ਨੇਕ ਕੰਮਾਂ ਨੂੰ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਿਸਟਮ ਪ੍ਰਾਪਤ ਹੁੰਦਾ ਹੈ ਅਤੇ ਇਹ ਪ੍ਰੋਤਸਾਹਨ ਜੀਵਨ ਵਿਚ ਸਾਕਾਰਾਤਮਕ ਪਰਿਵਰਤਨ ਲਿਆਉਣ ਦੀ ਸਮਰੱਥਾ ਰੱਖਦਾ ਹੈ। ਗੁਰਬਾਣੀ ਅਨੁਸਾਰ ਚੰਗੇ ਧਾਰਨ ਕੀਤੇ ਗੁਣਾਂ ਕਾਰਨ ਸਦੀਵੀ ਪ੍ਰੋਤਸਾਹਨ(Permanent Motivation) ਮਨੁੱਖ ਦੇ

ਅੰਦਰੋਂ ਹੀ ਉੱਪਜਦਾ ਹੈ ਅਤੇ ਸਦਾਚਾਰ ਅਧਾਰਿਤ ਪ੍ਰੋਤਸਾਹਨ ਇਸਦਾ ਅਧਾਰ ਬਣ ਸਕਦਾ ਹੈ।

9. ਵਪਾਰ ਅਤੇ ਮਨੁੱਖੀ ਕਦਰਾਂ ਕੀਮਤਾਂ ਦੇ ਸੰਯੋਗ ਬਾਬਤ ਵਪਾਰਿਕ ਲੀਡਰ ਇਸ ਕਥਨ ਨਾਲ ਸਹਿਮਤ ਹਨ ਕਿ ਭਰੋਸੇਯੋਗਤਾ, ਈਮਾਨਦਾਰੀ, ਸੱਚਾਈ, ਇਕਸੁਰਤਾ, ਨਿਰੰਤਰਤਾ ਅਤੇ ਵਫ਼ਾਦਾਰੀ ਆਦਿ ਗੁਣਾਂ ਦਾ ਪਾਲਣ ਵਪਾਰਿਕ ਕਾਰਜਾਂ ਦਾ ਵਿਸਥਾਰ ਕਰਨ ਵਿਚ ਸਹਾਇਕ ਬਣਦੇ ਹਨ। ਇਸ ਵਿਚ ਕੰਮ ਪ੍ਰਤੀ ਜਬਾਵਦੇਹੀ, ਸਮਰਪਣ ਅਤੇ ਸੱਚਾਈ ਜੋ ਕਿ ਪ੍ਰਬੰਧਕੀ ਨੈਤਿਕਤਾ ਦੇ ਰਤਨ ਹਨ, ਨੂੰ ਸਿਖਾਉਣ ਵਿਚ ਗੁਰੂ ਗ੍ਰੰਥ ਸਾਹਿਬ ਅਹਿਮ ਭੂਮਿਕਾ ਨਿਭਾਉਂਦੇ ਹਨ। ਸਿੱਖ ਸੱਭਿਆਚਾਰ, ਦਰਸ਼ਨ-ਸ਼ਾਸਤਰ ਅਤੇ ਸਿੱਖ ਨੈਤਿਕਤਾ ਦਾ ਮਾਡਲ ਵਧੀਆ ਪ੍ਰਬੰਧਕੀ ਨੈਤਿਕਤਾ ਦਾ ਅਧਾਰ ਬਣ ਸਕਦੇ ਹਨ। ਸਿੱਖ ਵਪਾਰਿਕ ਲੀਡਰਾਂ ਦਾ ਮੰਨਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਪਾਰਿਕ ਨੈਤਿਕਤਾ ਤੇ ਵਿਸਤ੍ਰਿਤ ਅਧਾਰ ਤਿਆਰ ਕਰਦੀਆਂ ਹਨ। ਕੇਵਲ ਲਾਭ ਪ੍ਰਾਪਤ ਕਰਨਾ ਹੀ ਵਪਾਰ ਦਾ ਉਦੇਸ਼ ਨਹੀਂ ਹੋਣਾ ਚਾਹੀਦਾ ਸਗੋਂ ਫੈਂਸਲੇ ਅਕਾਲ ਪੁਰਖ ਨੂੰ ਸਾਹਮਣੇ ਰੱਖ ਕੇ ਕਰਨੇ ਚਾਹੀਦੇ ਹਨ। ਅਜਿਹੇ ਸੱਚੇ ਵਪਾਰ ਦੀ ਨਸੀਹਤ ਗੁਰੂ ਸਾਹਿਬਾਨ ਸਚੀਂ ਵਾਪਾਰੁ ਕਰਹੁ ਵਾਪਾਰੀ ਦੇ ਰੂਪ ਵਿਚ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਮਾਨਵੀ ਦ੍ਰਿਸ਼ਟੀਕੋਣ ਨੈਤਿਕਤਾ ਨਾਲ ਸਬੰਧਿਤ ਸਮੱਸਿਆਵਾਂ ਦਾ ਹੱਲ ਹੈ ਅਤੇ ਨੈਤਿਕਤਾ ਦਾ ਬਲ ਧਨ-ਪਦਾਰਥਾਂ ਤੋਂ ਵੀ ਵਧੇਰੇ ਮਹੱਤਵਪੂਰਨ ਹੈ।

10. ਸਮਾਜਿਕ ਮਸਲਿਆਂ(Social Issues) ਦੇ ਸੰਦਰਭ ਵਿੱਚ ਵਪਾਰਿਕ ਨੁਮਾਇੰਦਿਆਂ ਦਾ ਮੰਨਣਾ ਹੈ ਵਾਤਾਵਰਣ ਬਦਲਾਅ ਨੂੰ ਸਾਹਮਣੇ ਰੱਖ ਕੇ ਨੀਤੀ ਨਿਰਮਾਣ

ਕਰਨਾ ਚਾਹੀਦਾ ਹੈ। ਕਿਸੇ ਵੀ ਉਤਪਾਦ ਨਾਲ ਸਬੰਧਿਤ ਚੰਗੇ ਅਤੇ ਮਾੜੇ ਪੱਖ ਦੋਵੇਂ ਹੀ ਦ੍ਰਿਸ਼ਟੀਗੋਚਰ ਕਰਨੇ ਚਾਹੀਦੇ ਹਨ। ਵਪਾਰਿਕ ਲਾਭ ਨੂੰ ਭਾਈਵਾਲਾਂ(Stakeholders) ਨਾਲ ਵੰਡਣਾ ਚਾਹੀਦਾ ਹੈ। ਵਪਾਰਿਕ ਕਿਰਿਆਵਾਂ ਵਿੱਚ ਅਜਿਹਾ ਸਿਸਟਮ ਤਿਆਰ ਕਰਨਾ ਚਾਹੀਦਾ ਹੈ ਤਾਂ ਕਿ ਵਪਾਰ ਨਾਲ ਸਬੰਧਿਤ ਹਰ ਮਨੁੱਖ ਲਾਭ ਪ੍ਰਾਪਤ ਕਰੇ। ਲਾਭ ਦਾ ਯੋਗ ਹਿੱਸਾ ਸਮਾਜ ਦੇ ਭਲੇ ਲਈ ਖਰਚ ਕੀਤਾ ਜਾਵੇ ਅਤੇ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਇਸ ਨਾਲ ਸੰਸਥਾਂ ਦੀ ਸਦੀਵੀ ਸਾਖ (Goodwill) ਵਿੱਚ ਵਾਧਾ ਹੁੰਦਾ ਹੈ ਜਿਸ ਬਾਬਤ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵੀ ਇਸ ਦੀ ਪ੍ਰੋੜਤਾ ਕਰਦੀਆਂ ਹਨ।

ਉਪਰੋਕਤ ਖੋਜ ਵਿਮਰਸ਼ ਰਾਹੀਂ ਇਹ ਸਿੱਟਾ ਨਿੱਕਲਦਾ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਪਾਰਿਕ ਲੀਡਰਾਂ ਦੀ ਕਾਰਜਕਰਣੀ ਦਾ ਮਜ਼ਬੂਤ ਅਧਾਰ ਬਣ ਸਕਦੀਆਂ ਹਨ। ਮੌਜੂਦਾ ਵਿਸ਼ਵੀਕਰਨ ਦੇ ਸਮੇਂ ਉਪਰੋਕਤ ਵਿਸ਼ਲੇਸ਼ਣ ਇੱਕ ਰਾਹ ਦਸੇਰੇ ਵਜੋਂ ਕਾਰਜ ਕਰ ਸਕਦਾ ਹੈ। ਵਪਾਰਿਕ ਨੁਮਾਇੰਦੇ ਜਿੱਥੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਵਪਾਰਿਕ ਸਮੱਸਿਆਵਾਂ ਦੇ ਹੱਲ ਵਜੋਂ ਦੇਖਦੇ ਹਨ ਉਥੇ ਨਾਲ ਹੀ ਭਵਿੱਖ ਦੇ ਖਤਰਿਆਂ ਨਾਲ ਨਜਿੱਠਣ ਲਈ ਇੱਕ ਸਦੀਵੀ ਗਿਆਨ ਦੇ ਸਰੋਤ ਵਜੋਂ ਵੀ ਉਹਨਾਂ ਨੂੰ ਦੇਖਦੇ ਹਨ।

ਜੇਕਰ ਨੈਤਿਕਤਾ ਅਧਾਰਿਤ ਨਤੀਜਿਆਂ ਦੀ ਪ੍ਰਾਪਤੀ ਸਦਕਾ ਵਪਾਰਿਕ ਸਮੱਸਿਆਵਾਂ ਦੇ ਟਿਕਾਊ ਹੱਲ(Sustainable Solution) ਰਾਹੀਂ ਨੈਤਿਕਤਾ ਅਧਾਰਿਤ ਨਤੀਜਿਆਂ ਦੀ ਪ੍ਰਾਪਤੀ ਲਈ ਪ੍ਰਭਾਵਸ਼ਾਲੀ ਸਿਸਟਮ ਦੀ ਗੱਲ ਕੀਤੀ ਜਾਵੇ ਤਾਂ ਟਿਕਾਊ ਵਪਾਰਕ ਮਾਡਲ (Sustainable Business Model)ਦਾ ਸੰਕਲਪ ਉੱਭਰ ਕੇ ਸਾਹਮਣੇ ਆਉਂਦਾ ਹੈ। ਸ੍ਰੇਸ਼ਟ ਪ੍ਰਬੰਧਕੀ ਸਿਸਟਮ ਦੇ ਅਧਾਰ ਵਜੋਂ ਪ੍ਰਮੁੱਖ ਛੇ ਤੱਤ(Elements of Managemnet) ਸਾਹਮਣੇ ਆਉਂਦੇ ਹਨ, ਜਿਨਾਂ ਵਿਚ ਯੋਜਨਾ

ਨਿਰਮਾਣ (Planning), ਸੰਗਠਨ (Organizing), ਨਿਰਦੇਸ਼ਨ (Directing), ਸਟਾਫਿੰਗ (Staffing), ਸੰਤੁਲਨ(Coordination) ਅਤੇ ਕੰਟਰੋਲ(Control) ਸ਼ਾਮਿਲ ਹਨ। ਵਪਾਰਿਕ ਨੈਤਿਕਤਾ ਕਿਸੇ ਵਿਸ਼ੇਸ਼ ਪ੍ਰਬੰਧਕੀ ਸਿਧਾਂਤ ਨਾਲ ਸਬੰਧਿਤ ਨਹੀਂ , ਸਗੋਂ ਇਸ ਦੀ ਮਹੱਤਤਾ ਹਰ ਸਥਾਨ ਤੇ ਹੈ।

ਹੱਥਲੇ ਖੋਜ ਕਾਰਜ ਵਿਚ ਸਾਡਾ ਮੁੱਖ ਉਦੇਸ਼ ਹੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਨੈਤਿਕਤਾ ਅਧਾਰਿਤ ਵਪਾਰਿਕ ਅਤੇ ਪ੍ਰਬੰਧਕੀ ਮਾਡਲ ਨੂੰ ਪੇਸ਼ ਕਰਨਾ ਸੀ, ਜਿਸ ਦਾ ਵਿਸਤ੍ਰਿਤ ਪੱਖ ਖੋਜ ਕਾਰਜ ਵਿਚ ਪੇਸ਼ ਕੀਤਾ ਗਿਆ ਹੈ ਅਤੇ ਸੰਖੇਪ ਪੱਖ ਖੋਜ ਕਾਰਜ ਦੀਆਂ ਪ੍ਰਾਪਤੀਆਂ ਤੇ ਨਿਸਕਰਸ਼ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ।

ਵਪਾਰਿਕ ਪ੍ਰਬੰਧ ਕਲਾ ਦਾ ਮੁੱਖ ਮੰਤਵ ਜਿਸ ਰਾਹੀਂ ਕਿਸੇ ਵੀ ਵਪਾਰਿਕ ਸੰਸਥਾਂ ਦੀ ਕਾਰਜ ਪ੍ਰਣਾਲੀ ਨੂੰ ਅਨੁਸ਼ਾਸ਼ਨਬਧ ਤੇ ਪ੍ਰਭਾਵਸ਼ਾਲੀ ਪੱਧਰ ਤੱਕ ਪਹੁੰਚਾਉਣਾ ਹੈ। ਪ੍ਰਬੰਧ ਕਲਾ ਦੇ ਇਸ ਮੰਤਵ ਨੂੰ ਪੂਰਾ ਕਰਨ ਲਈ ਨੈਤਿਕਤਾ ਅਧਾਰਿਤ ਭਾਵ ਗੁਰੂ ਸਾਹਿਬਾਨ ਦੀਆਂ ਨੈਤਿਕ ਸਿੱਖਿਆਵਾਂ ਅਧਾਰਿਤ ਸਿਸਟਮ ਅਜੋਕੇ ਸਮੇਂ ਦੀ ਮੁੱਖ ਲੋੜ ਹੈ, ਜਿਸ ਦੀ ਪ੍ਰੋੜਤਾ ਪੰਜਵੇਂ ਅਧਿਆਇ ਵਿੱਚ ਵਪਾਰਿਕ ਨੁਮਾਇੰਦਿਆ ਨੇ ਵੀ ਕੀਤੀ ਹੈ ਅਤੇ ਆਪਣੀ ਕਾਰਜ ਪ੍ਰਣਾਲੀ ਦਾ ਅਹਿਮ ਅੰਗ ਦੱਸਿਆ ਹੈ। ਨੈਤਿਕਤਾ ਅਧਾਰਿਤ ਪ੍ਰਬੰਧਕੀ ਮਾਡਲ ਜੋ ਕਿ ਇਸ ਖੋਜ ਕਾਰਜ ਦੀ ਅਹਿਮ ਪ੍ਰਾਪਤੀ ਹੈ, ਜਿਸ ਦਾ ਵਿਸਤ੍ਰਿਤ ਪੱਖ ਖੋਜ ਕਾਰਜ ਵਿਚ ਪੇਸ਼ ਕੀਤਾ ਗਿਆ ਹੈ ਅਤੇ ਸਾਰਾਂਸ਼ ਰੂਪ ਵਿਚ ਵੀ ਅਤੇ ਚਿੱਤਰ ਤੇ ਲਿਖਤੀ ਰੂਪ ਵਿਚ ਵੀ ਪੇਸ਼ ਕੀਤਾ ਜਾ ਰਿਹਾ ਹੈ ਅਤੇ ਸਪਸ਼ਟ ਵੀ ਕੀਤਾ ਜਾ ਰਿਹਾ ਹੈ-

Figure: 6.1 Ethics based Managerial Model



ਉਪਰੋਕਤ ਦਿੱਤੇ ਡਾਇਆਗ੍ਰਾਮ ਅਨੁਸਾਰ ਪ੍ਰਭਾਵਸ਼ਾਲੀ ਪ੍ਰਬੰਧ ਦਾ ਅਧਾਰ ਯੋਜਨਾ ਨਿਰਮਾਣ(Planning) ਨਾਲ ਹੈ, ਜੋ ਕਿ ਕੇਵਲ ਕੀ(What), ਕਿਵੇਂ(Whome), ਕਦੋਂ(When) ਅਤੇ ਕਿਉਂ(Why) ਦੇ ਪ੍ਰਸ਼ਨ ਨਾਲ ਹੀ ਸਬੰਧਿਤ ਨਹੀਂ ਸਗੋਂ ਇਹ ਯੋਜਨਾ ਨਿਰਮਾਣ ਨੈਤਿਰਤਾ ਨਾਲ ਸਬੰਧਿਤ ਹੋਣੀ ਚਾਹੀਦੀ ਹੈ, ਜਿਸ ਵਿਚ ਭਰੋਸੇਯੋਗਤਾ, ਈਮਾਨਦਾਰੀ ਅਤੇ ਸਮਾਜਿਕ ਜਿੰਮੇਵਾਰੀ ਦੇ ਗੁਣ ਅਹਿਮ ਹੁੰਦੇ ਹਨ। ਭਵਿੱਖ ਦੀ ਰਣਨੀਤੀ ਦੇ ਬਾਬਤ ਗੁਰਬਾਣੀ ਵਿਚ ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ਰੂਪੀ ਸ਼ਬਦ ਸਾਰਥਕ ਹਨ। ਦੂਜਾ ਅਧਾਰ ਸੰਗਠਨ(Organizing), ਜਿਸ ਵਿਚ ਸਹਿਯੋਗ ਅਤੇ ਨਿਰਭਰਤਾ ਦੇ ਸੁਮੇਲ ਰਾਹੀਂ ਯੋਜਨਾ ਨੂੰ ਅਮਲੀ ਰੂਪ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ, ਭਾਵ ਸੰਗਠਨਾਤਮਕ ਵਿਧੀਆਂ ਨੂੰ ਨੈਤਿਕਤਾ ਨੈਤਿਕ ਰੂਪ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਗੁਰੂ ਸਾਹਿਬਾਨ ਸੰਗਠਨਾਤਮਕ ਨੈਤਿਕਤਾ ਦੇ ਸਬੰਧ ਵਿਚ ਇਕੱਠੇ ਮਿਲ ਕੇ ਉਦੇਸ਼ਾਂ ਪ੍ਰਤੀ ਅਗਰਸਰ ਹੋਣ ਦੀ ਨਸੀਹਤ ਦਿੰਦੇ ਹੋਏ ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦਾ ਸੰਕਲਪ ਪੇਸ਼ ਕਰਦੇ ਹਨ। ਸਟਾਫਿੰਗ(Staffing) ਜੋ ਕਿ ਗੁਣਾਂ ਅਧਾਰਿਤ ਇੱਕ ਪਾਰਦਰਸ਼ਿਤਾ ਭਰਪੂਰ ਸਿਸਟਮ ਹੈ ਜਿਸ ਰਾਹੀਂ ਉਦੇਸ਼ਾਂ ਦੀ ਪ੍ਰਾਪਤੀ ਹੁੰਦੀ ਹੈ ਦੇ ਸੰਦਰਭ ਵਿੱਚ ਸੱਚਾਈ ਅਧਾਰਿਤ ਇਕੱਠ ਭਾਵ ਸਤਸੰਗਤਿ ਦਾ ਸੰਕਲਪ ਰੂਪਮਾਨ ਹੋਣਾ ਚਾਹੀਦਾ ਹੈ। ਚੌਥਾ ਤੱਤ ਨਿਰਦੇਸ਼ਨ (Direction) ਹੈ ਜੋ ਪ੍ਰਬੰਧ ਦਾ ਅਹਿਮ ਸਿਧਾਂਤ ਹੈ, ਜਿਸ ਵਿਚ ਏਕਤਾ ਤੇ ਸਮਾਨਤਾ ਦਾ ਮਿਸ਼ਰਣ ਹੈ ਜੋ ਕਿ ਪ੍ਰੋਤਸਾਹਨ ਅਧਾਰਿਤ ਯੋਗ ਲੀਡਰਸ਼ਿਪ ਰਾਹੀਂ ਕਾਰਜਾਂ ਵਿਚ ਸੁਹਿਰਦਤਾ ਲਿਆਉਂਦਾ ਹੈ। ਗੁਰੂ ਸਾਹਿਬਾਨ ਅਨੁਸਾਰ ਪ੍ਰਭਾਵਸ਼ਾਲੀ ਨਿਰਦੇਸ਼ਨ ਵਿਚ ਏਕਤਾ ਦਾ ਸੰਕਲਪ ਅਹਿਮ ਹੋਵੇ ਤੇ ਉਸ ਵਿਚ ਕੰਮ ਕਰਨ ਦੀ ਭਾਵਨਾ(Spirit) ਸਜੱਗ ਹੋਵੇ ਜਿਸ ਬਾਬਤ ਏਕ ਪਿਤਾ ਏਕਸ ਕੇ ਹਮ ਬਾਰਿਕ ਦਾ ਸਿਧਾਂਤ ਭਾਵ ਏਕਤਾ ਤੇ ਸਮਾਨਤਾ ਦਾ ਸੰਕਲਪ ਪ੍ਰਤੱਖ ਰੂਪ ਵਿਚ ਗੁਰੂ ਸਾਹਿਬਾਨ ਦੀ ਬਾਣੀ ਵਿਚ ਦ੍ਰਿਸ਼ਟਮਾਨ ਹੁੰਦਾ ਹੈ। ਪੰਜਵਾ ਤੱਤ ਸੰਤੁਲਨ ਜਾਂ ਕੋ-ਆਰਡੀਨੇਸ਼ਨ (Coordination) ਜੋ ਪ੍ਰਬੰਧ ਕਲਾ ਦੀ ਅਹਿਮ ਕੜੀ ਹੈ, ਜਿਸ ਵਿਚ

ਇਕਸੁਰਤਾ(Harmony) ਅਤੇ ਯੋਗ ਸੰਚਾਰ ਮਾਧਿਅਮ ਅਹਿਮ ਰੋਲ ਅਦਾ ਕਰਦੇ ਹਨ। ਗੁਰੂ ਸਾਹਿਬਾਨ ਦੁਆਰਾ ਅੰਤਰਿ ਗਾਵਹੁ ਬਾਹਰੁ ਗਾਵਹੁ ਦੇ ਸ਼ਬਦ ਰਾਹੀਂ ਮਨੁੱਖੀ ਇਕਸੁਰਤਾ ਦਾ ਸਿਧਾਂਤ ਪੇਸ਼ ਕਰਦੇ ਹਨ ਜਿਸ ਨੂੰ ਪੂਰਨ ਤਾਲ ਕਿਹਾ ਗਿਆ ਹੈ। ਭਾਵ ਜੋ ਅੰਦਰ ਚਲ ਰਿਹਾ ਹੈ ਉਹੀ ਬਾਹਰ ਦ੍ਰਿਸ਼ਟਮਾਨ ਹੋਵੇ ਤੇ ਜੋ ਬਾਹਰ ਦ੍ਰਿਸ਼ਟਮਾਨ ਹੋਵੇ ਉਹੀ ਅੰਦਰ ਵੀ ਹੋਵੇ ਭਾਵ ਕਹਿਣੀ ਅਤੇ ਕਰਣੀ ਵਿਚ ਇਕਸੁਰਤਾ ਹੋਣੀ ਚਾਹੀਦੀ ਹੈ। ਛੇਵਾਂ ਤੱਤ ਕੰਟਰੋਲ(Control) ਹੈ ਜਿਸ ਅਨੁਸਾਰ ਵੱਖ-ਵੱਖ ਗਤੀਵਿਧੀਆਂ ਦੇ ਸੁਮੇਲ ਰਾਹੀਂ ਜਬਾਵਦੇਹੀ ਨਿਰਧਾਰਿਤ ਕੀਤੀ ਜਾਵੇ, ਜੋ ਕਿ ਪੂਰਨ ਰੂਪ ਵਿਚ ਵਪਾਰਿਕ ਨੈਤਿਕਤਾ ਨੂੰ ਨਿਸਚਿਤ ਕਰੇ। ਜਬਾਵਦੇਹੀ ਨੂੰ ਨਿਰਧਾਰਿਤ ਕਰਨ ਲਈ ਪ੍ਰਭਾਵਸ਼ਾਲੀ ਯੋਗ ਸੰਚਾਰ ਦੀ ਜ਼ਰੂਰਤ ਹੁੰਦੀ ਹੈ। ਗੁਰੂ ਸਾਹਿਬਾਨ ਨੇ ਮਨੁੱਖੀ ਮਨ ਨੂੰ ਕੰਟਰੋਲ ਕਰਨ ਦੀਆਂ ਅਨੇਕਾਂ ਜੁਗਤਾਂ ਦਾ ਜ਼ਿਕਰ  ਆਪਣੀ ਬਾਣੀ ਵਿਚ ਕੀਤਾ ਹੈ। ਉਨਾਂ ਦੁਆਰਾ ਮਨ ਕੀ ਮਤਿ ਤਿਆਗਹੁ ਹਰਿ ਜਨ ਅਤੇ ਤਿਆਗੇ ਮਨਿ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ਆਦਿ ਸ਼ਬਦਾਂ ਵਿਚ ਕੰਟਰੋਲ ਦੀ ਮਹੱਤਤਾ ਦਾ ਜ਼ਿਕਰ ਕੀਤਾ ਗਿਆ ਹੈ।

ਉਪਰੋਕਤ ਦਿੱਤੇ ਰੇਖਾ ਚਿੱਤਰ ਰਾਹੀਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਨੈਤਿਕਤਾ ਅਧਾਰਿਤ ਵਪਾਰਿਕ ਪ੍ਰਬੰਧ ਦੀ ਪ੍ਰੋੜਤਾ ਕਰਦੇ ਹਨ, ਜਿਸ ਦੀ ਝਲਕ ਗੁਰੂ ਸਾਹਿਬਾਨ ਦੇ ਜੀਵਨ ਅਨੁਭਵ, ਕਾਰਜਾਂ ਤੇ ਬਣਾਈਆਂ ਹੋਈਆਂ ਲੋਕਤੰਤਰਿਕ ਨੀਤੀਆ ਵਿਚ ਵੀ ਦੇਖਣ ਨੂੰ ਮਿਲਦੀ ਹੈ। ਸਾਡੇ ਖੋਜ ਪ੍ਰਬੰਧ ਵਿਚੋਂ ਇਹ ਨਿਸ਼ਕਰਸ਼ ਪ੍ਰਾਪਤ ਹੁੰਦਾ ਹੈ ਕਿ ਗੁਰੂ ਸਾਹਿਬਾਨ ਦਾ ਵਪਾਰਿਕ ਨੈਤਿਕਤਾ ਪ੍ਰਤੀ ਸੁਝਾਇਆ ਗਿਆ ਮਾਡਲ ਟਿਕਾਊ(Sustainable) ਅਤੇ ਨੈਤਿਕਤਾ ਭਰਭੂਰ ਹੈ ਜੋ ਕਿ ਮੌਜ਼ੂਦਾ ਸਮੇਂ ਦੀ ਮੁੱਖ ਲੋੜ ਹੈ। ਸੋ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆਵਾਂ ਵਿਚ ਉਹ ਸਾਰੇ ਗੁਣ ਮੌਜ਼ੂਦ ਹਨ ਜਿਨਾਂ ਦੀ ਪਾਲਣਾ ਕਰਕੇ ਵਪਾਰਿਕ ਖੇਤਰਾਂ ਦੇ ਪ੍ਰਬੰਧ ਨੂੰ ਹੋਰ ਵੀ ਵੱਧ ਪ੍ਰਭਾਵਸ਼ਾਲੀ ਬਣਾ ਕੇ ਜਿਆਦਾ ਮੁਨਾਫ਼ਾ ਪ੍ਰਾਪਤ ਕੀਤਾ ਜਾ ਸਕਦਾ ਹੈ।

## ਸਹਾਇਕ ਪੁਸਤਕ ਸੂਚੀ

**ਪੰਜਾਬੀ ਪੁਸਤਕਾਂ ਦੀ ਸੂਚੀ–**


ਅਲੱਗ, ਸਰੂਪ ਸਿੰਘ (ਡਾ.) **ਹਰਿਮੰਦਰ ਦਰਸ਼ਨ**, ਅਲੱਗ ਸ਼ਬਦ ਯੱਗ ਚੈਰੀਟੇਬਲ ਟਰੱਸਟ, ਫੋਕਲ ਪੁਆਇੰਟ, ਲੁਧਿਆਣਾ, 2016

ਸਤਿਬੀਰ ਸਿੰਘ **ਪੁਰਾਤਨ ਇਤਿਹਾਸਿਕ ਜੀਵਨੀਆਂ**, ਨਿਊ ਬੁੱਕ ਕੰਪਨੀ, ਜਲੰਧਰ, 1978.

ਸਿੱਧੂ, ਗੁਰਮੀਤ ਸਿੰਘ **ਧਰਮ ਆਧੁਨਿਕ ਅਤੇ ਉਤਰ–ਆਧੁਨਿਕ ਸਿਧਾਂਤ**, ਗੁਰ ਗਿਆਨ ਪ੍ਰਕਾਸ਼, ਪਟਿਆਲਾ, 2018

ਸਿੱਧੂ, ਪਰਮਜੀਤ ਕੌਰ **ਕਦਰਾਂ ਕੀਮਤਾਂ ਦੀ ਸਿੱਖਿਆ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010

ਸੰਧੂ, ਗੁਰਪਾਲ ਸਿੰਘ **ਪੰਜਾਬੀ ਨਾਵਲ ਦਾ ਇਤਿਹਾਸ**, ਸਾਹਿਤ ਅਕਾਦਮੀ,ਦਿੱਲੀ, ਮਿਤੀਹੀਣ।

ਸਾਬਰ, ਜਸਵੀਰ ਸਿੰਘ (ਡਾ.) (ਸੰਪਾ.) **ਸਿੱਖ ਧਰਮ ਅਧਿਐਨ** (ਮੁੱਢਲੀ ਜਾਣਕਾਰੀ) ਭਾਗ–1, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,2009

ਸੇਵਾ ਸਿੰਘ,(ਸੰਤ) **ਸੇ ਕਿਨੇਹਿਆ**(ਭਾਗ 1), ਗੁਰਦੁਆਰਾ ਰਾਮਪੁਰ ਖੇੜਾ ਸਾਹਿਬ, ਹੁਸ਼ਿਆਰਪੁਰ, 2017

ਹਰਬੰਸ ਸਿੰਘ(ਡਾ.) **ਦੇਗ ਤੇਗ ਫਤਿਹ**, ਆਲਮ ਪਬਲਿਸ਼ਿੰਗ ਹਾਊਸ, ਚੰਡੀਗੜ੍ਹ, 1987.

ਕਾਂਗ, ਜਸਪਾਲ ਕੌਰ, ਕਾਂਗ ਅਮਰਜੀਤ ਸਿੰਘ **ਗਲਪ ਚੇਤਨਾਂ ਤੋਂ ਗਲਪ ਸ਼ਾਸ਼ਤਰ ਤੱਕ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2005

| | |
|---|---|
| ਕਾਂਗ, ਜਸਪਾਲ ਕੌਰ ਅਤੇ ਬਲਜੀਤ ਕੌਰ | **ਬਾਣੀ-ਸੰਵੇਦਨਾ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ,2006 |
| ਉਹੀ | **ਬਾਣੀ-ਰਹੱਸ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ,2010 |
| ਕਾਂਗ, ਜਸਪਾਲ ਕੌਰ (ਸੰਪਾ.) | **ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾਰਤੀ ਸਮਾਜ ਅਤੇ ਸੱਭਿਆਚਾਰ ਨੂੰ ਯੋਗਦਾਨ**, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,2018 |
| ਕਾਂਗ, ਜਸਪਾਲ ਕੌਰ | ਗੁਰੂ ਗ੍ਰੰਥ ਸਾਹਿਬ ਵਿਚ ਸਚਿਆਰ ਸਿਧਾਂਤ ਤੇ ਵਿਹਾਰ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2022 |
| ਕਿਰਪਾਲ ਸਿੰਘ (ਗਿਆਨੀ) | **ਸ਼੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,** ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ, 2010 |
| ਕਿਰਪਾਲ ਸਿੰਘ (ਡਾ.) (ਸੰਪਾ.) | **ਸ਼੍ਰੀ ਗੁਰੂ ਨਾਨਕ ਪ੍ਰਕਾਸ਼** (ਭਾਗ 2), ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ, 2010 |
| ਕਰਮਜੀਤ ਸਿੰਘ(ਡਾ.) | **ਸਿੱਖ ਧਰਮ: ਮੁਢਲੀ ਜਾਣਕਾਰੀ**, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ, 2022 |
| ਗਿੱਲ, ਮਹਿੰਦਰ ਕੌਰ | **ਸ਼੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ**, ਨੈਸ਼ਨਲ ਬੁੱਕ ਟਰੱਸਟ, ਇੰਡੀਆ, 2011 |
| ਗੰਡਾ ਸਿੰਘ | **ਬੰਦਾ ਸਿੰਘ ਬਹਾਦਰ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ,2010 |

| | |
|---|---|
| ਜਗਜੀਤ ਸਿੰਘ | **ਸਿੱਖ ਇਨਕਲਾਬ**, ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ,2012 |
| ਜਵਾਹਰ ਸਿੰਘ ਅਤੇ ਕ੍ਰਿਪਾਲ ਸਿੰਘ | **ਸ਼੍ਰੀ ਤੁਲਸੀ ਰਮਾਇਣ**, ਪੁਸਤਕਾਂ ਵਾਲੇ ਬਾਜ਼ਾਰ ਮਾਂਈ ਸੇਵਾ, ਅੰਮ੍ਰਿਤਸਰ (ਮਿਤੀਹੀਣ) |
| ਜੋਸ਼ੀ, ਜੀਤ ਸਿੰਘ (ਡਾ.) | **ਸੱਭਿਆਚਾਰ ਅਤੇ ਲੋਕਧਾਰਾ**, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ,1997 |
| ਟਿਵਾਣਾ, ਦਲੀਪ ਕੌਰ | **ਮਾਤਾ ਧਰਤਿ ਮਹਤੁ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014 |
| ਢੀਡਸਾ, ਰਾਜਿੰਦਰਜੀਤ ਕੌਰ | **ਗੁਰੂ ਗ੍ਰੰਥ ਜੀ ਮਾਨਿਓ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014 |
| ਦਿਲਗੀਰ, ਹਰਿੰਦਰ ਸਿੰਘ (ਡਾ.) | **ਅਕਾਲ ਤਖ਼ਤ ਸਾਹਿਬ**, ਸਿੰਘ ਬ੍ਰਦਰ÷, ਅੰਮ੍ਰਿਤਸਰ,2000 |
| ਦੀਵਾਨ ਸਿੰਘ (ਡਾ.) | **ਸਿੱਖ ਧਰਮ ਬਾਰੇ**, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2007 |
| ਨੇਕੀ, ਜਸਵੰਤ ਸਿੰਘ | **ਅਰਦਾਸ–ਦਰਸ਼ਨ ਰੂਪ ਅਭਿਆਸ,** ਸਿੰਘ ਬ੍ਰਦਰ÷, ਅੰਮਿਤਸਰ, 2017 |
| ਨਾਰੰਗ, ਸਰੂਪ ਸਿੰਘ (ਯੂ.ਕੇ.) | **ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ**, ਗੁਰਦੁਆਰਾ ਰਾਮਪੁਰ ਖੇੜਾ ਸਾਹਿਬ, ਹੁਸ਼ਿਆਰਪੁਰ, 2006 |
| ਨਰੈਣ ਸਿੰਘ(ਗਿਆਨੀ) | **ਤਵਾਰੀਖ ਗੁਰੂ ਖਾਲਸਾ**, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2013 |

ਪਦਮ, ਪਿਆਰਾ ਸਿੰਘ — **ਰਹਿਤਨਾਮੇ**, ਕਲਮ ਮੰਦਰ ਲੋਅਰ ਮਾੱਲ, ਪਟਿਆਲਾ 1984

ਬੰਡੂਗਰ, ਕਿਰਪਾਲ ਸਿੰਘ — **ਗੁਰਮਤਿ ਸੱਭਿਆਚਾਰ**, ਸਿੰਘ ਬ੍ਰਦਰ÷, ਅੰਮਿਤਸਰ, 2008

ਬਲਕਾਰ ਸਿੰਘ, (ਡਾ.) (ਸੰਪਾ.) — **ਸਿੱਖ ਧਰਮ ਨੈਤਿਕ ਪ੍ਰਸੰਗ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1998

ਬਲਵਿੰਦਰਪਾਲ ਸਿੰਘ — **ਸਿੱਖ ਨੈਤਿਕਚਾਰ ਅਤੇ ਸਮਾਜਿਕ ਆਰਥਿਕ ਵਿਕਾਸ**, ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ, 2011.

ਭਾਈ ਰਣਧੀਰ ਸਿੰਘ — **ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ**, ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ, 2003

ਭਾਈ ਵੀਰ ਸਿੰਘ — **ਕਲਗੀਆਂ ਵਾਲੇ ਦਾ ਪਰਿਵਾਰ- ਖ਼ਾਲਸਾ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2001

ਉਹੀ — **ਸ਼੍ਰੀ ਕਲਗੀਧਰ ਚਮਤਕਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011

ਉਹੀ — **ਸ਼੍ਰੀ ਗੁਰੂ ਨਾਨਕ ਚਮਤਕਾਰ**, ਮਨੋਹਰ ਪੁਸਤਕ ਮਾਲਾ, ਅੰਮ੍ਰਿਤਸਰ, 1964

ਉਹੀ — **ਕਬਿੱਤ ਭਾਈ ਗੁਰਦਾਸ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2013

ਭਾਈ ਰਣਧੀਰ ਸਿੰਘ — **ਗੁਰਮਤਿ ਬਿਬੇਕ**, ਭਾਈ ਰਣਧੀਰ ਸਿੰਘ ਟਰੱਸਟ,ਲੁਧਿਆਣਾ, 2016

ਮਨਪ੍ਰੀਤ ਸਿੰਘ — **ਸੁਖਮਨੀ ਸਾਹਿਬ ਵਿੱਚ ਨੈਤਿਕ ਮੁੱਲਾਂ ਦਾ ਸੰਦਰਭ**, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, 2005

